ਪੰਜਾਬ ਦੇ ਖਾਨਾਬਦੋਸ਼ ਕਬੀਲੇ

(ਸਭਿਆਚਾਰ ਅਤੇ ਲੋਕ ਜੀਵਨ)

ਡਾ. ਮੋਹਨ ਤਿਆਗੀ

BVP - 2173

18/7/18

2/2

ਪੰਜਾਬ ਦੇ ਖਾਨਾਬਦੋਸ਼ ਕਬੀਲੇ

ਸ੍ਰੀ ਰਾਜੀਵ ਗਾਂਧੀ—ਸੰਤ ਹਰਚੰਦ ਸਿੰਘ ਲੌਂਗੋਵਾਲ ਸਮਝੌਤੇ ਦੇ ਅੰਤਰਗਤ
ਸਥਾਪਤ ਵਿਸ਼ੇਸ਼ ਪੰਜਾਬੀ ਸੈੱਲ 'ਚ ਪ੍ਰਕਾਸ਼ਿਤ ਮੂਲ ਪੰਜਾਬੀ ਪੁਸਤਕ ਨੰਬਰ-50

ਪੰਜਾਬ ਦੇ ਖਾਨਾਬਦੋਸ਼ ਕਬੀਲੇ

(ਸਭਿਆਚਾਰ ਅਤੇ ਲੋਕ ਜੀਵਨ)

ਡਾ. ਮੋਹਨ ਤਿਆਗੀ

nbt.india
एकः सूते सकलम्

ਨੈਸ਼ਨਲ ਬੁਕ ਟਰੱਸਟ, ਇੰਡੀਆ

ISBN 978-81-237-7098-7

2014 (ਸੱਕ ਸੰਮਤ 1935)
ਮੂਲ © ਡਾ. ਮੋਹਨ ਤਿਆਗੀ
Punjab De Khanabadosh Kabile *(Original Punjabi)*

ਮੁੱਲ : 200.00

ਨਿਰਦੇਸ਼ਕ, ਨੈਸ਼ਨਲ ਬੁਕ ਟਰੱਸਟ, ਇੰਡੀਆ, ਨਹਿਰੂ ਭਵਨ, 5 ਇੰਸਟੀਚਿਊਸ਼ਨਲ ਏਰੀਆ, ਫੇਜ਼-II, ਵਸੰਤ ਕੁੰਜ, ਨਵੀਂ ਦਿੱਲੀ--110070 ਵੱਲੋਂ ਪ੍ਰਕਾਸ਼ਿਤ ।

Website : www.nbtindia.gov.in

ਸਮਰਪਣ

ਨਿਧੜਕ ਕਬੀਲਾ ਸਰਦਾਰਾਂ
ਜੱਗਾ ਤੇ ਯਾਰ੍ਹਾ
ਦੀ
ਖਾਨਾਬਦੋਸ਼ੀ ਦੇ ਨਾਂ

ਤਤਕਰਾ

ਦੋ ਸ਼ਬਦ ix

ਪ੍ਰਸਤਾਵਨਾ xiii

1. ਬਾਜ਼ੀਗਰ ਕਬੀਲਾ 1
2. ਸਿਕਲੀਗਰ ਕਬੀਲਾ 48
3. ਸਾਂਸੀ ਕਬੀਲਾ 68
4. ਮਰਾਸੀ ਕਬੀਲਾ 104
5. ਬੌਰੀਆ ਕਬੀਲਾ 126
6. ਗੁਜਰ ਕਬੀਲਾ 158
7. ਬੰਗਾਲਾ ਕਬੀਲਾ 186
8. ਨਟ ਕਬੀਲਾ 211

ਪੁਸਤਕ ਸੂਚੀ 238

ਦੋ ਸ਼ਬਦ

ਭਾਰਤ ਕਬੀਲਿਆਂ ਦਾ ਦੇਸ਼ ਹੈ। ਆਦਿਕਾਲ ਤੋਂ ਹੀ ਇੱਥੇ ਵੱਖ–ਵੱਖ ਜਾਤੀਆਂ, ਜਨਜਾਤੀਆਂ ਅਤੇ ਕਬੀਲੇ ਆਪਣੀ ਹੋਂਦ ਅਤੇ ਹਸਤੀ ਦਾ ਪ੍ਰਗਟਾਵਾ ਕਰਦੇ ਆਏ ਹਨ। ਭਾਰਤ ਵਿਚ ਕਈ ਹਮਲਾਵਰ ਕੌਮਾਂ ਅਤੇ ਕਬੀਲੇ ਬਾਹਰੋਂ ਆ ਕੇ ਇੱਥੇ ਵਸੇ ਹੋਏ ਹਨ। ਲਗਾਤਾਰ ਵਿਦੇਸ਼ੀ ਹਮਲਿਆਂ ਦੇ ਚਲਦਿਆਂ ਅਤੇ ਕਬੀਲਿਆਂ ਦੀ ਆਪਸੀ ਖਹਿਬਾਜ਼ੀ ਕਾਰਨ ਭਾਰਤ ਦੇ ਕਈ ਮੂਲ ਬਾਸ਼ਿੰਦਿਆਂ, ਜਾਤੀਆਂ, ਜਨਜਾਤੀਆਂ ਅਤੇ ਕਬੀਲਿਆਂ ਨੂੰ ਆਪਣੀ ਜਨਮ ਭੋਇੰ ਤੋਂ ਹਮੇਸ਼ਾ ਲਈ ਵਿਛੜਨਾ ਵੀ ਪਿਆ ਹੈ। ਇਸ ਤਰ੍ਹਾਂ ਇਹ ਹਿਜ਼ਰਤ ਭਰਿਆ ਵਰਤਾਰਾ ਸਦੀਆਂ ਤੋਂ ਸਿੱਧੇ ਜਾਂ ਅਸਿੱਧੇ ਰੂਪ ਵਿਚ ਉਸੇ ਤਰ੍ਹਾਂ ਜਾਰੀ ਹੈ। ਇਸ ਦੇ ਕਈ ਆਰਥਿਕ ਅਤੇ ਰਾਜਨੀਤਿਕ ਕਾਰਨ ਵੀ ਹਨ। ਇਸ ਸੰਦਰਭ ਵਿਚ ਕਬੀਲਿਆਂ ਦਾ ਸਮਾਜਿਕ ਸਭਿਆਚਾਰਕ ਅਧਿਐਨ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਭਾਰਤ ਮਿਸ਼ਰਤ ਸਭਿਆਚਾਰਾਂ ਦਾ ਦੇਸ਼ ਹੈ। ਭਾਰਤ ਦੇ ਵੱਖਰੇ–ਵੱਖਰੇ ਸਭਿਆਚਾਰ ਇਕ ਸਾਂਝੇ ਅਤੇ ਬਹੁਰੰਗੀ ਸਭਿਆਚਾਰ ਦੀ ਸਿਰਜਣਾ ਕਰਦੇ ਹਨ। ਸਾਡਾ ਭੂਗੋਲਿਕ ਚੌਗਿਰਦਾ ਅਜਿਹਾ ਬਣਿਆ ਹੋਇਆ ਹੈ ਕਿ ਇੱਥੇ ਵੱਖ–ਵੱਖ ਧਰਮਾਂ, ਨਸਲਾਂ, ਬੋਲੀਆਂ ਅਤੇ ਸਭਿਆਚਾਰਕ ਮੁਹਾਂਦਰੇ ਵਾਲੀਆਂ ਕੌਮਾਂ ਵਸ ਰਹੀਆਂ ਹਨ। ਕਿਸੇ ਵੀ ਖਿੱਤੇ ਦਾ ਸਭਿਆਚਾਰ ਉੱਥੋਂ ਦੀ ਭੂਗੋਲਿਕ ਅਵਸਥਾ ਅਤੇ ਜਲਵਾਯੂ 'ਤੇ ਨਿਰਭਰ ਕਰਦਾ ਹੈ। ਉਪਰੋਕਤ ਧਾਰਨਾਵਾਂ ਦੇ ਸੰਬੰਧ ਵਿੱਚ ਭਾਰਤ ਵਿਚ ਕਈ ਅਜਿਹੇ ਕਬੀਲੇ ਅਤੇ ਜਨਜਾਤੀਆਂ ਹਨ, ਜਿਨ੍ਹਾਂ ਦਾ ਅਜੋਕੇ ਦੌਰ ਵਿਚ ਸਮਾਜ ਸ਼ਾਸਤਰ ਪੱਖੋਂ ਅਤੇ ਸਭਿਆਚਾਰਕ ਦ੍ਰਿਸ਼ਟੀ ਤੋਂ ਗਹਿਰ ਗੰਭੀਰ ਅਧਿਐਨ ਹੋਣਾ ਸ਼ੁਰੂ ਹੋਇਆ ਹੈ। ਇਸ ਸੰਬੰਧ ਵਿਚ ਪੰਜਾਬ ਦੇ ਕਬੀਲਿਆਂ ਦਾਂ ਸਮਾਜਿਕ ਸਭਿਆਚਾਰਕ ਅਧਿਐਨ ਵਿਸ਼ੇਸ਼ ਮਹੱਤਵ ਰੱਖਦਾ ਹੈ। ਪੰਜਾਬ ਵਿਚ ਕਈ ਕਬੀਲੇ ਅਤੇ ਜਨਜਾਤੀਆਂ ਆਦਿ ਕਾਲ ਤੋਂ ਹੀ ਇੱਥੇ ਵਸੇ ਹੋਏ ਹਨ। ਇਨ੍ਹਾਂ ਵਿਚੋਂ ਕੁਝ ਲੋਕ ਅਜਿਹੇ ਵੀ ਹਨ ਜਿਹੜੇ ਕਿ ਆਜ਼ਾਦੀ ਤੋਂ ਬਾਅਦ ਭਾਰਤ ਪਾਕਿਸਤਾਨ ਦੀ ਵੰਡ ਦੌਰਾਨ ਉੱਧਰੋਂ ਹਿਜ਼ਰਤ ਕਰਕੇ ਇੱਧਰ ਆਏ। ਅਜੋਕੇ ਸਮੇਂ ਭਾਵੇਂ ਭਾਰਤ ਦੀਆਂ ਆਦਿਵਾਸੀ ਜਨਜਾਤੀਆਂ ਅਤੇ ਘੁਮੰਤੂ ਕਬੀਲਿਆਂ ਬਾਰੇ ਬੜਾ ਨਿੱਠ ਕੇ ਅਧਿਐਨ ਹੋ ਰਿਹਾ ਹੈ। ਇਸ ਦੇ ਮੁਕਾਬਲਤਨ ਪੰਜਾਬ ਦੇ ਖਾਨਾਬਦੋਸ਼ ਕਬੀਲਿਆਂ ਦੇ ਜੀਵਨ ਅਤੇ ਸਭਿਆਚਾਰ ਸੰਬੰਧੀ ਬਹੁਤ ਘੱਟ ਅਧਿਐਨ ਹੋਇਆ ਹੈ। ਪੰਜਾਬ ਦੇ ਕੁਝ ਗਿਣਵੇਂ ਵਿਦਵਾਨ ਹਨ, ਜਿਹੜੇ ਇਹ ਕੰਮ ਬੜੀ ਤਨਦੇਹੀ ਅਤੇ ਸ਼ਿੱਦਤ ਨਾਲ ਕਰ ਰਹੇ ਹਨ। ਇਨ੍ਹਾਂ ਵਿਚੋਂ ਪ੍ਰੋ. ਕਿਰਪਾਲ ਕਜ਼ਾਕ, ਡਾ. ਦਰਿਆ, ਭੁਪਿੰਦਰ ਕੌਰ, ਜਸਵਿੰਦਰ ਸ਼ਰਮਾ, ਮਨਜੀਤ ਸਿੰਘ ਚਾਹਲ ਅਤੇ ਡਾ. ਮੋਹਨ ਤਿਆਗੀ ਦਾ ਨਾਂ ਜ਼ਿਕਰਯੋਗ ਹੈ। ਹਥਲੀ ਪੁਸਤਕ 'ਪੰਜਾਬ ਦੇ ਖਾਨਾਬਦੋਸ਼ ਕਬੀਲੇ' (ਸਭਿਆਚਾਰ ਅਤੇ ਲੋਕ ਜੀਵਨ) ਪੁਸਤਕ ਡਾ. ਮੋਹਨ ਤਿਆਗੀ ਦੀ ਲਿਖੀ ਹੋਈ ਹੈ।

ਇਸ ਤੋਂ ਪਹਿਲਾਂ ਉਨ੍ਹਾਂ ਦੀ ਇਕ ਹੋਰ ਖੋਜ ਭਰਪੂਰ ਪੁਸਤਕ 'ਬਾਜ਼ੀਗਰ ਕਬੀਲੇ ਦਾ ਸਭਿਆਚਾਰ' ਵੀ ਪ੍ਰਕਾਸ਼ਿਤ ਹੋ ਚੁੱਕੀ ਹੈ। ਡਾ. ਮੋਹਨ ਤਿਆਗੀ ਪਿਛਲੇ ਕਈ ਸਾਲਾਂ ਤੋਂ ਕਬੀਲਿਆਂ ਸੰਬੰਧੀ ਅਧਿਐਨ ਦੇ ਖੇਤਰ ਵਿਚ ਕਾਰਜਸ਼ੀਲ ਹਨ। ਇਸ ਪੁਸਤਕ ਵਿਚ ਉਨ੍ਹਾਂ ਦੇ ਪੰਜਾਬ ਦੇ ਵੱਖ–ਵੱਖ ਕਬੀਲਿਆਂ 'ਤੇ ਅੱਠ ਖੋਜ ਭਰਪੂਰ ਲੇਖ ਸ਼ਾਮਲ ਹਨ। ਇਨ੍ਹਾਂ ਲੇਖਾਂ ਵਿਚ ਡਾ. ਮੋਹਨ ਤਿਆਗੀ ਨੇ ਬਾਜ਼ੀਗਰ, ਸਿਕਲੀਗਰ, ਸਾਂਸੀ, ਮਰਾਸੀ, ਬੌਰੀਆ, ਗੁਜਰ, ਬੰਗਾਲਾ ਅਤੇ ਨਟ ਕਬੀਲੇ ਦੀ ਸਮਾਜਿਕ ਸਭਿਆਚਾਰਕ ਤਸਵੀਰ ਉਲੀਕਣ ਦੀ ਭਰਪੂਰ ਕੋਸ਼ਿਸ਼ ਕੀਤੀ ਹੈ। ਇਹ ਲੇਖ ਜਿੱਥੇ ਕਬੀਲਿਆਈ ਮੂਲ ਸੰਬੰਧੀ ਇਕ ਸਾਂਝੇ ਸੂਤਰ ਵਿਚ ਬੰਨੇ ਹੋਏ ਹਨ, ਉੱਥੇ ਨਾਲ ਹੀ ਸਮਾਜਿਕ ਸਭਿਆਚਾਰਕ ਪੱਖੋਂ ਆਪਣੀ ਵੱਖਰੀ ਪਛਾਣ ਵੀ ਨਿਸਚਿਤ ਕਰਦੇ ਹਨ। ਪੁਸਤਕ ਦਾ ਪਹਿਲਾ ਅਧਿਆਇ ਬਾਜ਼ੀਗਰ ਕਬੀਲੇ ਬਾਰੇ ਹੈ। ਇਸ ਵਿਚ ਬਾਜ਼ੀਗਰ ਕਬੀਲੇ ਦੇ ਸੰਖੇਪ ਇਤਿਹਾਸ, ਲੋਕ ਜੀਵਨ ਅਤੇ ਜਨਮ, ਵਿਆਹ ਅਤੇ ਮੌਤ ਨਾਲ ਸੰਬੰਧਤ ਰਸਮਾਂ ਰੀਤਾਂ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ ਗਈ ਹੈ। ਇਹ ਖੋਜ ਪੱਤਰ ਬਾਜ਼ੀਗਰ ਕਬੀਲੇ ਦੇ ਸਮਾਜਿਕ ਸਭਿਆਚਾਰਕ ਮੁਹਾਂਦਰੇ ਦੀ ਇਕ ਭਾਵਪੂਰਤ ਤਸਵੀਰ ਪੇਸ਼ ਕਰਦਾ ਹੈ। ਇਸ ਖੋਜ ਪੱਤਰ ਵਿਚ ਅਜੋਕੇ ਦੌਰ ਵਿਚ ਕਬੀਲੇ ਦੀ ਬਦਲ ਰਹੀ ਤਸਵੀਰ ਦੇ ਨਾਲ–ਨਾਲ ਇਸ ਪਰਿਵਰਤਨ ਪਿੱਛੇ ਕਾਰਜਸ਼ੀਲ ਤੱਤਾਂ ਦੀ ਨਿਸ਼ਾਨਦੇਹੀ ਵੀ ਕੀਤੀ ਗਈ ਹੈ। ਪੁਸਤਕ ਦਾ ਦੂਜਾ ਖੋਜ ਪੱਤਰ ਸਿਕਲੀਗਰ ਕਬੀਲੇ ਬਾਰੇ ਹੈ। ਇਸ ਵਿਚ ਕਬੀਲੇ ਦੇ ਸੰਖੇਪ ਇਤਿਹਾਸ, ਲੋਕ ਜੀਵਨ ਕਬੀਲੇ ਦੇ ਮੁੱਖ ਧੰਦੇ, ਜਨਮ ਵਿਆਹ ਅਤੇ ਮੌਤ ਨਾਲ ਸੰਬੰਧਤ ਰਸਮਾਂ-ਰੀਤਾਂ ਬਾਰੇ ਮੁੱਲਵਾਨ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਇਸ ਖੋਜ ਪੱਤਰ ਵਿਚ ਕਬੀਲੇ ਦੀਆਂ ਵੱਖ–ਵੱਖ ਸ਼ਾਖਾਵਾਂ ਅਤੇ ਪੇਸ਼ੇ ਦੇ ਆਧਾਰ 'ਤੇ ਕਬੀਲੇ ਵਿਚ ਨਿਹਿਤ ਵਰਗ ਵੰਡ ਦੀ ਨਿਸ਼ਾਨਦੇਹੀ ਵੀ ਕੀਤੀ ਗਈ ਹੈ। ਇਸ ਤੋਂ ਇਲਾਵਾ ਇਹ ਖੋਜ ਪੱਤਰ ਸਿਕਲੀਗਰ ਕਬੀਲੇ ਦੇ ਸਮਾਜਿਕ ਸਭਿਆਚਾਰਕ ਅਧਿਐਨ ਦੇ ਨਾਲ–ਨਾਲ ਕਬੀਲੇ ਦੀ ਵਰਤਮਾਨ ਸਥਿਤੀ 'ਤੇ ਵੀ ਰੌਸ਼ਨੀ ਪਾਉਂਦਾ ਹੈ। ਇਸ ਤਰ੍ਹਾਂ ਇਹ ਖੋਜ ਪੱਤਰ ਸਿਕਲੀਗਰ ਕਬੀਲੇ ਦੀ ਸਮਾਜਿਕ ਬਣਤਰ ਅਤੇ ਸਭਿਆਚਾਰ ਸੰਬੰਧੀ ਮੌਲਿਕ ਜਾਣਕਾਰੀ ਪ੍ਰਦਾਨ ਕਰਦਾ ਹੈ। ਪੁਸਤਕ ਦਾ ਤੀਜਾ ਖੋਜ ਪੱਤਰ ਸਾਂਸੀ ਕਬੀਲੇ ਦੇ ਅਧਿਐਨ ਨਾਲ ਸੰਬੰਧਤ ਹੈ। ਇਹ ਖੋਜ ਪੱਤਰ ਸਾਂਸੀ ਕਬੀਲੇ ਦੇ ਗੌਰਵਸ਼ਾਲੀ ਇਤਿਹਾਸਕ ਪਿਛੋਕੜ, ਲੋਕ ਜੀਵਨ, ਜਨਮ, ਵਿਆਹ, ਮੌਤ ਨਾਲ ਸੰਬੰਧਤ ਰਸਮਾਂ-ਰੀਤਾਂ ਅਤੇ ਕਬੀਲੇ ਦੀ ਵਰਤਮਾਨ ਸਥਿਤੀ ਨਾਲ ਸੰਬੰਧਤ ਹੈ। ਇਸ ਖੋਜ ਪੱਤਰ ਵਿਚ ਸਾਂਸੀ ਕਬੀਲੇ ਦੇ ਪਿਤਾ ਪੁਰਖੀ ਧੰਦੇ ਅਤੇ ਕਬੀਲੇ ਦੀਆਂ ਬਦਲਦੀਆਂ ਹੋਈਆਂ ਇਤਿਹਾਸਕ ਅਤੇ ਸਭਿਆਚਾਰਕ ਪਰਿਸਥਿਤੀਆਂ ਦੀ ਰੌਸ਼ਨੀ ਵਿੱਚ ਕਬੀਲੇ ਦੀ ਹੋਂਦ ਅਤੇ ਹਸਤੀ ਦੀ ਸ਼ਨਾਖਤ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਸ ਖੋਜ ਪੱਤਰ ਵਿਚ ਜਰਾਇਮ ਪੇਸ਼ਾ ਐਕਟ ਅਤੇ ਸਾਂਸੀ ਕਬੀਲੇ ਦੀਆਂ ਸੰਕਟਮਈ ਹਾਲਤਾਂ ਨੂੰ ਬਿਆਨ ਕੀਤਾ ਗਿਆ ਹੈ।

ਪੁਸਤਕ ਦਾ ਚੌਥਾ ਖੋਜ ਪੱਤਰ ਮਰਾਸੀ ਕਬੀਲੇ ਨਾਲ ਸੰਬੰਧਤ ਹੈ। ਇਸ ਖੋਜ ਪੱਤਰ ਵਿਚ ਮਰਾਸੀ ਕਬੀਲੇ ਦੇ ਇਤਿਹਾਸ, ਮਿਥਿਹਾਸ, ਲੋਕ ਜੀਵਨ, ਜਨਮ, ਵਿਆਹ,

ਮੌਤ ਨਾਲ ਸੰਬੰਧਤ ਰਸਮਾਂ-ਰੀਤਾਂ ਅਤੇ ਕਬੀਲੇ ਦੀ ਵਰਤਮਾਨ ਸਥਿਤੀ ਨੂੰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ। ਮਰਾਸੀ ਕਬੀਲੇ ਸੰਬੰਧੀ ਇਹ ਖੋਜ ਪੱਤਰ ਜਿੱਥੇ ਮਰਾਸੀ ਕਬੀਲੇ ਦੀ ਅਜੋਕੀ ਤ੍ਰਾਸਦਿਕ ਸਥਿਤੀ ਨੂੰ ਉਭਾਰਦਾ ਹੈ, ਉੱਥੇ ਨਾਲ ਹੀ ਮਰਾਸੀ ਕਬੀਲੇ ਦੀ ਸਮਾਜਿਕ ਸਭਿਆਚਾਰਕ ਭੂਮਿਕਾ ਸੰਬੰਧੀ ਭਰਪੂਰ ਜਾਣਕਾਰੀ ਵੀ ਪ੍ਰਦਾਨ ਕਰਦਾ ਹੈ। ਇਸ ਤੋਂ ਇਲਾਵਾ ਇਹ ਖੋਜ ਪੱਤਰ ਮਰਾਸੀ ਕਬੀਲੇ ਦੇ ਜਨਮਜਾਤ ਕਲਾ ਕੌਸ਼ਲ, ਮੀਰਾਸ ਦੀ ਪਰੰਪਰਾ ਅਤੇ ਵਿਰਾਸਤੀ ਮਾਮਲਿਆਂ ਸੰਬੰਧੀ ਮੁੱਲਵਾਨ ਜਾਣਕਾਰੀ ਪ੍ਰਦਾਨ ਕਰਦਾ ਹੈ।

ਪੁਸਤਕ ਦਾ ਪੰਜਵਾਂ ਖੋਜ ਪੱਤਰ ਬੌਰੀਆ ਕਬੀਲੇ ਬਾਰੇ ਹੈ। ਇਹ ਖੋਜ ਪੱਤਰ ਬੌਰੀਆ ਕਬੀਲੇ ਦੇ ਇਤਿਹਾਸਕ ਪਿਛੋਕੜ, ਮਿੱਥ ਕਥਾਵਾਂ, ਜਨਮ, ਵਿਆਹ, ਮੌਤ ਨਾਲ ਸੰਬੰਧਤ ਰਸਮਾਂ ਰੀਤਾਂ ਦੇ ਅਧਿਐਨ ਦੇ ਨਾਲ–ਨਾਲ ਕਬੀਲੇ ਦੀ ਵਰਤਮਾਨ ਸਥਿਤੀ ਨੂੰ ਵੀ ਉਭਾਰਦਾ ਹੈ। ਇਸ ਖੋਜ ਪੱਤਰ ਵਿਚ ਕਬੀਲੇ ਦੇ ਜੰਗਲੀ ਜੀਵਨ, ਜਰਾਇਮ ਪੇਸ਼ਾ ਐਕਟ ਦੇ ਤਹਿਤ ਭੋਗੀਆਂ ਦੁਸ਼ਵਾਰੀਆਂ ਅਤੇ ਸਮਾਜਿਕ ਸਭਿਆਚਾਰਕ ਜੀਵਨ ਦਾ ਚਿਤਰਣ ਪੇਸ਼ ਕੀਤਾ ਗਿਆ ਹੈ। ਇਸ ਤੋਂ ਇਲਾਵਾ ਕਬੀਲੇ ਦੀ ਅਜੋਕੀ ਵਰਤਮਾਨ ਸਥਿਤੀ ਦੇ ਨਾਲ–ਨਾਲ ਕਬੀਲੇ ਦੇ ਵਿਰਾਸਤੀ ਗੌਰਵ ਨੂੰ ਵੀ ਅਗਰਭੂਮਿਤ ਕਰਨ ਦਾ ਯਤਨ ਕੀਤਾ ਗਿਆ ਹੈ।

ਪੁਸਤਕ ਦਾ ਛੇਵਾਂ ਖੋਜ ਪੱਤਰ ਗੁਜਰ ਕਬੀਲੇ ਨਾਲ ਸੰਬੰਧਤ ਹੈ। ਇਸ ਵਿਚ ਗੁਜਰ ਕਬੀਲੇ ਦੇ ਇਤਿਹਾਸ, ਮਿਥਿਹਾਸ, ਲੋਕ ਜੀਵਨ, ਜਨਮ, ਵਿਆਹ, ਮੌਤ ਨਾਲ ਸੰਬੰਧਤ ਰਸਮਾਂ-ਰੀਤਾਂ ਅਤੇ ਕਬੀਲੇ ਦੀ ਵਰਤਮਾਨ ਸਥਿਤੀ ਨੂੰ ਉਲੀਕਣ ਦਾ ਯਤਨ ਕੀਤਾ ਗਿਆ ਹੈ। ਇਸ ਖੋਜ ਪੱਤਰ ਵਿਚ ਪੰਜਾਬ ਵਿਚ ਵਸਣ ਵਾਲੇ ਵੱਖ–ਵੱਖ ਖਿੱਤਿਆਂ ਦੇ ਗੁਜਰ ਲੋਕਾਂ ਦੀ ਇਤਿਹਾਸਕ ਪਿੱਠਭੂਮੀ ਦੇ ਨਾਲ–ਨਾਲ ਉਨ੍ਹਾਂ ਦੀ ਸਮਾਜਿਕ ਸਭਿਆਚਾਰਕ ਵੱਖਰਤਾਵਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਇਸ ਤੋਂ ਇਲਾਵਾ ਗੁਜਰ ਲੋਕਾਂ ਦੇ ਲੋਕ ਜੀਵਨ ਅਤੇ ਵਰਤਮਾਨ ਸਥਿਤੀ ਨੂੰ ਬੜੀ ਗਹਿਰਾਈ ਨਾਲ ਪੇਸ਼ ਕੀਤਾ ਗਿਆ ਹੈ।

ਪੁਸਤਕ ਦਾ ਸੱਤਵਾਂ ਖੋਜ ਪੱਤਰ ਬੰਗਾਲਾ ਕਬੀਲੇ ਬਾਰੇ ਹੈ। ਇਸ ਖੋਜ ਪੱਤਰ ਵਿਚ ਬੰਗਾਲਾ ਕਬੀਲੇ ਦੇ ਇਤਿਹਾਸਕ ਪਿਛੋਕੜ, ਲੋਕ ਜੀਵਨ, ਜਨਮ, ਵਿਆਹ, ਮੌਤ ਨਾਲ ਸੰਬੰਧਤ ਰਸਮਾਂ-ਰੀਤਾਂ ਅਤੇ ਕਬੀਲੇ ਦੀ ਵਰਤਮਾਨ ਸਥਿਤੀ ਨੂੰ ਉਭਾਰਿਆ ਗਿਆ ਹੈ। ਇਸ ਖੋਜ ਪੱਤਰ ਵਿਚ ਜੰਗਲੀ ਜੀਵ ਸੁਰੱਖਿਆ ਐਕਟ ਅਤੇ ਵਣ ਸੁਰੱਖਿਆ ਐਕਟ ਪਾਸ ਹੋਣ ਨਾਲ ਬੰਗਾਲਾ ਕਬੀਲੇ ਦੀ ਅਜੋਕੀ ਸਥਿਤੀ ਨੂੰ ਉਭਾਰਨ ਦੇ ਨਾਲ–ਨਾਲ ਉਨ੍ਹਾਂ ਦੇ ਜੀਵਨ ਦੀਆਂ ਮੌਜੂਦਾ ਦੁਸ਼ਵਾਰੀਆਂ ਨੂੰ ਵੀ ਪੇਸ਼ ਕੀਤਾ ਗਿਆ ਹੈ। ਇਹ ਖੋਜ ਪੱਤਰ ਬੰਗਾਲਾ ਕਬੀਲੇ ਦੇ ਲੋਕਾਂ ਦੇ ਸਮਾਜਿਕ ਸਭਿਆਚਾਰਕ ਜੀਵਨ ਨੂੰ ਦਰਸਾਉਣ ਦੇ ਨਾਲ ਨਾਲ ਉਨ੍ਹਾਂ ਦੀਆਂ ਵੱਖ–ਵੱਖ ਸ਼੍ਰੇਣੀਆਂ ਸੰਬੰਧੀ ਵੀ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦਾ ਹੈ।

ਪੁਸਤਕ ਦਾ ਅੱਠਵਾਂ ਖੋਜ ਪੱਤਰ ਨਟ ਕਬੀਲੇ ਬਾਰੇ ਹੈ। ਇਹ ਖੋਜ ਪੱਤਰ ਨਟ ਕਬੀਲੇ ਦੇ ਇਤਿਹਾਸ, ਮਿਥਿਹਾਸ, ਲੋਕ ਜੀਵਨ, ਜਨਮ, ਵਿਆਹ, ਮੌਤ ਨਾਲ ਸੰਬੰਧਤ ਰਸਮਾਂ

ਰੀਤਾਂ ਅਤੇ ਕਬੀਲੇ ਦੀ ਵਰਤਮਾਨ ਸਥਿਤੀ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ। ਇਸ ਤੋਂ ਅੱਗੇ ਇਸ ਖੋਜ ਪੱਤਰ ਵਿਚ ਨਟ ਵਿਦਿਆ, ਬਾਜ਼ੀਗਰ ਕਬੀਲੇ ਅਤੇ ਨਟ ਕਬੀਲੇ ਦੀ ਆਪਸੀ ਸਾਂਝ ਅਤੇ ਵੱਖਰਤਾਵਾਂ ਨੂੰ ਦਰਸਾਇਆ ਗਿਆ ਹੈ। ਇਹ ਖੋਜ ਪੱਤਰ ਜਿੱਥੇ ਨਟ ਲੋਕਾਂ ਦੇ ਗੌਰਵਸ਼ਾਲੀ ਅਤੀਤ ਸੰਬੰਧੀ ਵਿਸਥਾਰ ਵਿਚ ਚਾਨਣਾ ਪਾਉਂਦਾ ਹੈ, ਉੱਥੇ ਨਾਲ ਹੀ ਨਟ ਕਬੀਲੇ ਦੇ ਸਮਾਜਿਕ ਸਭਿਆਚਾਰਕ ਜੀਵਨ ਦਾ ਅਧਿਐਨ ਵੀ ਪੇਸ਼ ਕਰਦਾ ਹੈ। ਇਸ ਤਰ੍ਹਾਂ ਇਹ ਉਪਰੋਕਤ ਵਿਚਾਰ ਅਧੀਨ ਖੋਜ ਪੱਤਰ ਵੱਖ-ਵੱਖ ਕਬੀਲਿਆਂ ਦੇ ਗੌਰਵਸ਼ਾਲੀ ਇਤਿਹਾਸ, ਮਿੱਥ ਕਥਾਵਾਂ, ਸਮਾਜਿਕ ਸਭਿਆਚਾਰਕ ਰਸਮਾਂ-ਰੀਤਾਂ ਅਤੇ ਵਰਤਮਾਨ ਸਥਿਤੀ ਨੂੰ ਬਹੁਤ ਹੀ ਗਹਿਨ ਢੰਗ ਨਾਲ ਪੇਸ਼ ਕਰਦੇ ਹਨ। ਇਸ ਤੁਲਨਾਤਮਕ ਅਧਿਐਨ ਰਾਹੀਂ ਜਿੱਥੇ ਕਬੀਲਿਆਂ ਦੇ ਮੂਲ ਸੰਬੰਧੀ ਇਕ ਸਾਂਝੇ ਸੂਤਰ ਦੀ ਨਿਸ਼ਾਨਦੇਹੀ ਕਰਨ ਦਾ ਯਤਨ ਕੀਤਾ ਗਿਆ ਹੈ, ਉੱਥੇ ਕਬੀਲਿਆਂ ਦੇ ਲੋਕ ਜੀਵਨ ਅਤੇ ਸਭਿਆਚਾਰ ਸੰਬੰਧੀ ਵੱਖਰਤਾਵਾਂ ਨੂੰ ਪਛਾਣਨ ਦਾ ਯਤਨ ਵੀ ਕੀਤਾ ਗਿਆ ਹੈ। ਡਾ. ਮੋਹਨ ਤਿਆਗੀ ਦੀ ਇਹ ਖੋਜ ਭਰਪੂਰ ਪੁਸਤਕ ਕਬੀਲਿਆਂ ਦੀ ਆਪਣੇ ਮੂਲ ਸਥਾਨ ਤੋਂ ਹਿਜ਼ਰਤ ਦੇ ਕਾਰਨ, ਜਰਾਇਮ ਪੇਸ਼ਾ ਐਕਟ ਦੀ ਸੰਕਟਕਾਲੀਨ ਸਥਿਤੀ ਅਤੇ ਵਰਤਮਾਨ ਸਥਿਤੀ ਨੂੰ ਬਹੁਤ ਖੋਜ ਭਰਪੂਰ ਢੰਗ ਨਾਲ ਚਿਤਰਤ ਕਰਦੀ ਹੈ। ਆਸ ਕਰਦਾ ਹਾਂ ਕਿ ਇਹ ਪੁਸਤਕ ਕਬੀਲਿਆਂ ਸੰਬੰਧੀ ਦਿਲਚਸਪੀ ਰੱਖਣ ਵਾਲੇ ਖੋਜੀਆਂ ਅਤੇ ਵਿਦਵਾਨਾਂ ਲਈ ਇਕ ਮੀਲ ਪੱਥਰ ਸਾਬਤ ਹੋਵੇਗੀ।

15 ਅਗਸਤ, 2013

—ਡਾ. ਬਲਦੇਵ ਸਿੰਘ ਬੱਦਨ
ਮੁੱਖ ਸੰਪਾਦਕ/ਸੰਯੁਕਤ ਨਿਰਦੇਸ਼ਕ,
ਨੈਸ਼ਨਲ ਬੁਕ ਟਰੱਸਟ, ਇੰਡੀਆ
ਨਹਿਰੂ ਭਵਨ, 5 ਇੰਸਟੀਚਿਊਸ਼ਨਲ ਏਰੀਆ,
ਫੇਜ਼-II, ਵਸੰਤ ਕੁੰਜ, ਨਵੀਂ ਦਿੱਲੀ-110070

ਪ੍ਰਸਤਾਵਨਾ

ਭਾਰਤ ਦੇ ਸਾਰੇ ਕਬੀਲੇ ਜੰਗਲੀ ਮੂਲ ਦੇ ਹਨ। ਇਨ੍ਹਾਂ ਦੀ ਜੀਵਨ ਸ਼ੈਲੀ ਅਤੇ ਜੀਵਨ ਦਰਸ਼ਨ ਕੁਦਰਤੀ ਵਰਤਾਰਿਆਂ ਅਤੇ ਰਹੱਸਾਂ ਦੇ ਕਈ ਭੇਤ ਖੋਲ੍ਹਦਾ ਹੈ। ਭਾਰਤ ਅਤੇ ਦੁਨੀਆ ਭਰ ਦੇ ਸਾਰੇ ਕਬੀਲੇ ਆਦਿ ਕਾਲ ਤੋਂ ਹੀ ਵੱਖ-ਵੱਖ ਸਮੂਹਾਂ ਅਤੇ ਟੋਲਿਆਂ ਦੇ ਰੂਪ ਵਿਚ ਧਰਤੀ 'ਤੇ ਘੁੰਮ ਫਿਰ ਕੇ ਗੁਜ਼ਾਰਾ ਕਰ ਰਹੇ ਸਨ। ਉਜਾੜਾਂ ਅਤੇ ਰੋਹੀਆਂ ਨਾਲੋਂ ਜੰਗਲ ਇਨ੍ਹਾਂ ਦਾ ਮਨਭਾਉਂਦਾ ਨਿਵਾਸ ਸਥਾਨ ਸੀ ਕਿਉਂਕਿ ਜੰਗਲ ਇਨ੍ਹਾਂ ਦੀ ਕੁੱਲੀ, ਗੁੱਲੀ ਅਤੇ ਜੁੱਲੀ ਦੀਆਂ ਸਾਰੀਆਂ ਜ਼ਰੂਰਤਾਂ ਪੂਰੀਆਂ ਕਰਨ ਦੇ ਸਮਰੱਥ ਸੀ। ਭਾਰਤ ਦੇ ਬਹੁਤ ਸਾਰੇ ਕਬੀਲੇ ਅੱਜ ਵੀ ਵਣਵਾਸੀ ਹੀ ਹਨ। ਇਸ ਸੰਦਰਭ ਵਿਚ ਕਬੀਲਿਆਂ ਨੂੰ ਸਮਝਣ ਲਈ ਇਨ੍ਹਾਂ ਦੇ ਧਰਮ, ਟੋਟਮ ਟੈਬੂ ਵਿਵਸਥਾ (Totam Taboo System) ਰਸਮਾਂ-ਰੀਤਾਂ ਅਤੇ ਕਬੀਲਾ ਮਨੋਵਿਗਿਆਨ ਨੂੰ ਸਮਝਣਾ ਅਤਿਅੰਤ ਜ਼ਰੂਰੀ ਹੈ। ਮਨੁੱਖ ਕਈ ਸਦੀਆਂ ਦੇ ਰਮਤੇਪਣ ਅਤੇ ਲੰਮੀ ਯਾਤਰਾ ਤੋਂ ਬਾਅਦ ਹੌਲ਼ੀ–ਹੌਲ਼ੀ ਧਰਤੀ 'ਤੇ ਟਿਕਣਾ ਸ਼ੁਰੂ ਹੋਇਆ। ਉਦੋਂ ਅਜੇ ਨਿੱਜੀ ਜਾਇਦਾਦ ਦਾ ਸੰਕਲਪ ਹੋਂਦ ਵਿਚ ਨਹੀਂ ਸੀ ਆਇਆ। ਇਕ ਗੱਲ ਜ਼ਰੂਰ ਸੀ ਕਿ ਲਗਾਤਾਰ ਕੁਦਰਤ ਦੀਆਂ ਕਰੋਪੀਆਂ ਨਾਲ ਲੜਦਿਆਂ–ਲੜਦਿਆਂ ਮਨੁੱਖ ਵਿਚ ਆਪਣੀ ਸੁਰੱਖਿਆ ਅਤੇ ਸਮੂਹਿਕ ਭਾਵਨਾ ਪ੍ਰਤੀ ਚੇਤਨਾ ਵਿਕਸਤ ਹੋਣ ਲੱਗ ਪਈ ਸੀ। ਗੁਫਾਵਾਂ ਅਤੇ ਕੰਦਰਾਂ ਵਿਚ ਘਰ ਵਰਗਾ ਨਿਵਾਸ ਬਣਾ ਕੇ ਰਹਿਣਾ ਮਨੁੱਖੀ ਚੇਤਨਾ ਦੇ ਸਮਾਜਿਕ ਚੇਤਨਾ ਵੱਲ ਵਿਕਾਸ ਕਰਨ ਦੇ ਢੁੱਕਵੇਂ ਪ੍ਰਮਾਣ ਹਨ। ਅੱਗ ਅਤੇ ਪਹੀਏ ਦੀ ਖੋਜ ਨੇ ਜਿੱਥੇ ਮਨੁੱਖੀ ਵਿਕਾਸ ਵਿਚ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ ਉੱਥੇ ਮਨੁੱਖ ਵਿਚ ਰਲ–ਮਿਲ ਕੇ ਰਹਿਣ ਦੀ ਭਾਵਨਾ ਵੀ ਪ੍ਰਬਲ ਹੋਣ ਲੱਗੀ। ਭਾਵੇਂ ਕਿ ਮਨੁੱਖ ਇਸ ਤੋਂ ਪਹਿਲਾਂ ਵੀ ਪਰਿਵਾਰਕ ਗੁੱਟਾਂ ਅਤੇ ਸਮੂਹਾਂ ਵਿਚ ਵਿਚਰ ਰਿਹਾ ਸੀ ਪਰੰਤੂ ਇਹ ਸਾਰਾ ਕੁਝ ਕੁਦਰਤੀ ਅਤੇ ਜੰਗਲੀ ਵਿਧੀ ਵਿਧਾਨ ਦੇ ਅਨੁਸਾਰ ਹੀ ਸੀ। ਇਸ ਸੰਬੰਧੀ ਜੇਕਰ ਆਦਿਕਾਲੀ ਇਤਿਹਾਸ ਦਾ ਅਧਿਐਨ ਕੀਤਾ ਜਾਵੇ ਤਾਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਉਦੋਂ ਸੱਤਾ ਅਤੇ ਸ਼ਕਤੀ ਕੇਵਲ ਤਾਕਤਵਰ ਮਨੁੱਖਾਂ ਦੇ ਹੱਥ ਵਿਚ ਹੀ ਸੀ। ਮਾੜਾ ਅਤੇ ਕਮਜ਼ੋਰ ਮਾਨਵ ਉਦੋਂ ਵੀ ਅੱਜ ਵਾਂਗ ਕੁਦਰਤ ਦੀ ਕ੍ਰਿਪਾ ਦ੍ਰਿਸ਼ਟੀ 'ਤੇ ਹੀ ਜਿਉਂਦਾ ਸੀ। ਉਹ ਸਮਾਂ ਮੁਕਾਬਲੇ ਅਤੇ ਲੁੱਟ ਚੋਂਘ ਦਾ ਦੌਰ ਵੀ ਮਿੱਥਿਆ ਜਾ ਸਕਦਾ ਹੈ ਜਿੱਥੇ ਸਿਰਫ਼ ਤਾਕਤ ਅਤੇ ਮਨੁੱਖੀ ਕਿਰਿਆਸ਼ੀਲਤਾ ਦਾ ਬੋਲਬਾਲਾ ਸੀ। ਮਨੁੱਖ ਦੇ ਸਮਾਜਿਕ ਅਤੇ ਭਾਵਨਾਤਮਕ ਜੀਵ ਹੋਣ ਕਾਰਨ ਆਦਿ ਕਾਲ ਤੋਂ ਹੀ ਚੇਤਨਾ ਰੂਪ ਵਿਚ ਸਮਾਜਿਕ ਸੰਗਠਨ ਦੇ ਬੀਜ ਮਿਲਦੇ ਹਨ। ਤਕੜੇ ਅਤੇ ਖੂੰਖਾਰ ਜਾਨਵਰਾਂ ਦਾ ਸਾਹਮਣਾ ਕਰਨਾ 'ਕੱਲੇ ਕਾਰੇ ਮਨੁੱਖ ਦੇ ਵੱਸ ਦੀ ਗੱਲ ਨਹੀਂ ਸੀ। ਇਸ ਪ੍ਰਕਾਰ ਮਨੁੱਖ ਦੀ ਰਲ–ਮਿਲ ਕੇ ਸ਼ਿਕਾਰ ਕਰਨ ਦੀ ਭਾਵਨਾ ਵਿਚੋਂ

ਹੀ 'ਕਬੀਲਾ ਸੱਭਿਆਚਾਰ' ਦਾ ਮੁੱਢ ਬੱਝਦਾ ਹੈ। ਕੁਦਰਤੀ ਸ਼ਕਤੀਆਂ ਅਤੇ ਕਰੋਪੀਆਂ ਵਿਚੋਂ ਲੰਘਦਿਆਂ-ਲੰਘਦਿਆਂ ਮਨੁੱਖ ਵਿਚ ਸਮੂਹਿਕ ਚੇਤਨਾ ਪੈਦਾ ਹੋਣ ਲੱਗਦੀ ਹੈ। ਬਸ ਇੱਥੋਂ ਹੀ ਕਬੀਲਾ ਯੁੱਗ ਦੀ ਸ਼ੁਰੂਆਤ ਹੁੰਦੀ ਹੈ। ਇੱਥੇ ਇਸ ਗੱਲ ਦਾ ਵਰਣਨ ਕਰਨਾ ਬਹੁਤ ਜ਼ਰੂਰੀ ਹੈ ਕਿ ਦੁਨੀਆ ਭਰ ਅਤੇ ਭਾਰਤ ਦੇ ਸਾਰੇ ਕਬੀਲਿਆਂ ਦਾ ਜਨਮ ਸਿਰਫ਼ ਤਿੰਨ ਕੁ ਨਸਲਾਂ ਤੋਂ ਹੋਇਆ ਮੰਨਿਆ ਜਾਂਦਾ ਹੈ। ਸੰਸਾਰ ਭਰ ਦੇ ਸਾਰੇ ਕਬੀਲਿਆਂ ਦੀ ਟੋਟਮ ਟੈਬੂ ਪਰੰਪਰਾ ਵੀ ਇੱਥੋਂ ਹੀ ਆਪਣਾ ਰੂਪ ਧਾਰਦੀ ਹੈ। ਭਾਰਤ ਦੇ ਵੱਖ-ਵੱਖ ਕਬੀਲਿਆਂ ਵਿਚ ਅੱਜ ਵੀ ਇਹ ਰਵਾਇਤ ਪ੍ਰਚਲਿਤ ਹੈ ਕਿ ਉਹ ਅੱਜ ਵੀ ਆਪਣੇ 'ਆਦਿ ਪੁਰਖੇ' ਦੇ ਗੋਤਰ ਵਿੱਚ ਵਿਆਹ ਸੰਬੰਧ ਸਥਾਪਤ ਨਹੀਂ ਕਰਦੇ। ਇਸ ਸੰਬੰਧੀ ਪੰਜਾਬ ਦੇ ਕਬੀਲਿਆਂ ਵਿੱਚ ਅੱਜ ਵੀ ਇਹ ਧਾਰਨਾ ਪਾਈ ਜਾਂਦੀ ਹੈ ਕਿ ਕਿਸੇ ਵੀ ਕਬੀਲੇ ਦੇ ਇਕੋ ਗੋਤਰ ਦੇ ਲੋਕ ਆਪਸ ਵਿਚ ਭੈਣ ਭਰਾ ਹੁੰਦੇ ਹਨ ਅਤੇ ਇਕੋ ਕੋੜਮੇ ਵਿੱਚੋਂ ਹੋਣ ਕਰਕੇ ਇਕ ਦੂਜੇ ਨੂੰ ਭੈਣ ਭਰਾ ਵਾਲਾ ਸਤਿਕਾਰ ਦਿੰਦੇ ਹਨ। ਭਾਰਤ ਦੇ ਮੁੱਢਲੇ ਅਤੇ ਆਦਿਕਾਲੀ ਇਤਿਹਾਸ ਨੂੰ ਪੜ੍ਹਦਿਆਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਭਾਰਤ ਦੇ ਕਬੀਲਾ ਸਮੂਹਾਂ ਵਿੱਚ ਕੁਦਰਤੀ ਵਸੀਲਿਆਂ ਤੇ ਕਬਜ਼ੇ ਨੂੰ ਲੈ ਕੇ ਲਗਾਤਾਰ ਖ਼ੂਨੀ ਝੜਪਾਂ ਚਲਦੀਆਂ ਰਹੀਆਂ ਹਨ। ਇਨ੍ਹਾਂ ਝੜਪਾਂ ਦਾ ਕਾਰਨ ਕਬੀਲਾ ਔਰਤਾਂ, ਕੁਦਰਤੀ ਮੇਵੇ ਅਤੇ ਹਰੀਆਂ ਚਰਾਗਾਹਾਂ 'ਤੇ ਕਬਜ਼ਾ ਹੀ ਸੀ। ਦੋ ਕਬੀਲਿਆਂ ਦੀ ਖ਼ੂਨੀ ਖੇਡ ਵਿਚੋਂ ਦੁਨੀਆ ਇਕ ਦੇ ਇਕ ਮਹਾਨ ਅਜੂਬੇ 'ਚੀਨ ਦੀ ਦੀਵਾਰ' ਦਾ ਉਸਰਨਾ ਇਸਦੀ ਇਕ ਸ਼ਕਤੀਸ਼ਾਲੀ ਉਦਾਹਰਨ ਹੈ।

ਰਾਹੁਲ ਸਾਂਕਰਤਿਆਇਨ ਦੀਆਂ ਖੋਜ ਪੁਸਤਕਾਂ 'ਮਾਨਵ ਸਮਾਜ' ਅਤੇ 'ਵੋਲਗਾ ਤੋਂ ਗੰਗਾ' ਇਸ ਵਿਸ਼ੇ 'ਤੇ ਹੋਰ ਵੀ ਭਰਪੂਰ ਰੋਸ਼ਨੀ ਪਾਉਂਦੀਆਂ ਹਨ। ਇਸ ਤੋਂ ਇਲਾਵਾ ਕਬੀਲਾ ਖੇਤਰ ਵਿੱਚ ਸਮਾਜ ਵਿਗਿਆਨੀਆਂ, ਮਾਨਵ ਵਿਗਿਆਨੀਆਂ, ਮਨੋਵਿਗਿਆਨੀਆਂ ਅਤੇ ਸਭਿਆਚਾਰ ਦੇ ਖੇਤਰ ਵਿੱਚ ਦਿਲਚਸਪੀ ਰੱਖਣ ਵਾਲੇ ਵਿਦਵਾਨਾਂ ਅਤੇ ਵਿਦਿਆਰਥੀਆਂ ਵੱਲੋਂ ਕਬੀਲਾ ਜੀਵਨ ਦੇ ਵੱਖ-ਵੱਖ ਪੱਖਾਂ 'ਤੇ ਜ਼ਿਕਰਯੋਗ ਕੰਮ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਨ੍ਹਾਂ ਲੋਕਾਂ ਦੀ ਭਲਾਈ ਅਤੇ ਵਿਕਾਸ ਹਿੱਤ ਕੰਮ ਕਰਨ ਵਾਲੀਆਂ ਸਮਾਜ ਸੇਵੀ ਸੰਸਥਾਵਾਂ ਅਤੇ ਕਾਰਕੁੰਨਾਂ ਵੱਲੋਂ ਇਸ ਖੇਤਰ ਵਿੱਚ ਮੌਲਿਕ ਅਤੇ ਪਹਿਲੇ ਦਰਜੇ ਦਾ ਖੋਜ ਕਾਰਜ ਕੀਤਾ ਗਿਆ ਹੈ। ਸਤਨਾਮ ਦੀ ਪੁਸਤਕ 'ਜੰਗਲਨਾਮਾ' ਜੋ ਕਿ ਅੰਗਰੇਜ਼ੀ ਸਮੇਤ ਕਈ ਭਾਸ਼ਾਵਾਂ ਵਿਚ ਛੱਪ ਚੁਕੀ ਹੈ, ਆਦਿਵਾਸੀ ਲੋਕਾਂ ਦੇ ਜੀਵਨ ਅਤੇ ਸਮੱਸਿਆਵਾਂ ਸੰਬੰਧੀ ਭਰਪੂਰ ਰੋਸ਼ਨੀ ਪਾਉਂਦੀ ਹੈ। ਭਾਰਤ ਦੇ ਬਹੁਤ ਸਾਰੇ ਕਬੀਲੇ ਅਤੇ ਜਨਜਾਤੀਆਂ ਅਜਿਹੀਆਂ ਹਨ ਜਿਹੜੀਆਂ ਕਿ ਹੌਲੀ-ਹੌਲੀ ਇਕ ਥਾਂ ਟਿਕ ਕੇ ਵਸ ਗਈਆਂ ਅਤੇ ਹੌਲ਼ੀ-ਹੌਲ਼ੀ ਸੰਬੰਧਤ ਕਿੱਤਾ ਅਪਣਾਉਣ ਕਰਕੇ ਵੱਖ-ਵੱਖ ਜਾਤੀਆਂ ਵਿਚ ਬਦਲ ਗਈਆਂ। ਇਨ੍ਹਾਂ ਵਿਚੋਂ ਬਹੁਤੇ ਲੋਕ ਉਹ ਸਨ ਜਿਹੜੇ ਕਿ ਹਰੇ-ਭਰੇ ਅਤੇ ਉਪਜਾਊ ਮੈਦਾਨਾਂ ਵਿਚ ਵਸਦੇ ਸਨ। ਇਹ ਲੋਕ ਸਹਿਜੇ-ਸਹਿਜੇ ਖੇਤੀਬਾੜੀ, ਪਸ਼ੂ ਪਾਲਣ ਅਤੇ ਕਈ ਹੋਰ ਧੰਦਿਆਂ ਨਾਲ ਜੁੜ ਗਏ ਪਰੰਤੂ ਇਨ੍ਹਾਂ ਵਿਚੋਂ ਬਹੁਤੇ ਲੋਕ ਸੰਘਣੇ ਵਣਾਂ ਅਤੇ ਭਾਰਤ ਦੇ ਵੱਖ-ਵੱਖ ਟਾਪੂਆਂ ਵਿੱਚ ਵੀ ਵਾਸ ਕਰ ਰਹੇ ਹਨ। ਆਮ ਮਨੁੱਖ ਅਤੇ ਸਰਕਾਰੀ ਅਧਿਕਾਰੀਆਂ ਦੀ

ਪਹੁੰਚ ਤੋਂ ਦੂਰ ਹੋਣ ਕਾਰਨ ਇਹ ਲੋਕ ਕੁਦਰਤ ਦੀ ਗੋਦ ਵਿਚ ਹੀ ਆਪਣਾ ਜੀਵਨ ਬਤੀਤ ਕਰ ਰਹੇ ਹਨ। ਅੱਜ ਸਦੀਆਂ ਬੀਤ ਜਾਣ ਤੋਂ ਬਾਅਦ ਵੀ ਇਹ ਲੋਕ ਜੰਗਲਾਂ ਅਤੇ ਟਾਪੂਆਂ ਨੂੰ ਹੀ ਆਪਣਾ ਇਕੋ ਇਕ ਘਰ ਸਮਝਦੇ ਹਨ। ਸਰਕਾਰਾਂ ਦੀਆਂ ਲੱਖ-ਕੋਸ਼ਿਸ਼ਾਂ ਅਤੇ ਵਧੀਕੀਆਂ ਦੇ ਬਾਵਜੂਦ ਵੀ ਇਹ ਲੋਕ ਆਪਣਾ ਕੁਦਰਤੀ ਜੀਵਨ ਹੀ ਬਤੀਤ ਕਰਨਾ ਚਾਹੁੰਦੇ ਹਨ। ਇਨ੍ਹਾਂ ਵਿਚੋਂ ਬਹੁਤੇ 'ਸਮੂਹ' ਅਜਿਹੇ ਸਨ ਜਿਹੜੇ ਕਿ ਇਕ ਥਾਂ ਤੋਂ ਦੂਜੀ ਥਾਂ ਹਰੀਆਂ ਚਰਾਗਾਹਾਂ ਅਤੇ ਭੋਜਨ ਪਾਣੀ ਦੀ ਭਾਲ ਵਿਚ ਘੁੰਮਦੇ ਫਿਰਦੇ ਰਹਿੰਦੇ ਸਨ। ਇਨ੍ਹਾਂ ਵਿਚੋਂ ਜ਼ਿਆਦਾਤਰ ਪਸ਼ੂ ਪਾਲਕ ਅਤੇ ਘੁਮੰਤੂ ਕਬੀਲੇ ਸਨ। ਇਹ ਲੋਕ ਆਦਿ ਕਾਲ ਤੋਂ ਹੀ ਖਾਨਾਬਦੋਸ਼ੀ ਵਿਚ ਰਹੇ ਹਨ। ਇਨ੍ਹਾਂ ਵਿਚੋਂ ਕਈ ਕਬੀਲੇ ਅਜੋਕੇ ਦੌਰ ਵਿਚ ਸਥਾਈ ਜਾਂ ਅਰਧ ਸਥਾਈ ਰੂਪ ਵਿੱਚ ਆਬਾਦ ਹੋ ਚੁੱਕੇ ਹਨ ਪਰੰਤੂ ਫਿਰ ਵੀ ਕੁਝ ਅਜਿਹੇ ਕਬੀਲੇ ਹਨ ਜਿਹੜੇ ਕਿ ਇਕ ਥਾਂ ਤੋਂ ਦੂਜੀ ਥਾਂ ਜੀਵਨ ਸੋਮਿਆਂ ਦੀ ਭਾਲ ਵਿਚ ਫਿਰਦੇ ਤੁਰਦੇ ਰਹਿੰਦੇ ਹਨ। ਉਪਰੋਕਤ ਧਾਰਨਾਵਾਂ ਦੇ ਸੰਬੰਧ ਵਿੱਚ ਇਕ ਅਜਿਹਾ ਦੌਰ ਵੀ ਆਉਂਦਾ ਹੈ ਜਦੋਂ ਕਬੀਲੇ ਵੱਖ–ਵੱਖ ਪੇਸ਼ਿਆਂ ਅਤੇ ਕਲਾ ਰੂਪਾਂ ਵਿਚ ਤਬਦੀਲ ਹੋ ਜਾਂਦੇ ਹਨ। ਇਹ ਕਬੀਲੇ ਆਪਣੇ ਜਨਮ ਜਾਤ ਹੁਨਰ ਨੂੰ ਕਿੱਤੇ ਵਜੋਂ ਅਪਣਾ ਕੇ ਆਪਣੀ ਸ਼ਨਾਖ਼ਤ ਉਸ ਕਲਾ ਰੂਪ ਰਾਹੀਂ ਹੀ ਕਰਨ ਲੱਗ ਪੈਂਦੇ ਹਨ। ਇਸ ਸੰਬੰਧ ਵਿਚ ਬਾਜ਼ੀਗਰ, ਬੌਰੀਆ, ਸਾਂਸੀ, ਮੀਰਾਸੀ, ਨਟ, ਸਿਕਲੀਗਰ, ਗਾਡੀ ਲੋਹਾਰ ਅਤੇ ਬੰਗਾਲਾ ਆਦਿ ਸ਼ਬਦ ਏਸੇ ਹੀ ਕਿੱਤਾਗਤ ਸੰਕਲਪ ਵਿੱਚੋਂ ਪੈਦਾ ਹੁੰਦੇ ਹਨ। ਭਾਵੇਂ ਕਿ ਆਜ਼ਾਦੀ ਤੋਂ ਬਾਅਦ ਕਬੀਲਿਆਈ ਲੋਕਾਂ ਦੇ ਜੀਵਨ ਅਤੇ ਸਭਿਆਚਾਰ ਪ੍ਰਤੀ ਜ਼ਿਕਰਯੋਗ ਅਧਿਐਨ ਹੋਇਆ ਹੈ ਪਰੰਤੂ ਇਨ੍ਹਾਂ ਕਬੀਲਿਆਂ ਸੰਬੰਧੀ ਸਾਨੂੰ ਸਭ ਤੋਂ ਪਹਿਲੀ ਮੌਲਿਕ ਖੋਜ 1883 ਦੀ ਜਨਗਣਨਾ ਵਿਚ ਹੋਈ ਮਿਲਦੀ ਹੈ। ਇਹ ਖੋਜ ਅਠਾਰ੍ਹਾਂ ਸੌ ਤਰਾਸੀ ਦੀ ਮਰਦਮਸ਼ੁਮਾਰੀ ਦੀ ਰਿਪੋਰਟ 'ਤੇ ਆਧਾਰਿਤ ਹੈ। ਇਹ ਮਰਦਮਸ਼ੁਮਾਰੀ ਸਰ ਡੈਂਜ਼ਲ ਇਬਟਸਨ (ਕੇ.ਸੀ.ਐਸ.ਆਈ.) ਦੀ ਅਗਵਾਈ ਵਿੱਚ ਪੂਰੀ ਕੀਤੀ ਗਈ ਅਤੇ ਪੰਜਾਬ ਵਿੱਚ ਇਹ ਰਿਪੋਰਟ ਅਠਾਰ੍ਹਾਂ ਸੌ ਬਾਨਵੇਂ ਵਿਚ ਮਿਸਟਰ ਈ.ਡੀ. ਮੈਕਲਗਾਨ (ਸੀ.ਐਸ.ਆਈ.) ਦੁਆਰਾ ਤਿਆਰ ਕੀਤੀ ਗਈ ਜਿਸਨੂੰ ਕਿ ਐਚ.ਏ.ਰੋਜ਼ ਵੱਲੋਂ ਸੰਪਾਦਤ ਕੀਤਾ ਗਿਆ। ਇਹ ਪੁਸਤਕ ਭਾਸ਼ਾ ਵਿਭਾਗ ਪੰਜਾਬ ਵੱਲੋਂ 'ਏ ਗਲੋਸਰੀ ਆਫ਼ ਦਾ ਟਰਾਈਬਜ਼ ਐਂਡ ਕਾਸਟਸ ਆਫ਼ ਦਾ ਪੰਜਾਬ ਐਂਡ ਨੌਰਥ ਵੈਸਟ ਫਰੰਟੀਅਰ ਪਰੋਵਿੰਸ' ਦੇ ਨਾਂ ਹੇਠ 1970 ਵਿਚ ਛਾਪੀ ਗਈ। ਅੱਜ ਵੀ ਇਹ ਪੁਸਤਕ ਵਿਦਵਾਨ ਖੋਜੀਆਂ ਅਤੇ ਵਿਦਵਾਨਾਂ ਲਈ ਆਧਾਰਸ਼ਿਲਾ ਦਾ ਕੰਮ ਕਰਦੀ ਹੈ। ਇਸ ਤੋਂ ਬਾਅਦ ਕਬੀਲਿਆਂ ਸੰਬੰਧੀ ਖੋਜ ਹੌਲ਼ੀ–ਹੌਲ਼ੀ ਕੇਂਦਰ ਵਿਚ ਆਉਣ ਲੱਗਦੀ ਹੈ। ਇਸੇ ਲੋੜ ਦੀ ਪੂਰਤੀ ਹਿੱਤ ਵੱਖ–ਵੱਖ ਯੂਨੀਵਰਸਿਟੀਆਂ, ਯੂ.ਜੀ.ਸੀ., ਸਮਾਜ ਸੇਵੀ ਸੰਸਥਾਵਾਂ ਅਤੇ ਹੋਰ ਖੋਜ ਨਾਲ ਸੰਬੰਧਤ ਅਦਾਰਿਆਂ ਵੱਲੋਂ ਸਾਰਥਕ ਯਤਨ ਸ਼ੁਰੂ ਹੁੰਦੇ ਹਨ। ਇਨ੍ਹਾਂ ਅਣਥੱਕ ਯਤਨਾਂ ਦੇ ਸਿੱਟੇ ਵਜੋਂ ਇਕ ਸਮਾਂ ਅਜਿਹਾ ਵੀ ਆਉਂਦਾ ਹੈ ਜਦੋਂ ਕਬੀਲਿਆਂ ਸੰਬੰਧੀ ਖੋਜ ਕਾਰਜ ਬੜਾ ਗੰਭੀਰ ਰੁੱਖ ਅਖ਼ਤਿਆਰ ਕਰ ਲੈਂਦਾ ਹੈ।

ਪੰਜਾਬ ਦੇ ਬਹੁਤ ਸਾਰੇ ਕਬੀਲੇ ਆਪਣਾ ਮੂਲ ਅਤੇ ਇਤਿਹਾਸ ਰਾਜਸਥਾਨ ਦੀਆਂ

ਰਿਆਸਤਾਂ ਨਾਲ ਜੋੜਦੇ ਹਨ। ਭਾਵੇਂ ਕਿ ਇਹ ਤੱਥ ਸੱਚਾਈ ਦੇ ਕਾਫ਼ੀ ਨੇੜੇ ਹੈ ਪਰੰਤੂ ਫਿਰ ਵੀ ਇਨ੍ਹਾਂ ਵੱਖ-ਵੱਖ ਕਬੀਲਿਆਂ ਦੇ ਸਭਿਆਚਾਰ ਦਾ ਤੁਲਨਾਤਮਕ ਅਧਿਐਨ ਕਰਦਿਆਂ ਇਹ ਗੱਲ ਉਜਾਗਰ ਹੁੰਦੀ ਹੈ ਕਿ ਭਾਵੇਂ ਕਿ ਇਹ ਕਬੀਲੇ ਇਕੋ ਮੂਲ ਵਿਚੋਂ ਹੋਣ ਦਾ ਦਾਅਵਾ ਕਰਦੇ ਹਨ ਪਰੰਤੂ ਫਿਰ ਵੀ ਇਨ੍ਹਾਂ ਲੋਕਾਂ ਦੇ ਸਮਾਜ ਸਭਿਆਚਾਰ ਵਿੱਚ ਵੱਡੀ ਪੱਧਰ 'ਤੇ ਵੱਖਰਤਾ ਪਾਈ ਜਾਂਦੀ ਹੈ। ਇਨ੍ਹਾਂ ਵਿੱਚੋਂ ਕਈ ਕਬੀਲੇ ਤਾਂ ਇਕੋ 'ਕਬੀਲਾ ਪੁਰਖਿਆਂ' ਅਤੇ 'ਕਬੀਲਾ ਦੇਵਤਿਆਂ' 'ਤੇ ਆਪਣਾ ਅਧਿਕਾਰ ਜਤਾਉਂਦੇ ਹਨ। ਭਾਵੇਂ ਇਨ੍ਹਾਂ ਕਬੀਲਿਆਂ ਦੀ ਬੋਲੀ, ਪਹਿਰਾਵਾ, ਸਭਿਆਚਾਰ, ਟੋਟਮ ਟੈਬੂ ਵਿਵਸਥਾ ਇਸ ਗੱਲ ਦੀ ਗਵਾਹੀ ਵੀ ਭਰਦੇ ਹਨ ਪਰੰਤੂ ਫਿਰ ਵੀ ਇਹ ਗਹਿਰ ਗੰਭੀਰ ਖੋਜ ਦਾ ਵਿਸ਼ਾ ਹੈ। ਪੰਜਾਬ ਦੇ ਬਹੁਤੇ ਕਬੀਲਿਆਂ ਦੀ ਭਾਸ਼ਾ ਅਤੇ ਬੋਲੀ ਵੀ ਰਾਜਸਥਾਨ ਦੀਆਂ ਸਥਾਨਕ ਬੋਲੀਆਂ ਨਾਲ ਹੂਬਹੂ ਮੇਲ ਖਾਂਦੀ ਹੈ। ਪੰਜਾਬ ਦੇ ਕਬੀਲੇ ਆਪਣਾ ਮੂਲ ਪ੍ਰਸਿੱਧ ਰਾਜਪੂਤ ਬੋਖਿਆਂ ਮਹਾਰਾਣਾ ਪ੍ਰਤਾਪ, ਅਮਰ ਸਿੰਘ ਰਾਠੌਰ, ਜੈਮਲ ਫੱਤਾ ਅਤੇ ਪ੍ਰਿਥਵੀ ਰਾਜ ਚੌਹਾਨ ਨਾਲ ਜੋੜਦੇ ਹਨ। ਮੁਗਲ ਕਾਲ ਵਿਚ ਆਪਣੀਆਂ ਜੜ੍ਹਾਂ ਤੋਂ ਵਿਖੰਡਤ ਕਰ ਦਿੱਤੇ ਗਏ ਇਹ ਲੋਕ ਆਪਣੀਆਂ ਮਿੱਥ ਕਥਾਵਾਂ ਅਤੇ ਇਤਿਹਾਸ ਵਿਚ ਇਸ ਸੱਚ ਦੇ ਕਈ ਅਵਸ਼ੇਸ਼ ਸਾਂਭੀ ਬੈਠੇ ਹਨ। ਇਨ੍ਹਾਂ ਲੋਕਾਂ ਦਾ ਲੋਕ ਕਾਵਿ ਅਤੇ ਜੀਵਨ ਇਨ੍ਹਾਂ ਤੱਥਾਂ ਦੀ ਪ੍ਰਮਾਣਿਕਤਾ ਦੇ ਮੋਹਰ ਲਾਉਂਦਾ ਹੈ।

ਇਨ੍ਹਾਂ ਕਬੀਲਿਆਂ ਵਿਚੋਂ ਕਈ ਸਿਆਣੇ ਬਜ਼ੁਰਗ ਰਾਜਸਥਾਨ ਅਤੇ ਗੁਜਰਾਤ ਨੂੰ ਆਪਣਾ ਜੱਦੀ ਘਰ ਦੱਸਦੇ ਹੋਏ ਇਹ ਗੱਲ ਹਿੱਕ ਠੋਕ ਦੇ ਆਖਦੇ ਰਹੇ ਹਨ ਕਿ 'ਸਾਨੂੰ ਇਕ ਨਾ ਇਕ ਦਿਨ ਸਾਡੇ ਖੋਏ ਹੋਏ ਰਾਜ ਭਾਗ ਦੀਆਂ ਚਾਬੀਆਂ ਜ਼ਰੂਰ ਮਿਲਣਗੀਆਂ।' ਇਹ ਸ਼ਬਦ ਕਈ ਵਾਰੀ ਹੁਣ ਵੀ ਕਬੀਲਾ ਪੰਚਾਇਤਾਂ ਵਿਚ ਗੂੰਜਣ ਨੂੰ ਮਿਲਦੇ ਹਨ। ਪਰ ਅੱਜ ਸਦੀਆਂ ਬਾਅਦ ਇਨ੍ਹਾਂ ਸ਼ਬਦਾਂ ਵਿਚਲਾ ਸੱਚ 'ਰਾਜ਼' ਬਣਿਆ ਹੋਇਆ ਹੈ। ਅੱਜ ਜਦ ਕਿ ਭਾਰਤ ਦੇ ਆਦਿਵਾਸੀ ਕਬੀਲੇ ਵਿਸ਼ਵੀਕਰਨ ਦੇ ਇਸ ਦੌਰ ਵਿਚ ਵੀ ਵਣਵਾਸੀ ਜੀਵਨ ਬਤੀਤ ਕਰ ਰਹੇ ਹਨ, ਇਸ ਸੰਦਰਭ ਵਿਚ ਭਾਰਤ ਦੇ ਕਈ ਘੁਮੰਤੂ ਕਬੀਲੇ ਅਜਿਹੇ ਹਨ ਜਿਹੜੇ ਕਿ ਅੱਜ ਵੀ ਸੰਪੂਰਨ ਫਿਰਤੂ ਜੀਵਨ ਬਤੀਤ ਕਰ ਰਹੇ ਹਨ। ਇਨ੍ਹਾਂ ਵਿਚੋਂ 'ਗਾਡੀ ਲੁਹਾਰ' ਕਬੀਲੇ ਅਤੇ 'ਗੁਜਰ ਕਬੀਲੇ' ਦਾ ਨਾਂ ਵਿਸ਼ੇਸ਼ ਸੰਦਰਭ ਵਿਚ ਲਿਆ ਜਾ ਸਕਦਾ ਹੈ। ਇਹ ਕਬੀਲੇ ਅੱਜ ਵੀ ਆਪਣੇ ਪਿਤਾ ਪੁਰਖੀ ਅਹਿਦ ਕਾਰਨ ਆਪਣੀਆਂ ਮੂਲ ਜੀਵਨ ਰੁਚੀਆਂ ਸਮੇਤ ਰਮਤਾ ਜੀਵਨ ਬਤੀਤ ਕਰ ਰਹੇ ਹਨ। ਇਨ੍ਹਾਂ ਲੋਕਾਂ ਦੀ 'ਮਾਨਤਾਵਾਂ ਅਤੇ ਮਨਾਹੀਆਂ' ਦੀ ਪਰੰਪਰਾ ਐਨੀ ਪੀਡੀ ਹੈ ਕਿ ਇਹ ਲੋਕ ਸਦੀਆਂ ਬੀਤ ਜਾਣ ਬਾਅਦ ਵੀ ਘੁਮੰਤੂ ਮਾਨਸਿਕਤਾ ਦੇ ਪ੍ਰਭਾਵ ਹੇਠ ਵਿਚਰ ਰਹੇ ਹਨ। ਇਨ੍ਹਾਂ ਵਿਚੋਂ ਕਈ ਕਬੀਲੇ ਜਿਹੜੇ ਕਿ ਅਸਥਾਈ ਟਪਰੀਆਂ ਤੋਂ ਸਥਾਈ ਬਸਤੀਆਂ ਵਿਚ ਵਸ ਚੁੱਕੇ ਹਨ, ਮਾਨਸਿਕ ਪੱਧਰ 'ਤੇ ਅੱਜ ਵੀ ਖਾਨਾਬਦੋਸ਼ੀ ਵਿਚ ਹਨ। ਇਨ੍ਹਾਂ ਵਿਚੋਂ ਕੁਝ ਲੋਕ ਅਜਿਹੇ ਵੀ ਹਨ ਜਿਨ੍ਹਾਂ ਲੋਕਾਂ ਦੇ ਨਿਵਾਸ ਭਾਵੇਂ ਸਥਾਈ ਰੂਪ ਵਾਲੇ ਹਨ ਪਰੰਤੂ ਇਹ ਲੋਕ ਜ਼ਿਆਦਾਤਰ ਕੰਮ ਕਾਰ ਅਤੇ ਰੋਜ਼ੀ ਰੋਟੀ ਦੀ ਭਾਲ ਵਿੱਚ ਆਪਣਾ ਬਹੁਤਾ ਸਮਾਂ ਘਰਾਂ ਤੋਂ ਬਾਹਰ ਹੀ ਬਤੀਤ ਕਰਦੇ ਹਨ। ਇਨ੍ਹਾਂ ਵਿੱਚੋਂ ਸਿਕਲੀਗਰ, ਗਾਡੀ ਲੁਹਾਰ,

ਬੰਗਾਲੇ ਅਤੇ ਨਟ ਲੋਕਾਂ ਦੇ ਘਰ ਤਾਂ ਸਥਾਈ ਰੂਪ ਵਾਲੇ ਹਨ ਪਰੰਤੂ ਆਪ ਇਹ ਲੋਕ ਲਗਾਤਾਰ ਸਫ਼ਰ ਵਿਚ ਰਹਿੰਦੇ ਹਨ। ਇਸ ਤੋਂ ਇਲਾਵਾ ਹਰ ਇਕ ਕਬੀਲੇ ਵਿਚ 'ਆਪਣੇ ਤੇ ਪਰਾਏ' (Insider & Outsider) ਦਾ ਸੰਕਲਪ ਕਬੀਲਾ ਜੀਵਨ ਅਤੇ ਮੁੱਖ ਧਾਰਾ ਦੇ ਜੀਵਨ ਵਿਚਕਾਰ ਇਕ ਹੱਦਬੰਦੀ ਖੜ੍ਹੀ ਕਰਦਾ ਹੈ। ਕਬੀਲੇ ਦੇ ਲੋਕਾਂ ਵਿੱਚ ਮਾੜੀ ਆਰਥਿਕਤਾ ਹੋਣ ਦੇ ਬਾਵਜੂਦ ਵੀ 'ਸਰਵਉੱਚਤਾ' (Superiority Complex) ਦਾ ਸੰਕਲਪ ਕਾਰਜਸ਼ੀਲ ਰਹਿੰਦਾ ਹੈ। ਇਨ੍ਹਾਂ ਲੋਕਾਂ ਦੀ ਇਹ ਧਾਰਨਾ ਬਣੀ ਹੋਈ ਹੈ ਕਿ ਇਹ ਲੋਕ ਦੂਜੀਆਂ ਕੌਮਾਂ ਅਤੇ ਜਾਤੀਆਂ ਵਿਚੋਂ 'ਉਤਮ' ਲੋਕ ਹਨ। ਇਹੀ ਕਾਰਨ ਹੈ ਕਿ ਅੱਜ ਵੀ ਕਬੀਲਿਆਂ ਵਿਚ ਅੰਤਰਜਾਤੀ ਵਿਆਹ ਹੋਣ 'ਤੇ ਹਲਚਲ ਪੈਦਾ ਹੋ ਜਾਂਦੀ ਹੈ। ਕਬੀਲਿਆਂ ਵਿਚ ਕੋਈ ਵੀ ਅਜਿਹੀ ਘਟਨਾ ਵਾਪਰਨ ਦੀ ਸੂਰਤ ਵਿਚ ਸੰਬੰਧਤ ਧਿਰ ਨੂੰ ਕਬੀਲਾ ਪੰਚਾਇਤ ਦੁਆਰਾ 'ਛੇਕ' ਦਿੱਤਾ ਜਾਂਦਾ ਹੈ। ਏਸੇ ਸੰਦਰਭ ਵਿਚ ਕਬੀਲਾ ਔਰਤਾਂ ਦੀ ਮਾਨਸਿਕਤਾ ਵੀ 'ਕੱਟੜ' ਕਿਸਮ ਦੀ ਬਣੀ ਹੋਈ ਹੈ। ਇਸ ਸੰਬੰਧ ਵਿਚ ਜੇ ਕਰ ਕਬੀਲਿਆਂ ਦੀ ਖੁਣਨ ਕਲਾ, ਟੋਟਮ ਟੈਬੂ ਪਰੰਪਰਾਵਾਂ, ਲੋਕ ਕਲਾਵਾਂ ਅਤੇ ਰਸਮਾਂ ਰੀਤਾਂ ਦਾ ਗਹਿਨ ਅਧਿਐਨ ਕਰਕੇ ਇਨ੍ਹਾਂ ਨੂੰ ਡੀਕੋਡ ਕੀਤਾ ਜਾਵੇ ਤਾਂ ਇਸ ਨਾਲ ਕਬੀਲੇ ਦੀ ਅੰਦਰੂਨੀ ਸੰਰਚਨਾ ਦੀ ਥਾਹ ਸਹਿਜੇ ਹੀ ਪਾਈ ਜਾ ਸਕਦੀ ਹੈ। ਇੱਥੇ ਇਕ ਹੋਰ ਮਹੱਤਵਪੂਰਨ ਗੱਲ ਦਾ ਵਰਣਨ ਕਰਨਾ ਬਹੁਤ ਜ਼ਰੂਰੀ ਹੈ। ਉਹ ਇਹ ਹੈ ਕਿ ਰਾਜਸਥਾਨ, ਗੁਜਰਾਤ, ਮਹਾਰਾਸ਼ਟਰ, ਆਂਧਰਾ ਪ੍ਰਦੇਸ਼, ਮੱਧ ਪ੍ਰਦੇਸ਼, ਕਰਨਾਟਕਾਂ, ਉੱਤਰ ਪ੍ਰਦੇਸ਼, ਛੱਤੀਸਗੜ ਦੇ ਕਬੀਲੇ ਆਪਸ ਵਿਚ ਗਹਿਰੀ ਭਾਈਚਾਰਕ ਸਾਂਝ ਦਾ ਪ੍ਰਗਟਾਵਾ ਕਰਦੇ ਹਨ। ਇਸ ਸੰਦਰਭ ਵਿਚ ਪੰਜਾਬ, ਹਰਿਆਣਾ, ਹਿਮਾਚਲ ਤੇ ਜੰਮੂ ਦਾ ਗੌਰ (ਗਵਾਰ) ਕਬੀਲਾ ਦੱਖਣ ਦੇ ਬਣਜਾਰਿਆਂ ਅਤੇ ਲੁਬਾਣਿਆਂ ਨਾਲ ਗਹਿਰੀ ਭਾਈਚਾਰਕ ਸਾਂਝ ਦਾ ਪ੍ਰਗਟਾਵਾ ਕਰਦਾ ਹੈ। ਇਹ ਲੋਕ ਆਪਣੀ ਭਾਸ਼ਾ, ਧਰਮ ਅਤੇ ਪਰੰਪਰਾਵਾਂ ਦੁਆਰਾ ਇਕ ਦੂਜੇ ਨਾਲ ਪਿਤਰੀ ਸੂਤਰ ਵਿਚ ਬੱਝੇ ਹੋਏ ਹਨ। ਆਵਾਜਾਈ ਤੇ ਸੰਚਾਰ ਸਾਧਨਾਂ ਦੇ ਵਿਕਸਤ ਹੋਣ ਨਾਲ ਇਹ ਲੋਕ ਅਜੋਕੇ ਦੌਰ ਵਿਚ ਵਧ-ਚੜ੍ਹ ਕੇ ਇਕ ਵਾਰ ਫਿਰ ਆਪਣੀ ਪਿਤਰੀ ਸਾਂਝ ਦਾ ਪ੍ਰਗਟਾਵਾ ਕਰ ਰਹੇ ਹਨ।

ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਪੰਜਾਬ ਵਿਚ ਵਸਣ ਵਾਲੇ ਲਗਭਗ ਸਾਰੇ ਕਬੀਲੇ ਪੇਸ਼ਾਵਰ ਕਲਾਕਾਰ ਹਨ। ਆਦਿ ਕਾਲ ਤੋਂ ਜੰਗਲ ਬੇਲਿਆਂ ਅਤੇ ਪਹਾੜਾਂ ਵਿਚ ਰਹਿਣ ਕਾਰਨ ਇਨ੍ਹਾਂ ਲੋਕਾਂ ਦੇ ਲਹੂ ਵਿਚ ਕਲਾ ਦਰਿਆ ਵਾਂਗ ਠਾਠਾਂ ਮਾਰਦੀ ਹੈ। ਬੌਰੀਏ, ਬਾਜ਼ੀਗਰ, ਨਟ, ਗੰਧੀਲੇ, ਸਿਰਕੀਬੰਧ, ਬੰਗਾਲੇ, ਬਰੜ, ਸਾਂਸੀ, ਸਿਕਲੀਗਰ, ਗਾਡੀ ਲੁਹਾਰ, ਗੁਜਰ, ਮਰਾਸੀ ਅਤੇ ਮਹਾਤਮ ਲੋਕ ਵੱਖ–ਵੱਖ ਕਲਾ ਵੰਨਗੀਆਂ ਨਾਲ ਵਰੋਸਾਏ ਹੋਏ ਹਨ। ਪੰਜਾਬ ਦੇ ਲੋਕ ਨਾਚਾਂ, ਸੰਗੀਤ, ਕੋਮਲ ਕਲਾਵਾਂ, ਲੋਕ ਸਾਜ਼ਾਂ, ਲੋਕ ਮੰਨੋਰੰਜਨ ਅਤੇ ਕਲਾ ਦੇ ਕਈ ਹੋਰ ਖੇਤਰਾਂ ਵਿੱਚ ਇਨ੍ਹਾਂ ਲੋਕਾਂ ਦੀ ਵਿਸ਼ੇਸ਼ ਭੂਮਿਕਾ ਰਹੀ ਹੈ। ਭਾਵੇਂ ਕਈ ਸਦੀਆਂ ਤੋਂ ਰਮਤਾ ਅਤੇ ਆਪ ਮੁਹਾਰਾ ਜੀਵਨ ਜੀਉਣ ਕਾਰਨ ਭਾਰਤ ਦੇ ਕਈ ਕਬੀਲੇ ਸ਼ਹਿਰਾਂ, ਬਸਤੀਆਂ ਅਤੇ ਪਿੰਡਾਂ ਤੋਂ ਦੂਰ ਰਹਿਣ ਕਾਰਨ ਅਜੇ ਵੀ ਜੀਵਨ ਦੀਆਂ ਮੁੱਢਲੀਆਂ ਲੋੜਾਂ ਤੋਂ ਵਾਂਝੇ ਹਨ ਪਰੰਤੂ ਫਿਰ ਵੀ ਇਨ੍ਹਾਂ ਲੋਕਾਂ ਵਿਚ

ਅੱਜ ਵੀ ਪ੍ਰਬਲ 'ਕਬੀਲਾ ਚੇਤਨਾ' ਵੇਖਣ ਨੂੰ ਮਿਲਦੀ ਹੈ। ਪੰਜਾਬ ਦੇ ਕਬੀਲੇ ਭਾਵੇਂ ਅਜੋਕੇ ਦੌਰ ਵਿੱਚ ਇਕ ਲੰਬੀ ਖਾਨਾਬਦੋਸ਼ੀ ਤੋਂ ਬਾਅਦ ਸਥਾਈ ਬਸਤੀਆਂ ਵਿੱਚ ਪਰਿਵਰਤਿਤ ਹੋ ਗਏ ਹਨ ਪਰੰਤੂ ਫਿਰ ਵੀ ਕੁਝ ਕਬੀਲੇ ਅਜਿਹੇ ਹਨ ਜਿਹੜੇ ਕਿ 'ਸੰਸਾਰੀਕਰਨ' ਦੇ ਇਸ ਦੌਰ ਵਿਚ ਵੀ ਆਪਣੀ 'ਆਦਿਕਾਲੀ ਖਾਨਾਬਦੋਸ਼ੀ' ਹੰਢਾ ਰਹੇ ਹਨ। ਇਸ ਸੰਦਰਭ ਵਿੱਚ ਪੰਜਾਬ ਦੇ ਉਨ੍ਹਾਂ ਕਬੀਲਿਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ, ਜਿਹੜੇ ਕਿ ਪੰਜਾਬ ਅਤੇ ਭਾਰਤ ਦੇ ਹੋਰ ਵੱਖ-ਵੱਖ ਹਿੱਸਿਆਂ ਵਿਚ ਵਸੇ ਹੋਏ ਹਨ। ਪੰਜਾਬ ਦੇ ਫਿਰਤੂ ਕਬੀਲਿਆਂ ਵਿਚ ਰਾਜਸਥਾਨ ਦੇ ਨਟ, ਭੋਪੇ, ਡਾਡੀ, ਗਾਡੀ ਲੁਹਾਰ, ਰਾਜਪੂਤ ਅਤੇ ਪਹਾੜੀ ਗੁਜਰਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਭਾਰਤ ਦੇ ਬਹੁਤ ਸਾਰੇ ਕਬੀਲੇ, ਜਿਨ੍ਹਾਂ ਦਾ ਆਪਣਾ ਹੀ ਇਕ ਵੱਖਰਾ ਸਭਿਆਚਾਰਕ ਮੁਹਾਂਦਰਾ ਹੈ, ਭਾਰਤ ਦੇ ਮੁੱਖ ਸੱਭਿਆਚਾਰ ਨਾਲ ਮਿਲ ਕੇ ਇਕ ਸੰਯੁਕਤ ਸਭਿਆਚਾਰ ਦੀ ਸਿਰਜਣਾ ਕਰਦੇ ਹਨ। ਇਸ ਸੰਦਰਭ ਵਿਚ ਸੰਸਾਰ ਦੇ ਵੱਖ-ਵੱਖ ਦੇਸ਼ਾਂ ਵਿਚ ਕਬੀਲਾ ਰੂਪ ਵਿਚ ਵਿਚਰ ਰਹੇ ਰੈੱਡ ਇੰਡੀਅਨਜ਼, ਐਬੋਰਿਜਨਜ਼, ਜਿਪਸੀਜ਼ ਅਤੇ ਅਫ਼ਰੀਕਾ ਦੇ ਕਈ ਹੋਰ ਜੰਗਲੀ ਕਬੀਲਿਆਂ ਦੀ ਉਦਾਹਰਣ ਦਿੱਤੀ ਜਾ ਸਕਦੀ ਹੈ। ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਭਾਵੇਂ ਭਾਰਤ ਦੇ ਇਹ ਕਬੀਲੇ ਮੁੱਖਧਾਰਾ ਦੇ ਸਭਿਆਚਾਰ ਨਾਲ ਮਿਲ ਕੇ ਇਕ 'ਸਭਿਆਚਾਰਕ ਕੋਲਾਜ਼' ਦੀ ਉਸਾਰੀ ਕਰਦੇ ਹਨ ਪਰੰਤੂ ਫਿਰ ਵੀ ਇਹ ਕਬੀਲੇ ਆਪਣੀ ਵਿਲੱਖਣ ਲੋਕਧਾਰਾ, ਸਭਿਆਚਾਰ ਅਤੇ ਇਤਿਹਾਸਕ ਪਿੱਠਭੂਮੀ ਹੋਣ ਕਾਰਨ ਆਪਣੀ ਵੱਖਰੀ ਹਸਤੀ ਅਤੇ ਪਛਾਣ ਰੱਖਦੇ ਹਨ। ਅੱਜ ਵੀ ਅਸੀਂ ਕਬੀਲਿਆਂ ਦੇ ਇਸ ਜੀਵਨ ਢੰਗ ਨੂੰ 'ਬੂਮਰੇਂਗ' (Boomrang) ਜੀਵਨ ਵਿਧੀ ਨਾਲ ਮੇਲ ਸਕਦੇ ਹਾਂ। ਭਾਵ ਕਬੀਲਿਆਂ ਨੇ ਜਿੱਥੇ ਮੁੱਖ ਧਾਰਾ ਦੀ ਜੀਵਨ ਜਾਚ ਨਾਲ ਵਰਤ ਵਿਹਾਰ ਲਈ ਇਕ 'ਪੁਲ' (bridge) ਦੀ ਉਸਾਰੀ ਕੀਤੀ ਹੋਈ ਹੈ, ਉੱਥੇ ਨਾਲ ਹੀ ਇਕ ਵੱਖਰੇ ਜੀਵਨ ਦਰਸ਼ਨ ਨੂੰ ਵੀ ਮੂਲ ਰੂਪ ਵਿੱਚ ਕਾਇਮ ਰੱਖਿਆ ਹੋਇਆ ਹੈ। ਕਬੀਲਿਆਂ ਦੀ ਇਸ ਵੱਖਰੀ ਨਕਸ਼ ਨੁਹਾਰ (Identity) ਪਿੱਛੇ ਕਬੀਲਾ ਜੀਵਨ ਦੀਆਂ ਆਦਿ ਕਾਲੀ ਪਰੰਪਰਾਵਾਂ, ਪਿਤਾ ਪੁਰਖੀ ਵਿਧੀ ਵਿਧਾਨ, ਕਬੀਲਾ ਰੂੜ੍ਹੀਆਂ, ਇਤਿਹਾਸਕ ਪਿੱਠ ਭੂਮੀ ਅਤੇ ਕਬੀਲਾ ਮਨੋਵਿਗਿਆਨ ਕੰਮ ਕਰ ਰਹੇ ਹਨ। ਇਸ ਸੰਬੰਧੀ ਅਸੀਂ ਆਖ ਸਕਦੇ ਹਾਂ ਕਿ ਦੁਨੀਆ ਭਰ ਦੇ ਕਬੀਲਿਆਂ ਨੇ ਆਪਣੀ ਹੋਂਦ ਨੂੰ ਕਾਇਮ ਰੱਖਣ ਵਾਸਤੇ ਇਕ ਅਜਿਹੀ ਜੀਵਨ ਪ੍ਰਣਾਲੀ ਵਿਕਸਤ ਕਰ ਲਈ ਹੈ, ਜਿਸ ਦੀ ਤੁਲਨਾ ਅਸੀਂ ਕਿਸੇ ਵੀ ਮੁਲਕ ਦੀ 'ਦੋਹਰੀ ਨਾਗਰਿਕਤਾ' ਨਾਲ ਕਰ ਸਕਦੇ ਹਾਂ। ਭਾਵ ਕਬੀਲੇ ਸੰਬੰਧਤ ਦੇਸ਼ ਦੇ ਮੂਲ ਨਾਗਰਿਕ ਵੀ ਹਨ ਅਤੇ ਕਬੀਲਾ ਸਮੂਹ ਦਾ ਅਟੁੱਟ ਹਿੱਸਾ ਵੀ। ਦੁਨੀਆ ਦੇ ਸਾਰੇ ਹੀ ਕਬੀਲਿਆਂ ਦੀ ਮਾਨਸਿਕਤਾ ਅਜਿਹੀ ਬਣੀ ਹੋਈ ਹੈ ਕਿ ਉਹ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਕਬੀਲਾ ਸਮੂਹ ਦੇ ਮੈਂਬਰ ਗਿਣਦੇ ਹਨ। ਇਹੀ ਉਨ੍ਹਾਂ ਦੀ ਅਸਲ ਦੁਨੀਆ ਹੈ। ਉਨ੍ਹਾਂ ਲਈ ਦੇਸ਼, ਮੁਲਕ ਅਤੇ ਹੱਦਾਂ ਸਰਹੱਦਾਂ ਦੂਜੈਲੇ ਪੱਧਰ 'ਤੇ ਆਉਂਦੀਆਂ ਹਨ। ਇੱਥੇ ਇਸ ਗੱਲ ਦਾ ਵਰਣਨ ਕਰਨਾ ਬਹੁਤ ਜ਼ਰੂਰੀ ਹੈ ਕਿ ਪੰਜਾਬ ਦੇ ਕਬੀਲਿਆਂ ਨੇ ਸਦੀਆਂ ਬੀਤ ਜਾਣ ਬਾਅਦ ਵੀ ਆਪਣੀ ਭਾਸ਼ਾ, ਸਭਿਆਚਾਰ ਅਤੇ ਲੋਕਧਾਰਾ ਨੂੰ ਮੂਲ ਰੂਪ ਵਿਚ ਸਾਂਭ ਕੇ ਰੱਖਿਆ ਹੋਇਆ

ਹੈ। ਇੱਥੇ ਇਸ ਗੱਲ ਦਾ ਹਵਾਲਾ ਦੇਣਾ ਅਤਿਅੰਤ ਜ਼ਰੂਰੀ ਹੈ ਕਿ ਇਹ ਭਾਸ਼ਾਵਾਂ ਅੱਜ ਲੱਖਾਂ ਸਾਲਾਂ ਬਾਅਦ ਵੀ ਬਿਨਾਂ ਕਿਸੇ ਲਿਖਤੀ ਪ੍ਰਮਾਣ ਅਤੇ ਲਿਪੀ ਦੇ ਮੌਖਿਕ ਰੂਪ ਵਿਚ ਉਸੇ ਤਰ੍ਹਾਂ ਮੂਲ ਰੂਪ ਵਿਚ ਬੋਲੀਆਂ ਜਾਂਦੀਆਂ ਹਨ ਅਤੇ ਭਾਰਤ ਵਿਚ ਕਰੋੜਾਂ ਦੀ ਗਿਣਤੀ ਵਿਚ ਕਬੀਲਾ ਲੋਕ ਇਨ੍ਹਾਂ ਭਾਸ਼ਾਵਾਂ ਨਾਲ ਤਹਿ ਦਿਲੋਂ ਜੁੜੇ ਹੋਏ ਹਨ। ਕਬੀਲੇ ਆਪਣੀ ਭਾਸ਼ਾ ਵਿਚ ਗੱਲਬਾਤ ਕਰਨਾ ਵਿਰਾਸਤੀ ਗੌਰਵ ਸਮਝਦੇ ਹਨ। ਅੱਜ ਵੀ ਕਬੀਲਿਆਂ ਦੇ ਲੋਕ 'ਆਪਣੀ ਭਾਸ਼ਾ' ਨੂੰ ਛੱਡ ਕੇ ਦੂਜੀ ਭਾਸ਼ਾ ਬੋਲਣ ਵਾਲੇ ਕਬੀਲਾ ਵਿਅਕਤੀ ਨੂੰ ਹਲਕੀ ਨਜ਼ਰ ਨਾਲ ਵੇਖਦੇ ਹਨ। ਇਸ ਤੋਂ ਇਲਾਵਾ ਪੰਜਾਬ ਦੇ ਕਈ ਕਬੀਲੇ ਖ਼ਾਸ ਹਾਲਤਾਂ ਵਿੱਚ ਅੱਜ ਵੀ ਆਪਣੀ ਗੁਪਤ ਭਾਸ਼ਾ ਦਾ ਇਸਤੇਮਾਲ ਕਰਦੇ ਹਨ। ਇਸ ਸੰਬੰਧ ਵਿੱਚ ਉਦਾਹਰਨ ਦੇ ਤੌਰ 'ਤੇ ਬਾਜ਼ੀਗਰ, ਸਿਕਲੀਗਰ ਅਤੇ ਬੌਰੀਆ ਲੋਕਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਇੱਥੇ ਇਹ ਗੱਲ ਸਪੱਸ਼ਟ ਕਰਨੀ ਵੀ ਬਹੁਤ ਜ਼ਰੂਰੀ ਹੈ ਕਿ ਅੱਜ ਭਾਵੇਂ ਪੰਜਾਬ ਦੇ ਕਬੀਲਿਆਂ ਦੀ ਬਾਹਰਲੀ ਦਿੱਖ ਵਿਚ ਭਾਰੀ ਪਰਿਵਰਤਨ ਦੇਖਣ ਨੂੰ ਮਿਲਦਾ ਹੈ ਪਰੰਤੂ ਅੱਜ ਵੀ ਕਬੀਲਾ ਮਾਨਤਾਵਾਂ ਆਂਤਰਿਕ ਪੱਧਰ 'ਤੇ ਡੂੰਘੇ ਰੂਪ ਵਿੱਚ ਕਾਰਜਸ਼ੀਲ ਹਨ। ਪੰਜਾਬ ਦੇ ਕਬੀਲਿਆਂ ਦੇ ਸੰਦਰਭ ਵਿੱਚ ਗੱਲ ਕਰਦਿਆਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਪੰਜਾਬ ਦੇ ਕਬੀਲੇ ਭਾਵੇਂ ਆਪਣੇ ਮੂਲ ਸੰਬੰਧੀ 'ਇਕਜੁੱਟ' ਹੋਣ ਦਾ ਦਾਅਵਾ ਕਰਦੇ ਹਨ ਪਰੰਤੂ ਫਿਰ ਵੀ ਇੰਹ ਕਬੀਲਾ ਪੱਧਰ 'ਤੇ ਵੱਖਰੇ–ਵੱਖਰੇ ਸੱਭਿਆਚਾਰਕ ਮੁਹਾਂਦਰੇ ਦੇ ਧਾਰਨੀ ਹਨ। ਇਨ੍ਹਾਂ ਦੀ ਬੋਲੀ, ਮਨੌਤਾਂ, ਨਿਆਂ ਪ੍ਰਬੰਧ, ਰਸਮਾਂ ਰੀਤਾਂ ਅਤੇ ਧਰਮ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਇਸ ਤੋਂ ਇਲਾਵਾ ਇਨ੍ਹਾਂ ਵਿਚ ਵੱਖਰੀ–ਵੱਖਰੀ ਕਬੀਲਾ ਚੇਤਨਾ ਪਾਈ ਜਾਂਦੀ ਹੈ। ਬਾਹਰੀ ਪੱਧਰ 'ਤੇ ਝਾਤ ਮਾਰਿਆਂ ਭਾਵੇਂ ਕਿ ਇਨ੍ਹਾਂ ਵਿਚ ਸਮਰੂਪਤਾ ਨਜ਼ਰ ਆਉਂਦੀ ਹੈ ਪਰ ਅੰਦਰੂਨੀ ਪੱਧਰ 'ਤੇ ਅਧਿਐਨ ਕਰਦਿਆਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਕਬੀਲੇ ਵੱਖਰੇ–ਵੱਖਰੇ 'ਆਦਿ ਪੁਰਖੇ' (ancestors) ਅਤੇ 'ਟੋਟਮ ਟੈਬੂ' (Totam & Taboos) ਹੋਣ ਕਰਕੇ ਇਕ ਦੂਜੇ ਤੋਂ ਵੀ ਇਕ ਨਿਸਚਿਤ ਦੂਰੀ ਰੱਖਦੇ ਹਨ। ਇੱਥੇ ਇਹ ਹਵਾਲਾ ਦੇਣਾ ਵੀ ਬਹੁਤ ਜ਼ਰੂਰੀ ਹੈ ਕਿ ਪੰਜਾਬ ਦੇ ਬਾਜ਼ੀਗਰ ਕਬੀਲੇ ਇਕ ਦੂਜੇ ਨਾਲ 'ਪਿੱਤਰ' (ਪੁਰਖਿਆਂ ਨੂੰ ਭੋਗ ਲਾਉਣ ਲਈ ਤਿਆਰ ਕੀਤਾ ਮਿੱਠੇ ਚੌਲਾਂ ਦਾ ਪ੍ਰਸ਼ਾਦ) ਤੱਕ ਸਾਂਝੇ ਨਹੀਂ ਕਰਦੇ। ਇਸ ਸੰਬੰਧੀ ਇਨ੍ਹਾਂ ਕਬੀਲਿਆਂ ਵਿਚ ਵਿਸ਼ਵਾਸ ਪਾਇਆ ਜਾਂਦਾ ਹੈ ਕਿ ਇਹ ਪ੍ਰਸ਼ਾਦ ਸਾਂਝਾ ਕਰਨ ਨਾਲ ਪਿੱਤਰਾਂ ਦੀ 'ਸ਼ਕਤੀ' ਘੱਟ ਜਾਂਦੀ ਹੈ ਅਤੇ ਪਿੱਤਰ ਖਾਣ ਵਾਲੀ ਦੂਜੀ ਗੋਤਰ 'ਮਜ਼ਬੂਤ' ਹੋ ਸਕਦੀ ਹੈ। ਇਸੇ ਕਰਕੇ ਦੂਜੀ ਗੋਤਰ ਵਿਚ ਇਹ 'ਪਿੱਤਰ' ਵੰਡਣਾ ਵਰਜਿਤ ਹੈ। ਇਸ ਤੋਂ ਇਲਾਵਾ ਇਨ੍ਹਾਂ ਲੋਕਾਂ ਵਿਚ ਕਈ ਹੋਰ ਵੀ ਵੱਖਰਤਾਵਾਂ ਪਾਈਆਂ ਜਾਂਦੀਆਂ ਹਨ, ਜਿਹੜੀਆਂ ਕਿ ਸਤਹੀ ਪੱਧਰ 'ਤੇ ਨਜ਼ਰ ਨਹੀਂ ਆਉਂਦੀਆਂ। ਇਸ ਸੰਬੰਧ ਵਿਚ ਅਸੀਂ ਇਹ ਵੀ ਆਖ ਸਕਦੇ ਹਾਂ ਕਿ ਕਬੀਲਾ ਪੱਧਰ 'ਤੇ ਇੱਕੋ ਮੂਲ ਦਾ ਦਾਅਵਾ ਕਰਨ ਵਾਲੇ ਇਹ ਕਬੀਲੇ ਇਕ ਦੂਸਰੇ ਪ੍ਰਤੀ ਬਿਲਕੁਲ ਅਜਨਬੀ ਵੀ ਹਨ। ਇਸ ਸਭ ਦੇ ਬਾਵਜੂਦ ਕਬੀਲਿਆਂ ਦੇ ਸਮਾਜਿਕ ਤਾਣੇ–ਬਾਣੇ ਅਤੇ ਰਸਮਾਂ ਰੀਤਾਂ ਦਾ ਅਧਿਐਨ ਕਰਦਿਆਂ ਇਨ੍ਹਾਂ ਦੀ ਇਤਿਹਾਸਕ ਪਿੱਠ ਭੂਮੀ ਬਾਰੇ ਕੁਝ ਠੋਸ ਅਤੇ ਪ੍ਰਮਾਣਿਕ ਵੇਰਵੇ ਵੀ ਉਪਲੱਭਧ ਹੁੰਦੇ

ਹਨ। ਕਬੀਲਿਆਂ ਦੀਆਂ ਮਿੱਥ ਕਥਾਵਾਂ ਅਤੇ ਲੋਕ ਕਹਾਣੀਆਂ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ ਇਨ੍ਹਾਂ ਦੇ ਜੀਵਨ ਦਰਸ਼ਨ ਅਤੇ ਮਾਨਸਿਕ ਰੁਚੀਆਂ ਦੀ ਭਾਵਪੂਰਤ ਤਸਵੀਰ ਉੱਭਰ ਕੇ ਸਾਹਮਣੇ ਆਉਂਦੀ ਹੈ। ਪੰਜਾਬ ਦੇ ਜ਼ਿਆਦਾਤਰ ਕਬੀਲੇ ਵਿਰਾਸਤੀ ਗੌਰਵ ਅਤੇ ਦੂਜੀਆਂ ਕੌਮਾਂ ਦੇ ਮੁਕਾਬਲੇ 'ਕਬੀਲਾ ਸਰਵਉੱਚਤਾ' (Tribal Superiority) ਵਿਚ ਵਿਸ਼ਵਾਸ ਰੱਖਦੇ ਹਨ। ਅਜੋਕੇ ਦੌਰ ਵਿਚ ਭਾਵੇਂ ਇਹ ਲੋਕ ਕਈ ਪ੍ਰਕਾਰ ਦੇ ਨਿਮਨ ਧੰਦੇ ਕਰਕੇ ਆਪਣਾ ਗੁਜ਼ਾਰਾ ਕਰ ਰਹੇ ਹਨ ਪਰੰਤੂ ਫਿਰ ਵੀ ਇਨ੍ਹਾਂ ਲੋਕਾਂ ਵਿਚ 'ਕਬੀਲਾ ਪ੍ਰਤਿਮਾਨਾਂ' ਪ੍ਰਤੀ ਗਹਿਰਾ ਭਾਵਨਾਤਮਕ ਲਗਾਓ ਪਾਇਆ ਜਾਂਦਾ ਹੈ। ਅੱਜ ਦੇ ਗਲੋਬਲ ਯੁੱਗ ਵਿਚ ਜਦ ਕਿ ਮੰਡੀ ਸੰਸਾਰੀਕਰਨ ਦੀ ਪ੍ਰਕਿਰਿਆ ਰਾਹੀਂ ਸਥਾਨਕ ਸਭਿਆਚਾਰਾਂ ਨੂੰ ਨਿਗਲਣ ਦੇ ਆਹਰ ਵਿਚ ਲੱਗੀ ਹੋਈ ਹੈ, ਅਜਿਹੀ ਸਥਿਤੀ ਵਿਚ ਪੰਜਾਬ ਦੇ ਕਬੀਲੇ ਵੀ ਰੂਪਾਂਤਰਣ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਮੀਡੀਆ, ਤਕਨਾਲੋਜੀ ਅਤੇ ਜੀਵਨ ਦੇ ਨਵੇਂ ਤੌਰ ਤਰੀਕੇ ਵਿਕਸਤ ਹੋਣ ਨਾਲ ਜਿੱਥੇ ਕਬੀਲਿਆਂ ਦੀ ਬਾਹਰੀ ਦਿੱਖ ਤੇਜ਼ੀ ਨਾਲ ਬਦਲ ਰਹੀ ਹੈ, ਉੱਥੇ ਕਬੀਲੇ ਆਪਣੀਆਂ ਸਦੀਆਂ ਪੁਰਾਣੀਆਂ ਜੜ੍ਹ ਹੋ ਚੁੱਕੀਆਂ ਰਵਾਇਤਾਂ ਅਤੇ ਪਰੰਪਰਾਵਾਂ ਦੀ ਜਕੜਬੰਦੀ ਵਿਚੋਂ ਵੀ ਬਾਹਰ ਆ ਰਹੇ ਹਨ। ਇਸ ਪਰਿਵਰਤਨ ਕਾਲ ਬਾਰੇ ਅਸੀਂ ਇਹ ਵੀ ਆਖ ਸਕਦੇ ਹਾਂ ਕਿ ਕਬੀਲੇ ਆਪਣੀਆਂ ਪਿਤਾ ਪੁਰਖੀ ਮਾਨਤਾਵਾਂ ਅਤੇ ਨਵੀਂ ਜੀਵਨ ਸ਼ੈਲੀ ਵਿਚ ਸੰਤੁਲਨ ਬਣਾਉਣ ਦੇ ਆਹਰ ਵਿਚ ਲੱਗੇ ਹੋਏ ਹਨ ਪਰੰਤੂ ਫਿਰ ਵੀ ਇਨ੍ਹਾਂ ਲੋਕਾਂ ਵਿਚ ਪਰੰਪਰਿਕ ਰਸਮਾਂ-ਰੀਤਾਂ ਨੂੰ ਛੱਡਣ ਅਤੇ ਨਵੀਂ ਜੀਵਨ ਸ਼ੈਲੀ ਨੂੰ ਅਪਣਾਉਣ ਪ੍ਰਤੀ ਡੂੰਘੀ ਉਦਾਸੀਨਤਾ ਪਾਈ ਜਾਂਦੀ ਹੈ। ਫਿਰ ਵੀ ਕਬੀਲਿਆਂ ਦੀ ਅੰਦਰੂਨੀ ਸੰਰਚਨਾ ਵਿੱਚ ਧੀਮਾ-ਧੀਮਾ ਪਰਿਵਰਤਨ ਜਾਰੀ ਹੈ। ਇਹ ਪਰਿਵਰਤਨ ਐਨਾ ਸਿੱਧਾ ਸਾਧਾ ਅਤੇ ਸਰਲ ਨਹੀਂ ਹੈ ਕਿਉਂਕਿ ਸਦੀਆਂ ਪੁਰਾਣੀਆਂ ਰਵਾਇਤਾਂ, ਧਾਰਨਾਵਾਂ ਅਤੇ ਮਾਨਸਿਕਤਾ ਵਿਚ ਬਦਲਾਅ ਬੜਾ ਜਟਿਲ ਕਾਰਜ ਹੈ। ਇਸ ਸੰਬੰਧੀ ਪੰਜਾਬ ਦੇ ਕੁਝ ਕੁ ਕਬੀਲਿਆਂ ਦੀ ਉਦਾਹਰਨ ਦਿੱਤੀ ਜਾ ਸਕਦੀ ਹੈ ਜਿਹੜੇ ਕਿ ਅੱਜ ਵੀ ਪਿਤਾ ਪੁਰਖੀ ਵਰਜਨਾਵਾਂ ਅਤੇ ਮਨੌਤਾਂ ਵਿਚਕਾਰ ਘਿਰੇ ਹੋਏ ਹਨ। ਇਨ੍ਹਾਂ ਲੋਕਾਂ ਲਈ ਕਬੀਲਾ ਜੀਵਨ ਹੀ ਉੱਤਮ ਜੀਵਨ ਹੈ। ਇਹ ਲੋਕ ਅਜੇ ਵੀ ਬਾਹਰਲੀ ਦੁਨੀਆ ਤੋਂ ਪੂਰੀ ਤਰ੍ਹਾਂ ਅਭਿੱਜ ਹਨ। ਅੱਜ ਵੀ ਪੰਜਾਬ ਦੇ ਕਬੀਲਿਆਂ ਨੂੰ ਸੁਜਾਤੀ ਵਿਆਹ ਅਤੇ ਕਬੀਲਾ ਧਰਮ ਨੇ ਆਪਸ ਵਿਚ ਜੋੜ ਕੇ ਰੱਖਿਆ ਹੋਇਆ ਹੈ। ਇਹ ਪਕੜ ਏਨੀ ਮਜ਼ਬੂਤ ਤੇ ਪੀਡੀ ਹੈ ਕਿ ਇਸਨੂੰ ਬਦਲਣਾ ਜਾਂ ਤੋੜਨਾ ਆਸਾਨ ਕਾਰਜ ਨਹੀਂ ਹੈ। ਇਸ ਤੋਂ ਇਲਾਵਾ ਇਨ੍ਹਾਂ ਕਬੀਲਿਆਂ ਦੀ ਆਂਤਰਿਕ ਸੰਰਚਨਾ ਐਨੀ ਮਜ਼ਬੂਤ ਹੈ ਕਿ ਅੱਜ ਵੀ ਕਬੀਲਾ ਵਿਆਹ ਪ੍ਰਬੰਧ ਅਤੇ ਕਾਰ ਵਿਹਾਰ ਆਦਿ ਕਾਲੀ ਰਸਮਾਂ-ਰੀਤਾਂ ਦਾ ਧਾਰਨੀ ਹੈ। ਅੱਜ ਵੀ ਕਬੀਲਾ ਰਵਾਇਤਾਂ ਅਤੇ ਪੰਪਰਾਵਾਂ ਵਿਚ ਜ਼ਰਾ ਜਿੰਨੀ ਵੀ ਹਿਲਜੁਲ ਹੋਣ 'ਤੇ ਸਾਰੇ ਦੇ ਸਾਰਾ ਕਬੀਲਾ ਉਤੇਜਤ ਹੋ ਜਾਂਦਾ ਹੈ। ਉਦਾਹਰਨ ਦੇ ਤੌਰ 'ਤੇ ਕਬੀਲਿਆਂ ਵਿਚ 'ਆਪਣੇ' ਅਤੇ 'ਪਰਾਏ' ਦਾ ਸੰਕਲਪ ਕਬੀਲਾ ਲੋਕਾਂ ਨੂੰ ਆਪਸ ਵਿਚ ਗਹਿਰੇ ਢੰਗ ਨਾਲ ਜੋੜੀ ਰੱਖਦਾ ਹੈ। ਬਾਜ਼ੀਗਰ ਕਬੀਲੇ ਵਿਚ 'ਗੌਰ ਅਤੇ ਕੌਰ' ਦਾ ਸੰਕਲਪ, ਸ਼ਿਕਲੀਗਰ ਕਬੀਲੇ ਵਿਚ 'ਆਪਣੋ ਤੇ ਡਾਂਬੋ' ਦਾ ਸੰਕਲਪ ਅਤੇ ਬੌਰੀਆ ਕਬੀਲੇ ਵਿਚ 'ਆਪਣੇ ਤੇ ਉਪਰੋਂ' ਦਾ ਸੰਕਲਪ ਇਸਦੇ ਸ਼ਕਤੀਸ਼ਾਲੀ ਪ੍ਰਮਾਣ

ਹਨ। ਜੇਕਰ ਕਬੀਲਿਆਂ ਦੇ ਸਮਾਜਿਕ ਵਿਕਾਸ ਵੱਲ ਝਾਤੀ ਮਾਰੀ ਜਾਵੇ ਤਾਂ ਇਹ ਬੜਾ ਟੇਡਾ-ਮੇਡਾ ਅਤੇ ਅਸਾਵੇਂਪਣ ਵਾਲਾ ਹੈ। ਪੰਜਾਬ ਦੇ ਕਈ ਕਬੀਲੇ ਅਜਿਹੇ ਹਨ ਜਿਹੜੇ ਸ਼ਹਿਰਾਂ ਨਗਰਾਂ ਅਤੇ ਬਸਤੀਆਂ ਵਿਚ ਆਧੁਨਿਕ ਸੁੱਖ–ਸਹੂਲਤਾਂ ਮਾਣ ਰਹੇ ਹਨ ਪਰੰਤੂ ਇਨ੍ਹਾਂ ਵਿਚ ਬਹੁਗਿਣਤੀ ਅਜਿਹੇ ਲੋਕਾਂ ਦੀ ਵੀ ਹੈ ਜਿਹੜੇ ਕਿ ਪਛੜੇ ਇਲਾਕਿਆਂ ਅਤੇ ਪਿੰਡਾਂ ਦੇ ਨੇੜੇ–ਤੇੜੇ ਵਸੇ ਹੋਣ ਕਰਕੇ ਅੰਧਕਾਰ ਅਤੇ ਗੁੰਮਨਾਮੀ ਨਾਲ ਲੜ ਰਹੇ ਹਨ। ਜੇਕਰ ਯੂਰਪ ਅਤੇ ਭਾਰਤ ਦੇ ਕਬੀਲਿਆਂ ਦਾ ਤੁਲਨਾਤਮਕ ਅਧਿਐਨ ਕੀਤਾ ਜਾਵੇ ਤਾਂ ਦੋਵੇਂ ਥਾਵਾਂ 'ਤੇ ਕਬੀਲਿਆਂ ਦੀ ਸਮਾਜਿਕ ਸਭਿਆਚਾਰਕ ਸਥਿਤੀ ਇਕੋ ਜਿਹੀ ਹੈ। ਯੂਰਪ ਦੇ ਕਬੀਲੇ ਅਤਿ ਵਿਕਸਤ ਸਭਿਆਤਾਵਾਂ ਵਿਚ ਰਹਿਣ ਦੇ ਬਾਵਜੂਦ ਵੀ 'ਕਬੀਲਾ ਪਰੰਪਰਾਵਾਂ' 'ਤੇ ਬੜੀ ਸਖ਼ਤੀ ਨਾਲ ਪਹਿਰਾ ਦੇ ਰਹੇ ਹਨ। ਉਨ੍ਹਾਂ ਲੋਕਾਂ ਦੇ ਲਹੂ ਵਿਚ ਖਾਨਾਬਦੋਸ਼ੀ ਇਸ ਕਦਰ ਪ੍ਰਭਾਵੀ ਹੈ ਕਿ ਅੱਜ ਵੀ ਇਹ ਲੋਕ ਪਦਾਰਥਵਾਦ ਦੀ ਅੰਨ੍ਹੀ ਦੌੜ ਤੋਂ ਮੁਕਤ ਜੀਵਨ ਬਤੀਤ ਕਰ ਹਨ। ਭਾਵੇਂ ਕਿ ਉੱਥੋਂ ਦੀਆਂ ਸਰਕਾਰਾਂ ਦੁਆਰਾ ਇਨ੍ਹਾਂ ਲੋਕਾਂ ਨੂੰ ਵਸਾਉਣ ਅਤੇ ਸਮਾਜੀਕਰਨ ਕਰਨ ਦੇ ਲੱਖ ਯਤਨ ਹੋਏ ਹਨ ਪਰੰਤੂ ਫਿਰ ਵੀ ਇਹ ਲੋਕ ਆਪਣੀਆਂ ਜੜ੍ਹਾਂ ਅਤੇ ਪਿਤਾ ਪੁਰਖੀ ਨੇਮਾਂ ਪ੍ਰਤੀ ਵਧੇਰੇ ਸਮਰਪਿਤ ਹਨ। ਰਮਤੇਪਣ ਵਿਚ ਜਿਉਣਾ ਅਤੇ ਮਰਨਾ ਇਨ੍ਹਾਂ ਲੋਕਾਂ ਦੇ ਲਹੂ ਵਿਚ ਹੈ। ਇਹ ਲੋਕ ਕੁਦਰਤੀ ਜੀਵਨ ਦਰਸ਼ਨ ਨਾਲ ਡੂੰਘੀ ਤਰ੍ਹਾਂ ਜੁੜੇ ਹੋਏ ਹਨ। ਇਸਦੇ ਮੁਕਾਬਲੇ ਪੰਜਾਬ ਦੇ ਕਬੀਲੇ ਵਧੇਰੇ ਪਛੜੇ ਹੋਏ, ਅਨਪੜ੍ਹ, ਅੰਧਵਿਸ਼ਵਾਸੀ ਅਤੇ ਆਪਹੁਦਰੇ ਸੁਭਾਅ ਦੇ ਮਾਲਕ ਹਨ। ਜੇਕਰ ਇਨ੍ਹਾਂ ਕਬੀਲਿਆਂ ਵਿਚ ਔਰਤ ਦੀ ਸਥਿਤੀ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਸਥਿਤੀ ਬੜੀ ਨਿਰਾਸ਼ਾਜਨਕ ਬਣ ਜਾਂਦੀ ਹੈ। ਸਿਹਤ ਸਹੂਲਤਾਂ ਅਤੇ ਸਿੱਖਿਆ ਦੀ ਅਣਹੋਂਦ ਕਾਰਨ ਕਬੀਲਾ ਔਰਤ ਖੇਤ ਮਜ਼ਦੂਰੀ ਤੋਂ ਲੈ ਕੇ ਕਈ ਤਰ੍ਹਾਂ ਦੇ ਨਿਮਨ ਧੰਦਿਆਂ ਦੇ ਸਹਾਰੇ ਆਪਣਾ ਜੀਵਨ ਨਿਰਬਾਹ ਕਰ ਰਹੀ ਹੈ। ਉਸਨੇ ਅਜੇ ਨਵੀਂ ਦੁਨੀਆ ਵੱਲ ਆਪਣੀ ਪਹਿਲੀ ਪੁਲਾਂਘ ਪੁੱਟਣੀ ਹੈ। ਇਸ ਸਭ ਵਰਤਾਰੇ ਪਿੱਛੇ ਮਾੜੀ ਆਰਥਿਕਤਾ ਅਤੇ ਮੁੱਢਲੇ ਜੀਵਨ ਸੋਮਿਆਂ ਦੀ ਘਾਟ ਹੈ। ਸਰਕਾਰਾਂ ਦੀ ਕਬੀਲਿਆਂ ਪ੍ਰਤੀ ਬੇਰੁਖੀ ਇਸਦਾ ਇਕ ਹੋਰ ਮੁੱਖ ਕਾਰਨ ਹੈ। ਆਦਿ ਕਾਲ ਤੋਂ ਲੈ ਕੇ ਮੁਗਲ ਕਾਲ, ਅੰਗਰੇਜ਼ੀ ਸ਼ਾਸਨ, ਸੁਤੰਤਰਤਾ ਕਾਲ ਤੇ ਫਿਰ ਇਸ ਤੋਂ ਅੱਗੇ ਉੱਤਰ ਸੁਤੰਤਰਤਾ ਕਾਲ ਵਿਚ ਵੀ ਪੰਜਾਬ ਦੇ ਕਬੀਲੇ ਗੁੰਮਨਾਮੀ ਦੇ ਦੌਰ ਵਿਚੋਂ ਗੁਜ਼ਰ ਰਹੇ ਹਨ। ਭਾਵੇਂ ਕਿ ਸੰਵਿਧਾਨ ਦੁਆਰਾ ਇਨ੍ਹਾਂ ਕਬੀਲਿਆਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਵਿਸ਼ੇਸ਼ ਰਿਆਇਤਾਂ ਅਤੇ ਰਾਖਵੇਂਕਰਨ ਦਾ ਹੱਕ ਦਿੱਤਾ ਗਿਆ ਹੈ ਪਰੰਤੂ ਇਸ ਦੇ ਬਾਵਜੂਦ ਵੀ ਭਾਰਤ ਦੇ ਬਹੁਤ ਸਾਰੇ ਕਬੀਲੇ ਅਜਿਹੇ ਹਨ ਜਿਹੜੇ ਕਿ ਰੋਜ਼ੀ ਰੋਟੀ ਪੱਖੋਂ ਮੁਹਤਾਜ ਹਨ। ਇਨ੍ਹਾਂ ਵਿਚੋਂ ਕਈ ਲੋਕ ਅਜਿਹੇ ਵੀ ਹਨ ਜਿਹੜੇ ਕਿ ਭਿਖਾਰੀਆਂ ਦੇ ਸਮੂਹਾਂ ਵਿੱਚ ਤਬਦੀਲ ਹੋ ਚੁੱਕੇ ਹਨ। ਇਸ ਲਈ ਕਬੀਲਿਆਂ ਦੇ ਸਰਬਪੱਖੀ ਵਿਕਾਸ ਲਈ ਇਨ੍ਹਾਂ ਦੀ ਵਿਸ਼ੇਸ਼ ਅਗਵਾਈ ਦੀ ਬਹੁਤ ਜ਼ਰੂਰਤ ਹੈ। ਭਾਵੇਂ ਕਿ ਪੰਜਾਬ ਦੇ ਕਬੀਲੇ ਸਭਿਆਚਾਰਕ ਮੁਹਾਂਦਰੇ, ਰਸਮਾਂ-ਰੀਤਾਂ ਅਤੇ ਜੀਵਨ ਜਾਚ ਪੱਖੋਂ ਇਕ ਦੂਜੇ ਤੋਂ ਬਿਲਕੁਲ ਅਲੱਗ ਨਜ਼ਰ ਆਉਂਦੇ ਹਨ ਪਰੰਤੂ ਫਿਰ ਵੀ ਇਨ੍ਹਾਂ ਵਿੱਚ ਕਬੀਲਾ ਜੀਵਨ ਦਾ ਇਕ ਸਾਂਝਾ ਸੂਤਰ ਨਜ਼ਰ ਆਉਂਦਾ ਹੈ। ਇਸ ਤੋਂ ਇਲਾਵਾ ਇਨ੍ਹਾਂ ਵਿੱਚ

ਬਾਹਰਲੇ (Outsider) ਅਤੇ ਅੰਦਰਲੇ (Insider) ਦਾ ਸੰਕਲਪ ਪ੍ਰਬਲ ਰੂਪ ਵਿਚ ਕਾਰਜਸ਼ੀਲ ਹੈ। ਕਬੀਲੇ ਦਾ ਧਰਮ ਅਤੇ ਟੋਟਮ ਟੈਬੂ ਪਰੰਪਰਾ ਕਬੀਲੇ ਨੂੰ ਸਮੂਹਿਕਤਾ ਦੀ ਭਾਵਨਾ ਵਿਚ ਬੰਨ੍ਹੀ ਰੱਖਦੇ ਹਨ। ਕਬੀਲੇ ਵਿਚ 'ਛੇਕੇ' ਜਾਣ ਦਾ ਸੰਕਲਪ (Expulsion) ਕਬੀਲੇ ਦੇ ਕੀਮਤ ਪ੍ਰਬੰਧ 'ਤੇ ਅੰਕੁਸ਼ ਵਾਂਗ ਕੰਮ ਕਰਦਾ ਹੈ। ਕਬੀਲਾ ਪੰਚਾਇਤਾਂ ਅਤੇ ਮਹਾਂਪੰਚਾਇਤਾਂ ਕਬੀਲੇ ਦੇ ਅੰਦਰੂਨੀ ਕਾਰ ਵਿਹਾਰ ਅਤੇ ਪਿਤਾ ਪੁਰਖੀ ਵਿਧਾਨ ਨੂੰ ਇਸ ਢੰਗ ਨਾਲ ਨਿਆਂਸੰਗਤ ਬਣਾ ਦਿੰਦੀਆਂ ਹਨ ਕਿ ਕੋਈ ਵੀ ਕਬੀਲੇ ਦਾ ਵਿਅਕਤੀ ਜਲਦੀ ਜਲਦੀ ਕਬੀਲਾ ਪੰਚਾਇਤ ਤੋਂ ਮੁਨਕਰ ਨਹੀਂ ਹੁੰਦਾ। ਇਸ ਤੋਂ ਇਲਾਵਾ ਪੰਜਾਬ ਦੇ ਕਬੀਲੇ ਹੇਠ ਲਿਖੀਆਂ ਸਮਾਜਿਕ ਅਤੇ ਸਭਿਆਚਾਰਕ ਸਮਾਨਤਾਵਾਂ ਰੱਖਦੇ ਹਨ :

— ਆਦਿ ਪੁਰਖਿਆਂ ਵਿਚ ਵਿਸ਼ਵਾਸ ਅਤੇ ਮਾਨਤਾ
— ਅੰਦਰਲੇ (Insider) ਅਤੇ ਬਾਹਰਲੇ (Outsider) ਦਾ ਸੰਕਲਪ
— ਭੂਤਾਂ ਪ੍ਰੇਤਾਂ ਅਤੇ ਅੰਧਵਿਸ਼ਵਾਸਾਂ ਵਿਚ ਯਕੀਨ
— ਵੱਖਰੀ ਭਾਸ਼ਾ ਅਤੇ ਗੁਪਤ ਭਾਸ਼ਾ
— ਮਨਾਹੀਆਂ ਅਤੇ ਮਾਨਤਾਵਾਂ ਦੀ ਕੱਟੜ ਪਰੰਪਰਾ
— ਨਿਆਂ ਪ੍ਰਬੰਧ ਦੀ ਸੁਤੰਤਰ ਵਿਵਸਥਾ
— ਕਬੀਲਾ ਉੱਤਮਤਾ ਦੀ ਭਾਵਨਾ
— ਆਦਿ ਕਾਲੀ ਕਬੀਲਾ ਮਾਨਸਿਕਤਾ
— ਰਿਆਸਤੀ ਅਤੀਤ ਦੀ ਮੌਖਿਕ ਪਰੰਪਰਾ
— ਕੁਦਰਤੀ ਸ਼ਕਤੀਆਂ ਦੀ ਪੂਜਾ ਅਰਚਨਾ
— ਆਪਮੁਹਾਰੀ ਜੀਵਨ ਸ਼ੈਲੀ
— ਕਬੀਲਾ ਕੀਮਤ ਪ੍ਰਬੰਧ ਦੀ ਪਾਲਣਾ

ਇਸ ਸੰਦਰਭ ਵਿੱਚ ਅਸੀਂ ਪੰਜਾਬ ਦੇ ਕਬੀਲਿਆਂ ਬਾਰੇ ਆਖ ਸਕਦੇ ਹਾਂ ਕਿ ਪੰਜਾਬ ਦੇ ਕਬੀਲੇ ਇਕ ਬਹੁਰੰਗੀ ਸਭਿਆਚਾਰ ਦੀ ਸਿਰਜਣਾ ਕਰਦੇ ਹਨ। ਇਸ ਪੁਸਤਕ ਵਿਚ ਪੰਜਾਬ ਦੇ ਵੱਖ-ਵੱਖ ਅੱਠ ਕਬੀਲਿਆਂ ਦੇ ਸੰਖੇਪ ਇਤਿਹਾਸ, ਲੋਕ ਜੀਵਨ, ਰਸਮਾਂ-ਰੀਤਾਂ ਅਤੇ ਵਰਤਮਾਨ ਸਥਿਤੀ ਦਾ ਵਰਣਨ ਕੀਤਾ ਗਿਆ ਹੈ ਜਿਨ੍ਹਾਂ ਵਿਚੋਂ ਇਨ੍ਹਾਂ ਕਬੀਲਿਆਂ ਦਾ ਇਕ ਵੱਖਰਾ ਜੀਵਨ ਦਰਸ਼ਨ ਉੱਭਰ ਕੇ ਸਾਹਮਣੇ ਆਉਂਦਾ ਹੈ। ਜੇਕਰ ਇਸ ਪੁਸਤਕ ਵਿੱਚ ਦਿੱਤੇ ਗਏ ਇਨ੍ਹਾਂ ਖੋਜ ਪੱਤਰਾਂ ਦਾ ਤੁਲਨਾਤਮਕ ਅਧਿਐਨ ਕੀਤਾ ਜਾਵੇ ਤਾਂ ਇਸ ਵਿਚੋਂ ਕਬੀਲਿਆਂ ਦੇ ਮੂਲ ਸੰਬੰਧੀ ਇਕ ਸਾਂਝੇ ਸੂਤਰ ਅਤੇ ਅੱਡ–ਅੱਡ ਸਮਾਜਿਕ ਸਭਿਆਚਾਰਕ ਵੱਖਰਤਾਵਾਂ ਦੇ ਦੀਦਾਰ ਹੁੰਦੇ ਹਨ। ਇਨ੍ਹਾਂ ਵੱਖਰਤਾਵਾਂ ਦੇ ਬਾਵਜੂਦ ਵੀ ਪੰਜਾਬ ਦੇ ਕਬੀਲੇ ਆਪਣੇ ਇਤਿਹਾਸਕ ਗੌਰਵ ਅਤੇ ਭਾਈਚਾਰਕ ਸਾਂਝ ਦਾ ਪ੍ਰਗਟਾਵਾ ਕਰਦੇ ਹਨ।

-ਡਾ. ਮੋਹਨ ਤਿਆਗੀ
ਪੰਜਾਬੀ ਸਾਹਿਤ ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਬਾਜ਼ੀਗਰ ਕਬੀਲਾ

ਸਭਿਆਚਾਰ ਅਤੇ ਕਬੀਲਾ ਸਭਿਆਚਾਰ ਵਿੱਚ ਮੁੱਖ ਅੰਤਰ ਇਹ ਹੈ ਕਿ ਸਭਿਆਚਾਰ ਦਾ ਪਾਸਾਰ ਅੰਦਰ ਤੋਂ ਬਾਹਰ ਵੱਲ ਹੁੰਦਾ ਹੈ ਅਤੇ ਕਬੀਲਾ ਸਭਿਆਚਾਰ ਦਾ ਪਾਸਾਰ ਬਾਹਰ ਤੋਂ ਅੰਦਰ ਵੱਲ ਨੂੰ ਹੁੰਦਾ ਹੈ। ਕੋਈ ਵੀ ਸਭਿਅਤਾ ਕਬੀਲਿਆਂ ਵਿੱਚੋਂ ਹੀ ਪੈਦਾ ਹੁੰਦੀ ਹੈ। ਜਦੋਂ ਸਭਿਅਤਾ ਆਪਣੇ ਵਿਕਾਸ ਵੱਲ ਵਧਦੀ ਹੈ ਤਾਂ ਉੱਦੋਂ ਫਿਰ ਕਬੀਲਿਆਂ ਦਾ ਪਤਨ ਸ਼ੁਰੂ ਹੋ ਜਾਂਦਾ ਹੈ। ਜਦੋਂ ਪਸ਼ੂ ਆਰਥਿਕਤਾ, ਖੇਤੀ ਆਰਥਿਕਤਾ ਜਾਂ ਫਿਰ ਕਿਸੇ ਹੋਰ ਸਥਾਈ ਧੰਦੇ ਵਿੱਚ ਤਬਦੀਲ ਹੋ ਜਾਂਦੀ ਹੈ ਤਾਂ ਉਦੋਂ ਸੰਬੰਧਤ ਲੋਕਾਂ ਦਾ ਇਕ ਥਾਂ ਵਸੇਬਾ ਕਰਨਾ ਜ਼ਰੂਰੀ ਹੋ ਜਾਂਦਾ ਹੈ। ਇਸ ਉਪਰੰਤ ਆਪਣੀ ਸਵੈ-ਨਿਰਭਰਤਾ ਗਵਾ ਚੁੱਕੇ ਲੋਕ ਮੁੱਖ ਸਭਿਆਚਾਰ ਦਾ ਹਿੱਸਾ ਬਣਨ ਲੱਗਦੇ ਹਨ ਤੇ ਉਨ੍ਹਾਂ ਦੇ ਜੀਵਨ ਵਿੱਚ ਸਥਾਨਕ ਸਭਿਆਚਾਰ ਦਾ ਦਖ਼ਲ ਵੱਧ ਜਾਂਦਾ ਹੈ। ਇਸ ਅਵਸਥਾ ਵਿੱਚ ਕੁਝ ਕਬੀਲੇ ਆਪਣਾ ਖ਼ਾਨਾਬਦੋਸ਼ ਜੀਵਨ ਤਿਆਗ ਕੇ ਮੁੱਖ ਧਾਰਾ ਵਿੱਚ ਵਿਲੀਨ ਹੋ ਗਏ ਤੇ ਕੁਝ ਕਬੀਲੇ ਮੁੱਖ ਸਭਿਆਚਾਰ ਵਿਚ ਵਿਚਰਦੇ ਹੋਏ ਵਿਲੱਖਣ (Unique) ਜੀਵਨ ਸ਼ੈਲੀ ਦੇ ਮਾਲਕ ਬਣ ਗਏ। ਇਹ ਕਬੀਲੇ ਜਿਹੜੇ ਵੀ ਇਲਾਕਿਆਂ ਵਿੱਚੋਂ ਗੁਜ਼ਰਦੇ ਰਹੇ, ਉਨ੍ਹਾਂ ਇਲਾਕਿਆਂ ਦੀਆਂ ਰਸਮਾਂ-ਰੀਤਾਂ, ਪਹਿਰਾਵਾ, ਬੋਲੀ ਅਤੇ ਭੂਗੋਲਿਕ ਸਥਿਤੀ ਨੇ ਇਨ੍ਹਾਂ ਲੋਕਾਂ ਦੇ ਜੀਵਨ 'ਤੇ ਡੂੰਘਾ ਅਸਰ ਪਾਇਆ। ਡਬਲਿਊ.ਆਰ.ਰਿਸ਼ੀ ਦੀ ਖੋਜ ਅਨੁਸਾਰ "ਯੂਰਪ, ਰਸ਼ੀਆ ਅਤੇ ਅਮਰੀਕਾ ਦੇ ਖ਼ਾਨਾਬਦੋਸ਼ ਰਮਤੇ ਕਬੀਲੇ ਭਾਰਤੀ ਮੂਲ ਦੇ ਹਨ। ਇਹ ਲੋਕ ਅਲਬਰੂਨੀ ਦੇ ਪੁਰਾਣੇ ਪੰਜਾਬ, ਜਿਸ ਵਿੱਚ ਕਿ ਅੱਜ ਦੇ ਪੰਜਾਬ, ਹਰਿਆਣਾ, ਰਾਜਸਥਾਨ, ਹਿਮਾਚਲ, ਚੰਡੀਗੜ੍ਹ ਅਤੇ ਦਿੱਲੀ ਆਉਂਦੇ ਹਨ, ਦੇ ਬਾਸ਼ਿੰਦੇ ਹਨ। ਇਹ ਲੋਕ ਗਿਆਰ੍ਹਵੀਂ ਤੋਂ ਤੇਰ੍ਹਵੀਂ ਸਦੀ ਵਿੱਚ ਮੁਸਲਮਾਨ ਹਮਲਾਵਰਾਂ ਵੱਲੋਂ ਕੀਤੇ ਗਏ ਲਗਾਤਾਰ ਹਮਲਿਆਂ ਦੌਰਾਨ ਦੂਰ ਦੁਰਾਡੇ ਇਲਾਕਿਆਂ ਵਿੱਚ ਹਿਜ਼ਰਤ ਕਰਨ ਲਈ ਮਜ਼ਬੂਰ ਹੋ ਗਏ।"[1] ਇਹ ਲੋਕ ਅੱਜ ਵੀ ਆਪਣੀ ਮਾਤਰਭੂਮੀ ਲਈ 'ਬੜੋ ਥਾਂ' (Baro Than) ਸ਼ਬਦ ਦਾ ਇਸਤੇਮਾਲ ਕਰਦੇ ਹਨ ਜਿਸਦਾ ਭਾਵ 'ਪੁਰਖਿਆਂ ਦੀ ਭੂਮੀ' ਹੈ। ਇਹ ਲੋਕ ਲੰਬੇ ਜੀਵਨ ਸੰਘਰਸ਼ ਮਗਰੋਂ 1417 ਵਿਚ ਜਰਮਨੀ, 1418 ਵਿੱਚ ਸਵਿਟਜ਼ਰਲੈਂਡ, 1422 ਵਿੱਚ ਇਟਲੀ ਅਤੇ 1427 ਵਿਚ ਫਰਾਂਸ ਵਿੱਚ ਪ੍ਰਗਟ ਹੋਏ। ਇਨ੍ਹਾਂ ਦੀ ਇੰਗਲੈਂਡ ਵਿਚ ਆਮਦ 1490 ਵਿਚ ਹੋਈ ਜਿਸ ਵਿਚੋਂ ਇਕ ਟੋਲੀ ਆਇਰਲੈਂਡ ਵਿਚ ਦਾਖਲ ਹੋਈ। ਸਵੀਡਨ ਵਿੱਚ ਕਬੀਲੇ 1512 ਵਿੱਚ ਦਾਖਲ ਹੋਏ ਜਿੱਥੇ ਕਿ 1914 ਵਿੱਚ ਇਨ੍ਹਾਂ ਦੇ ਦਾਖਲੇ 'ਤੇ ਪਾਬੰਦੀ ਲੱਗ ਗਈ। ਹੌਲੀ ਹੌਲੀ–ਇਹ ਲੋਕ ਦੁਨੀਆ ਭਰ ਦੇ ਹੋਰ ਮੁਲਕਾਂ ਵਿੱਚ ਫੈਲ ਗਏ।[2] 16 ਅਗਸਤ, 1759 ਨੂੰ ਮਹਾਰਾਣੀ ਇਲਿਜ਼ਾਬੈਥ ਦੇ ਰਾਜ ਵਿੱਚ ਸੈਂਟ ਪੀਟਸਬਰਗ ਅਤੇ ਇਸਦੇ

ਆਸ-ਪਾਸ ਦੇ ਇਲਾਕਿਆਂ ਵਿੱਚ ਖਾਨਾਬਦੋਸ਼ ਲੋਕਾਂ ਦੇ ਦਾਖਲੇ 'ਤੇ ਰੋਕ ਲਗਾ ਦਿੱਤੀ ਗਈ। ਇਸਦੇ ਨਾਲ ਹੀ 1766 ਵਿੱਚ ਸੇਨੇਟ ਵਿੱਚ ਇਕ ਕਾਨੂੰਨ ਪਾਸ ਕਰਕੇ ਖਾਨਾਬਦੋਸ਼ ਲੋਕਾਂ ਤੇ 'ਦਸ ਕੋਪਕ ਸਿੱਕਿਆਂ' (Ten Kopeck Coins) ਦਾ ਟੈਕਸ ਲਗਾ ਦਿੱਤਾ ਗਿਆ।[3] ਬਾਅਦ ਵਿੱਚ ਬਸਤੀਵਾਦੀ ਦੌਰ ਵਿੱਚ ਭਾਰਤ ਵਿੱਚ ਕਬੀਲਿਆਂ 'ਤੇ ਲਾਏ 'ਜ਼ਰਾਇਮ ਪੇਸ਼ਾ ਐਕਟ' ਨੂੰ ਏਸੇ ਸੰਦਰਭ ਵਿੱਚ ਵਿਚਾਰਿਆ ਜਾ ਸਕਦਾ ਹੈ। ਉੰਨੀਂਵੀ ਸਦੀ ਦੇ ਪਹਿਲੇ ਦਹਾਕੇ ਤੱਕ ਇਹ ਰਮਤੇ ਕਬੀਲੇ ਉੱਤਰੀ ਅਮਰੀਕਾ, ਦੱਖਣੀ ਅਮਰੀਕਾ, ਆਸਟਰੇਲੀਆ ਅਤੇ ਨਿਊਜ਼ੀਲੈਂਡ ਵਿੱਚ ਦਾਖਲ ਹੋ ਚੁੱਕੇ ਸਨ।[4] ਤੁਰਕੀ; ਇਰਾਨ ਤੇ ਇਰਾਕ ਦੀ ਸਰਹੱਦ 'ਤੇ ਵਸੇ ਕੁਰਦ ਕਬੀਲੇ ਵੀ ਇਸੇ ਘੇਰੇ ਵਿਚ ਆਉਂਦੇ ਹਨ।

ਬਾਜ਼ੀਗਰ ਕਬੀਲਾ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਵੱਡੀ ਗਿਣਤੀ ਵਿੱਚ ਵੱਸਿਆ ਹੋਇਆ ਹੈ। 'ਬਾਜ਼ੀਗਰ' ਬਾਜ਼ੀ ਦੀ ਕਲਾ ਨਾਲ ਜੁੜਿਆ ਹੋਇਆ ਇੱਕ ਕਿੱਤਾਗਤ ਸ਼ਬਦ ਹੈ। ਕਬੀਲੇ ਦੇ ਲੋਕਾਂ ਨੂੰ 'ਬਾਜ਼ੀਗਰ' ਦਾ ਇਹ ਵਿਸ਼ੇਸ਼ਣ ਕਬੀਲੇ ਤੋਂ ਬਾਹਰਲੇ ਲੋਕਾਂ ਅਤੇ ਕਿੱਤੇ ਦੇ ਆਧਾਰ 'ਤੇ ਸ਼ਨਾਖਤ ਕਰਨ ਵਾਲੀਆਂ ਸਰਕਾਰਾਂ ਨੇ ਦਿੱਤਾ ਹੈ।

ਬਾਜ਼ੀਗਰ ਕਬੀਲੇ ਦੀ ਪਰਿਭਾਸ਼ਾ :-ਭਾਈ ਕਾਨ੍ਹ ਸਿੰਘ ਜੀ ਨਾਭਾ ਮਹਾਨ ਕੋਸ਼ ਵਿੱਚ 'ਬਾਜ਼ੀਗਰ' ਸ਼ਬਦ ਦੀ ਪਰਿਭਾਸ਼ਾ 'ਸੰਗਯਾ-ਖੇਲ ਕਰਨ ਵਾਲਾ ਵਿਅਕਤੀ' ਕਹਿ ਕੇ ਦਿੰਦੇ ਹਨ।[5] ਇਸ ਤਰ੍ਹਾਂ ਭਾਈ ਕਾਨ੍ਹ ਸਿੰਘ ਜੀ ਨਾਭਾ ਦਾ ਇਹ ਉਪਰੋਕਤ ਕਥਨ 'ਬਾਜ਼ੀਗਰ' ਦੀ ਜਾਤੀਗਤ ਧਾਰਨਾ ਨੂੰ ਖਾਰਜ ਕਰ ਦਿੰਦਾ ਹੈ। ਸਰ ਡੈਂਜਿਲ ਇਬਟਸਨ ਆਪਣੀ 1883 ਵਿੱਚ ਪੰਜਾਬ ਦੀ ਜਨਗਣਨਾ ਬਾਰੇ ਦਿੱਤੀ ਰਿਪੋਟ ਵਿੱਚ 'ਬਾਜ਼ੀਗਰ' ਸ਼ਬਦ ਨੂੰ ਬਾਜ਼ੀ ਦੇ ਕਿੱਤੇ ਨਾਲ ਜੋੜ ਕੇ ਵੇਖਦਾ ਹੈ। ਡੈਂਜਿਲ ਅਨੁਸਾਰ,"ਬਾਜ਼ੀਗਰ ਇੱਕ ਪੇਸ਼ਾਵਰ ਸ਼ਬਦ ਹੈ। ਦਿੱਲੀ ਅਤੇ ਹਿਸਾਰ ਵਿੱਚ ਬਾਜ਼ੀਗਰ ਲੋਕਾਂ ਲਈ ਪ੍ਰਚਲਿਤ ਸ਼ਬਦ 'ਬਾਦੀ' ਹੈ ਜਿਹੜਾ ਕਿ ਅੰਬਾਲੇ ਤੋਂ ਇਲਾਵਾ ਪੰਜਾਬ ਦੇ ਹੋਰ ਕਿਸੇ ਵੀ ਹਿੱਸੇ ਵਿੱਚ ਨਹੀਂ ਮਿਲਦਾ"[6]।

"ਡੈਨਜ਼ਿਲ ਇਬਟਸਨ ਅਤੇ ਜੇ.ਐਸ.ਨੈਸਫੀਲਡ ਇਸ ਵਿਚਾਰ ਦੀ ਪੁਸ਼ਟੀ ਕਰਦੇ ਹਨ ਕਿ ਜਾਤੀ ਮੁੱਖ ਤੌਰ 'ਤੇ ਆਰੰਭ ਵਿਚ ਵਿਵਸਾਇਕ ਹੀ ਸੀ, ਗਿਲਡਾਂ ਵਿੱਚ ਸੰਗਠਿਤ ਹੋਏ ਕਿੱਤੇ ਇਕ ਦੂਜੇ ਤੋਂ ਅਲੱਗ ਹੋ ਗਏ ਸਨ ਅਤੇ ਜਾਤੀਆਂ ਦੇ ਰੂਪ ਵਿਚ ਵੰਡੇ ਗਏ ਸਨ।"[7] ਬਾਜ਼ੀਗਰ ਕਬੀਲਾ ਇੱਕ ਜਾਂਗਲੀ ਕਬੀਲਾ ਹੈ ਅਤੇ ਇਹ ਕਬੀਲਾ ਸਦੀਆਂ ਤੋਂ ਹਿੰਦੂ ਵਰਣ ਵਿਵਸਥਾ ਦੀ ਸੰਰਚਨਾ ਤੋਂ ਬਾਹਰ ਵਿਚਰਦਾ ਰਿਹਾ ਹੈ। ਕਬੀਲੇ ਦੀਆਂ ਰਸਮਾਂ, ਸੰਸਕਾਰ ਅਤੇ ਅਨੁਸ਼ਠਾਨ ਇਸ ਤੱਥ ਦੀ ਗਵਾਹੀ ਭਰਦੇ ਹਨ। ਬਾਜ਼ੀਗਰ ਕਬੀਲੇ ਦੀਆਂ ਜੜ੍ਹਾਂ ਪ੍ਰਕਿਰਤਕ ਵਾਤਾਵਰਣ ਨਾਲ ਡੂੰਘੀਆਂ ਜੁੜੀਆਂ ਹੋਈਆਂ ਹਨ ਜਿਸਦੀ ਝਲਕ ਇਨ੍ਹਾਂ ਦੇ ਜੀਵਨ ਵਿੱਚੋਂ ਪ੍ਰਤੱਖ ਰੂਪ ਵਿੱਚ ਮਿਲ ਜਾਂਦੀ ਹੈ। ਛਪਰੀਆਂ, ਕੱਚੇ ਘਰਾਂ ਵਿੱਚ ਪਾਂਡੂ ਮਿੱਟੀ ਨਾਲ ਜੰਗਲੀ ਜੀਵਾਂ ਅਤੇ ਪੰਛੀਆਂ ਦੇ ਬਣਾਏ ਹੋਏ ਕੰਧ ਚਿੱਤਰ, ਮੱਥੇ, ਹੱਥਾਂ, ਅੱਖਾਂ, ਠੋਡੀ ਅਤੇ ਪੱਟਾਂ 'ਤੇ ਖੁਦਵਾਏ ਪ੍ਰਕਿਰਤਕ ਚਿੱਤਰ ਅਤੇ ਪਸ਼ੂਆਂ ਨਾਲ ਮੋਹ ਕਬੀਲੇ ਦੀਆਂ ਕੁਦਰਤੀ ਪ੍ਰਵਿਰਤੀਆਂ ਨੂੰ ਉਭਾਰਦੇ ਹਨ। ਬਾਜ਼ੀਗੀਰ ਕਬੀਲਾ ਆਪਣੇ ਭਾਈਚਾਰੇ ਨੂੰ 'ਗੋਰ' ਜਾਂ 'ਗਵਾਰ' ਸ਼ਬਦ ਤੋਂ ਪਛਾਣਦਾ ਹੈ। ਭਾਰਤ ਦੇ ਕਈ ਹਿੱਸਿਆਂ ਵਿੱਚ ਕਬੀਲੇ ਲਈ 'ਗੋਰਮਾਟੀ' ਅਤੇ 'ਗੋਰ ਬੰਜਾਰਾ' ਸ਼ਬਦ ਪ੍ਰਚੱਲਿਤ ਹੈ। ਬਾਜ਼ੀਗਰ ਕਬੀਲੇ ਦੇ ਲੋਕ

ਇਕ ਦੂਜੇ ਨੂੰ ਨਤਮਸਤਕ ਹੋਣ ਲਈ 'ਜੈ ਗਵਾਰ ਜੈ ਗੋਪਾਲ' ਸ਼ਬਦ ਦਾ ਉਚਾਰਣ ਕਰਦੇ ਹਨ। ਗੋਪਾਲ ਤੋਂ ਭਾਵ 'ਗਊ ਪਾਲਕ' ਹੈ। 'ਗੌਰ' ਸ਼ਬਦ ਜਿੱਥੇ ਬਾਜ਼ੀਗਰ ਸਮੁਦਾਇ ਲਈ ਵਰਤਿਆ ਜਾਂਦਾ ਹੈ, ਉੱਥੇ ਨਾਲ ਹੀ ਕਬੀਲੇ ਤੋਂ ਬਾਹਰਲੇ ਵਿਅਕਤੀ ਲਈ 'ਕੌਰ' ਸ਼ਬਦ ਵਰਤਿਆ ਜਾਂਦਾ ਹੈ ਜਿਸ ਤੋਂ ਭਾਵ ਕੋਈ ਅਜਨਬੀ ਜਾਂ ਅਗਿਆਤ ਵਿਅਕਤੀ ਹੁੰਦਾ ਹੈ। ਬਾਜ਼ੀਗਰ ਲੋਕ ਕਿਸੇ ਵੀ 'ਕੌਰ' ਨੂੰ ਸ਼ੱਕ ਦੀ ਦ੍ਰਿਸ਼ਟੀ ਨਾਲ ਵੇਖਦੇ ਹਨ। ਇਸ ਤਰ੍ਹਾਂ ਬਾਜ਼ੀਗਰ ਕਬੀਲਾ ਮਨੁੱਖੀ ਸਮਾਜ ਨੂੰ 'ਗੌਰ ਅਤੇ ਕੌਰ' ਦੋ ਵਰਗਾਂ ਵਿੱਚ ਵੰਡ ਕੇ ਵੇਖਦਾ ਹੈ। ਕਿਸੇ ਵੀ ਬਾਜ਼ੀਗਰ ਡੇਰੇ ਵਿੱਚ 'ਕੌਰ' ਦੇ ਆਉਣ 'ਤੇ ਕਬੀਲੇ ਦੇ ਲੋਕ ਆਪਣੀ ਗੁਪਤ ਭਾਸ਼ਾ 'ਪਾਰਸੀ' ਵਿੱਚ ਗੱਲਬਾਤ ਕਰਦੇ ਹਨ। ਕਬੀਲੇ ਨੂੰ ਕਿਸੇ ਅਗਿਆਤ ਖਤਰੇ ਤੋਂ ਸੁਚੇਤ ਕਰਨ ਲਈ ਗੁਪਤ ਭਾਸ਼ਾ ਵਿੱਚ ਖ਼ਬਰਦਾਰ ਕੀਤਾ ਜਾਂਦਾ ਹੈ। ਯੂਰਪ ਅਤੇ ਦੁਨੀਆ ਭਰ ਦੇ ਹੋਰ ਖਾਨਾਬਦੋਸ਼ ਕਬੀਲਿਆਂ ਵਾਂਗ ਬਾਜ਼ੀਗਰ ਕਬੀਲੇ ਤੇ ਕਬੀਲੇ ਦੇ ਸਰਦਾਰਾਂ ਦਾ ਰਾਜ ਰਿਹਾ ਹੈ। ਕਬੀਲੇ ਦੀ ਸੰਰਚਨਾ 'ਗੋਤਰ ਸਤਰੀਕਰਨ' 'ਤੇ ਉਸਰੀ ਹੋਈ ਹੈ। ਕਬੀਲੇ ਵਿੱਚ ਆਦਿ ਕਾਲ ਤੋਂ ਹੀ ਹਰ ਇੱਕ ਗੋਤਰ ਨੂੰ ਪੁਰਖਿਆਂ ਨੇ ਵੱਖਰੇ-ਵੱਖਰੇ ਅਧਿਕਾਰ ਅਤੇ ਸ਼ਕਤੀਆਂ ਪਿਤਰੀ ਰੂਪ ਵਿੱਚ ਵੰਡੀਆਂ ਹੋਈਆਂ ਹਨ। ਕਿਸੇ ਵੀ ਗੋਤਰ ਦੀ ਸੱਤਾ ਅਤੇ ਸ਼ਕਤੀ ਵਿੱਚ ਫੇਰਬਦਲ ਸੰਭਵ ਨਹੀਂ ਹੈ। ਬਾਜ਼ੀਗਰ ਕਬੀਲੇ ਵਿੱਚ ਝਗੜਿਆਂ ਦੀ ਸੁਣਵਾਈ ਅਤੇ ਫ਼ੈਸਲਾ ਕਰਨ ਦਾ ਅਧਿਕਾਰ ਕ੍ਰਮਵਾਰ 'ਧਰਮਸੋਤ ਗੋਤਰ' ਦੇ ਲੋਕਾਂ, ਮੁਜਰਮ ਨੂੰ ਪੇਸ਼ ਕਰਨ ਦਾ ਅਧਿਕਾਰ 'ਲਾਲਕਾ ਗੋਤਰ' ਦੇ ਲੋਕਾਂ ਅਤੇ ਸਰਬ ਸਾਂਝੀ ਵਕਾਲਤ ਕਰਨ ਦਾ ਅਧਿਕਾਰ ਕੇਵਲ 'ਵਲਜੋਤ ਗੋਤਰ' ਦੇ ਲੋਕਾਂ ਨੂੰ ਹੀ ਹੈ। ਬਾਕੀ ਦੇ ਸਾਰੇ ਗੋਤਰ ਨਿਆਂ ਦੀ ਇਸ ਕਾਰਵਾਈ ਵਿੱਚ ਲੋੜੀਂਦਾ ਸਹਿਯੋਗ ਦਿੰਦੇ ਹਨ। ਪੰਚਾਇਤ ਜਾਂ ਮਹਾਸਭਾ 'ਢੋਅ' ਵਿਚ ਹਰ ਗੋਤਰ ਦਾ ਹਾਜ਼ਰ ਹੋਣਾ ਜ਼ਰੂਰੀ ਹੁੰਦਾ ਹੈ। ਇਸ ਤਰ੍ਹਾਂ ਇਹ ਪਿਤਰੀ ਸੱਤਾ ਪੀੜ੍ਹੀ ਦਰ ਪੀੜ੍ਹੀ ਮੂਲ ਰੂਪ ਵਿੱਚ ਚੱਲਦੀ ਆ ਰਹੀ ਹੈ। ਆਜ਼ਾਦੀ ਤੋਂ ਬਾਅਦ ਦੇਸ਼ ਵਿੱਚ ਸੰਵਿਧਾਨਕ ਪ੍ਰਣਾਲੀ ਲਾਗੂ ਹੋਣ 'ਤੇ ਭਾਵੇਂ ਕਿ ਕਬੀਲੇ ਦੀ ਆਪਣੀ ਨਿਆਂ ਪ੍ਰਣਾਲੀ ਬਹੁਤ ਕਮਜ਼ੋਰ ਹੋ ਗਈ ਹੈ ਪਰ ਫਿਰ ਵੀ ਇਹ ਕਬੀਲੇ ਦੇ ਛੋਟੇ-ਮੋਟੇ ਝਗੜਿਆਂ ਵਿੱਚ ਮੂਲ ਰੂਪ ਵਿੱਚ ਅਜੇ ਵੀ ਕਾਰਜਸ਼ੀਲ ਹੈ। ਬਦਲਦੀਆਂ ਵਿਸ਼ਵ ਪਰਿਸਥਿਤੀਆਂ ਵਿੱਚ ਕਬੀਲੇ ਦੀ ਬਾਹਰਲੀ ਨੁਹਾਰ ਵਿੱਚ ਕਾਫ਼ੀ ਬਦਲਾਅ ਅਤੇ ਪਰਿਵਰਤਨ ਆਇਆ ਹੈ। ਪਰੰਤੂ ਇਸ ਦੀ ਅੰਦਰੂਨੀ ਬਣਤਰ ਜਟਿਲ ਅਤੇ ਗੁੰਝਲਦਾਰ ਹੈ। ਬਾਜ਼ੀਗਰ ਕਬੀਲਾ ਅੰਤਰ ਵਿਆਹੀ ਹੈ। ਇਸ ਦੇ ਨਾਲ ਹੀ ਕਬੀਲੇ ਵਿੱਚ ਗੋਤਰ ਬਾਹਰੀ ਵਿਆਹਾਂ ਦਾ ਪ੍ਰਚਲਨ ਹੈ। ਕਬੀਲੇ ਦੇ ਕੀਮਤ ਪ੍ਰਬੰਧ ਦੀ ਮਰਿਆਦਾ ਭੰਗ ਕਰਨ ਵਾਲੇ ਵਿਅਕਤੀ ਨੂੰ ਕਬੀਲੇ ਵਿੱਚੋਂ ਛੇਕ ਦਿੱਤਾ ਜਾਂਦਾ ਹੈ ਜਿਸ ਨਾਲ 'ਬੇਟੀ ਤੇ ਬਾਟੀ' ਭਾਵ ਰੋਟੀ ਤੇ ਬੇਟੀ ਦੀ ਸਾਂਝ ਖਤਮ ਹੋ ਜਾਂਦੀ ਹੈ।

ਬਾਜ਼ੀਗਰ ਕਬੀਲੇ ਨੂੰ ਜੇ ਦੋ ਵਰਗਾਂ ਵਿੱਚ ਵੰਡਿਆ ਜਾਵੇ ਤਾਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਕਬੀਲੇ ਦਾ ਇਕ ਵਰਗ 'ਬਾਜ਼ੀਕਲਾ' ਨਾਲ ਜੁੜਿਆ ਰਿਹਾ

ਹੈ ਤੇ ਦੂਜਾ ਵਰਗ 'ਪਸ਼ੂ ਪਾਲਣ' ਦਾ ਧੰਦਾ ਕਰਦਾ ਰਿਹਾ ਹੈ। ਬਾਜ਼ੀ ਦੀ ਕਲਾ ਲਗਭਗ ਲੁਪਤ ਹੋਣ ਦੇ ਕਿਨਾਰੇ ਹੈ ਪਰ ਪਸ਼ੂ ਪਾਲਣ ਦਾ ਧੰਦਾ ਅੱਜ ਵੀ ਉਸੇ ਤਰ੍ਹਾਂ ਜਾਰੀ ਹੈ। ਇੱਥੇ ਇਹ ਗੱਲ ਵਰਣਨਯੋਗ ਹੈ ਕਿ ਬਾਜ਼ੀਗਰ ਕਬੀਲਾ ਆਦਿ ਕਾਲ ਤੋਂ ਹੀ ਜੰਗਲੀ ਤੇ ਖਾਨਾਬਦੋਸ਼ੀ ਦਾ ਜੀਵਨ ਹੰਢਾਉਂਦਾ ਆਇਆ ਹੈ। ਇਹ ਖਾਨਾਬਦੋਸ਼ੀ ਧੁਰ ਤੋਂ ਹੀ ਇਨ੍ਹਾਂ ਦੇ ਲਹੂ ਵਿੱਚ ਹੈ। ਦੁਨੀਆ ਭਰ ਦੇ ਹੋਰ ਕਬੀਲਿਆਂ ਵਾਂਗ ਇਨ੍ਹਾਂ ਲਈ ਖਾਨਾਬਦੋਸ਼ੀ ਇਕ ਮਜ਼ਬੂਰੀ ਨਾ ਹੋ ਕੇ ਇਕ ਕਿਸਮ ਦਾ ਜੀਵਨ ਦਰਸ਼ਨ ਹੈ। ਇਹ ਲੋਕ ਆਪਣੇ ਮਾਲ ਇੱਜੜ ਚਾਰਨ ਲਈ ਹਰੀਆਂ ਚਰਾਗਾਹਾਂ ਦੀ ਭਾਲ ਵਿੱਚ ਇਕ ਥਾਂ ਤੋਂ ਦੂਜੀ ਥਾਂ ਜਾ ਕੇ ਡੇਰਾ (Movable Shelter) ਲਾਉਂਦੇ ਰਹਿੰਦੇ ਸਨ। ਅੱਜ ਵੀ ਬਾਜ਼ੀਗਰ ਕਬੀਲੇ ਦੀਆਂ ਸਥਾਈ ਬਸਤੀਆਂ ਲਈ 'ਡੇਰਾ' ਸ਼ਬਦ ਵਰਤਿਆ ਜਾਂਦਾ ਹੈ। ਬਾਜ਼ੀਗਰ ਲੋਕ ਸ਼ਹਿਰਾਂ ਅਤੇ ਨਗਰਾਂ ਤੋਂ ਦੂਰ ਆਜ਼ਾਦ ਅਤੇ ਸਵੈ-ਨਿਰਭਰਤਾ ਵਾਲਾ ਜੀਵਨ ਬਤੀਤ ਕਰਦੇ ਰਹੇ ਹਨ। ਆਜ਼ਾਦੀ ਤੋਂ ਬਾਅਦ ਇਨ੍ਹਾਂ ਨੂੰ ਮੁੜ ਵਸੇਬੇ ਲਈ ਜ਼ਮੀਨਾਂ ਵੀ ਅਲਾਟ ਹੋਈਆਂ ਪਰ ਇਹ ਲੋਕ ਆਪਣੀ ਘੁਮੰਤੂ ਪ੍ਰਵਿਰਤੀ ਕਾਰਨ ਇਕ ਥਾਂ ਟਿਕ ਕੇ ਨਾ ਬੈਠ ਸਕੇ। ਇਨ੍ਹਾਂ ਦੇ ਡੇਰੇ ਘੁਮੰਤੂ ਜਾਂ ਅਰਧ ਘੁਮੰਤੂ ਅਵਸਥਾ ਵਿੱਚ ਵੱਖ--ਵੱਖ ਰਾਜਾਂ ਵਿੱਚ ਘੁੰਮਦੇ ਰਹੇ ਤੇ ਫਿਰ ਹੌਲ਼ੀ–ਹੌਲ਼ੀ ਸਥਾਈ ਅਵਸਥਾ ਗ੍ਰਹਿਣ ਕਰਨ ਲੱਗ ਪਏ। ਇਸ ਤਰ੍ਹਾਂ ਮੁੱਖ ਸਭਿਆਚਾਰ ਨਾਲ ਅੰਤਰ ਸੰਵਾਦ ਦੀ ਸਥਿਤੀ ਵਿੱਚ ਬਾਜ਼ੀਗਰ ਕਬੀਲੇ ਨੇ ਬੜਾ ਕੁਝ ਨਵਾਂ ਗ੍ਰਹਿਣ ਕੀਤਾ ਅਤੇ ਬਾਹਰੀ ਰੂਪ ਵਿੱਚ ਇਸਦਾ ਕਾਫ਼ੀ ਪ੍ਰਭਾਵ ਕਬੂਲਿਆ। ਕਬੀਲੇ ਦਾ ਨਿਆਂਪ੍ਰਬੰਧ, ਕੀਮਤ ਪ੍ਰਬੰਧ ਅਤੇ ਟੋਟਮ ਟੈਬੂ ਦੀ ਸ਼ਕਤੀਸ਼ਾਲੀ ਪਰੰਪਰਾ ਹੋਣ ਕਾਰਨ ਕਬੀਲੇ ਦੀ ਆਂਤਰਿਕ ਸੰਰਚਨਾ ਕਠੋਰ ਅਤੇ ਪੀਡੀ ਬਣੀ ਹੋਈ ਹੈ ਜਿਸ ਕਾਰਨ ਰੂਪਾਂਤਰਣ ਦੀ ਅਵਸਥਾ ਵਿੱਚੋਂ ਲੰਘਦਿਆਂ ਹੋਇਆਂ ਵੀ ਕਬੀਲੇ ਨੇ ਆਪਣੇ ਅੰਦਰਲੇ ਜਗਤ ਨੂੰ ਸੁਰੱਖਿਅਤ ਬਣਾਈ ਰੱਖਿਆ ਹੈ। ਟੋਟਮ ਸ਼ਬਦ ਦਾ ਆਰੰਭ ਅਠਾਰ੍ਹਵੀਂ ਸਦੀ ਦੇ ਅੱਧ ਵਿਚ ਉਜੀਬਵਾ ਦੇ ਨਿਨਡੂਡਮ (Ninedoodem) ਤੋਂ ਹੋਇਆ ਜਿਸਦਾ ਅਰਥ ਹੈ ਮੇਰਾ ਟੋਟਮ।[8] ਟੋਟਮ ਸ਼ਬਦ ਦਾ ਮੁੱਢਲਾ ਅਰਥ 'ਕੁਟੰਬ ਚਿੰਨ' ਮੰਨਿਆ ਜਾਂਦਾ ਹੈ ਪਰ ਕੁਝ ਵਿਸਤ੍ਰਿਤ ਅਰਥਾਂ ਵਿੱਚ ਟੋਟਮ ਤੋਂ ਭਾਵ ਕਿਸੇ ਅਜਿਹੀ ਵਸਤੂ, ਪੌਦੇ ਜਾਂ ਜਾਨਵਰ ਤੋਂ ਲਿਆ ਜਾਂਦਾ ਹੈ ਜਿਸ ਨਾਲ ਕਬੀਲਾ ਆਪਣੇ ਆਪ ਨੂੰ ਪਵਿੱਤਰ ਸੰਬੰਧਾਂ ਵਿਚ ਬੱਝਿਆ ਮਹਿਸੂਸ ਕਰਦਾ ਹੈ। ਕਬੀਲੇ ਦਾ ਇਹ ਵਿਸ਼ਵਾਸ ਹੁੰਦਾ ਹੈ ਕਿ ਟੋਟਮ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਸੁਰੱਖਿਆ ਪ੍ਰਦਾਨ ਕਰਨ ਵਾਲਾ ਸੁਖਦਾਤਾ ਹੈ। ਟੋਟਮ ਸੰਬੰਧ ਪਰਿਵਾਰਕ ਤੇ ਖ਼ੂਨ ਦੇ ਸੰਬੰਧਾਂ ਤੋਂ ਵੀ ਵਧੇਰੇ ਪੱਕੇ ਹੁੰਦੇ ਹਨ।[9] ਕਬੀਲੇ ਦੇ ਮੈਂਬਰ ਜੇ ਕਿਸੇ ਚੀਜ਼ ਨੂੰ ਧਾਰਨ ਕਰਕੇ ਮੰਨਦੇ ਹਨ ਤਾਂ ਇਹ ਵਿਸ਼ਵਾਸ ਤਾਂ ਹੀ ਸਿਰੇ ਚੜ੍ਹਦਾ ਹੈ, ਜੇਕਰ ਉਹ ਕੁਝ ਮਨਾਹੀਆਂ ਦੀ ਵੀ ਪਾਲਣਾ ਕਰਨ। ਮੰਨਣ ਤੇ ਮਨਾਹੀਆਂ ਦੇ ਇਸ ਸਿਲਸਿਲੇ ਵਿਚੋਂ ਹੀ ਜੀਵਨ ਜਾਚ ਨਾਲ ਸੰਬੰਧਿਤ ਸਭਿਆਚਾਰਕ ਮੁੱਲ ਅਤੇ ਰਿਸ਼ਤੇ ਨਾਤੇ ਹੋਂਦ ਵਿਚ ਆਉਂਦੇ ਤੇ ਸੰਚਾਲਿਤ ਹੁੰਦੇ ਹਨ। ਟੋਟਮ ਅੱਜ ਵੀ ਭਾਰਤ, ਆਸਟਰੇਲੀਆ, ਸੈਂਟਰਲ ਅਫ਼ਰੀਕਾ, ਉੱਤਰੀ ਅਮਰੀਕਾ ਆਦਿ ਦੇਸ਼ਾਂ ਦੇ ਆਦਿਵਾਸੀ ਲੋਕਾਂ ਦਾ ਧਰਮ ਹੈ।

ਫਰੇਜਰ ਨੇ ਟੋਟਮ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਹੈ :

1. ਕਬੀਲਾ ਟੋਟਮ
2. ਕਾਮ ਨਾਲ ਸੰਬੰਧਿਤ ਟੋਟਮ
3. ਵਿਅਕਤੀਗਤ ਟੋਟਮ

ਲੈਵੀ ਸਤਰਾਸ ਨੇ ਆਪਣੀ ਪੁਸਤਕ 'ਟੋਟਮਿਜ਼ਮ' (Totemism) ਵਿਚ ਟੋਟਮ ਦੀ ਸਮੱਸਿਆ ਨੂੰ ਵਧੇਰੇ ਵਿਗਿਆਨਕ ਢੰਗ ਨਾਲ ਨਜਿੱਠਣ ਦੀ ਕੋਸ਼ਿਸ਼ ਕੀਤੀ ਹੈ। ਲੈਵੀ ਸਤਰਾਸ ਦਾ ਕੀ ਦੀ ਬਜਾਏ ਕਿਵੇਂ ਉਪਰ ਬਲ ਦੇਣਾ ਟੋਟਮ ਅਧਿਐਨ ਵਿਧੀ ਵਿਚ ਇਕ ਕ੍ਰਾਂਤੀਕਾਰੀ ਪਰਿਵਰਤਨ ਮੰਨਿਆ ਜਾ ਸਕਦਾ ਹੈ। ਉਹ ਇਸ ਵਰਤਾਰੇ ਸੰਬੰਧੀ ਅਪਣਾਈ ਗਈ ਅਧਿਐਨ ਵਿਧੀ ਬਾਰੇ ਲਿਖਦਾ ਹੈ :

1. ਅਧਿਅਨ ਅਧੀਨ ਵਰਤਾਰੇ ਨੂੰ ਦੋ ਜਾਂ ਦੋ ਤੋਂ ਵੱਧ ਤੱਤਾਂ ਦੇ ਆਪਸੀ ਸੰਬੰਧਾਂ ਵਿਚ ਪਰਿਭਾਸ਼ਤ ਕਰੋ
2. ਇਨ੍ਹਾਂ ਤੱਤਾਂ ਵਿਚ ਸੰਭਾਵੀ ਜੁਟ ਤਾਲਿਕਾ ਬਣਾਓ
3. ਇਸ ਤਾਲਿਕਾ ਨੂੰ ਵਿਸ਼ਲੇਸ਼ਣ ਦਾ ਧੁਰਾ ਬਣਾ ਕੇ ਲੋੜੀਂਦੇ ਕੁਨੈਕਸ਼ਨਜ਼ ਲੱਭਣ ਦੀ ਕੋਸ਼ਿਸ਼ ਕਰੋ

ਇਨ੍ਹਾਂ ਸਮਾਨਯ ਧਾਰਨਾਵਾਂ ਦੇ ਆਧਾਰ 'ਤੇ ਕਿਸੇ ਵੀ ਸਭਿਆਚਾਰ ਵਿਚ ਪ੍ਰਚਲਿਤ ਧਾਰਮਿਕ ਵਿਸ਼ਵਾਸਾਂ, ਰੀਤਾਂ, ਰਸਮਾਂ ਤੇ ਮਾਨਤਾਵਾਂ ਦਾ ਅਧਿਐਨ ਕੀਤਾ ਜਾ ਸਕਦਾ ਹੈ।[10]

ਕਬੀਲੇ ਦੀ ਪਰਿਭਾਸ਼ਾ ਦੀ ਸਮੱਸਿਆ

ਭਾਰਤ ਵਿੱਚ ਵੱਖ-ਵੱਖ ਕਬੀਲਿਆਂ ਦੀਆਂ ਵੱਖ-ਵੱਖ ਵਿਸ਼ੇਸ਼ਤਾਵਾਂ ਹਨ। ਬਹੁਤ ਸਾਰੇ ਕਬੀਲੇ ਸਰਕਾਰ ਵੱਲੋਂ ਇਕ ਕਬੀਲਾ ਹੋਣ ਦੇ ਨਿਸਚਿਤ ਮਾਪਦੰਡ ਪੂਰੇ ਵੀ ਕਰਦੇ ਹਨ ਅਤੇ ਨਹੀਂ ਵੀ। ਭਾਰਤ ਦੇ ਆਦਿਵਾਸੀ ਕਬੀਲਿਆਂ ਅਤੇ ਖਾਨਾਬਦੋਸ਼ ਕਬੀਲਿਆਂ ਦੇ ਜੀਵਨ ਅਤੇ ਰਹਿਣ-ਸਹਿਣ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਆਦਿਵਾਸੀ ਕਬੀਲੇ ਜਿੱਥੇ ਜੰਗਲਾਂ ਅਤੇ ਟਾਪੂਆਂ ਵਿੱਚ ਗੁੰਮਨਾਮੀ ਦਾ ਜੀਵਨ ਬਤੀਤ ਕਰਦੇ ਹੋਏ ਬਾਹਰੀ ਸੰਪਰਕ ਤੋਂ ਟੁੱਟੇ ਰਹੇ ਹਨ, ਉੱਥੇ ਖਾਨਾਬਦੋਸ਼ ਕਬੀਲੇ ਵੱਖ-ਵੱਖ ਸੱਭਿਆਚਾਰਾਂ ਵਿੱਚੋਂ ਖਹਿ ਕੇ ਲੰਘਦੇ ਰਹੇ ਹਨ ਜਿਸਦੇ ਸਿੱਟੇ ਵਜੋਂ ਕਬੀਲਿਆਈ ਸਭਿਆਚਾਰ ਜ਼ਿਆਦਾ ਖੁੱਲ੍ਹੇ-ਡੁੱਲੇ ਅਤੇ ਬਹੁਰੰਗੀ ਹਨ। ਇਸ ਕਰਕੇ ਇਨ੍ਹਾਂ ਦੀ ਪਰਿਭਾਸ਼ਾ ਵੀ ਵੱਖੋ-ਵੱਖਰੀ ਹੈ।

ਕਬੀਲੇ ਦੀ ਭਾਸ਼ਾ ਅਤੇ ਪ੍ਰਵਿਰਤੀਆਂ

'ਕਬੀਲਾ' ਅੰਗਰੇਜ਼ੀ ਸ਼ਬਦ ਟਰਾਈਬ (Tribe) ਦਾ ਪੰਜਾਬੀ ਅਨੁਵਾਦ ਹੈ। ਇਨਸਾਈਕਲੋਪੀਡੀਆ ਬਿਰਟੇਨਿਕਾ ਅਨੁਸਾਰ ਕਬੀਲਾ ਇੱਕ ਅਜਿਹਾ ਸਮਾਜਿਕ ਸਮੂਹ ਹੁੰਦਾ ਹੈ ਜਿਸਦੇ ਮੈਂਬਰ ਇੱਕ ਸਾਂਝੀ ਉਪਭਾਸ਼ਾ ਬੋਲਦੇ ਹਨ ਅਤੇ ਜਿਨ੍ਹਾਂ ਦਾ ਆਪਣਾ ਵਿਧਾਨ ਅਤੇ ਆਪਣੇ ਕਾਨੂੰਨ ਹੁੰਦੇ ਹਨ। ਇਨਸਾਈਕਲੋਪੀਡੀਆ ਅਮੈਰਕਾਨਾ ਅਨੁਸਾਰ ਕਬੀਲਾ ਉਹਨਾਂ ਲੋਕਾਂ ਨੂੰ ਕਿਹਾ ਜਾਂਦਾ ਹੈ ਜੋ ਕਿਸੇ ਸਾਂਝੇ ਇਲਾਕੇ ਵਿਚ ਵੱਸਦੇ ਹੋਣ ਅਤੇ ਜਿਨ੍ਹਾਂ ਦੀਆਂ ਆਪਣੀਆਂ ਵੱਖਰੀਆਂ ਰਸਮਾਂ-ਰੀਤਾਂ ਹੋਣ। ਕਬੀਲਾ ਆਸਟਰੇਲੀਆ ਦੇ ਜਾਂਗਲੀ

ਆਦਿਵਾਸੀ ਸਮੂਹਾਂ ਵਾਸਤੇ ਵੀ ਵਰਤਿਆ ਜਾਂਦਾ ਹੈ ਜੋ ਇਕੱਠੇ ਪਰਿਵਾਰਾਂ ਵਿੱਚ ਰਹਿੰਦੇ, ਇੱਕ ਥਾਂ ਤੋਂ ਦੂਜੀ ਥਾਂ 'ਤੇ ਘੁੰਮਦੇ ਰਹਿੰਦੇ ਹਨ ਅਤੇ ਜਿਨ੍ਹਾਂ ਦੀ ਸਾਂਝੀ ਉੱਪਭਾਸ਼ਾ ਅਤੇ ਰਸਮਾਂ ਹੁੰਦੀਆਂ ਹਨ ਅਤੇ ਜਿਹੜੇ ਪ੍ਰਮੁੱਖ ਧਾਰਮਿਕ ਮੌਕਿਆਂ 'ਤੇ ਇਕੱਠੇ ਹੁੰਦੇ ਹਨ। ਡੀ. ਐਨ. ਮਜ਼ੂਮਦਾਰ ਅਨੁਸਾਰ ਕਬੀਲਾ ਪਰਿਵਾਰਾਂ ਦਾ ਜਾਂ ਪਰਿਵਾਰ ਦੇ ਸਮੂਹਾਂ ਦਾ ਇੱਕ ਇਕੱਠ ਹੈ ਜਿਸਦਾ ਇੱਕ ਸਾਂਝਾ ਨਾਂ ਹੁੰਦਾ ਹੈ ਜਿਸਦੇ ਮੈਂਬਰ ਇੱਕ ਸਾਂਝੇ ਇਲਾਕੇ ਵਿੱਚ ਵੱਸਦੇ ਹਨ ਤੇ ਇੱਕ ਸਾਂਝੀ ਬੋਲੀ ਬੋਲਦੇ ਹਨ ਅਤੇ ਵਿਆਹ ਤੇ ਕਿੱਤੇ ਸੰਬੰਧੀ ਕੁਝ ਕੁ ਮਨਾਹੀਆਂ ਦਾ ਪਾਲਣ ਵੀ ਕਰਦੇ ਹਨ। ਇਹਨਾਂ ਨੇ ਆਪਸਦਾਰੀ ਅਤੇ ਜ਼ਿੰਮੇ-ਵਾਰੀਆਂ ਦੀ ਇੱਕ ਨਿਰਧਾਰਤ ਪ੍ਰਣਾਲੀ ਵਿਕਸਤ ਕੀਤੀ ਹੁੰਦੀ ਹੈ। ਕਬੀਲੇ ਦੇ ਮੈਂਬਰ ਕਬੀਲੇ ਦੇ ਅੰਦਰ ਹੀ ਵਿਆਹ ਕਰਦੇ ਹਨ। ਇੱਕ ਕਬੀਲੇ ਦੇ ਕਈ ਗੋਤ ਹੁੰਦੇ ਹਨ ਜਿਨ੍ਹਾਂ ਵਿੱਚ ਆਪਸੀ ਸੰਬੰਧ ਹੁੰਦੇ ਹਨ। ਕਬੀਲੇ ਉੱਪਰ ਜੱਦੀ ਸਰਦਾਰ ਰਾਜ ਕਰਦੇ ਹਨ। ਕਬੀਲੇ ਦੇ ਹਰ ਇੱਕ ਵਰਗ ਜਾਂ ਸੰਪਰਦਾ ਵਿੱਚ ਸਿਆਣੇ ਬੰਦਿਆਂ ਦੀ ਇੱਕ ਪੰਚਾਇਤ ਹੁੰਦੀ ਹੈ। ਇਹ ਪੰਚਾਇਤ ਕਬੀਲੇ ਦੇ ਮਾਮਲਿਆਂ ਵਿੱਚ ਸਰਦਾਰ ਦੀ ਸਹਾਇਤਾ ਕਰਦੀ ਹੈ। ਭਾਰਤ ਵਿਚ ਸਮਾਜਿਕ ਸੰਗਠਨ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਜਾ ਸਕਦਾ ਹੈ। ਇੱਕ ਜਾਤੀ ਅਤੇ ਦੂਜਾ ਕਬੀਲਾ। ਇਨ੍ਹਾਂ ਦੋਵਾਂ ਸ਼ਬਦਾਂ ਦੀ ਵਰਤੋਂ ਸਮੇਂ ਕਈ ਪ੍ਰਕਾਰ ਦੇ ਭੁਲੇਖੇ ਵੀ ਪੈਦਾ ਹੋ ਜਾਂਦੇ ਹਨ। ਇਸ ਲਈ ਕਬੀਲੇ ਅਤੇ ਜਾਤੀ ਦਾ ਵਖਰੇਵਾਂ ਕਰਨਾ ਵੀ ਬਹੁਤ ਜ਼ਰੂਰੀ ਹੈ। ਡਬਲਿਊ. ਜੇ. ਪੈਰੀ ਕਬੀਲੇ ਦੀ ਛੋਟੀ ਤੋਂ ਛੋਟੀ ਵਿਆਖਿਆ ਕਰਦਾ ਹੋਇਆ ਲਿਖਦਾ ਹੈ : 'ਕਬੀਲਾ ਉਹ ਸਮੂਹ ਹੈ ਜੋ ਸਾਂਝੀ ਉੱਪਭਾਸ਼ਾ ਬੋਲਦਾ ਹੋਵੇ ਅਤੇ ਇੱਕ ਸਾਂਝੇ ਇਲਾਕੇ ਵਿਚ ਵਸਦਾ ਹੋਵੇ।' ਇੰਪੀਰੀਅਲ ਗਜ਼ਟੀਅਰ ਵਿੱਚ ਦਿੱਤੀ ਪਰਿਭਾਸ਼ਾ ਅਨੁਸਾਰ :

'ਕਬੀਲਾ ਪਰਿਵਾਰਾਂ ਦਾ ਉਹ ਇਕੱਠ ਹੈ ਜਿਸਦਾ ਸਾਂਝਾ ਨਾਂ ਹੋਵੇ, ਸਾਂਝੀ ਉੱਪਭਾਸ਼ਾ ਹੋਵੇ ਅਤੇ ਇਸ ਤੋਂ ਇਲਾਵਾ ਕਿਸੇ ਸਾਂਝੇ ਇਲਾਕੇ ਦੇ ਵਸਨੀਕ ਹੋਣ ਦਾ ਦਾਅਵਾ ਕਰਦਾ ਹੋਵੇ।'

ਪਰ ਇਹ ਭਿੰਨਤਾਵਾਂ ਕਬੀਲੇ ਨੂੰ ਜਾਤੀ ਨਾਲੋਂ ਨਿਖੇੜਨ ਵਿੱਚ ਸਫ਼ਲ ਨਹੀਂ ਹੁੰਦੀਆਂ ਕਿਉਂਕਿ ਕੋਈ ਵੀ ਜਾਤੀ ਪਰਿਵਾਰਾਂ ਦਾ ਇਕੱਠ ਹੋ ਸਕਦੀ ਹੈ, ਸਾਂਝੇ ਇਲਾਕੇ ਵਿੱਚ ਵੀ ਰਹਿ ਸਕਦੀ ਹੈ, ਉਸਦਾ ਕੋਈ ਨਾਂ ਵੀ ਹੁੰਦਾ ਹੈ ਪਰ ਇੱਕ ਸਾਧਾਰਨ ਜਾਤੀ ਲਈ ਕਬੀਲੇ ਦੀਆਂ ਸਖ਼ਤ ਰਵਾਇਤਾਂ ਟੋਟਮ ਅਤੇ ਟੈਬੂ ਆਦਿ ਮਾਪਦੰਡਾਂ ਅਤੇ ਪਰੰਪਰਾਗਤ ਰਸਮਾਂ 'ਤੇ ਸਖ਼ਤ ਪਹਿਰਾ ਦੇਣਾ ਸੰਭਵ ਨਹੀਂ ਰਹਿੰਦਾ। ਕਬੀਲੇ ਵਿੱਚ ਸਾਧਾਰਨ ਹਕੂਮਤ ਦਾ ਹੋਣਾ ਵੀ ਕੋਈ ਵਿਸ਼ੇਸ਼ ਲੱਛਣ ਨਹੀਂ ਹੈ ਕਿਉਂਕਿ ਭਾਰਤ ਵਿੱਚ ਕਈ ਅਜਿਹੀਆਂ ਜਾਤੀਆਂ ਵੀ ਮਿਲ ਜਾਂਦੀਆਂ ਹਨ ਜਿਨ੍ਹਾਂ ਦੀਆਂ ਪੰਚਾਇਤਾਂ ਹਨ। ਕਈ ਕਬੀਲਿਆਂ ਦੇ ਸਰਦਾਰ ਵੀ ਨਹੀਂ ਹੁੰਦੇ। ਕਬੀਲੇ ਅਤੇ ਜਾਤੀ ਵਿੱਚ ਨਖੇੜ ਕਰਦਿਆਂ ਕਿਰਪਾਲ ਕਜ਼ਾਕ ਲਿਖਦੇ ਹਨ : "ਇਸ ਉੱਤਰ ਲਈ ਸਾਨੂੰ ਕਬੀਲੇ ਦੀ ਸ਼ਾਸਨ ਪ੍ਰਣਾਲੀ ਦੀ 'ਆਰਥਿਕ ਸੁਤੰਤਰਤਾ' ਉੱਪਰ ਕੇਂਦਰਿਤ ਹੋਣਾ ਪਵੇਗਾ ਅਤੇ ਕਬੀਲੇ ਦੀ ਟੈਬੂ ਕੱਟੜਤਾ 'ਤੇ ਵਿਚਾਰ ਕਰਨਾ ਪਵੇਗਾ ਅਤੇ ਮੰਨਣਾ ਪਵੇਗਾ, ਸਖ਼ਤੀ ਨਾਲ ਲਾਗੂ ਕੀਤੀਆਂ ਮਨਾਹੀਆਂ ਹੀ ਕਬੀਲਾਵਾਦ

ਦੀ ਮੁੱਢਲੀ ਰੀੜ ਹਨ ਜੋ ਕਿਸੇ ਸਮਾਜਿਕ ਸਮੂਹ ਨੂੰ ਅਟੁੱਟ ਇਕਾਈ ਵਿੱਚ ਪਰੋਈ ਰੱਖਣ ਦੇ ਸਮਰੱਥ ਹੁੰਦੀਆਂ ਹਨ ਅਤੇ ਕਬੀਲੇ ਨੂੰ ਜਾਤੀ ਨਾਲੋਂ ਸੂਖਮ ਰੂਪ ਵਿੱਚ ਨਿਖੇੜਦੀਆਂ ਹਨ। ਕਬੀਲੇ ਬਾਰੇ ਵੱਖਰੇ-ਵੱਖਰੇ ਵਿਦਵਾਨਾਂ ਨੇ ਆਪਣੇ ਵੱਖਰੇ-ਵੱਖਰੇ ਵਿਚਾਰ ਪ੍ਰਗਟ ਕੀਤੇ ਹਨ, ਜਿਸ ਵਿੱਚ ਉਹ ਕਬੀਲੇ ਦੀਆਂ ਸੀਮਾਵਾਂ ਨਿਰਧਾਰਤ ਕਰਨ ਲਈ ਕਬੀਲੇ ਦੇ ਲੱਛਣ ਨਿਰਧਾਰਤ ਕਰਦੇ ਹਨ। ਸਾਰੇ ਹੀ ਵਿਦਵਾਨ ਥੋੜ੍ਹੇ ਬਹੁਤੇ ਫ਼ਰਕ ਨਾਲ ਲਗਭਗ ਇੱਕੋ ਜਿਹੇ ਲੱਛਣ ਹੀ ਦਰਸਾਉਂਦੇ ਹਨ। ਕਬੀਲੇ ਦੇ ਲੱਛਣ ਹੇਠ ਲਿਖੇ ਅਨੁਸਾਰ ਤੈਅ ਕੀਤੇ ਜਾ ਸਕਦੇ ਹਨ :

1. ਕਬੀਲੇ ਦਾ ਇੱਕ ਸਾਂਝਾ ਇਲਾਕਾ ਹੁੰਦਾ ਹੈ।
2. ਕਬੀਲੇ ਦੀ ਇੱਕ ਸਾਂਝੀ ਉਪਭਾਸ਼ਾ ਹੁੰਦੀ ਹੈ।
3. ਕਬੀਲੇ ਦਾ ਆਪਣਾ ਸ਼ਾਸ਼ਨ ਅਤੇ ਨਿਆਂ-ਪ੍ਰਬੰਧ ਹੁੰਦਾ ਹੈ। ਇਸ ਸ਼ਾਸਨ ਨੂੰ ਚਲਾਉਣ ਵਾਸਤੇ ਕਬੀਲੇ ਦਾ ਸਰਦਾਰ ਅਤੇ ਇੱਕ ਪੰਚਾਇਤ ਵੀ ਹੁੰਦੀ ਹੈ ਜੋ ਸਮੂਹ ਕਬੀਲੇ ਦੇ ਮਸਲਿਆਂ ਨੂੰ ਨਜਿੱਠਦੀ ਹੈ।
4. ਅੰਤਰ ਵਿਆਹ ਕਬੀਲੇ ਦਾ ਇੱਕ ਵਿਸ਼ੇਸ਼ ਲੱਛਣ ਹੈ।
5. ਹਰ ਕਬੀਲੇ ਦੇ ਆਪਣੇ-ਆਪਣੇ ਰਸਮੋ-ਰਿਵਾਜ਼ ਹੁੰਦੇ ਹਨ।
6. ਕਬੀਲੇ ਦੀ ਵਿਲੱਖਣਤਾ ਸਾਂਝੇ ਕਾਰਜਾਂ ਕਰਕੇ ਹੁੰਦੀ ਹੈ।
7. ਕਬੀਲੇ ਦਾ ਇੱਕ ਸਾਂਝਾ ਵਿਰਸਾ ਹੁੰਦਾ ਹੈ।
8. ਕਬੀਲੇ ਵਿੱਚ ਮਨਾਹੀਆਂ ਬਹੁਤ ਸਖ਼ਤੀ ਨਾਲ ਲਾਗੂ ਕੀਤੀਆਂ ਜਾਂਦੀਆਂ ਹਨ।"[11]

ਭਾਰਤ ਸਰਕਾਰ ਨੇ ਕਬੀਲਿਆਂ ਦੀ ਸ਼ਨਾਖਤ ਕਰਨ ਲਈ ਕਿ ਕਿਹੜਾ ਸਮੁਦਾਇ ਕਬੀਲਾ ਹੋਣ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ, ਸੰਬੰਧੀ ਨਵੇਂ ਆਦੇਸ਼ ਜਾਰੀ ਕੀਤੇ ਹਨ, ਜਿਨ੍ਹਾਂ ਵਿੱਚ ਸੰਕੇਤਕ ਪੱਧਰ 'ਤੇ ਆਦਿਕਾਲੀ ਲੱਛਣ, ਵੱਖਰਾ ਸਭਿਆਚਾਰ, ਭੂਗੋਲਿਕ ਇਕੱਲਤਾ, ਦੂਸਰੇ ਸਮੁਦਾਇ ਤੋਂ ਦੂਰੀ ਬਣਾ ਕੇ ਰੱਖਣਾ ਅਤੇ ਪਛੜਿਆਪਨ ਸ਼ਾਮਲ ਹੈ। ਕਬੀਲਿਆਂ ਸੰਬੰਧੀ ਇਹ ਪਰਿਭਾਸ਼ਾ ਸ਼ਡਿਊਲ ਕਾਸਟਸ ਅਤੇ ਸ਼ਡਿਊਲ ਟਰਾਇਬ ਕਮਿਸ਼ਨ ਨੇ ਆਪਣੀ 1952 ਦੀ ਰਿਪੋਟ ਵਿੱਚ ਦਿੱਤੀ ਹੈ।

ਕੇਂਦਰ ਸਰਕਾਰ ਦੇ ਆਦੇਸ਼ਾਂ 'ਤੇ ਪੰਜਾਬ ਸਰਕਾਰ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਮਾਜ ਸ਼ਾਸਤਰ ਤੇ ਸਮਾਜਿਕ ਮਾਨਵ ਵਿਗਿਆਨ ਵਿਭਾਗ ਨੂੰ ਕੁਝ ਸਮੂਹਾਂ ਦੇ ਕਬੀਲਿਆਈ ਵਿਹਾਰ ਨੂੰ ਪਰਖਣ ਲਈ ਜੁਲਾਈ 2006 ਵਿੱਚ ਇੱਕ ਪ੍ਰਾਜੈਕਟ ਸੌਂਪਿਆ ਗਿਆ ਸੀ ਜਿਹੜਾ ਕਿ ਮਈ 2008 ਵਿੱਚ ਮੁਕੰਮਲ ਹੋਇਆ। ਇਸ ਪ੍ਰਾਜੈਕਟ ਵਿਚ ਦਿੱਤੀਆਂ ਹਦਾਇਤਾਂ ਅਨੁਸਾਰ ਕਿਸੇ ਵੀ ਕਬੀਲੇ ਵਿੱਚ ਕਬੀਲਾ ਅਖਵਾਉਣ ਲਈ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਹੋਣੀਆਂ ਜ਼ਰੂਰੀ ਹਨ :

1. ਉਹ ਲੋਕ ਸੱਭਿਅਕ ਦੁਨੀਆ ਤੋਂ ਦੂਰ ਜੰਗਲ ਬੇਲਿਆਂ ਅਤੇ ਪਹਾੜਾਂ ਵਿੱਚ ਵਸਦੇ ਹੋਣ

2. ਉਹ ਤਿੰਨ ਮੁੱਖ ਨਸਲਾਂ ਨੀਗਰੋ, ਆਸਟਰੇਲੀਅਨ ਅਤੇ ਮੂਗੋਲੀਅਨ ਦੇ ਵੰਸਜ਼ ਹੋਣ
3. ਉਹ ਕਬੀਲਿਆਈ ਉਪਭਾਸ਼ਾ ਬੋਲਦੇ ਹੋਣ
4. ਉਹ ਆਦਿ ਕਾਲੀ ਧਰਮਾਂ ਜਿਵੇਂ ਕਿ ਬਿਰਖਾਂ, ਜਾਨਵਰਾਂ ਨੂੰ ਮੰਨਦੇ ਹੋਣ ਅਤੇ ਭੂਤ-ਪ੍ਰੇਤਾਂ ਅਤੇ ਆਤਮਾਵਾਂ ਦੀ ਪੂਜਾ ਕਰਦੇ ਹੋਣ
5. ਉਹ ਲੋਕ ਪਰੰਪਰਿਕ ਕਿੱਤੇ ਜਿਵੇਂ ਕਿ ਜੰਗਲੀ ਪਦਾਰਥ ਇਕੱਠੇ ਕਰਨਾ, ਖੇਤਾਂ ਵਿੱਚ ਦਾਣਿਆਂ ਦੀ ਰਹਿੰਦ-ਖੂੰਹਦ ਇਕੱਠੀ ਕਰਨਾ ਅਤੇ ਸ਼ਿਕਾਰ ਆਦਿ ਤੇ ਆਪਣਾ ਨਿਰਬਾਹ ਕਰਦੇ ਹੋਣ
6. ਉਹ ਜ਼ਿਆਦਾਤਰ ਮਾਸਾਹਾਰੀ ਸੁਭਾਅ ਦੇ ਹੋਣ
7. ਉਹ ਜ਼ਿਆਦਾਤਰ ਨਗਨ ਅਤੇ ਅਰਧ ਨਗਨ ਹਾਲਤ ਵਿਚ ਵਿਚਰਦੇ ਹੋਣ
8. ਉਨ੍ਹਾਂ ਵਿੱਚ ਨਾਚ ਗਾਣੇ, ਸ਼ਰਾਬਨੋਸ਼ੀ ਅਤੇ ਮੌਜਮਸਤੀ ਦੇ ਖਾਨਾਬਦੋਸ਼ ਗੁਣ ਸ਼ਾਮਲ ਹੋਣ[12]

ਅੱਜ ਜਦਕਿ ਅਸੀਂ ਇਕੀਵੀਂ ਸਦੀ ਵਿੱਚ ਪ੍ਰਵੇਸ਼ ਕਰ ਚੁੱਕੇ ਹਾਂ। ਅਜੋਕੇ ਦੌਰ ਵਿੱਚ ਐਸ.ਸੀ.ਐਸ.ਟੀ ਕਮਿਸ਼ਨ ਦੁਆਰਾ ਭਾਰਤ ਸਰਕਾਰ ਨੂੰ 1952 ਵਿੱਚ ਕਬੀਲਿਆਂ ਦੀ ਸ਼ਨਾਖਤ ਲਈ ਜਮ੍ਹਾਂ ਕਰਵਾਈ ਰਿਪੋਰਟ ਆਪਣੀ ਸਾਰਥਿਕਤਾ ਗੁਆ ਲੈਂਦੀ ਹੈ। ਭਾਰਤ ਸਰਕਾਰ ਦੁਆਰਾ ਰਾਜ ਵਿੱਚ ਕਬੀਲਿਆਂ ਦੀ ਪਛਾਣ ਬਾਰੇ ਇਸ ਰਿਪੋਰਟ ਦਾ ਸਹਾਰਾ ਲੈਣਾ ਕਬੀਲਿਆਂ ਦੀ ਪਛਾਣ ਦੇ ਮਸਲੇ ਨੂੰ ਹੋਰ ਵੀ ਗੁੰਝਦਾਰ ਬਣਾ ਦਿੰਦਾ ਹੈ ਕਿਉਂਕਿ ਵਰਤਮਾਨ ਪਰਿਸਥਿਤੀਆਂ ਵਿੱਚ ਕਬੀਲਿਆਂ ਦੀ ਸਮਾਜਿਕ ਸਥਿਤੀ ਤੈਅ ਕਰਨਾ ਇਕ ਗੰਭੀਰ ਅਤੇ ਕਠਿਨ ਕਾਰਜ ਹੈ ਜਿਸ ਸੰਬੰਧੀ ਉਪਰੋਕਤ ਰਿਪੋਰਟ ਮੰਤਵਹੀਣ ਅਤੇ ਨਿਰਾਰਥਕ ਜਾਪਦੀ ਹੈ।

ਇਸ ਤਰ੍ਹਾਂ ਇਨ੍ਹਾਂ ਉਪਰੋਕਤ ਵਿਸ਼ੇਸ਼ਤਾਵਾਂ ਦੀ ਰੋਸ਼ਨੀ ਵਿੱਚ ਪੰਜਾਬ ਵਿੱਚ ਬਾਜ਼ੀਗਰ ਕਬੀਲੇ ਦੀ ਪਛਾਣ ਕੀਤੀ ਜਾ ਸਕਦੀ ਹੈ। ਪੰਜਾਬ ਵਿੱਚ ਮੁੱਖ ਤੌਰ 'ਤੇ ਬੌਰੀਆ, ਬਾਜ਼ੀਗਰ, ਬੰਗਾਲਾ, ਗੰਧੀਲਾ, ਨਟ, ਸਾਂਸੀ, ਮੁਰਾਸੀ, ਗੁੱਜਰ ਅਤੇ ਬਰੜ ਨਾਂ ਦੇ ਕਬੀਲੇ ਵਾਸ ਕਰ ਰਹੇ ਹਨ। ਇੱਥੇ ਸਾਡੇ ਅਧਿਐਨ ਦਾ ਕੇਂਦਰ ਕੇਵਲ ਬਾਜ਼ੀਗਰ ਕਬੀਲਾ ਹੀ ਹੈ। ਭਾਰਤ ਸਰਕਾਰ ਦੀ (2001) ਦੀ ਜਨਗਣਨਾ ਅਨੁਸਾਰ ਪੰਜਾਬ ਵਿੱਚ ਸਭ ਤੋਂ ਵੱਧ ਵਸੋਂ ਬਾਜ਼ੀਗਰ ਕਬੀਲੇ ਦੀ ਹੈ। ਇਸ ਜਨਗਣਨਾ ਅਨੁਸਾਰ ਇਨ੍ਹਾਂ ਦੀ ਗਿਣਤੀ (2,08,442) ਹੈ।13 ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਵਸਣ ਵਾਲੇ ਬਾਜ਼ੀਗਰ ਕਬੀਲੇ ਦੇ ਲੋਕਾਂ ਦਾ ਆਪਣਾ ਹੀ ਇੱਕ ਸਮਾਜਿਕ, ਆਰਥਿਕ ਅਤੇ ਰਾਜਨੀਤਕ ਪ੍ਰਬੰਧ ਰਿਹਾ ਹੈ, ਜਿਹੜਾ ਕਿ ਸਮਕਾਲੀ ਪਰਿਸਥਿਤੀਆਂ ਦੇ ਪ੍ਰਭਾਵ ਹੇਠ ਹੌਲ਼ੀ-ਹੌਲ਼ੀ ਕਮਜ਼ੋਰ ਪੈਂਦਾ ਗਿਆ । ਮੌਜੂਦਾ ਦੌਰ ਵਿਚ ਕਬੀਲੇ ਦੀ ਸਵੈ ਨਿਰਭਰਤਾ ਦੀ ਧਾਰਨਾ ਭਾਵੇਂ ਬਿਲਕੁੱਲ ਖਤਮ ਹੋ ਗਈ ਹੈ। ਫਿਰ ਵੀ ਇਸ ਸਮੁਦਾਇ ਦੇ ਢਾਂਚੇ ਪਿੱਛੇ ਕਾਰਜਸ਼ੀਲ ਸਮਾਜਿਕ ਅਤੇ ਰਾਜਨੀਤਕ ਪ੍ਰਬੰਧ ਨੂੰ ਪਾਰਦਰਸ਼ੀ ਰੂਪ ਵਿੱਚ ਵੇਖਿਆ ਜਾ ਸਕਦਾ ਹੈ।

ਬਾਜ਼ੀਗਰ ਕਬੀਲੇ ਦਾ ਲੋਕ ਜੀਵਨ

ਬਾਜ਼ੀਗਰ ਕਬੀਲੇ ਦੇ ਲੋਕ ਆਪਣਾ ਮੂਲ ਰਾਜਸਥਾਨ ਨਾਲ ਜੋੜਦੇ ਹਨ। ਕਬੀਲੇ ਨਾਲ ਸੰਬੰਧਤ ਵੱਖ-ਵੱਖ ਇਤਿਹਾਸਕ ਅਤੇ ਮਿਥਿਹਾਸਕ ਵੇਰਵੇ ਵੀ ਇਸ ਤੱਥ ਦੀ ਗਵਾਹੀ ਭਰਦੇ ਹਨ। ਕਬੀਲੇ ਨਾਲ ਸੰਬੰਧਤ ਲੋਕ ਕਹਾਣੀਆਂ ਵਿਚੋਂ ਵੀ ਇਸ ਗੱਲ ਦੇ ਪ੍ਰਮਾਣ ਮਿਲਦੇ ਹਨ ਕਿ ਬਾਜ਼ੀਗਰ ਲੋਕ ਆਦਿ ਕਾਲ ਤੋਂ ਕਬੀਲਾ ਰੂਪ ਵਿਚ ਆਪਣਾ ਪਸ਼ੂ ਪਠੋਰਾ ਲੈ ਕੇ ਇਕ ਥਾਂ ਤੋਂ ਦੂਜੀ ਥਾਂ 'ਤੇ ਘੁੰਮਦੇ ਰਹਿੰਦੇ ਸਨ। ਉਦੋਂ ਇਹ ਲੋਕ ਹੋਰ ਜੰਗਲੀ ਕਬੀਲਿਆ ਵਾਂਗ ਬੇਪਰਵਾਹ ਜੀਵਨ ਬਤੀਤ ਕਰ ਰਹੇ ਸਨ। ਰਾਜਸਥਾਨ ਤੇ ਮੁਗਲਾਂ ਦੇ ਲਗਾਤਾਰ ਹਮਲਿਆਂ ਕਾਰਨ ਇਹ ਲੋਕ ਆਪਣਾ ਮਾਲ ਇੱਜੜ ਲੈ ਕੇ ਬਾਰ ਦੇ ਜੰਗਲਾਂ ਵੱਲ ਹਿਜ਼ਰਤ ਕਰਨ ਲਈ ਮਜ਼ਬੂਰ ਹੋ ਗਏ। ਇਸ ਤਰ੍ਹਾਂ ਲੰਮਾ ਸਮਾਂ ਬਾਰ ਵਿਚ ਰੂਪੋਸ਼ ਜੀਵਨ ਬਤੀਤ ਕਰਨ ਕਾਰਨ ਇਹ ਲੋਕ ਪਾਕਿਸਤਾਨ ਅਤੇ ਆਸ-ਪਾਸ ਦੇ ਕਬਾਇਲੀ ਇਲਾਕਿਆਂ ਵਿਚ ਵਸ ਗਏ। ਇਨ੍ਹਾਂ ਵਿਚੋਂ ਬਹੁਤੇ ਲੋਕ ਪਾਕਿਸਤਾਨੀ ਪੰਜਾਬ ਅਤੇ ਰਾਵੀ ਦਰਿਆ ਦੇ ਕੰਢੇ ਦੇ ਨਾਲ-ਨਾਲ ਵਸ ਗਏ। ਪਾਕਿਸਤਾਨ ਵਿਚ ਵੀ ਇਹ ਲੋਕ ਫਿਰਤੂ ਅਤੇ ਆਜੜੀ ਜੀਵਨ ਬਤੀਤ ਕਰਨ ਲੱਗ ਪਏ। ਇਸ ਪ੍ਰਕਾਰ ਇਹ ਲੋਕ ਸੰਬੰਧਤ ਇਲਾਕਿਆਂ ਵਿਚ 'ਖਾਨਾਬਦੋਸ਼', 'ਸਿਰਕੀਬੰਦ' ਅਤੇ 'ਟੱਪਰੀਵਾਸ' ਨਾਵਾਂ ਨਾਲ ਜਾਣੇ ਜਾਣ ਲੱਗ ਪਏ। ਇਹ ਲੋਕ ਆਦਿ ਕਾਲ ਤੋਂ ਹੀ ਬੇਪਰਵਾਹੀ ਵਾਲਾ ਜੀਵਨ ਬਤੀਤ ਕਰ ਰਹੇ ਸਨ। 1947 ਦੀ ਭਾਰਤ ਪਾਕਿ ਵੰਡ ਦੌਰਾਨ ਇਨ੍ਹਾਂ ਲੋਕਾਂ ਨੂੰ ਇਕ ਵਾਰ ਫਿਰ ਉਜਾੜੇ ਦਾ ਸਾਹਮਣਾ ਕਰਨਾ ਪਿਆ। ਵੰਡ ਉਪਰੰਤ ਛਿੜੇ ਦੰਗਿਆਂ ਦੌਰਾਨ ਇਹ ਲੋਕ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਹਿਜ਼ਰਤ ਕਰਨ ਲਈ ਮਜ਼ਬੂਰ ਹੋ ਗਏ ਜਿਨ੍ਹਾਂ ਵਿਚੋਂ ਕਈ ਲੋਕ ਪੰਜਾਬ ਦੇ ਉਪਜਾਊ ਇਲਾਕਿਆਂ ਵਿਚ ਜਾ ਵਸੇ। ਆਦਿ ਕਾਲ ਤੋਂ ਹੀ ਦੁਸ਼ਵਾਰੀਆਂ ਭਰੇ ਜੀਵਨ ਵਿਚੋਂ ਲੰਘਦੇ ਹੋਏ ਇਹ ਲੋਕ ਹਾੜ੍ਹੀ ਸਾਉਣੀ ਕਰਕੇ ਆਪਣਾ ਜੀਵਨ ਨਿਰਬਾਹ ਕਰਨ ਲੱਗ ਪਏ। ਬਾਜ਼ੀਗਰ ਕਬੀਲੇ ਦੇ ਜ਼ਿਆਦਾਤਰ ਲੋਕ ਪਸ਼ੂ ਪਾਲਕ ਹਨ। ਗੁਜਰ ਕਬੀਲੇ ਵਾਂਗ ਬਾਜ਼ੀਗਰ ਲੋਕ ਵੀ ਲੰਮੇ ਸਮੇਂ ਤੋਂ 'ਪਸ਼ੂ ਪਾਲਕ' ਦੇ ਤੌਰ 'ਤੇ ਜੀਵਨ ਨਿਰਬਾਹ ਕਰਦੇ ਆਏ ਹਨ। ਇਸ ਤੋਂ ਬਾਅਦ ਇਹ ਲੋਕ ਪੰਜਾਬ ਤੋਂ ਇਲਾਵਾ ਹੋਰ ਖਿੱਤਿਆਂ ਵਿਚ ਸਥਾਪਤ ਹੋਣ ਉਪਰੰਤ ਕਿਰਤ ਨਾਲ ਸੰਬੰਧਤ ਹੋਰ ਛੋਟੇ ਮੋਟੇ ਧੰਦੇ ਕਰਕੇ ਆਪਣਾ ਗੁਜ਼ਾਰਾ ਕਰਨ ਲੱਗ ਪਏ। ਇੱਥੇ ਇਸ ਗੱਲ ਦਾ ਜ਼ਿਕਰ ਕਰਨਾ ਬਹੁਤ ਜ਼ਰੂਰੀ ਹੈ ਕਿ ਬਾਜ਼ੀਗਰ ਲੋਕ ਸਮੇਂ ਦੇ ਵੇਗ ਨਾਲ ਜਿੱਧਰ ਵੀ ਗਏ, ਉਹ ਆਪਣਾ ਇਤਿਹਾਸ, ਮਿਥਿਹਾਸ ਅਤੇ ਪਰੰਪਰਾਵਾਂ ਨੂੰ ਵੀ ਨਾਲ ਹੀ ਲੈ ਕੇ ਗਏ। ਇਸੇ ਲਈ ਅੱਜ ਕਈ ਸਦੀਆਂ ਗੁਜਰ ਜਾਣ ਦੇ ਬਾਅਦ ਵੀ ਬਾਜ਼ੀਗਰ ਲੋਕ ਇਕ ਵਿਲੱਖਣ ਸਭਿਆਚਾਰ ਦੇ ਧਾਰਨੀ ਹਨ। ਬਾਜ਼ੀਗਰ ਕਬੀਲਾ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਵਸਣ ਦੇ ਬਾਵਜੂਦ ਵੀ ਇਕ ਦੂਜੇ ਨਾਲ ਮਿਲਵਰਤਨ ਅਤੇ ਇਕਮੁਠਤਾ ਜ਼ਾਹਰ ਕਰਦਾ ਹੈ। ਭਾਵੇਂ ਕਿ ਇਹ ਲੋਕ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਗੌਰ, ਗੌਰਮਾਟੀ, ਬੰਜਾਰਾ, ਗਵਾਰ, ਗਵਾਰੀਆ, ਬਾਜੀਕਰ ਅਤੇ ਹੋਰ ਵੱਖ-ਵੱਖ ਨਾਵਾਂ ਹੇਠ ਵਿਚਰ ਰਹੇ ਹਨ ਪਰੰਤੂ ਫਿਰ ਵੀ ਇਹ ਲੋਕ ਕਬੀਲੇ ਦੇ 'ਗੌਰ' ਨਾਂ ਦੇ ਸਾਂਝੇ ਸੂਤਰ ਵਿਚ ਬੰਨ੍ਹੇ ਹੋਏ ਹਨ। ਇਹ

ਲੋਕ ਖੜ੍ਹੀ, ਰਾਵੀ, ਪੰਜਾਬ ਅਤੇ ਕਈ ਹੋਰ ਵੱਖ-ਵੱਖ ਵਰਗਾਂ ਵਿਚ ਵੰਡੇ ਹੋਣ ਦੇ ਬਾਵਜੂਦ ਵੀ ਇਕ ਦੂਜੇ ਨਾਲ ਰਿਸ਼ਤਾ ਨਾਤਾ ਪ੍ਰਬੰਧ ਵਿਚ ਬੱਝੇ ਹੋਏ ਹਨ। ਅਜੋਕੇ ਦੌਰ ਵਿਚ ਕਬੀਲੇ ਦਾ ਲੋਕ ਜੀਵਨ ਕਾਫ਼ੀ ਹੱਦ ਤੱਕ ਪਰਿਵਰਤਿਤ ਹੋ ਚੁੱਕਾ ਹੈ। ਕਬੀਲਾ ਪੰਚਾਇਤ, ਗੋਤਰ ਸਤਰੀਕਰਨ, ਸੁਜਾਤੀ ਵਿਆਹ ਅਤੇ ਆਪਣੀ ਮਜ਼ਬੂਤ ਟੋਟਮ ਟੈਬੂ ਵਿਵਸਥਾ ਕਾਰਨ ਕਬੀਲੇ ਦੇ ਲੋਕ ਅੱਜ ਵੀ ਕਬੀਲਾ ਪਰੰਪਰਾਵਾਂ ਅਤੇ ਰਸਮਾਂ ਵਿਚ ਗਹਿਰਾ ਵਿਸ਼ਵਾਸ ਰੱਖਦੇ ਹਨ। ਬਾਜ਼ੀਗਰ ਕਬੀਲਾ ਸਮੂਹਿਕ ਭਾਵਨਾ ਵਿਚ ਗਹਿਰਾ ਵਿਸ਼ਵਾਸ ਰੱਖਦਾ ਹੈ। ਇਸ ਤੋਂ ਇਲਾਵਾ ਕਬੀਲੇ ਵਿਚ ਅੰਦਰਲੇ (Insider) ਅਤੇ ਬਾਹਰਲੇ (Outsider) ਦਾ ਸੰਕਲਪ ਕਬੀਲੇ ਦੇ ਲੋਕਾਂ ਲਈ ਬਹੁਤ ਮਹੱਤਤਾ ਰੱਖਦਾ ਹੈ।ਕਬੀਲੇ ਦੇ ਲੋਕ ਇਕ ਖ਼ਾਸ ਦਾਇਰੇ ਵਿਚ ਵਿਚਰਦੇ ਹੋਏ ਆਪਣਾ ਜੀਵਨ ਬਤੀਤ ਕਰਦੇ ਹਨ। ਕਬੀਲੇ ਵਿਚ ਮਨਾਹੀਆਂ ਅਤੇ ਮਾਨਤਾਵਾਂ ਨੂੰ ਲਾਗੂ ਕਰਨ ਲਈ ਕਬੀਲੇ ਦੀ 'ਟੋਟਮ ਟੈਬੂ' ਵਿਵਸਥਾ ਆਪਣੀ ਮੋਹਰੀ ਭੂਮਿਕਾ ਨਿਭਾਉਂਦੀ ਹੈ। ਕਬੀਲੇ ਵਿਚ ਕਬੀਲਾ ਪਰੰਪਰਾਵਾਂ ਦੀ ਗਹਿਰੀ ਪਕੜ ਹੋਣ ਕਰਕੇ ਕਬੀਲੇ ਦੇ ਲੋਕਾਂ ਵਿਚ ਸਮਾਜਿਕ ਵਿਕਾਸ ਪ੍ਰਤੀ ਗਹਿਰੀ ਉਦਾਸੀਨਤਾ ਪਾਈ ਜਾਂਦੀ ਹੈ। ਉਦਾਹਰਣ ਦੇ ਤੌਰ 'ਤੇ ਅੱਜ ਵੀ ਕਬੀਲੇ ਦੇ ਲੋਕ ਔਰਤ ਦੀ ਭੂਮਿਕਾ ਅਤੇ ਲੜਕੀਆਂ ਦੀ ਸਿੱਖਿਆ ਪ੍ਰਤੀ ਨਾਂਹ ਪੱਖੀ ਰਵੱਈਆ ਰੱਖਦੇ ਹਨ। ਬਾਜ਼ੀਗਰ ਕਬੀਲੇ ਤੇ ਕਬੀਲਾ ਪੰਚਾਇਤ ਅਤੇ ਕਬੀਲਾ ਪੈਂਚਾਂ ਦੀ ਗਹਿਰੀ ਛਾਪ ਵੇਖਣ ਨੂੰ ਮਿਲਦੀ ਹੈ। ਭਾਵੇਂ ਕਿ ਆਧੁਨਿਕ ਸੁੱਖ-ਸਹੂਲਤਾਂ ਅਤੇ ਸ਼ਹਿਰੀਕਰਨ ਦੇ ਪ੍ਰਭਾਵ ਹੇਠ ਬਾਜ਼ੀਗਰ ਕਬੀਲੇ ਦੀ ਬਾਹਰੀ ਦਿੱਖ ਕਾਫੀ ਹੱਦ ਤੱਕ ਬਦਲ ਚੁੱਕੀ ਹੈ ਪਰ ਇਸ ਸਭ ਵਰਤਾਰੇ ਦੇ ਚਲਦਿਆਂ ਕਬੀਲੇ ਦੀ ਅੰਦਰੂਨੀ ਬਣਤਰ ਬੜੀ ਪੀਡੀ ਬਣੀ ਹੋਈ ਹੈ। ਬਾਜ਼ੀਗਰ ਕਬੀਲੇ ਵਿਚ ਆਦਿ ਕਾਲ ਤੋਂ ਹੀ ਗੋਤਰ ਸਤਰੀਕਰਨ ਪਾਇਆ ਜਾਂਦਾ ਹੈ। ਇਸ ਪ੍ਰਕਾਰ ਕਬੀਲੇ ਦਾ ਰਿਸ਼ਤਾ ਨਾਤਾ ਪ੍ਰਬੰਧ ਗੋਤਰ ਆਧਾਰਿਤ ਵਰਗੀਕਰਨ (Gotra Hirarchy) 'ਤੇ ਨਿਰਭਰ ਕਰਦਾ ਹੈ। ਕਬੀਲੇ ਵਿਚ ਹੋਣ ਵਾਲੇ ਕਿਸੇ ਵੀ ਰਿਸ਼ਤੇ ਜਾਂ ਵਿਆਹ ਦੀ ਸੂਰਤ ਵਿਚ ਪਿਤ੍ਰੀ ਗੋਤਰ ਸੰਬੰਧੀ ਸਖ਼ਤ ਮਨਾਹੀ ਦੀ ਪਾਲਣਾ ਕੀਤੀ ਜਾਂਦੀ ਹੈ। ਕਬੀਲਾ ਅਜਿਹੇ ਵਿਆਹਾਂ ਨੂੰ ਅਜੋਕੇ ਦੌਰ ਵਿਚ ਵੀ ਮਾਨਤਾ ਨਹੀਂ ਦਿੰਦਾ। ਅਜੋਕੇ ਦੌਰ ਵਿਚ ਬਾਜ਼ੀਗਰ ਕਬੀਲੇ ਦੇ ਲੋਕ ਨਿਮਨ ਪ੍ਰਕਾਰ ਦੇ ਧੰਦੇ ਕਰਕੇ ਆਪਣਾ ਗੁਜ਼ਾਰਾ ਕਰਦੇ ਹਨ। ਇਨ੍ਹਾਂ ਵਿਚ ਬਹੁਤੇ ਲੋਕ ਹਾੜ੍ਹੀ ਸਾਉਣੀ, ਮਜ਼ਦੂਰੀ, ਪਸ਼ੂ ਪਾਲਣ, ਕਬਾੜ ਖਰੀਦਣ ਅਤੇ ਸਬਜ਼ੀ ਆਦਿ ਵੇਚ ਕੇ ਆਪਣਾ ਗੁਜ਼ਾਰਾ ਕਰਦੇ ਹਨ। ਕਬੀਲੇ ਵਿਚ ਸਿੱਖਿਆ ਦੀ ਦਰ ਨਾਂਹ ਦੇ ਬਰਾਬਰ ਹੈ। ਕਬੀਲੇ ਵਿਚ ਔਰਤ ਅਤੇ ਲੜਕੀਆਂ ਦੀ ਸਥਿਤੀ ਬਹੁਤ ਹੀ ਤਰਸਯੋਗ ਬਣੀ ਹੋਈ ਹੈ। ਕਬੀਲੇ ਦੀ ਔਰਤ ਮਜ਼ਦੂਰੀ ਅਤੇ ਪਸ਼ੂ ਆਦਿ ਪਾਲ ਕੇ ਆਪਣਾ ਗੁਜ਼ਾਰਾ ਕਰ ਰਹੀ ਹੈ। ਇਕ ਬੰਦ ਸਮੂਹ ਹੋਣ ਕਰਕੇ ਕਬੀਲੇ ਵਿਚ ਵਿਕਾਸ ਦੀ ਗਤੀ ਬੜੀ ਧੀਮੀ ਹੈ। ਬਾਜ਼ੀਗਰ ਕਬੀਲੇ ਦੀ ਇਕ ਖ਼ਾਸ ਵਿਸ਼ੇਸ਼ਤਾ ਇਹ ਹੈ ਕਿ ਕਬੀਲੇ ਦੇ ਲੋਕ ਅੱਜ ਵੀ ਆਪਣੀ ਭਾਸ਼ਾ ਅਤੇ ਸਭਿਆਚਾਰ ਨਾਲ ਖ਼ਾਸ ਲਗਾਓ ਰੱਖਦੇ ਹਨ। ਸਦੀਆਂ ਗੁਜ਼ਰ ਜਾਣ ਬਾਅਦ ਵੀ ਕਬੀਲੇ ਦੇ ਹਰ ਘਰ ਵਿਚ 'ਗੋਰ ਭਾਸ਼ਾ' ਬੋਲੀ ਜਾਂਦੀ ਹੈ। ਇਸ ਤੋਂ ਇਲਾਵਾ ਖ਼ਾਸ ਪਰਿਸਥਿਤੀਆਂ ਵਿਚ ਕਬੀਲੇ ਦੀ ਗੁਪਤ ਭਾਸ਼ਾ 'ਪਾਰਸੀ' ਦੀ ਵਰਤੋਂ ਕੀਤੀ ਜਾਂਦੀ ਹੈ।

ਬਾਜ਼ੀਗਰ ਡੇਰੇ ਦੀ ਹਰ ਇਕ ਪੰਚਾਇਤ ਬੜੇ ਵਿਧੀਵਤ ਢੰਗ ਨਾਲ ਕੰਮ ਕਰਦੀ ਹੈ। ਇਹ ਕਬੀਲਾ ਪੰਚਾਇਤ ਅਤੇ ਮਹਾਪੰਚਾਇਤ (ਢੋਅ) ਦੀ ਕਾਨੂੰਨੀ ਵਿਵਸਥਾ ਅਨੁਸਾਰ ਕੰਮ ਕਰਦਾ ਹੈ। ਕਬੀਲੇ ਦੀ ਪੰਚਾਇਤ ਅਤੇ ਮਹਾਪੰਚਾਇਤ ਵਿਚ ਕਬੀਲੇ ਦੀ ਹਰ ਇਕ ਗੋਤਰ ਨੂੰ ਪਿਤਾ ਪੁਰਖੀ ਭੂਮਿਕਾ ਨਿਭਾਉਣੀ ਪੈਂਦੀ ਹੈ। ਕਬੀਲੇ ਵਿਚ ਇਹ ਭੂਮਿਕਾ ਆਦਿਕਾਲੀ ਪੁਰਖਿਆਂ ਦੁਆਰਾ ਨਿਸਚਿਤ ਕੀਤੀ ਗਈ ਹੈ। ਅਜੋਕੇ ਦੌਰ ਵਿਚ ਵੀ ਇਹ ਭੂਮਿਕਾ ਪੀੜ੍ਹੀ ਦਰ ਪੀੜ੍ਹੀ ਉਸੇ ਤਰ੍ਹਾਂ ਚਲਦੀ ਆਉਂਦੀ ਹੈ। ਕਬੀਲੇ ਦੀ ਪੰਚਾਇਤ ਵਿਚ ਹਰ ਇਕ ਗੋਤਰ ਨੂੰ ਯੋਗ ਸਥਾਨ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਪੰਚਾਇਤ ਅਤੇ ਮਹਾਪੰਚਾਇਤ ਦੀ ਸ਼ਕਤੀ ਅਤੇ ਸੱਤਾ ਦੀ ਗੋਤਰ ਅਨੁਸਾਰ ਢੁੱਕਵੀਂ ਵੰਡ ਕੀਤੀ ਗਈ ਹੈ। ਬਾਜ਼ੀਗਰ ਕਬੀਲੇ ਦੀ ਪੰਚਾਇਤ ਅਤੇ ਮਹਾਪੰਚਾਇਤ (ਢੋਅ) ਦੀ ਇਕ ਖ਼ਾਸ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਗੋਤਰ ਬਾਹਰੀ ਪੈਂਚਾਂ ਅਤੇ ਮੋਅਤਬਰ ਵਿਅਕਤੀਆਂ ਦੀ ਇਕ ਖ਼ਾਸ ਭੂਮਿਕਾ ਹੁੰਦੀ ਹੈ। ਉਹ ਕਬੀਲੇ ਦੇ ਅੰਦਰਲੇ ਝਗੜਿਆਂ ਦੀ ਖ਼ਾਸ ਤੌਰ 'ਤੇ ਨਜ਼ਰਸਾਨੀ ਕਰਦੇ ਹਨ। ਕਬੀਲੇ ਵਿਚ ਅਜਿਹੇ ਵਿਅਕਤੀ ਨੂੰ 'ਔਰਸਖੀਆ' ਕਿਹਾ ਜਾਂਦਾ ਹੈ। 'ਔਰਸਖੀਆ' ਤੋਂ ਭਾਵ ਹੈ ਗੋਤਰ ਬਾਹਰੀ ਵਿਅਕਤੀ। ਹਰ ਇਕ ਕਬੀਲਾ ਪੰਚਾਇਤ ਵਿਚ ਔਰਸਖੀਆ ਇਕ 'ਅੰਕੁਸ਼' ਦੀ ਭੂਮਿਕਾ ਅਦਾ ਕਰਦਾ ਹੈ। ਬਾਜ਼ੀਗਰ ਲੋਕ ਆਪਣੇ ਹਰ ਇਕ ਡੇਰੇ ਵਿਚ 'ਔਰਸਖੀਆ' ਨੂੰ ਵਿਸ਼ੇਸ਼ ਸਥਾਨ ਦਿੰਦੇ ਹਨ ਅਤੇ ਇਨ੍ਹਾਂ ਲੋਕਾਂ ਨੂੰ ਉਚੇਚੇ ਤੌਰ 'ਤੇ ਹਰ ਇਕ ਡੇਰੇ ਵਿਚ ਵਸਾਇਆ ਜਾਂਦਾ ਸੀ। ਇਸ ਤੋਂ ਇਲਾਵਾ ਕਬੀਲੇ ਦੇ ਜਨਮ, ਵਿਆਹ, ਮੌਤ ਅਤੇ ਹਰ ਇਕ ਤਿੱਥ ਤਿਉਹਾਰ ਵਿਚ 'ਔਰਸਖੀਆ' ਦਾ ਖ਼ਾਸ ਮਹੱਤਵ ਹੁੰਦਾ ਹੈ।

ਬਾਜ਼ੀਗਰ ਕਬੀਲੇ ਦਾ ਨਿਆਂਪ੍ਰਬੰਧ ਬੜਾ ਵਿਲੱਖਣ (Unique) ਹੈ। ਕਬੀਲੇ ਵਿਚ ਅੱਜ ਵੀ ਕਬੀਲਾ ਪੰਚਾਇਤ ਸਿੱਧੇ ਜਾਂ ਅਸਿੱਧੇ ਰੂਪ ਵਿਚ ਕਾਰਜਸ਼ੀਲ ਹੈ। ਬਾਜ਼ੀਗਰ ਕਬੀਲੇ ਵਿਚ ਕਿਸੇ ਵੀ ਝਗੜੇ ਦੀ ਸੂਰਤ ਵਿਚ ਕਬੀਲੇ ਦੇ ਪੈਂਚਾਂ ਦੁਆਰਾ ਪੰਚਾਇਤ ਵਿਚ ਬਹਿ ਕੇ ਝਗੜੇ ਦੀ ਗਹਿਰਾਈ ਬਾਰੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ। ਇਹ ਸੁਣਵਾਈ ਇਕ ਦਿਨ ਤੋਂ ਲੈ ਕੇ ਇਕ ਮਹੀਨੇ ਤੱਕ ਵੀ ਚੱਲ ਸਕਦੀ ਹੈ। ਕਬੀਲੇ ਵਿਚ ਕਿਸੇ ਵੀ ਝਗੜੇ ਦਾ ਫ਼ੈਸਲਾ ਲੰਮੀ ਸੁਣਵਾਈ ਪਿੱਛੋਂ ਕੀਤਾ ਜਾਂਦਾ ਹੈ। 'ਪੰਚਾਇਤ' ਜਾਂ 'ਢੋਅ' ਦਾ ਫ਼ੈਸਲਾ ਦੋਹਾਂ ਧਿਰਾਂ ਨੂੰ ਮਨਜ਼ੂਰ ਹੁੰਦਾ ਹੈ। ਕਬੀਲੇ ਵਿਚ ਹਰ ਇਕ ਝਗੜੇ ਦੀ ਸੁਣਵਾਈ ਨਿਰਪੱਖਤਾ ਨਾਲ ਕੀਤੀ ਜਾਂਦੀ ਹੈ। ਪੰਚਾਇਤ ਜਾਂ 'ਢੋਅ' ਦੁਆਰਾ ਮਿਲਣ ਵਾਲੀ ਹਰ ਇਕ ਸਜ਼ਾ 'ਸੰਕੇਤਕ' ਹੁੰਦੀ ਹੈ। ਪੰਚਾਇਤ ਵਿਚ ਮਿਲਣ ਵਾਲਾ 'ਢੰਡ' ਜਾਂ 'ਸਜ਼ਾ' ਕਈ ਵਾਰੀ ਕਬੀਲੇ ਦੇ ਲੋਕਾਂ ਨੂੰ ਕਈ ਪੀੜ੍ਹੀਆਂ ਤੱਕ ਵੀ ਪ੍ਰਭਾਵਿਤ ਕਰਦੀ ਹੈ। ਬਾਜ਼ੀਗਰ ਕਬੀਲੇ ਵਿਚ ਕਬੀਲਾ ਪੰਚਾਇਤ ਦਾ ਫ਼ੈਸਲਾ 'ਆਖਰੀ ਫ਼ੈਸਲਾ' ਹੁੰਦਾ ਹੈ। ਫ਼ੈਸਲੇ ਤੋਂ ਨਾਬਰ ਹੋਣ ਵਾਲੀ ਧਿਰ ਨੂੰ ਕਬੀਲੇ ਵਿਚੋਂ ਛੇਕ ਦਿੱਤਾ ਜਾਂਦਾ ਹੈ। ਅਜੋਕੇ ਸਮੇਂ ਭਾਵੇਂ ਕਿ ਕਬੀਲਾ ਪੰਚਾਇਤ ਦੀ ਸੱਤਾ ਕਾਫੀ ਹੱਦ ਤੱਕ ਘੱਟ ਗਈ ਹੈ ਪਰੰਤੂ ਫਿਰ ਵੀ ਕਬੀਲਾ ਪੰਚਾਇਤ ਸਿੱਧੇ ਜਾਂ ਅਸਿੱਧੇ ਰੂਪ ਵਿਚ ਅੱਜ ਵੀ ਕਾਰਜਸ਼ੀਲ ਹੈ। ਕਬੀਲੇ ਵਿਚ ਕਿਸੇ ਵੀ 'ਦੰਡ' ਦੀ ਰਕਮ 'ਗੋਤਰ' ਅਨੁਸਾਰ ਵੰਡ ਲਈ ਜਾਂਦੀ ਹੈ।

ਕਬੀਲਾ ਪੰਚਾਇਤ ਵਿਚ ਜ਼ਿਆਦਾਤਰ ਝਗੜੇ 'ਰਿਸ਼ਤਾ ਨਾਤਾ' ਪ੍ਰਬੰਧ ਨਾਲ ਸੰਬੰਧਤ ਹੁੰਦੇ ਹਨ। ਕਬੀਲੇ ਵਿਚ ਮਾਣ ਮਰਿਆਦਾ ਨਾਲ ਸੰਬੰਧਤ ਹਰ ਇਕ ਝਗੜੇ ਨੂੰ ਕਬੀਲੇ ਦੀ ਮਹਾਪੰਚਾਇਤ 'ਢੋਅ' ਵਿਚ ਨਜਿੱਠਿਆ ਜਾਂਦਾ ਹੈ। ਕਬੀਲੇ ਦੀ ਜੀਵਨ ਜਾਚ ਅਤੇ ਕਾਰ ਵਿਹਾਰ ਤੇ ਕਬੀਲੇ ਦੀ ਮਹਾਪੰਚਾਇਤ ਢੋਅ ਦਾ ਖ਼ਾਸ ਦਬਦਬਾ ਬਣਿਆ ਰਹਿੰਦਾ ਹੈ। ਇਸ ਤੋਂ ਇਲਾਵਾ ਕਬੀਲੇ ਦੀ 'ਟੋਟਮ ਟੈਬੂ' ਵਿਵਸਥਾ ਇਸ ਸੰਬੰਧ ਵਿਚ ਮੁੱਖ ਭੂਮਿਕਾ ਅਦਾ ਕਰਦੀ ਹੈ। ਬਾਜ਼ੀਗਰ ਕਬੀਲੇ ਦਾ 'ਗੋਤਰ ਪ੍ਰਬੰਧ' 'ਨਾਂਵਿਆਂ' ਵਿਚ ਵੰਡਿਆ ਹੋਇਆ ਹੈ। ਕਬੀਲੇ ਵਿਚ ਵੱਖ-ਵੱਖ ਗੋਤਰ 'ਨੌਂ ਨਾਵਾਂ' 'ਸਾਤ ਨਾਂਵਾਂ' ਅਤੇ 'ਪਾਂਚ ਨਾਵਾਂ' ਵਿਚ ਵੰਡੇ ਹੋਏ ਹਨ। ਨਾਂਵਿਆਂ ਤੋਂ ਭਾਵ ਵੱਖ-ਵੱਖ ਕਬੀਲਾ ਪੁਰਖਿਆਂ ਦੇ ਭਰਾਵਾਂ ਦੀ ਗਿਣਤੀ ਅਤੇ ਸੱਤਾ ਨਾਲ ਹੈ। ਕਬੀਲੇ ਵਿਚ 'ਨਾਂਵਿਆਂ' ਨੂੰ ਰਾਜਨੀਤਿਕ ਅਤੇ ਸਮਾਜਿਕ ਸੱਤਾ ਦੇ ਰੂਪ ਵਿਚ ਵੇਖਿਆ ਜਾਂਦਾ ਹੈ। ਕਬੀਲੇ ਦੇ ਰਿਸ਼ਤਾ ਨਾਤਾ ਪ੍ਰਬੰਧ ਅਤੇ 'ਨਿਆਂ ਵਿਵਸਥਾ' ਵਿਚ 'ਨਾਂਵਿਆਂ' ਦੀ ਭੂਮਿਕਾ ਬੜੀ ਗੌਲਣਯੋਗ ਹੁੰਦੀ ਹੈ। ਬਾਜ਼ੀਗਰ ਲੋਕ 'ਨਾਂਵਿਆਂ' ਦੀ ਸੱਤਾ ਨੂੰ ਬੜੇ ਮਾਣ ਅਤੇ ਸਤਿਕਾਰ ਨਾਲ ਨਤਮਸਤਕ ਹੁੰਦੇ ਹਨ। ਇਸ ਤਰ੍ਹਾਂ ਕਬੀਲੇ ਦੇ ਸਮਾਜ ਸਭਿਆਚਾਰ ਅਤੇ ਜੀਵਨ ਵਿਚ ਕਬੀਲਾ ਗੋਤਰ 'ਨਾਂਵਿਆਂ' ਦੇ ਆਧਾਰ 'ਤੇ ਆਪਣੀ ਵੱਖਰੀ ਪਛਾਣ ਰੱਖਦੇ ਹਨ। ਇੱਥੇ ਇਹ ਗੱਲ ਵਰਣਨਯੋਗ ਹੈ ਕਿ ਕਬੀਲੇ ਵਿਚ 'ਪਿੱਤਰੀ ਗੰਢਾਂ' ਵਿਸ਼ੇਸ਼ ਥਾਂ ਰੱਖਦੀਆਂ ਹਨ। ਬਾਜ਼ੀਗਰ ਲੋਕ 'ਪਿੱਤਰ ਪੂਜਾ', 'ਨਿਰਜਲਾ ਇਕਾਦਸ਼ੀ' ਅਤੇ 'ਲੋਹੜੀ' ਇਕ ਵੱਖਰੇ ਸੰਦਰਭ ਵਿਚ ਮਨਾਉਂਦੇ ਹਨ। ਕਬੀਲੇ ਵਿਚ 'ਪਿੱਤਰ ਪੂਜਾ' ਦੀਵਾਲੀ ਤੋਂ ਇਕ ਦਿਨ ਬਾਅਦ ਕੀਤੀ ਜਾਂਦੀ ਹੈ। 'ਨਿਰਜਲਾ ਇਕਾਦਸ਼ੀ' ਪਿੱਤਰਾਂ ਦੀ ਯਾਦ ਵਿਚ ਵਰਤ ਰੱਖ ਕੇ ਅਤੇ 'ਮਹਾ ਲੋਹੜੀ' ਲੋਹੜੀ ਤੋਂ ਇਕ ਦਿਨ ਬਾਅਦ ਸਾਂਝੇ ਰੂਪ ਵਿਚ ਮਨਾਈ ਜਾਂਦੀ ਹੈ। ਇਸ ਦਿਨ ਕਬੀਲੇ ਦੇ ਲੋਕ ਡੇਰੇ ਵਿਚ ਸਾਂਝੇ ਰੂਪ ਜੱਗ ਕਰਕੇ ਪਿੱਤਰਾਂ ਦੀ ਸਾਂਝ ਦਾ ਪ੍ਰਗਟਾਵਾ ਕਰਦੇ ਹਨ। ਬਾਜ਼ੀਗਰ ਲੋਕ ਬਾਹਰਲੀ ਦੁਨੀਆ ਨੂੰ 'ਗੌਰ ਅਤੇ ਕੌਰ' ਦੇ ਸੰਕਲਪਾਤਮਕ ਅਰਥਾਂ ਵਿੱਚੋਂ ਵੇਖਦੇ ਹਨ। ਕ਼ਬੀਲੇ ਦੇ ਲੋਕਾਂ ਵਿਚ ਸਰਵਉੱਚਤਾ ਦੀ ਭਾਵਨਾ ਪਾਈ ਜਾਂਦੀ ਹੈ। ਕਬੀਲੇ ਦੇ ਲੋਕ ਕਿਸੇ ਵੀ ਬਾਹਰਲੇ ਵਿਅਕਤੀ ਤੋਂ ਇਕ ਨਿਸਚਿਤ ਦੂਰੀ ਰੱਖਦੇ ਹਨ। ਬਾਜ਼ੀਗਰ ਕਬੀਲੇ ਦੇ ਲੋਕਾਂ ਦਾ ਇਤਿਹਾਸ ਅਤੇ ਮਿਥਿਹਾਸ ਗੌਰਵਸ਼ਾਲੀ ਮੌਖਿਕ ਕਥਾਵਾਂ ਨਾਲ ਭਰਿਆ ਹੋਇਆ ਹੈ। ਕਬੀਲੇ ਦੇ ਲੋਕ ਇਨ੍ਹਾਂ ਇਤਿਹਾਸਕ ਘਟਨਾਵਾਂ ਅਤੇ ਮਿਥਿਕ ਕਥਾਵਾਂ ਦੀ ਰੌਸ਼ਨੀ ਵਿਚ ਆਪਣੇ ਗੌਰਵਸ਼ਾਲੀ ਅਤੀਤ ਨੂੰ ਦੁਹਰਾਉਂਦੇ ਹਨ। ਬਾਜ਼ੀਗਰ ਲੋਕ ਅੰਧਵਿਸ਼ਵਾਸੀ ਹਨ ਅਤੇ ਭੂਤ-ਪ੍ਰੇਤ ਵਿੱਚ ਗਹਿਰਾ ਵਿਸ਼ਵਾਸ ਰੱਖਦੇ ਹਨ। ਭੂਤ-ਪ੍ਰੇਤ ਦੇ ਸਾਏ ਤੋਂ ਬਚਣ ਲਈ ਕਬੀਲੇ ਦੇ ਲੋਕ ਕਬੀਲੇ ਦੇ ਸਾਧੂ ਸੰਤਾਂ ਅਤੇ ਝਾੜ-ਫੂਕ ਰਾਹੀਂ ਇਲਾਜ ਕਰਨ ਵਾਲੇ 'ਅੱਲਾ ਲੋਕਾਂ ਦੀ' ਸ਼ਰਨ ਲੈਂਦੇ ਹਨ। ਕਬੀਲੇ ਵਿਚ ਘਰ ਦਾ ਮੁੱਖੀ ਘਰ ਦਾ ਮਾਲਕ ਹੁੰਦਾ ਹੈ। ਉਸਦੀ ਮੌਤ ਉਪਰੰਤ ਘਰ ਬਾਰ ਅਤੇ ਉਸਦੀ ਜਾਇਦਾਦ ਦਾ ਮਾਲਕ ਉਸਦਾ ਸਭ ਤੋਂ ਛੋਟਾ ਪੁੱਤਰ ਹੁੰਦਾ ਹੈ। ਕਬੀਲੇ ਵਿਚ ਲੜਕੀ ਦਾ ਜਾਇਦਾਦ 'ਤੇ ਕੋਈ ਹੱਕ ਨਹੀਂ ਹੁੰਦਾ। ਉਂਜ ਉਹ ਹਰ ਵਿਆਹ ਸ਼ਾਦੀ ਅਤੇ ਤਿਉਹਾਰ ਤੇ 'ਪੁੰਨ' (ਸ਼ਗਨ) ਦੀ ਹੱਕਦਾਰ ਹੁੰਦੀ ਹੈ। ਪੁੱਤਰ ਨਾ ਹੋਣ ਦੀ ਸੂਰਤ ਵਿਚ ਉਹ ਘਰ ਅਤੇ ਜਾਇਦਾਦ

ਸੰਬੰਧੀ ਦਾਅਵਾ ਕਰ ਸਕਦੀ ਹੈ। ਕਬੀਲੇ ਵਿਚ ਜਨਮ, ਵਿਆਹ ਅਤੇ ਮੌਤ ਸਮੇਂ 'ਵਡਾਰੂਆਂ' ਦੀ ਸੱਤਾ ਦਾ ਵਿਸ਼ੇਸ਼ ਰੂਪ ਵਿਚ ਗੁਣਗਾਣ ਕੀਤਾ ਜਾਂਦਾ ਹੈ। ਇੱਥੇ ਇਹ ਜ਼ਿਕਰ ਕਰਨਾ ਜਰੂਰੀ ਹੈ ਕਿ ਭਾਵੇਂ 'ਗੌਰ' ਕਬੀਲੇ ਦਾ ਸਮੂਹਿਕ ਨਾਂ ਕਿੱਤੇ ਦੇ ਆਧਾਰ 'ਤੇ 'ਬਾਜ਼ੀਗਰ' ਵੱਜਦਾ ਹੈ ਪਰੰਤੂ ਕਬੀਲੇ ਵਿਚ 'ਬਾਜ਼ੀਕਲਾ' ਨਾਲ ਕੁਝ ਕੁ ਵਰਗ ਹੀ ਜੁੜੇ ਰਹੇ ਹਨ। ਅੱਗੇ ਇਨ੍ਹਾਂ ਵਿਚੋਂ ਕੁਝ ਲੋਕ 'ਕੱਚੀ ਬਾਜ਼ੀ' ਅਤੇ 'ਪੱਕੀ ਬਾਜ਼ੀ' ਨਾਲ ਜੁੜੇ ਰਹੇ ਹਨ। ਕਬੀਲੇ ਦੇ ਜ਼ਿਆਦਾਤਰ ਲੋਕ 'ਆਜੜੀ' ਅਤੇ ਪਸ਼ੂ ਪਾਲਕ ਰਹੇ ਹਨ। ਆਦਿ ਕਾਲ ਤੋਂ ਹੀ ਘੁਮੰਤੂ ਅਵਸਥਾ ਵਿਚ ਰਹਿਣ ਕਾਰਨ, ਇਹ ਲੋਕ ਅਜੋਕੇ ਦੌਰ ਵਿਚ ਵੀ ਇਕ ਥਾਂ ਤੋਂ ਦੂਜੀ ਥਾਂ ਵੱਲ ਕੂਚ ਕਰਦੇ ਰਹੇ ਹਨ। ਪਰੰਤੂ ਅਜੋਕੇ ਦੌਰ ਦੀਆਂ ਬਦਲਦੀਆਂ ਸਮਾਜਿਕ ਪਰਿਸਥਿਤੀਆਂ ਵਿਚ ਬਾਜ਼ੀਗਰ ਲੋਕ ਸਥਾਈ ਬਸਤੀਆਂ ਵਿਚ ਨਿਵਾਸ ਕਰਨ ਲੱਗ ਪਏ ਹਨ। ਇਸੇ ਸੰਦਰਭ ਵਿਚ ਭਾਰਤ ਦੇ ਸਾਰੇ ਗੌਰ, ਗੌਰਮਾਟੀ, ਵਣਜਾਰਾ ਅਤੇ ਬਾਜ਼ੀਗਰ ਲੋਕ ਸਥਾਈ ਬਸਤੀਆਂ, ਡੇਰਿਆਂ ਅਤੇ ਟਾਂਡਿਆਂ ਵਿਚ ਤਬਦੀਲ ਹੋ ਚੁੱਕੇ ਹਨ। ਵਿਸ਼ਵੀਕਰਨ ਦੇ ਇਸ ਦੌਰ ਵਿਚ ਇਹ ਲੋਕ ਆਪਣੇ ਪਰੰਪਰਿਕ ਧੰਦੇ ਛੱਡ ਕੇ ਮਜ਼ਦੂਰੀ ਅਤੇ ਕਈ ਹੋਰ ਨਿਮਨ ਪ੍ਰਕਾਰ ਦੇ ਧੰਦੇ ਕਰਕੇ ਗੁਜ਼ਾਰਾ ਕਰਦੇ ਰਹੇ ਹਨ। ਕਬੀਲੇ ਵਿਚ ਸਿੱਖਿਆ ਦੀ ਦਰ ਬਹੁਤ ਘੱਟ ਹੈ। ਕਬੀਲੇ ਦਾ ਪਸ਼ੂ ਪਾਲਣ ਅਤੇ 'ਬਾਜ਼ੀਗਿਰੀ' ਦਾ ਕਿੱਤਾ ਖਤਮ ਹੋ ਗਿਆ ਹੈ। ਪੰਜਾਬ ਵਿਚ ਸਿਰਫ 'ਚਾਰ ਪੰਜ' ਟੋਲੀਆਂ ਵਿਰਾਸਤੀ ਮੇਲਿਆਂ ਅਤੇ ਸਮਾਗਮਾਂ ਵਿਚ 'ਬਾਜ਼ੀਕਲਾ' ਦਾ ਪ੍ਰਦਰਸ਼ਨ ਕਰਦੀਆਂ ਹਨ। ਕਬੀਲੇ ਦੇ ਬਹੁਤੇ ਲੋਕ ਹੁਣ ਘਰੇਲੂ ਲੋੜਾਂ ਲਈ ਹੀ ਪਸ਼ੂ ਪਾਲਦੇ ਹਨ। ਚਰਾਗਾਹਾਂ ਦੇ ਖਤਮ ਹੋ ਜਾਣ ਨਾਲ ਪਸ਼ੂ ਪਾਲਣ ਦਾ ਧੰਦਾ ਕਾਫੀ ਮਹਿੰਗਾ ਸਾਬਤ ਹੁੰਦਾ ਹੈ। ਅੰਤ ਵਿਚ ਅਸੀਂ ਆਖ ਸਕਦੇ ਹਾਂ ਕਿ ਬਾਜ਼ੀਗਰ ਕਬੀਲੇ ਨੇ ਆਦਿ ਕਾਲ ਤੋਂ ਹੀ ਤੰਗੀਆਂ, ਤੁਰਸ਼ੀਆਂ ਅਤੇ ਦੁਸ਼ਵਾਰੀਆਂ ਭੋਗਣ ਦੇ ਬਾਵਜੂਦ ਆਪਣੀ ਬੋਲੀ, ਕਲਾ ਅਤੇ ਸਭਿਆਚਾਰ ਨੂੰ ਮੂਲ ਰੂਪ ਵਿਚ ਬਣਾ ਕੇ ਰੱਖਿਆ ਹੋਇਆ ਹੈ। ਇਹੀ ਇਸ ਕਬੀਲੇ ਦੀ ਵਿਲੱਖਣਤਾ ਹੈ।

ਭਾਵੇਂ ਬਾਜ਼ੀਗਰ ਕਬੀਲਾ ਬਾਹਰਲੇ ਲੋਕਾਂ ਨਾਲ ਗੱਲਬਾਤ ਕਰਨ ਲੱਗਿਆਂ ਉਨ੍ਹਾਂ ਦੀ ਜ਼ੁਬਾਨ ਵਿੱਚ ਹੀ ਗੱਲਬਾਤ ਕਰਦਾ ਹੈ ਪਰ ਘਰ ਆਉਂਦਿਆਂ ਹੀ ਗੱਲਬਾਤ ਆਪਣੀ ਭਾਸ਼ਾ ਵਿੱਚ ਸ਼ੁਰੂ ਹੋ ਜਾਂਦੀ ਹੈ। ਘਰ ਵਿੱਚ ਹੋਰ ਭਾਸ਼ਾ ਬੋਲਣਾ ਉਂਨਾ ਹੀ ਓਪਰਾ ਅਤੇ ਮਾੜਾ ਗਿਣਿਆ ਜਾਂਦਾ ਹੈ ਜਿਨ੍ਹਾਂ ਪੰਜਾਬੀ ਬੋਲਣ ਵਾਲੇ ਕਿਸੇ ਹੋਰ ਭਾਸ਼ਾ ਨੂੰ ਮਾੜਾ ਸਮਝਦੇ ਹਨ। ਭਾਵੇਂ ਕਬੀਲੇ ਦੇ ਲੋਕ ਪੜ੍ਹ-ਲਿਖ ਕੇ ਬਹੁਤ ਉੱਚੇ ਅਹੁਦਿਆਂ 'ਤੇ ਤੈਨਾਤ ਹਨ ਇਸ ਦੇ ਬਾਵਜੂਦ ਵੀ ਸਾਰੇ ਕਬੀਲੇ ਵਿੱਚ ਆਪਣੀ ਭਾਸ਼ਾ ਨੂੰ ਹੀ ਮਾਣ ਅਤੇ ਵਡਿਆਈ ਦਿੱਤੀ ਜਾਂਦੀ ਹੈ। ਦੂਸਰੀਆਂ ਭਾਸ਼ਾਵਾਂ ਅਤੇ ਅੰਗਰੇਜ਼ੀ ਬੋਲਣ ਵਾਲੇ ਨੂੰ 'ਕੌਰ ਈ ਬਣ ਗਿਓ' ਦਾ ਤਾਅਨਾ ਮਾਰਿਆ ਜਾਂਦਾ ਹੈ ਜਿਸਦਾ ਮਤਲਬ ਹੈ ਇਹ ਬੰਦਾ ਹੁਣ ਆਪਣੇ ਕਬੀਲੇ ਦੇ ਯੋਗ ਨਹੀਂ ਰਿਹਾ।

ਬਾਜ਼ੀਗਰ ਕਬੀਲੇ ਦਾ ਆਪਣਾ ਹੀ ਇੱਕ ਨਿਆਂ ਪ੍ਰਬੰਧ ਹੈ। ਅੱਜ ਵੀ ਫ਼ੌਜਦਾਰੀ ਅਤੇ ਦੀਵਾਨੀ ਝਗੜੇ ਇਨ੍ਹਾਂ ਦੀ ਆਪਣੀ ਮਹਾਸਭਾ ਜਿਸਨੂੰ 'ਢੋਅ' ਆਖਦੇ ਹਨ, ਵਿੱਚ ਬੈਠ ਕੇ ਨਬੇੜੇ ਜਾਂਦੇ ਹਨ। ਭਾਵੇਂ ਕਿ ਕਈ ਪੀੜਤ ਧਿਰਾਂ ਆਪਣੀ ਸ਼ਿਕਾਇਤ ਥਾਣਿਆਂ,

ਕਚਹਿਰੀਆਂ ਵਿੱਚ ਵੀ ਲੈ ਜਾਂਦੀਆਂ ਹਨ ਪਰ ਅੱਜ ਵੀ ਇਨ੍ਹਾਂ ਝਗੜਿਆਂ ਦਾ ਅੰਤ ਕਬੀਲੇ ਦੀ ਪੰਚਾਇਤ ਵਿੱਚ ਆ ਕੇ ਹੀ ਹੁੰਦਾ ਹੈ। ਕਬੀਲੇ ਦੀ ਪੰਚਾਇਤ ਵਿੱਚ ਜ਼ਿਆਦਾ ਝਗੜੇ ਵਿਆਹ ਪ੍ਰਬੰਧ ਨਾਲ ਸੰਬੰਧਤ ਹੁੰਦੇ ਹਨ ਜਿਹੜੇ ਕਿ ਕਬੀਲੇ ਦੀ ਮਹਾਸਭਾ 'ਢੋਅ' ਦੁਆਰਾ ਕਈ ਵੱਖ-ਵੱਖ ਬੈਠਕਾਂ ਕਰਕੇ ਬਹੁਤ ਹੀ ਸਹਿਜ ਢੰਗ ਨਾਲ ਨਿਪਟਾਏ ਜਾਂਦੇ ਹਨ। ਅੱਜ ਦੇ ਇਸ ਗਲੋਬਲ ਯੁੱਗ ਵਿਚ ਭਾਵੇਂ ਕਿ ਬਾਜ਼ੀਗਰ ਕਬੀਲੇ ਨੇ ਹਰ ਪੱਖੋਂ ਵਿਕਾਸ ਕੀਤਾ ਹੈ। ਪਰ ਫਿਰ ਵੀ ਬਾਜ਼ੀਗਰ ਕਬੀਲੇ ਨੇ ਆਪਣੀ ਭਾਸ਼ਾ ਅਤੇ ਸਭਿਆਚਾਰ ਦੀਆਂ ਸੂਖ਼ਮ ਪਰਤਾਂ ਅਤੇ ਵਰਤਾਰੇ ਨੂੰ ਮੂਲ ਰੂਪ ਵਿੱਚ ਬਣਾ ਕੇ ਰੱਖਿਆ ਹੋਇਆ ਹੈ। ਇਹੀ ਇਸ ਕਬੀਲੇ ਦੇ ਅਧਿਐਨ ਦੀ ਖ਼ਾਸ ਵਿਸ਼ੇਸ਼ਤਾ ਹੈ।

ਬਾਜ਼ੀਗਰ ਕਬੀਲੇ ਦੀ ਇਤਿਹਾਸਕ ਪਿੱਠ ਭੂਮੀ

ਬਾਜ਼ੀਗਰ ਕਬੀਲੇ ਦਾ ਇਤਿਹਾਸਕ ਪਿਛੋਕੜ ਜਾਣਨ ਲਈ ਇਸ ਕਬੀਲੇ ਨਾਲ ਜੁੜੇ ਇਤਿਹਾਸਕ ਤੱਥਾਂ ਅਤੇ ਦੰਤ ਕਥਾਵਾਂ ਦਾ ਵਿਸ਼ਲੇਸ਼ਣ ਕਰਕੇ ਕੁਝ ਕੜੀਆਂ ਜੋੜਨੀਆਂ ਪੈਂਦੀਆਂ ਹਨ। ਬਾਜ਼ੀਗਰ ਕਬੀਲੇ ਦੇ ਇਤਿਹਾਸ ਸੰਬੰਧੀ ਸਪੱਸ਼ਟ ਅਤੇ ਪ੍ਰਮਾਣਿਕ ਵੇਰਵੇ ਬਹੁਤ ਘੱਟ ਮਿਲਦੇ ਹਨ। ਪਰ ਫਿਰ ਵੀ ਕੁਝ ਇਤਿਹਾਸਕ, ਮਿਥਿਹਾਸਕ ਵੇਰਵਿਆਂ ਅਤੇ ਦੰਦ ਕਥਾਵਾਂ 'ਤੇ ਆਧਾਰ 'ਤੇ ਕੁਝ ਸਿੱਟੇ ਜ਼ਰੂਰ ਕੱਢੇ ਜਾ ਸਕਦੇ ਹਨ। ਬਾਜ਼ੀਗਰ ਕਬੀਲੇ ਵਿੱਚ ਇਸਦੇ ਇਤਿਹਾਸ ਸੰਬੰਧੀ ਪੀੜ੍ਹੀ ਦਰ ਪੀੜ੍ਹੀ ਚਲਦੀਆਂ ਆ ਰਹੀਆਂ ਗੌਰਵਸ਼ਾਲੀ ਮੌਖਿਕ ਕਥਾਵਾਂ ਅਤੇ ਧਾਰਨਾਵਾਂ ਇਸ ਕਬੀਲੇ ਦੇ ਗੌਰਵਮਈ ਇਤਿਹਾਸ ਵੱਲ ਇਸ਼ਾਰਾ ਕਰਦੀਆਂ ਹਨ। ਬਾਜ਼ੀਗਰ ਕਬੀਲੇ ਦੀ ਮਹਾ ਪੰਚਾਇਤ ਅਤੇ ਛੋਟੇ-ਮੋਟੇ ਇਕੱਠਾਂ ਵਿੱਚ ਇਹ ਗੱਲ ਅਕਸਰ ਦੁਹਰਾਈ ਜਾਂਦੀ ਹੈ ਕਿ ਸਾਡੇ ਖੋਏ ਹੋਏ ਰਾਜ ਭਾਗ ਦੀਆਂ ਚਾਬੀਆਂ ਸਾਨੂੰ ਇੱਕ ਨਾ ਇੱਕ ਦਿਨ ਜ਼ਰੂਰ ਮਿਲਣਗੀਆਂ। ਕਿਹੜਾ ਰਾਜ? ਕਿਹੜਾ ਇਲਾਕਾ? ਇਸ ਸੰਬੰਧੀ ਕੋਈ ਠੋਸ ਵੇਰਵੇ ਪ੍ਰਾਪਤ ਨਹੀਂ ਹਨ। ਬਾਜ਼ੀਗਰ ਕਬੀਲੇ ਦੇ ਲੋਕ ਆਪਣਾ ਇਤਿਹਾਸਕ ਪਿਛੋਕੜ ਰਾਜਪੂਤ ਰਾਜਿਆਂ ਨਾਲ ਜੋੜਦੇ ਹਨ। ਭਾਰਤ ਵਿੱਚ ਰਾਜਪੂਤ ਰਿਆਸਤਾਂ ਦੇ ਖ਼ੇਰੂੰ-ਖ਼ੇਰੂੰ ਹੋ ਜਾਣ ਅਤੇ ਮੁਗ਼ਲ ਸਲਤਨਤ ਦੇ ਸਥਾਪਤ ਹੋ ਜਾਣ 'ਤੇ ਇਹ ਲੋਕ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਹਿਜ਼ਰਤ ਕਰ ਗਏ ਜਿਸਦਾ ਮੁੱਖ ਕਾਰਨ ਮਾਣ ਮਰਿਆਦਾ ਅਤੇ ਆਤਮ ਸੁਰੱਖਿਆ ਹੀ ਸੀ। ਇਨ੍ਹਾਂ ਵਿੱਚੋਂ ਜ਼ਿਆਦਾਤਰ ਲੋਕ ਗੁਜਰਾਤ ਅਤੇ ਪਾਕਿਸਤਾਨ ਦੇ ਬਾਰ ਦੇ ਇਲਾਕੇ ਵਿਚ ਪਨਾਹਗੀਰ ਬਣ ਗਏ। ਇਨ੍ਹਾਂ ਲੋਕਾਂ 'ਤੇ ਮੁਗਲ ਕਾਲ ਦੇ ਸ਼ੁਰੂ ਤੋਂ ਲੈ ਕੇ ਅੰਤ ਤੱਕ ਹਮਲਾਵਰਾਂ ਵੱਲੋਂ ਏਨੇ ਜ਼ੁਲਮ ਹੋਏ ਕਿ ਇਹ ਲੋਕ ਕਿਸੇ ਬਾਹਰਲੇ ਵਿਅਕਤੀ ਨੂੰ ਆਪਣੀ ਜਾਤ ਅਤੇ ਨਾਂ ਦੱਸਣ ਤੋਂ ਵੀ ਡਰਦੇ ਸਨ। ਜੇ ਕੋਈ ਇਨ੍ਹਾਂ ਲੋਕਾਂ ਨੂੰ ਇਨ੍ਹਾਂ ਦਾ ਨਾਂ ਥਾਂ ਪੁੱਛਦਾ ਤਾਂ ਅੱਗੋਂ ਇਹ ਇਸਦਾ ਉੱਤਰ 'ਮੈਂ ਗੁਆਰ ਛੂੰ' ਆਖ ਕੇ ਦਿੰਦੇ ਜਿਸਦਾ ਭਾਵ ਇਕ ਤੁਛ ਵਿਅਕਤੀ ਹੈ। ਇਹ ਲੋਕ ਆਪਣੇ ਗੁਜ਼ਾਰੇ ਲਈ ਡਾਚੀਆਂ, ਊਠ, ਮੱਝਾਂ ਅਤੇ ਬੱਕਰੀਆਂ ਪਾਲਦੇ ਹਨ। ਬਾਜ਼ੀਗਰ ਕਬੀਲੇ ਦੇ ਵਰਤੀਆ ਗੋਤ ਦੇ ਲੋਕਾਂ ਦੇ 52 ਪਾੜੇਂ ਹਨ। ਇਨ੍ਹਾਂ ਦਾ ਮੱਤ ਹੈ ਕਿ ਬਾਜ਼ੀਗਰ ਚਿਤੌੜਗੜ੍ਹ ਦੇ ਮੂਲ ਨਿਵਾਸੀ ਹਨ।[14]

ਬਾਜ਼ੀਗਰ ਕਬੀਲੇ ਦੇ ਲੋਕ ਆਪਣਾ ਪਿੱਛਾ ਮਹਾਰਾਣਾ ਪ੍ਰਤਾਪ, ਜੈਮਲ ਫੱਤਾ ਅਤੇ ਪ੍ਰਿਥਵੀ ਰਾਜ ਚੌਹਾਨ ਨਾਲ ਵੀ ਜੋੜਦੇ ਹਨ। ਬਾਜ਼ੀਗਰ ਕਬੀਲੇ ਵਿਚ 'ਸ਼ਹੀਦ ਬੀਬੀਆਂ' ਦੀਆਂ ਕੰਦੂਰੀਆਂ ਦੇਣ ਸੰਬੰਧੀ ਇਹ ਕਥਾ ਪ੍ਰਚਲਿਤ ਹੈ : "ਅਕਬਰ ਨੇ ਕਬੀਲੇ ਦੀਆਂ ਚਾਰ ਸੁੰਦਰ ਲੜਕੀਆਂ ਨੂੰ ਬੰਦੀ ਬਣਾ ਲਿਆ ਸੀ ਜਿਨ੍ਹਾਂ ਵਿਚ ਜੈਮਲ ਦੀ ਲੜਕੀ 'ਸੰਦਲਾਂ' ਵੀ ਸੀ। ਅਕਬਰ ਇਨ੍ਹਾਂ ਲੜਕੀਆਂ ਨੂੰ ਆਪਣੇ ਰਾਜ ਦਰਬਾਰ ਦੀ ਸ਼ਾਨ ਬਣਾਉਣਾ ਚਾਹੁੰਦਾ ਸੀ। ਇਨ੍ਹਾਂ ਲੜਕੀਆਂ ਨੇ ਅਕਬਰ ਦੀ ਈਨ ਨਾ ਮੰਨਦੇ ਹੋਏ ਅੱਗ ਵਿਚ ਛਾਲ ਮਾਰ ਕੇ ਸ਼ਹਾਦਤ ਦੇ ਦਿੱਤੀ ਸੀ।" ਕਬੀਲੇ ਵਿਚ ਇਨ੍ਹਾਂ ਸ਼ਹੀਦ ਬੀਬੀਆਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਕੰਦੂਰੀਆਂ (ਕੰਨਿਆ ਭੋਜਨ) ਦਿੱਤੀਆਂ ਜਾਂਦੀਆਂ ਹਨ। ਕਬੀਲੇ ਵਿਚ ਬੀਬੀਆਂ ਦੀਆਂ ਕੰਦੂਰੀਆਂ ਦੇਣ ਦੀ ਰਵਾਇਤ ਇਹ ਸਿੱਧ ਕਰਦੀ ਹੈ ਕਿ ਬਾਜ਼ੀਗਰ ਕਬੀਲਾ 'ਮੁਗ਼ਲ ਵਿਰੋਧੀ' ਅਤੇ 'ਰਾਜਪੂਤ ਹਿਤੈਸ਼ੀ' ਰਿਹਾ ਹੈ। ਕਬੀਲੇ ਵਿਚ ਪੀੜ੍ਹੀ ਦਰ ਪੀੜ੍ਹੀ ਚਲਦੀਆਂ ਆ ਰਹੀਆਂ ਮੌਖਿਕ ਕਥਾਵਾਂ ਵਿਚ ਇਹ ਸੰਕੇਤਕ ਵੇਰਵੇ ਮਿਲਦੇ ਹਨ ਕਿ 'ਬਾਜ਼ੀਗਰ ਲੋਕ' ਰਾਜਪੂਤ ਸੈਨਾਵਾਂ ਵਿਚ ਉੱਚ ਅਹੁਦਿਆਂ 'ਤੇ ਤੈਨਾਤ ਸੈਨਾਪਤੀ ਅਤੇ ਲੜਾਕੂ ਸਨ।

ਕਬੀਲਾ ਬਜ਼ੁਰਗਾਂ ਦੀਆਂ ਮੌਖਿਕ ਕਥਾਵਾਂ ਅਨੁਸਾਰ ਬਾਜ਼ੀਗਰ ਕਬੀਲਾ ਮੁਗ਼ਲ ਕਾਲ ਤੋਂ ਪਹਿਲਾਂ ਭਾਰਤ ਦੇ ਰਾਜਸਥਾਨ ਰਾਜ ਵਿੱਚ ਬਹੁਤ ਹੀ ਖੁਸ਼ਹਾਲੀ ਭਰਿਆ ਜੀਵਨ ਬਤੀਤ ਕਰ ਰਿਹਾ ਸੀ। ਇਹ ਲੋਕ ਦੂਰ ਦੁਰਾਡੀਆਂ ਥਾਵਾਂ 'ਤੇ ਆਪਣਾ ਮਾਲ ਇੱਜੜ ਲੈ ਕੇ ਨਿਕਲ ਜਾਂਦੇ ਸਨ. ਤੇ ਲੋੜ ਪੈਣ 'ਤੇ ਮੌਸਮ ਅਨੁਸਾਰ ਵਾਪਸ ਪਰਤ ਆਉਂਦੇ ਸਨ। ਮੁਗ਼ਲਾਂ ਦੇ ਲਗਾਤਾਰ ਹਮਲਿਆਂ ਨੇ ਜਿੱਥੇ ਭਾਰਤੀ ਰਿਆਸਤਾਂ ਨੂੰ ਤਹਿਸ-ਨਹਿਸ ਕਰ ਦਿੱਤਾ, ਉੱਥੇ ਰਾਜਪੂਤ ਰਾਜਿਆਂ ਦੀ ਆਪਸੀ ਖਹਿਬਾਜ਼ੀ ਅਤੇ ਲੜਾਈਆਂ ਨੇ ਇਸ ਕਬੀਲੇ ਨੂੰ ਮੂਲੋਂ ਹੀ ਜੜ੍ਹਹੀਣ ਕਰ ਦਿੱਤਾ ਸੀ। ਇਸ ਪ੍ਰਕਾਰ ਹਮਲਿਆਂ ਦੀ ਲਗਾਤਾਰ ਤਬਾਹੀ ਅਤੇ ਅਸੁਰੱਖਿਆ ਦੀ ਭਾਵਨਾ ਨੇ ਇਸ ਕਬੀਲੇ ਨੂੰ ਭਾਰਤ ਦੇ ਹੋਰ ਹਿੱਸਿਆਂ ਵਿੱਚ ਹਿਜ਼ਰਤ ਕਰਨ ਲਈ ਮਜ਼ਬੂਰ ਕਰ ਦਿੱਤਾ। ਇਸ ਪ੍ਰਕਾਰ ਇਹਨਾਂ ਵਿੱਚੋਂ ਬਹੁਤ ਸਾਰੇ ਬਾਜ਼ੀਗਰ ਬਾਰ ਦੇ ਜੰਗਲੀ ਇਲਾਕਿਆਂ ਅਤੇ ਗੁਜਰਾਤ ਦੇ ਉਪਜਾਊ ਇਲਾਕਿਆਂ ਵਿੱਚ ਜਾ ਕੇ ਵੱਸ ਗਏ। ਉੱਥੇ ਇਹ ਲੋਕ ਡਾਚੀਆਂ, ਊਠ ਅਤੇ ਬੱਕਰੀਆਂ ਪਾਲ ਕੇ ਆਪਣਾ ਗੁਜ਼ਾਰਾ ਕਰਨ ਲੱਗ ਪਏ। ਇਹਨਾਂ ਦਾ ਜੀਵਨ ਆਤਮ ਨਿਰਭਰਤਾ ਵਾਲਾ ਸੀ। ਇਹ ਦਿਨ ਵੇਲੇ ਆਪਣਾ ਮਾਲ ਇੱਜੜ ਜੰਗਲ ਬੇਲਿਆਂ ਵਿਚ ਚਾਰਦੇ ਅਤੇ ਰਾਤ ਨੂੰ ਢੋਲੇ ਮਾਹੀਏ ਗਾ ਕੇ ਬਹੁਤ ਹੀ ਖੁੱਲ੍ਹਾ-ਡੁੱਲ੍ਹਾ ਅਤੇ ਬੇਪ੍ਰਵਾਹ ਜੀਵਨ ਬਤੀਤ ਕਰਨ ਲੱਗ ਪਏ।

ਲਗਭਗ ਅੱਠਵੀਂ ਸਦੀ ਤੋਂ ਲੈ ਕੇ ਰਾਜਸਥਾਨ 'ਤੇ ਹੋਏ ਲਗਾਤਾਰ ਹਮਲਿਆਂ ਨੇ, ਜਿੱਥੇ ਇਨ੍ਹਾਂ ਲੋਕਾਂ ਨੂੰ ਆਪਣਾ ਮਾਲ ਪਸ਼ੂ ਲੈ ਕੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਨਿਕਲ ਜਾਣ ਲਈ ਮਜ਼ਬੂਰ ਕੀਤਾ, ਉੱਥੇ ਨਾਲ ਹੀ 1871 ਵਿੱਚ ਕਬੀਲਿਆਂ 'ਤੇ ਲਾਗੂ ਹੋਏ ਜਰਾਇਮ ਪੇਸ਼ਾ ਐਕਟ ਨੇ ਕਬੀਲਿਆਂ ਦੀ ਰੀੜ੍ਹ 'ਤੇ ਗਹਿਰੀ ਸੱਟ ਮਾਰੀ। ਡੇਵਿਡ ਅਰਨੋਲਡ ਅਨੁਸਾਰ ਜਰਾਇਮ ਪੇਸ਼ਾ ਐਕਟ ਉਨ੍ਹਾਂ ਖਾਨਾਬਦੋਸ਼ ਸਮੂਹਾਂ, ਘੁਮੰਤੂ ਵਪਾਰੀਆਂ, ਚਰਵਾਹਿਆਂ, ਪੱਖੀਵਾਸਾਂ, ਪਹਾੜੀਆਂ 'ਤੇ ਰਹਿਣ ਵਾਲੇ, ਜਾਂਗਲੀ ਲੋਕਾਂ ਅਤੇ ਸੰਖੇਪ ਵਿੱਚ ਉਨ੍ਹਾਂ

ਹਾਸ਼ਿਆਗਤ ਲੋਕਾਂ ਲਈ ਸੀ ਜਿਹੜੇ ਬਸਤੀਵਾਦੀ ਢਾਂਚੇ ਦੀਆਂ ਸਥਾਈ ਖੇਤੀ ਅਤੇ ਮਜ਼ਦੂਰੀ ਦੀਆਂ ਲੋੜਾਂ 'ਤੇ ਖ਼ਰੇ ਨਹੀਂ ਉਤਰਦੇ ਸਨ। ਇਸ ਤਰ੍ਹਾਂ ਬਾਜ਼ੀਗਰ ਕਬੀਲੇ ਦੇ ਲੋਕ ਵੀ ਲੰਮਾ ਸਮਾਂ ਬਰਤਾਨਵੀ ਹਕੂਮਤ ਦੇ ਪੱਖਪਾਤ ਅਤੇ ਜ਼ਿੱਲਤ ਦਾ ਸ਼ਿਕਾਰ ਬਣੇ ਰਹੇ। ਆਜ਼ਾਦੀ ਤੋਂ ਬਾਅਦ ਹੀ ਇਨ੍ਹਾਂ ਲੋਕਾਂ ਨੂੰ ਕੁਝ ਆਰਾਮ ਮਿਲਿਆ ਪਰ ਇਸ ਸਮੇਂ ਤੱਕ ਇਹ ਲੋਕ ਗੁਰਬਤ ਅਤੇ ਮਾੜੀ ਆਰਥਿਕਤਾ ਦਾ ਸ਼ਿਕਾਰ ਹੋ ਚੁੱਕੇ ਸਨ। ਇਹ ਲੋਕ ਹੁਣ ਆਤਮ ਨਿਰਭਰ ਨਾ ਹੋ ਕੇ ਕਿਸਾਨੀ 'ਤੇ ਨਿਰਭਰ ਹੋ ਗਏ ਸਨ। ਇਸ ਤਰ੍ਹਾਂ ਬਾਜ਼ੀਗਰ ਲੋਕ ਅਨਿਸਚਿਤਤਾ ਦੇ ਇਕ ਲੰਮੇ ਦੌਰ ਵਿੱਚੋਂ ਗੁਜ਼ਰਦਿਆਂ ਆਪਣਾ ਬੜਾ ਕੁਝ ਗਵਾ ਚੁੱਕੇ ਸਨ।

ਕਬੀਲੇ ਦੇ ਇਤਿਹਾਸ ਸੰਬੰਧੀ ਵਿਦਵਾਨਾਂ ਅਤੇ ਸਮਾਜ ਸ਼ਾਸਤਰੀਆਂ ਦੀ ਰਾਇ ਵੱਖੋ ਵੱਖਰੀ ਹੈ। ਸਾਰਾ ਬਾਜ਼ੀਗਰ ਕਬੀਲਾ ਖ਼ਾਸ ਤੌਰ 'ਤੇ ਇਸ ਤਰ੍ਹਾਂ ਦੀਆਂ ਧਾਰਨਾਵਾਂ ਨਾਲ ਜੁੜਿਆ ਹੋਇਆ ਹੈ। ਬਾਜ਼ੀਗਰ ਕਬੀਲੇ ਦੇ ਇਤਿਹਾਸ ਬਾਰੇ ਇਕੱਤਰ ਜਾਣਕਾਰੀ ਤੋਂ ਹੇਠ ਲਿਖੀਆਂ ਮੁੱਖ ਧਾਰਨਾਵਾਂ ਉੱਭਰ ਕੇ ਸਾਹਮਣੇ ਆਉਂਦੀਆਂ ਹਨ :

ਪਹਿਲੀ ਧਾਰਨਾ : ਬਾਜ਼ੀਗਰ ਕਬੀਲੇ ਦੇ ਬਜ਼ੁਰਗਾਂ ਅਤੇ ਸਿਆਣੇ ਲੋਕ ਕਬੀਲਾ ਪੰਚਾਇਤਾਂ ਵਿਚ ਇਹ ਕਥਾ ਅਕਸਰ ਦੁਹਰਾਉਂਦੇ ਰਹੇ ਹਨ ਕਿ ਪੂਰੀ ਦਿੱਲੀ 'ਤੇ ਸਾਡਾ ਰਾਜ ਸੀ। ਮੁਗਲਾਂ ਅਤੇ ਤੁਰਕਾਂ ਨਾਲ ਲੰਬੇ ਸਮੇਂ ਤੱਕ ਸੰਘਰਸ਼ ਕਰਦੇ-ਕਰਦੇ ਸਾਡੇ ਰਾਜੇ ਅਤੇ ਸਰਦਾਰ ਬੁਰੀ ਤਰ੍ਹਾਂ ਟੁੱਟ ਗਏ ਸਨ। ਅੰਤ ਉਨ੍ਹਾਂ ਦੀ ਹਾਰ ਹੋਈ ਅਤੇ ਸਾਡੇ ਲੋਕਾਂ ਨੇ ਜੰਗਲ ਵਿਚ ਜਾ ਪਨਾਹ ਲਈ ਅਤੇ ਖਾਨਾਬਦੋਸ਼ ਜ਼ਿੰਦਗੀ ਜਿਊਣ ਲੱਗ ਪਏ।

ਦੂਜੀ ਧਾਰਨਾ : ਇਸ ਧਾਰਨਾ ਅਨੁਸਾਰ ਬਾਜ਼ੀਗਰ ਕਬੀਲੇ ਦੇ ਪੂਰਵਜ਼ ਦ੍ਰਾਵਿੜ ਹਨ। ਇਸ ਪ੍ਰਕਾਰ ਬਾਜ਼ੀਗਰ ਭਾਰਤ ਦੀਆਂ ਮੂਲ ਆਦਮ ਜਾਤੀਆਂ ਦੇ ਵੰਸ਼ਜ ਹਨ। ਕਬੀਲੇ ਦੇ ਕਾਫ਼ੀ ਸਮੂਹ, ਜਿਨ੍ਹਾਂ ਨੂੰ ਵਿਦੇਸ਼ੀ ਮੁਲਕਾਂ ਵਿੱਚ ਜਿਪਸੀ (Gypsy) ਕਿਹਾ ਜਾਂਦਾ ਹੈ, ਉਹ ਸਾਰੇ ਲੋਕ ਭਾਰਤ ਵਿੱਚੋਂ ਹੀ ਵਿਦੇਸ਼ਾਂ ਵੱਲ ਗਏ ਹਨ। ਬਾਜ਼ੀਗਰ ਵਣਜਾਰਿਆਂ ਦਾ ਟਾਂਡਾ (caravan) ਜਦੋਂ ਕੁਝ ਦਿਨਾਂ ਲਈ ਕਿਸੇ ਥਾਂ 'ਤੇ ਰੁਕਦਾ ਸੀ ਤਾਂ ਪੱਖੀਆਂ ਦਾ ਦਰਵਾਜ਼ਾ ਜਾਂ ਮੂੰਹ ਪੂਰਬ ਦਿਸ਼ਾ ਵੱਲ ਰੱਖਿਆ ਜਾਂਦਾ ਸੀ। ਕਿਸੇ ਸਮਾਜਿਕ ਸਮਾਰੋਹ ਜਾਂ ਪੰਚਾਇਤ ਵਿੱਚ ਬੈਠਣ ਸਮੇਂ ਬਾਜ਼ੀਗਰ ਗੋਲਾਕਾਰ ਦੀ ਸ਼ਕਲ ਵਿੱਚ ਬੈਠਦੇ ਹਨ। ਰਾਜਪੂਤਾਂ ਵਿੱਚ ਵੀ ਅਜਿਹਾ ਹੀ ਪ੍ਰਚਲਨ ਹੈ ਜਿਹੜਾ ਕਿ ਇਨ੍ਹਾਂ ਦੇ ਰਾਜਪੂਤਾਂ ਨਾਲ ਗਹਿਰੇ ਸੰਬੰਧਾਂ ਨੂੰ ਸਿੱਧ ਕਰਦਾ ਹੈ।

ਤੀਜੀ ਧਾਰਨਾ : ਇਸ ਧਾਰਨਾ ਦੇ ਅਨੁਸਾਰ ਕਿਸੇ ਵੇਲੇ ਬੀਕਾਨੇਰ ਅਤੇ ਜੋਧਪੁਰ ਦੇ ਮੱਧ ਵਿੱਚੋਂ 'ਆਕੜਾ' ਨਦੀ ਗੁਜ਼ਰਦੀ ਸੀ। ਨਦੀ ਦਾ ਪਰਵਾਹ ਬਦਲ ਕੇ ਮੁਲਤਾਨ ਵੱਲ ਹੋ ਗਿਆ। ਇਸ ਤਰ੍ਹਾ ਬੀਕਾਨੇਰ ਅਤੇ ਜੋਧਪੁਰ ਬੁਰੀ ਤਰ੍ਹਾਂ ਸੋਕਾਗ੍ਰਸਤ ਹੋ ਗਿਆ ਅਤੇ ਅਕਾਲ ਵਰਗੀ ਸਥਿਤੀ ਪੈਦਾ ਹੋ ਗਈ ਜਿਸ ਕਰਕੇ ਇਸ ਕਬੀਲੇ ਦੇ ਲੋਕਾਂ ਨੂੰ ਆਪਣੇ ਆਪ ਨੂੰ ਅਤੇ ਆਪਣੇ ਪਸ਼ੂ ਧਨ ਨੂੰ ਬਚਾਉਣ ਲਈ ਹੋਰ ਪ੍ਰਦੇਸ਼ਾਂ ਵੱਲ ਕੂਚ ਕਰਨਾ ਪਿਆ। ਬਾਰ ਦੀ 1881 ਦੀ ਜਨਗਣਨਾ ਵਿੱਚ ਲਿਖਿਆ ਹੋਇਆ ਹੈ ਕਿ ਮੂਲ 'ਗੌਰ ਵਣਜਾਰਿਆਂ' ਅਤੇ ਅੱਜ ਦੇ 'ਵਣਜਾਰਿਆਂ' ਵਿੱਚ ਕੋਈ ਫ਼ਰਕ ਨਹੀਂ ਹੈ ਜਿਨ੍ਹਾਂ ਨੂੰ ਕਿ

ਮਦਰਾਸ ਦੀ ਪ੍ਰੈਜ਼ੀਡੈਂਸੀ ਵਿੱਚ ਦੇਵਨੇਰ ਨੇ ਵੇਖਿਆ ਸੀ, ਜਿਸਦਾ ਜ਼ਿਕਰ ਉਸਨੇ ਆਪਣੀਆਂ ਯਾਤਰਾਵਾਂ ਵਿੱਚ 'ਮਾਰੀ' ਜਾਤੀ ਦੇ ਰੂਪ ਵਿੱਚ ਕੀਤਾ ਹੈ ਅਤੇ ਇੱਕਰਈਅਨ ਨੇ ਇਨ੍ਹਾਂ ਦਾ ਜ਼ਿਕਰ ਘੁਮੰਤੂ ਜਾਤੀ ਦੇ ਰੂਪ ਵਿਚ ਕੀਤਾ ਸੀ।[15]

ਚੌਥੀ ਧਾਰਨਾ : ਬਾਜ਼ੀਗਰ ਕਬੀਲੇ ਦੇ ਲੋਕਾਂ ਸੰਬੰਧੀ ਗਧਵੱਈਆ ਦੀ ਇਹ ਧਾਰਨਾ ਹੈ ਕਿ ਬਾਜ਼ੀਗਰ ਲੋਕ ਮੁੱਖ ਤੌਰ 'ਤੇ ਉੱਤਰ ਪੱਛਮੀ ਭਾਰਤ ਦੇ ਚਾਚਾਵਾਰ ਲੋਕ ਹਨ ਜਿਨ੍ਹਾਂ ਦੀ ਬਹੁਤ ਵੱਡੀ ਸੰਖਿਆ ਮੱਧ ਪ੍ਰਦੇਸ਼ ਵਿੱਚ ਵਸੀ ਹੋਈ ਹੈ। ਗੌਰ ਵਣਜਾਰੇ ਕਈ ਪ੍ਰਕਾਰ ਦੇ ਨਾਵਾਂ ਨਾਲ ਜਾਣੇ ਜਾਂਦੇ ਹਨ ਜਿਨ੍ਹਾਂ ਵਿੱਚ ਬਲਦੀਆ, ਮਾਰੂ, ਬ੍ਰਹਣੀਆਂ ਆਦਿ। ਇਹ ਵੀ ਗੱਲ ਪ੍ਰਸਿੱਧ ਹੈ ਕਿ ਮਹਾਰਾਣਾ ਲਾਖਾ ਦੇ ਸਮੇਂ 'ਪਿਛੋਲਾ ਝੀਲ' ਵੀ ਵਣਜਾਰਿਆਂ ਨੇ ਹੀ ਬਣਾਈ ਸੀ। ਇਨ੍ਹਾਂ ਲੋਕਾਂ ਦੇ ਰਾਜਸਥਾਨ ਵਿੱਚੋਂ ਹਿਜ਼ਰਤ ਕਰ ਜਾਣ ਦੇ ਮੁੱਖ ਕਾਰਨ ਹੇਠ ਲਿਖੇ ਹਨ :

1. ਸੋਕਾ ਪੈਣ ਕਾਰਨ ਹੋਰਨਾਂ ਪ੍ਰਦੇਸ਼ਾਂ ਵਿੱਚ ਪਾਣੀ ਦੀ ਭਾਲ ਵਿੱਚ ਨਿਕਲਣਾ
2. ਹਰੀਆਂ ਚਾਰਗਾਹਾਂ ਦੀ ਭਾਲ ਵਿੱਚ ਨਿਕਲਣਾ
3. ਰਾਜਪੂਤ ਰਾਜਿਆਂ ਦੀ ਆਪਸੀ ਖਹਿਬਾਜ਼ੀ ਕਾਰਨ ਉਨ੍ਹਾਂ ਦਾ ਪਰਜਾ ਵੱਲ ਕੋਈ ਧਿਆਨ ਨਾ ਦੇਣਾ
4. ਮੁਗਲਾਂ ਅਤੇ ਹੋਰ ਵਿਦੇਸ਼ੀ ਹਮਲਾਵਰਾਂ ਦੇ ਲਗਾਤਾਰ ਹੋ ਰਹੇ ਹਮਲਿਆਂ ਕਾਰਨ ਇਹ ਲੋਕ ਆਪਣੀ ਧਰਤੀ 'ਤੇ ਅਸੁਰੱਖਿਅਤ ਮਹਿਸੂਸ ਕਰਨ ਲੱਗ ਪਏ ਸਨ। ਇਸ ਤਰ੍ਹਾਂ ਇਸ ਕਬੀਲੇ ਦੇ ਲੋਕ ਆਪਣੇ ਪਰਿਵਾਰ ਅਤੇ ਪਸ਼ੂ ਆਦਿ ਲੈ ਕੇ ਭਾਰਤ ਦੀਆਂ ਵੱਖ-ਵੱਖ ਦਿਸ਼ਾਵਾਂ ਵੱਲ ਕੂਚ ਕਰ ਗਏ। ਇਨ੍ਹਾਂ ਵਿੱਚੋਂ ਬਹੁਤੇ ਲੋਕ ਗੁਜਰਾਤ, ਪਾਕਿਸਤਾਨ ਅਤੇ ਬ੍ਰਜ ਵੱਲ ਵੀ ਗਏ। ਇਸ ਕਬੀਲੇ ਦੇ ਲੋਕਾਂ ਦਾ ਰਹਿਣ-ਸਹਿਣ ਅਤੇ ਰੀਤੀ-ਰਿਵਾਜ਼ ਬ੍ਰਜ ਦੇ ਰਾਜਪੂਤਾਂ ਨਾਲ ਕਾਫ਼ੀ ਮਿਲਦਾ-ਜੁਲਦਾ ਹੈ। ਬ੍ਰਜ ਦੇ ਰਾਜਪੂਤ ਲੋਕਾਂ ਦੇ ਗੋਤਰ ਅਤੇ ਉਪਜਾਤੀਆਂ ਗੌਰ ਵਣਜਾਰਾ ਕਬੀਲੇ ਦੇ ਲੋਕਾਂ ਨਾਲ ਬਿਲਕੁਲ ਮਿਲਦੀਆਂ-ਜੁਲਦੀਆਂ ਹਨ।[16]

ਪੰਜਵੀਂ ਧਾਰਨਾ : ਮੋਤੀ ਰਾਜ ਰਾਠੌਰ ਅਨੁਸਾਰ ਸਿੰਧੂ ਘਾਟੀ ਦੀ ਸਭਿਅਤਾ ਹੀ ਬਾਜ਼ੀਗਰ ਬੰਜਾਰਾ ਸਭਿਅਤਾ ਹੈ। ਲੋਕ ਮਨਾਂ ਵਿੱਚ ਵਸੇ ਹੋਏ ਲੋਕ ਗੀਤ ਅਤੇ ਪ੍ਰੰਪਰਾਵਾਂ ਅਤੇ ਕਾਰ ਵਿਹਾਰ ਗੌਰ ਵਣਜਾਰਿਆਂ ਦਾ ਇਤਿਹਾਸ ਲਿਖਣ ਵਿਚ ਸਹਾਇਕ ਦੀ ਭੂਮਿਕਾ ਨਿਭਾ ਰਹੇ ਹਨ ਜਿਸ ਦੀ ਸਹਾਇਤਾ ਨਾਲ ਬਾਜ਼ੀਗਰ ਬੰਜਾਰਾ ਦੇ ਇਤਿਹਾਸ ਦਾ ਲੇਖਾ ਜੋਖਾ ਪ੍ਰਸਤੁਤ ਕੀਤਾ ਜਾ ਸਕਦਾ ਹੈ। ਸਿੰਧੂ ਘਾਟੀ ਦੀ ਸਭਿਅਤਾ ਦੇ ਅਵਸ਼ੇਸ਼ ਵੀ ਬਾਜ਼ੀਗਰ ਵਣਜਾਰਾ ਸੰਸਕ੍ਰਿਤੀ ਦੇ ਗੀਤ ਗਾਉਂਦੇ ਅਨੁਭਵ ਹੁੰਦੇ ਹਨ। ਸਰ ਜੌਨ ਮਾਰਸ਼ਲ ਨੇ ਸਿੰਧੂ ਘਾਟੀ ਦੀ ਸਭਿਅਤਾ ਨਾਲ ਸੰਬੰਧਤ ਬਹੁਤ ਸਾਰਾ ਸਾਹਿਤ ਲਿਖਿਆ ਹੈ ਜਿਹੜਾ ਕਿ ਕਈ ਖੰਡਾਂ ਵਿੱਚ ਮਿਲਦਾ ਹੈ। ਇਸ ਸਾਹਿਤ ਦਾ ਵਿਸ਼ਲੇਸ਼ਣ ਕਰਨ ਲੱਗਿਆਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਸਿੰਧੂ ਘਾਟੀ ਦੀ ਸਭਿਅਤਾ ਹੀ ਬਾਜ਼ੀਗਰ ਵਣਜਾਰਾ ਸਭਿਅਤਾ ਹੈ। ਸਿੰਧੂ ਘਾਟੀ ਦੀ ਸਭਿਅਤਾ ਦੀ ਬਾਜ਼ੀਗਰ ਲੋਕਾਂ ਦੇ ਸਭਿਆਚਾਰ

ਨਾਲ ਤੁਲਨਾ ਕਰਦਿਆਂ ਇਹ ਗੱਲ ਵੀ ਸਪਸ਼ੱਟ ਹੁੰਦੀ ਹੈ ਕਿ ਅੱਜ ਵੀ ਇਹ ਸਭਿਅਤਾ, ਬਾਜ਼ੀਗਰ ਕਬੀਲੇ ਦੇ ਘਰਾਂ ਅਤੇ ਸਿਰਕੀਆਂ ਵਿੱਚ ਜੀਵਤ ਹੈ।[17]

ਬਾਜ਼ੀਗਰ ਗੌਰ ਵਣਜਾਰੇ ਭਾਰਤ ਦੇ ਹਰ ਇੱਕ ਰਾਜ ਵਿੱਚ ਵਸੇ ਹੋਏ ਹਨ। ਹੁਣ ਅਸੀਂ ਖ਼ਾਸ ਤੌਰ 'ਤੇ ਪੰਜਾਬ ਦੇ ਬਾਜ਼ੀਗਰ ਕਬੀਲੇ ਬਾਰੇ ਗੱਲ ਕਰਦੇ ਹਾਂ। ਆਰੀਆ ਦੀ ਆਮਦ ਤੋਂ ਪਹਿਲਾਂ ਸਿੰਧ ਅਤੇ ਪੰਜਾਬ ਵਿਚ ਅਨੇਕਾਂ ਘੁਮੱਕੜ ਜਨ-ਜਾਤੀਆਂ ਘੁੰਮ ਰਹੀਆਂ ਸਨ ਜਿਨ੍ਹਾਂ ਵਿੱਚੋਂ ਇੱਕ ਬਾਜ਼ੀਗਰ ਗੌਰ ਕਬੀਲਾ ਵੀ ਸੀ। ਬਾਜ਼ੀਗਰ ਵਣਜਾਰੇ ਲੋਕ ਅਫ਼ਗਾਨਿਸਤਾਨ ਦੀ ਅੰਤਿਮ ਸੀਮਾ ਤੱਕ ਫੈਲੇ ਹੋਏ ਸਨ। ਇਸ ਕਬੀਲੇ ਦੇ ਕੁਝ ਲੋਕ ਖ਼ੈਬਰ ਦੀ ਖਾੜੀ ਰਾਹੀਂ ਏਸ਼ੀਆ ਦੇ ਹੋਰ ਮੁਲਕਾਂ ਵਿੱਚ ਪਰਵਾਸ ਕਰ ਗਏ। ਇਹ ਲੋਕ ਘੁਮੰਤੂ ਜੀਵਨ (Nomadic life) ਬਤੀਤ ਕਰਨ ਲੱਗ ਪਏ। ਇਨ੍ਹਾਂ ਵਿੱਚੋਂ ਕੁਝ ਲੋਕ ਘੁਮੰਤੂ ਜੀਵਨ ਤਿਆਗ ਕੇ ਉੱਤਰ ਪ੍ਰਦੇਸ਼ ਵਿੱਚ ਵਸ ਗਏ ਜਿਨ੍ਹਾਂ ਵਿੱਚੋਂ ਕੁਝ ਲੋਕ ਵਪਾਰੀ ਸਨ, ਕਈਆਂ ਦਾ ਜੰਗਲਾਂ 'ਤੇ ਅਧਿਕਾਰ ਸੀ ਅਤੇ ਕੁਝ ਲੋਕ ਪਰਗਣਿਆਂ ਵਿੱਚ ਸ਼ਾਸਕ ਦੇ ਰੂਪ ਵਿੱਚ ਰਾਜ ਕਰਦੇ ਸਨ। ਉਂਨੀਵੀਂ ਸਦੀ ਦੇ ਮੱਧ ਵਿੱਚ ਬਾਜ਼ੀਗਰ ਵਣਜਾਰਾ ਕਬੀਲੇ ਦੇ ਲੋਕਾਂ ਤੋਂ ਜੰਗਲ ਖੇਤੀ ਅਤੇ ਜ਼ਮੀਨਾਂ ਆਦਿ ਖੋਹ ਲਈਆਂ ਗਈਆਂ ਅਤੇ ਇਹ ਲੋਕ ਫਿਰ ਤੋਂ ਬੇਘਰ ਹੋ ਕੇ ਫਿਰਤੂ ਜੀਵਨ ਬਤੀਤ ਕਰਨ ਲੱਗ ਪਏ।

ਬਾਜ਼ੀਗਰ ਕਬੀਲੇ ਦੇ ਲੋਕ ਆਪਣੇ ਕਬੀਲੇ ਦੇ ਲੋਕਾਂ ਨੂੰ ਸਤਿਕਾਰ ਨਾਲ 'ਗੌਰ' ਅਤੇ ਕਬੀਲੇ ਦੇ ਬਾਹਰਲੇ ਲੋਕਾਂ ਨੂੰ 'ਕੌਰ' ਕਹਿ ਕੇ ਬੁਲਾਉਂਦੇ ਹਨ। ਇਸ ਤਰ੍ਹਾਂ ਜੇ 'ਗੌਰ' ਸ਼ਬਦ ਦਾ ਗਹੁ ਨਾਲ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਗੌਰ ਸ਼ਬਦ ਬੰਗਾਲ ਦੇ ਉਨ੍ਹਾਂ 36 ਰਾਜ ਘਰਾਣਿਆਂ ਨਾਲ ਜਾ ਜੁੜਦਾ ਹੈ ਜਿਨ੍ਹਾਂ ਦਾ ਬੰਗਾਲ ਅਤੇ ਇਸਦੇ ਆਸ-ਪਾਸ ਦੇ ਇਲਾਕਿਆਂ 'ਤੇ ਕਿਸੇ ਸਮੇਂ ਰਾਜ ਰਿਹਾ ਹੈ। ਅੰਗਰੇਜ਼ ਵਿਦਵਾਨਾਂ ਸ਼ੇਰੰਗ ਅਤੇ ਇਲੀਅਟ ਹੋਰਾਂ ਅਨੁਸਾਰ ਕੁਝ ਰਾਜਪੂਤ ਰਾਜਿਆਂ ਅਤੇ ਉਨ੍ਹਾਂ ਦੀ ਪਰਜਾ ਨੇ ਆਪਣੇ ਆਪ ਨੂੰ ਗੌਰ ਰਾਜਪੂਤ ਦੱਸਿਆ ਹੈ। ਸ਼ਾਇਦ ਜਿਹੜੇ ਰਾਜਪੂਤ ਕਰੇਵਾ ਕਰਕੇ ਰਾਜਪੂਤੀ ਗੌਰਵ ਖੋ ਚੁੱਕੇ ਸਨ, ਉਨ੍ਹਾਂ ਰਾਜਪੂਤਾਂ ਨੂੰ ਗੌਰਾਂ ਨਾਲ ਜੋੜ ਦਿੱਤਾ ਜਾਂਦਾ ਹੈ। ਪਰ ਦਿੱਲੀ ਵਿੱਚ ਉਹ ਇਕ ਹੋਰ ਜਾਤੀ ਦਾ ਵੀ ਹਿੱਸਾ ਹਨ। ਗੌਰਵਾਂ ਅਤੇ ਚੌਹਾਨਾਂ, ਦੋਵਾਂ ਰਾਜਪੂਤ ਗੋਤਰਾਂ ਨੂੰ ਵਿਧਵਾ ਵਿਆਹ ਕਰਵਾਉਣ ਕਰਕੇ ਨਫ਼ਰਤ ਵਜੋਂ ਵੱਖਰੇ ਕਬੀਲਿਆਂ ਦੇ ਤੌਰ 'ਤੇ ਵੀ ਜਾਣਿਆ ਜਾਂਦਾ ਹੈ। ਅੰਗਰੇਜ਼ ਵਿਦਵਾਨ ਮਾਕੋਨਾ ਚਾਈ ਇਨ੍ਹਾਂ ਦੇ ਸੁਭਾਅ ਅਤੇ ਡੀਲ ਡੌਲ ਬਾਰੇ ਵਰਣਨ ਕਰਦੇ ਹੋਏ ਲਿਖਦੇ ਹਨ ਕਿ ਇਹ ਸਰੀਰਕ ਤੌਰ 'ਤੇ ਰਿਸ਼ਟ-ਪੁਸ਼ਟ ਅਤੇ ਸੁਭਾਅ ਦੇ ਝਗੜਾਲੂ ਹਨ ਤੇ ਕਬੀਲੇ ਵਿੱਚ ਇਨ੍ਹਾਂ ਦਾ ਸੁਭਾਅ ਬੜਾ ਮਿਜ਼ਾਜ ਭਰਿਆ ਹੈ। ਦਿੱਲੀ ਵਿੱਚ ਇਹ ਵਧੀਆ ਕਿਸਾਨ ਹਨ। ਇਸ ਤੋਂ ਇਲਾਵਾ ਇਹ ਸਤਿਕਾਰਯੋਗ ਅਤੇ ਅਗਿਆਕਾਰੀ ਵੀ ਹਨ। ਇਸ ਤਰ੍ਹਾਂ ਬਾਜ਼ੀਗਰ ਕਬੀਲੇ ਸੰਬੰਧੀ ਪ੍ਰਚੱਲਿਤ ਛੇਵੀਂ ਧਾਰਨਾ ਵੀ ਬਾਜ਼ੀਗਰ ਕਬੀਲੇ ਦੇ ਲੋਕਾਂ ਦਾ ਇਤਿਹਾਸ ਰਾਜਪੂਤ ਘਰਾਣਿਆਂ ਦੀਆਂ ਜੜ੍ਹਾਂ ਨਾਲ ਜੋੜਦੀ ਹੈ।[18] ਬਾਜ਼ੀਗਰ ਕਬੀਲੇ ਦੇ ਲੋਕਾਂ ਦਾ ਸੰਬੰਧ ਰਾਜਪੂਤਾਂ ਦੇ ਬਹਾਦਰ ਤੇ ਸ਼ਕਤੀਸ਼ਾਲੀ ਰਾਜੇ ਪ੍ਰਿਥਵੀ ਰਾਜ ਚੌਹਾਨ ਦੀ ਫੌਜ ਦੇ ਲੜਾਕੂਆਂ ਨਾਲ ਹੈ। "ਸੰਨ 1191 ਵਿੱਚ ਤਰੈਂ ਦੇ ਸਥਾਨ 'ਤੇ ਮੁਹੰਮਦ ਗੌਰੀ ਨਾਲ ਹੋਈ ਖ਼ੂਨੀ ਲੜਾਈ ਵਿੱਚ ਪ੍ਰਿਥਵੀ ਰਾਜ

ਚੌਹਾਨ ਦੀ ਸ਼ਾਨਦਾਰ ਜਿੱਤ ਹੋਈ। ਪਰ 1192 ਮੁਹੰਮਦ ਗੌਰੀ ਦੇ ਦੂਜੇ ਹਮਲੇ ਵਿਚ ਪ੍ਰਿਥਵੀ ਰਾਜ ਚੌਹਾਨ ਨੂੰ ਹਾਰ ਦਾ ਮੂੰਹ ਵੇਖਣਾ ਪਿਆ ਤੇ ਉਸ ਦੀ ਸੈਨਾ ਦੇ ਲੜਾਕੂ ਤਿੰਨ ਵੱਖ-ਵੱਖ ਹਿੱਸਿਆਂ ਵਿੱਚ ਖਿੰਡ ਗਏ ਜਿਨ੍ਹਾਂ ਵਿਚੋਂ ਕੁਝ ਪਹਾੜਾਂ ਵੱਲ ਨਿਕਲ ਗਏ ਅਤੇ ਅੰਗਰੇਜ਼ਾਂ ਦੇ ਆਉਣ ਤੱਕ ਸੱਤਾ ਹਾਸਲ ਕਰਨ ਲਈ ਸੰਘਰਸ਼ ਕਰਦੇ ਰਹੇ, ਇਹੀ ਲੋਕ ਬਾਅਦ ਵਿੱਚ ਬਾਜ਼ੀਗਰ ਬੰਜਾਰੇ ਕਹਾਉਣ ਲੱਗ ਪਏ।"[19] ਇਸ ਹਨੇਰੇ ਸਮੇਂ ਵਿਚ ਆਪਣੀ ਪਛਾਣ ਨੂੰ ਛੁਪਾਉਣ ਲਈ ਇਹ ਲੋਕ ਅਜਨਬੀ ਲੋਕਾਂ ਨੂੰ ਆਪਣੇ ਨਾਂ ਦੀ ਪਛਾਣ 'ਗੌਰ' ਨਾਂ ਨਾਲ ਕਰਾਉਣ ਲੱਗ ਪਏ, ਦੇਸ਼ ਦੇ ਕਈ ਰਾਜਾਂ ਵਿੱਚ ਇਨ੍ਹਾਂ ਦਾ ਨਾਂ ਗੌਰ, ਗੌਰਮਾਟੀ ਅਤੇ ਗੌਰਬੰਜ਼ਾਰਾਂ ਪ੍ਰਚਲਤ ਹੋ ਗਿਆ।

ਉਪਰੋਕਤ ਸਾਰੀਆਂ ਧਾਰਨਾਵਾਂ ਅਤੇ ਦੰਤ ਕਥਾਵਾਂ ਦਾ ਵਿਸ਼ਲੇਸ਼ਣ ਕਰਨ ਤੋਂ ਬਾਅਦ ਇਹ ਤੱਥ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਬਾਜ਼ੀਗਰ ਕਬੀਲੇ ਦੇ ਲੋਕਾਂ ਦਾ ਕਿਸੇ ਨਾ ਕਿਸੇ ਸਮੇਂ ਰਾਜਸਥਾਨ ਅਤੇ ਰਾਜਸਥਾਨੀ ਰਿਆਸਤਾਂ ਨਾਲ ਗਹਿਰਾ ਸੰਬੰਧ ਰਿਹਾ ਹੈ। ਇਸ ਗੱਲ ਦੇ ਸੰਕੇਤ ਕਈ ਹੋਰ ਖੋਜੀਆਂ ਤੇ ਇਤਿਹਾਸਕਾਰਾਂ ਨੇ ਵੀ ਦਿੱਤੇ ਹਨ। ਰਾਜਸਥਾਨ ਦੇ ਕਈ ਇਲਾਕਿਆਂ ਚਿਤੌੜਗੜ੍ਹ, ਅਜਮੇਰ, ਜੈਪੁਰ, ਜੋਧਪੁਰ, ਕੋਟਾ, ਬੂੰਦੀ ਤੇ ਮੈਵਾੜ ਵਿਚ ਬੋਲੀ ਜਾਣ ਵਾਲੀ ਗੁਆਰ ਬੋਲੀ ਅਤੇ ਪਹਿਰਾਵਾ ਇਸ ਤੱਥ ਦੀ ਗਵਾਹੀ ਭਰਦੇ ਹਨ। ਬਾਜ਼ੀਗਰ ਕਬੀਲੇ ਦੀ ਭਾਸ਼ਾ ਤੇ ਸਭਿਆਚਾਰ ਵਿਚੋਂ ਰਾਜਸਥਾਨੀ ਸਭਿਆਚਾਰ ਦੀਆਂ ਪ੍ਰਤੀ ਧੁਨੀਆਂ ਬਹੁਤ ਉੱਚੇ ਤੇ ਸਪੱਸ਼ਟ ਰੂਪ ਵਿਚ ਸੁਣਾਈ ਦਿੰਦੀਆਂ ਹਨ ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਬਾਜ਼ੀਗਰ ਕਬੀਲੇ ਦਾ ਮੂਲ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਰਾਜਸਥਾਨ ਦੀ ਮਿੱਟੀ ਨਾਲ ਜੁੜਿਆ ਹੋਇਆ ਹੈ।

ਬਾਜ਼ੀਗਰ ਕਬੀਲੇ ਦੀਆਂ ਜਨਮ ਰਸਮਾਂ

ਗਰਭਕਾਲ ਦੌਰਾਨ ਕਬੀਲੇ ਦੀਆਂ ਔਰਤਾਂ ਕੁਝ ਖ਼ਾਸ ਮਨਾਹੀਆਂ ਦਾ ਪਾਲਣ ਕਰਦੀਆਂ ਹਨ। ਗਰਭਕਾਲ ਦੌਰਾਨ ਬਾਜ਼ੀਗਰ ਇਸਤਰੀ ਘਰ ਦੇ ਭੋਜਨ ਵਿੱਚ 'ਦੁੱਧ ਦੀ ਕੜੀ' ਦਾ ਖ਼ਾਸ ਤੌਰ 'ਤੇ ਇਸਤੇਮਾਲ ਕਰਦੀ ਹੈ ਜਿਹੜੀ ਕਿ ਗਰਭ ਵਿੱਚ ਪਲ ਰਹੇ ਬੱਚੇ ਦੀ ਸਿਹਤ ਲਈ ਬਹੁਤ ਲਾਹੇਵੰਦ ਹੁੰਦੀ ਹੈ। ਇਸ ਵਿੱਚ ਪਿਆਜ਼, ਹਰੀ ਮਿਰਚ, ਕਾਲ਼ੀ ਮਿਰਚ, ਲੂਣ, ਹਿੰਗ ਅਤੇ ਵੱਡੀ ਇਲਾਚੀ ਆਦਿ ਨੂੰ ਦੇਸੀ ਘਿਓ ਵਿੱਚ ਤੜਕਾ ਲਾ ਕੇ ਲੋੜ ਅਨੁਸਾਰ ਦੁੱਧ ਪਾ ਦਿੱਤਾ ਜਾਂਦਾ ਹੈ। 'ਦੁੱਧ ਦੀ ਕੜੀ' ਸਾਰੇ ਪਰਿਵਾਰ ਲਈ ਵੀ ਹੁੰਦੀ ਹੈ। ਜੇਕਰ ਘਰ ਵਿੱਚ ਰੋਟੀ ਖਾਣ ਲਈ ਫੌਰੀ ਦਾਲ ਸਬਜ਼ੀ ਤਿਆਰ ਕਰਨੀ ਤਾਂ ਉਸਦੀ ਥਾਵੇਂ 'ਦੁੱਧ ਦੀ ਕੜੀ' ਤਿਆਰ ਕੀਤੀ ਜਾਂਦੀ ਹੈ। ਜੰਗਲੀ ਜੀਵਨ ਦੌਰਾਨ ਇਸ ਵਿੱਚ ਪਾਂਡੂ ਮਿੱਟੀ ਦੇ ਰੋੜ ਪਾਏ ਜਾਂਦੇ ਸਨ। ਗਰਭਵਤੀ ਇਸਤਰੀ ਆਪਣੀ ਇੱਛਾ ਅਨੁਸਾਰ ਕੋਈ ਖੱਟੀ ਜਾਂ ਮਿੱਠੀ ਚੀਜ਼ ਖਾ ਸਕਦੀ ਹੈ, ਜਿਸ ਵਿੱਚ ਇਮਲੀ, ਮਿੱਠੇ ਚੌਲ ਅਤੇ ਕੜਾਹ ਆਦਿ ਸ਼ਾਮਲ ਹਨ।

ਬੱਚੇ ਦਾ ਜਨਮ : ਬਾਜ਼ੀਗਰ ਕਬੀਲੇ ਵਿੱਚ ਬੱਚੇ ਦੇ ਜਨਮ ਸਮੇਂ ਕਬੀਲੇ ਦੀ ਦਾਈ ਅਤੇ ਦੋ ਚਾਰ ਸਿਆਣੀਆਂ ਇਸਤਰੀਆਂ ਜਣੇਪੇ ਵਿੱਚ ਸਹਾਈ ਹੁੰਦੀਆਂ ਹਨ। ਗਰਭਵਤੀ

ਇਸਤਰੀ ਨੂੰ ਜਣਨ-ਪੀੜਾ ਸ਼ੁਰੂ ਹੋਣ ’ਤੇ ਉਸਦੀ ਸੱਸ ਦੁਆਰਾ ਆਪਣੇ ਪਰਿਵਾਰ, ਡੇਰੇ ਦੀਆਂ ਸਿਆਣੀਆਂ ਔਰਤਾਂ ਅਤੇ ਵਿਸ਼ੇਸ਼ ਕਰਕੇ ਡੇਰੇ ਦੀ ਦਾਈ ਨੂੰ ਸਤਿਕਾਰ ਨਾਲ ਬੁਲਾਇਆ ਜਾਂਦਾ ਹੈ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਡੇਰੇ ਦੀਆਂ ਔਰਤਾਂ ਨਾਰਾਜ਼ ਹੋ ਜਾਂਦੀਆਂ ਹਨ ਅਤੇ ਜੰਮਣ ਵਾਲੀ ਔਰਤ ਨੂੰ ਤਾਅਨੇ-ਮਿਹਣੇ ਮਾਰਦੀਆਂ ਹਨ। ਬਾਜ਼ੀਗਰ ਕਬੀਲੇ ਵਿਚ ਭਰੂਣ ਹੱਤਿਆ ਨੂੰ ਪਾਪ ਸਮਝਿਆ ਜਾਂਦਾ ਹੈ। ਬੱਚਾ ਪੈਦਾ ਹੋਣ ’ਤੇ ਸਾਰੇ ਡੇਰੇ ਵਿੱਚ ਅਤਿਅੰਤ ਖੁਸ਼ੀ ਮਨਾਈ ਜਾਂਦੀ ਹੈ। ਜੇਕਰ ਲੜਕੀ ਜੰਮ ਪਵੇ ਤਾਂ ਉਸਨੂੰ ਲੱਛਮੀ ਦੇਵੀ ਦਾ ਰੂਪ ਸਮਝ ਕੇ ਸਵੀਕਾਰ ਕੀਤਾ ਜਾਂਦਾ ਹੈ। ਜੇ ਲੜਕਾ ਜੰਮ ਪਵੇ ਤਾਂ ਉਸਨੂੰ ਪਰਿਵਾਰ ਦਾ ਨਾਂ ਅੱਗੇ ਤੋਰਨ ਵਾਲਾ ‘ਵੰਸ਼ ਵਰਧਕ’ ਸਮਝ ਕੇ ਢੋਲ ਵਜਾ ਕੇ ਖੁਸ਼ੀ ਮਨਾਈ ਜਾਂਦੀ ਹੈ। ਬਾਜ਼ੀਗਰ ਕਬੀਲੇ ਵਿੱਚ ਬੱਚੇ ਦੇ ਜਨਮ ਹੋਣ ਦੀ ਸੂਰਤ ਵਿੱਚ ਸਾਰੇ ਡੇਰੇ ਵਿੱਚ ਗੁੜ ਸ਼ੱਕਰ ਵੰਡੀ ਜਾਂਦੀ ਹੈ। ਬੱਚੇ ਵਾਲੀ ਇਸਤਰੀ ਨੂੰ ਬੱਚੇ ਦੇ ਜਨਮ ਤੋਂ ਬਾਅਦ ਬੱਚੇ ਸਮੇਤ ਘਰ ਅੰਦਰ ਹੀ ਕਿਸੇ ਪਰਦੇ ਵਾਲੀ ਨਿੱਘੀ ਥਾਂ ’ਤੇ ਰੱਖਿਆ ਜਾਂਦਾ ਹੈ। ਬੱਚੇ ਨੂੰ ਜਨਮ ਦੇਣ ਵਾਲੀ ਇਸਤਰੀ ਕੋਲ ਘਰ ਦੇ ਮੈਂਬਰਾਂ ਤੋਂ ਇਲਾਵਾ ਕਿਸੇ ਗ਼ੈਰ ਦਾ ਜਾਣਾ ਵਰਜਿਤ ਹੁੰਦਾ ਹੈ। ਬਾਜ਼ੀਗਰ ਕਬੀਲੇ ਵਿੱਚ ਬੱਚੇ ਨੂੰ ਜਨਮ ਦੇਣ ਵਾਲੀ ਇਸਤਰੀ ਦੇ ਸਿਰਹਾਣੇ ਚਾਕੂ ਜਾਂ ਲੋਹੇ ਦਾ ਕੋਈ ਹਥਿਆਰ ਰੱਖਿਆ ਜਾਂਦਾ ਹੈ। ਉਸਦੇ ਮੰਜੇ ਦੇ ਸਿਰਹਾਣੇ ਜੰਦਰਾ ਮਾਰ ਦਿੱਤਾ ਜਾਂਦਾ ਹੈ। ਜੰਦਰਾ ਮਾਰਨ ਦਾ ਚਿੰਨ੍ਹਾਤਮਕ ਭਾਵ ਇਹ ਹੈ ਕਿ ਇਹ ਘਰ ਬਦਰੂਹਾਂ ਅਤੇ ਭੂਤਾਂ-ਪ੍ਰੇਤਾਂ ਲਈ ਵਰਜਿਤ ਹੈ। ਬੱਚਾ-ਜੱਚਾ ਦੇ ਸਿਰਹਾਣੇ ਚਾਕੂ ਜਾਂ ਤਲਵਾਰ ਵੀ ਭੂਤਾਂ-ਪ੍ਰੇਤਾਂ ਤੋਂ ਰੱਖਿਆ ਲਈ ਰੱਖੇ ਜਾਂਦੇ ਹਨ। ਬੱਚੇ ਦੇ ਜਨਮ ਤੋਂ ਤੁਰੰਤ ਬਾਅਦ ਘਰ ਦੇ ਅੱਗੇ ਤਿੰਨ ਦਿਨਾਂ ਲਈ ਧੂਣਾ ਲਾ ਦਿੱਤਾ ਜਾਂਦਾ ਹੈ। ਇਹ ਧੂਣਾਂ ਗੋਹੇ ਅਤੇ ਪਾਥੀਆਂ ਦਾ ਲਾਇਆ ਜਾਂਦਾ ਹੈ ਅਤੇ ਦਿਨ ਰਾਤ ਧੁਖਦਾ ਰਹਿੰਦਾ ਹੈ। ਧੂਣਾਂ ਧੀਮਾ ਹੋਣ ਦੀ ਸੂਰਤ ਵਿਚ ਇਸ ਵਿੱਚ ਗਿੱਲੀ ਪਾਥੀ ਸੁੱਟ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਬਾਜ਼ੀਗਰ ਕਬੀਲੇ ਵਿੱਚ ਘਰ ਅੱਗੇ ਅੱਗ ਬਾਲਣ ਦਾ ਸੰਕੇਤ ਬੱਚਾ-ਜੱਚਾ ਦੀ ਬੁਰੀਆਂ ਆਤਮਾਵਾਂ ਤੋਂ ਰੱਖਿਆ ਕਰਨਾ ਹੁੰਦਾ ਹੈ। ਬੱਚੇ ਦੇ ਜਨਮ ਤੋਂ ਤੁਰੰਤ ਬਾਅਦ ਘਰ ਅਤੇ ਡੇਰੇ ਦੀਆਂ ਕੁੜੀਆਂ ਵੱਲੋਂ ਜਣੇਪੇ ਵਾਲੇ ਘਰ ਦੇ ਬਾਹਰ ਨਿੰਮ ਦੇ ਪੱਤੇ ਬੰਨ੍ਹੇ ਜਾਂਦੇ ਹਨ। ਬਾਜ਼ੀਗਰ ਕਬੀਲੇ ਵਿੱਚ ਇਹ ਸ਼ਗਨ ਆਦਿ ਕਾਲ ਤੋਂ ਹੀ ਪ੍ਰਚਲਤ ਹੈ। ਬਾਜ਼ੀਗਰ ਕਬੀਲੇ ਵਿੱਚ ਨਿੰਮ-ਜਿੱਥੇ ਇੱਕ ਔਸ਼ਧੀ ਦੇ ਤੌਰ ’ਤੇ ਪ੍ਰਚੱਲਤ ਹੈ, ਉੱਥੇ ਨਾਲ ਹੀ ਖੁਸ਼ਹਾਲੀ ਅਤੇ ਖੇੜੇ ਦਾ ਪ੍ਰਤੀਕ ਵੀ ਮੰਨੀ ਜਾਂਦੀ ਹੈ। ਬਾਜ਼ੀਗਰ ਕਬੀਲੇ ਵਿਚ ਪ੍ਰਸੂਤ ਵਾਲੀ ਔਰਤ ਨੂੰ ਤਿੰਨ ਦਿਨ ਲਈ ਖਾਣ ਲਈ ਕੁਝ ਨਹੀਂ ਦਿੱਤਾ ਜਾਂਦਾ। ਉਸਨੂੰ ਤਿੰਨ ਦਿਨ ਲਈ ਕੇਵਲ ਹਲਦੀ ਵਾਲਾ ਦੁੱਧ ਅਤੇ ਪਰਿਵਾਰ ਵੱਲੋਂ ਤਿਆਰ ਕੀਤਾ ਕਾੜ੍ਹਾ ਹੀ ਲੈਣਾ ਪੈਂਦਾ ਹੈ। ਇਸ ਕਾੜ੍ਹੇ ਵਿੱਚ ਸੁੰਡ, ਅਜਵੈਣ, ਇਲਾਚੀ, ਖੇਪਾ ਅਤੇ ਬਨਫ਼ਸ਼ਾ ਆਦਿ ਜੜੀਆਂ ਬੂਟੀਆਂ ਪਾਈਆਂ ਹੁੰਦੀਆਂ ਹਨ। ਇਹ ਕਾੜ੍ਹਾ ਪ੍ਰਸੂਤ ਵਾਲੀ ਔਰਤ ਦੀ ਸਰੀਰਕ ਸ਼ੁੱਧੀ ਲਈ ਦਿੱਤਾ ਜਾਂਦਾ ਹੈ। ਬੱਚੇ ਦੇ ਜਨਮ ਤੋਂ ਬਾਅਦ ਬਾਜ਼ੀਗਰ ਕਬੀਲੇ ਵੱਲੋਂ ਅੱਗੇ ਲਿਖੀਆਂ ਰਸਮਾਂ ਅਦਾ ਕੀਤੀਆਂ ਜਾਂਦੀਆਂ ਹਨ :

1. **ਗੁੜ੍ਹਤੀ ਦੀ ਰਸਮ** : ਬਾਜ਼ੀਗਰ ਕਬੀਲੇ ਵਿੱਚ ਬੱਚੇ ਨੂੰ ਜਨਮ ਸਮੇਂ ਪਰਿਵਾਰ ਦੇ ਕਿਸੇ ਸਿਆਣੇ ਵਿਅਕਤੀ ਵੱਲੋਂ ਗੁੜ੍ਹਤੀ ਦਿੱਤੀ ਜਾਂਦੀ ਹੈ। ਗੁੜ੍ਹਤੀ ਦੇਣ ਦਾ ਮਾਣ ਪਰਿਵਾਰ ਦੇ ਕਿਸੇ ਸਿਆਣੇ ਵਿਅਕਤੀ ਨੂੰ ਦਿੱਤਾ ਜਾਂਦਾ ਹੈ। ਇਹ ਰਸਮ ਵੀ ਕਬੀਲੇ ਦੀਆਂ ਔਰਤਾਂ ਇਕੱਠੀਆਂ ਹੋ ਕੇ ਪੂਰੀ ਕਰਦੀਆਂ ਹਨ। ਜਣੇਪੇ ਵਾਲੀ ਔਰਤ ਦੇ ਬਾਹਰ ਜਾਣ 'ਤੇ ਸਵਾ ਮਹੀਨੇ ਲਈ ਪਾਬੰਦੀ ਹੁੰਦੀ ਹੈ। ਗੁੜ੍ਹਤੀ ਗੁੜ ਜਾਂ ਸ਼ੱਕਰ ਘੋਲ ਕੇ ਤਿਆਰ ਕੀਤੀ ਜਾਂਦੀ ਹੈ। ਕਬੀਲੇ ਵਿਚ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਗੁੜ੍ਹਤੀ ਦੇਣ ਵਾਲੇ ਵਿਅਕਤੀ ਦੇ ਗੁਣ ਬੱਚੇ ਵਿਚ ਪ੍ਰਵੇਸ਼ ਕਰ ਜਾਂਦੇ ਹਨ। ਇਸ ਲਈ ਬੱਚੇ ਨੂੰ ਗੁੜ੍ਹਤੀ ਦੇਣ ਲਈ ਕਿਸੇ ਸਿਆਣੇ ਜਾਂ ਬੁੱਧੀਮਾਨ ਵਿਅਕਤੀ ਨੂੰ ਸੱਦਿਆ ਜਾਂਦਾ ਹੈ।

2. **ਬਾਜ਼ੀਗਰ ਕਬੀਲੇ ਵਿੱਚ ਬੱਚਾ-ਜੱਚਾ ਨੂੰ ਵਧਾਉਣ ਦੀ ਰਸਮ** : ਕਬੀਲੇ ਵਿੱਚ ਬੱਚੇ ਦੇ ਜਨਮ ਤੋਂ ਤਿੰਨ ਦਿਨ ਬਾਅਦ ਬੱਚੇ ਦੀ ਮਾਂ ਨੂੰ ਘਰ ਅਤੇ ਕਬੀਲੇ ਦੀਆਂ ਇਸਤਰੀਆਂ ਦੁਆਰਾ ਚੌਂਕੇ ਚੜ੍ਹਾਇਆ ਜਾਂਦਾ ਹੈ। ਇਸ ਸਮੇਂ ਕਬੀਲੇ ਦੇ ਬਹੁਤ ਸਾਰੇ ਬੱਚੇ ਵੀ ਖੁਸ਼ੀ ਮਨਾਉਣ ਲਈ ਇਕੱਠੇ ਹੋ ਜਾਂਦੇ ਹਨ। ਇਸ ਰਸਮ ਵੇਲੇ ਸਾਰੇ ਡੇਰੇ ਦੀਆਂ ਔਰਤਾਂ ਨੂੰ ਸਤਿਕਾਰ ਨਾਲ ਸੱਦਾ ਦਿੱਤਾ ਜਾਂਦਾ ਹੈ ਅਤੇ ਡੇਰੇ ਦੇ ਹਰ ਘਰ ਵਿੱਚੋਂ ਕੋਈ ਨਾ ਕੋਈ ਔਰਤ ਇਸ ਰਸਮ ਵਿੱਚ ਸ਼ਾਮਲ ਹੁੰਦੀ ਹੈ। ਚੌਂਕੇ ਚਾੜ੍ਹਨ ਦੀ ਰਸਮ ਸਮੇਂ ਸਭ ਤੋਂ ਪਹਿਲਾਂ ਚੌਂਕੇ ਨੂੰ ਗਾਂ ਦੇ ਗੋਹੇ ਨਾਲ ਲਿੱਪ-ਪੋਚ ਕੇ ਧੂਫ਼ ਜਾਂ ਧੂਣੀ ਦਿੱਤੀ ਜਾਂਦੀ ਹੈ। ਇਸ ਉਪਰੰਤ ਬੱਚਾ-ਜੱਚਾ ਨੂੰ ਨੁਹਾ ਕੇ ਚੌਂਕੇ 'ਤੇ ਬਿਠਾਇਆ ਜਾਂਦਾ ਹੈ। ਇਸ ਸਮੇਂ ਮਾਂ ਬੱਚੇ ਨੂੰ ਗੋਦ ਵਿੱਚ ਲੈ ਕੇ ਸ਼ਰਧਾਪੂਰਵਕ ਲਿਪੀ ਹੋਈ ਜ਼ਮੀਨ 'ਤੇ ਬੈਠ ਜਾਂਦੀ ਹੈ। ਇਸ ਤੋਂ ਬਾਅਦ ਕਬੀਲੇ ਦੀ ਸਿਆਣੀ ਔਰਤ ਵੱਲੋਂ ਬੱਚੇ ਅਤੇ ਉਸਦੀ ਮਾਂ ਨੂੰ ਸੂਰਜ ਦੀ ਹਾਜ਼ਰੀ ਵਿੱਚ ਦੀਵਾ ਦਿਖਾਇਆ ਜਾਂਦਾ ਹੈ। ਇਹ ਦੀਵਾ ਆਟੇ ਦਾ ਬਣਿਆ ਹੁੰਦਾ ਹੈ ਅਤੇ ਇਸ ਵਿੱਚ ਦੇਸੀ ਘਿਓ ਪਾਇਆ ਜਾਂਦਾ ਹੈ। ਬੱਚੇ ਨੂੰ ਦੀਵਾ ਦਿਖਾਉਣ ਤੋਂ ਭਾਵ ਉਸਨੂੰ ਪਹਿਲੀ ਵਾਰ ਰੋਸ਼ਨੀ ਦੇ ਰੁਬਰੂ ਕਰਨਾ ਹੁੰਦਾ ਹੈ ਅਤੇ ਬਾਜ਼ੀਗਰ ਕਬੀਲੇ ਵਿੱਚ ਇਸ ਨੂੰ ਜੀਵਨ ਦੀ ਸ਼ੁਰੂਆਤ ਮੰਨਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਦੀਵਾ ਦਿਖਾਉਣਾ ਬੱਚੇ ਦੀ ਨਜ਼ਰ ਟਿਕਾਉਣ ਨਾਲ ਜੋੜਿਆ ਜਾਂਦਾ ਹੈ। ਇਸ ਸਮੇਂ ਬੱਚੇ ਦੀ ਮਾਂ ਦੇ ਸਿਰ 'ਤੇ ਪਾਣੀ ਦੀ ਗੜਵੀ ਭਰ ਕੇ ਰੱਖੀ ਜਾਂਦੀ ਹੈ ਜਿਸ ਨੂੰ 'ਘੜੋਲੀ' ਕਿਹਾ ਜਾਂਦਾ ਹੈ। ਇਸ ਰਸਮ ਵੇਲੇ ਉਸਦੀ ਜੀਭ ਨਾਲ ਗਊ ਮੂਤਰ ਵੀ ਛੁਹਾਇਆ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਗਊ ਮੂਤਰ ਨੂੰ ਸਰੀਰਕ ਸ਼ੁੱਧੀ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਇਸ ਤਰ੍ਹਾਂ ਵਧਾਉਣ ਦੀ ਰਸਮ ਪੂਰੀ ਹੋਣ ਉਪਰੰਤ ਪਰਿਵਾਰ ਦੀ ਸਿਆਣੀ ਔਰਤ ਅਤੇ ਦਾਈ ਵੱਲੋਂ ਤਿਆਰ ਕੀਤਾ 'ਗੂਲੜ ਪ੍ਰਸ਼ਾਦ' ਕਬੀਲੇ ਦੇ ਬੱਚਿਆਂ ਵਿੱਚ ਵੰਡਿਆ ਜਾਂਦਾ ਹੈ। ਗੂਲੜ ਪ੍ਰਸ਼ਾਦ 'ਵਿੱਦ ਮਾਤਾ' ਅੱਗੇ ਪ੍ਰਾਰਥਨਾ ਕਰਕੇ ਵਰਤਾਇਆ ਜਾਂਦਾ ਹੈ। ਗੂਲੜ ਗੁੜ, ਆਟੇ ਅਤੇ ਘਿਓ ਤੋਂ ਤਿਆਰ ਕੀਤਾ ਜਾਂਦਾ ਹੈ। ਕਬੀਲੇ ਦੇ ਬੱਚੇ ਗੂਲੜ ਪ੍ਰਸ਼ਾਦ ਬੜੇ ਚਾਅ ਨਾਲ ਖਾਂਦੇ ਹਨ। ਇਸ ਸਮੇਂ ਘਰ ਅਤੇ ਕਬੀਲੇ ਦੀਆਂ ਔਰਤਾਂ ਅੱਗੇ ਲਿਖਿਆ 'ਘੜੋਲੀ' ਗੀਤ ਬੋਲਦੀਆਂ ਹਨ :

ਵਧਾਈਆਂ ਜੱਗੇ ਤੈਨੂੰ
ਵਧਾਈਆਂ ਵੇ
ਵਧਾਈਆਂ ਮਿੰਦਰ ਤੈਨੂੰ
ਵਧਾਈਆਂ ਵੇ
ਵਧਾਈਆਂ ਘੋਦੀ ਤੈਨੂੰ
ਵਧਾਈਆਂ ਵੇ
ਵਧਾਈਆਂ ਤੇਰੀ ਜਾਤ ਨੂੰ
ਤੇਰੀ ਬਾਪ ਬੇਟੀ ਰਾਤ ਨੂੰ
ਵਧਾਈਆਂ ਵੇ।

....

ਵਾਹ ਵਾਹ ਕਿ ਟੋਪਾ
ਲੀਰਾਂ ਦਾ
ਵਾਹ ਵਾਹ ਕਿ ਪੁੱਤਰ
ਫਕੀਰਾਂ ਦਾ
ਵਾਹ ਵਾਹ ਕਿ ਟੋਪਾ
ਮਾਹਵਾਂ ਦਾ
ਵਾਹ ਵਾਹ ਕਿ ਪੁੱਤਰ
ਸ਼ਾਹਵਾਂ ਦਾ

ਇਸ ਰਸਮ ਵੇਲੇ ਡੇਰੇ ਦੀਆਂ ਔਰਤਾਂ ਬੱਚੇ ਵਾਲੇ ਪਰਿਵਾਰ ਨੂੰ ਗੀਤਾਂ ਰਾਹੀਂ ਮਖ਼ੌਲ ਵੀ ਕਰਦੀਆਂ ਹਨ।

3. **ਮੂੰਹ ਨੂੰ ਅੰਨ ਛੁਹਾਉਣ ਦੀ ਰਸਮ** : ਵਧਾਉਣ ਦੀ ਰਸਮ ਤੋਂ ਬਾਅਦ ਬੱਚੇ ਨੂੰ ਜਨਮ ਦੇਣ ਵਾਲੀ ਔਰਤ ਦੇ ਮੂੰਹ ਨੂੰ ਅੰਨ ਛੁਹਾਇਆ ਜਾਂਦਾ ਹੈ। ਇਸ ਵਕਤ ਉਸਨੂੰ ਰੋਟੀ ਨਾਲ ਦੁੱਧ ਦੀ ਪੌਸ਼ਟਿਕ ਕੜ੍ਹੀ ਦਿੱਤੀ ਜਾਂਦੀ ਹੈ। ਇਸ ਰਸਮ ਤੋਂ ਬਾਅਦ ਉਹ ਹਲਕਾ ਭੋਜਨ ਲੈਣ ਅਤੇ ਘਰ ਦੇ ਛੋਟੇ-ਛੋਟੇ ਕੰਮ ਕਰਨ ਲੱਗ ਪੈਂਦੀ ਹੈ।

4. **ਧਮਾਨ ਦੀ ਰਸਮ** : ਬੱਚੇ ਦੇ ਜਨਮ ਤੋਂ ਦੋ ਕੁ ਮਹੀਨੇ ਬਾਅਦ ਬਾਜੀਗਰ ਕਬੀਲਾ ਧਮਾਨ ਦੇਣ ਦੀ ਰਸਮ ਪੂਰੀ ਕਰਦਾ ਹੈ। ਇਹ ਰਸਮ ਦੀਵਾਲੀ, ਲੋਹੜੀ ਜਾਂ ਕਬੀਲੇ ਦੇ ਕਿਸੇ ਤਿੱਥ ਤਿਉਹਾਰ ਵਾਲੇ ਦਿਨ ਪੂਰੀ ਕੀਤੀ ਜਾਂਦੀ ਹੈ। ਧਮਾਨ ਦੇਣ ਸਮੇਂ ਸਾਰੇ ਡੇਰੇ ਦੇ ਲੋਕ ਧਮਾਨ ਦਾ ਸੱਦਾ ਮਿਲਣ 'ਤੇ ਬੱਚੇ ਦੇ ਜਨਮ ਵਾਲੇ ਘਰ ਇਕੱਠੇ ਹੋ ਜਾਂਦੇ ਹਨ। ਬੱਚੇ ਦਾ ਪਿਤਾ ਭਰੀ ਸਭਾ ਵਿੱਚ ਖੜ੍ਹਾ ਹੋ ਕੇ ਹੱਥ ਜੋੜ ਕੇ ਡੇਰੇ ਦੇ ਮੁਖੀ ਤੋਂ ਪੰਜ ਰੁਪਏ ਮੰਗਦਾ ਹੈ। ਪੰਜ ਰੁਪਏ ਮਿਲਣ 'ਤੇ ਤਿੰਨ ਰੁਪਏ ਬੱਚੇ ਦੇ ਪਿਤਾ ਵੱਲੋਂ ਕਬੀਲੇ ਦੀ ਸਾਂਝ ਦੇ ਤੌਰ 'ਤੇ ਰੱਖ ਲਏ ਜਾਂਦੇ ਹਨ ਅਤੇ ਬਾਕੀ ਦੇ ਦੋ ਰੁਪਏ ਕਬੀਲੇ ਦੇ ਮੁਖੀ ਨੂੰ ਮੋੜ ਦਿੱਤੇ ਜਾਂਦੇ ਹਨ। ਇਨ੍ਹਾਂ ਪੈਸਿਆਂ ਵਿੱਚ ਕੁਝ ਹੋਰ ਪੈਸੇ ਪਾ ਕੇ ਬੱਚੇ ਦੇ ਪਰਿਵਾਰ ਵੱਲੋਂ ਖ਼ਸਖ਼ਸ ਅਤੇ ਗੁੜ ਮੰਗਾਇਆ ਜਾਂਦਾ ਹੈ ਜਿਸ ਦੀ ਸ਼ਰਦਾਈ ਬਣਾ ਕੇ

ਸਾਰੇ ਡੇਰੇ ਦੇ ਸਿਆਣੇ ਲੋਕਾਂ ਅਤੇ ਬਜ਼ੁਰਗਾਂ ਨੂੰ ਪਿਆਈ ਜਾਂਦੀ ਹੈ। ਉਸੇ ਸ਼ਾਮ ਨੂੰ ਵਿੱਤ ਅਨੁਸਾਰ ਬੱਚੇ ਦੇ ਪਰਿਵਾਰ ਵੱਲੋਂ ਡੇਰੇ ਦੇ ਸਿਆਣੇ ਲੋਕਾਂ ਨੂੰ ਭੋਜਨ ਲਈ ਸੱਦਾ ਦਿੱਤਾ ਜਾਂਦਾ ਹੈ। ਭੋਜਨ ਕਰਨ ਤੋਂ ਬਾਅਦ ਡੇਰੇ ਦੇ ਲੋਕ ਬੱਚੇ ਨੂੰ ਲੰਬੀ ਉਮਰ ਦਾ ਅਸ਼ੀਰਵਾਦ ਦਿੰਦੇ ਹਨ ਅਤੇ ਸ਼ਗਨ ਵਜੋਂ ਵਿੱਤ ਅਨੁਸਾਰ ਪੈਸੇ ਵੀ ਦਿੱਤੇ ਜਾਂਦੇ ਹਨ। ਧਮਾਨ ਵਾਲਾ ਭੋਜਨ ਜ਼ਿਆਦਾਤਰ ਸ਼ਾਕਾਹਾਰੀ ਹੁੰਦਾ ਹੈ। ਧਮਾਨ ਦੇਣ ਦੀ ਰਸਮ ਤੋਂ ਭਾਵ ਬੱਚੇ ਦੀ ਕਬੀਲੇ ਨਾਲ ਸਾਂਝ ਪੱਕੀ ਕਰਨਾ ਹੁੰਦਾ ਹੈ। ਬਾਜ਼ੀਗਰ ਕਬੀਲੇ ਵਿੱਚ ਧਮਾਨ ਬੱਚੇ ਦੇ ਜਨਮ ਤੋਂ ਬਾਅਦ ਕੀਤੀ ਜਾਣ ਵਾਲੀ ਮਹੱਤਵਪੂਰਨ ਰਸਮ ਹੈ। ਇਸੇ ਰਸਮ ਤੋਂ ਬਾਅਦ ਬੱਚਾ ਕਬੀਲਾ ਗੋਤਰ ਵਿਚ ਸ਼ਾਮਲ ਹੁੰਦਾ ਹੈ। ਧਮਾਨ ਨਾ ਦੇਣ ਦੀ ਸੂਰਤ ਵਿੱਚ ਡੇਰੇ ਦੇ ਲੋਕ ਬੁਰਾ ਮਨਾਉਂਦੇ ਹਨ ਅਤੇ ਬੱਚੇ ਦੇ ਪਰਿਵਾਰ ਵਾਲੇ ਵੀ ਇਸ ਨੂੰ ਕਬੀਲੇ ਦਾ ਬੋਝ ਸਮਝਦੇ ਹਨ।

5. **ਝੰਡ ਲਾਹੁਣ ਦੀ ਰਸਮ** : ਧਮਾਨ ਦੀ ਰਸਮ ਤੋਂ ਬਾਅਦ ਬਾਜ਼ੀਗਰ ਕਬੀਲੇ ਵਿੱਚ ਝੰਡ ਲਾਹੁਣ ਦੀ ਰਸਮ ਅਦਾ ਕੀਤੀ ਜਾਂਦੀ ਹੈ। ਬਾਜ਼ੀਗਰ ਕਬੀਲੇ ਵਿੱਚ ਝੰਡ ਲਾਹੁਣ ਸਮੇਂ ਕੋਈ ਬਹੁਤਾ ਕਰਮਕਾਂਡ ਨਹੀਂ ਕੀਤਾ ਜਾਂਦਾ। ਬਾਜ਼ੀਗਰ ਕਬੀਲੇ ਵਿੱਚ ਝੰਡ ਲਾਹੁਣ ਸਮੇਂ ਕਿਸੇ ਕੁਆਰੀ ਲੜਕੀ ਨੂੰ ਸਵਾ ਰੁਪਏ ਦੇ ਕੇ ਉਸ ਤੋਂ ਬੱਚੇ ਦੇ ਮੁੱਠੀ ਭਰ ਵਾਲ ਕਟਵਾਏ ਜਾਂਦੇ ਹਨ ਅਤੇ ਬੱਚੇ ਦੇ ਪਿਤਾ ਵੱਲੋਂ ਇਹ ਵਾਲ ਹਰੀ ਖੇਤੀ ਵਿੱਚ ਸੁੱਟ ਦਿੱਤੇ ਜਾਂਦੇ ਹਨ। ਬੱਚੇ ਦੇ ਵਾਲ ਹਰਿਆਵਲ ਵਿੱਚ ਸੁੱਟਣ ਤੋਂ ਭਾਵ ਉਸ ਦੇ ਖ਼ੁਸ਼ਹਾਲ ਭਵਿੱਖ ਦੀ ਕਾਮਨਾ ਕਰਨਾ ਹੈ।

6. **ਘੁੰਗਣੀਆਂ ਵੰਡਣ ਦੀ ਰਸਮ** : ਬਾਜ਼ੀਗਰ ਕਬੀਲੇ ਵਿੱਚ ਜਦ ਬੱਚਾ ਤੁਰਨ ਲਈ ਪਹਿਲੀ ਪੁਲਾਂਘ ਪੱਟਦਾ ਹੈ ਤਾਂ ਬੱਚੇ ਦਾ ਪਰਿਵਾਰ ਉਸਦੇ ਤੁਰਨ 'ਤੇ 'ਪਹਿਲੇ ਕਦਮਾਂ' ਦੀ ਖ਼ੁਸ਼ੀ ਵਿੱਚ ਡੇਰੇ ਦੇ ਸਾਰੇ ਘਰਾਂ ਵਿੱਚ ਮਿੱਠੀਆਂ ਘੁੰਗਣੀਆਂ ਬਣਾ ਕੇ ਵੰਡਦਾ ਹੈ। ਘੁੰਗਣੀਆਂ ਦੇਸੀ ਘਿਓ, ਸ਼ੱਕਰ ਅਤੇ ਖਸਖ਼ਸ ਮਿਲਾ ਕੇ ਕਣਕ ਨੂੰ ਉਬਾਲ ਕੇ ਤਿਆਰ ਕੀਤੀਆਂ ਜਾਂਦੀਆਂ ਹਨ। ਘੁੰਗਣੀਆਂ ਕਬੀਲੇ ਵਿਚ ਘਰ-ਘਰ ਜਾ ਕੇ ਵੰਡੀਆਂ ਜਾਂਦੀਆਂ ਹਨ।

7. **ਛੱਟੀ ਦੀ ਰਸਮ** : ਬਾਜ਼ੀਗਰ ਕਬੀਲੇ ਵਿੱਚ ਲੜਕਾ ਹੋਣ ਦੀ ਸੂਰਤ ਵਿਚ ਖ਼ੁਸ਼ੀ ਵਿਚ 'ਛਟੀ ਦੇਣ' ਦੀ ਰਸਮ ਪ੍ਰਚੱਲਿਤ ਹੈ। ਇਸ ਰਸਮ ਵਿਚ ਸਾਰਾ ਡੇਰਾ ਅਤੇ ਰਿਸ਼ਤੇਦਾਰ ਸ਼ਾਮਲ ਹੁੰਦੇ ਹਨ। ਛਟੀ ਦੀ ਰਸਮ ਵਿਚ ਬੱਚੇ ਦੇ ਪਰਿਵਾਰ ਵੱਲੋਂ ਖ਼ੁਸ਼ੀ ਵਿਚ ਕਬੀਲੇ ਦੀ ਰੋਟੀ ਕੀਤੀ ਜਾਂਦੀ ਹੈ। ਕਬੀਲੇ ਵਿਚ ਛੱਟੀ ਦੀ ਰਸਮ ਵਿਚ ਜ਼ਿਆਦਾਤਰ ਸਰਦੇ-ਪੁੱਜਦੇ ਘਰਾਂ ਵੱਲੋਂ ਹੀ ਕੀਤੀ ਜਾਂਦੀ ਹੈ। ਛੱਟੀ ਦੀ ਰਸਮ ਵਿਚ ਕਬੀਲੇ ਦੇ ਲੋਕਾਂ ਵੱਲੋਂ ਵਿੱਤ ਅਨੁਸਾਰ ਬੱਚੇ ਨੂੰ ਸ਼ਗਨ ਪਾਇਆ ਜਾਂਦਾ ਹੈ। ਇਸ ਰਸਮ ਵੇਲੇ ਬੱਚੇ ਦੇ ਪਰਿਵਾਰ ਵੱਲੋਂ ਡੇਰੇ ਦੀ 'ਦਾਈ ਮਾਈ', ਲੜਕੀਆਂ ਅਤੇ ਸਿਆਣੇ ਬਜ਼ੁਰਗਾਂ ਦਾ ਕੱਪੜੇ ਅਤੇ ਪੈਸੇ ਦੇ ਕੇ ਉੱਚਿਤ ਸਤਿਕਾਰ ਵੀ ਕੀਤਾ ਜਾਂਦਾ ਹੈ। ਕਬੀਲੇ ਦੇ ਹਰ ਘਰ ਲਈ ਇਹ ਰਸਮ ਜ਼ਰੂਰੀ ਨਹੀਂ ਹੁੰਦੀ। ਬਾਜ਼ੀਗਰ ਕਬੀਲੇ ਵਿੱਚ ਬੱਚੇ ਦਾ ਜਨਮ ਹੋਣ ਦੀ ਸੂਰਤ ਵਿੱਚ ਖ਼ੁਸ਼ੀ ਵਾਲਾ ਮਾਹੌਲ ਹੁੰਦਾ ਹੈ। ਕਬੀਲੇ ਵਿੱਚ ਲੜਕੀ ਨੂੰ 'ਦੇਵੀ' ਦਾ ਰੂਪ ਸਮਝਿਆ

ਜਾਂਦਾ ਹੈ। ਇਸ ਲਈ ਲੜਕੀ ਪੈਦਾ ਹੋਣ 'ਤੇ ਕੋਈ ਸੋਗ ਜਾਂ ਦੁੱਖ ਨਹੀਂ ਮਨਾਇਆ ਜਾਂਦਾ ਸਗੋਂ ਉਸਨੂੰ 'ਦੇਵੀ' ਦਾ ਰੂਪ ਸਮਝ ਕੇ ਤਹਿ ਦਿਲੋਂ ਸਤਿਕਾਰ ਕੀਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਲਿੰਗ ਨਿਰਧਾਰਿਤ ਟੈਸਟ ਨਹੀਂ ਕਰਵਾਇਆ ਜਾਂਦਾ ਅਤੇ ਨਾ ਹੀ ਭਰੂਣ ਹੱਤਿਆ ਦੀ ਪ੍ਰਥਾ ਹੈ। ਕੰਨਿਆ ਭਰੂਣ ਹੱਤਿਆ ਦੇਵੀ ਮਾਰਨ ਦੇ ਬਰਾਬਰ ਪਾਪ ਸਮਝਿਆ ਜਾਂਦਾ ਹੈ।

ਬਾਜ਼ੀਗਰ ਕਬੀਲੇ ਵਿੱਚ ਲੜਕਾ ਪੈਦਾ ਹੋਣ ਦੀ ਸੂਰਤ ਵਿੱਚ ਉਸਨੂੰ ਪਰਿਵਾਰ ਦਾ ਵਾਰਿਸ ਅਤੇ ਸਹਾਰਾ ਸਮਝਿਆ ਜਾਂਦਾ ਹੈ। ਇਸ ਲਈ ਪਰਿਵਾਰ ਵਿੱਚ ਲੜਕੇ ਦੀ ਆਮਦ ਨੂੰ ਪਰਿਵਾਰ ਦੀ ਜੜ੍ਹ ਲੱਗਣ ਦੀ ਸੰਗਿਆ ਦਿੱਤੀ ਜਾਂਦੀ ਹੈ। ਬਾਜ਼ੀਗਰ ਪਰਿਵਾਰ ਵਿੱਚ ਪੁੱਤਰ ਦਾ ਜਨਮ ਹੋਣ 'ਤੇ ਕਬੀਲੇ ਦੇ ਲੋਕਾਂ ਵੱਲੋਂ ਢੋਲ ਦੇ ਡੱਗੇ 'ਤੇ ਨੱਚ ਕੇ ਉਚੇਚੀ ਖੁਸ਼ੀ ਮਨਾਈ ਜਾਂਦੀ ਹੈ। ਕਬੀਲੇ ਵਿੱਚ ਬੱਚੇ ਦਾ ਜਨਮ ਜ਼ਿਆਦਾਤਰ ਘਰ ਵਿੱਚ ਹੀ ਹੁੰਦਾ ਹੈ। ਕਬੀਲੇ ਵਿੱਚ ਬੱਚੇ ਦਾ ਜਨਮ ਹੋਣ ਤੋਂ ਬਾਅਦ ਘਰ ਦੇ ਦਰਵਾਜ਼ੇ ਅੱਗੇ ਸ਼ਰੀਂਹ ਅਤੇ ਨਿੰਮ ਦੇ ਪੱਤੇ ਬੰਨ੍ਹੇ ਜਾਂਦੇ ਹਨ। ਇਹ ਪੱਤੇ ਖੁਸ਼ੀ ਦੇ ਤੌਰ 'ਤੇ ਪਰਿਵਾਰ ਨਾਲ ਸੰਬੰਧਤ ਹੋਰ ਘਰਾਂ ਵਿੱਚ ਵੀ ਬੰਨ੍ਹੇ ਜਾਂਦੇ ਹਨ। ਕਬੀਲੇ ਵਿੱਚ ਬੱਚੇ ਦੇ ਜਨਮ ਤੋਂ ਬਾਅਦ ਘਰ ਦੇ ਦਰਵਾਜ਼ੇ ਅੱਗੇ ਮਾਂ ਅਤੇ ਬੱਚੇ ਨੂੰ ਭੂਤ ਪ੍ਰੇਤਾਂ ਅਤੇ ਬਦਰੂਹਾਂ ਤੋਂ ਬਚਾਉਣ ਲਈ ਚਿੱਟੀ ਸਰ੍ਹੋਂ ਬੰਨ੍ਹੀ ਜਾਂਦੀ ਹੈ। ਕਬੀਲੇ ਵਿੱਚ ਆਦਿ ਕਾਲ ਤੋਂ ਇਹ ਵਿਸ਼ਵਾਸ ਪ੍ਰਚੱਲਿਤ ਹੈ ਕਿ ਭੂਤ-ਪ੍ਰੇਤ ਚਿੱਟੀ ਸਰ੍ਹੋਂ ਨੂੰ ਵੇਖਦਿਆਂ ਹੀ ਅੰਨ੍ਹਾਂ ਹੋ ਜਾਂਦਾ ਹੈ। ਬੱਚੇ ਦੀ ਬੁਰੀਆਂ ਆਤਮਾਵਾਂ ਤੋਂ ਰੱਖਿਆ ਲਈ ਕਾਲੀ ਰੱਤ ਚੰਨਣ ਦੀ ਲੱਕੜ ਵਿਸ਼ੇਸ਼ ਤੌਰ 'ਤੇ ਉਸਦੇ ਹੱਥ ਜਾਂ ਗਲ਼ੇ ਵਿੱਚ ਕਿਸੇ ਧਾਗੇ ਤਵੀਤ ਵਿੱਚ ਪਾ ਕੇ ਬੰਨ੍ਹ ਦਿੱਤੀ ਜਾਂਦੀ ਹੈ। ਅਜਿਹਾ ਮਾਂ ਅਤੇ ਬੱਚੇ ਦੀ ਰੱਖਿਆ ਲਈ ਕੀਤਾ ਜਾਂਦਾ ਹੈ। ਘਰ ਵਿੱਚ ਕਬੀਲੇ ਤੋਂ ਬਾਹਰਲੇ ਬੱਚੇ ਦੇ ਆਉਣ ਦੀ ਸੂਰਤ ਵਿੱਚ ਜਾਂ ਕਬੀਲੇ ਤੋਂ ਬਾਹਰ ਕਿਸੇ ਉਪਰੀ ਥਾਂ ਜਾਣ ਦੀ ਸੂਰਤ ਵਿੱਚ ਬੱਚੇ ਦੇ ਗਲ਼ ਜਾਂ ਹੱਥ ਨਾਲ ਬੰਨ੍ਹੀ ਰੱਤ ਚੰਨਣ ਦੀ ਲੱਕੜ ਖੋਲ੍ਹ ਦਿੱਤੀ ਜਾਂਦੀ ਹੈ। ਇਸ ਲੱਕੜ ਬਾਰੇ ਇਹ ਵਿਸ਼ਵਾਸ ਪ੍ਰਚੱਲਿਤ ਹੈ ਕਿ ਇਹ ਲੱਕੜ ਪਰਾਏ ਬੱਚੇ ਦੇ ਲੜ ਜਾਂਦੀ ਹੈ ਅਤੇ ਉਸਦਾ ਜਾਨੀ ਨੁਕਸਾਨ ਹੋ ਸਕਦਾ ਹੈ। ਕਬੀਲੇ ਵਿੱਚ ਬੱਚੇ ਦੇ ਜਨਮ ਤੋਂ ਬਾਅਦ ਉਸਨੂੰ ਤਿੰਨ ਦਿਨ ਸਿਰਫ਼ ਖੰਡ ਜਾਂ ਗੁੜ ਦੀ ਗੁੜ੍ਹਤੀ ਪਿਆਈ ਜਾਂਦੀ ਹੈ। ਇਸ ਨਾਲ ਬੱਚੇ ਦਾ ਪੇਟ ਵੀ ਸਾਫ਼ ਹੋ ਜਾਂਦਾ ਹੈ ਅਤੇ ਉਸਨੂੰ ਲੋੜੀਂਦੀ ਊਰਜਾ ਵੀ ਮਿਲਦੀ ਹੈ। ਇਸ ਸਮੇਂ ਦੌਰਾਨ ਜਣੇਪੇ ਵਾਲੀ ਔਰਤ ਨੂੰ ਦੇਸੀ ਘਿਓ ਦਾ ਕੜਾਹ ਪ੍ਰਸ਼ਾਦ ਵੀ ਖਵਾਇਆ ਜਾਂਦਾ ਹੈ ਤਾਂ ਕਿ ਉਸਦਾ ਪੇਟ ਅਤੇ ਅੰਤੜੀਆਂ ਸ਼ੁੱਧ ਹੋ ਜਾਣ। ਬੱਚੇ ਦੇ ਜਨਮ ਤੋਂ ਬਾਅਦ ਬਾਜ਼ੀਗਰ ਕਬੀਲੇ ਵਿੱਚ ਬੱਚੇ ਦਾ ਨਾਮਕਰਨ ਬੱਚੇ ਦੇ ਮਾਤਾ-ਪਿਤਾ ਜਾਂ ਘਰ ਦੇ ਮੁੱਖੀ ਵੱਲੋਂ ਹੀ ਕੀਤਾ ਜਾਂਦਾ ਹੈ। ਬੱਚੇ ਦਾ ਨਾਂ ਕਢਾਉਣ ਲਈ ਕਿਸੇ ਪੰਡਿਤ ਜਾਂ ਗਿਆਨੀ ਕੋਲ ਜਾਣ ਦਾ ਰਿਵਾਜ਼ ਨਹੀਂ ਹੈ। ਇਨ੍ਹਾਂ ਰਸਮਾਂ ਦੇ ਅੰਤ 'ਤੇ ਕਬੀਲੇ ਦੀ ਦਾਈ ਦਾ ਮਾਣ ਸਤਿਕਾਰ ਕੀਤਾ ਜਾਂਦਾ ਹੈ। ਉਸਨੂੰ ਸਤਿਕਾਰ ਅਤੇ ਸ਼ੁਕਰਾਨੇ ਵੱਜੋਂ ਸਾਬਣ, ਘਿਓ, ਗੁੜ, ਅਨਾਜ ਅਤੇ ਸਵਾ ਰੁਪੱਇਆ ਮਾਣ ਸਤਿਕਾਰ ਵਜੋਂ ਦਿੱਤਾ ਜਾਂਦਾ ਹੈ। ਹੁਣ ਇਹ ਰੀਤ ਵਿਤ ਅਨੁਸਾਰ ਨਿਭਾਈ ਜਾਂਦੀ ਹੈ।

ਬਾਜ਼ੀਗਰ ਕਬੀਲੇ ਦੀਆਂ ਵਿਆਹ ਰਸਮਾਂ

ਵਿਆਹ ਇੱਕ ਸਮਾਜਿਕ ਸੰਸਥਾ ਹੈ। ਦੁਨੀਆ ਦੀ ਹਰ ਜਾਤੀ, ਜਨਜਾਤੀ ਅਤੇ ਕਬੀਲੇ ਦੀਆਂ ਵਿਆਹ ਨਾਲ ਸੰਬੰਧਤ ਆਪਣੀਆਂ ਕੁਝ ਰਸਮਾਂ ਅਤੇ ਪਰੰਪਰਾਵਾਂ ਹੁੰਦੀਆਂ ਹਨ। ਬਾਜ਼ੀਗਰ ਕਬੀਲੇ ਵਿੱਚ ਵਿਆਹ ਦੀ ਰਸਮ ਨੂੰ ਵਿਸ਼ੇਸ਼ ਸਮਾਜਿਕ ਮਹੱਤਵ ਪ੍ਰਾਪਤ ਹੈ। ਬਾਜ਼ੀਗਰ ਕਬੀਲੇ ਵਿੱਚ ਵਿਆਹ ਤੋਂ ਪਹਿਲਾਂ ਮੰਗਣੀ ਦੀ ਰਸਮ ਅਦਾ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਵਿਆਹ ਨਾਲ ਸੰਬੰਧਤ ਕੁਝ ਹੋਰ ਪਰੰਪਰਿਕ ਰਸਮਾਂ ਵੀ ਅਦਾ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਦਾ ਵਰਣਨ ਇਸ ਪ੍ਰਕਾਰ ਹੈ :

1. **ਗੱਠੇ ਦੀ ਰਸਮ** : ਬਾਜ਼ੀਗਰ ਕਬੀਲੇ ਵਿੱਚ ਵਿਆਹ ਤੋਂ ਪਹਿਲਾਂ ਗੱਠੇ ਦੀ ਰਸਮ ਪੂਰੀ ਕੀਤੀ ਜਾਂਦੀ ਹੈ ਜਿਸ ਨੂੰ ਬਾਜ਼ੀਗਰ ਕਬੀਲੇ ਦੇ ਲੋਕ 'ਗੱਠੋ' ਆਖਦੇ ਹਨ। ਕਬੀਲੇ ਦੇ ਪੈਂਚਾਂ ਅਤੇ ਸਿਆਣੇ ਲੋਕਾਂ ਅਨੁਸਾਰ ਅੱਧਾ ਵਿਆਹ ਤਾਂ ਗੱਠੇ ਦੀ ਰਸਮ ਸਮੇਂ ਹੀ ਸੰਪੰਨ ਹੋ ਜਾਂਦਾ ਹੈ। ਕਬੀਲੇ ਵਿਚ ਰਿਸ਼ਤੇ ਦੀ ਦੱਸ ਪੈਣ ਅਨੁਸਾਰ ਦੋਹਾਂ ਧਿਰਾਂ ਦੀ ਸਹਿਮਤੀ ਤੋਂ ਬਾਅਦ ਗੱਠੇ ਦੀ ਰਸਮ ਅਦਾ ਕੀਤੀ ਜਾਂਦੀ ਹੈ। ਬਾਜ਼ੀਗਰ ਕਬੀਲੇ ਵਿੱਚ ਗੱਠੇ ਦੀ ਰਸਮ ਦੋ ਕੁ ਮਹੀਨੇ ਦੀ ਉਮਰ ਵਿੱਚ ਹੀ ਪੂਰੀ ਕਰ ਲਈ ਜਾਂਦੀ ਸੀ। ਵਰਤਮਾਨ ਸਮੇਂ ਇਹ ਸਥਿਤੀ ਕਾਫ਼ੀ ਬਦਲ ਗਈ ਹੈ। ਹੁਣ ਗੱਠੇ ਦੀ ਰਸਮ ਵਿਆਹ ਤੋਂ ਇੱਕ ਦਿਨ ਪਹਿਲਾਂ ਵੀ ਪੂਰੀ ਕਰ ਲਈ ਜਾਂਦੀ ਹੈ। ਮੰਗਣੇ ਵਾਲੇ ਮੁੰਡੇ ਦੇ ਦਾਦਕੇ, ਨਾਨਕੇ ਅਤੇ ਭੈਣ ਭਰਾ ਮੇਲ ਦੇ ਰੂਪ ਵਿੱਚ ਕੁੜੀ ਵਾਲਿਆਂ ਦੇ ਘਰ ਪਹੁੰਚ ਜਾਂਦੇ ਹਨ। ਉੱਥੇ ਮੁੰਡੇ ਵਾਲਿਆਂ ਦੀ ਚੰਗੀ ਆਓ ਭਗਤ ਕੀਤੀ ਜਾਂਦੀ ਹੈ। ਮੰਜੀਆਂ 'ਤੇ ਸ਼ੀਸ਼ੇ ਵਾਲੀਆਂ ਨਵੀਆਂ ਕੱਥੜੀਆਂ (ਇੱਕ ਕਿਸਮ ਦਾ ਕਲਾਤਮਕ ਵਿਛਾਉਣਾ) ਵਿਛਾ ਕੇ ਸਤਿਕਾਰ ਨਾਲ ਬਿਠਾਇਆ ਜਾਂਦਾ ਹੈ। ਕਬੀਲੇ ਵਿੱਚ ਕੱਥੜੀ ਸਤਿਕਾਰ ਦਾ ਚਿੰਨ੍ਹ ਹੈ। ਇਸ ਤਰ੍ਹਾਂ ਮੁੰਡੇ ਵਾਲਿਆਂ ਦੀ ਆਉ ਭਗਤ ਤੋਂ ਬਾਅਦ ਮਿਲਣੀ ਦੀ ਰਸਮ ਅਦਾ ਕੀਤੀ ਜਾਂਦੀ ਹੈ। ਇਸੇ ਉਪਰੰਤ ਕੁੜੀ ਵਾਲਿਆਂ ਦੇ ਘਰ ਇੱਕ ਸਾਫ਼ ਸੁਥਰੀ ਥਾਂ 'ਤੇ ਗੰਧਾਲੇ ਨਾਲ ਖੰਬੜੀ ਬੰਨ ਕੇ ਇਸ ਨਾਲ ਇੱਕ ਚਾਂਦੀ ਦਾ ਸਿੱਕਾ ਰੱਖ ਦਿੱਤਾ ਜਾਂਦਾ ਹੈ। ਫਿਰ ਮੰਗਣੀ ਵਾਲਾ ਛੋਟਾ ਬੱਚਾ ਗੰਧਾਲੇ ਨੂੰ ਫੜ ਕੇ ਇਕ ਰੁਪੱਈਏ ਤੇ ਟੱਕ ਲਾਉਂਦਾ ਹੈ। ਇਸ ਕੰਮ ਵਿੱਚ ਕਿਸੇ ਸਿਆਣੇ ਦੀ ਮੱਦਦ ਲਈ ਜਾਂਦੀ ਹੈ। ਇਸ ਸ਼ੁੱਭ ਸ਼ਗਨ ਤੋਂ ਬਾਅਦ ਘਿਓ ਅਤੇ ਸ਼ੱਕਰ ਮਿਲਾ ਕੇ ਸਾਰੇ ਰਿਸ਼ਤੇਦਾਰਾਂ, ਸ਼ਰੀਕਾਂ ਅਤੇ ਪਤਵੰਤਿਆਂ ਵਿੱਚ ਵੰਡਿਆ ਜਾਂਦਾ ਹੈ। ਕਬੀਲੇ ਵਿੱਚ ਰੁਪੱਈਏ 'ਤੇ ਟੱਕ ਲਾਉਣ ਦਾ ਭਾਵ ਰਿਸ਼ਤੇ ਦੇ ਅਹਿਦ ਨਾਲ ਹੈ। ਰਿਸ਼ਤਾ ਖਤਮ ਹੋਣ ਦੀ ਸੂਰਤ ਵਿਚ ਇਸ ਟੱਕ ਦਾ ਕਬੀਲਾ ਮਹਾ ਪੰਚਾਇਤ 'ਢੋਅ' ਵਿਚ ਭਾਰੀ ਦੰਡ ਵਸੂਲ ਕੀਤਾ ਜਾਂਦਾ ਹੈ। ਗੱਠੇ ਦੀ ਰਸਮ ਵੇਲੇ ਕੁੜੀ ਵਾਲਿਆਂ ਦੇ ਘਰ ਹੋਣ ਵਾਲਾ ਰੋਟੀ ਪਾਣੀ ਦਾ ਖ਼ਰਚ ਮੁੰਡੇ ਵਾਲਿਆਂ ਨੂੰ ਤਾਰਨਾ ਪੈਂਦਾ ਹੈ। ਇਹ ਕਬੀਲੇ ਦੀ ਇੱਕ ਮੁੱਢਲੀ ਰੀਤ ਰਹੀ ਹੈ।

2. **ਰੰਗ ਲਾਉਣ ਦੀ ਰਸਮ** : ਬਾਜ਼ੀਗਰ ਕਬੀਲੇ ਵਿਚ ਗੱਠੇ ਦੀ ਰਸਮ ਪੂਰੀ ਹੋਣ ਤੋਂ ਬਾਅਦ ਕੁੜਮਣੀ ਵੱਲੋਂ ਸਤਿਕਾਰ ਵਜੋਂ ਆਪਣੇ ਕੁੜਮ ਅਤੇ ਉਸਦੇ ਭਾਈਆਂ ਦੇ ਹੋਲੀ ਦੇ ਤਿਉਹਾਰ ਵਾਂਗ ਰੰਗ ਡੋਲਿਆ ਜਾਂਦਾ ਹੈ। ਇਹ ਰਸਮ ਗੱਠੇ ਦੀ ਰਸਮ ਦੇ

ਸਿਰੇ ਚੜ੍ਹਨ ਉਪਰੰਤ ਕੀਤੀ ਜਾਂਦੀ ਹੈ। ਇਸ ਰਸਮ ਸਮੇਂ ਬਹੁਤ ਸਾਰਾ ਹਾਸਾ ਠੱਠਾ ਵੀ ਹੁੰਦਾ ਹੈ ਅਤੇ ਕਈ ਵਾਰ ਕੁੜਮ ਅਤੇ ਉਸਦੇ ਭਰਾਵਾਂ ਦੇ ਮੂੰਹ ਰੰਗ ਨਾਲ ਲਾਲ ਕਰ ਦਿੱਤੇ ਜਾਂਦੇ ਹਨ। ਇਸ ਰਸਮ ਨੂੰ ਕਬੀਲੇ ਦੇ ਲੋਕ 'ਛਾਰਨਾ' ਕਹਿੰਦੇ ਹਨ। ਫਿਰ ਗੱਠੇ ਵਿਚ ਸ਼ਾਮਲ ਰਿਸ਼ਤੇਦਾਰਾਂ ਨੂੰ ਰਾਤ ਦੀ ਰੋਟੀ ਤੋਂ ਬਾਅਦ ਆਰਾਮ ਲਈ ਬਿਸਤਰੇ ਆਦਿ ਦਿੱਤੇ ਜਾਂਦੇ ਹਨ। ਮੰਗਣੇ ਵਾਲੀ ਬਰਾਤ ਰਾਤ ਆਪਣੇ ਕੁੜਮਾਂ ਦੇ ਘਰ ਹੀ ਕੱਟਦੀ ਹੈ ਤੇ ਫਿਰ ਦੂਜੇ ਦਿਨ ਰਿਸ਼ਤੇਦਾਰਾਂ ਦੀ ਮਜਲਸ ਜੁੜਦੀ ਹੈ ਜਿਸ ਵਿੱਚ ਦਿਲ ਦੀਆਂ ਗੱਲਾਂ ਸਾਂਝੀਆਂ ਕੀਤੀਆਂ ਜਾਂਦੀਆਂ ਹਨ। ਇਸ ਸਮੇਂ ਦੌਰਾਨ ਬਾਜ਼ੀਗਰ ਕਬੀਲੇ ਦੀ ਵਿਸ਼ੇਸ਼ ਖੇਡ 'ਵੀਣੀ ਫੜਨੀ' ਉਚੇਚੇ ਪੱਧਰ 'ਤੇ ਕਰਵਾਈ ਜਾਂਦੀ ਹੈ। ਇਸ ਖੇਡ ਵਿੱਚ ਕਬੀਲੇ ਦੇ ਨੌਜਵਾਨ ਇੱਕ ਦੂਜੇ ਦੀ ਵੀਣੀ ਫੜਦੇ ਹਨ ਅਤੇ ਫਿਰ ਇਸਨੂੰ ਛੁਡਾਉਣ ਲਈ ਕਿਹਾ ਜਾਂਦਾ ਹੈ। ਇਹ ਬਹੁਤ ਜ਼ੋਰ ਵਾਲੀ ਅਤੇ ਕਲਾਤਮਕ ਖੇਡ ਹੁੰਦੀ ਹੈ ਜਿਸ ਵਿੱਚ ਇੱਕ ਨੌਜਵਾਨ ਦੂਜੇ ਨੌਜਵਾਨ ਦਾ ਗੁੱਟ ਦੋਹਾਂ ਹੱਥਾਂ ਨਾਲ ਘੁੱਟ ਕੇ ਫੜ ਲੈਂਦਾ ਹੈ ਅਤੇ ਫਿਰ ਦੂਜਾ ਨੌਜਵਾਨ ਇੱਕ ਬਿਜਲੀ ਵਰਗੇ ਝਟਕੇ ਨਾਲ ਆਪਣਾ ਗੁੱਟ ਛੁਡਾਉਂਦਾ ਹੈ। ਬਾਜ਼ੀਗਰ ਕਬੀਲੇ ਦੇ ਲੋਕ ਪੁਰਾਣੇ ਸਮੇਂ ਵਿੱਚ ਜਦੋਂ ਆਵਾਜਾਈ ਦੇ ਸਾਧਨ ਬਹੁਤ ਸੀਮਤ ਹੁੰਦੇ ਸਨ ਤਾਂ ਵਿਆਹ ਮੰਗਣਾਂ ਕਰਨ ਲਈ ਆਪਣਾ ਪਸ਼ੂ ਪਠੋਰਾ ਲੈ ਕੇ ਇੱਕ ਦੂਜੇ ਦੀ ਸਹੂਲਤ ਲਈ ਨੇੜੇ ਆ ਜਾਂਦੇ ਸਨ ਅਤੇ ਕਈ ਵਾਰ ਲੰਮਾ ਸਫ਼ਰ ਤੈਅ ਕਰਕੇ ਪੈਦਲ ਵੀ ਪਹੁੰਚ ਜਾਂਦੇ ਸਨ। ਮੰਗਣੀ ਦੀ ਰਸਮ ਤੋੜਨ ਵਾਲੇ ਨੂੰ ਟੱਕ (ਜੁਰਮਾਨਾ) ਭਰਨਾ ਪੈਂਦਾ ਹੈ ਅਤੇ ਉਸਦੀ ਕਬੀਲੇ ਵਿੱਚ ਬਦਨਾਮੀ ਵੀ ਹੁੰਦੀ ਹੈ। ਕਈ ਵਾਰ ਰਿਸ਼ਤੇ ਤੋਂ ਮੁਕਰਨ ਵਾਲੀ ਧਿਰ ਨੂੰ ਕਬੀਲੇ ਵਿੱਚੋਂ ਛੇਕ ਦਿੱਤਾ ਜਾਂਦਾ ਹੈ। ਅਜਿਹਾ ਤਾਂ ਹੀ ਹੁੰਦਾ ਹੈ ਜੇਕਰ ਰਿਸ਼ਤਾ ਕਬੀਲੇ ਦੀ ਪੰਚਾਇਤ ਜਾਂ ਢੋਅ ਤੱਕ ਪਹੁੰਚ ਜਾਵੇ। ਬਾਜ਼ੀਗਰ ਕਬੀਲੇ ਵਿੱਚ ਗੱਠੇ ਦੀ ਰਸਮ ਵੇਲੇ ਰੁਪੱਈਏ ਨੂੰ ਟੱਕ ਲਾਉਣ ਦਾ ਭਾਵ ਰਿਸ਼ਤੇ ਦੀ ਮਾਣ ਮਰਿਆਦਾ ਰੱਖਣ ਦਾ ਅਹਿਦ ਲੈਣਾ ਹੁੰਦਾ ਹੈ।

3. **ਬਾਜ਼ੀਗਰ ਕਬੀਲੇ ਵਿਚ ਵਿਆਹ ਦੀ ਰਸਮ.**: ਬਾਜ਼ੀਗਰ ਕਬੀਲੇ ਵਿੱਚ ਵਿਆਹ ਦੀ ਰਸਮ ਨੂੰ ਵਿਸ਼ੇਸ਼ ਦਰਜਾ ਦਿੱਤਾ ਜਾਂਦਾ ਹੈ। ਪੁਰਾਣੇ ਸਮਿਆਂ ਵਿੱਚ ਜਦੋਂ ਆਵਾਜਾਈ ਦੇ ਸਾਧਨਾਂ ਦੀ ਬਹੁਤ ਘਾਟ ਸੀ ਤਾਂ ਵਿਆਹ ਵਾਲੀਆਂ ਧਿਰਾਂ ਭਾਵ ਕੁੜੀ ਅਤੇ ਮੁੰਡੇ ਵਾਲੇ ਇਕ ਦੂਜੇ ਦੀ ਸਹੂਲਤ ਲਈ ਦੋ ਤਿੰਨ ਮਹੀਨੇ ਲਈ ਆਪਣੀਆਂ-ਆਪਣੀਆਂ ਟੱਪਰੀਆਂ ਲੈ ਕੇ ਇੱਕ ਦੂਜੇ ਦੇ ਨੇੜੇ ਡੇਰੇ ਲਾ ਲੈਂਦੇ ਸਨ। ਅਜਿਹਾ ਇੱਕ ਦੂਜੇ ਨਾਲ ਰਾਬਤਾ ਬਣਾਈ ਰੱਖਣ ਲਈ ਕੀਤਾ ਜਾਂਦਾ ਸੀ। ਵਿਆਹ ਤੋਂ ਇੱਕ ਮਹੀਨਾ ਪਹਿਲਾਂ ਹੀ ਵਿਆਹ ਦੀਆਂ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਹਨ। ਬਾਜ਼ੀਗਰ ਕਬੀਲੇ ਵਿੱਚ ਵਿਆਹ ਤੋਂ ਲਗਭਗ ਦੋ-ਤਿੰਨ ਮਹੀਨੇ ਪਹਿਲਾਂ ਹੀ ਵਿਆਹ ਵਾਲੀ ਲੜਕੀ ਜਾਂ ਨੂੰਹ ਲਈ ਵਿੱਤ ਅਨੁਸਾਰ ਸੋਨੇ ਤੇ ਚਾਂਦੀ ਦੇ ਗਹਿਣੇ ਅਤੇ ਵਰੀ ਦੇ ਸੂਟ ਤਿਆਰ ਕਰਵਾ ਲਏ ਜਾਂਦੇ ਹਨ। ਪਰਿਵਾਰ ਦਾ ਮੁੱਖੀ ਸਾਰੇ ਰਿਸ਼ਤੇਦਾਰਾਂ ਨੂੰ ਆਪ ਘਰ-ਘਰ ਜਾ ਕੇ ਵਿਆਹ ਦਾ ਸੱਦਾ ਦਿੰਦਾ ਹੈ। ਭਾਵੇਂ ਅੱਜ ਦੇ ਜ਼ਮਾਨੇ ਵਿੱਚ ਵਿਆਹ ਦੇ ਕਾਰਡ ਦੇਣ ਦਾ ਰਿਵਾਜ਼ ਹੈ ਪਰ ਫਿਰ ਵੀ ਖ਼ੁਦ ਸੱਦਾ ਦੇਣ ਨੂੰ ਜ਼ਰੂਰੀ ਸਮਝਿਆ ਜਾਂਦਾ ਹੈ।

4. **ਘੋੜੀਆਂ ਗਾਉਣ ਦੀ ਰਸਮ** : ਬਾਜ਼ੀਗਰ ਕਬੀਲੇ ਦੀਆਂ ਔਰਤਾਂ ਵਿਆਹ ਤੋਂ ਦਸ-ਬਾਰ੍ਹਾਂ ਦਿਨ ਪਹਿਲਾਂ ਵਿਆਹ ਵਾਲੇ ਮੁੰਡੇ ਦੇ ਘਰ ਇਕੱਠੀਆਂ ਹੋ ਕੇ ਘੋੜੀਆਂ ਗਾਉਣੀਆਂ ਸ਼ੁਰੂ ਕਰ ਦਿੰਦੀਆਂ ਹਨ। ਘੋੜੀਆਂ ਗਾਉਣ ਦੇ ਨਾਲ-ਨਾਲ ਬਾਜ਼ੀਗਰਨੀਆਂ ਵੱਲੋਂ ਕਬੀਲਾ ਨਾਚ ਵੀ ਪੇਸ਼ ਕੀਤੇ ਜਾਂਦੇ ਹਨ। ਘੋੜੀਆਂ ਗਾਉਣ ਲਈ ਵਿਆਹ ਵਾਲੇ ਘਰ ਦੀਆਂ ਔਰਤਾਂ ਨੂੰ ਡੇਰੇ ਦੇ ਹਰ ਘਰ ਵਿੱਚ ਜਾ ਕੇ ਸੱਦਾ ਦੇਣਾ ਪੈਂਦਾ ਹੈ। ਕਬੀਲੇ ਦੀਆਂ ਔਰਤਾਂ ਰਾਤ ਨੂੰ ਕੰਮ ਕਾਰ ਤੋਂ ਵਿਹਲੀਆਂ ਹੋ ਕੇ ਵਿਆਹ ਵਾਲੇ ਘਰ ਇਕੱਠੀਆਂ ਹੋ ਕੇ ਸ਼ਗਨਾਂ ਦੀਆਂ ਘੋੜੀਆਂ ਗਾਉਂਦੀਆਂ ਹਨ। ਇਸ ਰਸਮ ਵੇਲੇ ਔਰਤਾਂ ਵੱਲੋਂ ਕਈ ਸਵਾਂਗ ਵੀ ਰਚੇ ਜਾਂਦੇ ਹਨ। ਬਾਜ਼ੀਗਰ ਕਬੀਲੇ ਦੇ ਹਰ ਵਿਆਹ ਵਿੱਚ ਹੇਠ ਲਿਖੀ ਪਰੰਪਰਿਕ ਘੋੜੀ ਇੱਕ ਖ਼ਾਸ ਅੰਦਾਜ਼ ਵਿੱਚ ਗਾਈ ਜਾਂਦੀ ਹੈ :

ਕੀਨੇ ਘੋੜੀ ਮੰਗੀ ਐ
ਕੀਨੇ ਮੁੱਲ ਕਰਾਈ ਐ
ਯਾਰ੍ਹੋ ਘੋੜੀ ਮੰਗੀ ਐ
ਜੱਗੇ ਮੁੱਲ ਕਰਾਈ ਐ

ਘੋੜੀ ਕਰਦੀ ਥੱਈਆ ਥੱਈਆ
ਘੋੜੀ ਮੰਗਦੀ ਲੱਖ ਰੁੱਪਈਆ

ਕਿਨੇ ਘੋੜੀ ਮੰਗੀ ਐ
ਕਿਨੇ ਵਾਗ ਫੜਾਈ ਐ

5. **ਬੋਦੀ ਗੁੰਦਣ ਦੀ ਰਸਮ** : ਬਾਜ਼ੀਗਰ ਕਬੀਲੇ ਵਿੱਚ ਵਿਆਹ ਤੋਂ ਇੱਕ ਦਿਨ ਪਹਿਲਾਂ ਮੁੰਡੇ ਕੁੜੀ ਦੇ ਘਰ ਵਿੱਚ ਬੋਦੀ ਗੁੰਦਣ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਵਿਆਹ ਵਾਲੇ ਮੁੰਡੇ ਦੀ ਦਾਦੀ, ਭੂਆ, ਭੈਣਾਂ ਅਤੇ ਭਾਬੀਆਂ ਇਕੱਠੀਆਂ ਹੋ ਕੇ ਬੋਦੀ ਗੁੰਦਣ ਦੀ ਰਸਮ ਅਦਾ ਕਰਦੀਆਂ ਹਨ। ਇਸ ਰਸਮ ਵਿੱਚ ਵਿਆਹ ਵਾਲੇ ਮੁੰਡੇ ਅਤੇ ਕੁੜੀ ਦੇ ਵਾਲ਼ ਬੰਨ੍ਹ ਦਿੱਤੇ ਜਾਂਦੇ ਹਨ। ਇਸ ਬਾਰੇ ਕਬੀਲੇ ਦਾ ਇਹ ਲੋਕ ਵਿਸ਼ਵਾਸ ਜੁੜਿਆ ਹੋਇਆ ਹੈ ਕਿ ਇਸ ਤਰ੍ਹਾਂ ਕਰਨ ਨਾਲ ਵਿਆਹ ਵਾਲੇ ਮੁੰਡੇ ਜਾਂ ਕੁੜੀ ਨੂੰ ਕਿਸੇ ਬਾਹਰਲੀ ਸ਼ੈਅ ਭੂਤ-ਪ੍ਰੇਤ ਆਦਿ ਦਾ ਡਰ ਨਹੀਂ ਰਹਿੰਦਾ। ਇਸ ਉਪਰੰਤ ਕਬੀਲੇ ਦੀਆਂ ਔਰਤਾਂ ਇਕੱਠੀਆਂ ਹੋ ਕੇ ਸ਼ਗਨਾਂ ਦੇ ਗੀਤ ਗਾਉਂਦੀਆਂ ਹਨ :

ਕੇਸਰ ਕੇਲੇ ਦਾ ਵੇਲਾ
ਬੋਦੀ ਗੁੰਦਣ ਦਾ ਵੇਲਾ
ਭਾਬੀਆਂ ਸੱਦਣ ਦਾ ਵੇਲਾ
ਭੈਣਾਂ ਸੱਦਣ ਦਾ ਵੇਲਾ

6. **ਬੋਦੀ ਖੋਲ੍ਹਣ ਦੀ ਰਸਮ** : ਬਾਜ਼ੀਗਰ ਕਬੀਲੇ ਵਿੱਚ ਵਿਆਹ ਦੇ ਦੂਜੇ ਦਿਨ ਸੂਰਜ ਚੜ੍ਹਦਿਆਂ ਹੀ ਮੁੰਡੇ ਜਾਂ ਕੁੜੀ ਦੀ ਬੋਦੀ ਖੋਲ੍ਹ ਦਿੱਤੀ ਜਾਂਦੀ ਹੈ। ਇਸ ਵੇਲੇ ਕਬੀਲੇ

ਦੀਆਂ ਔਰਤਾਂ ਢੋਲਕੀ ਦੀ ਥਾਪ 'ਤੇ ਕਬੀਲੇ ਦੇ ਪਰੰਪਰਿਕ ਗੀਤ ਗਾਉਂਦੀਆਂ ਹਨ। ਢੋਲਕੀ ਵਜਾਉਣ ਵਾਲੀ ਔਰਤ ਨੂੰ ਡੂੰਮਣੀ ਕਿਹਾ ਜਾਂਦਾ ਹੈ। ਉਸਦੀ ਇਸ ਰਸਮ ਵਿੱਚ ਵਿਸ਼ੇਸ਼ ਭੂਮਿਕਾ ਹੁੰਦੀ ਹੈ। ਕਬੀਲੇ ਦੇ ਸਾਰਿਆਂ ਲੋਕਾਂ ਵੱਲੋਂ ਡੂੰਮਣੀ ਨੂੰ ਮੱਥਾ ਟੇਕਿਆ ਜਾਂਦਾ ਹੈ। ਵਿਆਹ ਵਾਲੇ ਪਰਿਵਾਰ ਵੱਲੋਂ ਉਸਨੂੰ ਸ਼ਰਧਾ ਵੱਜੋਂ ਕੁਝ ਰੁਪਏ ਜਾਂ ਪੈਸੇ ਦੇ ਕੇ ਮੱਥਾ ਵੀ ਟੇਕਿਆ ਜਾਂਦਾ ਹੈ। ਕਬੀਲੇ ਵਿਚ ਲੜਕੀ ਦੀ ਬੋਦੀ ਖੋਲ੍ਹਣ ਵੇਲੇ ਲੜਕੀ ਦੀ ਭਾਬੀ ਨੂੰ ਸੰਬੋਧਿਤ ਹੇਠ ਲਿਖਿਆ ਕਬੀਲਾ ਗੀਤ ਗਾਇਆ ਜਾਂਦਾ ਹੈ :

ਖੋਲੋ ਗਾਠਾਂ, ਗਾਠਾਂ ਖੋਲੋ ਵੇ
ਇਹ ਕਿਸ ਕੰਜਰੀ ਨੇ ਬੰਨ੍ਹੀਆਂ ਵੇ
ਸੱਤ ਖਸਮੀਂ ਨੇ ਬੰਨ੍ਹੀਆਂ ਖੋਲੋ ਵੇ

ਇਸ ਦੇ ਨਾਲ ਹੀ ਕਬੀਲੇ ਦੀਆਂ ਔਰਤਾਂ ਅਤੇ ਵਿਆਹ ਵਾਲੀ ਲੜਕੀ ਦੀਆਂ ਸਹੇਲੀਆਂ ਮਿਲ ਕੇ ਸੁਹਾਗ ਗੀਤ ਗਾਉਂਦੀਆਂ ਹਨ :

ਮਹਿੰਦੀ ਲਾਵਣ ਦੇਈਂ ਵੇ
ਲਾੜੀ ਦੇ ਸ਼ਗਨ ਮਨਾਵਣ ਦੇਈਂ ਵੇ
ਪੰਜ ਭਰਾਵਾਂ ਤਾਰੀਏ
ਨੀ ਲਾੜੀਏ
ਸਾਨੂੰ ਸ਼ਗਨ ਮਨਾਵਣ ਦੇ

ਇਸ ਪ੍ਰਕਾਰ ਕਬੀਲੇ ਵਿੱਚ ਦੂਜੇ ਦਿਨ ਬੋਦੀ ਖੋਲ੍ਹਣ ਦੀ ਰਸਮ ਅਦਾ ਕੀਤੀ ਜਾਂਦੀ ਹੈ।

7. **ਮਹਿੰਦੀ ਲਾਉਣ ਦੀ ਰਸਮ** : ਬੋਦੀ ਖੋਲ੍ਹਣ ਦੀ ਰਸਮ ਤੋਂ ਬਾਅਦ ਵਿਆਹ ਵਾਲੇ ਮੁੰਡੇ ਦੀਆਂ ਭੈਣਾਂ, ਜੀਜੇ, ਸਾਥੀ ਅਤੇ ਭਰਜਾਈਆਂ ਇਕੱਠੀਆਂ ਹੋ ਕੇ ਉਸਦੇ ਮਹਿੰਦੀ ਲਾਉਣ ਦੀ ਰਸਮ ਪੂਰੀ ਕਰਦੀਆਂ ਹਨ। ਇਸ ਰਸਮ ਦੇ ਸ਼ੁਰੂ ਤੋਂ ਲੈ ਕੇ ਅੰਤ ਤੱਕ ਸਾਰੇ ਪਰਿਵਾਰ ਦੀਆਂ ਔਰਤਾਂ ਵੱਲੋਂ ਸ਼ਗਨਾਂ ਨਾਲ ਸੰਬੰਧਤ ਇਸ ਤਰ੍ਹਾਂ ਦੇ ਕਬੀਲਾ ਗੀਤ ਗਾਏ ਜਾਂਦੇ ਹਨ :

ਕਰਦੇ ਦਾਣਾ ਦਾਣਾ ਨੀ
ਮਹਿੰਦੀ ਦਾ ਕੀ ਲਾਣਾ ਨੀ
ਚੱਕ ਦੇ ਪਰਾਤ ਦਾ ਥੱਲਾ
ਨੀ ਮਹਿੰਦੀ ਦਾ ਕੀ ਲਾਣਾ

ਇਨ੍ਹਾਂ ਗੀਤਾਂ ਦੀ ਸੁਰ ਮੱਧਮ ਹੁੰਦੀ ਹੈ। ਇਹ ਗੀਤ ਗਾਉਣ ਸਮੇਂ ਕਿਸੇ ਵੀ ਸਾਜ਼ ਦੀ ਵਰਤੋਂ ਨਹੀਂ ਕੀਤੀ ਜਾਂਦੀ, ਫਿਰ ਵੀ ਇਨ੍ਹਾਂ ਦੀ ਸੰਗੀਤਮਕਤਾ ਅਤੇ ਰਵਾਨਗੀ ਬਹੁਤ ਕਮਾਲ ਦੀ ਹੁੰਦੀ ਹੈ।

8. **ਗਾਨਾ ਬੰਨਣ ਦੀ ਰਸਮ** : ਬਾਜ਼ੀਗਰ ਕਬੀਲੇ ਵਿਚ ਮਹਿੰਦੀ ਦੀ ਰਸਮ ਤੋਂ ਬਾਅਦ ਮੁੰਡੇ ਦੇ ਜੀਜੇ ਵੱਲੋਂ ਮੁੰਡੇ ਦੇ ਹੱਥ ਖੰਬੜੀ ਬੰਨ੍ਹੀ ਜਾਂਦੀ ਹੈ। ਇਸਨੂੰ ਸੱਤ ਗੰਢਾਂ ਦਿੱਤੀਆਂ ਜਾਂਦੀਆਂ ਹਨ। ਬਾਜ਼ੀਗਰ ਕਬੀਲੇ ਵਿੱਚ ਇਸਨੂੰ 'ਗਾਨਾ' ਕਿਹਾ ਜਾਂਦਾ ਹੈ।

ਬਾਜ਼ੀਗਰ ਕਬੀਲੇ ਵਿੱਚ ਗਾਨਾ ਬੰਨ੍ਹਣ ਦੀ ਰਸਮ ਨੂੰ ਬਹੁਤ ਹੀ ਸਤਿਕਾਰ ਵਾਲੀ ਰਸਮ ਸਮਝਿਆ ਜਾਂਦਾ ਹੈ ਅਤੇ ਇਸੇ ਕਾਰਨ ਗਾਨਾ ਬੰਨ੍ਹਣ ਦਾ ਹੱਕ ਕਬੀਲੇ ਵਿੱਚ ਜਵਾਈ ਨੂੰ ਦਿੱਤਾ ਗਿਆ ਹੈ।

9. **ਵੱਟਣਾ ਮਲਣ ਦੀ ਰਸਮ** : ਬਾਜ਼ੀਗਰ ਕਬੀਲੇ ਵਿਚ ਗਾਨਾ ਬੰਨ੍ਹਣ ਦੀ ਰਸਮ ਤੋਂ ਬਾਅਦ ਵੱਟਣਾ ਲਾਉਣ ਦੀ ਰਸਮ ਅਦਾ ਕੀਤੀ ਜਾਂਦੀ ਹੈ। ਵਿਆਹ ਵਾਲੇ ਮੁੰਡੇ ਦੇ ਵਟਣਾ ਪਰਿਵਾਰ ਦੇ ਜਵਾਈਆਂ ਅਤੇ ਭਰਜਾਈਆਂ ਵੱਲੋਂ ਲਾਇਆ ਜਾਂਦਾ ਹੈ। ਇਸ ਰਸਮ ਵੇਲੇ ਮੁੰਡੇ ਦੀਆਂ ਭੈਣਾਂ ਇੱਕ ਫੁਲਕਾਰੀ ਵਰਗੇ ਕੱਪੜੇ ਦੇ ਚਾਰ ਕੋਨੇ ਫੜ ਕੇ ਮੁੰਡੇ ਦੇ ਉਪਰ ਤਾਣ ਦਿੰਦੀਆਂ ਹਨ। ਇਸ ਰਸਮ ਵੇਲੇ ਕਬੀਲੇ ਦੇ ਵਿਆਹ ਨਾਲ ਸੰਬੰਧਤ ਗੀਤ ਗਾਏ ਜਾਂਦੇ ਹਨ ।

10. **ਖ਼ਾਰੇ ਦੀ ਰਸਮ** : ਬਾਜ਼ੀਗਰ ਕਬੀਲੇ ਵਿੱਚ ਵਟਣਾਂ ਮਲਣ ਦੀ ਰਸਮ ਤੋਂ ਬਾਅਦ ਖ਼ਾਰੇ ਦੀ ਰਸਮ ਅਦਾ ਕੀਤੀ ਜਾਂਦੀ ਹੈ। ਮੁੰਡੇ ਦੇ ਜੀਜੇ ਅਤੇ ਭਰਜਾਈਆਂ ਵਿਆਹ ਵਾਲੇ ਮੁੰਡੇ ਨੂੰ ਖ਼ਾਰੇ 'ਤੇ ਚਾੜ੍ਹਦੇ ਹਨ। ਇਸ ਰਸਮ ਵਿੱਚ ਵਿਆਹ ਵਾਲਾ ਮੁੰਡਾ ਆਪਣੇ ਹੱਥਾਂ ਵਿੱਚ ਇੱਕ ਖਾਲੀ ਥਾਲ਼ੀ ਫੜ ਲੈਂਦਾ ਹੈ ਜਿਸ ਵਿੱਚ ਇੱਕ ਦੀਵਾ ਜਗਾਇਆ ਜਾਂਦਾ ਹੈ। ਵਿਆਹ ਵਾਲਾ ਮੁੰਡਾ ਇਹ ਥਾਲ ਫੜ ਕੇ ਪੈਰਾਂ ਵਿੱਚ ਮੂਧੀ ਰੱਖੀ ਪਰਾਤ ਉੱਤੇ ਚੜ੍ਹ ਕੇ ਖੜ੍ਹ ਜਾਂਦਾ ਹੈ। ਵਿਆਹ ਵਾਲੇ ਮੁੰਡੇ ਦਾ ਪਰਿਵਾਰ, ਰਿਸ਼ਤੇਦਾਰ ਅਤੇ ਕਬੀਲੇ ਦੇ ਵਿਆਹ ਵਿੱਚ ਸ਼ਾਮਲ ਲੋਕ ਵਿਆਹ ਵਾਲੇ ਮੁੰਡੇ ਤੋਂ ਸ਼ਰਧਾ ਮੁਤਾਬਕ ਪੈਸੇ ਵਾਰ ਕੇ ਇਸ ਦੀਵੇ ਵਾਲੀ ਥਾਲ ਵਿੱਚ ਰੱਖ ਦਿੰਦੇ ਹਨ। ਇਸ ਰਸਮ ਤੋਂ ਬਾਅਦ ਮੁੰਡੇ ਦਾ ਮੂੰਹ ਵੀ ਮਿੱਠਾ ਕਰਵਾਇਆ ਜਾਂਦਾ ਹੈ। ਖ਼ਾਰੇ ਦੀ ਰਸਮ ਵੇਲੇ ਔਰਤਾਂ ਕਬੀਲੇ ਵਿਚ ਪ੍ਰਚਲਿਤ ਗੀਤ ਗਾਉਂਦੀਆਂ ਹਨ :

ਨ੍ਹਾ ਲਾ ਰੇ ਛੋਰਾ ਨ੍ਹਾ ਈ ਲਾ
ਊਪਰ ਸੋਨੇ ਰੋ ਛੱਤਰ ਤਨਾਅ ਈ ਲਾ

11. **ਖ਼ਾਰੇ ਤੋਂ ਉਤਾਰਨ ਦੀ ਰਸਮ** : ਬਾਜ਼ੀਗਰ ਕਬੀਲੇ ਵਿੱਚ ਖ਼ਾਰੇ 'ਤੇ ਬਿਠਾਉਣ ਤੋਂ ਬਾਅਦ ਖ਼ਾਰੇ ਤੋਂ ਉਤਾਰਨ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਕਬੀਲੇ ਵਿਚ ਇਹ ਰਸਮ ਮੁੰਡੇ ਦਾ ਮਾਮਾ ਪੂਰੀ ਕਰਦਾ ਹੈ। ਮਾਮਾ ਵਿਆਹ ਵਾਲੇ ਮੁੰਡੇ ਨੂੰ ਗੋਦ ਵਿਚ ਚੁੱਕ ਕੇ ਖ਼ਾਰੇ ਤੋਂ ਉਤਾਰਦਾ ਹੈ। ਖ਼ਾਰੇ ਤੋਂ ਉਤਾਰਨ ਦੀ ਰਸਮ ਵੇਲੇ ਮਾਮੇ ਨੂੰ ਵਿੱਤ ਅਨੁਸਾਰ ਵਿਆਹ ਵਾਲੇ ਮੁੰਡੇ ਨੂੰ ਸ਼ਗਨ ਦੇਣਾ ਪੈਂਦਾ ਹੈ। ਇਸ ਰਸਮ ਤੋਂ ਬਾਅਦ ਵਿਆਹ ਵਾਲੇ ਮੁੰਡੇ ਨੂੰ ਖ਼ਾਰੇ ਤੋਂ ਉਤਰਨ ਸਮੇਂ ਸੱਤ ਘੜਿਆਂ ਦੀਆਂ ਚੱਪਣੀਆਂ ਤੋੜਨੀਆਂ ਪੈਂਦੀਆਂ ਹਨ। ਮੁੰਡੇ ਦੁਆਰਾ ਚੱਪਣੀਆਂ ਤੋੜਨਾ ਵਿਆਹ ਦੀ ਪੱਕਿਆਈ ਅਤੇ ਸਫਲਤਾ ਦਾ ਪ੍ਰਤੀਕ ਹੈ। ਇਸ ਰਸਮ ਵਿੱਚ ਸ਼ਗਨ ਵਿੱਚ ਮਿਲਣ ਵਾਲੇ ਪੈਸਿਆਂ 'ਤੇ ਵਿਆਹ ਵਾਲੇ ਮੁੰਡੇ ਦਾ ਅਧਿਕਾਰ ਹੁੰਦਾ ਹੈ।

12. **ਸਿਹਰਾ ਬੰਨ੍ਹਣ ਦੀ ਰਸਮ** : ਬਾਜ਼ੀਗਰ ਕਬੀਲੇ ਵਿੱਚ ਵਿਆਹ ਵਾਲੇ ਲੜਕੇ ਨੂੰ ਖ਼ਾਰੇ ਤੋਂ ਉਤਾਰਨ ਤੋਂ ਬਾਅਦ ਨਵੇਂ ਕੱਪੜੇ ਪੁਆ ਕੇ ਉਸਨੂੰ ਕਬੀਲੇ ਦੇ ਰਸਮ-ਰਿਵਾਜ਼ਾਂ ਅਨੁਸਾਰ ਤਿਆਰ ਕਰਕੇ ਸਿਹਰਾਬੰਦੀ ਕੀਤੀ ਜਾਂਦੀ ਹੈ। ਵਿਆਹ ਵਾਲੇ ਮੁੰਡੇ ਦਾ ਸਿਹਰਾ

ਜੀਜੇ ਵੱਲੋਂ ਬੰਨ੍ਹਿਆਂ ਜਾਂਦਾ ਹੈ। ਇਸ ਰਸਮ ਸਮੇਂ ਮੁੰਡੇ ਦੀਆਂ ਭੈਣਾਂ ਉਚੇਚੇ ਤੌਰ 'ਤੇ ਸ਼ਾਮਲ ਹੁੰਦੀਆਂ ਹਨ। ਇਸ ਸ਼ਗਨ ਤੋਂ ਬਾਅਦ ਮੁੰਡੇ ਦੀ ਝੋਲੀ ਵਿੱਚ ਸ਼ਗਨ ਵੀ ਪਾਇਆ ਜਾਂਦਾ ਹੈ। ਇਸ ਤੋਂ ਬਾਅਦ ਮੁੰਡੇ ਦੀਆਂ ਭਰਜਾਈਆਂ ਵੱਲੋਂ ਮੁੰਡੇ ਦੇ ਸੁਰਮਾ ਪਾਉਣ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਵਿਆਹ ਵਾਲੇ ਮੁੰਡੇ ਦੇ ਸੁਰਮਾ ਛੋਟੀ ਭਰਜਾਈ ਵੱਲੋਂ ਪਾਇਆ ਜਾਂਦਾ ਹੈ। ਸੁਰਮਾ ਪਵਾਈ ਦੀ ਰਸਮ ਬਦਲੇ ਭਰਜਾਈ ਨੂੰ ਮੁੰਡੇ ਵੱਲੋਂ ਕੁਝ ਰੁਪਏ ਸ਼ਗਨ ਵਜੋਂ ਦਿੱਤੇ ਜਾਂਦੇ ਹਨ।

13. **ਵਾਗ ਫੜਨ ਦੀ ਰਸਮ** : ਬਾਜ਼ੀਗਰ ਕਬੀਲੇ ਵਿੱਚ ਬਰਾਤ ਤੁਰਨ ਤੋਂ ਪਹਿਲਾਂ ਮੁੰਡੇ ਦੀ ਭੈਣ ਵੀਰ ਦੇ ਵਿਆਹ ਦੀ ਖੁਸ਼ੀ ਵਿੱਚ ਵਿਆਹ ਵਾਲੇ ਮੁੰਡੇ ਦਾ ਪੱਲਾ ਫੜਦੀ ਹੈ। ਇਸ ਰਸਮ ਨੂੰ ਬਾਜ਼ੀਗਰ ਕਬੀਲੇ ਵਿੱਚ 'ਵਾਗ ਫੜਾਈ' ਕਿਹਾ ਜਾਂਦਾ ਹੈ। ਇਸ ਰਸਮ ਦਾ ਭੈਣ ਨੂੰ ਉਚੇਚੇ ਤੌਰ 'ਤੇ ਸ਼ਗਨ ਦਿੱਤਾ ਜਾਂਦਾ ਹੈ। ਮੁੰਡੇ ਦੇ ਗਲ਼ ਵਿੱਚ ਇੱਕ ਚਿੱਟੇ ਰੰਗ ਦਾ ਸਾਫ਼ਾ ਪਾਇਆ ਜਾਂਦਾ ਹੈ। ਇਸ ਕੱਪੜੇ ਨੂੰ 'ਛੇਤੂਆ' ਆਖਿਆ ਜਾਂਦਾ ਹੈ। ਇਸ ਦੀ ਇੱਕ ਕੰਨੀ ਨਾਲ ਸਵਾ ਰੁਪਇਆ ਬੰਨ੍ਹ ਦਿੱਤਾ ਜਾਂਦਾ ਹੈ। ਵਿਆਹ ਵਾਲੇ ਮੁੰਡੇ ਦੇ ਘਰੋਂ ਬਰਾਤ ਤੁਰਨ ਵੇਲੇ ਵਿਆਹ ਵਾਲੀ ਕੁੜੀ ਲਈ ਸ਼ਗਨਾਂ ਵੱਜੋਂ ਵਰੀ ਦੇ ਇੱਕ ਜਾਂ ਦੋ ਸੂਟ ਲਏ ਜਾਂਦੇ ਹਨ। ਇਹਨਾਂ ਸੂਟਾਂ ਨਾਲ ਵਿਸੇਸ਼ ਤੌਰ 'ਤੇ ਗੁੜ ਅਤੇ ਚੌਲ ਰੱਖੇ ਜਾਂਦੇ ਹਨ। ਗੁੜ ਅਤੇ ਚੌਲ ਵਿਆਹ ਵਾਲੀਆਂ ਦੋਹਾਂ ਧਿਰਾਂ ਦੀ ਆਪਸੀ ਸਾਂਝ ਦਾ ਪ੍ਰਤੀਕ ਹਨ।

14. **ਪੁਰਖਿਆਂ ਦੀ ਥਾਂ 'ਤੇ ਮੱਥਾ ਟੇਕਣ ਦੀ ਰਸਮ** : ਇਸ ਰਸਮ ਵਿੱਚ ਵਿਆਹ ਵਾਲਾ ਮੁੰਡਾ ਆਪਣੇ ਪੁਰਖਿਆਂ ਦੀ ਬਣੀ ਹੋਈ ਥਾਂ 'ਤੇ ਪਰਿਵਾਰ ਸਮੇਤ ਮੱਥਾ ਟੇਕਦਾ ਹੈ। ਇਸ ਸਮੇਂ ਪਰਿਵਾਰ ਦੀ ਖੁਸ਼ਹਾਲੀ ਅਤੇ ਵਿਆਹ ਦੀ ਸਫ਼ਲਤਾ ਲਈ ਪੁਰਖ਼ਿਆਂ ਅੱਗੇ ਅਰਦਾਸ ਕੀਤੀ ਜਾਂਦੀ ਹੈ। ਇਸ ਵੇਲੇ ਪੁਰਖਿਆਂ ਨੂੰ ਖੁਸ਼ ਕਰਨ ਲਈ ਪੁਰਖਿਆਂ ਦੀ ਥਾਂ 'ਤੇ ਢੋਲ ਵਜਾ ਕੇ ਖੁਸ਼ੀ ਜ਼ਾਹਿਰ ਕੀਤੀ ਜਾਂਦੀ ਹੈ। ਇਸ ਤਰ੍ਹਾਂ ਪੁਰਖਿਆਂ ਦਾ ਅਸ਼ੀਰਵਾਦ ਲੈਣ ਤੋਂ ਬਾਅਦ ਬਰਾਤ ਕੁੜੀ ਵਾਲਿਆਂ ਦੇ ਘਰ ਚਾਲੇ ਪਾ ਦਿੰਦੀ ਹੈ।

15. **ਮਿਲਣੀ ਦੀ ਰਸਮ** : ਬਾਜ਼ੀਗਰ ਕਬੀਲੇ ਵਿੱਚ ਬਰਾਤ ਕੁੜੀ ਵਾਲਿਆਂ ਦੇ ਘਰ ਪਹੁੰਚਣ 'ਤੇ ਸਭ ਤੋਂ ਪਹਿਲਾਂ ਮਿਲਣੀ ਦੀ ਰਸਮ ਹੁੰਦੀ ਹੈ। ਮਿਲਣੀ ਦੀ ਰਸਮ ਵੇਲੇ ਕਬੀਲੇ ਦੀਆਂ ਔਰਤਾਂ ਸਿਠਣੀਆਂ ਦੇ ਰੂਪ ਵਿੱਚ ਇਹ ਗੀਤ ਬੋਲਦੀਆਂ ਹਨ :

ਕਣਕਾਂ ਦਾ ਕਣ ਮੈਂ ਲਵਾਂ
ਨਾਲੇ ਬੰਨ੍ਹਾਂ ਕੁੱਪ
ਅੱਗੇ ਧਰਮਸ਼ੋਤਨੀਆਂ ਭੁੜਕਦੀਆਂ
ਤੁਸਾਂ ਕਿਉਂ ਕੀਤੀ ਚੁੱਪ

ਮਾਇਆ ਕਰੀਏ ਠੀਕਰੀ
ਦਿਲ ਕਰੀਏ ਦਰਿਆ
ਮਾਇਆ ਆਵਣੀ ਜਾਵਣੀ

ਤੂੰ ਸ਼ਾਬਾਸ਼ ਪੱਲੇ ਪਾ
ਮੇਰਿਆ ਸੋਹਣਿਆਂ

ਇਸ ਸਮੇਂ ਕੁੜੀ ਨੂੰ ਵਰੀ ਵਿੱਚ ਦਿੱਤੇ ਜਾਣ ਵਾਲੇ ਸੂਟ ਅਤੇ ਗਹਿਣੇ ਕਬੀਲੇ ਦੇ ਪਤਵੰਤਿਆਂ ਅਤੇ ਰਿਸ਼ਤੇਦਾਰਾਂ ਦੀ ਹਾਜ਼ਰੀ ਵਿੱਚ ਇਕ ਥਾਲ ਵਿੱਚ ਰੱਖ ਕੇ ਵਿਖਾਏ ਜਾਂਦੇ ਹਨ। ਮਿਲਣੀ ਦੀ ਰਸਮ ਤੋਂ ਬਾਅਦ ਬਰਾਦਰੀ ਦਾ ਖਾਣ-ਪੀਣ ਕੀਤਾ ਜਾਂਦਾ ਹੈ। ਇਸ ਸਮੇਂ ਘਿਓ ਸ਼ੱਕਰ ਅਤੇ ਹੁੱਕਾ ਵਿਸ਼ੇਸ਼ ਤੌਰ 'ਤੇ ਪਰੋਸਿਆ ਜਾਂਦਾ ਹੈ। ਇਸਦੀ ਜ਼ਿੰਮੇ-ਵਾਰੀ ਅਤੇ ਖ਼ਰਚ ਮੁੰਡੇ ਵਾਲਿਆਂ ਦਾ ਹੀ ਹੁੰਦਾ ਹੈ। ਇਸ ਮੌਕੇ ਮੁੰਡੇ ਵਾਲਿਆਂ ਵੱਲੋਂ ਕੁੜੀ ਵਾਲਿਆਂ ਦੇ ਘਰ ਲੋਹੇ ਦਾ ਇੱਕ ਥੰਮ ਗੱਡ ਦਿੱਤਾ ਜਾਂਦਾ ਹੈ। ਇਸਨੂੰ ਇਸ਼ਟ ਦੇਵ ਮੰਨ ਕੇ ਮੁੰਡਾ ਅਤੇ ਉਸਦੇ ਪਰਿਵਾਰ ਵਾਲੇ ਮੱਥਾ ਟੇਕਦੇ ਹਨ ਅਤੇ ਇਸ ਥੰਮ੍ਹ ਨੂੰ ਗੁੜ ਅਤੇ ਚਾਵਲ ਭੇਂਟ ਕੀਤੇ ਜਾਂਦੇ ਹਨ। ਅਜਿਹਾ ਇਸ਼ਟ ਦੇਵ ਨੂੰ ਖੁਸ਼ ਰੱਖਣ ਲਈ ਕੀਤਾ ਜਾਂਦਾ ਹੈ ਤਾਂ ਕਿ ਵਿਆਹ ਦੇ ਸਮਾਗਮ ਵਿੱਚ ਕੋਈ ਵਿਘਨ ਨਾ ਪਵੇ। ਕਬੀਲੇ ਵਿੱਚ ਹੁਣ ਇਹ ਰੀਤ ਖਤਮ ਹੋਣ ਦੇ ਕਿਨਾਰੇ ਹੈ।

16. **ਫੇਰਿਆਂ ਦੀ ਰਸਮ** : ਬਾਜ਼ੀਗਰ ਕਬੀਲੇ ਵਿੱਚ ਮਿਲਣੀ ਦੀ ਰਸਮ ਤੋਂ ਬਾਅਦ ਫੇਰਿਆਂ ਦੀ ਰਸਮ ਹੁੰਦੀ ਹੈ। ਪੁਰਾਣੇ ਸਮੇਂ ਵਿੱਚ ਫੇਰਿਆਂ ਲਈ ਮਿੱਟੀ ਦੇ ਘੜਿਆਂ ਉੱਤੇ 'ਅੱਕ' ਦੇ ਪੱਤੇ ਰੱਖ ਕੇ ਬਲੀ ਬੇਦੀ ਬਣਾਈ ਜਾਂਦੀ ਸੀ। ਪਰੰਤੂ ਅਜੋਕੇ ਸਮੇਂ ਵਿੱਚ ਇਹ ਰਸਮ ਲਗਭਗ ਖਤਮ ਹੋਣ ਕਿਨ੍ਹਾਰੇ ਹੈ। ਹੁਣ ਬਾਜ਼ੀਗਰ ਕਬੀਲੇ ਵਿੱਚ ਜ਼ਿਆਦਾਤਰ ਵਿਆਹ ਸਿੱਖ ਧਰਮ ਦੀਆਂ ਰੀਤਾਂ ਅਨੁਸਾਰ ਹੋਣ ਲੱਗ ਪਏ ਹਨ। ਪਰੰਪਰਕ ਰਸਮਾਂ ਰੀਤਾਂ ਵਿੱਚ ਕਾਫ਼ੀ ਬਦਲਾਅ ਆਇਆ ਹੈ। ਕੁਝ ਰਿਵਾਜ਼ ਮੁੱਢ ਕਦੀਮ ਤੋਂ ਮੂਲ ਰੂਪ ਵਿੱਚ ਚਲਦੇ ਆ ਰਹੇ ਹਨ ਅਤੇ ਕੁਝ ਸਮੇਂ ਦੇ ਵੇਗ ਦੇ ਨਾਲ-ਨਾਲ ਅਲੋਪ ਹੋ ਗਏ ਹਨ ਜਾਂ ਫਿਰ ਉਨ੍ਹਾਂ ਵਿੱਚ ਵੱਡੀ ਤਬਦੀਲੀ ਵੇਖੀ ਜਾ ਸਕਦੀ ਹੈ।

17. **ਕਬੀਲਾ ਬੇਨਤੀ** : ਬਾਜ਼ੀਗਰ ਕਬੀਲੇ ਵਿੱਚ ਵਿਆਹ ਵਾਲੀ ਲੜਕੀ ਦੀ ਚੁੰਨੀ ਵਿਆਹ ਵਾਲੇ ਲੜਕੇ ਦੇ ਪੱਲੇ ਨਾਲ ਬੰਨ੍ਹ ਕੇ ਵਿਆਹ ਦੀ ਰਸਮ ਸੰਪੰਨ ਕੀਤੀ ਜਾਂਦੀ ਹੈ। ਇਸ ਤਰ੍ਹਾਂ ਲੜਕੀ ਨੂੰ ਲੜਕੇ ਦੇ ਲੜ ਲਾ ਦਿੱਤਾ ਜਾਂਦਾ ਹੈ। ਇਹ ਰਸਮ ਪੂਰੀ ਹੋਣ 'ਤੇ ਵਿਆਹ ਵਾਲੀ ਲੜਕੀ ਦੇ ਪਰਿਵਾਰ ਦਾ ਮੁਖੀ ਆਪਣੇ ਗਲ਼ ਵਿੱਚ ਆਪਣੇ ਸਾਫ਼ੇ ਦਾ ਪੱਲਾ ਪਾ ਕੇ ਲੜਕੇ ਵਾਲਿਆਂ ਨੂੰ ਨਿਮਰਤਾ ਸਹਿਤ ਕਬੀਲਾ ਬੇਨਤੀ ਕਰਦਾ ਹੈ :

ਮਾਰ੍ਹਾਜ !
ਮਾਰੇ ਪਾਲੈ ਈ ਜੁਣੋ
ਤਿਲ ਫੁੱਲ ਸਰਿਓ
ਮੈਂ ਤੁਨੇ ਦੇਇ ਰਿਓ ਛੂੰ
ਬਾਕੀ ਤਾਰੇ ਆਂਗੇ ਮਾਰ
ਈ ਹਾਥ ਜੋੜਕੇ
ਮਿੰਨਤ ਛਾ
ਮੈਂ ਤੁਨੇ ਕਾਈਂ ਨਹੀਂ ਦਿਨੋ

ਮਾਰ ਲਾਜ ਰਾਖੀਂ

ਉਪਰੋਕਤ ਸਤਰਾਂ ਦਾ ਭਾਵ ਹੈ :

ਮਹਾਰਾਜ !
ਮੇਰੇ ਕੋਲੋਂ ਜੋ ਵੀ ਇਹ ਤਿਲ ਫੁੱਲ
ਸਰਿਆ
ਮੈਂ ਤੈਨੂੰ ਦੇ ਰਿਹਾ ਹਾਂ
ਬਾਕੀ ਤੇਰੇ ਅੱਗੇ ਮੇਰੀ ਇਹ
ਹੱਥ ਜੋੜ ਕੇ ਬੇਨਤੀ ਹੈ ਕਿ
ਮੈਂ ਤੈਨੂੰ ਦਾਜ ਵੱਜੋਂ ਕੁਝ ਨਹੀਂ ਦੇ ਸਕਿਆ
ਹੁਣ ਮੇਰੀ ਲਾਜ ਰੱਖੀਂ।

18. **ਕਬੀਲਾ ਬੇਨਤੀ ਪ੍ਰਵਾਨ ਕਰਨਾ** : ਕਬੀਲਾ ਬੇਨਤੀ ਸੁਣਨ ਉਪਰੰਤ ਲੜਕੇ ਵਾਲਿਆਂ ਵੱਲੋਂ ਕੋਈ ਸਿਆਣੀ ਉਮਰ ਦਾ ਬੰਦਾ ਜਾਂ ਪਰਿਵਾਰ ਦਾ ਮੁੱਖੀ ਉੱਠ ਕੇ ਉਪਰੋਕਤ ਕਬੀਲਾ ਬੇਨਤੀ ਨੂੰ ਸਵੀਕਾਰ ਕਰਦਾ ਆਖਦਾ ਹੈ :

ਭਾਈ ਜੋਂ ਆਪਣ ਬੇਟੀ ਦੇ ਦਿਨੀ
ਓਂ ਸਾਰੋ ਕਾਈਂ ਦੇ ਦਿਨੋ
ਧਾਰੋ ਸਾਰੋ ਕਾਈਂ ਆ ਗਿਓ ਛਾ

ਇਸ ਰਸਮ ਤੋਂ ਬਾਅਦ 'ਔਰਸਖੀਆ' ਭਾਵ ਗੋਤਰ ਬਾਹਰੀ ਵਿਅਕਤੀ ਉੱਠ ਕੇ ਦੋਹਾਂ ਧਿਰਾਂ ਦੀ ਬੇਨਤੀ ਸਵੀਕਾਰ ਕਰਦਾ ਹੋਇਆ ਵਿਆਹ ਦੀ ਸਫਲਤਾ ਲਈ 'ਸਾਤ ਸ਼ਾਵਾ' ਦਿੰਦਾ ਹੈ। 'ਸਾਤ ਸ਼ਾਵਾ' ਤੋਂ ਭਾਵ 'ਸੱਤ ਸਾਬਾਸ਼ਾਂ' ਹੈ। ਇਸ ਸਮੇਂ ਵਿਆਹ ਵਾਲੇ ਮੁੰਡੇ ਦੀਆਂ ਸਾਲੀਆਂ ਮੁੰਡੇ ਨੂੰ ਮਖ਼ੌਲ ਵੀ ਕਰਦੀਆਂ ਹਨ ਅਤੇ ਕਈ ਵਾਰ ਹਲਕੀਆਂ ਫੁਲਕੀਆਂ ਗਾਲ੍ਹਾਂ ਵੀ ਦਿੱਤੀਆਂ ਜਾਂਦੀਆਂ ਹਨ। ਕਬੀਲੇ ਦੀਆਂ ਔਰਤਾਂ ਵੱਲੋਂ ਵਿਆਹ ਵਾਲੇ ਮੁੰਡੇ ਦੇ ਪਰਿਵਾਰ ਅਤੇ ਬਰਾਤੀਆਂ ਦੇ ਨਾਂ 'ਤੇ ਸਿੱਠਣੀਆਂ ਵੀ ਦਿੱਤੀਆਂ ਜਾਂਦੀਆਂ ਹਨ।

19. **ਮਿੱਠੇ ਚੋਲਾਂ ਦਾ ਆਦਾਨ-ਪ੍ਰਦਾਨ** : ਬਾਜ਼ੀਗਰ ਕਬੀਲੇ ਵਿੱਚ ਵਿਆਹ ਦੀ ਰਸਮ ਪੂਰੀ ਹੋਣ ਤੋਂ ਬਾਅਦ ਦੋਹਾਂ ਧਿਰਾਂ ਵੱਲੋਂ ਮਿੱਠੇ ਚੋਲਾਂ ਦਾ ਆਦਾਨ-ਪ੍ਰਦਾਨ ਕੀਤਾ ਜਾਂਦਾ ਹੈ। ਮੁੰਡੇ ਵਾਲੇ ਮਿੱਠੇ ਚੋਲ੍ਹ ਘਰੋਂ ਬਣਾ ਕੇ ਲੈ ਕੇ ਜਾਂਦੇ ਹਨ। ਇਹ ਮਿੱਠੇ ਚੋਲ੍ਹ ਸਾਰੇ ਬਰਾਤੀਆਂ ਅਤੇ ਰਿਸ਼ਤੇਦਾਰਾਂ ਵਿੱਚ ਵਰਤਾਏ ਜਾਂਦੇ ਹਨ। ਅਜੋਕੇ ਦੌਰ ਵਿਚ ਚੋਲਾ ਦੀ ਥਾਂ ਮਹਿੰਗੀਆਂ ਮਠਿਆਈਆਂ ਨੇ ਲੈ ਲਈ ਹੈ।

20. **ਤੇਲੀ ਚਾੜ੍ਹਨ ਦੀ ਰਸਮ** : ਬਾਜ਼ੀਗਰ ਕਬੀਲੇ ਵਿਚ ਵਿਆਹ ਵਾਲੀ ਲੜਕੀ ਦੇ ਮਹਿੰਦੀ ਲਾਉਣ ਤੋਂ ਬਾਅਦ ਤੇਲ ਪਾਉਣ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਇਸ ਰਸਮ ਵਿੱਚ ਕੁੜੀ ਦੇ ਸਹੁਰਿਆਂ ਵੱਲੋਂ ਲਾਗ ਦੇ ਤੌਰ 'ਤੇ ਸੁੱਕੀ ਮਹਿੰਦੀ, ਵੱਟਣਾ, ਲਾਲੀ, ਸੁਰਮਾਂ, ਚੂੜੀਆਂ, ਰੰਗ-ਬਰੰਗੇ ਰਿਬਨ ਤੇ ਸੱਤ ਗੁੜ ਦੀਆਂ ਰੋੜੀਆਂ ਦਿੱਤੀਆਂ ਜਾਂਦੀਆਂ ਹਨ। ਇਹ ਸ਼ਗਨਾਂ ਦਾ ਗੁੜ ਉਸ ਦੀਆਂ ਸਹੇਲੀਆਂ ਵਿਚ ਵੰਡ ਦਿੱਤਾ ਜਾਂਦਾ ਹੈ। ਲੜਕੀ

ਦੇ ਸਿਰ ਵਿਚ ਤੇਲ ਪਾਉਣ ਦੀ ਰਸਮ ਵੇਲੇ ਕੁੜੀ ਦੀਆਂ ਸਹੇਲੀਆਂ ਇਹ ਗੀਤ ਗਾਉਂਦੀਆਂ ਹਨ :

ਸੱਜੀ ਮੇਢੀ ਨਾ ਖੋਲਿਓ ਸਹੇਲੀਓ
ਸਾਡਾ ਤਾਇਆ ਸੁਵੇਸੀ, ਸੁਣ ਗਾਲੀਆਂ ਕਢੇਸੀ
ਤਾਏ ਨੂੰ ਪੁੱਛ ਕੇ ਖੋਲਿਓ ਸਹੇਲੀਓ

ਸੱਜੀ ਮੇਢੀ ਨਾ ਖੋਲਿਓ ਸਹੇਲੀਓ
ਸਾਡਾ ਬਾਪੂ ਸੁਵੇਸੀ ਸੁਣ ਸੁਣ ਗਾਲੀਆਂ ਕਢੇਸੀ
ਸਾਡੇ ਬਾਪੂ ਨੂੰ ਪੁੱਛ ਕੇ ਖੋਲਿਓ ਸਹੇਲੀਓ

ਸੱਜੀ ਮੇਰੀ ਮੇਢੀ ਨਾ ਖੋਲਿਓ ਸਹੇਲੀਓ
ਸਾਡਾ ਵੀਰਾ ਸੁਵੇਸੀ, ਸੁਣ ਸੁਣ ਗਾਲੀਆਂ ਕੱਢੇਸੀ
ਸੱਜੀ ਮੇਢੀ ਨਾ ਖੋਲਿਓ ਸਹੇਲੀਓ

ਇਸ ਤੋਂ ਉਪਰੰਤ ਕੁੜੀ ਦੇ ਵੱਟਣਾ ਮੱਲਣ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਵੱਟਣਾਂ ਮਲਣ ਦੀ ਰਸਮ ਤੋਂ ਬਾਅਦ ਅੱਕ ਦੇ ਪੱਤਿਆਂ ਦੀ ਬੇਦੀ ਦੇ ਆਲੇ-ਦੁਆਲੇ ਚੱਕਰ ਕੱਟ ਕੇ ਵਿਆਹ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਇਸ ਰਸਮ ਵੇਲੇ ਕੁੜੀ ਦੀ ਭਰਜਾਈ ਮੁੰਡੇ ਦੇ ਪਰਨੇ ਨਾਲ ਕੁੜੀ ਦੀ ਸ਼ਗਨਾਂ ਵਾਲੀ ਲਾਲ ਚੁੰਨੀ ਬੰਨ੍ਹ ਦਿੰਦੀ ਹੈ। ਬਾਜ਼ੀਗਰ ਕਬੀਲੇ ਵਿੱਚ ਵਿਆਹ ਦੀਆਂ ਮੁੱਢਲੀਆਂ ਰਸਮਾਂ ਮੁਕੰਮਲ ਹੋਣ ਤੋਂ ਬਾਅਦ ਕੁੜੀ ਨੂੰ ਮਾਪਿਆਂ ਦੇ ਘਰੋਂ ਵਿਦਾ ਕਰਨ ਦਾ ਵਕਤ ਆਉਂਦਾ ਹੈ। ਕੁੜੀ ਨੂੰ ਘਰੋਂ ਵਿਦਾ ਕਰਨ ਵੇਲੇ ਕੁੜੀ ਦੇ ਭਰਾ ਵਿਆਹ ਵਾਲੇ ਜੋੜੇ 'ਤੇ ਲਾਲ ਕੱਪੜਾ ਤਾਣਦੇ ਹਨ। ਇਹ ਸ਼ਗਨਾਂ ਅਤੇ ਪਿਆਰ ਦਾ ਪ੍ਰਤੀਕ ਹੁੰਦਾ ਹੈ। ਵਿਦਾ ਹੋਣ ਵੇਲੇ ਵਿਆਹ ਵਾਲੀ ਕੁੜੀ ਕਣਕ ਜਾਂ ਚੌਲਾਂ ਦੀ ਇੱਕ ਮੁੱਠੀ ਆਪਣੇ ਬਾਪ ਦੇ ਘਰ ਵੱਲ ਸੁੱਟਦੀ ਹੈ ਜਿਸਦਾ ਭਾਵ ਹੈ ਕਿ ਉਸਦੇ ਜਾਣ ਪਿੱਛੋਂ ਉਸਦੇ ਬਾਪ ਦਾ ਘਰ ਹਰ ਪੱਖੋਂ ਹਰਿਆ-ਭਰਿਆ ਬਣਿਆ ਰਹੇ। ਇਹ ਸਮਾਂ ਬਹੁਤ ਹੀ ਭਾਵਨਾਤਮਕ ਕਿਸਮ ਦਾ ਹੁੰਦਾ ਹੈ। ਇਸ ਸਮੇਂ ਜਿੱਥੇ ਕਬੀਲੇ ਦੀਆਂ ਔਰਤਾਂ ਵੱਲੋਂ ਕੁੜੀ ਦੀ ਵਿਦਾਈ ਦੇ ਗੀਤ ਗਾਏ ਜਾਂਦੇ ਹਨ, ਉੱਥੇ ਕੁੜੀ ਦੀਆਂ ਸਹੇਲੀਆਂ ਅਤੇ ਉਸਦੇ ਸਕੇ ਸੰਬੰਧੀ ਉਸਦੇ ਵਿਛੋੜੇ ਵਿੱਚ ਵਿਰਲਾਪ ਵੀ ਕਰਦੇ ਹਨ। ਵਿਆਹ ਵਾਲੀ ਲੜਕੀ ਡੋਲੀ ਚੜ੍ਹਨ ਤੋਂ ਮਨ੍ਹਾਂ ਕਰਦੀ ਹੈ। ਇਸ ਵੇਲੇ ਉਸਦੇ ਭਰਾ ਅਤੇ ਚਾਚੇ ਉਸਨੂੰ ਜ਼ਬਰਦਸਤੀ ਚੁੱਕ ਕੇ ਡੋਲੀ ਵਿੱਚ ਬਿਠਾ ਕੇ ਵਿਦਾ ਕਰਦੇ ਹਨ। ਬਾਜ਼ੀਗਰ ਕਬੀਲੇ ਵਿੱਚ ਲੜਕੀ ਨੂੰ ਘਰੋਂ ਵਿਦਾ ਕਰਨ ਵੇਲੇ ਉਸਨੂੰ ਦਾਜ ਵਿੱਚ ਹੇਠ ਲਿਖੇ ਉਪਹਾਰ ਦਿੱਤੇ ਜਾਂਦੇ ਸਨ :-

1. ਕਾਂਸੀ ਦਾ ਇੱਕ ਛੰਨਾ, ਥਾਲੀ ਅਤੇ ਗਿਲਾਸ
2. ਸੁਰਮੇਦਾਨੀ
3. ਕੋਥਲੀ

4. ਕੋਥਲਾ
5. 22 ਰੁਪਏ ਦੀ ਨਗਦੀ ਜਿਸਨੂੰ 'ਟੋਡਾ' ਵੀ ਆਖਿਆ ਜਾਂਦਾ ਹੈ
6. ਕੁੜੀ ਨੂੰ ਗਹਿਣਿਆਂ ਦੇ ਰੂਪ ਵਿੱਚ ਸੋਨੇ ਦੀਆਂ ਬੁਗਤੀਆਂ, ਹਾਰ, ਹਮੇਲ, ਪਰੀਬੰਦ, ਟਾਡਾਂ, ਘੁੰਘਟ, ਚਮਕਲੀ, ਗੋਖਰੂ, ਸੁੱਚੇ ਮਣਕਿਆਂ ਦੀ ਗਾਨੀ, ਪੇਡਾ, ਚਾਂਦੀ ਦਾ ਚੂੜਾ, ਛੜ ਕੰਗਣ, ਸੋਨੇ ਦੇ ਵੱਡੇ ਲੌਂਗ, ਕਲਿੱਪ, ਕੋਕਾ, ਵਰੀ ਦੇ ਦੋ ਸੂਟ ਅਤੇ ਹਾਰ ਸ਼ਿੰਗਾਰ ਦਾ ਸਾਮਾਨ ਉਪਹਾਰ ਵੱਜੋਂ ਦਿੱਤੇ ਜਾਂਦੇ ਹਨ। ਕਬੀਲੇ ਵਿੱਚ ਵਿਆਹ ਵਿੱਚ ਪਸ਼ੂ ਦਾਨ ਵਜੋਂ ਦੇਣ ਦਾ ਰਿਵਾਜ਼ ਲਗਭਗ ਖਤਮ ਹੋ ਗਿਆ ਹੈ। ਹੁਣ ਬਾਜ਼ੀਗਰ ਕਬੀਲੇ ਵਿੱਚ ਦਾਜ ਵੱਜੋਂ ਵਿੱਤ ਅਨੁਸਾਰ ਮਹਿੰਗੇ ਉਪਹਾਰ ਜਿਵੇਂ ਟੈਲੀਵੀਜ਼ਨ, ਫਰਿੱਜ਼, ਡਬਲ ਬੈੱਡ, ਡਰੈਸਿੰਗ ਟੇਬਲ, ਸੋਫ਼ਾ, ਡਾਇਨਿੰਗ ਟੇਬਲ ਅਤੇ ਮੋਟਰਸਾਈਕਲ ਆਦਿ ਵੀ ਦਿੱਤੇ ਜਾਣ ਲੱਗ ਪਏ ਹਨ।

21. **ਪਾਣੀ ਵਾਰਨ ਦੀ ਰਸਮ** : ਬਾਜ਼ੀਗਰ ਕਬੀਲੇ ਵਿੱਚ ਵਿਆਹ ਵਾਲਾ ਮੁੰਡਾ ਜਦੋਂ ਨਵੀਂ ਵਿਆਹੁਤਾ ਨੂੰ ਘਰ ਲੈ ਕੇ ਆਉਂਦਾ ਹੈ ਤਾਂ ਨਵੇਂ ਵਿਆਹੇ ਜੋੜੇ ਦੇ ਘਰ ਵਿੱਚ ਪ੍ਰਵੇਸ਼ ਕਰਨ ਤੋਂ ਪਹਿਲਾਂ ਮੁੰਡੇ ਦੀ ਮਾਂ ਨਵੇਂ ਵਿਆਹੇ ਜੋੜੇ ਦੇ ਸਿਰ ਤੋਂ ਸੱਤ ਵਾਰ ਪਾਣੀ ਵਾਰ ਕੇ ਪੀਂਦੀ ਹੈ। ਇਸ ਰਸਮ ਵੇਲੇ ਮੁੰਡੇ ਦੀ ਮਾਂ ਵੱਲੋਂ ਆਪਣੀ ਨਵੀਂ ਵਿਆਹੀ ਨੂੰਹ ਨੂੰ ਸੂਟ ਜਾਂ ਕੋਈ ਗਹਿਣਾ ਆਦਿ ਲੈ ਕੇ ਦੇਣ ਦਾ ਵਾਅਦਾ ਕੀਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਦੀ ਨਵੀਂ ਵਿਆਹੀ ਔਰਤ ਪਹਿਲੇ ਦਿਨ ਆਪਣੇ ਸਹੁਰਿਆਂ ਦੇ ਘਰ ਜਾ ਕੇ ਰੋਟੀ ਨਹੀਂ ਖਾਂਦੀ। ਉਸ ਲਈ ਪਹਿਲੇ ਦਿਨ ਦਾ ਖਾਣਾ ਉਸਦੇ ਕਿਸੇ ਰਿਸ਼ਤੇਦਾਰ ਜਾਂ ਨਜ਼ਦੀਕੀ ਦੇ ਘਰੋਂ ਲਿਆਇਆ ਜਾਂਦਾ ਹੈ। ਇਸ ਤੋਂ ਅਗਲੇ ਦਿਨ ਵਿਆਹ ਵਾਲਾ ਮੁੰਡਾ ਨਵੀਂ ਵਿਆਹੀ ਲਾੜੀ ਦਾ ਮੂੰਹ ਮਿੱਠਾ ਕਰਵਾ ਕੇ ਉਸ ਦਾ ਮੂੰਹ ਵੇਖਦਾ ਹੈ। ਉਸ ਤੋਂ ਬਾਅਦ ਘਰ ਦੀਆਂ ਔਰਤਾਂ ਅਤੇ ਕਬੀਲੇ ਦੀਆਂ ਔਰੰਤਾਂ ਨਵੀਂ ਵਿਆਹੀ ਲੜਕੀ ਨੂੰ ਸ਼ਗਨ ਦੇ ਰੂਪ ਵਿੱਚ ਆਪਣੀ ਸਮਰੱਥਾ ਅਨੁਸਾਰ ਪੈਸੇ ਦੇ ਕੇ ਉਸ ਦਾ ਮੂੰਹ ਵੇਖਦੀਆਂ ਹਨ।

22. **ਗਾਨਾ ਖੋਲ੍ਹਣ ਦੀ ਰਸਮ** : ਬਾਜ਼ੀਗਰ ਕਬੀਲੇ ਵਿੱਚ ਵਿਆਹ ਤੋਂ ਦੂਜੇ ਦਿਨ ਗਾਨਾ ਖੋਲ੍ਹਣ ਦੀ ਰਸਮ ਅਦਾ ਕੀਤੀ ਜਾਂਦੀ ਹੈ। ਇਸ ਰਸਮ ਵਿੱਚ ਨਵਾਂ ਵਿਆਹਿਆ ਜੋੜਾ ਇੱਕ ਦੂਜੇ ਦੀ ਕਲਾਈ ਤੋਂ ਗਾਨਾ ਖੋਲ੍ਹਣ ਦੀ ਰਸਮ ਪੂਰੀ ਕਰਦਾ ਹੈ। ਬਾਜ਼ੀਗਰ ਕਬੀਲੇ ਵਿੱਚ ਇਹ ਰਸਮ ਪਰਦੇ ਵਿੱਚ ਭਰਜਾਈ ਅਤੇ ਕੁੜੀਆਂ ਦੀ ਹਾਜ਼ਰੀ ਵਿੱਚ ਪੂਰੀ ਕੀਤੀ ਜਾਂਦੀ ਹੈ।

23. **ਮਾਂਡਾ ਖੇਡਣ ਦੀ ਰਸਮ** : ਬਾਜ਼ੀਗਰ ਕਬੀਲੇ ਵਿੱਚ ਗਾਨਾ ਖੋਲ੍ਹਣ ਉਪਰੰਤ ਮਾਂਡਾ ਖੇਡਣ ਦੀ ਰਸਮ ਨਿਭਾਈ ਜਾਂਦੀ ਹੈ। ਮਾਂਡਾ ਖੇਡਣ ਦੀ ਰਸਮ ਵਿੱਚ ਪਿੱਤਲ ਦੀ ਪਰਾਤ ਨੂੰ ਚੋਲਾਂ ਦੀ ਮਾਂਡ ਨਾਲ ਭਰ ਲਿਆ ਜਾਂਦਾ ਹੈ। ਇਸੇ ਉਪਰੰਤ ਮਾਂਡ ਵਿੱਚ ਚਾਂਦੀ ਦੀ ਅੰਗੂਠੀ ਅਤੇ ਸਵਾ ਰੁਪਿਆ ਸੁੱਟ ਦਿੱਤਾ ਜਾਂਦਾ ਹੈ। ਇਸ ਰਸਮ ਵਿੱਚ ਨਵਾਂ ਵਿਆਹਿਆ ਜੋੜਾ ਹੁਸ਼ਿਆਰੀ ਨਾਲ ਮਾਂਡ ਵਿੱਚੋਂ ਅੰਗੂਠੀ ਲੱਭਦਾ ਹੈ। ਇਸ ਰਸਮ ਵਿੱਚ

ਨਵੇਂ ਵਿਆਹੇ ਜੋੜੇ ਵਿੱਚੋਂ, ਜਿਸ ਨੂੰ ਅੰਗੂਠੀ ਪਹਿਲਾਂ ਲੱਭ ਜਾਂਦੀ ਹੈ, ਇਹ ਅੰਗੂਠੀ ਉਸੇ ਦੀ ਹੋ ਜਾਂਦੀ ਹੈ।

24. **ਤੀਲੇ ਖੇਡਣ ਦੀ ਰਸਮ** : ਬਾਜ਼ੀਗਰ ਕਬੀਲੇ ਵਿੱਚ ਤੀਲੇ ਖੇਡਣ ਦੀ ਰਸਮ ਵੇਲੇ ਸੱਤ ਸਰਕੜੇ ਦੇ ਛੋਟੇ-ਛੋਟੇ ਤੀਲੇ ਨਵੇਂ ਵਿਆਹੇ ਜੋੜੇ ਦੇ ਹੱਥ ਵਿੱਚ ਫੜਾ ਦਿੱਤੇ ਜਾਂਦੇ ਹਨ। ਇਸ ਰਸਮ ਵਿੱਚ ਨਵੇਂ ਵਿਆਹੇ ਲੜਕੇ ਲੜਕੀ ਵੱਲੋਂ ਇਕ ਦੂਜੇ ਦੇ ਹੱਥਾਂ ਵਿੱਚ ਘੁੱਟ ਕੇ ਫੜੇ ਹੋਏ ਤੀਲੇ ਜ਼ੋਰ ਅਜ਼ਮਾਈ ਕਰਕੇ ਕੱਢੇ ਜਾਂਦੇ ਹਨ। ਬਾਜ਼ੀਗਰ ਕਬੀਲੇ ਵਿੱਚ ਇਹ ਰਸਮ ਪਰਦੇ ਵਿੱਚ ਭਰਜਾਈਆਂ ਅਤੇ ਬੱਚਿਆਂ ਦੀ ਹਾਜ਼ਰੀ ਵਿੱਚ ਪੂਰੀ ਕੀਤੀ ਜਾਂਦੀ ਹੈ। ਇਸ ਰਸਮ ਦਾ ਮੁੱਖ ਮੰਤਵ ਨਵੇਂ ਵਿਆਹੇ ਜੋੜੇ ਦੀ ਸੰਗ ਤੋੜ ਕੇ ਉਨ੍ਹਾਂ ਨੂੰ ਇੱਕ ਦੂਜੇ ਦੇ ਨੇੜੇ ਲਿਆਉਣਾ ਹੁੰਦਾ ਹੈ।

25. **ਚੌਂਕੇ ਚਾੜ੍ਹਨ ਦੀ ਰਸਮ** : ਬਾਜ਼ੀਗਰ ਕਬੀਲੇ ਵਿੱਚ ਨਵੀਂ ਵਿਆਹੀ ਵਹੁਟੀ ਨੂੰ ਵਿਆਹ ਤੋਂ ਦੂਜੇ ਦਿਨ ਚੌਂਕੇ ਚੜ੍ਹਾਇਆ ਜਾਂਦਾ ਹੈ। ਇਸ ਨੂੰ 'ਤੌਣ ਵਿੱਚ ਸ਼ਾਮਲ ਕਰਨਾ' ਵੀ ਕਿਹਾ ਜਾਂਦਾ ਹੈ। ਇਸ ਰਸਮ ਵਿਚ ਨਵੀਂ ਵਿਆਹੀ ਲੜਕੀ ਆਪਣੇ ਹੱਥੀਂ ਭੋਜਨ ਤਿਆਰ ਕਰਕੇ ਆਪਣੇ ਸੱਸ ਸਹੁਰੇ ਅਤੇ ਪਰਿਵਾਰ ਨੂੰ ਪਰੋਸਦੀ ਹੈ। ਇਸ ਰਸਮ ਦਾ ਮੰਤਵ ਨਵੀਂ ਵਿਆਹੀ ਲੜਕੀ ਨੂੰ ਘਰ ਦੀ ਜ਼ਿੰਮੇਵਾਰੀ ਸੌਂਪਣਾ ਹੁੰਦਾ ਹੈ। ਇਸ ਰਸਮ ਵੇਲੇ ਬਾਜ਼ੀਗਰ ਕਬੀਲੇ ਵਿੱਚ ਮਿੱਠੇ ਚੌਲ਼ ਅਤੇ ਸ਼ਰਦਾਈ ਖੁੱਲ੍ਹੇ ਤੌਰ 'ਤੇ ਵਰਤਾਈ ਜਾਂਦੀ ਹੈ।

26. **ਮਿੱਠੀਆਂ ਬਾਟੀਆਂ ਦੀ ਰਸਮ** : ਬਾਜ਼ੀਗਰ ਕਬੀਲੇ ਵਿਚ ਵਿਆਹ ਤੋਂ ਕੁਝ ਦਿਨ ਬਾਅਦ ਹੀ ਮੁਕਲਾਵੇ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਇਸ ਰਸਮ ਵਿਚ ਨਵੀਂ ਵਿਆਹੀ ਲੜਕੀ ਆਪਣੇ ਪੇਕਿਆਂ ਦੇ ਘਰ ਕੁਝ ਦਿਨ ਬਿਤਾਉਣ ਤੋਂ ਬਾਅਦ ਮਿੱਠੀਆਂ (ਰੋਟੀਆਂ) ਬਣਾ ਕੇ ਸਹੁਰੇ ਘਰ ਲਿਆਉਂਦੀ ਹੈ। ਇਹ ਮਿੱਠੀਆਂ ਰੋਟੀਆਂ ਡੇਰੇ ਦੇ ਸਾਰੇ ਘਰਾਂ ਵਿਚ ਵਰਤਾਈਆਂ ਜਾਂਦੀਆਂ ਹਨ। ਇਸ ਰਸਮ ਤੋਂ ਭਾਵ ਲੜਕੀ ਦਾ ਆਪਣੇ ਸਹੁਰੇ ਘਰ ਨਾਲ ਜੁੜਨ ਦੇ ਨਾਲ-ਨਾਲ ਡੇਰੇ ਦੇ ਸ਼ਾਰੇ ਘਰਾਂ ਨਾਲ ਸਾਂਝ ਨੂੰ ਪ੍ਰਗਟ ਕਰਨਾ ਹੁੰਦਾ ਹੈ। ਇਹ ਰਸਮ ਦੋ ਗੋਤਰਾਂ ਦੀ ਭਾਈਚਾਰਕ ਸਾਂਝ ਨੂੰ ਪੱਕਾ ਕਰਦੀ ਹੈ। ਇਨ੍ਹਾਂ ਰਸਮਾਂ ਦੇ ਚਲਦਿਆਂ ਨਵੀਂ ਵਿਆਹੀ ਲੜਕੀ ਆਪਣੇ ਪਤੀ ਅਤੇ ਸਹੁਰੇ ਪਰਿਵਾਰ ਨਾਲ ਪੂਰੀ ਤਰ੍ਹਾਂ ਘੁਲ-ਮਿਲ ਜਾਂਦੀ ਹੈ। ਬਾਜ਼ੀਗਰ ਕਬੀਲੇ ਦੀਆਂ ਇਹ ਰਸਮਾਂ ਮਨੋਵਿਗਿਆਨਕ ਪੱਖ ਤੋਂ ਬਹੁਤ ਹੀ ਮਹੱਤਵਪੂਰਣ ਹਨ। ਇਹ ਰਸਮਾਂ ਇੱਕ ਅਜਨਬੀ ਲੜਕੀ ਨੂੰ ਪਰਾਏ ਘਰ ਵਿੱਚ ਬਹੁਤ ਹੀ ਸਹਿਜਤਾ ਨਾਲ ਸਥਾਪਤ ਕਰਨ ਵਿੱਚ ਬਹੁਤ ਹੀ ਸਹਾਈ ਹੁੰਦੀਆਂ ਹਨ। ਬਾਜ਼ੀਗਰ ਕਬੀਲੇ ਵਿੱਚ ਨਵੀਂ ਵਿਆਹੀ ਲੜਕੀ ਫਿਰ ਇੱਕ ਜਾਂ ਦੋ ਦਿਨ ਬਾਅਦ ਆਪਣੇ ਪੇਕੇ ਘਰ ਫੇਰਾ ਪਾਉਂਦੀ ਹੈ ਅਤੇ ਉੱਥੇ ਦਸ ਪੰਦਰ੍ਹਾਂ ਦਿਨਾਂ ਦੇ ਸਮੇਂ ਲਈ ਰੁਕਦੀ ਹੈ। ਫਿਰ ਉਸਨੂੰ ਕਿਸੇ ਤਿੱਥ-ਤਿਉਹਾਰ ਵਾਲੇ ਦਿਨ ਉਸਦਾ ਪਤੀ ਫਿਰ ਤੋਂ ਲੈਣ ਆਉਂਦਾ ਹੈ। ਇਸ ਦੂਜੇ ਫੇਰੇ ਦੌਰਾਨ ਹੀ ਉਨ੍ਹਾਂ ਦੇ ਗ੍ਰਹਿਸਥੀ ਜੀਵਨ ਦੀ ਸ਼ੁਰੂਆਤ ਹੁੰਦੀ ਹੈ। ਇਸ ਪ੍ਰਕਾਰ ਬਾਜ਼ੀਗਰ ਕਬੀਲੇ ਵਿੱਚ ਲੰਮੀਆਂ ਰਸਮਾਂ ਤੋਂ ਬਾਅਦ ਵਿਆਹ ਸੰਬੰਧ ਸੰਪੰਨ ਹੁੰਦਾ ਹੈ।

ਬਾਜ਼ੀਗਰ ਕਬੀਲੇ ਦੀਆਂ ਮੌਤ ਰਸਮਾਂ

ਡਾ. ਭੁਪਿੰਦਰ ਸਿੰਘ ਖਹਿਰਾ ਅਨੁਸਾਰ "ਮਰਨ ਸਮੇਂ ਦੀਆਂ ਕਿਰਿਆਵਾਂ ਨੂੰ ਰਸਮਾਂ ਕਹਿਣਾ ਉੱਚਿਤ ਨਹੀਂ ਕਿਉਂਕਿ ਰਸਮਾਂ ਦਾ ਸੰਬੰਧ ਵਾਸਤਵਿਕ ਸਮਾਜਿਕ ਅਮਲ ਦੀ ਪਰੰਪਰਾ ਨਾਲ ਹੁੰਦਾ ਹੈ ਜਿੱਥੇ ਕਿਰਿਆਵਾਂ ਜ਼ਿਆਦਾਤਰ ਲੋਕ ਵਿਸ਼ਵਾਸਾਂ ਦਾ ਹੀ ਵਿਅਕਤ ਰੂਪ ਹੁੰਦੀਆਂ ਹਨ। ਜਿਸ ਤਰ੍ਹਾਂ ਮਰਨ ਉਪਰੰਤ ਪਿੰਡ ਦੇ ਪਿੰਨੇ ਬਣਾਉਣ ਦੀ ਕਿਰਿਆ, ਘੜਾ ਭੰਨਣ ਦੀ ਕਿਰਿਆ ਨਿਰੋਲ ਵਿਸ਼ਵਾਸ ਨਾਲ ਤਅੱਲਕ ਰੱਖਦੀਆਂ ਹਨ। ਇਸ ਲਈ ਚੰਗਾ ਹੋਵੇਗਾ ਜੇ ਮਰਨ ਦੀਆਂ ਰਸਮਾਂ ਨੂੰ ਕਿਰਿਆਵਾਂ ਕਿਹਾ ਜਾਵੇ। ਵੈਸੇ ਵੀ ਇਹ ਕਿਰਿਆ-ਕਰਮ ਦੇ ਨਾਂ ਨਾਲ ਹੀ ਜਾਣੀਆਂ ਜਾਂਦੀਆਂ ਹਨ।"[20] ਇਸ ਸੰਦਰਭ ਬਾਜ਼ੀਗਰ ਕਬੀਲੇ ਵਿੱਚ ਮੌਤ ਨਾਲ ਸੰਬੰਧਤ ਰਸਮਾਂ ਹੇਠ ਲਿਖੀਆਂ ਹਨ :

1. **ਚੁਲੀ ਦੇਣ ਦੀ ਰਸਮ** : ਬਾਜ਼ੀਗਰ ਕਬੀਲੇ ਵਿੱਚ ਕਿਸੇ ਬਜ਼ੁਰਗ ਜਾਂ ਸਿਆਣੇ ਆਦਮੀ ਦੇ ਮਰਨ ਵੇਲੇ ਵੇਲੇ ਚੁਲੀ ਦੇਣ ਦੀ ਰਸਮ ਅਦਾ ਕੀਤੀ ਜਾਂਦੀ ਹੈ। ਇਸ ਰਸਮ ਦੌਰਾਨ ਮਰ ਰਹੇ ਵਿਅਕਤੀ ਦੇ ਪਰਿਵਾਰਕ ਮੈਂਬਰ ਅਤੇ ਡੇਰੇ ਦੇ ਹੋਰ ਸੰਬੰਧਤ ਲੋਕ ਮਰਨ ਵਾਲੇ ਵਿਅਕਤੀ ਦੇ ਮੂੰਹ ਵਿੱਚ ਹੱਥ ਦੀ ਚੁਲੀ ਨਾਲ ਪਾਣੀ ਦਿੰਦੇ ਹਨ। ਇਸ ਰਸਮ ਵਿੱਚ ਮਰ ਰਹੇ ਵਿਅਕਤੀ ਦੇ ਮੂੰਹ ਵਿੱਚ ਥੋੜ੍ਹਾ-ਥੋੜ੍ਹਾ ਪਾਣੀ ਪਾਇਆ ਜਾਂਦਾ ਹੈ। ਇਸ ਰਸਮ ਸੰਬੰਧੀ ਕਬੀਲੇ ਵਿੱਚ ਇਹ ਵਿਸ਼ਵਾਸ ਹੈ ਕਿ ਇੱਕ ਤਾਂ ਸਾਰਾ ਪਰਿਵਾਰ ਅਤੇ ਕਬੀਲਾ ਮਰ ਰਹੇ ਵਿਅਕਤੀ ਨੂੰ ਇਕੱਠਾ ਹੋ ਕੇ ਆਖ਼ਰੀ ਵਾਰ ਮਿਲ ਲੈਂਦਾ ਹੈ ਅਤੇ ਦੂਜਾ ਪਰਿਵਾਰ ਅਤੇ ਕਬੀਲੇ ਦੀ ਚੁਲ਼ੀ ਲੈਣ ਤੋਂ ਬਾਅਦ ਮ੍ਰਿਤਕ ਦੀ ਆਤਮਾ ਆਸਾਨੀ ਨਾਲ ਪ੍ਰਮਾਤਮਾ ਦੇ ਪੈਰਾਂ ਵਿੱਚ ਜਾ ਨਿਵਾਸ ਕਰਦੀ ਹੈ। ਉਸਦੀ ਜਨਮ ਮਰਨ ਦੀ ਭਟਕਣਾ ਖਤਮ ਹੋ ਜਾਂਦੀ ਹੈ। ਕਬੀਲੇ ਵਿੱਚ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜੇ ਕੋਈ ਵਿਅਕਤੀ ਚੁੱਲੀ ਤੋਂ ਬਿਨਾਂ ਮਰ ਜਾਂਦਾ ਹੈ ਤਾਂ ਉਸਦੀ ਆਤਮਾ ਭੂਤ-ਪ੍ਰੇਤ ਬਣ ਕੇ ਭਟਕ਼ਦੀ ਰਹਿੰਦੀ ਹੈ।

2. **ਮੰਜੀ ਤੋਂ ਹੇਠਾਂ ਉਤਾਰਨ ਦੀ ਰਸਮ** : ਬਾਜ਼ੀਗਰ ਕਬੀਲੇ ਵਿੱਚ ਮਰਨ ਵਾਲੇ ਵਿਅਕਤੀ ਨੂੰ ਮੌਤ ਤੋਂ ਤੁਰੰਤ ਬਾਅਦ ਮੰਜੀ ਤੋਂ ਹੇਠਾਂ ਉਤਾਰ ਦਿੱਤਾ ਜਾਂਦਾ ਹੈ। ਉਸ 'ਤੇ ਕੋਈ ਸਫ਼ੈਦ ਕੱਪੜਾ ਤਾਣ ਦਿੱਤਾ ਜਾਂਦਾ ਹੈ ਅਤੇ ਸੋਗਵਾਨ ਲੋਕ ਘਰ ਦੇ ਬਾਹਰ ਇਕੱਠੇ ਹੋ ਕੇ ਵਿਹੜੇ ਵਿੱਚ ਬੈਠ ਜਾਂਦੇ ਹਨ।

3. **ਸੋਗ ਦੀ ਰਸਮ** : ਬਾਜ਼ੀਗਰ ਕਬੀਲੇ ਵਿੱਚ ਮਰਨ ਵਾਲੇ ਵਿਅਕਤੀ ਦਾ ਪਰਿਵਾਰ ਅਤੇ ਕਬੀਲੇ ਦੇ ਲੋਕ ਇਕੱਠੇ ਹੋ ਜਾਂਦੇ ਹਨ। ਮ੍ਰਿਤਕ ਵਿਅਕਤੀ ਦਾ ਪਰਿਵਾਰ ਰੁਦਨ ਕਰਦਾ ਹੋਇਆ ਉਸਦਾ ਜਸ ਗਾਇਨ ਕਰਦਾ ਹੈ। ਇਸ ਰੁਦਨ ਵਿਚ ਮ੍ਰਿਤਕ ਦੀਆਂ ਰਿਸ਼ਤੇਦਾਰ ਔਰਤਾਂ ਵੀ ਸ਼ਾਮਲ ਹੁੰਦੀਆਂ ਹਨ। ਇਸ ਸਮੇਂ ਮਰਨ ਵਾਲੇ ਵਿਅਕਤੀ ਦੇ ਚੰਗੇ ਕਰਮ ਅਤੇ ਯਾਦਾਂ ਤਾਜ਼ੀਆਂ ਕਰਕੇ ਸੋਗ ਪ੍ਰਗਟ ਕੀਤਾ ਜਾਂਦਾ ਹੈ। ਕਬੀਲੇ ਦੇ ਸਿਆਣੇ ਲੋਕ ਮੌਤ ਦੇ ਸਦੀਵੀ ਸੱਚ ਦੇ ਉਪਦੇਸ਼ ਦੇਣ ਦੇ ਨਾਲ-ਨਾਲ ਮ੍ਰਿਤਕ ਦੇ ਪਰਿਵਾਰ ਨੂੰ ਢਾਰਸ ਵੀ ਦਿੰਦੇ ਹਨ।

4. **ਸੰਸਕਾਰ ਦੀਆਂ ਰਸਮਾਂ** : ਬਾਜ਼ੀਗਰ ਕਬੀਲੇ ਵਿੱਚ ਸੂਰਜ ਦੀ ਹਾਜ਼ਰੀ ਵਿੱਚ ਸੰਸਕਾਰ ਕਰਨ ਦੀ ਰਸਮ ਪ੍ਰਚਲਿਤ ਹੈ। ਜੇਕਰ ਵਿਅਕਤੀ ਦੀ ਮੌਤ ਰਾਤ ਵੇਲੇ ਜਾਂ ਸਵੇਰ ਵੇਲੇ ਹੋਵੇ ਤਾਂ ਉਸਦਾ ਸੰਸਕਾਰ ਸੂਰਜ ਚੜ੍ਹਨ 'ਤੇ ਕਰ ਦਿੱਤਾ ਜਾਂਦਾ ਹੈ। ਜੇਕਰ ਵਿਅਕਤੀ ਦੀ ਮੌਤ ਸੂਰਜ ਛਿਪਣ ਤੋਂ ਬਾਅਦ ਹੋਵੇ ਤਾਂ ਉਸਦਾ ਅੰਤਿਮ ਸੰਸਕਾਰ ਦੂਜੇ ਦਿਨ ਸੂਰਜ ਚੜ੍ਹਨ 'ਤੇ ਹੀ ਕੀਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਘਰ ਦੇ ਜੀਅ, ਡੇਰੇ ਦੇ ਲੋਕ ਅਤੇ ਰਿਸ਼ਤੇਦਾਰ ਮ੍ਰਿਤਕ ਲਈ ਬਾਜ਼ਾਰ ਵਿੱਚੋਂ ਇਕੱਠੇ ਹੋ ਕੇ ਕਫ਼ਨ ਖਰੀਦਣ ਲਈ ਜਾਂਦੇ ਹਨ। ਕਫ਼ਨ ਖਰੀਦਣ ਸਮੇਂ ਇੱਕ ਜਾਂ ਦੋ ਵਿਅਕਤੀ ਬਾਹਰੀ ਗੋਤਰ ਦੇ ਲਏ ਜਾਂਦੇ ਹਨ ਜਿਨ੍ਹਾਂ ਨੂੰ 'ਔਰਸਖੀਆ' ਕਿਹਾ ਜਾਂਦਾ ਹੈ। ਮ੍ਰਿਤਕ ਨੂੰ ਸ਼ਮਸ਼ਾਨ ਤੀਕ ਲੈ ਕੇ ਜਾਣ ਲਈ ਬਾਂਸ ਦੀ ਇੱਕ ਮੰਜੀ ਤਿਆਰ ਕੀਤੀ ਜਾਂਦੀ ਹੈ ਅਤੇ ਇੱਕ ਪਾਣੀ ਦਾ ਕੋਰਾ ਘੜਾ ਭਰ ਕੇ ਨਾਲ ਲਿਜਾਇਆ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਮ੍ਰਿਤਕ ਆਦਮੀ 'ਤੇ ਚਿੱਟਾ ਕੱਪੜਾ ਪਾਇਆ ਜਾਂਦਾ ਹੈ ਅਤੇ ਮ੍ਰਿਤਕ ਔਰਤ 'ਤੇ ਲਾਲ ਦੁਸ਼ਾਲਾ ਤਾਣਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਦੀਆਂ ਔਰਤਾਂ ਮ੍ਰਿਤਕ ਦੀ ਅਰਥੀ ਵਿੱਚ ਸ਼ਾਮਲ ਨਹੀਂ ਹੁੰਦੀਆਂ। ਕਬੀਲੇ ਵਿੱਚ ਇਹ ਰੀਤ ਮੁੱਢ ਕਦੀਮ ਤੋਂ ਹੀ ਚਲਦੀ ਆ ਰਹੀ ਹੈ।

5. **ਘੜਾ ਭੰਨ੍ਹਣ ਦੀ ਰਸਮ** : ਬਾਜ਼ੀਗਰ ਕਬੀਲੇ ਵਿੱਚ ਜਦੋਂ ਮ੍ਰਿਤਕ ਵਿਅਕਤੀ ਨੂੰ ਘਰੋਂ ਸ਼ਮਸ਼ਾਨ ਲਈ ਕੱਢਿਆ ਜਾਂਦਾ ਹੈ ਤਾਂ ਸਿਵਿਆਂ ਦੇ ਰਾਹ ਵਿੱਚ ਉਸ ਤੋਂ ਪਾਣੀ ਦਾ ਘੜਾ ਵਾਰ ਕੇ ਭੰਨ ਦਿੱਤਾ ਜਾਂਦਾ ਹੈ। ਇਸ ਤੋਂ ਭਾਵ ਹੈ ਕਿ ਉਸਦਾ ਅੱਜ ਤੋਂ ਇਸ ਸੰਸਾਰ ਤੋਂ ਅੰਨ-ਜਲ ਮੁੱਕ ਗਿਆ ਹੈ ਅਤੇ ਉਸਦਾ ਉਸਦੇ ਘਰ ਪਰਿਵਾਰ ਤੋਂ ਹਮੇਸ਼ਾ ਲਈ ਨਾਤਾ ਟੁੱਟ ਗਿਆ ਹੈ। ਇਸ ਰਸਮ ਉਪਰੰਤ ਮ੍ਰਿਤਕ ਨੂੰ ਸ਼ਮਸ਼ਾਨ ਘਾਟ ਲਿਜਾਇਆ ਜਾਂਦਾ ਹੈ।

6. **ਅਗਨੀ ਦਾਹ ਕਰਨ ਦੀ ਰਸਮ** : ਪਰਿਵਾਰ ਅਤੇ ਕਬੀਲੇ ਦੇ ਲੋਕਾਂ ਵੱਲੋਂ ਮਿਲ ਕੇ ਆਦਰ ਸਹਿਤ ਮ੍ਰਿਤਕ ਦੀ ਚਿਖ਼ਾ ਤਿਆਰ ਕੀਤੀ ਜਾਂਦੀ ਹੈ। ਮ੍ਰਿਤਕ ਨੂੰ ਅਗਨਦਾਹ ਕਰਨ ਤੋਂ ਪਹਿਲਾਂ ਉਸਦੇ ਮੂੰਹ ਵਿੱਚ ਦੇਸੀ ਘਿਓ ਅਤੇ ਹਵਨ ਸਾਮੱਗਰੀ ਭੇਟ ਕੀਤੀ ਜਾਂਦੀ ਹੈ। ਕਬੀਲੇ ਵਿਚ ਮ੍ਰਿਤਕ ਦੀ ਛਾਤੀ 'ਤੇ ਉਸ ਦੇ ਛੋਟੇ ਪੁੱਤਰ ਦੇ ਥੋੜ੍ਹੇ ਜਿਹੇ ਵਾਲ਼ ਕੱਟ ਕੇ ਰੱਖੇ ਜਾਂਦੇ ਹਨ। ਇਸ ਰਸਮ ਦਾ ਸੰਬੰਧ ਉਸ ਦੀ ਆਤਮਿਕ ਸ਼ਾਂਤੀ ਨਾਲ ਹੈ। ਇਸ ਰਸਮ ਵੇਲੇ ਅਗਨ ਦੇਵਤਾ ਅੱਗੇ ਕਬੀਲਾ ਬੇਨਤੀ ਕਰਨ ਤੋਂ ਬਾਅਦ ਮ੍ਰਿਤਕ ਦੀ ਚਿਖਾ ਨੂੰ ਅੱਗ ਦਿੱਤੀ ਜਾਂਦੀ ਹੈ।

7. **ਕਪਾਲ ਕਿਰਿਆ** : ਬਾਜ਼ੀਗਰ ਕਬੀਲੇ ਵਿੱਚ ਮ੍ਰਿਤਕ ਦੀ ਚਿਖ਼ਾ ਦੇ ਥੋੜ੍ਹਾ ਕੁ ਜਲ ਜਾਣ ਦੇ ਬਾਅਦ ਮ੍ਰਿਤਕ ਦੀ 'ਕਪਾਲ ਕਿਰਿਆ' ਕੀਤੀ ਜਾਂਦੀ ਹੈ। ਇਸ ਰਸਮ ਵਿੱਚ ਮ੍ਰਿਤਕ ਦੀ ਖੋਪਰੀ ਨੂੰ ਸੱਤ ਵਾਰ ਇੱਕ ਲੰਮੇ ਬਾਂਸ ਨਾਲ ਠੋਕਿਆ ਜਾਂਦਾ ਹੈ ਤੇ ਫਿਰ ਬਾਂਸ ਨੂੰ ਚਿਖ਼ਾ ਦੇ ਦੂਜੇ ਪਾਸੇ ਵਗਾਹ ਕੇ ਸੁੱਟਿਆ ਜਾਂਦਾ ਹੈ। ਇਸ ਕ੍ਰਿਆ ਨੂੰ ਕਪਾਲ ਕ੍ਰਿਆ ਆਖਿਆ ਜਾਂਦਾ ਹੈ। ਇਸ ਕ੍ਰਿਆ ਤੋਂ ਬਾਅਦ ਉਸ ਦੀ ਚਿਖ਼ਾ ਦੇ ਆਲੇ ਦੁਆਲੇ ਗੰਧਾਲੇ ਨਾਲ ਲਕੀਰ ਵਾਹੀ ਜਾਂਦੀ ਹੈ ਤਾਂ ਕਿ ਉਸਦੀ ਰੂਹ ਚਿਖ਼ਾ ਵਿਚੋਂ ਬਾਹਰ ਨਾ ਆਵੇ। ਮ੍ਰਿਤਕ ਦੇ ਸੰਸਕਾਰ ਤੋਂ ਬਾਅਦ ਉਸਦੇ ਪਰਿਵਾਰ ਵਾਲੇ ਅਤੇ ਕਬੀਲੇ ਦੇ

ਲੋਕ ਕਿਸੇ ਨਹਿਰ ਜਾਂ ਨਲਕੇ ਤੋਂ ਸੁੱਚੇ ਪਾਣੀ ਨਾਲ ਹੱਥ ਮੂੰਹ ਧੋ ਕੇ ਵਾਪਸ ਆਪਣੇ ਡੇਰੇ ਪਰਤ ਆਉਂਦੇ ਹਨ। ਕਬੀਲੇ ਵਿੱਚ ਮ੍ਰਿਤਕ ਨੂੰ ਮੋਢਾ ਦੇਣ ਵਾਲੇ ਵਿਅਕਤੀਆਂ ਨੂੰ 'ਕਾਂਧੀ' ਕਿਹਾ ਜਾਂਦਾ ਹੈ। ਕਬੀਲੇ ਵਿੱਚ ਕਾਂਧੀਆਂ ਪ੍ਰਤੀ ਹੇਠ ਲਿਖੀਆਂ ਮਾਨਤਾਵਾਂ ਅਤੇ ਮਨਾਹੀਆਂ ਪ੍ਰਚਲਿਤ ਹਨ :

(ੳ) ਕਾਂਧੀ ਮ੍ਰਿਤਕ ਦੇ ਭੋਗ ਤੱਕ ਕਿਤੇ ਬਾਹਰ ਰਾਤ ਨਹੀਂ ਠਹਿਰ ਸਕਦੇ। ਕਬੀਲੇ ਵਿੱਚ ਇਹ ਵਿਸ਼ਵਾਸ਼ ਪਾਇਆ ਜਾਂਦਾ ਹੈ ਕਿ ਮ੍ਰਿਤਕ ਦੀ ਆਤਮਾ ਆਪਣੇ 'ਭੋਗ' ਤੱਕ ਕਾਂਧੀਆਂ ਦੇ ਨਾਲ ਹੀ ਹੁੰਦੀ ਹੈ।

(ਅ) ਕਾਂਧੀ ਫੁੱਲ ਚੁਗਣ ਦੀ ਰਸਮ ਤੀਕ ਆਪਣੇ ਕੱਪੜੇ ਨਹੀਂ ਬਦਲਦੇ। ਫੁੱਲ ਚੁਗਣ ਦੀ ਰਸਮ ਪੂਰੀ ਹੋਣ 'ਤੇ ਕਾਂਧੀ ਇਸ਼ਨਾਨ ਕਰਕੇ ਆਪਣੇ ਕੱਪੜੇ ਬਦਲਦੇ ਹਨ। ਕਬੀਲੇ ਵਿੱਚ ਤੀਜੇ ਦੀ ਰਸਮ 'ਤੇ ਕਾਂਧੀਆਂ ਨੂੰ ਮ੍ਰਿਤਕ ਦੇ ਪਰਿਵਾਰ ਵੱਲੋਂ ਮਿੱਠੇ ਚੌਲ ਬਣਾ ਕੇ ਪਰੋਸੇ ਜਾਂਦੇ ਹਨ। ਕਾਂਧੀ ਮ੍ਰਿਤਕ ਨੂੰ ਮਿੱਠੇ ਚੌਲਾਂ ਦਾ ਭੋਗ ਲਗਵਾ ਕੇ ਫਿਰ ਖ਼ੁਦ ਇਹ ਚਾਵਲ ਖਾਂਦੇ ਹਨ। ਕਬੀਲੇ ਵਿਚ ਇਹ ਲਾਗ ਆਦਿ ਕਾਲ ਤੋਂ ਹੀ ਚਲਿਆ ਆ ਰਿਹਾ ਹੈ।

(ੲ) ਮ੍ਰਿਤਕ ਦੇ ਭੋਗ ਵਾਲੇ ਦਿਨ ਕਾਂਧੀ ਇਸ਼ਨਾਨ ਕਰਕੇ ਧਰਤੀ 'ਤੇ ਚਾਦਰ ਵਿਛਾ ਕੇ ਬੈਠ ਜਾਂਦੇ ਹਨ। ਇਸ ਰਸਮ ਵਿਚ ਮ੍ਰਿਤਕ ਦੇ ਪਰਿਵਾਰ ਵੱਲੋਂ ਕਾਂਧੀਆਂ ਨੂੰ ਭੋਜਨ ਦੇ ਪੰਜ ਥਾਲ ਪਰੋਸੇ ਜਾਂਦੇ ਹਨ ਜਿਨ੍ਹਾਂ ਵਿੱਚ ਇਕ ਥਾਲ ਮ੍ਰਿਤਕ ਵਿਅਕਤੀ ਦਾ ਹੁੰਦਾ ਹੈ। ਕਾਂਧੀ ਮ੍ਰਿਤਕ ਨੂੰ ਖਾਣਾ ਅਰਪਣ ਕਰਨ ਤੋਂ ਬਾਅਦ ਆਪਣਾ ਭੋਜਨ ਲੈਂਦੇ ਹਨ। ਕਬੀਲੇ ਦੇ ਲੋਕਾਂ ਦਾ ਵਿਸ਼ਵਾਸ਼ ਹੈ ਕਿ ਮ੍ਰਿਤਕ ਦੀ ਆਤਮਾ ਇਸ ਸਾਰੇ ਕਾਰ ਵਿਹਾਰ ਵਿਚ ਸ਼ਾਮਲ ਹੁੰਦੀ ਹੈ। ਇਨ੍ਹਾਂ ਰਸਮਾਂ ਵਿੱਚ ਕੋਈ ਵੀ ਕੁਤਾਹੀ ਹੋਣ ਦੀ ਸੂਰਤ ਵਿਚ ਉਸ ਦੀ ਆਤਮਾ ਨੂੰ ਠੇਸ ਪਹੁੰਚਦੀ ਹੈ।

(ਸ) ਕਬੀਲੇ ਵਿਚ ਭੋਗ ਦੀ ਰਸਮ ਸੰਪੂਰਨ ਹੋਣ ਤੱਕ ਮ੍ਰਿਤਕ ਨੂੰ ਦੋ ਟਾਇਮ ਦੀ ਰੋਟੀ ਅਤੇ ਦੋ ਟਾਈਮ ਦੀ ਚਾਹ ਅਰਪਿਤ ਕੀਤੀ ਜਾਂਦੀ ਹੈ।

ਇਨ੍ਹਾਂ ਰਸਮਾਂ ਵੇਲੇ ਕਬੀਲੇ ਦਾ ਗੋਤਰ ਬਾਹਰੀ ਵਿਅਕਤੀ 'ਔਰਸਖੀਆ' ਆਪਣੀ ਕਬੀਲਾ ਸਾਂਝ ਵਜੋਂ ਮ੍ਰਿਤਕ ਨੂੰ ਰੋਟੀ 'ਤੇ ਥੋੜ੍ਹਾ ਨਮਕ ਵੀ ਭੇਟ ਕਰਦਾ ਹੈ। ਨਮਕ ਉਸਦੇ ਹੱਕ-ਸੱਚ ਦੀ ਜ਼ਮਾਨਤ ਦਾ ਪ੍ਰਤੀਕ ਹੈ।

8. **ਫੁੱਲ ਚੁੱਗਣ ਦੀ ਰਸਮ** : ਬਾਜ਼ੀਗਰ ਕਬੀਲੇ ਵਿੱਚ ਤੀਸਰੇ ਦਿਨ ਮ੍ਰਿਤਕ ਦੇ ਫੁੱਲ ਚੁੱਗ ਕੇ ਇੱਕ ਚਿੱਟੀ ਥੈਲੀ ਵਿੱਚ ਪਾ ਕੇ ਕਿਸੇ ਰੁੱਖ ਦੀ ਟਹਿਣੀ 'ਤੇ ਟੰਗ ਦਿੱਤੇ ਜਾਂਦੇ ਹਨ। ਆਦਮੀ ਦਾ ਭੋਗ ਬਾਰ੍ਹਾਂ ਦਿਨਾਂ ਬਾਅਦ ਅਤੇ ਇਸਤਰੀ ਦਾ ਭੋਗ ਗਿਆਰ੍ਹਾਂ ਦਿਨਾਂ ਬਾਅਦ ਪਾਇਆ ਜਾਂਦਾ ਹੈ ਜਿਸਨੂੰ ਕ੍ਰਮਵਾਰ 'ਬਾਹਰਾ' ਅਤੇ 'ਗਿਆਰਾ' ਆਖਦੇ ਹਨ। ਬੱਚੇ ਦੀ ਮੌਤ ਉਪਰੰਤ ਅਜਿਹੀ ਕੋਈ ਰਸਮ ਅਦਾ ਨਹੀਂ ਕੀਤੀ ਜਾਂਦੀ।

9. **ਪਾਣੀ ਦੇਣ ਦੀ ਰਸਮ** : ਬਾਜ਼ੀਗਰ ਕਬੀਲੇ ਵਿੱਚ ਮ੍ਰਿਤਕ ਦੇ ਭੋਗ ਵਾਲੇ ਦਿਨ ਪਰਿਵਾਰ ਦੇ ਮੈਂਬਰ, ਰਿਸ਼ਤੇਦਾਰ ਅਤੇ ਕਬੀਲੇ ਦੇ ਲੋਕ ਮਰਨ ਵਾਲੇ ਵਿਅਕਤੀ ਨੂੰ ਪਾਣੀ ਦੇਣ ਦੀ ਰਸਮ ਅਦਾ ਕਰਦੇ ਹਨ। ਇਸ ਰਸਮ ਵਿੱਚ ਪਾਣੀ ਦੇ ਦੋ ਘੜੇ ਭਰ ਕੇ

ਨੇੜੇ-ਨੇੜੇ ਰੱਖ ਦਿੱਤੇ ਜਾਂਦੇ ਹਨ। ਘੜਿਆਂ ਦੇ ਨੇੜੇ ਹੀ ਇੱਕ ਥਾਲ ਵਿੱਚ ਧੂਫ ਬੱਤੀ ਆਦਿ ਲਾ ਦਿੱਤੀ ਜਾਂਦੀ ਹੈ। ਭੋਗ 'ਤੇ ਮ੍ਰਿਤਕ ਨੂੰ ਸ਼ਰਧਾਂਜਲੀ ਦੇਣ ਵਾਲੇ ਲੋਕ ਭੋਗ ਵਾਲੇ ਘਰ ਦਾਖ਼ਲ ਹੁੰਦਿਆਂ ਹੀ ਸਭ ਤੋਂ ਪਹਿਲਾਂ 'ਪਾਣੀ ਦੇਣ ਦੀ ਰਸਮ' ਪੂਰੀ ਕਰਦੇ ਹਨ। ਇਸ ਮੌਕੇ 'ਤੇ ਕਬੀਲੇ ਦੇ ਲੋਕ ਥੋੜ੍ਹੇ ਬਹੁਤ ਪੈਸੇ ਧਰ ਕੇ ਮ੍ਰਿਤਕ ਨੂੰ ਮੱਥਾ ਵੀ ਟੇਕਦੇ ਹਨ। ਬਾਅਦ ਵਿਚ ਇਹ ਪੈਸੇ ਫੁੱਲਾਂ ਨਾਲ ਹਰਿਦੁਆਰ ਸ਼ਰਧਾ ਵਜੋਂ ਪਾਂਡੇ ਲਈ ਭੇਜ ਦਿੱਤੇ ਜਾਂਦੇ ਹਨ। ਕਬੀਲੇ ਵਿੱਚ ਭੋਗ ਤੋਂ ਬਾਅਦ ਮ੍ਰਿਤਕ ਦੇ ਫੁੱਲ ਹਰਿਦੁਆਰ ਲੈ ਕੇ ਜਾਣ ਲੱਗਿਆਂ ਫੁੱਲਾਂ ਨੂੰ ਮੱਥਾ ਟੇਕਣ ਵੇਲੇ ਇਹ ਪ੍ਰਕ੍ਰਿਆ ਫਿਰ ਤੋਂ ਦੁਹਰਾਈ ਜਾਂਦੀ ਹੈ। ਹਰਿਦੁਆਰ ਨੂੰ ਜਾਣ ਲੱਗਿਆਂ ਮ੍ਰਿਤਕ ਦੀ ਸੀਟ ਵੱਖਰੇ ਤੌਰ 'ਤੇ ਰਾਖਵੀਂ ਰੱਖੀ ਜਾਂਦੀ ਹੈ ਅਤੇ ਰਾਹ ਵਿਚ ਮ੍ਰਿਤਕ ਦੀ ਆਤਮਾ ਨੂੰ ਸ਼ਰਧਾ ਨਾਲ ਚਾਹ ਪਾਣੀ ਵੀ ਭੇਟ ਕੀਤਾ ਜਾਂਦਾ ਹੈ। ਮ੍ਰਿਤਕ ਨੂੰ ਪਾਣੀ ਦਾ ਛਿੱਟਾ ਦੇਣ ਤੋਂ ਬਾਅਦ ਕਬੀਲੇ ਦੇ ਲੋਕ ਪਰਿਵਾਰ ਅਤੇ ਕਬੀਲੇ ਦੇ ਪਤਵੰਤਿਆਂ ਵਿੱਚ ਜਾ ਕੇ ਬੈਠ ਜਾਂਦੇ ਹਨ। ਇਸ ਰਸਮ ਵੇਲੇ ਔਰਤਾਂ ਦਾ ਪੰਡਾਲ ਆਦਮੀਆਂ ਤੋਂ ਵੱਖਰਾ ਹੁੰਦਾ ਹੈ।

10. **ਸ਼ੋਕ ਵਾਰਤਾ ਦੀ ਰਸਮ** : ਬਾਜ਼ੀਗਰ ਕਬੀਲੇ ਦੇ ਲੋਕ ਭੋਗ 'ਤੇ ਇੱਕ ਗੋਲ ਚੱਕਰ ਦੇ ਆਕਾਰ ਵਿੱਚ ਇਕੱਠੇ ਹੋ ਕੇ ਬੈਠ ਜਾਂਦੇ ਹਨ। ਇਸ ਸਮੇਂ ਉਨ੍ਹਾਂ ਲਈ ਇੱਕ ਸਾਂਝੇ ਥਾਲ ਵਿੱਚ 'ਬੀੜੀਆਂ' ਅਤੇ ਹੁੱਕਾ ਆਦਿ ਰੱਖ ਦਿੱਤੇ ਜਾਂਦੇ ਹਨ। ਮ੍ਰਿਤਕ ਦੇ ਪਰਿਵਾਰ ਵੱਲੋਂ ਇਸ ਸਮੇਂ ਕਬੀਲੇ ਦੀ ਚਾਹ ਪਾਣੀ ਅਤੇ ਸ਼ਰਦਾਈ ਨਾਲ ਸੇਵਾ ਕੀਤੀ ਜਾਂਦੀ ਹੈ। ਇਸ ਮੌਕੇ ਮ੍ਰਿਤਕ ਦੇ ਸ਼ੁਭ ਕੰਮਾਂ ਦੇ ਗੁਣਗਾਣ ਦੇ ਨਾਲ-ਨਾਲ ਬਰਾਦਰੀ ਦੇ ਉਲਝੇ ਹੋਏ ਮਸਲਿਆਂ ਤੇ ਵਿਚਾਰ-ਵਟਾਂਦਰਾ ਕੀਤਾ ਜਾਂਦਾ ਹੈ।

11. **ਕਬੀਲੇ ਦੇ ਝਗੜਿਆਂ ਸੰਬੰਧੀ ਵਿਚਾਰ-ਵਟਾਂਦਰਾ** : ਬਾਜ਼ੀਗਰ ਕਬੀਲੇ ਵਿੱਚ ਭੋਗ ਦੀ ਰਸਮ ਮੌਕੇ ਬਾਜ਼ੀਗਰ ਕਬੀਲੇ ਦੇ ਵੱਖ-ਵੱਖ ਥਾਵਾਂ ਤੋਂ ਆਏ ਪੈਂਚ ਅਤੇ ਨੁਮਾਇੰਦੇ ਇਕੱਤਰ ਹੋਏ ਹੁੰਦੇ ਹਨ। ਇਸ ਲਈ ਬਰਾਦਰੀ ਦੇ ਪਤਵੰਤਿਆਂ ਵੱਲੋਂ ਭੋਗ ਦੀ ਰਸਮ ਨੂੰ ਆਪਣੀ ਗੱਲ ਕਹਿਣ ਲਈ ਇੱਕ ਸਾਂਝੇ ਮੰਚ ਦੇ ਤੌਰ 'ਤੇ ਵੀ ਵਰਤਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਉੱਠੇ ਨਵੇਂ ਝਗੜਿਆਂ ਅਤੇ ਮਸਲਿਆਂ ਸੰਬੰਧੀ ਇਨ੍ਹਾਂ ਰਸਮਾਂ ਸਮੇਂ ਵਿਚਾਰ-ਵਟਾਂਦਰਾ ਕੀਤਾ ਜਾਂਦਾ ਹੈ। ਕਬੀਲੇ ਦੇ ਪੈਂਚ ਇਨ੍ਹਾਂ ਝਗੜਿਆਂ ਦੇ ਨਿਪਟਾਰੇ ਲਈ ਸਮਾਂ ਅਤੇ ਸਥਾਨ ਮੁਕੱਰਰ ਕਰਕੇ ਅਗਲੇ ਸਮੇਂ ਜੁੜਨ ਵਾਲੀ ਥਾਂ ਦੀ ਤਾਰੀਖ਼ ਰੱਖ ਦਿੰਦੇ ਹਨ ਅਤੇ ਸੰਬੰਧਤ ਧਿਰਾਂ ਨੂੰ ਵੀ ਬੁਲਾ ਲੈਂਦੇ ਹਨ ਤਾਂ ਕਿ ਝਗੜਿਆਂ ਦਾ ਯੋਗ ਹੱਲ ਲੱਭਿਆ ਜਾ ਸਕੇ।

12. **ਬੱਚੇ ਦੀ ਮੌਤ ਸੰਬੰਧੀ ਰਸਮਾਂ** : ਬਾਜ਼ੀਗਰ ਕਬੀਲੇ ਵਿੱਚ ਕਿਸੇ ਬੱਚੇ ਦੀ ਮੌਤ ਹੋ ਜਾਣ ਦੀ ਸੂਰਤ ਵਿੱਚ ਉਸਨੂੰ ਦਫ਼ਨਾਇਆ ਜਾਂਦਾ ਹੈ। ਪਰਿਵਾਰ ਵਿੱਚ ਬੱਚੇ ਦੀ ਮੌਤ ਹੋ ਜਾਣ 'ਤੇ ਬਹੁਤੇ ਕਰਮ ਕਾਂਡ ਨਹੀਂ ਕੀਤੇ ਜਾਂਦੇ। ਉਂਝ ਬਾਜ਼ੀਗਰ ਕਬੀਲੇ ਵਿੱਚ ਕਿਸੇ ਬੱਚੇ ਦੀ ਮੌਤ ਉਪਰੰਤ ਗਹਿਰਾ ਸੋਗ ਵਿਅਕਤ ਕੀਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਬੱਚੇ ਦੇ ਕੋਮਲ ਸਰੀਰ ਦਾ ਸੰਸਕਾਰ ਨਾ ਕਰਨ ਦੀ ਰਸਮ ਕਬੀਲੇ ਦੇ ਬੱਚਿਆਂ ਨਾਲ ਗਹਿਰੇ ਭਾਵਨਾਤਮਕ ਲਗਾਓ ਵਿੱਚੋਂ ਪੈਦਾ ਹੋਈ ਹੈ।

13. **ਬੱਤੀ ਧਾਰਾਂ ਦੀ ਰਸਮ** : ਬਾਜ਼ੀਗਰ ਕਬੀਲੇ ਵਿੱਚ ਮ੍ਰਿਤਕ ਬੱਚੇ ਨੂੰ ਦਫ਼ਨਾਉਣ ਤੋਂ ਪਹਿਲਾਂ ਉਸ ਦੀ ਮਾਂ ਵੱਲੋਂ ਉਸ ਨੂੰ ਦੁੱਧ ਦੀਆਂ 'ਬੱਤੀ' ਧਾਰਾਂ ਦਿੱਤੀਆਂ ਜਾਂਦੀਆਂ ਹਨ। ਇਹ ਰਸਮ ਬੱਚੇ ਦੀ ਆਤਮਿਕ ਸ਼ਾਂਤੀ ਨਾਲ ਜੁੜੀ ਹੋਈ ਹੈ। ਬਾਜ਼ੀਗਰ ਕਬੀਲੇ ਵਿੱਚ ਬੱਚੇ ਦੀ ਮੌਤ ਤੋਂ ਬਾਅਦ ਉਸਨੂੰ ਕਿਸੇ ਸੁੱਚੇ ਕੱਪੜੇ ਵਿੱਚ ਲਪੇਟ ਲਿਆ ਜਾਂਦਾ ਹੈ। ਪਰਿਵਾਰ ਦੇ ਮੈਂਬਰ ਅਤੇ ਡੇਰੇ ਦੇ ਹੋਰ ਸਿਆਣੇ ਲੋਕ ਬੱਚੇ ਦੇ ਸੰਸਕਾਰ ਵਿੱਚ ਸ਼ਾਮਲ ਹੁੰਦੇ ਹਨ। ਘਰ ਦੇ ਨੇੜੇ ਪੈਂਦੇ 'ਸਿਵਿਆਂ' ਵਿੱਚ ਬੱਚੇ ਨੂੰ ਪਿਆਰ ਨਾਲ ਗੋਦੀ ਵਿੱਚ ਦੋਹਾਂ ਬਾਹਾਂ ਵਿੱਚ ਚੁੱਕ ਕੇ ਪੈਦਲ ਹੀ ਲਿਜਾਇਆ ਜਾਂਦਾ ਹੈ।

14. **ਬੱਚੇ ਦੇ ਮ੍ਰਿਤਕ ਸਰੀਰ ਦੀ ਦਿਸ਼ਾ ਬਦਲਣੀ** : ਸਿਵਿਆਂ ਦੇ ਅੱਧ ਵਿੱਚ ਜਾ ਕੇ ਇੱਕ ਵਾਰ ਬੱਚੇ ਦੇ ਮ੍ਰਿਤਕ ਸਰੀਰ ਦੀ ਦਿਸ਼ਾ ਬਦਲੀ ਜਾਂਦੀ ਹੈ। ਬਾਜ਼ੀਗਰ ਕਬੀਲੇ ਵਿੱਚ ਇਹ ਇੱਕ ਸੰਸਕਾਰ ਹੈ। ਅਜਿਹਾ ਇਸ ਲਈ ਕੀਤਾ ਜਾਂਦਾ ਹੈ ਕਿ ਮ੍ਰਿਤਕ ਬੱਚੇ ਦੀ ਆਤਮਾ ਨੂੰ ਥੋੜ੍ਹਾ ਆਰਾਮ ਮਿਲ ਜਾਵੇ ਤੇ ਉਹ ਆਪਣੇ ਘਰ ਦਾ ਰਾਹ ਭੁੱਲ ਜਾਵੇ ਤਾਂ ਕਿ ਉਹ ਫਿਰ ਤੋਂ ਅਜਿਹੇ ਰਸਤੇ ਨਾ ਆਵੇ ਜਿੱਥੇ ਕਿ ਉਸਦੀ ਬਚਪਨ ਵਿੱਚ ਹੀ ਮੌਤ ਹੋ ਜਾਵੇ। ਬੱਚੇ ਨੂੰ ਗੰਧਾਲੇ ਨਾਲ ਇੱਕ ਗਹਿਰਾ ਟੋਆ ਪੁੱਟ ਕੇ ਦਫ਼ਨਾਇਆ ਜਾਂਦਾ ਹੈ। ਉਸਦੇ ਸਰੀਰ 'ਤੇ ਹਰੇ ਪੱਤੇ ਅਤੇ ਘਾਹ ਆਦਿ ਰੱਖ ਕੇ ਮਿੱਟੀ ਦੇ ਸਪੁਰਦ ਕਰ ਦਿੱਤਾ ਜਾਂਦਾ ਹੈ। ਬੱਚੇ ਦੀ ਕਬਰ 'ਤੇ ਕੰਡਿਆਂ ਵਾਲੀਆਂ ਝਾੜੀਆਂ ਆਦਿ ਰੱਖ ਕੇ ਖ਼ਾਸ ਤੌਰ 'ਤੇ ਮਿੱਟੀ ਪਾਈ ਜਾਂਦੀ ਹੈ ਤਾਂ ਕਿ ਕੋਈ ਜਾਨਵਰ ਬੱਚੇ ਦੇ ਮ੍ਰਿਤਕ ਸਰੀਰ ਦੀ ਬੇਅਦਬੀ ਨਾ ਕਰੇ। ਉਸ ਤੋਂ ਬਾਅਦ ਬੱਚੇ ਦਾ ਪਰਿਵਾਰ ਅਤੇ ਕਬੀਲੇ ਦੇ ਲੋਕ ਘਰ ਵੱਲ ਚਾਲੇ ਪਾਉਂਦੇ ਹਨ।

15. **ਬੱਚੇ ਦੀ ਮੌਤ ਦਾ ਸੋਗ ਤੋੜਨ ਦੀ ਰਸਮ** : ਬਾਜ਼ੀਗਰ ਕਬੀਲੇ ਵਿੱਚ ਸਿਵਿਆਂ ਤੋਂ ਵਾਪਸ ਪਰਤਦਿਆਂ ਬਾਜ਼ੀਗਰ ਕਬੀਲੇ ਦੇ ਲੋਕ ਥੋੜ੍ਹੀ ਦੇਰ ਲਈ ਕਿਸੇ ਬੇਰੀ ਦੇ ਦਰਖਤ ਕੋਲ ਰੁਕਦੇ ਹਨ। ਬੱਚੇ ਦੇ ਸੰਸਕਾਰ ਵਿੱਚ ਸ਼ਾਮਲ ਲੋਕ ਬੇਰੀ ਦਾ ਇੱਕ-ਇੱਕ ਪੱਤਾ ਤੋੜ ਕੇ ਮੂੰਹ ਵਿੱਚ ਪਾਉਂਦੇ ਹਨ। ਫਿਰ ਇਸ ਪੱਤੇ ਨੂੰ ਦੰਦਾਂ ਨਾਲ ਟੁੱਕ ਕੇ ਪਰ੍ਹਾਂ ਸੁੱਟ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਕਬੀਲੇ ਵੱਲੋਂ ਮ੍ਰਿਤਕ ਬੱਚੇ ਦੀ ਮੌਤ ਉਪਰੰਤ ਉਪਜਿਆ ਦਰਦ ਅਤੇ ਸੋਗ ਤੋੜਿਆ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਔਰਤਾਂ ਨੂੰ ਬੱਚੇ ਦੇ ਸੰਸਕਾਰ ਵਿੱਚ ਸ਼ਾਮਲ ਨਹੀਂ ਕੀਤਾ ਜਾਂਦਾ। ਸ਼ਾਇਦ ਇਹ ਟੈਬੂ ਉਨ੍ਹਾਂ ਦੇ ਹਿਰਦੇ ਦੇ ਕੋਮਲ ਭਾਵੀ ਹੋਣ ਕਾਰਨ ਪ੍ਰਚਲਿਤ ਹੈ। ਬੱਚੇ ਨੂੰ ਦਫ਼ਨਾਉਣ ਤੋਂ ਬਾਅਦ ਬਾਜ਼ੀਗਰ ਕਬੀਲੇ ਦੇ ਲੋਕ ਬੱਚੇ ਦੇ ਪਰਿਵਾਰਕ ਮੈਂਬਰਾਂ ਅਤੇ ਉਸਦੀ ਮਾਂ ਨੂੰ ਰੱਬ ਦੀ ਰਜ਼ਾ ਵਿੱਚ ਰਹਿਣ ਦਾ ਦਿਲਾਸਾ ਦਿੰਦੇ ਹਨ। ਉਸਨੂੰ ਇਹ ਵੀ ਭਰੋਸਾ ਦਿੱਤਾ ਜਾਂਦਾ ਹੈ ਕਿ ਪ੍ਰਮਾਤਮਾ ਜਿਹੜਾ ਕਿ ਬੱਚੇ ਨੂੰ ਲੈ ਕੇ ਗਿਆ ਹੈ, ਉਹ ਮੁੜ ਤੋਂ ਬੱਚੇ ਦੀ ਬਖਸ਼ਿਸ਼ ਵੀ ਕਰੇਗਾ।

ਬਾਜ਼ੀਗਰ ਕਬੀਲੇ ਦੀ ਵਰਤਮਾਨ ਸਥਿਤੀ

ਮਾੜੀ ਆਰਥਿਕ ਹਾਲਤ ਹੋਣ ਕਰਕੇ ਪੰਜਾਬ ਦੇ ਬਾਜ਼ੀਗਰ ਕਬੀਲੇ ਦੀ ਸਮਾਜਿਕ ਸਥਿਤੀ ਬਹੁਤ ਚਿੰਤਾਜਨਕ ਹੈ। ਮੁਗਲ ਕਾਲ ਤੋਂ ਲੈ ਕੇ ਬਰਤਾਨਵੀ ਬਸਤੀਵਾਦੀ ਦੌਰ

'ਚੋਂ ਲੰਘਦਿਆਂ ਬਾਜ਼ੀਗਰ ਲੋਕਾਂ ਨੂੰ ਗੁੰਮਨਾਮੀ ਅਤੇ ਦੁਸ਼ਵਾਰੀਆਂ ਦੇ ਲੰਮੇ ਦੌਰ ਵਿੱਚੋਂ ਲੰਘਣਾ ਪਿਆ ਹੈ।

ਆਦਿ ਕਾਲ ਦੇ ਜੰਗਲੀ ਜੀਵਨ ਤੋਂ ਲੈ ਕੇ ਅੰਗਰੇਜ਼ੀ ਰਾਜ ਤੱਕ ਬਾਜ਼ੀਗਰ ਕਬੀਲਾ ਖਾਨਾਬਦੋਸ਼ੀ ਵਾਲਾ ਜੀਵਨ ਬਤੀਤ ਕਰਦਾ ਆਇਆ ਹੈ। ਵੱਡੀ ਗਿਣਤੀ ਵਿੱਚ ਪਸ਼ੂ ਪਾਲਕ ਹੋਣ ਕਰਕੇ ਇਹ ਕਬੀਲਾ ਜੰਗਲ, ਬੇਲਿਆਂ, ਹਰੀਆਂ ਚਰਾਗਾਹਾਂ ਅਤੇ ਪਾਣੀ ਦੀ ਭਾਲ ਵਿੱਚ ਇੱਕ ਥਾਂ ਤੋਂ ਦੂਜੀ ਥਾਂ ਵੱਲ ਘੁੰਮਦਾ ਫਿਰਦਾ ਰਿਹਾ ਹੈ। 1947 ਵਿੱਚ ਦੇਸ਼ ਦੀ ਆਜ਼ਾਦੀ ਤੋਂ ਬਾਅਦ ਇਹ ਕਬੀਲਾ ਵੱਡੀ ਗਿਣਤੀ ਵਿੱਚ ਹਿਜ਼ਰਤ ਕਰਕੇ ਪੱਛਮੀ ਪੰਜਾਬ ਤੋਂ ਪੂਰਬੀ ਪੰਜਾਬ ਵਿੱਚ ਆ ਗਿਆ। ਇੱਧਰ ਆਉਣ ਤੋਂ ਬਾਅਦ ਇਨ੍ਹਾਂ ਲੋਕਾਂ ਨੂੰ ਕੁਝ ਜ਼ਮੀਨਾਂ ਵੀ ਅਲਾਟ ਹੋਈਆਂ ਪਰ ਘੁੰਮਕੜ ਸੁਭਾਅ ਦੇ ਮਾਲਕ ਹੋਣ ਕਰਕੇ ਇਨ੍ਹਾਂ ਲੋਕਾਂ ਨੇ ਇਹ ਜ਼ਮੀਨਾਂ ਸਵੀਕਾਰ ਨਾ ਕੀਤੀਆਂ। ਆਜੜੀ ਸੁਭਾਅ ਦੇ ਮਾਲਕ ਹੋਣ ਕਰਕੇ ਇਨ੍ਹਾਂ ਲੋਕਾਂ ਲਈ ਸਥਾਈ ਜੀਵਨ ਅਨੁਕੂਲ ਨਹੀਂ ਸੀ। ਇਹ ਲੋਕ ਲੰਮਾ ਸਮਾਂ ਆਪਣਾ ਨਿਰਬਾਹ ਪਸ਼ੂ ਧਨ ਦੇ ਸਹਾਰੇ ਕਰਦੇ ਰਹੇ ਪਰ ਨਵੀਆਂ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਪਰਿਸਥਿਤੀਆਂ ਵਿੱਚ ਇਨ੍ਹਾਂ ਦਾ ਜੀਵਨ ਬੇਗਾਨਗੀ (outsider) ਵਾਲਾ ਬਣਿਆ ਰਿਹਾ। ਇਹ ਲੋਕ ਲੰਬਾ ਸਮਾਂ ਸ਼ਹਿਰੀ ਆਬਾਦੀ ਅਤੇ ਪਿੰਡਾਂ ਤੋਂ ਦੂਰ ਆਪਣੇ ਡੇਰੇ ਲਾ ਕੇ ਰਹਿੰਦੇ ਰਹੇ ਹਨ। ਇਹ ਡੇਰੇ ਸਥਾਈ ਅਤੇ ਅਸਥਾਈ ਰੂਪ ਵਾਲੇ ਸਨ। ਆਪਣੀ ਸਹੂਲਤ ਅਨੁਸਾਰ ਇਹ ਲੋਕ ਆਪਣੇ ਡੇਰੇ ਚੱਕਦੇ ਲਾਉਂਦੇ ਰਹਿੰਦੇ ਸਨ। ਇਸ ਤਰ੍ਹਾਂ ਨਵੇਂ ਪਰਿਵੇਸ਼ ਵਿੱਚ ਇਹ ਲੋਕ ਆਪਣੀ ਸਹੂਲਤ ਅਨੁਸਾਰ ਥਾਂ ਬਦਲੀ ਕਰ ਲੈਂਦੇ ਸਨ ਜਿਸਦੇ ਸਿੱਟੇ ਵਜੋਂ ਆਜ਼ਾਦੀ ਤੋਂ ਕਈ ਵਰ੍ਹੇ ਬਾਅਦ ਵੀ ਇਨ੍ਹਾਂ ਲੋਕਾਂ ਦੀ ਕੋਈ ਸ਼ਨਾਖ਼ਤ ਨਾ ਹੋ ਸਕੀ। ਇਸ ਤਰ੍ਹਾਂ ਇਹ ਲੋਕ ਲੰਮਾ ਸਮਾਂ ਸਰਕਾਰਾਂ ਦੀ ਬੇਰੁਖ਼ੀ ਹੰਢਾਉਂਦੇ ਰਹੇ। ਉਖੜੀ ਹੋਈ ਮਾਲੀ ਹਾਲਤ ਦੇ ਚਲਦਿਆਂ ਹੌਲੀ-ਹੌਲੀ ਇਹ ਲੋਕ ਵਣ ਵਿਭਾਗ, ਗਊ ਚਰਾਂਦਾਂ ਅਤੇ ਪਿੰਡਾਂ ਦੇ ਬਾਹਰ ਸ਼ਾਮਲਾਤ ਜ਼ਮੀਨਾਂ 'ਤੇ ਆਪਣੇ ਡੇਰੇ ਲਾ ਕੇ ਬੈਠ ਗਏ ਜਿੱਥੇ ਇਹ ਲੋਕ ਸਥਾਈ ਜੀਵਨ ਬਤੀਤ ਕਰਨ ਲੱਗੇ ਪਏ। ਸਹਿਜੇ-ਸਹਿਜੇ ਇਹ ਲੋਕ ਪਿੰਡਾਂ ਦੇ ਸੰਪਰਕ ਵਿੱਚ ਆਏ ਅਤੇ ਆਪਣੇ ਪਸ਼ੂਆਂ ਦੇ ਚਾਰੇ ਆਦਿ ਲਈ ਪਿੰਡਾਂ 'ਤੇ ਨਿਰਭਰ ਰਹਿਣ ਲੱਗੇ ਜਿਸਦੇ ਬਦਲੇ ਵਿੱਚ ਇਹ ਲੋਕ ਖੇਤੀ ਦੇ ਛੋਟੇ-ਮੋਟੇ ਕੰਮਾਂ ਵਿੱਚ ਕਿਸਾਨਾਂ ਦਾ ਹੱਥ ਵਟਾਉਣ ਲੱਗ ਪਏ ਜਿਸ ਦੇ ਸਿੱਟੇ ਵਜੋਂ ਇਨ੍ਹਾਂ ਲੋਕਾਂ ਦਾ ਆਪਸੀ ਆਦਾਨ-ਪ੍ਰਦਾਨ ਵਧਿਆ। ਬਾਜ਼ੀਗਰ ਕਬੀਲੇ ਦੇ ਕਈ ਲੋਕ ਆਪਣੇ ਪਰੰਪਰਿਕ ਧੰਦਿਆਂ ਨੂੰ ਛੱਡ ਕੇ ਕਿਸਾਨੀ ਨਾਲ ਜੁੜੇ ਹੋਰ ਕਿੱਤਿਆਂ ਨਾਲ ਜੁੜ ਗਏ, ਫਿਰ ਵੀ ਇਨ੍ਹਾਂ ਲੋਕਾਂ ਦਾ ਜੀਵਨ ਅਤੇ ਸਭਿਆਚਾਰ ਬਾਹਰਲੇ ਪ੍ਰਭਾਵਾਂ ਤੋਂ ਬਚਿਆ ਰਿਹਾ। ਇਸ ਸਾਰੇ ਵਰਤਾਰੇ ਪਿੱਛੇ ਕਬੀਲੇ ਦੇ ਲੋਕਾਂ ਦੀ ਇਕ ਸ਼ਕਤੀਸ਼ਾਲੀ ਟੋਟਮ ਅਤੇ ਟੈਬੂ ਪਰੰਪਰਾ ਕਾਰਜਸ਼ੀਲ ਹੈ। ਭਾਵੇਂ ਕਿ ਬਦਲਦੀਆਂ ਵਿਸ਼ਵ ਪਰਿਸਥਿਤੀਆਂ ਵਿੱਚ ਬਾਜ਼ੀਗਰਾਂ ਦੇ ਕਬੀਲਿਆਈ ਜੀਵਨ ਨੂੰ ਗਹਿਰੀ ਢਾਅ ਲੱਗੀ, ਫਿਰ ਵੀ ਸ਼ਕਤੀਸ਼ਾਲੀ ਕਬੀਲਾ ਪ੍ਰੰਪਰਾਵਾਂ ਨੇ ਕਬੀਲੇ ਨੂੰ ਇਕ ਇਕਾਈ ਦੇ ਰੂਪ ਵਿੱਚ ਬੰਨ੍ਹੀ ਰੱਖਿਆ ਹੈ। ਬਾਜ਼ੀਗਰ ਕਬੀਲੇ ਦੀ ਅੰਦਰਲੀ ਸੰਰਚਨਾ ਬਹੁਤ ਗੁੰਝਲਦਾਰ ਅਤੇ ਜਟਿਲ ਹੈ। ਬਾਜ਼ੀਗਰ ਲੋਕਾਂ ਦੇ ਬਾਹਰੀ ਜੀਵਨ ਵਿੱਚ ਭਾਵੇਂ ਕਾਫ਼ੀ ਪਰਿਵਰਤਨ ਨਜ਼ਰ ਆਉਂਦਾ

ਹੈ ਪਰ ਆਂਤਰਿਕ ਤੌਰ 'ਤੇ ਇਹ ਲੋਕ ਅੱਜ ਵੀ ਪੱਥਰ ਯੁੱਗ (Stone Age) ਵਿੱਚ ਵਿਚਰ ਰਹੇ ਹਨ। ਇਸ ਵਰਤਾਰੇ ਪਿੱਛੇ ਸਦੀਆਂ ਤੋਂ ਕੰਮ ਕਰ ਰਹੀਆਂ ਮਨਾਹੀਆਂ ਅਤੇ ਮਾਨਤਾਵਾਂ (Totam & Taboos) ਕਾਰਜਸ਼ੀਲ ਰਹਿੰਦੀਆਂ ਹਨ। ਇਹ ਲੋਕ ਭਾਵੇਂ ਬਾਹਰੀ ਰੂਪ ਵਿੱਚ ਸਥਿਰ ਜੀਵਨ ਜੀਉਣ ਲੱਗੇ ਹਨ ਪਰ ਇਨ੍ਹਾਂ ਦੇ ਲਹੂ ਵਿਚਲਾ ਰਮਤਾਪਣ ਅਜੇ ਵੀ ਕਾਇਮ ਹੈ। "ਅਜਿਹੇ ਅਨੇਕਾਂ ਪ੍ਰਮਾਣ ਉਪਲਭਧ ਹਨ, ਜਦੋਂ ਕਬੀਲੇ ਤੋਂ ਜਾਤੀ ਵੱਲ ਪਰਿਵਰਤਨ ਦੇ ਬਾਵਜੂਦ ਕਬੀਲਿਆਂ ਨੇ ਸਦੀਆਂ ਤੱਕ ਆਪਣੀ ਪਰੰਪਰਾਗਤ ਰਹਿਤਲ ਉੱਤੇ ਪਹਿਰਾ ਦਿੱਤਾ ਅਤੇ ਰਵਾਇਤਾਂ ਨੂੰ ਕਾਇਮ ਰੱਖਣ ਦੇ ਉਪਰਾਲੇ ਜਾਰੀ ਰੱਖੇ। ਇਸਦਾ ਮੁੱਖ ਕਾਰਨ ਹਰ ਕਬੀਲਾ ਸਭਿਆਚਾਰ ਵਿੱਚ ਇਸ ਪ੍ਰਕਾਰ ਦੇ ਮੌਖਿਕ ਜ਼ਾਬਤੇ ਕਾਰਜਸ਼ੀਲ ਰਹਿੰਦੇ ਹਨ ਜਿਨ੍ਹਾਂ ਨੂੰ ਆਰਥਿਕ ਅਸਥਿਰਤਾ ਓਨਾ ਚਿਰ ਨਹੀਂ ਪੋਹ ਸਕਦੀ ਜਿੰਨਾ ਚਿਰ ਕਬੀਲਾ ਲੋਕ-ਮਾਨਸ ਮੌਖਿਕ ਜ਼ਾਬਤਿਆਂ ਤੋਂ ਵਿਮੁਕਤ ਨਹੀਂ ਹੋ ਜਾਂਦਾ। ਕੋਈ ਵੀ ਕਬੀਲਾ ਆਪਣੇ ਮੌਖਿਕ ਜ਼ਾਬਤੇ ਵਿੱਚ ਕਿਸੇ ਅਜਿਹੀ ਧਾਰਨਾ ਦਾ ਪ੍ਰਵੇਸ਼ ਸਵੀਕਾਰ ਨਹੀਂ ਕਰਦਾ ਜਿਸ ਨਾਲ ਕਬੀਲਾ ਰਹਿਤਲ ਖੰਡਿਤ ਹੁੰਦੀ ਹੋਵੇ।"[21] ਇਸ ਤਰ੍ਹਾਂ ਉਪਰੋਕਤ ਵਿਚਾਰ ਕਬੀਲਾ ਜੀਵਨ ਪ੍ਰਬੰਧ ਦੀ ਅੰਦਰਲੀ ਕੱਟੜਤਾ ਅਤੇ ਜਟਿਲਤਾ ਨੂੰ ਪ੍ਰਗਟ ਕਰਦੇ ਹਨ। ਇਸ ਸੰਬੰਧ ਵਿਚ ਦੁਨੀਆ ਭਰ ਦੇ ਰਮਤੇ ਕਬੀਲਿਆਂ (Gypsies) ਦੀ ਉਦਾਹਰਣ ਦਿੱਤੀ ਜਾ ਸਕਦੀ ਹੈ ਜਿਹੜੇ ਕਿ ਅਤਿ ਵਿਕਸਤ ਮੁਲਕਾਂ ਦੇ ਬਾਸ਼ਿੰਦੇ ਹੋਣ ਦੇ ਬਾਵਜੂਦ ਵੀ ਖਾਨਾਬਦੋਸ਼ੀ ਵਾਲਾ ਜੀਵਨ ਬਤੀਤ ਕਰ ਰਹੇ ਹਨ। ਵਿਸ਼ਵੀਕਰਨ ਦੇ ਇਸ ਦੌਰ ਵਿਚ ਜਦ ਕਿ ਗਲੋਬ ਇਕ ਪਿੰਡ ਵਿੱਚ ਤਬਦੀਲ ਹੋ ਗਿਆ ਹੈ, ਪੰਜਾਬ ਦੇ ਬਾਜ਼ੀਗਰ ਕਬੀਲੇ ਦੇ ਨਾਲ-ਨਾਲ ਭਾਰਤ ਦੇ ਕਈ ਹੋਰ ਕਬੀਲੇ ਰੂਪਾਂਤਰਣ ਦੀ ਅਵਸਥਾ ਵਿੱਚੋਂ ਗੁਜ਼ਰ ਰਹੇ ਹਨ। ਅੱਜ ਜਦ ਕਿ ਵਿਸ਼ਵ ਮੰਡੀ ਨਿੱਕੇ-ਨਿੱਕੇ ਸਭਿਆਚਾਰਾਂ ਨੂੰ ਨਿਗਲਣ ਦੇ ਆਹਰ ਵਿੱਚ ਲੱਗੀ ਹੋਈ ਹੈ, ਅਜਿਹੀ ਸਥਿਤੀ ਵਿੱਚ ਪੰਜਾਬ ਦਾ ਕਬੀਲਾ ਜੀਵਨ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਵਰਤਮਾਨ ਪਰਿਸਥਿਤੀਆਂ ਵਿੱਚ ਭਾਵੇਂ ਬਾਜ਼ੀਗਰ ਕਬੀਲੇ ਦੇ ਕਾਰ-ਵਿਹਾਰ ਅਤੇ ਰਹਿਣੀ-ਬਹਿਣੀ ਵਿੱਚ ਕਾਫ਼ੀ ਬਦਲਾਅ ਆਇਆ ਹੈ ਪਰ ਇਹ ਬਦਲਾਅ ਕਬੀਲੇ ਦੇ ਬਾਹਰੀ ਰੂਪ ਤੱਕ ਹੀ ਸੀਮਤ ਹੈ। ਕਬੀਲੇ ਦੀ ਆਂਤਰਿਕ ਬਣਤਰ ਚੀੜ੍ਹੀ ਹੋਣ ਕਰਕੇ ਇਹ ਬਦਲਾਅ ਕਬੀਲੇ ਦੀ ਜ਼ਹਿਨੀਅਤ ਵਿੱਚ ਘਰ ਨਹੀਂ ਕਰ ਸਕੇ।

ਵਿਲੀਨੀਕਰਨ (Assimilation) ਦੇ ਇਸ ਇਤਿਹਾਸਕ ਅਮਲ ਵਿੱਚੋਂ ਭਾਵੇਂ ਬਾਜ਼ੀਗਰ ਕਬੀਲੇ ਨੇ ਮੁੱਖ ਸਭਿਆਚਾਰ ਤੋਂ ਬੜਾ ਕੁਝ ਨਵਾਂ ਗ੍ਰਹਿਣ ਕੀਤਾ ਹੈ ਪਰ ਇਸ ਨੇ ਆਪਣੀਆਂ ਪੁਰਖਾਂ ਮਾਨਤਾਵਾਂ ਅਤੇ ਕਦਰ ਪ੍ਰਬੰਧ (Value System) ਨੂੰ ਮੂਲ ਰੂਪ ਵਿੱਚ ਸੰਭਾਲ ਕੇ ਰੱਖਿਆ ਹੋਇਆ ਹੈ ਜਿਸ ਤੋਂ ਬਾਜ਼ੀਗਰ ਕਬੀਲਾ ਕਿਸੇ ਵੀ ਕੀਮਤ 'ਤੇ ਵਿਰਵਾ ਨਹੀਂ ਹੋਣਾ ਚਾਹੁੰਦਾ। ਪੰਜਾਬ ਦਾ ਬਾਜ਼ੀਗਰ ਕਬੀਲਾ ਤਲਖ਼ੀ ਦੇ ਇਸ ਦੌਰ ਵਿੱਚ ਲੰਘਣ ਦੇ ਬਾਵਜੂਦ ਵੀ ਸਰਵਸ੍ਰੇਸ਼ਟਤਾ ਦੀ ਮਾਨਸਿਕ ਗੁੰਝਲ (Superiority Complex) ਦਾ ਸ਼ਿਕਾਰ ਹੈ। ਬਾਜ਼ੀਗਰ ਕਬੀਲੇ ਵਿੱਚ ਸਭਿਆਚਾਰਕ ਧੌਂਸ (Cultural ego) ਕੁੱਟ-ਕੁੱਟ ਕੇ ਭਰੀ ਹੋਈ ਹੈ। ਕਬੀਲੇ ਵਿੱਚ 'ਗਵਾਰ' ਅਤੇ 'ਕੌਰ' ਦਾ ਸੰਕਲਪ ਇਸਦਾ ਇੱਕ ਸ਼ਕਤੀਸ਼ਾਲੀ ਪ੍ਰਮਾਣ ਹੈ। ਬਾਜ਼ੀਗਰ ਕਬੀਲੇ ਨੇ ਭਾਵੇਂ ਚਿੰਨਾਤਮਕ ਪੱਧਰ 'ਤੇ ਮੁੱਖ

ਸਭਿਆਚਾਰ ਦੇ ਧਰਮ, ਰਸਮਾਂ ਅਤੇ ਕੀਮਤ ਪ੍ਰਬੰਧ ਨੂੰ ਕਾਫ਼ੀ ਹੱਦ ਤੱਕ ਅਪਣਾਇਆ ਹੈ ਪਰ ਕਬੀਲੇ ਵਿੱਚ ਇਸਦੀ ਸਵੀਕ੍ਰਿਤੀ ਕੇਵਲ ਦੂਜੈਲੇ ਪੱਧਰ ਦੀ ਹੈ।

ਕਬੀਲਾ ਆਪਣੀਆਂ ਸਮਾਜਿਕ ਅਤੇ ਧਾਰਮਿਕ ਰਸਮਾਂ ਪੂਰੀਆਂ ਕਰਨ ਸਮੇਂ ਸਭ ਤੋਂ ਪਹਿਲਾਂ ਆਪਣੀਆਂ ਕਬੀਲਾ ਮਾਨਤਵਾਂ 'ਤੇ ਪਹਿਰਾ ਦਿੰਦਾ ਹੈ। ਕਬੀਲੇ ਦਾ ਹਰ ਮੈਂਬਰ ਪੁਰਖਾਂ ਮਾਨਤਾਵਾਂ ਨੂੰ ਪੀੜ੍ਹੀ ਦਰ ਪੀੜ੍ਹੀ ਅੱਗੇ ਤੋਰਨਾ ਆਪਣੀ ਪਵਿੱਤਰ ਜ਼ਿੰਮੇਵਾਰੀ ਸਮਝਦਾ ਹੈ। ਇਸ ਤਰ੍ਹਾਂ ਪੰਜਾਬ ਦਾ ਬਾਜ਼ੀਗਰ ਕਬੀਲਾ ਗਹਿਰੇ ਅੰਤਰ ਵਿਰੋਧਾਂ ਵਿੱਚੋਂ ਲੰਘਦਾ ਹੋਇਆ ਗਲੋਬਲ ਪਿੰਡ ਵਿਚ ਅੱਜ ਵੀ ਇਕਲਾਪਾ ਭੋਗ ਰਿਹਾ ਹੈ। ਇਸ ਸੰਬੰਧ ਵਿੱਚ ਅਸੀਂ ਇਹ ਗੱਲ ਆਖ ਸਕਦੇ ਹਾਂ ਕਿ ਬਾਜ਼ੀਗਰ ਕਬੀਲਾ ਮੁੱਖ ਸਭਿਆਚਾਰ ਨਾਲ ਨਿਖੜਵੇਂ ਰੂਪ ਵਿੱਚ ਜੁੜਿਆ ਹੋਇਆ ਹੈ। ਇਸ ਸੰਯੁਕਤ ਸੁਮੇਲ ਦੀ ਅੰਦਰਲੀ ਅਵਸਥਾ ਇਕ ਦੂਜੇ ਤੋਂ ਬਿਲਕੁਲ ਅਲੱਗ-ਥਲੱਗ ਹੈ। ਇਸ ਤਰ੍ਹਾਂ ਪੰਜਾਬ ਦਾ ਬਾਜ਼ੀਗਰ ਕਬੀਲਾ ਦੋਹਰੀ ਮਾਨਸਿਕ ਗੁੰਝਲ ਦਾ ਸ਼ਿਕਾਰ ਹੈ। ਸਿੱਖਿਆ ਬਦਲਾਅ ਦਾ ਇਕ ਸ਼ਕਤੀਸ਼ਾਲੀ ਮਾਧਿਅਮ ਹੈ। ਬਾਜ਼ੀਗਰ ਲੋਕ ਰਮਤੇ ਸੁਭਾਅ ਦੇ ਮਾਲਕ ਹੋਣ ਕਰਕੇ ਸਦੀਆਂ ਤੋਂ ਸਿੱਖਿਆ ਤੋਂ ਵਾਂਝੇ ਰਹੇ ਹਨ ਜਿਸ ਕਰਕੇ ਇਹ ਲੋਕ ਬੁਰੀ ਤਰ੍ਹਾਂ ਅੰਧ ਵਿਸ਼ਵਾਸਾਂ ਅਤੇ ਪਛੜੇਪਨ ਦਾ ਸ਼ਿਕਾਰ ਹਨ। ਬਾਜ਼ੀਗਰ ਕਬੀਲੇ ਦੀ ਔਰਤ ਅੱਜ ਵੀ ਅੰਧਕਾਰ ਦੇ ਯੁੱਗ ਵਿੱਚੋਂ ਗੁਜ਼ਰ ਰਹੀ ਹੈ। ਉਸਦੀ ਮਾਨਸਿਕਤਾ ਬੁਰੀ ਤਰ੍ਹਾਂ ਕਬੀਲਾ ਮਾਨਤਾਵਾਂ ਵਿੱਚ ਜਕੜੀ ਹੋਈ ਹੈ। "ਵਿਸ਼ਵੀਕਰਨ ਸਭਿਆਚਾਰਾਂ ਦੀਆਂ ਵਿਲੱਖਣਤਾਵਾਂ ਅਤੇ ਸਾਂਝੇ ਵਿਲੱਖਣ ਸਭਿਆਚਾਰਕ ਅਵਚੇਤਨ ਨੂੰ ਖੰਡਤ ਕਰਕੇ ਮਨਚਾਹੀ ਦਿਸ਼ਾ ਵੱਲ ਤੋਰਨ ਦਾ ਹੀ ਅਮਲ ਹੈ। ਵਿਸ਼ਵੀਕਰਨ ਰਾਹੀਂ ਵਿਕਸਤ ਸਮਾਜ ਕੇਵਲ ਆਰਥਿਕ ਰਾਜਨੀਤਕ ਤੌਰ 'ਤੇ ਹਾਵੀ ਨਹੀਂ ਹੋਣਾ ਚਾਹੁੰਦਾ ਸਗੋਂ ਸਭਿਆਚਾਰਾਂ ਦੀਆਂ ਵਿਲੱਖਣ ਕਦਰਾਂ ਨੂੰ ਵੀ ਵਿਸਥਾਪਤ ਕਰਨਾ ਚਾਹੁੰਦਾ ਹੈ। ਨਿਵੇਸ਼ ਦੀ ਖੁੱਲ੍ਹੀ ਆਜ਼ਾਦੀ, ਮੀਡੀਏ ਦਾ ਹੋ ਰਿਹਾ ਪ੍ਰਸਾਰ ਤੇ ਪ੍ਰਚਾਰ ਆਪਣੀ ਮੰਡੀ ਦੀਆਂ ਲੋੜਾਂ ਲਈ ਬੜੇ ਵਿਉਂਤੇ ਹੋਏ ਢੰਗ ਨਾਲ ਸਥਾਨਕ ਮੁੱਲਾਂ ਅਤੇ ਮਾਨਤਾਵਾਂ ਨੂੰ ਖਦੇੜਨ ਦੀ ਕੋਸ਼ਿਸ਼ ਹੈ। ਮੀਡੀਏ ਦੇ ਪ੍ਰਚਾਰ ਤੇ ਵਿਗਿਆਪਨਾਂ ਦਾ ਰੌਲਾ ਹੀ ਏਨਾ ਉੱਚਾ ਹੈ ਜਿਸ ਵਿਚ ਸਾਧਾਰਨ ਮਨੁੱਖ, ਮਨੁੱਖ ਨਹੀਂ ਉਪਭੋਗੀ ਵਿਚ ਤਬਦੀਲ ਹੋ ਗਿਆ ਹੈ। ਉਸਦੀ ਸੋਚ ਇਹ ਫੈਸਲਾ ਲੈਣ ਤੋਂ ਅਸਮਰੱਥ ਹੈ ਕਿ ਉਸ ਦੀਆਂ ਆਪਣੀਆਂ ਲੋੜਾਂ ਕੀ ਹਨ।"[22] ਚੋਮਸਕੀ ਇਕ ਅਮਰੀਕੀ ਬਿਊਰੋਕਰੈਟ ਦੀ ਉਦਾਹਰਣ ਦਿੰਦਾ ਹੋਇਆ ਲਿਖਦਾ ਹੈ ਕਿ ਰਾਜਸੱਤਾ 'ਤੇ ਕਾਬਜ਼ ਲੋਕ ਇਹ ਸਮਝਦੇ ਹਨ ਕਿ ਰਾਜ ਭਾਗ ਚਲਾਉਣ ਦਾ ਕੰਮ ਕੁਝ ਚੋਣਵੇਂ ਲੋਕਾਂ ਦਾ ਹੁੰਦਾ ਹੈ। ਆਮ ਜਨਤਾ ਤਾਂ ਭੇਡਾਂ ਦਾ ਇੱਜੜ ਹੁੰਦੀ ਹੈ, ਜਿਸਨੂੰ ਸਹੀ ਜਾਣਕਾਰੀ ਤੋਂ ਹਮੇਸ਼ਾ ਦੂਰ ਰੱਖਿਆ ਜਾਣਾ ਚਾਹੀਦਾ ਹੈ।[23] ਇਸ ਸੰਬੰਧ ਵਿੱਚ ਸੱਚਮੁੱਚ ਭੇਡਾਂ, ਬੱਕਰੀਆਂ ਅਤੇ ਪਸ਼ੂ ਪਾਲਣ ਵਾਲੇ ਆਜੜੀ ਲੋਕਾਂ ਦੀ ਹਾਲਤ ਕੀ ਹੋਵੇਗੀ, ਇਸ ਗੱਲ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ।

ਬਾਜ਼ੀਗਰ ਕਬੀਲਾ ਜਿੱਥੇ ਬਾਰ ਦੇ ਜੰਗਲਾਂ ਵਿੱਚ ਵਿਚਰਦਾ ਹੋਇਆ ਨਿੱਤ ਨਵੇਂ ਢੋਲੇ ਮਾਹੀਏ ਘੜਦਾ ਅਤੇ ਗਾਉਂਦਾ ਰਿਹਾ ਹੈ, ਉੱਥੇ ਬਦਲਦੀਆਂ ਵਿਸ਼ਵ ਪਰਿਸਥਿਤੀਆਂ ਅਤੇ ਵਿਸ਼ਵੀਕਰਨ ਦੇ ਇਸ ਦੌਰ ਵਿੱਚ ਇਸ ਬੇਪਰਵਾਹ ਅਤੇ ਘੁੰਮਤੂ ਕਬੀਲੇ 'ਤੇ ਪੂੰਜੀਵਾਦ ਨੇ

ਗਹਿਰੀ ਸੱਟ ਮਾਰੀ ਹੈ। ਪੰਜਾਬ ਦਾ ਬਾਜ਼ੀਗਰ ਕਬੀਲਾ ਹਾਲੇ ਵੀ ਬੇਜ਼ਮੀਨਾ ਹੈ। ਕਬੀਲੇ ਦੇ ਜ਼ਿਆਦਾਤਰ ਘਰ ਸ਼ਾਮਲਾਤ, ਪਸ਼ੂ ਚਰਾਂਦਾਂ ਜਾਂ ਫਿਰ ਵਣ ਵਿਭਾਗ ਦੀਆਂ ਜ਼ਮੀਨਾਂ ਵਿੱਚ ਬਣੇ ਹੋਏ ਹਨ। ਇਹ ਕਬੀਲਾ 1947 ਤੋਂ ਬਾਅਦ ਇਹ ਜ਼ਮੀਨਾਂ ਆਪਣੇ ਨਾਂ ਲਵਾਉਣ ਲਈ ਕਰੜਾ ਸੰਘਰਸ਼ ਕਰ ਰਿਹਾ ਹੈ। ਮਨੋਰੰਜਨ ਅਤੇ ਕਲਾ ਦੇ ਹੋਰ ਆਧੁਨਿਕ ਸਾਧਨਾਂ ਦੇ ਵਿਕਸਤ ਹੋਣ ਕਾਰਨ ਬਾਜ਼ੀਗਿਰੀ ਦਾ ਧੰਦਾ ਲਗਭਗ ਖਤਮ ਹੋ ਚੁੱਕਾ ਹੈ। ਹੁਣ ਬਾਜ਼ੀ ਪਾਉਣ ਦੀ ਕਲਾ ਘਰ ਦੀਆਂ ਮੁੱਢਲੀਆਂ ਲੋੜਾਂ ਅਤੇ ਰੋਜ਼ੀ ਰੋਟੀ ਦੇ ਹਾਣ ਦੀ ਨਹੀਂ ਰਹੀ। ਪੰਜਾਬ ਵਿੱਚ ਸਿਰਫ਼ ਚਾਰ ਪੰਜ ਪਰਿਵਾਰ ਹੀ ਅਜਿਹੇ ਹਨ ਜਿਹੜੇ ਖੇਡ ਮੇਲਿਆਂ ਜਾਂ ਰੰਗਾ ਰੰਗ ਪ੍ਰੋਗਰਾਮਾਂ ਵਿੱਚ ਹਾਲੇ ਵੀ ਬਾਜ਼ੀ ਕਲਾ ਦਾ ਪ੍ਰਦਰਸ਼ਨ ਕਰਦੇ ਹਨ। ਘੁਮੱਕੜ ਪ੍ਰਵਿਰਤੀ ਦਾ ਹੋਣ ਕਾਰਨ ਬਾਜ਼ੀਗਰ ਕਬੀਲਾ ਮੁੱਢ ਕਦੀਮ ਤੋਂ ਸਿੱਖਿਆ ਤੋਂ ਸੱਖਣਾ ਹੀ ਰਿਹਾ ਹੈ। ਅਨਪੜ੍ਹਤਾ ਨੇ ਕਬੀਲਾ ਜੀਵਨ ਨੂੰ ਅਸਤ-ਵਿਅਸਤ ਕਰ ਦਿੱਤਾ ਹੈ। ਬਾਜ਼ੀਗਰ ਲੋਕ ਹੁਣ ਹੋਰ ਛੋਟੇ-ਮੋਟੇ ਧੰਦੇ ਜਿਵੇਂ ਪਸ਼ੂ ਪਾਲਣਾ, ਮਜ਼ਦੂਰੀ, ਵਾਢੀ ਅਤੇ ਪਿੰਡਾਂ ਵਿੱਚ ਕਬਾੜ ਆਦਿ ਖਰੀਦ ਕੇ ਆਪਣਾ ਗੁਜ਼ਾਰਾ ਕਰਦੇ ਹਨ। ਬਾਜ਼ੀਗਰ ਕਬੀਲੇ ਵਿੱਚ ਸਿੱਖਿਆ ਪ੍ਰਤੀ ਚੇਤਨਾ ਹੌਲ਼ੀ-ਹੌਲ਼ੀ ਵਿਕਸਤ ਹੋ ਰਹੀ ਹੈ। ਨੌਕਰੀਆਂ ਅਤੇ ਸਿੱਖਿਆ ਦੇ ਪਾਸਾਰ ਦੀ ਰਫ਼ਤਾਰ ਬਹੁਤ ਘੱਟ ਹੈ। ਇਸਦੇ ਬਾਵਜੂਦ ਵੀ ਲੜਕਿਆਂ ਅਤੇ ਲੜਕੀਆਂ ਦੀ ਸਿੱਖਿਆ ਦੇ ਉਸਾਰੂ ਯਤਨ ਹੋ ਰਹੇ ਹਨ। ਆਧੁਨਿਕ ਯੁੱਗ ਅਤੇ ਪੱਛਮੀ ਸਿੱਖਿਆ ਦੇ ਪ੍ਰਭਾਵ ਹੇਠ ਕਬੀਲੇ ਦੀ ਬਾਹਰਲੀ ਦਿੱਖ ਅਤੇ ਪਹਿਰਾਵੇ ਵਿੱਚ ਵੀ ਬਹੁਤ ਹੱਦ ਤੱਕ ਬਦਲਾਅ ਆਇਆ ਹੈ। ਕਬੀਲੇ ਦੇ ਲੋਕਾਂ ਦਾ ਰਹਿਣ-ਸਹਿਣ, ਸਭਿਆਚਾਰ ਅਤੇ ਕਦਰਾਂ-ਕੀਮਤਾਂ ਵੀ ਕਾਫ਼ੀ ਹੱਦ ਤੱਕ ਪ੍ਰਭਾਵਿਤ ਹੋਈਆਂ ਹਨ ਪਰ ਕਬੀਲੇ ਦੀ ਅੰਦਰੂਨੀ ਬਣਤਰ ਉਸੇ ਤਰ੍ਹਾਂ ਮੂਲ ਰੂਪ ਵਾਲੀ ਬਣੀ ਹੋਈ ਹੈ। ਇਹੀ ਇਸ ਕਬੀਲੇ ਦਾ ਇੱਕ ਵਿਸ਼ੇਸ਼ ਲੱਛਣ ਹੈ। ਬਾਜ਼ੀਗਰ ਕਬੀਲੇ ਦੀ ਇਹੀ ਵਿਸ਼ੇਸ਼ਤਾ ਇਸ ਕਬੀਲੇ ਨੂੰ ਹੋਰਨਾਂ ਜਾਤੀਆਂ ਅਤੇ ਕਬੀਲਿਆਂ ਤੋਂ ਨਿਖੇੜਦੀ ਹੈ। ਭਾਵੇਂ ਕਿ ਬਾਜ਼ੀਗਰ ਕਬੀਲੇ ਦਾ ਪਹਿਰਾਵ਼ਾ, ਰਹਿਣ-ਸਹਿਣ ਅਤੇ ਘਰਾਂ ਦੀ ਰੂਪ-ਰੇਖਾ ਪੂਰੀ ਤਰ੍ਹਾਂ ਆਧੁਨਿਕ ਰੰਗ ਦੀ ਹੈ ਪਰ ਕਬੀਲੇ ਦੀ ਬੋਲੀ, ਗੁਪਤ ਬੋਲੀ, ਰਸਮ-ਰਿਵਾਜ਼ ਅਤੇ ਨਿਆਂ ਪ੍ਰਬੰਧ ਪੀੜ੍ਹੀ ਦਰ ਪੀੜ੍ਹੀ ਉਸੇ ਤਰ੍ਹਾਂ ਚਲੇ ਆਉਂਦੇ ਹਨ।

ਬਾਜ਼ੀਗਰ ਕਬੀਲੇ ਵਿੱਚ ਭਾਵੇਂ ਕਿ ਲੋਕ ਵੱਖ-ਵੱਖ ਧਰਮਾਂ ਨੂੰ ਮੰਨਣ ਲੱਗ ਪਏ ਹਨ ਪਰ ਫਿਰ ਵੀ ਉਨ੍ਹਾਂ ਵਿੱਚ ਪਿੱਤਰੀ ਰੀਤਾਂ ਅਤੇ ਮਾਨਤਾਵਾਂ ਉਸੇ ਰੂਪ ਵਿੱਚ ਪ੍ਰਚਲਿਤ ਹਨ। ਕਬੀਲੇ ਦੇ ਲੋਕਾਂ ਨੂੰ ਕਿਸੇ ਵੀ ਧਰਮ ਜਾਂ ਦੇਵੀ ਦੇਵਤੇ ਨੂੰ ਮੰਨਣ ਅਤੇ ਪੂਜਣ ਦੀ ਪੂਰੀ ਖੁੱਲ੍ਹ ਹੈ ਬਸ਼ਰਤੇ ਕਿ ਇਸ ਨਾਲ ਕਬੀਲੇ ਦੀ ਅੰਦਰਲੀ ਸਥਾਪਤੀ ਅਤੇ ਵਿਵਸਥਾ 'ਤੇ ਕੋਈ ਮਾੜਾ ਪ੍ਰਭਾਵ ਆਦਿ ਨਾ ਪੈਂਦਾ ਹੋਵੇ। ਕਬੀਲੇ ਦੀਆਂ ਔਰਤਾਂ ਹੁਣ ਆਪਣੇ ਪਰੰਪਰਿਕ ਗਹਿਣੇ ਨਹੀਂ ਪਹਿਨਦੀਆਂ ਸਗੋਂ ਆਧੁਨਿਕ ਰਿਵਾਜ਼ ਅਨੁਸਾਰ ਗਹਿਣੇ ਪਹਿਨਦੀਆਂ ਅਤੇ ਹਾਰ ਸ਼ਿੰਗਾਰ ਕਰਦੀਆਂ ਹਨ। ਬਾਜ਼ੀਗਰ ਕਬੀਲੇ ਦੇ ਬੱਚਿਆਂ ਦਾ ਪਹਿਰਾਵਾ ਵੀ ਤੇਜ਼ੀ ਨਾਲ ਬਦਲ ਰਿਹਾ ਹੈ। ਬਾਜ਼ੀਗਰ ਕਬੀਲੇ ਵਿੱਚ ਪ੍ਰਚਲਿਤ ਰੂੜ੍ਹੀਆਂ ਤੇਜ਼ੀ ਨਾਲ ਅਲੋਪ ਹੋ ਰਹੀਆਂ ਹਨ ਜਦਕਿ ਕਬੀਲੇ ਦੀਆਂ ਭਾਵਨਾਵਾਂ ਅਤੇ ਮਰਿਆਦਾ ਨਾਲ ਜੁੜੀਆਂ ਮਾਨਤਾਵਾਂ

ਅਤੇ ਮਨਾਹੀਆਂ ਉਸੇ ਤਰ੍ਹਾਂ ਕਾਇਮ ਹਨ। ਬਾਜ਼ੀਗਰ ਕਬੀਲੇ ਵਿੱਚ ਹੁਣ ਸ਼ਰਾਬ ਅਤੇ ਮੀਟ ਦੀ ਵਰਤੋਂ ਬਹੁਤ ਘੱਟ ਕੀਤੀ ਜਾਂਦੀ ਹੈ। ਬਹੁਤੇ ਲੋਕ ਹੁਣ ਸ਼ਾਕਾਹਾਰੀ ਜੀਵਨ ਬਤੀਤ ਕਰ ਰਹੇ ਹਨ। ਬਾਜ਼ੀਗਰ ਕਬੀਲੇ ਦੀਆਂ ਜਨਮ, ਮੌਤ ਅਤੇ ਵਿਆਹ ਨਾਲ ਸੰਬੰਧਤ ਰਸਮਾਂ ਨੂੰ ਹੁਣ ਕਬੀਲਾ ਤਰਕਸ਼ੀਲ ਨਜ਼ਰੀਏ ਤੋਂ ਵੇਖਣ ਲੱਗ ਪਿਆ ਹੈ। ਇਹ ਰਸਮਾਂ ਹੁਣ ਕੇਵਲ ਚਿੰਨ੍ਹਾਤਮਕ ਪੱਧਰ ਤੱਕ ਹਨ। ਬਾਜ਼ੀਗਰ ਕਬੀਲੇ ਦੇ ਤਿਉਹਾਰਾਂ ਨਾਲ ਸੰਬੰਧਤ ਕਰਮ ਕਾਂਡ ਅਤੇ ਪੂਜਾ ਵਿਧਾਨ ਵੀ ਹੁਣ ਚਿੰਨ੍ਹਾਤਮਕ ਪੱਧਰ 'ਤੇ ਹੀ ਸੰਪੰਨ ਕੀਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਦੇ ਵਡੇਰੇ ਅਤੇ ਸਿਆਣੇ ਲੋਕ ਆਪਣੀ ਤਰਕਸ਼ੀਲ ਪਹੁੰਚ ਲਈ ਜਾਣੇ ਜਾਂਦੇ ਹਨ। ਉਹ ਆਪ ਵੀ ਬਦਲਾਅ ਦੇ ਹੱਕ ਵਿੱਚ ਹਨ ਬਸ਼ਰਤੇ ਕਿ ਇਹ ਉਸਾਰੂ ਪਹੁੰਚ ਵਾਲਾ ਹੋਵੇ ਤੇ ਇਸ ਨਾਲ ਕਬੀਲੇ ਦੇ ਅੰਦਰਲੇ ਢਾਂਚੇ ਨੂੰ ਕੋਈ ਠੇਸ ਨਾ ਪਹੁੰਚਦੀ ਹੋਵੇ।

ਬਾਜ਼ੀਗਰ ਕਬੀਲੇ ਦੀ ਨਿਆਂ ਪ੍ਰਣਾਲੀ ਵਿੱਚ ਵੀ ਕਾਫ਼ੀ ਬਦਲਾਅ ਆਏ ਹਨ। ਵੱਢੀ ਖ਼ੋਰ ਪੈਂਚਾਂ ਅਤੇ ਉਲਾਰ ਸੋਚ ਵਾਲੇ ਮੋਅਤਬਰ ਬੰਦਿਆਂ ਦਾ ਦਬਦਬਾ ਤਰਕਸ਼ੀਲ ਪਹੁੰਚ ਰੱਖਣ ਵਾਲੀ ਪੜ੍ਹੀ-ਲਿਖੀ ਪੀੜ੍ਹੀ ਨੇ ਖ਼ਤਮ ਕਰ ਦਿੱਤਾ ਹੈ। ਹੁਣ ਕਬੀਲੇ ਦੀ ਪੰਚਾਇਤ ਅਤੇ ਢੋਅ ਵੱਲੋਂ ਕੀਤੇ ਫ਼ੈਸਲਿਆਂ ਨੂੰ ਤਰਕ ਦੀ ਕਸਵੱਟੀ 'ਤੇ ਪਰਖਿਆ ਜਾਂਦਾ ਹੈ। ਜੇ ਕਰ ਕਬੀਲੇ ਦੀ ਪੰਚਾਇਤ ਵਿੱਚ ਨਿਆਂ ਮਿਲਣ ਦੀ ਸੰਭਾਵਨਾ ਨਾ ਹੋਵੇ ਤਾਂ ਕਈ ਵਾਰ ਮੁਕੱਦਮਾ ਪੁਲਿਸ ਅਤੇ ਕਚਹਿਰੀ ਵਿੱਚ ਵੀ ਚਲਾ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਹੁਣ ਘਰ ਵਿੱਚ ਬੱਚੇ ਦੇ ਜਨਮ ਸਮੇਂ ਕਬੀਲੇ ਦੀ ਦਾਈ ਵੱਲੋਂ ਟੈਟਨਸ ਜਾਂ ਹੋਰ ਜ਼ਰੂਰੀ ਟੀਕਾਕਰਨ ਲਈ ਕਿਸੇ ਡਾਕਟਰ ਜਾਂ ਨਰਸ ਦਾ ਪ੍ਰਬੰਧ ਜ਼ਰੂਰੀ ਕੀਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਲੜਕੀਆਂ ਦਾ ਅਨੁਪਾਤ ਮੁੰਡਿਆਂ ਦੇ ਬਰਾਬਰ ਹੀ ਚਲਿਆ ਆ ਰਿਹਾ ਹੈ। ਲੜਕੀ ਨੂੰ ਦੇਵੀ ਦਾ ਰੁਤਬਾ ਦਿੱਤਾ ਜਾਂਦਾ ਹੈ। ਬਾਜ਼ੀਗਰ ਕਬੀਲੇ ਵਿੱਚ ਹੁਣ ਵਿਆਹ ਜਿੱਥੇ ਪਹਿਲਾਂ ਬਹੁਤ ਹੀ ਸਾਦੇ ਢੰਗ ਨਾਲ ਸੰਪੰਨ ਹੁੰਦੇ ਸਨ, ਅੱਜ ਇਨ੍ਹਾਂ ਵਿਆਹਾਂ 'ਤੇ ਭਾਰੀ ਖ਼ਰਚ ਕੀਤੇ ਜਾਂਦੇ ਹਨ। ਇਨ੍ਹਾਂ ਵਿਆਹਾਂ 'ਤੇ ਪੇਲੈਸ ਕਲਚਰ (Palace Culture) ਪ੍ਰਾਂਤਕ ਸਭਿਆਚਾਰ (Regional Culture) ਬਹੁਤ ਭਾਰੂ ਹੋ ਗਿਆ ਹੈ। ਬਾਜ਼ੀਗਰ ਕਬੀਲੇ ਦੇ ਲੋਕ ਹੁਣ ਵਿਆਹਾਂ ਅਤੇ ਪਰਿਵਾਰ ਵਿੱਚ ਹੋਣ ਵਾਲੇ ਸਮਾਗਮਾਂ ਤੇ ਕਬੀਲੇ ਤੋਂ ਬਾਹਰਲੇ ਲੋਕਾਂ ਨੂੰ ਮਹਿਮਾਨ ਵੱਜੋਂ ਅਤੇ ਦੁੱਖ ਸੁੱਖ ਵਿੱਚ ਹਮਦਰਦ ਵੱਜੋਂ ਖ਼ਾਸ ਤੌਰ 'ਤੇ ਸੱਦਾ ਦੇ ਕੇ ਬੁਲਾਉਂਦੇ ਹਨ। ਕਬੀਲਾ ਹੁਣ ਮੁੱਖ ਧਾਰਾ ਦੇ ਜੀਵਨ ਨਾਲ ਪੂਰੇ ਸੰਪਰਕ ਵਿੱਚ ਹੈ ਅਤੇ ਵਿਸ਼ੇਸ਼ ਹਾਲਤਾਂ ਵਿੱਚ ਇਹ ਆਦਾਨ-ਪ੍ਰਦਾਨ ਹੁੰਦਾ ਰਹਿੰਦਾ ਹੈ। ਬਾਜ਼ੀਗਰ ਕਬੀਲੇ ਦੇ ਲੋਕਾਂ ਨੇ ਬਦਲਦੇ ਹਾਲਾਤਾਂ ਅਨੁਸਾਰ ਆਪਣੇ ਆਪ ਨੂੰ ਪੂਰੀ ਤਰ੍ਹਾਂ ਢਾਲ ਲਿਆ ਹੈ। ਕਬੀਲੇ ਦੇ ਲੋਕ ਬਾਹਰਲੇ ਲੋਕਾਂ ਨਾਲ ਗੱਲਬਾਤ ਉਨ੍ਹਾਂ ਦੀ ਭਾਸ਼ਾ ਵਿੱਚ ਕਰਦੇ ਹਨ ਅਤੇ ਆਪਣੇ ਕਬੀਲੇ ਦੇ ਲੋਕਾਂ ਨਾਲ ਅਤੇ ਘਰ ਵਿੱਚ ਵਾਰਤਾਲਾਪ ਆਪਣੀ 'ਗੁਆਰ' ਭਾਸ਼ਾ ਵਿੱਚ ਹੀ ਹੁੰਦਾ ਹੈ। ਬਾਹਰੋਂ ਨਜ਼ਰਸਾਨੀ ਕਰਦਿਆਂ ਭਾਵੇਂ ਕਬੀਲੇ ਦੇ ਹਾਲਾਤ ਸਾਵੇਂ ਨਜ਼ਰ ਆਉਂਦੇ ਹਨ ਪਰ ਅੰਦਰੂਨੀ ਤੌਰ 'ਤੇ ਬਾਜ਼ੀਗਰ ਕਬੀਲਾ ਵੀ ਵਰਗਾਂ ਵਿੱਚ ਪਰਵਰਤਿਤ ਹੋ ਰਿਹਾ ਹੈ। ਇੱਕ ਵਰਗ ਪੜ੍ਹੇ-ਲਿਖੇ ਅਤੇ ਤਰਕਸ਼ੀਲ ਪਹੁੰਚ ਰੱਖਣ

ਵਾਲੇ ਲੋਕਾਂ ਦਾ ਹੈ ਅਤੇ ਦੂਜਾ ਵਰਗ ਕਬੀਲੇ ਦੇ ਅਨਪੜ੍ਹ ਅਤੇ ਪਰੰਪਰਾ ਨਾਲ ਜੁੜੇ ਹੋਏ ਲੋਕਾਂ ਦਾ ਹੈ। ਇਸ ਪ੍ਰਕਾਰ ਇਨ੍ਹਾਂ ਲੋਕਾਂ ਦਾ ਆਪਸੀ ਪਾੜਾ ਵੀ ਦਿਨੋ-ਦਿਨ ਵਧ ਰਿਹਾ ਹੈ। ਹੁਣ ਪੰਜਾਬ ਅਤੇ ਰਾਵੀ ਦੇ ਬਾਜ਼ੀਗਰਾਂ ਦਾ ਖੜ੍ਹੀ ਦੇ ਬਾਜ਼ੀਗਰਾਂ ਨਾਲ ਆਦਾਨ-ਪ੍ਰਦਾਨ ਸ਼ੁਰੂ ਹੋ ਗਿਆ ਹੈ। ਪੁਰਾਣੀਆਂ ਹੱਦਬੰਦੀਆਂ ਖ਼ਤਮ ਹੋ ਰਹੀਆਂ ਹਨ। ਬਾਜ਼ੀਗਰ ਕਬੀਲੇ ਦੇ ਘਰੇਲੂ ਗੁਰੂਆਂ ਦੀ ਸੱਤਾ ਦਿਨੋ-ਦਿਨ ਖਤਮ ਹੋ ਰਹੀ ਹੈ। ਬਾਜ਼ੀਗਰ ਕਬੀਲੇ ਵਿੱਚ ਹੁਣ ਜ਼ਿਆਦਾਤਰ ਇਕਹਰੇ ਪਰਿਵਾਰਾਂ ਦਾ ਪ੍ਰਚਲਨ ਹੈ। ਪਰਿਵਾਰ ਵਿੱਚ ਮਾਤਾ-ਪਿਤਾ ਆਪਣੇ ਛੋਟੇ ਪੁੱਤਰ ਨਾਲ ਹੀ ਘਰ ਵਿੱਚ ਰਹਿੰਦੇ ਹਨ। ਪਰਿਵਾਰ ਦੇ ਹੋਰ ਮੈਂਬਰ ਜਿਵੇਂ ਵੱਡੇ ਪੁੱਤਰ-ਵਿਆਹ ਤੋਂ ਬਾਅਦ ਅਲੱਗ ਘਰ ਵਿੱਚ ਰਹਿਣ ਲੱਗ ਜਾਂਦੇ ਹਨ ਅਤੇ ਧੀਆਂ ਦੇ ਵਿਆਹਾਂ ਤੋਂ ਬਾਅਦ ਘਰ 'ਤੇ ਛੋਟੇ ਪੁੱਤਰ ਦਾ ਅਧਿਕਾਰ ਹੋ ਜਾਂਦਾ ਹੈ। ਧੀਆਂ ਨੂੰ ਪਰਾਇਆ ਧਨੁ ਸਮਝਿਆ ਜਾਂਦਾ ਹੈ ਅਤੇ ਉਨ੍ਹਾਂ ਦੇ ਵਿਆਹ ਤੋਂ ਬਾਅਦ ਪਰਿਵਾਰਕ ਜਾਇਦਾਦ ਵਿੱਚ ਕੋਈ ਹਿੱਸਾ ਨਹੀਂ ਹੁੰਦਾ। ਉਂਝ ਵਿਆਹ ਤੋਂ ਬਾਅਦ ਫੇਰਾ ਪਾਉਣ 'ਤੇ, ਮਾਤਾ-ਪਿਤਾ ਜਾਂ ਭੈਣ ਭਰਾਵਾਂ ਨੂੰ ਮਿਲਣ ਆਉਣ 'ਤੇ, ਕਿਸੇ ਤਿੱਥ ਤਿਉਹਾਰ ਜਾਂ ਘਰ ਵਿੱਚ ਹੋਏ ਕਿਸੇ ਸਮਾਗਮ ਸਮੇਂ ਧੀ ਜੁਆਈ ਦਾ ਪੂਰਾ ਸਤਿਕਾਰ ਕੀਤਾ ਜਾਂਦਾ ਹੈ। ਪਰਿਵਾਰ ਦੇ ਵਿਆਹ ਅਤੇ ਕਈ ਹੋਰ ਮਹੱਤਵਪੂਰਨ ਸਮਾਗਮ ਧੀ ਜੁਆਈ ਤੋਂ ਬਿਨਾਂ ਅਧੂਰੇ ਸਮਝੇ ਜਾਂਦੇ ਹਨ। ਧੀ ਜੁਆਈ ਦੀ ਹਰ ਸਮਾਗਮ ਵਿੱਚ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਅੱਜ ਦੇ ਵਿਗਿਆਨਕ ਯੁੱਗ ਵਿੱਚ ਵਿਚਰਦਿਆਂ ਬਾਜ਼ੀਗਰ ਕਬੀਲਾ ਮਹਿੰਗਾਈ ਅਤੇ ਸਿਹਤ ਸਹੂਲਤਾਂ ਪੱਖੋਂ ਵੀ ਕਾਫ਼ੀ ਹੱਦ ਤੱਕ ਸੁਚੇਤ ਹੋ ਗਿਆ ਹੈ। ਹਰ ਪਰਿਵਾਰ ਆਪਣੇ ਬੱਚਿਆਂ ਨੂੰ ਵਧੀਆ ਸਿਹਤ ਸਹੂਲਤਾਂ ਅਤੇ ਸਿੱਖਿਆ ਦੇਣ ਲਈ ਸੀਮਤ ਪਰਿਵਾਰ ਵਿੱਚ ਵਿਸ਼ਵਾਸ ਰੱਖਦਾ ਹੈ। ਭਾਵੇਂ ਕਿ ਬਦਲਦੀਆਂ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਪਰਿਸਥਿਤੀਆਂ ਵਿੱਚ ਕਬੀਲੇ ਦੇ ਅੰਦਰੂਨੀ ਅਤੇ ਬਾਹਰੀ ਢਾਂਚੇ 'ਤੇ ਕਾਫ਼ੀ ਪ੍ਰਭਾਵ ਪਿਆ ਹੈ ਪਰ ਕਈ ਪਰੰਪਰਾਵਾਂ ਅਤੇ ਰਸਮ-ਰਿਵਾਜ਼ ਬਾਜ਼ੀਗਰ ਕਬੀਲੇ ਵਿੱਚ ਮੂਲ ਰੂਪ ਵਿੱਚ ਚਲਦੇ ਆ ਰਹੇ ਹਨ। ਅੱਜ ਵੀ ਕਬੀਲੇ ਦੀ ਮਾਣ ਮਰਿਆਦਾ ਨਾਲ ਸੰਬੰਧਤ ਕੋਈ ਫ਼ੈਸਲਾ ਕਬੀਲੇ ਦੀ ਪੰਚਾਇਤ ਵਿੱਚ ਸਰਵ ਸੰਮਤੀ ਨਾਲ ਲਿਆ ਜਾਂਦਾ ਹੈ। ਪੰਚਾਇਤ ਤੋਂ ਆਕੀ ਹੋਣ ਵਾਲੇ ਵਿਅਕਤੀ ਨੂੰ ਕਬੀਲੇ ਵਿੱਚੋਂ ਛੇਕ ਦਿੱਤਾ ਜਾਂਦਾ ਹੈ ਜਾਂ ਫਿਰ ਉਸਦਾ ਸਮਾਜਿਕ ਬਾਈਕਾਟ ਕਰ ਦਿੱਤਾ ਜਾਂਦਾ ਹੈ। ਬਾਜ਼ੀਗਰ ਕਬੀਲਾ ਆਪਣੇ ਵਿਆਹ ਦੇ ਸਮਾਗਮਾਂ ਵਿੱਚ ਆਪਣੇ ਪਰਿਵਾਰ ਦੇ ਅਤੇ ਸੀਮਤ ਰਿਸ਼ਤੇਦਾਰ ਨੂੰ ਹੀ ਬੁਲਾਉਂਦਾ ਹੈ ਪਰ ਅੱਜ ਵੀ ਬਾਜ਼ੀਗਰ ਕਬੀਲੇ ਵਿੱਚ ਕਿਸੇ ਵੀ ਮਰਗਤ 'ਤੇ ਪੂਰੇ ਪੰਜਾਬ ਅਤੇ ਹਰਿਆਣੇ ਵਿੱਚੋਂ ਕਬੀਲਾ ਹਾਜ਼ਰੀ ਭਰਦਾ ਹੈ। ਭੋਗ ਦੀ ਰਸਮ ਵਿੱਚ ਸ਼ਾਮਲ ਹੋਣ ਲਈ ਕੋਈ ਰਿਸ਼ਤੇਦਾਰੀ ਨਹੀਂ ਵੇਖੀ ਜਾਂਦੀ ਸਗੋਂ ਕਬੀਲਾ ਪੱਧਰ 'ਤੇ ਹਮਦਰਦੀ ਜਤਾਉਣ ਲਈ ਅਜਿਹੇ ਸਮਾਗਮਾਂ ਵਿੱਚ ਕਬੀਲੇ ਦੇ ਲੋਕ ਸ਼ਿਰਕਤ ਕਰਦੇ ਹਨ।

ਹਵਾਲੇ ਅਤੇ ਟਿੱਪਣੀਆਂ

1. ਡਬਲਿਓ. ਆਰ ਰਿਸ਼ੀ, ਰੋਮਾਨੀ ਪੰਜਾਬੀ ਇੰਗਲਿਸ਼ ਡਿਕਸ਼ਨਰੀ, ਪੰਨਾ 2.

2. ਉਹੀ, ਪੰਨਾ 7.
3. ਉਹੀ, ਪੰਨਾ 9.
4. ਉਹੀ, ਪੰਨਾ 9.
5. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 679.
6. ਸਰ ਡੈਂਜਿਲ ਚਾਰਲਸ ਇਬਟਸਨ, ਪੰਨਾ 285.
7. ਜੀ.ਐਸ.ਗੁਰੀਏ, ਭਾਰਤ ਵਿਚ ਜਾਤੀ ਅਤੇ ਨਸਲ, ਪੰਨਾ 112.
8. ਡਾ. ਗੁਰਮੀਤ ਸਿੰਘ, ਲੋਕਧਾਰਾ ਪਰੰਪਰਾ ਤੇ ਆਧੁਨਿਕਤਾ, ਪੰਨਾ 50.
9. ਉਹੀ, ਪੰਨਾ 52.
10. ਉਹੀ, ਪੰਨਾ 53.
11. ਡਾ. ਦਰਿਆ, ਪੰਜਾਬ ਦੇ ਸਾਂਸੀ ਕਬੀਲੇ ਦਾ ਸਭਿਆਚਾਰ, ਪੰਨੇ 11, 12, 13, 14.
12. ਬਰਿੰਦਰਪਾਲ ਸਿੰਘ (ਸੰਪਾਦਕ), ਕਰਿਮੀਨਲ ਟਰਾਈਬਜ਼ ਆਫ ਪੰਜਾਬ, ਪੰਨਾ 23.
13. ਇੰਦਰ ਰਾਜ ਵਰਤੀਆ, ਗੁਰੂਆਂ ਦੀਆਂ ਸਾਖੀਆਂ ਅਤੇ ਗੌਰ ਵਣਜਾਰੇ, ਪੰਨਾ 40.
14. ਉਹੀ, ਪੰਨਾ 40.
15. ਉਹੀ, ਪੰਨਾ 4.
16. ਉਹੀ, ਪੰਨਾ 5.
17. ਉਹੀ, ਪੰਨਾ 6.
18. ਸੁਰਿੰਦਰ ਸਿੰਘ ਰਾਜਪੂਤ, ਪੰਜਾਬ ਦੇ ਜੱਟ ਤੇ ਰਾਜਪੂਤ ਕਬੀਲੇ, ਪੰਨਾ 123.
19. ਡਬਲਿਓ. ਆਰ ਰਿਸ਼ੀ, ਰੋਮਾਨੀ ਪੰਜਾਬੀ ਇੰਗਲਿਸ਼ ਡਿਕਸ਼ਨਰੀ, ਪੰਨਾ 13.
20. ਡਾ. ਭੁਪਿੰਦਰ ਸਿੰਘ ਖਹਿਰਾ, ਲੋਕਧਾਰਾ ਭਾਸ਼ਾ ਅਤੇ ਸਭਿਆਚਾਰ, ਪੰਨਾ 68.
21. ਕਿਰਪਾਲ ਕਜ਼ਾਕ, ਲੋਕ ਸੱਭਿਆਚਾਰ, ਪੰਨਾ 26.
22. ਡਾ. ਗੁਰਮੀਤ ਸਿੰਘ, ਲੋਕਧਾਰਾ, ਪਰੰਪਰਾ ਤੇ ਆਧੁਨਿਕਤਾ, ਪੰਨਾ 63.
23. ਉਹੀ, ਪੰਨਾ 63.

ਸਿਕਲੀਗਰ ਕਬੀਲਾ

ਸਿਕਲੀਗਰ ਕਬੀਲਾ ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਵੱਡੀ ਤਾਦਾਦ ਵਿੱਚ ਵਸਿਆ ਹੋਇਆ ਹੈ। ਰਾਜਸਥਾਨ, ਦਿੱਲੀ, ਹਰਿਆਣਾ, ਹਿਮਾਚਲ ਅਤੇ ਪੰਜਾਬ ਦੇ ਸਿਕਲੀਗਰ ਅਰਧ ਘੁਮੰਤੂ ਅਵਸਥਾ ਵਿੱਚ ਆਪਣਾ ਜੀਵਨ ਬਤੀਤ ਕਰਦੇ ਆਏ ਹਨ। ਕਬੀਲੇ ਵਿੱਚ ਅਰਧ ਘੁਮੰਤੂ ਅਵਸਥਾ ਦਾ ਅਮਲ ਅੱਜ ਵੀ ਉਸੇ ਤਰ੍ਹਾਂ ਜਾਰੀ ਹੈ। ਇਸ ਸਾਰੇ ਵਰਤਾਰੇ ਪਿੱਛੇ ਕਬੀਲੇ ਦੀ ਆਰਥਿਕ ਪ੍ਰਣਾਲੀ ਕੰਮ ਕਰ ਰਹੀ ਹੈ। ਪੰਜਾਬ ਦੇ ਸਿਕਲੀਗਰ ਆਦਿ ਕਾਲ ਤੋਂ ਹੀ ਲੋਹੇ ਦੇ ਕੰਮ ਨਾਲ ਜੁੜੇ ਹੋਏ ਹਨ। ਰਾਜੇ ਮਹਾਰਾਜਿਆਂ ਦੀ ਸੈਨਾ ਅਤੇ ਲੜਾਕੂ ਕੌਮਾਂ ਲਈ ਅਸਤਰ ਸ਼ਸਤਰ-ਬਣਾਉਣਾ ਅਤੇ ਲੋਹੇ ਤੋਂ ਘਰੇਲੂ ਲੋੜਾਂ ਦਾ ਸਾਮਾਨ ਤਿਆਰ ਕਰਨਾ ਇਨ੍ਹਾਂ ਲੋਕਾਂ ਦਾ ਮੁੱਖ ਧੰਦਾ ਰਿਹਾ ਹੈ। ਭਾਰਤ ਦੇ ਸਿਕਲੀਗਰ ਲੋਹੇ ਦੇ ਨਿਪੁੰਨ ਕਾਰੀਗਰ ਹਨ। ਇਹ ਲੋਕ ਪ੍ਰਬੀਨ ਦਸਤਕਾਰ ਹੋਣ ਦੇ ਨਾਲ-ਨਾਲ ਕਰੜੀ ਮੁਸ਼ੱਕਤ ਨਾਲ ਵੀ ਗਹਿਰਾ ਤਅੱਲਕ ਰੱਖਦੇ ਹਨ। ਸਿਕਲੀਗਰ ਲੋਕ ਜ਼ਿਆਦਾਤਰ ਕਾਨਿਆਂ ਦੀਆਂ ਸਿਰਕੀਆਂ ਵਿੱਚ ਰਹਿੰਦੇ ਹਨ। ਇਹ ਕਾਨੇ ਦੀਆਂ ਸਿਰਕੀਆਂ ਕਿਸੇ ਇਕ ਤਰਤੀਬ ਵਿੱਚ ਨਾ ਹੋ ਕੇ ਉੱਗੜ-ਦੁੱਗੜ ਕਿਸਮ ਦੀਆਂ ਹੁੰਦੀਆਂ ਹਨ। ਇਨ੍ਹਾਂ ਦੀਆਂ ਸਿਰਕੀਆਂ ਵਿਚੋਂ ਸਾਰਾ ਦਿਨ 'ਠੱਕ ਠੱਕ' ਦੀ ਆਵਾਜ਼ ਭਲੀ-ਭਾਂਤੀ ਸੁਣੀ ਜਾ ਸਕਦੀ ਹੈ। ਭਾਰਤ ਦੇ ਸਿਕਲੀਗਰ ਆਪਣੇ ਹੱਥੀਂ ਬਣਾਏ ਹੋਏ ਮਾਲ ਲਈ ਮੰਡੀ ਦੀ ਤਲਾਸ਼ ਵਿੱਚ ਇੱਧਰ-ਉੱਧਰ ਫਿਰਦੇ-ਤੁਰਦੇ ਰਹਿੰਦੇ ਹਨ। ਇਸ ਕਬੀਲੇ ਦੇ ਵਿਦਵਾਨ ਵਿਅਕਤੀਆਂ ਅਤੇ ਸਿਆਣੀ ਉਮਰ ਦੇ ਬਜ਼ੁਰਗਾਂ ਤੋਂ ਇਹ ਸੂਚਨਾ ਪ੍ਰਾਪਤ ਹੁੰਦੀ ਹੈ ਕਿ ਇਨ੍ਹਾਂ ਦੇ ਪੂਰਵਜ਼ ਛੇਵੀਂ ਪਾਤਸ਼ਾਹੀ ਤੋਂ ਲੈ ਕੇ ਦਸਵੀਂ ਪਾਤਸ਼ਾਹੀ ਤੱਕ ਗੁਰੂ ਸਾਹਿਬਾਨ ਦੀ ਸੇਵਾ ਵਿਚ ਵਿਚਰਦੇ ਰਹੇ ਹਨ। ਉਦੋਂ ਇਨ੍ਹਾਂ ਦਾ ਕਿੱਤਾ ਗੁਰੂ ਸਾਹਿਬਾਨ ਅਤੇ ਉਨ੍ਹਾਂ ਦੀਆਂ ਫ਼ੌਜਾਂ ਲਈ ਲੋਹੇ ਤੋਂ ਹਥਿਆਰਾਂ ਦਾ ਨਿਰਮਾਣ ਕਰਨਾ ਸੀ ਕਿਉਂਕਿ ਇਹ ਲੋਕ ਅਸਤਰ-ਸ਼ਸਤਰ ਕਲਾ ਦੇ ਮਾਹਿਰ ਮੰਨੇ ਜਾਂਦੇ ਹਨ। ਗੁਰੂ ਸਾਹਿਬਾਨਾਂ ਤੋਂ ਪਹਿਲਾਂ ਵੀ ਇਹ ਲੋਕ ਰਾਜੇ ਮਹਾਰਾਜਿਆਂ ਦੀਆਂ ਫੌਜਾਂ ਲਈ ਹਥਿਆਰਾਂ ਦਾ ਨਿਰਮਾਣ ਕਰਦੇ ਰਹੇ ਹਨ। ਸਿਕਲੀਗਰ ਕਬੀਲੇ ਦੇ ਵਡਾਰੂ ਬਾਬਾ ਰਾਮ ਸਿੰਘ ਅਤੇ ਉਨ੍ਹਾਂ ਦਾ ਭਰਾ ਬਾਬਾ ਵੀਰ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੀਆਂ ਫੌਜਾਂ ਵਿੱਚ ਉੱਚ ਅਹੁਦਿਆਂ 'ਤੇ ਬਿਰਾਜਮਾਨ ਸਨ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਕਮਜ਼ੋਰ ਤੇ ਨਿਤਾਣੀਆਂ ਸਮਝੀਆਂ ਜਾਣ ਵਾਲੀਆਂ ਕੌਮਾਂ ਨੂੰ ਅੰਮ੍ਰਿਤ ਪਾਨ ਕਰਾ ਕੇ ਮੁਗਲਾਂ ਦੇ ਖਿਲਾਫ਼ ਲੜਨ ਦਾ ਸੱਦਾ ਦਿੱਤਾ ਤਾਂ ਪਹਿਲਾਂ ਸਿਕਲੀਗਰ ਕਬੀਲੇ ਦੇ ਬਾਬਾ ਰਾਮ ਸਿੰਘ ਅਤੇ ਬਾਬਾ ਵੀਰ ਸਿੰਘ ਅੱਗੇ ਆਏ। ਇਨ੍ਹਾਂ ਨੇ ਆਪਣੇ ਹੱਥੀਂ ਤਿਆਰ ਕੀਤੀਆਂ ਹੋਈਆਂ ਵਿਸ਼ੇਸ਼ ਬੰਦੂਕਾਂ ਗੁਰੂ ਸਾਹਿਬ ਨੂੰ ਸ਼ਰਧਾ ਸਹਿਤ ਭੇਟ ਕੀਤੀਆਂ। ਇਨ੍ਹਾਂ ਵਿਚੋਂ ਬਹੁਤੇ ਲੋਕ ਗਵਾਲੀਅਰ ਅਤੇ ਮਹਾਰਾਸ਼ਟਰ ਦੇ ਇਲਾਕਿਆਂ ਵਿੱਚੋਂ ਹਿਜ਼ਰਤ ਕਰਕੇ ਆਏ ਸਨ।

ਗੁਰੂ ਸਾਹਿਬ ਵੱਲੋਂ ਮਾਣ ਸਤਿਕਾਰ ਅਤੇ ਫੌਜਾਂ ਵਿੱਚ ਉੱਚੇ ਰੁਤਬੇ ਦੇਣ ਕਰਕੇ ਇਹ ਲੋਕ ਪੱਕੇ ਪੈਰੀਂ ਗੁਰੂ ਸਾਹਿਬ ਨਾਲ ਆਣ ਜੁੜੇ ਅਤੇ ਇਸ ਕਬੀਲੇ ਦੇ ਸਾਰੇ ਲੋਕਾਂ ਨੇ ਸਿੱਖੀ ਧਾਰਨ ਕਰ ਲਈ। ਜੰਮੂ ਕਸ਼ਮੀਰ ਦੇ ਸਿਕਲੀਗਰ ਗੁਰੂ ਕਾਲ ਤੋਂ ਹੀ ਉੱਥੇ ਵਸੇ ਹੋਏ ਹਨ। ਇਹ ਲੋਕ ਵੀ ਸਿੱਖ ਧਰਮ ਨਾਲ ਜੁੜੇ ਹੋਏ ਹਨ। ਇਨ੍ਹਾਂ ਵਿਚੋਂ ਅੱਜ ਵੀ ਬਹੁਤੇ ਲੋਕ ਆਪਣਾ ਪਿਤਾ ਪੁਰਖੀ ਧੰਦਾਂ ਹਥਿਆਰਾਂ ਦੀਆਂ ਫੈਕਟਰੀਆਂ ਚਲਾ ਰਹੇ ਹਨ। ਸਿਕਲੀਗਰ ਲੋਕ ਜ਼ਿਆਦਾਤਰ ਨਿਰੰਕਾਰੀ ਸੰਪਰਦਾ ਅਤੇ ਸਿੱਖ ਧਰਮ ਨਾਲ ਜੁੜੇ ਹੋਏ ਹਨ। ਸਿਕਲੀਗਰ ਲੋਕ ਰਾਜਸਥਾਨ ਦੇ ਕਈ ਇਲਾਕਿਆਂ ਖ਼ਾਸ ਕਰਕੇ ਮਾਰਵਾੜ ਵਿੱਚ ਵੀ ਵੱਡੀ ਗਿਣਤੀ ਵਿਚ ਵਾਸ ਕਰ ਰਹੇ ਹਨ। ਇਨ੍ਹਾਂ ਦੀ ਭਾਸ਼ਾ ਭਾਰਤ ਦੀਆਂ ਕਈ ਸਥਾਨਕ ਭਾਸ਼ਾਵਾਂ ਦਾ ਮਿਸ਼ਰਣ ਹੈ ਪਰ ਇਨ੍ਹਾਂ ਦੀ ਭਾਸ਼ਾ ਤੇ ਵਿਵਹਾਰ 'ਤੇ ਮਾਰਵਾੜੀ ਭਾਸ਼ਾ ਦੀ ਗਹਿਰੀ ਛਾਪ ਹੈ। ਸਿਕਲੀਗਰ ਕਬੀਲੇ ਦੇ ਲੋਕ ਧੋਤੀ ਕੁੜਤਾ ਅਤੇ ਮਾਰਵਾੜੀ ਕਿਸਮ ਦੀ ਪਗੜੀ ਪਹਿਨਦੇ ਹਨ ਜਦੋਂ ਕਿ ਸਿਕਲੀਗਰ ਔਰਤਾਂ ਘਗਰੀ ਚੋਲੀ ਪਹਿਨਦੀਆਂ ਹਨ ਪਰ ਪੰਜਾਬ ਦੇ ਸਿਕਲੀਗਰਾਂ ਦਾ ਪਹਿਰਾਵਾ ਹੁਣ ਪੰਜਾਬੀ ਰੰਗਣ ਵਿੱਚ ਢਲ ਚੁੱਕਿਆ ਹੈ। ਸਿਕਲੀਗਰ ਲੋਕਾਂ ਦੀ ਭਾਸ਼ਾ ਇਕੋ ਮੂਲ ਦੀ ਹੋਣ ਕਰਕੇ ਆਪਸ ਵਿਚ ਕਾਫ਼ੀ ਮਿਲਦੀ-ਜੁਲਦੀ ਹੈ। ਸਿਕਲੀਗਰ ਕਬੀਲਾ ਮੁੱਖ ਤੌਰ 'ਤੇ ਤੇਰ੍ਹਾਂ ਮੁੱਖ ਗੋਤਾਂ ਵਿਚ ਵੰਡਿਆ ਹੋਇਆ ਹੈ। ਜੂਨੀ, ਡਾਂਗੀ, ਭੋਂਡ, ਟਾਂਕ, ਖੀਚੀ, ਤਲਬਿਥੀਆਂ, ਬਊਰੀ, ਪਤਲੇੜੇ, ਘਾਸੀ, ਟਾਕੇ ਅਤੇ ਪਟੋਆ ਇਸ ਕਬੀਲੇ ਦੇ ਮੁੱਖ ਗੋਤਰ ਹਨ। ਸਿਕਲੀਗਰ ਕਬੀਲੇ ਵਿਚ ਵੀ ਗੋਤਰ ਸਤਰੀਕਰਨ ਪਾਇਆ ਜਾਂਦਾ ਹੈ। ਸਿਕਲੀਗਰ ਆਪਣੇ ਹੀ ਕਬੀਲੇ ਦੀਆਂ ਕੁਝ ਗੋਤਾਂ ਜਿਵੇਂ ਲਾਹੌਰੀ, ਕੱਛੀ, ਮਲਵਈ ਅਤੇ ਮਾਰਵਾੜੀ ਗੋਤਾਂ ਨਾਲ ਰੋਟੀ-ਬੇਟੀ ਦੀ ਸਾਂਝ ਨਹੀਂ ਰੱਖਦੇ। ਇਨ੍ਹਾਂ ਗੋਤਾਂ ਪ੍ਰਤੀ ਸਖ਼ਤ ਮਨਾਹੀਆਂ ਦੀ ਪਾਲਣਾ ਕੀਤੀ ਜਾਂਦੀ ਹੈ। ਸਿਕਲੀਗਰ ਲੋਕ ਮਾਸ ਖਾਣ ਦੇ ਬਹੁਤ ਸ਼ੌਕੀਨ ਹਨ ਜਿਸਦੀ ਪੂਰਤੀ ਲਈ ਇਹ ਲੋਕ ਇਕ ਖ਼ਾਸ ਕਿਸਮ ਦੇ ਸ਼ਿਕਾਰੀ ਕੁੱਤਿਆਂ ਦੀ ਮੱਦਦ ਨਾਲ ਖਰਗੋਸ਼ ਵਰਗੇ ਜਾਨਵਰਾਂ ਦਾ ਸ਼ਿਕਾਰ ਕਰਦੇ ਹਨ। ਇਹ ਲੋਕ ਤਿੱਤਰ ਬਟੇਰ ਆਦਿ ਦੀ ਭਾਲ ਵਿੱਚ ਜੰਗਲ ਬੇਲਿਆਂ ਅਤੇ ਰੋਹੀਆਂ ਆਦਿ ਵਿਚ ਫਿਰਦੇ ਵੇਖੇ ਜਾ ਸਕਦੇ ਹਨ।

ਸਿਕਲੀਗਰ ਕਬੀਲੇ ਦਾ ਇਤਿਹਾਸਕ ਪਿਛੋਕੜ

ਭਾਰਤ ਦੇ ਬਹੁਤੇ ਕਬੀਲੇ ਆਪਣਾ ਮੂਲ ਰਾਜਸਥਾਨ ਦੇ ਰਾਜਪੂਤ ਰਾਜਿਆਂ ਨਾਲ ਜੋੜ ਕੇ ਵੇਖਦੇ ਹਨ। ਇਨ੍ਹਾਂ ਦੇ ਜੀਵਨ ਵਿਹਾਰ ਵਿਚੋਂ ਇਨ੍ਹਾਂ ਪ੍ਰਮਾਣਾਂ ਦੀ ਤਲਾਸ਼ ਵੀ ਕੀਤੀ ਜਾ ਸਕਦੀ ਹੈ। ਮੁਗਲਾਂ ਵੱਲੋਂ ਚਿਤੌੜ ਸਮੇਤ ਹੋਰ ਨਿੱਕੀਆਂ-ਨਿੱਕੀਆਂ ਰਿਆਸਤਾਂ ਨੂੰ ਜਿੱਤ ਲੈਣ ਮਗਰੋਂ ਇਨ੍ਹਾਂ ਲੋਕਾਂ ਦੀ ਭਾਰਤ ਦੇ ਹੋਰ ਹਿੱਸਿਆਂ ਵਿੱਚ ਹਿਜ਼ਰਤ ਸ਼ੁਰੂ ਹੁੰਦੀ ਹੈ। ਇਨ੍ਹਾਂ ਦੇ ਰਾਜਸਥਾਨ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚੋਂ ਹਿਜ਼ਰਤ ਦੇ ਹੇਠ ਲਿਖੇ ਮੁੱਖ ਕਾਰਨ ਹਨ :

1. ਮੁਗਲਾਂ ਵੱਲੋਂ ਥੋਪੇ ਗਏ ਮੁਸਲਮਾਨ ਧਰਮ ਨੂੰ ਨਾ ਅਪਣਾਉਣਾ
2. ਮੁਗਲਾਂ ਨਾਲ ਰੋਟੀ-ਬੇਟੀ ਦੀ ਸਾਂਝ ਤੋਂ ਇਨਕਾਰ ਕਰਨਾ

3. ਮੁਗਲਾਂ ਦੀ ਪਰਾਧੀਨਤਾ ਸਵੀਕਾਰ ਨਾ ਕਰਨਾ।

ਸਿਕਲੀਗਰ ਕਬੀਲੇ ਦੀਆਂ ਪੀੜ੍ਹੀ ਦਰ ਪੀੜ੍ਹੀ ਚਲੀਆਂ ਆ ਰਹੀਆਂ ਦੰਤ ਕਥਾਵਾਂ ਅਤੇ ਲੋਕ ਕਹਾਣੀਆਂ ਵੀ ਇਸ ਕਬੀਲੇ ਦੇ ਗੌਰਵਮਈ ਇਤਿਹਾਸ ਅਤੇ ਮੂਲ ਸੰਬੰਧੀ ਕਈ ਮਹੱਤਵਪੂਰਨ ਇਸ਼ਾਰੇ ਕਰਦੀਆਂ ਹਨ। ਜੇਕਰ ਇਨ੍ਹਾਂ ਲੋਕਾਂ ਦਾ ਸਮਾਜਿਕ ਸਭਿਆਚਾਰਕ ਪੱਖੋਂ ਅਧਿਐਨ ਕੀਤਾ ਜਾਵੇ ਤਾਂ ਇਹ ਗੱਲ ਭਲੀ-ਭਾਂਤ ਸਪੱਸ਼ਟ ਹੋ ਜਾਂਦੀ ਹੈ ਕਿ ਸਿਕਲੀਗਰ ਉਹ ਲੋਕ ਹਨ ਜਿਨ੍ਹਾਂ ਦਾ ਸੰਬੰਧ ਕੱਟੜ ਟੋਟਮ ਟੋਬੂ ਪਰੰਪਰਾ ਨਾਲ ਰਿਹਾ ਹੈ। ਇਕ ਬੰਦ ਸਮੂਹ ਹੋਣ ਕਰਕੇ ਇਹ ਲੋਕ ਆਪਣੀ ਹੋਂਦ ਨੂੰ ਬਚਾਈ ਰੱਖਣ ਲਈ ਇੱਧਰ-ਉੱਧਰ ਭਟਕਣ ਲੱਗੇ ਅਤੇ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਜਾ ਕੇ ਵਸ ਗਏ। ਅੱਜ ਵੀ ਸਿਕਲੀਗਰ ਕਬੀਲਾ ਅਰਧ ਘੁਮੰਤੂ ਅਵਸਥਾ ਵਿੱਚ ਘੁੰਮਦਾ-ਫਿਰਦਾ ਰਹਿੰਦਾ ਹੈ। ਅੱਜ ਵੀ ਇਨ੍ਹਾਂ ਲੋਕਾਂ ਕੋਲ ਆਪਣਾ ਕੋਈ ਸਥਾਈ ਟਿਕਾਣਾ ਨਹੀਂ। ਇਹ ਇਕ ਵੱਖਰਾ ਵਿਸ਼ਾ ਹੈ ਕਿ ਇਨ੍ਹਾਂ ਦੇ ਬਹੁਤ ਸਾਰੇ 'ਡੇਰੇ' ਅੱਜ ਸਲੱਮਜ਼ ਦਾ ਰੂਪ ਧਾਰਨ ਕਰ ਚੁੱਕੇ ਹਨ। ਸ਼ੇਰ ਸਿੰਘ ਸ਼ੇਰ ਅਨੁਸਾਰ ਬਹੁਤ ਸਮਾਂ ਪਹਿਲਾਂ ਧਜ ਤੋਂ ਕੋ-ਧਜ ਅਤੇ ਕੋ-ਧਜ ਤੋਂ ਕੈਸਬ ਪੈਦਾ ਹੋਇਆ। ਕੈਸਬ ਦੇ ਅੱਗੇ ਦੋ ਪੁੱਤਰ ਥਿਡਾ ਅਤੇ ਢਾਡਾ ਪੈਦਾ ਹੋਏ। ਥਿਡੇ ਦੇ ਅੱਗੇ ਪੰਜ ਪੁੱਤਰ ਪੈਦਾ ਹੋਏ ਜਿਨ੍ਹਾਂ ਦਾ ਕ੍ਰਮਵਾਰ ਨਾਂ, ਨਥਾਡ, ਜੁਗਾਡ, ਖਿਮਾਦ, ਮੋਤਾ ਅਤੇ ਮੌਲਾ ਸੀ। ਜਿਸ ਵਿਚੋਂ ਅੱਗੇ ਜਾ ਕੇ ਖਿਮਾਦ ਵਿੱਚੋਂ ਸਿਕਲੀਗਰ ਕਬੀਲੇ ਦਾ ਮੁੱਢ ਬੱਝਦਾ ਹੈ।1 ਸਿਕਲੀਗਰ ਕਬੀਲੇ ਦੇ ਬਜ਼ੁਰਗ ਵੀ ਇਸੇ ਗੱਲ ਦੀ ਹਾਮੀ ਭਰਦੇ ਹਨ। ਇਨ੍ਹਾਂ ਵਿੱਚ ਕੁੱਝ ਲੋਕ ਅਜਿਹੇ ਹਨ ਜਿਹੜੇ ਕਿ ਜ਼ੁਬਾਨੀ ਆਪਣਾ 'ਬੰਸਾਵਲੀ ਨਾਮਾ' ਦੁਹਰਾ ਸਕਦੇ ਹਨ। ਇਹ ਲੋਕ ਆਯੁਰਵੇਦ ਦਾ ਗਿਆਨ ਅਤੇ ਚਿੰਤਨ ਦੀ ਪਰੰਪਰਾ ਵੀ ਰੱਖਦੇ ਹਨ।

ਪੰਜਾਬ ਦੇ ਨਕਸ਼ੇ 'ਤੇ ਸਿਕਲੀਗਰ ਕਬੀਲੇ ਦਾ ਆਗਮਨ ਗੁਰੂ ਹਰਗੋਬਿੰਦ ਸਾਹਿਬ ਵੇਲੇ ਹੁੰਦਾ ਹੈ। ਇਹ ਉਹ ਸਮਾਂ ਸੀ ਜਦੋਂ ਗੁਰੂ ਹਰਗੋਬਿੰਦ ਸਾਹਿਬ ਨੇ 'ਮੀਰੀ ਅਤੇ ਪੀਰੀ' ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਇਹ ਇਤਿਹਾਸਕ ਸਮਾਂ ਜੰਗਾਂ ਯੁੱਧਾਂ ਦਾ ਸਮਾਂ ਸੀ। ਗੁਰੂ ਸਾਹਿਬ ਨੂੰ ਹਥਿਆਰ ਬਣਾਉਣ ਵਾਲੇ ਭਰੋਸੇਯੋਗ ਨਿਪੁੰਨ ਕਾਰੀਗਰਾਂ ਦੀ ਲੋੜ ਸੀ, ਜਿਸ ਸੰਬੰਧੀ ਗੁਰੂ ਜੀ ਦੀ ਨਜ਼ਰ 'ਮਾਰਵਾੜੀ ਲੁਹਾਰਾਂ' 'ਤੇ ਪਈ। ਮੁਗਲਾਂ ਦੇ ਲਗਾਤਾਰ ਹਮਲਿਆਂ ਦੇ ਸਤਾਏ ਹੋਏ ਇਹ ਲੋਕ ਵੀ ਰੋਜ਼ੀ ਰੋਟੀ ਖੁਣੋਂ ਦਰ-ਬਰ-ਦਰ ਭਟਕ ਰਹੇ ਸਨ। ਇਨ੍ਹਾਂ ਲੋਕਾਂ ਨੂੰ ਯੋਗ ਸਰਪ੍ਰਸਤੀ ਦੀ ਸਖ਼ਤ ਲੋੜ ਸੀ ਜਿਸ ਕਰਕੇ ਇਨ੍ਹਾਂ ਜੁਝਾਰੂ ਲੋਕਾਂ ਨੇ ਦੁਸ਼ਮਣ ਦੇ ਖਿਲਾਫ਼ ਗੁਰੂ ਸਾਹਿਬਾਨ ਦਾ ਡਟ ਕੇ ਸਾਥ ਦਿੱਤਾ। ਹੇਠ ਲਿਖੀਆਂ ਲੜਾਈਆਂ ਵਿੱਚ ਸਿਕਲੀਗਰ ਲੋਕਾਂ ਨੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਦਾ ਤਹਿ ਦਿਲੋਂ ਸਾਥ ਦਿੱਤਾ :

1. ਸੰਮਤ 1685 ਵਿਚ ਮੁਖਲਿਸ ਖ਼ਾਨ ਸੈਨਾਨੀ ਨਾਲ ਹੋਈ ਲੜਾਈ ਵਿੱਚ (ਅਮ੍ਰਿਤਸਰ)
2. ਸੰਮਤ 1687 ਵਿੱਚ ਜਲੰਧਰ ਦੇ ਹਾਕਮ ਅਬਦੁੱਲਾ ਖਾਨ ਨਾਲ ਹੋਈ ਲੜਾਈ ਵਿੱਚ (ਸ੍ਰੀ ਹਰਿਗੋਬਿੰਦਪੁਰਾ)
3. ਸੰਮਤ 1688 ਵਿਚ ਮਹਿਰਾਜ ਪਾਸ ਕਰਮ ਬੰਗ ਸੈਨਾਨੀ ਨਾਲ ਹੋਈ ਲੜਾਈ ਵਿੱਚ

4. ਸੰਮਤ 1691 ਵਿਚ ਕਾਲੇ ਖਾਂ, ਪੈਂਦੇ ਖਾਂ ਨਾਲ ਹੋਈ ਲੜਾਈ ਵਿਚ (ਕਰਤਾਰਪੁਰ)[2]

ਇਸ ਉਪਰੰਤ ਇਕ ਸਮਾਂ ਅਜਿਹਾ ਆਉਂਦਾ ਹੈ ਜਦੋਂ ਕਿ ਇਹ ਲੋਕ ਲੰਮਾਂ ਸਮਾਂ ਗੁੰਮਨਾਮੀ ਦੇ ਹਨੇਰੇ ਵਿੱਚ ਚਲੇ ਜਾਂਦੇ ਹਨ ਕਿਉਂਕਿ ਛੇਵੀਂ ਪਾਤਿਸ਼ਾਹੀ ਤੋਂ ਲੈ ਕੇ ਨੌਵੀਂ ਪਾਤਿਸ਼ਾਹੀ ਤੱਕ ਦਾ ਸਮਾਂ ਜੰਗੀ ਮੁਹਿੰਮਾਂ ਦਾ ਸਮਾਂ ਨਹੀਂ ਸੀ। ਇਸ ਸਮੇਂ ਦੌਰਾਨ ਇਹ ਲੋਕ ਲੋਹੇ ਤੋਂ ਘਰੇਲੂ ਵਸਤਾਂ ਦਾ ਸਾਮਾਨ ਬਣਾ ਕੇ ਇੱਧਰ-ਉੱਧਰ ਪਿੰਡਾਂ ਵਿੱਚ ਵੇਚਣ ਲੱਗ ਪਏ। ਇਸ ਦੌਰਾਨ ਇਨ੍ਹਾਂ ਵਿੱਚੋਂ ਕੁਝ ਲੋਕ ਮੇਵਾੜ ਵੀ ਪਰਤ ਗਏ ਪਰ ਫਿਰ ਵੀ ਇਨ੍ਹਾਂ ਵਿਚੋਂ ਕੁਝ ਲੋਕ ਟੋਲੀਆਂ ਦੇ ਰੂਪ ਵਿੱਚ ਰੋਜ਼ੀ-ਰੋਟੀ ਦੇ ਚੱਕਰ ਵਿਚ ਡੇਰਿਆਂ ਦੇ ਰੂਪ ਵਿੱਚ ਜ਼ਿੰਦਗੀ ਦੀ ਜੰਗ ਲੜਦੇ ਰਹੇ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਇਨ੍ਹਾਂ ਲੋਕਾਂ ਦੀ ਅਣਖ ਜਾਗ ਉੱਠੀ। ਜਦੋਂ ਗੁਰੂ ਗੋਬਿੰਦ ਸਿੰਘ ਜੀ ਗੁਰਗੱਦੀ 'ਤੇ ਬਿਰਾਜਮਾਨ ਹੋਏ ਤਾਂ ਦੂਰ-ਦੂਰ ਤੱਕ 'ਰਣਜੀਤ ਨਗਾਰੇ' ਦੀ ਧਮਕ ਸੁਣਾਈ ਦੇਣ ਲੱਗੀ। ਇਹ ਲੋਕ ਵੀ ਅਜਿਹੇ ਸਮੇਂ ਦੀ ਤਾਕ ਵਿੱਚ ਸਨ। ਗੁਰੂ ਸਾਹਿਬ ਦੇ ਸੰਦੇਸ਼ 'ਤੇ ਇਨ੍ਹਾਂ ਲੋਕਾਂ ਨੇ ਅਨੰਦਪੁਰ ਸਾਹਿਬ ਵੱਲ ਵਹੀਰਾਂ ਘੱਤ ਦਿੱਤੀਆਂ। ਸਿਕਲੀਗਰ ਕਬੀਲੇ ਦੇ ਯੁੱਧਵੀਰ ਭਰਾ ਬਾਬਾ ਰਾਮ ਸਿੰਘ ਅਤੇ ਬਾਬਾ ਵੀਰ ਸਿੰਘ ਆਪਣੇ ਪੂਰੇ ਕਬੀਲੇ ਨਾਲ ਗੁਰੂ ਗੋਬਿੰਦ ਸਿੰਘ ਅੱਗੇ ਪੇਸ਼ ਹੋਏ। ਉਨ੍ਹਾਂ ਨੇ ਜਦੋਂ ਗੁਰੂ ਹਰਗੋਬਿੰਦ ਸਾਹਿਬ ਨਾਲ ਆਪਣੀ ਸ਼ਰਧਾ ਅਤੇ ਸਤਿਕਾਰ ਵਾਲੀ ਗੱਲ ਗੁਰੂ ਜੀ ਨੂੰ ਦੱਸੀ ਤਾਂ ਗੁਰੂ ਜੀ ਉਨ੍ਹਾਂ ਦੀ ਵਫ਼ਾਦਾਰੀ ਤੋਂ ਬਹੁਤ ਪ੍ਰਭਾਵਿਤ ਹੋਏ। ਇਹ ਲੋਕ ਅੰਮ੍ਰਿਤਪਾਨ ਕਰਕੇ ਗੁਰੂ ਦੇ ਸਿੰਘ ਬਣ ਗਏ। ਸਿਕਲੀਗਰ ਕਬੀਲੇ ਨੇ ਹਰ ਜੰਗ ਵਿੱਚ ਗੁਰੂ ਸਾਹਿਬ ਦਾ ਡਟ ਕੇ ਸਾਥ ਦਿੱਤਾ। ਇਸਦੇ ਵੇਰਵੇ ਗਿਆਨੀ ਗਿਆਨ ਸਿੰਘ, ਰਤਨ ਸਿੰਘ ਭੰਗੂ ਅਤੇ ਭਾਈ ਸੰਤੋਖ ਸਿੰਘ ਦੀਆਂ ਲਿਖਤਾਂ ਵਿੱਚ ਵੀ ਮਿਲਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਨੰਦੇੜ ਚਲੇ ਜਾਣ ਮਗਰੋਂ ਇਹ ਲੋਕ ਇਕ ਵਾਰ ਫਿਰ ਯੋਗ ਸਰਪ੍ਰਸਤੀ ਤੋਂ ਵਾਂਝੇ ਹੋ ਗਏ। ਇਹ ਉਹ ਸਮਾਂ ਸੀ ਜਦੋਂ ਸਿਕਲੀਗਰ ਲੋਕ ਰਾਜੇ, ਮਹਾਰਾਜਿਆਂ ਦੀਆਂ ਛੋਟੀਆਂ-ਮੋਟੀਆਂ ਰਿਆਸਤਾਂ ਦੀ ਖਿਦਮਤ ਕਰਨ ਲੱਗੇ ਜਿਨ੍ਹਾਂ ਵਿੱਚ ਪੰਜਾਬ ਅਤੇ ਪਹਾੜੀ ਰਿਆਸਤਾਂ ਵੀ ਸ਼ਾਮਲ ਸਨ। ਸਿਕਲੀਗਰ ਲੋਕਾਂ ਵੱਲੋਂ ਬਣਾਏ ਹੋਏ ਹਥਿਆਰ ਲਾ ਮਿਸਾਲ ਹੁੰਦੇ ਹਨ। ਇਹ ਹਥਿਆਰ ਆਪਣੀ ਪਕਿਆਈ ਅਤੇ ਨੱਕਾਸ਼ੀ ਕਰਕੇ ਜਾਣੇ ਜਾਂਦੇ ਹਨ। ਸਿਕਲੀਗਰ ਕਬੀਲਾ ਤਲਵਾਰਾਂ, ਢਾਲਾਂ, ਨੇਜ਼ੇ, ਬਰਛੇ, ਖੰਡੇ, ਚੱਕਰ, ਤੇਗੇ, ਖੁਖਰੀਆਂ, ਸੰਜੋਆਂ, ਨਾਗਣੀਆਂ ਅਤੇ ਬੰਦੂਕਾਂ ਬਣਾਉਣ ਲਈ ਜਾਣਿਆ ਜਾਂਦਾ ਹੈ। ਇਹ ਲੋਕ ਮਹਾਰਾਜਾ ਰਣਜੀਤ ਸਿੰਘ ਦੀ ਸੈਨਾ ਨਾਲ ਵੀ ਜੁੜੇ ਰਹੇ ਹਨ। ਇਹ ਲੋਕ ਜਿੱਥੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਅਸਲਾਖਾਨੇ ਵਿੱਚ ਹਥਿਆਰਾਂ ਦਾ ਨਿਰਮਾਣ ਕਰਦੇ ਰਹੇ ਹਨ, ਉੱਥੇ ਨਾਲ ਹੀ ਆਪਣੀ ਯੁੱਧਵੀਰਤਾ ਦਾ ਪ੍ਰਮਾਣ ਵੀ ਦਿੰਦੇ ਰਹੇ ਹਨ। ਭਾਰਤ ਵਿੱਚ ਬਰਤਾਨਵੀ ਹਕੂਮਤ ਦੇ ਕਾਬਜ਼ ਹੋਣ ਮਗਰੋਂ ਸਿਕਲੀਗਰ ਕਬੀਲੇ ਲਈ ਇਕ ਲੰਮਾ ਅੰਧਕਾਰ ਦਾ ਯੁੱਗ ਸ਼ੁਰੂ ਹੋ ਜਾਂਦਾ ਹੈ। ਅੰਗਰੇਜ਼ਾਂ ਦੁਆਰਾ ਦੇਸੀ ਹਥਿਆਰ ਬਣਾਉਣ 'ਤੇ ਲਗਾਈ ਪਾਬੰਧੀ ਇਸ ਕਬੀਲੇ ਲਈ ਵੱਡੀ ਮਾਰ ਸਾਬਿਤ ਹੁੰਦੀ ਹੈ। ਇਸ ਤਰ੍ਹਾਂ ਆਪਣੀ ਆਰਥਿਕਤਾ ਤੋਂ ਵਾਂਝੇ ਹੋ ਜਾਣ ਕਾਰਨ ਇਹ ਲੋਕ ਆਪਣੀ ਹੋਂਦ ਅਤੇ ਹਸਤੀ ਬਚਾਈ ਰੱਖਣ ਲਈ

ਲੋਹੇ ਦੀਆਂ ਛੋਟੀਆਂ-ਮੋਟੀਆਂ ਘਰੇਲੂ ਵਸਤਾਂ ਤਿਆਰ ਕਰਕੇ ਆਪਣਾ ਗੁਜ਼ਾਰਾ ਕਰਨ ਲੱਗੇ। ਇਹੀ ਨਹੀਂ ਬਰਤਾਨਵੀ ਹਕੂਮਤ ਵੱਲੋਂ ਕਬੀਲਿਆਂ 'ਤੇ ਲਾਏ ਜਰਾਇਮ ਪੇਸ਼ਾ ਐਕਟ ਨੇ ਵੀ ਇਨ੍ਹਾਂ ਕਬੀਲਿਆਂ ਦੇ ਸਮਾਜਿਕ ਜੀਵਨ ਨੂੰ ਗਹਿਰੀ ਢਾਅ ਲਾਈ। ਪੰਜਾਬ ਦਾ ਸਿਕਲੀਗਰ ਕਬੀਲਾ ਆਪਣੇ ਪੁਰਖਿਆਂ ਦੇ ਨਾਂ 'ਤੇ ਵੱਖ-ਵੱਖ ਗੋਤਰਾਂ ਵਿੱਚ ਵੰਡਿਆ ਹੋਇਆ ਹੈ। ਸਿਕਲੀਗਰ ਕਬੀਲੇ ਦੇ ਇਹ ਗੋਤਰ ਹੀ ਇਨ੍ਹਾਂ ਦੀ ਕਬੀਲੇ ਵਿੱਚ ਮਾਣ ਮਰਿਆਦਾ ਅਤੇ ਸਨਮਾਨ ਨੂੰ ਤੈਅ ਕਰਦੇ ਹਨ। ਸਿਕਲੀਗਰ ਕਬੀਲੇ ਦਾ ਸਮਾਜਿਕ ਸੰਗਠਨ ਇਨ੍ਹਾਂ ਗੋਤਰਾਂ ਵਿੱਚ ਹੀ ਪਿਆ ਹੋਇਆ ਹੈ। ਸਿਕਲੀਗਰ ਕਬੀਲੇ ਦੇ ਮੁੱਖ ਗੋਤਰ ਹੇਠ ਲਿਖੇ ਹਨ :

1. ਜੂਨੀ
2. ਡਾਂਗੀ
3. ਭੌਂਡ
4. ਟਾਂਕ
5. ਖੀਚੀ
6. ਤਲਬਿਥੀਆਂ
7. ਬਊਰੀ
8. ਪਤਲੋੜੇ
9. ਘਾਸੀ ਟਾਂਕ
10. ਪਟੋਆ
11. ਘਟਾੜੇ
12. ਪਿਆਲਾ
13. ਜਿਊਣੀ

ਇਸ ਤੋਂ ਇਲਾਵਾ ਇਹ ਕਬੀਲਾ ਅੱਗੇ ਤੋਂ ਅੱਗੇ ਹੋਰ ਕਈ ਉਪ-ਗੋਤਰਾਂ ਵਿੱਚ ਵੰਡਿਆ ਹੋਇਆ ਹੈ। ਵਰਤਮਾਨ ਸਮੇਂ ਸਿਕਲੀਗਰ ਕਬੀਲਾ ਪੰਜਾਬ, ਹਰਿਆਣਾ, ਹਿਮਾਚਲ, ਦਿੱਲੀ ਅਤੇ ਜੰਮੂ ਵਿੱਚ ਵੱਡੀ ਗਿਣਤੀ ਵਿਚ ਵਾਸ ਕਰ ਰਿਹਾ ਹੈ। ਜੰਮੂ ਵਿੱਚ ਇਨ੍ਹਾਂ ਦਾ ਹਥਿਆਰ ਅਤੇ ਅਸਤਰ-ਸ਼ਸਤਰ ਬਣਾਉਣ ਦਾ ਪਿਤਾ ਪੁਰਖੀ ਕਿੱਤਾ ਮਾਨਤਾ ਪ੍ਰਾਪਤ ਹਥਿਆਰ ਬਣਾਉਣ ਦੀਆਂ ਫੈਕਟਰੀਆਂ ਵਿੱਚ ਤਬਦੀਲ ਹੋ ਚੁੱਕਾ ਹੈ। ਦਿੱਲੀ ਦੇ ਸਿਕਲੀਗਰਾਂ ਦਾ ਰੁਝਾਨ ਵੀ ਕਾਫ਼ੀ ਹੱਦ ਤੱਕ ਘਰੇਲੂ ਉਦਯੋਗ ਵੱਲ ਹੋਇਆ ਹੈ ਪਰੰਤੂ ਪੰਜਾਬ ਦੇ ਸਿਕਲੀਗਰ ਇਕ ਅਮੀਰ ਖਿੱਤੇ ਦੇ ਬਾਸ਼ਿੰਦੇ ਹੁੰਦਿਆਂ ਹੋਇਆਂ ਵੀ ਬੁਰੀ ਤਰ੍ਹਾਂ ਗਰੀਬੀ, ਅਨਪੜ੍ਹਤਾ ਅਤੇ ਪਿਛੜੇਪਨ ਦਾ ਸ਼ਿਕਾਰ ਹਨ। ਉਪਰੋਕਤ ਵਿਚਾਰਾਂ ਦੇ ਸੰਬੰਧ ਵਿੱਚ ਪੰਜਾਬ ਅਤੇ ਇਸਦੇ ਆਸ-ਪਾਸ ਦੇ ਇਲਾਕਿਆਂ ਵਿਚ ਵਸਣ ਵਾਲੇ ਸਿਕਲੀਗਰ ਤਿੰਨ ਮੁੱਖ ਵਰਗਾਂ ਵਿੱਚ ਵੰਡੇ ਹੋਏ ਹਨ। ਇਹ ਉਪਰੋਕਤ ਵੰਡ ਇਸ ਪ੍ਰਕਾਰ ਹੈ :

1. ਬਸਣੀਏ ਸਿਕਲੀਗਰ
2. ਲਦਣੀਏ ਸਿਕਲੀਗਰ
3. ਉਠਣੀਏ ਸਿਕਲੀਗਰ

ਸ਼ਹਿਰਾਂ ਜਾਂ ਨਗਰਾਂ ਵਿੱਚ ਪੱਕੀ ਤਰ੍ਹਾਂ ਵਸੇਬਾ ਕਰ ਲੈਣ ਵਾਲੇ ਸਿਕਲੀਗਰਾਂ ਨੂੰ 'ਬਸਣੀਏ ਸਿਕਲੀਗਰ' ਕਿਹਾ ਜਾਂਦਾ ਹੈ। ਇਨ੍ਹਾਂ ਲੋਕਾਂ ਦੀਆਂ ਬਸਤੀਆਂ ਅਜੋਕੇ ਸਮੇਂ ਵਿੱਚ 'ਸਲੱਮਜ਼' (Slums) ਦਾ ਰੂਪ ਨਜ਼ਰ ਆਉਂਦੀਆਂ ਹਨ। ਪਿੰਡਾਂ ਜਾਂ ਨਗਰਾਂ ਵਿੱਚ ਇਕ 'ਸੀਜ਼ਨ' ਹਿੱਤ ਟਿਕ ਕੇ ਬਹਿ ਜਾਣ ਵਾਲੇ ਸਿਕਲੀਗਰਾਂ ਨੂੰ 'ਲਦਣੀਏ ਸਿਕਲੀਗਰ' ਕਿਹਾ ਜਾਂਦਾ ਹੈ। 'ਉਠਣੀਏ ਸਿਕਲੀਗਰ' ਉਹ ਲੋਕ ਹਨ ਜਿਹੜੇ ਕਿ ਆਦਿ ਕਾਲ ਤੋਂ

ਹੀ ਟਪਰੀਵਾਸ ਜੀਵਨ ਬਤੀਤ ਕਰਦੇ ਆਏ ਹਨ। ਇਹ ਲੋਕ ਅੱਜ ਵੀ ਘੁਮੰਤੂ ਅਵਸਥਾ ਵਿੱਚ ਦੇਖੇ ਜਾ ਸਕਦੇ ਹਨ। ਪੰਜਾਬ ਦੇ ਸਿਕਲੀਗਰਾਂ ਨੂੰ ਕਿੱਤੇ ਦੇ ਆਧਾਰ 'ਤੇ ਤਿੰਨ ਵਰਗਾਂ ਵਿੱਚ ਵੰਡ ਕੇ ਵੇਖਿਆ ਜਾ ਸਕਦਾ ਹੈ। ਇਸ ਵੰਡ ਨੂੰ ਸਮਾਜਿਕ ਪਰਿਪੇਖ ਵਿੱਚ ਰੱਖ ਕੇ ਵੀ ਵਿਚਾਰਿਆ ਜਾ ਸਕਦਾ ਹੈ :

1. **ਅਸਤਰ-ਸ਼ਸਤਰ ਬਣਾਉਣ ਵਾਲੇ ਸਿਕਲੀਗਰ** : ਅਸਤਰ-ਸ਼ਸਤਰ ਬਣਾਉਣ ਵਾਲੇ ਸਿਕਲੀਗਰ ਪੰਜਾਬ, ਹਰਿਆਣਾ, ਹਿਮਾਚਲ, ਜੰਮੂ ਅਤੇ ਰਾਜਸਥਾਨ ਵਿੱਚ ਵੱਡੀ ਗਿਣਤੀ ਵਿੱਚ ਵਧ ਰਹੇ ਹਨ। ਪਰ ਇਨ੍ਹਾਂ ਵਿੱਚ ਕੁਝ ਕੁ ਹੀ ਅਜਿਹੇ ਲੋਕ ਹਨ, ਜਿਹੜੇ ਕਿ ਸ਼ਸਤਰ ਕਲਾ ਵਿਚ ਪ੍ਰਬੀਨ ਹਨ। ਇਹ ਲੋਕ ਆਦਿ ਕਾਲ ਤੋਂ ਹੀ ਰਾਜੇ, ਮਹਾਰਾਜਿਆਂ ਦੀ ਸੈਨਾ ਅਤੇ ਰਾਠਾਂ ਲਈ ਮਨਭਾਉਂਦੇ ਹਥਿਆਰਾਂ ਦਾ ਨਿਰਮਾਣ ਕਰਦੇ ਰਹੇ ਹਨ। ਇਹ ਲੋਕ ਅੱਜ ਵੀ ਆਪਣਾ ਪਿਤਾਪੁਰਖੀ ਕਿੱਤਾ ਬੜੀ ਕੁਸ਼ਲਤਾਪੂਰਵਕ ਨਿਭਾ ਰਹੇ ਹਨ। ਇਨ੍ਹਾਂ ਵਿਚੋਂ ਬਹੁਤੇ ਲੋਕ ਹਥਿਆਰਾਂ ਅਤੇ ਘਰੇਲੂ ਲੋੜਾਂ ਦੀਆਂ ਚਾਕੂ ਛੁਰੀਆਂ ਨਾਲ ਸੰਬੰਧਤ ਨਿੱਕੇ -ਨਿੱਕੇ ਉਦਯੋਗਾਂ ਨਾਲ ਵੀ ਜੁੜੇ ਹੋਏ ਹਨ। ਪੰਜਾਬ ਦੇ ਸਿਕਲੀਗਰਾਂ ਨੇ ਹੁਣ ਆਪਣੇ ਆਪ ਨੂੰ ਮੰਡੀ ਦੀਆਂ ਲੋੜਾਂ ਅਨੁਸਾਰ ਢਾਲ ਲਿਆ ਹੈ। ਹੁਣ ਇਹ ਲੋਕ ਕੇਵਲ ਮੰਡੀ ਦੀ ਮੰਗ ਅਨੁਸਾਰ ਹੀ ਆਪਣਾ ਮਾਲ ਤਿਆਰ ਕਰਦੇ ਹਨ।

2. **ਫੇਰੀ ਮਾਰਨ ਵਾਲੇ ਸਿਕਲੀਗਰ** : ਫੇਰੀ ਮਾਰਨ ਵਾਲੇ ਸਿਕਲੀਗਰ ਉਹ ਲੋਕ ਹਨ ਜਿਹੜੇ ਕਿ ਘਰੇਲੂ ਲੋੜਾਂ ਵਾਸਤੇ ਢੋਲਾਂ, ਪੀਪਿਆਂ ਅਤੇ ਪੀਪੀਆਂ 'ਤੇ ਢੱਕਣ ਆਦਿ ਲਾ ਕੇ ਘਰੇਲੂ ਉਪਯੋਗ ਲਈ ਤਿਆਰ ਕਰਕੇ ਦਿੰਦੇ ਹਨ। ਇਨ੍ਹਾਂ ਲੋਕਾਂ ਨੂੰ ਲੱਦਣੀਏ ਸਿਕਲੀਗਰ ਕਿਹਾ ਜਾਂਦਾ ਹੈ। ਫੇਰੀ ਮਾਰਨ ਵਾਲੇ ਸਿਕਲੀਗਰ , ਜਿੰਦੇ ਕੁੰਜੀਆਂ ਦੀ ਮੁਰੰਮਤ ਕਰਨ ਤੋਂ ਇਲਾਵਾ ਪਿੰਡਾਂ ਅਤੇ ਕਸਬਿਆਂ ਵਿੱਚ ਜਾ ਕੇ ਚਾਕੂ ਛੁਰੀਆਂ ਵੇਚਣ ਤੋਂ ਇਲਾਵਾ ਚਾਕੂ, ਛੁਰੀਆਂ, ਕੈਂਚੀਆਂ ਅਤੇ ਹਥਿਆਰਾਂ ਦੀ ਸਾਣ ਲਾਉਣ ਦਾ ਕੰਮ ਵੀ ਕਰਦੇ ਹਨ। ਇਹ ਲੋਕ ਪਿੰਡਾਂ, ਨਗਰਾਂ ਅਤੇ ਕਸਬਿਆਂ ਵਿੱਚ ਘਰ-ਘਰ ਜਾ ਕੇ ਆਪਣਾ ਮਾਲ ਵੇਚਦੇ ਹਨ। ਇਹ ਲੋਕ ਮੁਰੰਮਤ ਦਾ ਸਾਮਾਨ ਅਤੇ ਕੱਚਾ ਮਾਲ ਆਪਣੇ ਨਾਲ ਲੈ. ਕੇ ਘੁੰਮਦੇ ਹਨ। ਅੱਜ ਵੀ ਇਹ ਲੋਕ ਪਿੰਡਾਂ ਵਿੱਚ ਘੁੰਮ-ਫਿਰ ਕੇ ਆਪਣਾ ਜੀਵਨ ਨਿਰਬਾਹ ਕਰ ਰਹੇ ਹਨ।

3. **ਟੱਪਰੀਵਾਸ ਸਿਕਲੀਗਰ** : ਪੰਜਾਬ ਵਿੱਚ ਇਹ ਲੋਕ ਕਈ ਜ਼ਿਲ੍ਹਿਆਂ ਵਿੱਚ ਡੇਰਿਆਂ ਦੀ ਸ਼ਕਲ ਵਿੱਚ ਰਹਿ ਰਹੇ ਹਨ। ਇਨ੍ਹਾਂ ਵਿਚੋਂ ਬਹੁਤੇ ਲੋਕ ਅਰਧ ਘੁਮੰਤੂ ਅਵਸਥਾ ਵਿਚ ਵਿਚਰ ਰਹੇ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਲੋਕ ਵਣ ਵਿਭਾਗ, ਸ਼ਾਮਲਾਤ, ਗਊ ਚਰਾਂਦਾਂ ਅਤੇ ਬੀਆਬਾਨਾਂ ਆਦਿ ਵਿਚ ਵਸੇ ਹੋਏ ਹਨ। ਇਹ ਲੋਕ ਲੋਹੇ ਦੇ ਤਸਲੇ, ਟੋਕਰੇ, ਪਿੰਜਰੇ, ਰੈਕ, ਚਿਮਟੇ, ਪੀਪੇ ਪੀਪਿਆਂ ਤੇ ਢੱਕਣ ਅਤੇ ਘਰੇਲੂ ਲੋੜਾਂ ਲਈ ਛੋਟਾ ਮੋਟਾ ਸਾਮਾਨ ਤਿਆਰ ਕਰਕੇ ਪਿੰਡਾਂ ਅਤੇ ਨਗਰਾਂ ਵਿੱਚ ਸਾਈਕਲਾਂ 'ਤੇ ਵੇਚਣ ਜਾਂਦੇ ਹਨ। ਇਹੀ ਇਨ੍ਹਾਂ ਦੀ ਰੋਜ਼ੀ ਰੋਟੀ ਦਾ ਮੁੱਖ ਸਾਧਨ ਹੈ। ਇਹ ਲੋਕ ਇਸ ਵਸਤੂ ਸਾਮੱਗਰੀ ਲਈ ਕੱਚਾ ਮਾਲ ਸ਼ਹਿਰਾਂ ਅਤੇ ਕਬਾੜੀਆਂ ਪਾਸੋਂ ਖਰੀਦਦੇ ਹਨ। ਟੱਪਰੀਵਾਸ ਸਿਕਲੀਗਰਾਂ ਦਾ ਪੂਰੇ ਦਾ ਪੂਰਾ ਪਰਿਵਾਰ ਲੋਹੇ ਦੇ ਕੰਮਕਾਰ ਨਾਲ ਜੁੜਿਆ

ਹੋਇਆ ਹੈ। ਇੱਥੋਂ ਤੱਕ ਕਿ ਇਨ੍ਹਾਂ ਦੇ ਬੱਚੇ ਵੀ ਪਿਤਾ ਪੁਰਖੀ ਕੰਮ ਨਾਲ ਜੁੜੇ ਹੋਏ ਹਨ। ਇਹ ਲੋਕ ਸ਼ਿਕਾਰੀ ਸੁਭਾਅ ਦੇ ਮਾਲਕ ਹਨ। ਲੋਹੇ ਦੇ ਕੰਮ ਤੋਂ ਇਲਾਵਾ ਸ਼ਿਕਾਰ ਕਰਕੇ ਗੁਜ਼ਾਰਾ ਕਰਨਾ ਇਨ੍ਹਾਂ ਦਾ ਮੁੱਖ ਸ਼ੌਂਕ ਹੈ। ਇਹ ਲੋਕ ਖਰਗੋਸ਼, ਕਬੂਤਰ ਅਤੇ ਤਿੱਤਰ ਬਟੇਰ ਦਾ ਮਾਸ ਬੜੇ ਚਾਅ ਨਾਲ ਖਾਂਦੇ ਹਨ। ਸ਼ਿਕਾਰ ਮਾਰਨ ਲਈ ਇਹ ਲੋਕ, ਜਾਲ, ਪਿੰਜਰੇ ਅਤੇ ਗੁਲੇਲਾਂ ਦੀ ਵਰਤੋਂ ਕਰਦੇ ਹਨ। ਇਹ ਲੋਕ ਗੁਲੇਲ ਦੇ ਕਮਾਲ ਦੇ ਨਿਸ਼ਾਨਚੀ ਹਨ। ਇੱਥੋਂ ਤੱਕ ਕਿ ਇਨ੍ਹਾਂ ਦੇ ਬੱਚੇ ਵੀ ਗੁਲੇਲ ਕਲਾ ਦੇ ਪੂਰੇ ਮਾਹਿਰ ਹਨ। ਟਪਰੀਵਾਸ ਸਿਕਲੀਗਰ ਚੰਗੀ ਨਸਲ ਦੇ ਸ਼ਿਕਾਰੀ ਕੁੱਤੇ ਪਾਲਦੇ ਹਨ। ਇਹ ਕੁੱਤੇ ਜਿੱਥੇ ਇਨ੍ਹਾਂ ਲੋਕਾਂ ਦੇ ਸ਼ਿਕਾਰ ਕਰਨ ਵਿੱਚ ਮੱਦਦਗਾਰ ਹੁੰਦੇ ਹਨ, ਉੱਥੇ ਇਨ੍ਹਾਂ ਦੀਆਂ ਟਪਰੀਆਂ ਦੀ ਦਿਨ ਰਾਤ ਰਖਵਾਲੀ ਵੀ ਕਰਦੇ ਹਨ। ਸ਼ਿਕਾਰੀ ਕੁੱਤਿਆਂ ਦੇ ਸ਼ੌਕੀਨ ਲੋਕ ਚੰਗੀ ਨਸਲ ਦੇ ਸ਼ਿਕਾਰੀ ਕੁੱਤਿਆਂ ਲਈ ਅਕਸਰ ਸਿਕਲੀਗਰ ਟਪਰੀਆਂ ਵਿੱਚ ਆਉਂਦੇ ਜਾਂਦੇ ਰਹਿੰਦੇ ਹਨ। ਇਕ ਥਾਂ ਤੋਂ ਦੂਜੀ ਥਾਂ ਘੁੰਮਦੇ ਫਿਰਦੇ ਰਹਿਣ ਕਾਰਨ ਇਨ੍ਹਾਂ ਵਿੱਚ ਸਿੱਖਿਆ ਦੀ ਦਰ ਨਾਂਹ ਦੇ ਬਰਾਬਰ ਹੈ।

ਸਿਕਲੀਗਰ ਕਬੀਲੇ ਦਾ ਨਿਆਂ ਪ੍ਰਬੰਧ : ਸਿਕਲੀਗਰ ਕਬੀਲੇ ਦਾ ਆਪਣਾ ਹੀ ਇਕ ਨਿਆਂਪ੍ਰਬੰਧ ਹੈ। ਹਰ ਸਿਕਲੀਗਰ ਡੇਰੇ ਦੀ ਸਿਆਣੇ ਅਤੇ ਪਤਵੰਤੇ ਬੰਦਿਆਂ ਦੀ ਇਕ ਸਭਾ ਹੁੰਦੀ ਹੈ। ਸਿਕਲੀਗਰ ਕਬੀਲੇ ਦੇ ਅੰਦਰੂਨੀ ਝਗੜਿਆਂ ਦਾ ਫੈਸਲਾ ਇਹ ਮੋਅਤਬਰ ਬੰਦਿਆਂ ਦੀ ਸਭਾ ਕਰਦੀ ਹੈ। ਕਬੀਲੇ ਦੇ ਪੈਂਚ ਹੰਢੇ ਵਰਤੇ ਅਤੇ ਭਰੋਸੇਯੋਗ ਵਿਅਕਤੀ ਹੁੰਦੇ ਹਨ। ਇਹ ਲੋਕ ਕਿਸੇ ਵੀ ਝਗੜੇ ਦੇ ਸੰਬੰਧ ਵਿੱਚ ਆਪਣੀ ਨਿਰਪੱਖ ਰਾਇ ਦਿੰਦੇ ਹਨ। ਜੇਕਰ ਕਿਸੇ ਵੀ ਝਗੜੇ ਵਾਲੀ ਧਿਰ ਨੂੰ ਇਨ੍ਹਾਂ ਦੇ ਨਿਆਂ ਸੰਬੰਧੀ ਸ਼ੰਕਾ ਪੈਦਾ ਹੋ ਜਾਵੇ ਤਾਂ ਫਿਰ ਝਗੜਾ ਥਾਣੇ ਜਾਂ ਕਚਹਿਰੀ ਤੱਕ ਚਲਾ ਜਾਂਦਾ ਹੈ। ਸਿਕਲੀਗਰ ਪੰਚਾਇਤ ਵਿੱਚ ਜ਼ਿਆਦਾਤਰ ਝਗੜੇ ਪਰਿਵਾਰਕ ਸਮੱਸਿਆਵਾਂ ਚੋਰੀ-ਚਕਾਰੀ, ਮਾਰ-ਕੁੱਟ, ਛੇੜਖਾਨੀ ਜਾਂ ਰਿਸ਼ਤਿਆਂ ਦੀ ਟੁੱਟ-ਭੱਜ ਨਾਲ ਸੰਬੰਧਤ ਹੁੰਦੇ ਹਨ। ਇਨ੍ਹਾਂ ਵਿੱਚੋਂ ਬਹੁਤੇ ਝਗੜਿਆਂ ਦਾ ਨਿਪਟਾਰਾ ਸਮਝੌਤਾ ਕਰਵਾ ਕੇ ਮੌਕੇ 'ਤੇ ਹੀ ਕਰ ਦਿੱਤਾ ਜਾਂਦਾ ਹੈ। ਜ਼ਿਆਦਾ ਗੰਭੀਰ ਝਗੜਿਆਂ ਦਾ ਫੈਸਲਾ ਲੰਬੀ ਸੁਣਵਾਈ ਉਪਰੰਤ ਦੰਡ ਲਗਾ ਕੇ ਕੀਤਾ ਜਾਂਦਾ ਹੈ। ਸਿਕਲੀਗਰ ਪੰਚਾਇਤ ਵਿੱਚ ਮੋਅਤਬਰ ਬੰਦਿਆਂ ਦੀ ਗਿਣਤੀ 'ਦਸ' ਤੋਂ ਲੈ ਕੇ ਚਾਲੀ ਤੱਕ ਵੀ ਹੋ ਸਕਦੀ ਹੈ। ਕਬੀਲੇ ਵਿੱਚ ਦੰਡ ਵਿਧਾਨ ਦੀ ਰਕਮ ਨੂੰ 'ਚਾਰੀ' ਕਿਹਾ ਜਾਂਦਾ ਹੈ। ਪੁਰਾਣੇ ਸਮਿਆਂ ਵਿੱਚ ਇਹ ਦੰਡ ਦੀ ਰਕਮ 'ਚੌਂਦਾ ਚਾਰੀ' ਤੱਕ ਨਿਸਚਿਤ ਹੁੰਦੀ ਸੀ। (ਇਕ ਚਾਰੀ ਵਿਚ ਚੌਂਦਾਂ ਰੁਪਏ ਹੁੰਦੇ ਹਨ) ਇਸ ਤਰ੍ਹਾਂ ਇਹ ਚਾਰੀਆਂ ਵਾਲਾ ਦੰਡ ਝਗੜੇ ਦੀ ਤੀਬਰਤਾ ਨਾਲ ਸੰਬੰਧ ਰੱਖਦਾ ਹੈ। ਸਿਕਲੀਗਰ ਕਬੀਲੇ ਵਿੱਚ ਫਰਿਆਦੀ (ਨਿਆਂ ਮੰਗਣ ਵਾਲਾ ਵਿਅਕਤੀ) ਪੰਚਾਇਤ ਕੋਲ ਕਬੀਲਾ ਫੀਸ ਵਜੋਂ ਪੰਜ ਪੈਸੇ ਜਮ੍ਹਾਂ ਕਰਵਾ ਕੇ ਨਿਆਂ ਸੰਬੰਧੀ ਫਰਿਆਦ ਕਰਦਾ ਹੈ। ਹੁਣ ਇਹ ਰਕਮ ਸਮੇਂ ਅਨੁਸਾਰ ਵਧ ਕੇ ਸਵਾ ਸੌ ਰੁਪਏ ਤੱਕ ਜਾ ਪਹੁੰਚੀ ਹੈ। ਵਧੀਕੀ ਕਰਨ ਵਾਲੀ ਧਿਰ ਨੂੰ ਪੰਚਾਂ ਵੱਲੋਂ ਪਿੜ ਵਿੱਚ ਬੁਲਾ ਕੇ ਝਗੜੇ ਸੰਬੰਧੀ ਨਿਸਚਿਤ ਰਾਸ਼ੀ ਜਮ੍ਹਾਂ ਕਰਵਾਈ ਜਾਂਦੀ ਹੈ। ਇਸ ਤਰ੍ਹਾਂ ਕਬੀਲੇ ਦੇ ਪੈਂਚ ਕਿਸੇ ਵੀ ਝਗੜੇ ਸੰਬੰਧੀ ਗਹਿਰੇ ਵਿਚਾਰ-ਵਟਾਂਦਰੇ ਤੋਂ ਬਾਅਦ

ਕੋਈ ਵੀ ਫੈਸਲਾ ਕਰਦੇ ਹਨ। ਫੈਸਲਾ ਕਰਨ ਤੋਂ ਪਹਿਲਾਂ ਝਗੜੇ ਸਮੇਂ ਹਾਜ਼ਰ ਵਿਅਕਤੀਆਂ ਅਤੇ ਔਰਤਾਂ ਦੇ ਬਿਆਨ ਵੀ ਲਏ ਜਾਂਦੇ ਹਨ। ਝਗੜੇ ਦੇ ਸਾਰੇ ਪੱਖਾਂ ਨੂੰ ਸੁਣ ਵਿਚਾਰ ਕੇ ਹੀ ਫੈਸਲਾ ਦਿੱਤਾ ਜਾਂਦਾ ਹੈ। ਸਿਕਲੀਗਰ ਕਬੀਲੇ ਵਿੱਚ ਹੋਰ ਕਬੀਲਿਆਂ ਵਾਂਗ ਔਰਤਾਂ ਨੂੰ ਪੰਚਾਇਤ ਵਿੱਚ ਬੈਠਣ ਦੀ ਮਨਾਹੀ ਹੈ ਪਰੰਤੂ ਉਹ ਪੰਚਾਇਤ ਦੀ ਕਾਰਵਾਈ ਦੂਰ ਖੜ੍ਹ ਕੇ ਸੁਣ ਸਕਦੀਆਂ ਹਨ। ਲੋੜ ਪੈਣ 'ਤੇ ਉਸਨੂੰ ਪੰਚਾਇਤ ਵਿੱਚ ਬੁਲਾਇਆ ਵੀ ਜਾ ਸਕਦਾ ਹੈ। ਅਜੋਕੇ ਸਮੇਂ ਸਿਕਲੀਗਰ ਕਬੀਲੇ ਵਿਚ ਛੱਡ ਛਡਾਈ ਦਾ ਦੰਡ ਤੀਹ ਹਜ਼ਾਰ (30 ਹਜ਼ਾਰ ਰੁਪਏ) ਤੀਕ ਵੀ ਪਹੁੰਚ ਚੁੱਕਿਆ ਹੈ। ਸਿਕਲੀਗਰ ਕਬੀਲੇ ਵਿੱਚ ਕਿਸੇ ਵੀ ਝਗੜੇ ਦਾ ਫੈਸਲਾ ਹੋਣ ਦੀ ਸੂਰਤ ਵਿੱਚ ਫ਼ਰਿਆਦ ਵਜੋਂ ਜਮ੍ਹਾਂ ਕਰਾਈ ਰਾਸ਼ੀ ਦਾ ਪੂਰੇ ਡੇਰੇ ਵਿੱਚ ਝਗੜਾ ਨਿਬੜਨ ਦੀ ਖੁਸ਼ੀ ਵਿੱਚ ਪ੍ਰਸ਼ਾਦ ਵੰਡ ਦਿੱਤਾ ਜਾਂਦਾ ਹੈ। ਅੱਜ ਵੀ ਸਿਕਲੀਗਰ ਕਬੀਲੇ ਦੇ ਝਗੜੇ ਕਬੀਲਾ ਪੰਚਾਇਤ ਵਿਚ ਹੀ ਨਜਿੱਠੇ ਜਾਂਦੇ ਹਨ। ਥਾਣਿਆਂ ਕਚਹਿਰੀਆਂ ਵਿੱਚ ਪੁੱਜਣ ਵਾਲਾ ਝਗੜਾ ਵੀ ਆਖਰਕਾਰ ਕਬੀਲੇ ਦੀ ਪੰਚਾਇਤ ਵਿਚ ਹੀ ਨਿਬੜਦਾ ਹੈ। ਕਬੀਲੇ ਦੀ ਪੰਚਾਇਤ ਤੋਂ ਆਕੀ ਹੋਈ ਧਿਰ ਨੂੰ ਕਬੀਲੇ ਵਿੱਚੋਂ ਛੇਕ ਦਿੱਤਾ ਜਾਂਦਾ ਹੈ ਜਿਸ ਨਾਲ ਕਬੀਲੇ ਦੀ ਰੋਟੀ-ਬੇਟੀ ਦੀ ਸਾਂਝ ਖਤਮ ਹੋ ਜਾਂਦੀ ਹੈ। ਇਹ ਇਕ ਕਿਸਮ ਦਾ 'ਸਮਾਜਿਕ ਬਾਈਕਾਟ' ਹੁੰਦਾ ਹੈ ਜਿਸਦਾ ਪੂਰਾ ਕਬੀਲਾ ਪਾਲਣ ਕਰਦਾ ਹੈ। ਸਿਕਲੀਗਰ ਕਬੀਲੇ ਵਿੱਚ ਡੇਰੇ ਦੀ ਪੰਚਾਇਤ ਨੂੰ ਰੱਬ ਦਾ ਰੂਪ ਸਮਝਿਆ ਜਾਂਦਾ ਹੈ। ਪੰਚਾਇਤ ਦੇ ਫੈਸਲੇ ਤੋਂ ਮੁਕਰਣ ਵਾਲੇ ਵਿਅਕਤੀ ਨੂੰ 'ਰੱਬੀ ਨਿਆਂ' ਤੋਂ ਇਨਕਾਰੀ ਹੋਣ ਵਾਲਾ ਸਮਝਿਆ ਜਾਂਦਾ ਹੈ।

ਸਿਕਲੀਗਰ ਕਬੀਲੇ ਦਾ ਲੋਕ ਜੀਵਨ

ਸਿਕਲੀਗਰ ਲੋਕ ਆਪਣਾ ਮੂਲ ਰਾਜਸਥਾਨ ਦੇ ਇਲਾਕੇ ਮਾਰਵਾੜ ਨਾਲ ਜੋੜਦੇ ਹਨ। ਇਨ੍ਹਾਂ ਲੋਕਾਂ ਦਾ ਪਿਤਾ ਪੁਰਖੀ ਧੰਦਾ ਘਰੇਲੂ ਲੋੜਾਂ ਲਈ ਕੱਚੇ ਲੋਹੇ ਤੋਂ ਸਾਮਾਨ ਤਿਆਰ ਕਰਨਾ ਅਤੇ ਰਾਜੇ ਰਾਣਿਆਂ ਲਈ ਹਥਿਆਰ ਤਿਆਰ ਕਰਨਾ ਸੀ। ਸਿਕਲੀਗਰ ਕਬੀਲਾ ਲੁਹਾਰ ਕਬੀਲੇ ਦੀ ਹੀ ਇਕ ਸ਼ਾਖਾ ਹੈ, ਅਜੋਕੇ ਦੌਰ ਵਿਚ ਇਨ੍ਹਾਂ ਲੋਕਾਂ ਦੇ ਸਮਾਜ ਸਭਿਆਚਾਰ ਤੇ ਪ੍ਰਾਂਤਕ ਪ੍ਰਭਾਵ ਪ੍ਰਤੱਖ ਰੂਪ ਵਿਚ ਵੇਖਿਆ ਜਾ ਸਕਦਾ ਹੈ। ਸਿਕਲੀਗਰ ਕਬੀਲੇ ਦੇ ਵਡੇਰੀ ਉਮਰ ਦੇ ਬਜ਼ੁਰਗਾਂ ਅਤੇ ਵਿਦਵਾਨ ਲੋਕਾਂ ਅਨੁਸਾਰ ਸਿਕਲੀਗਰ ਲੋਕ ਰਾਜਸਥਾਨ ਵਿਚ ਰਾਜਨੀਤਿਕ ਉਥਲ-ਪੁਥਲ ਦੇ ਚਲਦਿਆਂ ਆਪਣੇ ਪਰਿਵਾਰਾਂ ਦੀ ਸੁਰੱਖਿਆ ਲਈ ਦੇਸ਼ ਦੇ ਵੱਖ-ਵੱਖ ਸੁਰੱਖਿਅਤ ਖਿੱਤਿਆਂ ਵਿਚ ਨਿਕਲ ਗਏ। ਇਸ ਹਿਜ਼ਰਤ ਦਾ ਕਾਰਨ ਸਮਾਜਿਕ ਅਤੇ ਆਰਥਿਕ ਸੁਰੱਖਿਆ ਵੀ ਸੀ। ਰਾਜਪੂਤੀ ਮੂਲ ਵਿਚੋਂ ਨਿਖੜੇ ਹੋਣ ਕਰਕੇ ਇਹ ਲੋਕ 'ਮੁਗਲ ਵਿਰੋਧੀ' ਵਤੀਰਾ ਰੱਖਦੇ ਸਨ। ਇਸ ਤਰ੍ਹਾਂ ਦੇਸ਼ ਵਿਚ ਰਾਜਨੀਤਿਕ ਅਸਥਿਰਤਾ ਦੇ ਚਲਦਿਆਂ ਸਿਕਲੀਗਰ ਲੋਕ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸੰਪਰਕ ਵਿਚ ਆਏ। ਗੁਰੂ ਜੀ ਇਹ ਜਾਣਦੇ ਸਨ ਕਿ ਮਾਰਵਾੜੀ ਸਿਕਲੀਗਰ ਹਥਿਆਰਾਂ ਦੇ ਨਿਪੁੰਨ ਕਾਰੀਗਰ ਹਨ। ਇਸ ਤੋਂ ਇਲਾਵਾ ਇਨ੍ਹਾਂ ਲੋਕਾਂ ਦੀ ਪ੍ਰਤੀਬੱਧਤਾ ਅਤੇ ਇਮਾਨਦਾਰੀ ਗੁਰੂ ਜੀ ਲਈ ਸਭ ਤੋਂ ਵੱਡੀ ਗੱਲ ਸੀ। ਇਸ ਤਰ੍ਹਾਂ

ਗੁਰੂ ਹਰਗੋਬਿੰਦ ਸਾਹਿਬ ਨਾਲ ਰਾਬਤਾ ਬਣਨ 'ਤੇ ਇਨ੍ਹਾਂ ਵਿਚੋਂ ਕੁਝ ਲੋਕ ਰਾਜਸਥਾਨ ਤੋਂ ਪੰਜਾਬ ਵੱਲ ਆਏ, ਇਸ ਤਰ੍ਹਾਂ ਗਰੂ ਜੀ ਦੇ ਆਦਰਸ਼ਾਂ ਅਤੇ ਸਿੱਖ ਧਰਮ ਦੇ ਪ੍ਰਭਾਵ ਹੇਠ ਇਨ੍ਹਾਂ ਲੋਕਾਂ ਨੇ ਸਿੱਖੀ ਧਾਰਨ ਕੀਤੀ। ਸਿਕਲੀਗਰ ਲੋਕ ਦੋ ਮੁੱਖ ਵਰਗਾਂ ਵਿਚ ਵੰਡੇ ਹੋਏ ਹਨ। ਇਨ੍ਹਾਂ ਵਿਚੋਂ ਇਕ ਵਰਗ ਬਸਣੀਏ ਸਿਕਲੀਗਰਾਂ ਦਾ ਹੈ ਅਤੇ ਦੂਜਾ ਵਰਗ ਉਠਣੀਏ ਸਿਕਲੀਗਰਾਂ ਦਾ ਹੈ। ਬਸਣੀਏ ਸਿਕਲੀਗਰ ਉਹ ਸਿਕਲੀਗਰ ਹਨ ਜਿਹੜੇ ਕਿ ਪੱਕੇ ਤੌਰ 'ਤੇ ਪਿੰਡਾਂ, ਨਗਰਾਂ ਅਤੇ ਸ਼ਹਿਰਾਂ ਵਿਚ ਵਸੇ ਹੋਏ ਹਨ। ਇਨ੍ਹਾਂ ਵਿਚੋਂ ਉਠਣੀਏ ਸਿਕਲੀਗਰ ਉਹ ਲੋਕ ਹਨ ਜਿਹੜੇ ਕਿ ਆਦਿਕਾਲੀ ਖਾਨਾਬਦੋਸ਼ ਹਨ। ਇਹ ਲੋਕ ਆਪਣੇ ਹੱਥੀਂ ਤਿਆਰ ਕੀਤੇ ਘਰੇਲੂ ਲੋੜਾਂ ਦੇ ਸਾਮਾਨ ਦੀ ਵਿਕਰੀ ਲਈ ਇਕ ਥਾਂ ਤੋਂ ਦੂਜੀ ਘੁੰਮਦੇ ਰਹਿੰਦੇ ਹਨ। ਇਨ੍ਹਾਂ ਵਿਚ ਬਹੁਤੇ ਲੋਕ ਹੁਣ ਸਥਾਈ ਡੇਰਿਆਂ ਵਿਚ ਤਬਦੀਲ ਹੋ ਚੁੱਕੇ ਹਨ। ਬਸਣੀਏ ਸਿਕਲੀਗਰ ਉਹ ਲੋਕ ਹਨ ਜਿਹੜੇ ਕਿ ਸਦੀਆਂ ਤੋਂ ਰਾਜੇ ਮਹਾਰਾਜਿਆਂ ਦੁਆਰਾ ਆਪਣੀਆਂ ਰਿਆਸਤਾਂ ਵਿਚ ਅਸਤਰ-ਸ਼ਸਤਰ ਬਣਾਉਣ ਲਈ ਪੱਕੇ ਤੌਰ 'ਤੇ ਵਸਾਏ ਗਏ ਸਨ। ਉਠਣੀਏ ਸਿਕਲੀਗਰ ਸਦੀਆਂ ਤੋਂ ਹੀ ਘੁਮੰਤੂ ਅਵਸਥਾ ਵਿਚ ਵਿਚਰਦੇ ਆਏ ਹਨ। ਸਿਕਲੀਗਰ ਲੋਕ ਆਪਣੇ ਮੂਲ ਸੰਬੰਧੀ ਕਈ ਪ੍ਰਕਾਰ ਦੀਆਂ ਇਤਿਹਾਸਕ ਅਤੇ ਮਿਥਿਹਾਸਕ ਦੰਤ ਕਥਾਵਾਂ ਦੁਹਰਾਉਂਦੇ ਹਨ। ਇਨ੍ਹਾਂ ਲੋਕਾਂ ਦੀ ਬੋਲੀ, ਰਹਿਣ-ਸਹਿਣ, ਪਹਿਰਾਵਾ, ਪਰੰਪਰਾਵਾਂ ਅਤੇ ਟੋਟਮ ਟਬੂ ਵਿਵਸਥਾ ਮਾਰਵਾੜੀ ਸਭਿਆਚਾਰ ਦੀ ਸ਼ਾਹਦੀ ਭਰਦੇ ਹਨ। ਕਬੀਲੇ ਵਿਚ 'ਮਾਡੀ' (Insider) ਅਤੇ ਡਾਂਬੋ (Outsider) ਦਾ ਸੰਕਲਪ ਕਬੀਲੇ ਨੂੰ ਇਕ ਸਾਂਝੇ ਸੂਤਰ ਵਿਚ ਬੰਨ੍ਹਦਾ ਹੈ। ਕਬੀਲੇ ਵਿਚ ਸੁਜਾਤੀ ਵਿਆਹ ਦਾ ਪ੍ਰਚਲਣ ਅਤੇ ਕਬੀਲੇ ਦੀ ਸਖਤ ਟੋਟਮ ਟੋਬੂ (Totam Taboo) ਵਿਵਸਥਾ ਕਬੀਲੇ ਨੂੰ ਇਕ ਖ਼ਾਸ ਦਾਇਰੇ ਵਿਚ ਬੰਨ੍ਹੀ ਰੱਖਦੀ ਹੈ। ਕਬੀਲੇ ਦੀਆਂ ਮਨਾਹੀਆਂ, ਮਾਨਤਾਵਾਂ ਅਤੇ ਵੱਖਰਾ ਨਿਆਂਪ੍ਰਬੰਧ ਕਬੀਲੇ ਨੂੰ ਆਪਸਦਾਰੀ ਵਿਚ ਬੰਨ੍ਹੀ ਰੱਖਦੇ ਹਨ। ਆਦਿ ਪੁਰਖਿਆਂ ਦਾ ਭੈਅ ਅਤੇ ਕਬੀਲਾ ਪੈਂਚਾਂ ਦੀ ਸੱਤਾ ਕਬੀਲਾ ਲੋਕਾਂ 'ਤੇ ਇਕ 'ਅੰਕੁਸ਼' ਦਾ ਕੰਮ ਕਰਦੇ ਹਨ। ਸਿਕਲੀਗਰ ਲੋਕ ਅੱਜ ਵੀ ਆਪਣੇ ਪਿਤਾਪੁਰਖੀ ਵਿਧੀ ਵਿਧਾਨ ਦੇ ਅਨੁਸਾਰੀ ਹਨ। ਇਸ ਤਰ੍ਹਾਂ ਕੱਟੜ ਰਵਾਇਤਾਂ ਅਤੇ ਖਾਨਾਬਦੋਸ਼ੀ ਵਿਚ ਰਹਿਣ ਕਾਰਨ ਕਬੀਲੇ ਵਿਚ ਸਿੱਖਿਆ ਦੀ ਦਰ ਬਹੁਤ ਘੱਟ ਹੈ। ਇਸ ਸੰਬੰਧ ਵਿਚ ਔਰਤਾਂ ਅਤੇ ਲੜਕੀਆਂ ਦੀ ਸਥਿਤੀ ਹੋਰ ਵੀ ਚਿੰਤਾਜਨਕ ਬਣੀ ਹੋਈ ਹੈ। ਸਿਕਲੀਗਰ ਲੋਕ ਆਦਿ ਕਾਲ ਤੋਂ ਕੁਝ ਜੰਗਲੀ ਕਿਸਮ ਦੀਆਂ ਪਰੰਪਰਿਕ ਰਵਾਇਤਾਂ ਅਤੇ ਰੀਤੀ-ਰਿਵਾਜ਼ਾਂ ਨੂੰ ਮੰਨਦੇ ਰਹੇ ਹਨ ਪਰੰਤੂ ਸਿੱਖ ਧਰਮ ਵਿਚ ਆਉਣ ਉਪਰੰਤ ਇਹ ਲੋਕ ਹੌਲ਼ੀ-ਹੌਲ਼ੀ ਨਿਰੰਕਾਰੀ ਸੰਪਰਦਾ ਨਾਲ ਜੁੜ ਗਏ। ਇਸ ਸੰਬੰਧ ਵਿਚ ਪੰਜਾਬ ਦੇ ਜ਼ਿਆਦਾਤਰ ਸਿਕਲੀਗਰ 'ਨਿਰੰਕਾਰੀ ਸੰਪਰਦਾ' ਨਾਲ ਜੁੜੇ ਹੋਏ ਹਨ। ਪੰਜਾਬ ਦੇ ਕਈ ਸਿਕਲੀਗਰ ਡੇਰਿਆਂ ਵਿਚ ਹਰ ਮੰਗਲਵਾਰ ਨੂੰ 'ਨਿਰੰਕਾਰੀ ਸਤਿਸੰਗ' ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਵਿਆਹ ਸ਼ਾਦੀ ਜਾਂ ਕਿਸੇ ਹੋਰ ਸਮਾਗਮ ਸਮੇਂ ਵਿਸ਼ੇਸ਼ ਰੂਪ ਵਿਚ ਨਿਰੰਕਾਰੀ ਸਤਿਸੰਗ ਕੀਤਾ ਜਾਂਦਾ ਹੈ।

ਅਜੋਕੇ ਦੌਰ ਵਿਚ ਸਿਕਲੀਗਰ ਕਬੀਲੇ 'ਤੇ ਨਿਰੰਕਾਰੀ ਸੰਪਰਦਾ ਅਤੇ ਆਧੁਨਿਕਤਾ

ਦਾ ਪ੍ਰਭਾਵ ਵਿਸ਼ੇਸ਼ ਰੂਪ ਵਿਚ ਵੇਖਣ ਨੂੰ ਮਿਲਦਾ ਹੈ। ਅਜੋਕੇ ਸਮੇਂ ਸਿਕਲੀਗਰ ਲੋਕ ਆਪਣੇ ਵਿਆਹ ਨਿਰੰਕਾਰੀ ਸਮਾਗਮ ਵਿਚ ਹੀ ਸੰਪੰਨ ਕਰਦੇ ਹਨ। ਨਿਰੰਕਾਰੀ ਸਮਾਗਮ ਵਿਚ ਕਬੀਲੇ ਦੇ ਵਿਆਹ 'ਪੰਜ ਲਾਵਾਂ' ਨਾਲ ਕੀਤੇ ਜਾਂਦੇ ਹਨ। ਇਸ ਸਮਾਗਮ ਵਿਚ ਲੜਕਾ ਲੜਕੀ ਨਿਰੰਕਾਰੀ ਪ੍ਰਤੀਨਿੱਧ ਦੀ ਹਾਜ਼ਰੀ ਵਿਚ ਇਕ ਦੂਜੇ ਦੇ ਗਲ਼ ਵਿਚ ਵਰ ਮਾਲਾ ਪਾ ਕੇ ਰਿਸ਼ਤੇ ਦਾ ਅਹਿਦ ਲੈਂਦੇ ਹਨ। ਬਾਅਦ ਵਿਚ ਨਿਰੰਕਾਰੀ ਪ੍ਰਤੀਨਿਧ ਦੁਆਰਾ ਲੜਕੀ ਲੜਕੇ ਦੇ ਸਾਂਝੇ ਰੂਪ ਵਿਚ ਵਰ ਮਾਲਾ ਪਾ ਕੇ ਨਵਵਿਆਹੀ ਜੋੜੀ ਨੂੰ ਆਸ਼ੀਰਵਾਦ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਸਿਕਲੀਗਰ ਕਬੀਲੇ ਵਿਚ ਲੜਕੇ ਲੜਕੀ ਦੇ ਸਾਦੇ ਵਿਆਹ ਉਪਰੰਤ ਮਿੱਠਾ ਆਦਿ ਵੰਡ ਕੇ ਖੁਸ਼ੀ ਜ਼ਾਹਰ ਕੀਤੀ ਜਾਂਦੀ ਹੈ। ਸਿਕਲੀਗਰ ਕਬੀਲੇ ਦੀਆਂ ਜਨਮ ਰਸਮਾਂ ਪਰੰਪਰਿਕ ਕਿਸਮ ਦੀਆਂ ਹਨ। ਬੱਚੇ ਦੇ ਜਨਮ ਸਮੇਂ ਉਸਨੂੰ ਭੂਤ-ਪ੍ਰੇਤ ਅਤੇ ਓਪਰੀ ਛਾਇਆ ਤੋਂ ਬਚਾਉਣ ਲਈ ਕਈ ਤਰ੍ਹਾਂ ਦੇ ਅਹੁੜ-ਪਹੁੜ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਬੱਚੇ ਦੀ ਰੱਖਿਆ ਅਤੇ ਕਬੀਲਾ ਪਛਾਣ ਲਈ ਬੱਚੇ ਦੇ ਲੱਕ ਦੁਆਲੇ ਕਾਲੇ ਧਾਗੇ ਵਿਚ ਪਰੋਈ ਹੋਈ 'ਤੜਾਗੀ' ਬੰਨ੍ਹੀ ਜਾਂਦੀ ਹੈ। ਕਬੀਲੇ ਦਾ ਹਰ ਇਕ ਪਰਿਵਾਰ ਨਵਜਾਤ ਬੱਚੇ ਦੇ ਲੋਹੇ, ਤਾਂਬੇ, ਚਾਂਦੀ ਦੇ ਪੈਸੇ ਅਤੇ ਕੌਡੀ ਨਾਲ ਸ਼ਿੰਗਾਰੀ ਹੋਈ ਤੜਾਗੀ ਬੰਨ੍ਹਦਾ ਹੈ। ਸਿਕਲੀਗ਼ਰ ਕਬੀਲੇ ਦੇ ਲੋਕ ਤੜਾਗੀ ਦਾ ਸੰਬੰਧ ਬੱਚੇ ਨੂੰ ਕਬੀਲਾ ਗੋਤਰ ਵਿਚ ਸ਼ਾਮਲ ਕਰਨ ਨਾਲ ਵੀ ਜੋੜਦੇ ਹਨ। ਹੁਣ ਸਿਕਲੀਗਰ ਕਬੀਲੇ ਦੇ ਬਹੁਤੇ ਲੋਕ ਬੱਚੇ ਦੇ ਜਨਮ ਦੌਰਾਨ ਕੁਝ ਪਰੰਪਰਿਕ ਰਸਮਾਂ ਪੂਰੀਆਂ ਕਰਨ ਉਪਰੰਤ ਨਿਰੰਕਾਰੀ ਸਮਾਗਮ ਵਿਚ ਬੱਚੇ ਨੂੰ ਨਿਰੰਕਾਰੀ ਭਵਨ ਵਿੱਚ ਮੱਥਾ ਟਿਕਾ ਕੇ ਉਸਦੇ ਵਧਣ-ਫੁਲਣ ਸੰਬੰਧੀ ਆਸ਼ੀਰਵਾਦ ਪ੍ਰਾਪਤ ਕਰਦੇ ਹਨ। ਸਿਕਲੀਗਰ ਕਬੀਲੇ ਵਿਚ ਕਿਸੇ ਵੀ ਵਿਅਕਤੀ ਦੀ ਮੌਤ ਉਪਰੰਤ ਕੋਈ ਬਹੁਤਾ ਕਰਮਕਾਂਡ ਨਹੀਂ ਕੀਤਾ ਜਾਂਦਾ। ਕਬੀਲੇ ਦੇ ਲੋਕ ਮ੍ਰਿਤਕ ਦੇ ਸੰਸਕਾਰ ਉਪਰੰਤ ਤੀਜੇ ਦਿਨ ਮ੍ਰਿਤਕ ਦੇ ਫੁਲ ਚੁਗ ਕੇ ਨੇੜੇ-ਤੇੜੇ ਦੀ ਨਹਿਰ ਵਿਚ ਵਹਾ ਦਿੰਦੇ ਹਨ। ਸਿਕਲੀਗਰ ਲੋਕ ਮ੍ਰਿਤਕ ਦੇ ਫੁੱਲ ਨੇੜੇ ਦੇ ਜਲ ਸ੍ਰੋਤ ਵਿਚ ਵਹਾਉਣ ਉਪਰੰਤ ਉਸੇ ਦਿਨ ਹੀ ਮ੍ਰਿਤਕ ਦਾ ਭੋਗ ਪਾ ਦਿੰਦੇ ਹਨ। ਮ੍ਰਿਤਕ ਵਿਅਕਤੀ ਦਾ ਭੋਗ ਕਬੀਲੇ ਦੀ ਪੰਚਾਇਤ ਦੀ ਇਕੱਤਰਤਾ ਵਿਚ ਪਾਇਆ ਜਾਂਦਾ ਹੈ। ਡੇਰੇ ਦੀ ਇਕੱਤਰਤਾ ਵਿਚ ਮ੍ਰਿਤਕ ਦੇ 'ਅਗਲੇ ਲੋਕ' ਵਿਚ ਵਸੇਬੇ ਸੰਬੰਧੀ ਐਲਾਨ ਕਰਕੇ ਸੋਗ ਖਤਮ ਕਰ ਦਿੱਤਾ ਜਾਂਦਾ ਹੈ। ਕਬੀਲੇ ਵਿਚ ਭੋਗ ਦੀ ਰਸਮ ਤੋਂ ਬਾਅਦ ਕੜਾਹ ਪ੍ਰਸ਼ਾਦ (ਲਾਭਸੀ) ਵੰਡ ਕੇ ਮ੍ਰਿਤਕ ਦੇ ਪਰਿਵਾਰ ਨੂੰ ਮੁੜ ਤੋਂ ਕੰਮਕਾਰ ਨਾਲ ਜੋੜ ਦਿੱਤਾ ਜਾਂਦਾ ਹੈ। ਸਿਕਲੀਗਰ ਕਬੀਲੇ ਵਿਚ 'ਰਿਸ਼ਤਾ ਨਾਤਾ' ਪ੍ਰਬੰਧ ਨਾਲ ਜੁੜੇ ਹੋਏ ਕਿਸੇ ਵੀ ਝਗੜੇ ਦਾ ਫੈਸਲਾ ਕਬੀਲੇ ਦੀ ਪੰਚਾਇਤ ਦੁਆਰਾ ਦੰਡ ਜਾਂ ਜੁਰਮਾਨਾ ਲਾ ਕੇ ਕੀਤਾ ਜਾਂਦਾ ਹੈ। ਦੋਹਾਂ ਧਿਰਾਂ ਦੀ ਸਹਿਮਤੀ ਹੋਣ ਉਪਰੰਤ ਝਗੜੇ ਦਾ ਨਿਪਟਾਰਾ ਪੰਚਾਇਤ ਵਿਚ ਹੀ ਹੋ ਜਾਂਦਾ ਹੈ। ਦੋਸ਼ੀ ਧਿਰ ਨੂੰ 'ਚਾਰੀਆਂ' ਵਿਚ ਜੁਰਮਾਨਾ ਲਾਇਆ ਜਾਂਦਾ ਹੈ। ਚਾਰੀਆਂ ਦਾ ਸੰਬੰਧ ਪੈਸੇ ਨਾਲ ਹੈ। ਝਗੜੇ ਜਾਂ ਅਪਰਾਧ ਦੀ ਤੀਬਰਤਾ ਅਨੁਸਾਰ ਚਾਰੀਆਂ ਘੱਟ ਵੱਧ ਸਕਦੀਆਂ ਹਨ। ਜ਼ਿਆਦਾਤਰ ਦੰਡ, ਤਿੰਨ ਚਾਰੀ, ਚਾਰ ਚਾਰੀ, ਪੰਜ ਚਾਰੀ, ਸੱਤ ਚਾਰੀ, ਦਸ ਚਾਰੀ ਅਤੇ ਚੌਦ੍ਹਾਂ ਚਾਰੀ ਵਿਚ ਹੁੰਦੇ ਹਨ। ਵਿਸ਼ਵੀਕਰਨ ਦੇ ਅਜੋਕੇ ਦੌਰ ਵਿਚ ਬਾਜ਼ਾਰ

ਦੇ ਕੇਂਦਰ ਵਿਚ ਆ ਜਾਣ ਕਾਰਨ ਸਿਕਲੀਗਰ ਕਬੀਲੇ ਦੇ ਲੋਕਾਂ ਦਾ ਲੋਹੇ ਨਾਲ ਸੰਬੰਧਤ ਧੰਦਾ ਲਗਭਗ ਖਤਮ ਹੋਣ ਦੇ ਕਿਨਾਰੇ ਹੈ। ਇਨ੍ਹਾਂ ਵਿਚੋਂ ਬਹੁਤੇ ਲੋਕਾਂ ਨੇ ਆਪਣੇ ਆਪ ਨੂੰ ਮਾਰਕੀਟ ਅਨੁਸਾਰ ਢਾਲ ਲਿਆ ਹੈ। ਆਜ਼ਾਦੀ ਤੋਂ ਬਾਅਦ ਲੋਹੇ ਨਾਲ ਸੰਬੰਧਤ ਉਦਯੋਗ ਸਥਾਪਤ ਹੋਣ ਨਾਲ ਅਤੇ ਮਾਰਕੀਟ ਵਿਚ ਸਟੀਲ ਦੇ ਹਥਿਆਰਾਂ, ਔਜ਼ਾਰਾਂ ਅਤੇ ਭਾਂਡਿਆਂ ਦੀ ਭਰਮਾਰ ਹੋ ਜਾਣ ਕਾਰਨ ਸਿਕਲੀਗਰ ਕਬੀਲਾ ਲੋਹੇ ਦੇ ਉਤਪਾਦ ਬਣਾਉਣ ਤੋਂ ਵਾਂਝਾ ਹੋ ਕੇ ਰਹਿ ਗਿਆ ਹੈ। ਇਸ ਤਰ੍ਹਾਂ ਬਦਲਦੀਆਂ ਆਰਥਿਕ ਅਤੇ ਸਮਾਜਿਕ ਪਰਿਸਥਿਤੀਆਂ ਵਿਚ ਸਿਕਲੀਗਰ ਲੋਕ ਆਪਣੀ ਘਰੇਲੂ ਦਸਤਕਾਰੀ ਤੋਂ ਵਾਂਝੇ ਹੋ ਗਏ ਹਨ। ਇਸਦਾ ਇਕ ਮੁੱਖ ਕਾਰਨ ਇਹ ਹੈ ਕਿ ਹੁਣ ਪਿੰਡਾਂ, ਨਗਰਾਂ ਅਤੇ ਸ਼ਹਿਰਾਂ ਦੇ ਲੋਕ ਹੱਥ ਨਾਲ ਬਣਾਈਆਂ ਹੋਈਆਂ ਚੀਜ਼ਾਂ ਦੇ ਮੁਕਾਬਲੇ ਉਦਯੋਗਾਂ ਵਿਚ ਬਣੀਆਂ ਹੋਈਆਂ ਵਸਤਾਂ ਨੂੰ ਵਧੇਰੇ ਤਰਜੀਹ ਦਿੰਦੇ ਹਨ। ਇਸ ਤੋਂ ਇਲਾਵਾ ਮੰਡੀ ਦੇ ਗਲੀ ਮੁਹੱਲਿਆਂ ਤੀਕ ਘਰ ਕਰ ਜਾਣ ਕਰਕੇ ਇਨ੍ਹਾਂ ਲੋਕਾਂ ਦਾ 'ਸਿਕਲ' ਨਾਲ ਸੰਬੰਧਤ ਕਿੱਤਾ ਠੱਪ ਹੋ ਗਿਆ ਹੈ। ਅਜੋਕੇ ਸਮੇਂ ਪੰਜਾਬ ਦੇ ਸਿਕਲੀਗਰ ਤਸਲੇ, ਬਾਲਟੀਆਂ, ਹਾਰੇ, ਟੋਕਰੇ, ਚਾਬੀਆਂ, ਚਾਕੂ ਛੁਰੀਆਂ ਅਤੇ ਪੀਪੇ ਪੀਪਿਆਂ 'ਤੇ ਢੱਕਣ ਆਦਿ ਲਾਉਣ ਦਾ ਕੰਮ ਕਰਦੇ ਹਨ। ਇਸ ਤੋਂ ਇਲਾਵਾ ਕਈ ਸਿਕਲੀਗਰ ਲੋਕ ਚਾਕੂ, ਛੁਰੀਆਂ ਅਤੇ ਕੈਂਚੀਆਂ ਦੀਆਂ ਧਾਰਾਂ ਲਾਉਣ ਦੇ ਨਾਲ-ਨਾਲ ਪਲਾਸਟਿਕ ਦੀਆਂ ਕੁਰਸੀਆਂ ਅਤੇ ਭਾਂਡੇ ਵੇਚ ਕੇ ਗੁਜ਼ਾਰਾ ਕਰਦੇ ਹਨ। ਪੰਜਾਬ ਦੇ ਸਿਕਲੀਗਰ ਭਾਵੇਂ ਅਸਥਾਈ ਡੇਰਿਆਂ ਤੋਂ ਸਥਾਈ ਬਸਤੀਆਂ ਵਿਚ ਤਬਦੀਲ ਹੋ ਚੁੱਕੇ ਹਨ ਪਰੰਤੂ ਫਿਰ ਵੀ ਇਨ੍ਹਾਂ ਵਿਚੋਂ ਜ਼ਿਆਦਾਤਰ ਲੋਕ ਘੁਮੰਤੂ ਅਵਸਥਾ ਵਿਚ ਰਹਿੰਦੇ ਹਨ। ਅੱਜ ਵੀ ਇਹ ਲੋਕ ਹਾੜੀ ਸਾਉਣੀ ਦੇ ਚਲਦਿਆਂ ਆਪਣਾ ਮਾਲ ਆਦਿ ਵੇਚਣ ਲਈ ਦੂਰ ਦੁਰਾਡੇ ਇਲਾਕਿਆਂ ਵਿਚ ਪਹੁੰਚ ਜਾਂਦੇ ਹਨ। ਸਾਮਾਨ ਆਦਿ ਦੀ ਵਿਕਰੀ ਹੋਣ ਉਪਰੰਤ ਇਹ ਲੋਕ ਕਿਸੇ ਸਮਾਗਮ ਜਾਂ ਤਿਉਹਾਰ ਸਮੇਂ ਮੁੜ ਆਪਣੇ ਡੇਰਿਆਂ ਵਿਚ ਪਰਤ ਆਉਂਦੇ ਹਨ। ਸਿਕਲੀਗਰ ਲੋਕਾਂ ਵਿਚ ਸਮੂਹਿਕਤਾ ਦੀ ਭਾਵਨਾ ਵੱਡੇ ਪੱਧਰ 'ਤੇ ਪਾਈ ਜਾਂਦੀ ਹੈ। ਇਨ੍ਹਾਂ ਲੋਕਾਂ ਦਾ ਹਰ ਇਕ ਤਿਉਹਾਰ ਜਾਂ ਸਮਾਗਮ ਸਮੂਹਿਕ ਭਾਵਨਾ ਵਿਚ ਬੰਨ੍ਹਿਆ ਹੋਇਆ ਹੈ। ਸਿਕਲੀਗਰ ਲੋਕ ਅਤਿ ਵਿਕਸਤ ਨਗਰਾਂ ਅਤੇ ਸ਼ਹਿਰਾਂ ਵਿਚ ਵਸਦੇ ਹੋਏ ਵੀ ਪਰੰਪਰਿਕ ਜੀਵਨ ਪ੍ਰਤਿਮਾਨਾਂ ਦੇ ਧਾਰਨੀ ਹਨ। ਸਿਕਲੀਗਰ ਕਬੀਲੇ ਦੇ ਲੋਕਾਂ ਦੇ ਡੇਰੇ ਬਹੁਤ ਸੰਘਣੇ ਅਤੇ ਲੁਕਵੀਆਂ ਥਾਵਾਂ 'ਤੇ ਹੁੰਦੇ ਹਨ। ਅਜਿਹਾ ਕਬੀਲੇ ਦੀ ਮਰਿਆਦਾ ਅਤੇ ਅੰਦਰੂਨੀ ਸ਼ਿਸ਼ਟਾਚਾਰ ਹਿੱਤ ਕੀਤਾ ਜਾਂਦਾ ਹੈ। ਸਿੱਖਿਆ ਅਤੇ ਸਿਹਤ ਸਹੂਲਤਾਂ ਤੋਂ ਵਾਂਝੇ ਹੋਣ ਕਾਰਨ ਕਬੀਲੇ ਦੇ ਡੇਰੇ ਅਤਿ ਗਰੀਬ ਬਸਤੀਆਂ ਦਾ ਰੂਪ ਧਾਰ ਗਏ ਹਨ। ਸਿਕਲੀਗਰ ਲੋਕ ਆਪਣੇ ਪਰੰਪਰਿਕ ਕਿੱਤੇ ਨਾਲ ਜ਼ਿਆਦਾ ਮੋਹ ਰੱਖਦੇ ਹਨ। ਭਾਵੇਂ ਕਿ ਇਨ੍ਹਾਂ ਦੀ ਹੱਥਾਂ ਦੀ ਦਸਤਕਾਰੀ ਦਾ ਮੁੱਲ ਦਿਨੋਂ-ਦਿਨ ਘੱਟ ਰਿਹਾ ਹੈ। ਪਰੰਤੂ ਫਿਰ ਵੀ ਇਹ ਲੋਕ ਆਪਣੇ ਪਿਤਾ ਪੁਰਖੀ ਧੰਦੇ ਨਾਲ ਹੇਜ ਰੱਖਦੇ ਹਨ। ਇਹੀ ਕਾਰਨ ਹੈ ਕਿ ਸਿਕਲੀਗਰ ਕਬੀਲੇ ਵਿਚ ਨਵੇਂ ਧੰਦਿਆਂ ਪ੍ਰਤੀ ਉਦਾਸੀਨਤਾ ਪਾਈ ਜਾਂਦੀ ਹੈ। ਅੱਜ ਆਜ਼ਾਦੀ ਦੇ ਸੱਠ-ਪੈਂਹਠ ਵਰ੍ਹੇ ਗੁਜਰ ਜਾਣ ਬਾਅਦ ਵੀ ਸਿਕਲੀਗਰ ਕਬੀਲੇ ਦੇ ਲੋਕ ਇਕਲਾਪਾ ਭੋਗ ਰਹੇ ਹਨ। ਇਨ੍ਹਾਂ ਲੋਕਾਂ ਦੇ ਸਮਾਜਿਕ ਵਿਕਾਸ ਲਈ ਵਿਸ਼ੇਸ਼

ਸਰਕਾਰੀ ਮੁਹਿੰਮਾਂ ਦੀ ਜ਼ਰੂਰਤ ਹੈ। ਸਿਕਲੀਗਰ ਕਬੀਲਾ ਕਈ ਪ੍ਰਕਾਰ ਦੀਆਂ ਪਰੰਪਰਿਕ ਰੂੜੀਆਂ ਅਤੇ ਅੰਧਵਿਸ਼ਵਾਸਾਂ ਦੀ ਮਾਨਸਿਕ ਜਕੜ ਵਿਚ ਕੈਦ ਹੈ। ਇਸ ਕਰਕੇ ਕਬੀਲੇ ਦੇ ਸਮਾਜਿਕ ਵਿਕਾਸ ਦੀ ਗਤੀ ਬੜੀ ਧੀਮੀ ਹੈ। ਇਸ ਤੋਂ ਇਲਾਵਾ ਸਿਕਲੀਗਰ ਲੋਕਾਂ ਤੇ ਪੁਰਖਿਆਂ ਦੀ ਸੱਤਾ ਅਤੇ ਸ਼ਕਤੀ ਦਾ ਪ੍ਰਭਾਵ ਵੀ ਵੇਖਣ ਨੂੰ ਮਿਲਦਾ ਹੈ। ਸਰਕਾਰ ਦੁਆਰਾ ਸਿੱਖਿਆ ਹਿੱਤ ਚਲਾਏ ਜਾ ਰਹੇ ਵਿਸ਼ੇਸ਼ ਪ੍ਰੋਗਰਾਮਾਂ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਯਤਨਾਂ ਸਦਕਾ ਸਿਕਲੀਗਰ ਕਬੀਲੇ ਵਿਚ ਸਿੱਖਿਆ ਅਤੇ ਸਿਹਤ ਨਾਲ ਸੰਬੰਧਤ ਸੇਵਾਵਾਂ ਦਾ ਆਗਾਜ਼ ਹੋ ਚੁੱਕਾ ਹੈ। ਇਸ ਸਭ ਦੇ ਬਾਵਜੂਦ ਵੀ ਕਬੀਲੇ ਨੂੰ ਵਿਸ਼ੇਸ਼ ਤੌਰ 'ਤੇ ਅਗਵਾਈ ਕਰਨ ਵਾਲੇ ਯਤਨਾਂ ਦੀ ਵਧੇਰੇ ਜ਼ਰੂਰਤ ਹੈ। ਸਮਾਜਿਕ ਪਰਿਵਰਤਨ ਤੋਂ ਇਨਕਾਰੀ ਹੋਣ ਕਾਰਨ ਇਹ ਲੋਕ ਬਹੁਤ ਜ਼ਿਆਦਾ ਪਛੜੇ ਹੋਏ ਹਨ। ਭਾਂਵੇਂ ਕਿ ਸਿਕਲੀਗਰ ਕਬੀਲੇ ਵਿਚ ਸਮਾਜਿਕ ਜਾਗ੍ਰਿਤੀ ਦਾ ਆਗਮਨ ਹੋ ਚੁੱਕਾ ਹੈ ਪਰ ਫਿਰ ਵੀ ਇਨ੍ਹਾਂ ਲੋਕਾਂ ਨੇ ਆਪਣੇ ਬਹੁਪੱਖੀ ਵਿਕਾਸ ਲਈ ਅਜੇ ਪਹਿਲਾ ਕਦਮ ਪੁੱਟਣਾ ਹੈ। ਇਸ ਤਰ੍ਹਾਂ ਅਸੀਂ ਅੰਤ ਵਿੱਚ ਆਖ ਸਕਦੇ ਹਾਂ ਕਿ ਸਿਕਲੀਗਰ ਕਬੀਲਾ ਵੱਖਰੇ ਸਮਾਜਿਕ ਸਭਿਆਚਾਰਕ ਮੁਹਾਂਦਰੇ ਦਾ ਧਾਰਨੀ ਹੋਣ ਕਰਕੇ ਪੰਜਾਬੀ ਸਭਿਆਚਾਰ ਵਿਚ ਆਪਣੀ ਵਿਲੱਖਣ ਪਛਾਣ ਰੱਖਦਾ ਹੈ। ਇਸ ਲਈ ਇਨ੍ਹਾਂ ਲੋਕਾਂ ਦੀ ਸ਼ਨਾਖਤ ਕਰਨੀ ਸਮੇਂ ਦੀ ਜ਼ਰੂਰਤ ਹੈ। ਇਸ ਸੰਬੰਧ ਵਿਚ ਅਸੀਂ ਆਖ ਸਕਦੇ ਹਾਂ ਕਿ ਨਿੱਕੇ-ਨਿੱਕੇ ਸਭਿਆਚਾਰ ਮਿਲ ਕੇ ਹੀ ਇਕ ਸਰਵ ਸਾਂਝੇ ਸਭਿਆਚਾਰ ਦੀ ਉਸਾਰੀ ਕਰਦੇ ਹਨ।

ਸਿਕਲੀਗਰ ਕਬੀਲੇ ਦੀਆਂ ਰਸਮਾਂ ਰੀਤਾਂ

ਜਨਮ ਰਸਮਾਂ : ਸਿਕਲੀਗਰ ਕਬੀਲੇ ਵਿਚ ਬੱਚੇ ਦਾ ਜਨਮ ਕਬੀਲੇ ਦੀ ਦਾਈ ਦੁਆਰਾ ਘਰ ਵਿਚ ਹੀ ਹੁੰਦਾ ਹੈ। ਇਹ ਲੋਕ ਕਿਸੇ ਵਿਸ਼ੇਸ਼ ਹਾਲਤ ਵਿਚ ਹੀ ਹਸਪਤਾਲ ਜਾਂ ਡਾਕਟਰ ਕੋਲ ਜਾਂਦੇ ਹਨ। ਲੜਕੀ ਨੂੰ ਇਹ ਲੋਕ ਦੇਵੀ ਦਾ ਰੂਪ ਸਮਝਦੇ ਹਨ। ਲੜਕਾ ਪੈਦਾ ਹੋਣ ਦੀ ਸੂਰਤ ਵਿਚ ਉਸਨੂੰ 'ਕੁਲ ਦਾ ਚਿਰਾਗ' ਸਮਝ ਕੇ ਉਚੇਚੀ ਖੁਸ਼ੀ ਮਨਾਈ ਜਾਂਦੀ ਹੈ। ਲੜਕੇ ਦੇ ਜਨਮ ਦੀ ਖੁਸ਼ੀ ਆਂਢ-ਗੁਆਂਢ ਵਿੱਚ ਮਿੱਠਾ ਵੰਡ ਕੇ ਉਚੇਚੇ ਰੂਪ ਵਿਚ ਜ਼ਾਹਰ ਕੀਤੀ ਜਾਂਦੀ ਹੈ। ਨਵਜਾਤ ਬੱਚੇ ਨੂੰ ਘਰ ਦੇ ਕਿਸੇ ਸਿਆਣੇ ਵੱਲੋਂ 'ਗੁੜ੍ਹ' ਦੀ ਗੁੜ੍ਹਤੀ ਦਿੱਤੀ ਜਾਂਦੀ ਹੈ। ਸਿਕਲੀਗਰ ਕਬੀਲਾ ਭੂਤਾਂ-ਪ੍ਰੇਤਾਂ ਅਤੇ ਜਾਦੂ ਟੂਣਿਆਂ ਵਿੱਚ ਗਹਿਰੀ ਆਸਥਾ ਰੱਖਦਾ ਹੈ। ਇਸ ਕਰਕੇ ਬੱਚੇ ਦੇ ਜਨਮ ਵਾਲਾ ਘਰ ਬਾਹਰਲੇ ਲੋਕਾਂ ਖ਼ਾਸ ਕਰਕੇ 'ਓਪਰੀਆਂ ਔਰਤਾਂ' ਲਈ ਵਰਜਿਤ ਹੁੰਦਾ ਹੈ। ਭੂਤਾਂ-ਪ੍ਰੇਤਾਂ ਤੋਂ ਰੱਖਿਆ ਲਈ ਸਿਕਲੀਗਰ ਲੋਕ ਬੱਚੇ ਦੇ ਗਲ਼ ਵਿਚ ਰੱਤ ਚੰਨਣ ਦੀ ਲੱਕੜ ਬੰਨ੍ਹ ਦਿੰਦੇ ਹਨ। ਬੱਚੇ ਦੇ ਜਨਮ ਵਾਲੇ ਘਰ ਵਿਚ ਧਾਗੇ ਤਵੀਤਾਂ ਵਾਲੇ ਲੋਕਾਂ ਦੇ ਜਾਣ 'ਤੇ ਮਨਾਹੀ ਹੁੰਦੀ ਹੈ। ਬੱਚੇ ਦੇ ਜਨਮ ਤੋਂ ਤੀਜੇ ਦਿਨ 'ਘੜੋਲੀ' ਦੀ ਰਸਮ ਕਰਕੇ ਜਣੇਪੇ ਵਾਲੀ ਔਰਤ ਨੂੰ ਕਬੀਲੇ ਦੀ ਔਰਤਾਂ ਦੁਆਰਾ ਚੌਂਕੇ ਚੜ੍ਹਾਇਆ ਜਾਂਦਾ ਹੈ। ਘੜੋਲੀ ਦੀ ਰਸਮ 'ਖਵਾਜ਼ਾ ਦੇਵਤਾ' ਭਾਵ ਪਾਣੀ ਦੀ ਹਾਜ਼ਰੀ ਵਿਚ ਪੂਰੀ ਕੀਤੀ ਜਾਂਦੀ ਹੈ। ਇਸ ਸਮੇਂ ਜਣੇਪੇ ਵਾਲੀ ਔਰਤ ਨੂੰ ਨੁਹਾ-ਧੁਆ ਕੇ ਪਾਣੀ ਦੀਆਂ ਸੱਤ ਗੜਵੀਆਂ ਸਿਰ 'ਤੇ

ਰੱਖ ਕੇ ਚੌਂਕੇ ਚੜ੍ਹਾਇਆ ਜਾਂਦਾ ਹੈ। ਸ਼ੁੱਧੀ ਦਾ ਪ੍ਰਤੀਕ ਹੋਣ ਕਰਕੇ ਕਬੀਲੇ ਦੇ 'ਲੋਕ ਜਲ' ਦੇਵਤਾ ਨੂੰ ਖ਼ਾਸ ਤਰਜੀਹ ਦਿੰਦੇ ਹਨ।

ਗੌਰਜਾਂ ਦੀ ਪੂਜਾ : ਇਹ ਰਸਮ ਵੀ ਚੌਂਕੇ ਚੜ੍ਹਾਉਣ ਵਾਲੀ ਰਸਮ ਦਾ ਹੀ ਇਕ ਹਿੱਸਾ ਹੈ। ਇਸ ਰਸਮ ਵਿਚ ਬੱਚੇ ਦੇ ਜਨਮ ਵਾਲੀ ਥਾਂ ਨੂੰ ਸਜਾ ਸੰਵਾਰ ਕੇ ਉੱਤੇ ਅੱਕ ਜਾਂ ਨਿੰਮ ਦੇ ਪੱਤੇ ਰੱਖੇ ਜਾਂਦੇ ਹਨ। ਇਸ ਰਸਮ ਵਿੱਚ ਪਰਿਵਾਰ ਦੀ ਮੁੱਖੀ ਔਰਤ ਵੱਲੋਂ ਗੋਹੇ ਦਾ 'ਆਦਮੀ ਅਤੇ ਔਰਤ' ਭਾਵ ਜੋੜਾ ਬਣਾ ਕੇ ਉਨ੍ਹਾਂ ਨੂੰ ਖਵਾਜ਼ੇ ਦੀ ਹਾਜ਼ਰੀ ਵਿੱਚ ਮੱਥਾ ਟੇਕਿਆ ਜਾਂਦਾ ਹੈ। ਕਬੀਲੇ ਵਿੱਚ ਗੋਹੇ ਦੇ ਬਣਾਏ ਹੋਏ ਇਸ ਪ੍ਰਤੀਕਮਈ ਜੋੜੇ ਨੂੰ 'ਗੌਰਜਾਂ' ਦਾ ਨਾਂ ਦਿੱਤਾ ਜਾਂਦਾ ਹੈ। ਇਸ ਰਸਮ ਤੋਂ ਬਾਅਦ ਨਵਜਾਤ ਬੱਚੇ ਦੇ ਨਵੇਂ ਕੱਪੜੇ ਪੁਆਏ ਜਾਂਦੇ ਹਨ। ਕਿਸੇ ਵੀ ਬਾਹਰਲੀ ਸ਼ੈਅ ਤੋਂ ਰੱਖਿਆ ਲਈ ਉਸਦੇ ਸਿਰਹਾਣੇ ਲੋਹੇ ਦੀ ਕੋਈ ਵਸਤੂ ਰੱਖੀ ਜਾਂਦੀ ਹੈ। ਹੋਰ ਕਬੀਲਿਆਂ ਵਿਚ ਵੀ ਇਹੀ ਪ੍ਰਚਲਣ ਹੈ। ਕਬੀਲੇ ਵਿੱਚ ਗੌਰਜਾਂ ਪੂਜਾ ਨਵਜਾਤ ਬੱਚੇ ਦੇ ਭਵਿੱਖਮਈ ਗ੍ਰਹਿਸਥੀ ਸੁਖੀ ਜੀਵਨ ਦਾ ਪ੍ਰਤੀਕ ਹੈ।

ਵਿਆਹ ਦੀਆਂ ਰਸਮਾਂ : ਸਿਕਲੀਗਰ ਕਬੀਲੇ ਵਿੱਚ ਲੜਕੇ ਲੜਕੀ ਦਾ ਵਿਆਹ ਛੋਟੀ ਉਮਰ ਵਿਚ ਹੀ ਕਰ ਦਿੱਤਾ ਜਾਂਦਾ ਹੈ। ਅੱਜਕੱਲ੍ਹ ਇਹ ਉਮਰ ਦੀ ਹੱਦ 18 ਤੋਂ 21 ਸਾਲ ਤੱਕ ਹੈ। ਸਿਕਲੀਗਰ ਕਬੀਲੇ ਵਿੱਚ ਵਿਆਹ ਸੰਬੰਧੀ ਬਹੁਤੇ ਲੰਮੇ ਚੌੜੇ ਸੰਸਕਾਰ ਪ੍ਰਚਲਿਤ ਨਹੀਂ ਹਨ। ਕਬੀਲੇ ਵਿੱਚ ਲੜਕੇ-ਲੜਕੀ ਦਾ ਵਿਆਹ ਪਰਿਵਾਰ ਅਤੇ ਡੇਰੇ ਦੇ ਹੋਰ ਲੋਕਾਂ ਦੀ ਹਾਜ਼ਰੀ ਵਿੱਚ ਪ੍ਰਵਾਨ ਚੜ੍ਹਦਾ ਹੈ। ਇਸ ਮੌਕੇ ਵਿਆਹ ਵਾਲੀ ਲੜਕੀ ਨੂੰ ਸਜਾ ਸੰਵਾਰ ਕੇ ਲਾੜੀ ਬਣਾਇਆ ਜਾਂਦਾ ਹੈ। ਇਸ ਮੌਕੇ ਡੇਰੇ ਦੀਆਂ ਔਰਤਾਂ ਸ਼ਗਨਾਂ ਦੇ ਕਬੀਲਾ ਗੀਤ ਬੋਲਦੀਆਂ ਹਨ। ਵਿਆਹ ਵਾਲੀ ਲੜਕੀ ਦਾ ਪਰਿਵਾਰ ਲੜਕੀ ਨੂੰ ਦਹੇਜ ਵਜੋਂ ਕੱਪੜੇ, ਕੋਕਾ, ਪਾਜ਼ੇਬਾਂ, ਚਾਂਦੀ ਦੀ ਅੰਗੂਠੀ ਅਤੇ ਮੰਗਲਸੂਤਰ ਭੇਟ ਕਰਦਾ ਹੈ। ਲੜਕੀ ਦੇ ਪਰਿਵਾਰ ਵੱਲੋਂ ਵਿਆਹ ਵਾਲੇ ਲੜਕੇ ਨੂੰ ਵੀ ਸ਼ਗਨਾਂ ਵਜੋਂ ਚਾਂਦੀ ਦੀ ਇਕ ਅੰਗੂਠੀ ਦੇ ਕੇ ਸਤਿਕਾਰਿਆ ਜਾਂਦਾ ਹੈ। ਇਹ ਵਿਆਹ ਕਬੀਲੇ ਦੁਆਰਾ ਨਿਸਚਿਤ ਵਿਧੀ ਵਿਧਾਨ ਅਨੁਸਾਰ ਸਿਰੇ ਚਾੜ੍ਹਿਆ ਜਾਂਦਾ ਹੈ। ਵਿਆਹ ਉਪਰੰਤ ਵਿਆਹ ਵਾਲੇ ਘਰ ਦੁਆਰਾ ਡੇਰੇ ਦੇ ਹਰ ਘਰ ਦੇ ਇਕ ਮੈਂਬਰ ਨੂੰ ਵਿਆਹ ਦਾ ਭੋਜ ਦਿੱਤਾ ਜਾਂਦਾ ਹੈ। ਵਿਆਹ ਵਾਲੀ ਲੜਕੀ ਦੇ ਸਹੁਰੇ ਘਰ ਪੁੱਜਣ 'ਤੇ ਉਸਨੂੰ ਖਵਾਜ਼ੇ ਦੇ ਮੱਥਾ ਟਿਕਾਇਆ ਜਾਂਦਾ ਹੈ। ਮੱਥਾ ਟਿਕਾਉਣ ਤੋਂ ਬਾਅਦ ਲੜਕਾ ਲੜਕੀ 'ਛਟੀਆਂ' ਦੀ ਰਸਮ ਪੂਰੀ ਕਰਦੇ ਹਨ। 'ਛਟੀਆਂ ਦੀ ਰਸਮ' ਵਿਆਹ ਵਾਲੇ ਲੜਕੀ ਲੜਕੇ ਵਿੱਚ ਆਪਸੀ ਸਾਂਝ ਪੈਦਾ ਕਰਨ ਲਈ ਕੀਤੀ ਜਾਂਦੀ ਹੈ। ਅਜੋਕੇ ਦੌਰ ਵਿਚ ਕਬੀਲੇ ਦੀਆਂ ਵਿਆਹ ਰਸਮਾਂ ਨਿਰੰਕਾਰੀ ਸੰਪਰਦਾ ਦੇ ਪ੍ਰਤੀਨਿੱਧੀ ਦੀ ਹਾਜ਼ਰੀ ਵਿਚ ਲੜਕੇ ਅਤੇ ਲੜਕੀ ਵੱਲੋਂ ਇਕ ਦੂਜੇ ਦੇ ਗਲ਼ ਵਿਚ ਹਾਰ ਪਾ ਕੇ ਨੇਪਰੇ ਚੜ੍ਹਦੀਆਂ ਹਨ। ਜਿਸ ਉਪਰੰਤ ਸੰਪਰਦਾ ਦਾ ਮੁੱਖੀ ਦੋਹਾਂ ਦੇ ਗਲ਼ ਵਿਚ ਸਾਂਝੇ ਰੂਪ ਵਿਚ ਹਾਰ ਪਾਉਂਦਾ ਹੋਇਆ ਆਸ਼ੀਰਵਾਦ ਦਿੰਦਾ ਹੈ। ਇਹ ਰਸਮ 'ਪੰਜ ਲਾਵਾਂ' ਤੋਂ ਬਾਅਦ ਸੰਪੰਨ ਕੀਤੀ ਜਾਂਦੀ ਹੈ।

ਗੋਦ ਭਰਾਈ ਦੀ ਰਸਮ : ਸਿਕਲੀਗਰ ਕਬੀਲੇ ਵਿੱਚ ਵਿਆਹ ਤੋਂ ਦੂਜੇ ਦਿਨ

'ਗੋਦ ਭਰਾਈ' ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਗੋਦ ਭਰਾਈ ਦੀ ਰਸਮ ਵਿਚ ਨਵ ਵਿਆਹੀ ਲੜਕੀ ਦੇ ਪਰਿਵਾਰ ਦੀ ਔਰਤਾਂ ਭਾਵ ਸੱਸ, ਨਨਾਣਾਂ ਅਤੇ ਦਰਾਣੀਆਂ-ਜਠਾਣੀਆਂ ਇਕੱਠੀਆਂ ਹੋ ਕੇ ਉਸਦੀ ਝੋਲੀ ਫਲਾਂ ਨਾਲ ਭਰ ਦਿੰਦੀਆਂ ਹਨ। ਕਬੀਲੇ ਵਿੱਚ ਇਸ ਰਸਮ ਨੂੰ ਬਹੁਤ ਮਹੱਤਵ ਦਿੱਤਾ ਜਾਂਦਾ ਹੈ। ਇਸੇ ਮੌਕੇ ਉਚੇਚੇ ਤੌਰ 'ਤੇ ਡੇਰੇ ਦੀਆਂ ਹੋਰ ਔਰਤਾਂ ਨੂੰ ਵੀ ਸੱਦਾ ਦਿੱਤਾ ਜਾਂਦਾ ਹੈ। ਫਲ ਪਾਉਣ ਦੀ ਰਸਮ ਦਾ ਚਿਨ੍ਹਾਤਮਕ ਭਾਵ ਔਰਤ ਦੇ ਜੀਵਨ ਵਿਚਲੀ ਖੁਸ਼ਹਾਲੀ ਅਤੇ ਉਸਦੀ ਗੋਦ ਹਰੀ-ਭਰੀ ਰਹਿਣ ਦੀ ਕਾਮਨਾ ਨਾਲ ਸੰਬੰਧਤ ਹੈ। ਗੋਦ ਭਰਾਈ ਦੀ ਰਸਮ ਵੇਲੇ ਕਬੀਲੇ ਦੀਆਂ ਸਿਆਣੀਆਂ ਔਰਤਾਂ ਵਿਆਹ ਵਾਲੀ ਲੜਕੀ ਨੂੰ ਖੇੜੇ ਤੇ ਖੁਸ਼ਹਾਲੀ ਦਾ ਅਸ਼ੀਰਵਾਦ ਦਿੰਦੀਆਂ ਹਨ। ਗੋਦ ਭਰਾਈ ਦੀ ਰਸਮ ਕਬੀਲੇ ਵਿਚਲੀਆਂ ਤੰਦਾਂ ਨੂੰ ਮਜ਼ਬੂਤ ਕਰਨ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਵਕਤ ਡੇਰੇ ਦੀਆਂ ਔਰਤਾਂ ਛੋਟੇ-ਮੋਟੇ ਝਗੜੇ ਝੇੜੇ ਮਿਟਾ ਕੇ ਇਕ ਵਾਰ ਫਿਰ ਇਕੱਠੀਆਂ ਹੋ ਜਾਂਦੀਆਂ ਹਨ। ਗੋਦ ਭਰਾਈ ਦੀ ਰਸਮ ਤੋਂ ਬਾਅਦ ਵਿਆਹ ਵਾਲੀ ਲੜਕੀ ਆਪਣੇ ਪੇਕਿਆਂ ਦੇ ਘਰ 'ਫੇਰਾ' ਪਾਉਣ ਆਉਂਦੀ ਹੈ। ਇਸ ਰਸਮ ਵਿਚ ਲੜਕੇ ਅਤੇ ਲੜਕੀ ਦਾ ਲੜਕੀ ਦੇ ਪਰਿਵਾਰ ਵੱਲੋਂ ਖਾਣਾ ਦਿੱਤਾ ਜਾਂਦਾ ਹੈ। ਇਸ ਰਸਮ ਤੋਂ ਬਾਅਦ ਲੜਕੀ ਆਪਣੇ ਸਹੁਰੇ ਘਰ ਪਰਤ ਜਾਂਦੀ ਹੈ।

ਮੌਤ ਦੀਆਂ ਰਸਮਾਂ : ਸਿਕਲੀਗਰ ਕਬੀਲੇ ਵਿੱਚ ਕੋਈ ਵੀ ਮੌਤ ਹੋਣ ਦੀ ਸੂਰਤ ਵਿੱਚ ਮ੍ਰਿਤਕ ਨੂੰ ਮੰਜੀ ਤੋਂ ਹੇਠਾਂ ਉਤਾਰ ਦਿੱਤਾ ਜਾਂਦਾ ਹੈ। ਮ੍ਰਿਤਕ ਦੀ ਦੇਹ ਨੂੰ ਧਰਤੀ 'ਤੇ ਲਿਟਾ ਕੇ ਉੱਤੇ ਕੋਈ ਕੱਪੜਾ ਤਾਣ ਦਿੱਤਾ ਜਾਂਦਾ ਹੈ। ਇਸ ਮੌਕੇ ਕਬੀਲੇ ਦੇ ਸਿਆਣੇ ਅਤੇ ਮੋਅਤਬਰ ਲੋਕ ਮ੍ਰਿਤਕ ਦੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰਦੇ ਹਨ। ਇਸ ਉਪਰੰਤ ਮ੍ਰਿਤਕ ਦੀ ਦੇਹ ਦੇ ਨੇੜੇ 'ਨਿੰਮ ਦੇ ਪੱਤੇ' ਅਤੇ 'ਅੰਨ੍ਹ' ਆਦਿ ਰੱਖ ਕੇ ਧੂਫ਼ ਧੁਖਾ ਦਿੱਤੀ ਜਾਂਦੀ ਹੈ। ਉਸਦੇ ਸਿਰਹਾਣੇ ਇਕ ਆਟੇ ਦਾ ਬਲਦਾ ਹੋਇਆ ਦੀਵਾ ਵੀ ਰੱਖਿਆ ਜਾਂਦਾ ਹੈ। ਇਸ ਉਪਰੰਤ ਕਬੀਲੇ ਦੇ ਲੋਕਾਂ ਵੱਲੋਂ ਮ੍ਰਿਤਕ ਦਾ ਸੂਰਜ ਦੀ ਹਾਜ਼ਰੀ ਵਿਚ ਸੰਸਕਾਰ ਕਰ ਦਿੱਤਾ ਜਾਂਦਾ ਹੈ। ਸੰਸਕਾਰ ਤੋਂ ਤਿੰਨ ਦਿਨ ਬਾਅਦ ਮ੍ਰਿਤਕ ਦੇ ਫੁੱਲ ਚੁੱਗੇ ਜਾਂਦੇ ਹਨ। ਇਸ ਤਰ੍ਹਾਂ ਸੰਸਕਾਰ ਤੋਂ ਬਾਅਦ ਲਗਾਤਾਰ ਕਬੀਲੇ ਦੇ ਲੋਕਾਂ ਵੱਲੋਂ ਮ੍ਰਿਤਕ ਦੇ ਸਿਵੇ ਦੀ ਦੇਖਭਾਲ ਕੀਤੀ ਜਾਂਦੀ ਹੈ। ਅਜਿਹਾ ਉਸਦੇ ਸਿਵੇ ਦੀ ਸਹੀ ਸਲਾਮਤੀ ਲਈ ਕੀਤਾ ਜਾਂਦਾ ਹੈ ਕਿਉਂਕਿ ਸਿਕਲੀਗਰ ਇਹ ਵਿਸ਼ਵਾਸ ਕਰਦੇ ਹਨ ਕਿ ਸਿਵੇਂ ਵਿੱਚੋਂ ਹੱਡੀਆਂ ਆਦਿ ਚੋਰੀ ਹੋ ਜਾਣ 'ਤੇ ਮ੍ਰਿਤਕ ਦੀ ਆਤਮਾ ਭਟਕਦੀ ਰਹਿੰਦੀ ਹੈ ਤੇ ਮ੍ਰਿਤਕ ਪ੍ਰੇਤ ਜੂਨ ਵਿਚ ਚਲਾ ਜਾਂਦਾ ਹੈ। ਅਜਿਹਾ ਤਾਂਤਰਿਕ ਲੋਕਾਂ ਦੇ ਭੈਅ ਕਾਰਨ ਕੀਤਾ ਜਾਂਦਾ ਹੈ। ਸੰਸਕਾਰ ਤੋਂ ਤਿੰਨ ਦਿਨ ਬਾਅਦ ਮ੍ਰਿਤਕ ਦੇ ਫੁੱਲ ਚੁਗੇ ਜਾਂਦੇ ਹਨ। ਸਿਕਲੀਗਰ ਲੋਕ ਮ੍ਰਿਤਕ ਦੇ ਸਿਵੇ 'ਤੇ ਦੁੱਧ ਦਾ ਛਿੱਟਾ ਮਾਰ ਕੇ ਫੁੱਲ ਚੁਗਦੇ ਹਨ। ਅਜਿਹਾ ਸਿਵੇ ਦੀ ਸ਼ੁੱਧੀ ਲਈ ਕੀਤਾ ਜਾਂਦਾ ਹੈ। 'ਕਬੀਲਾ ਅਰਦਾਸ' ਕਰਨ ਉਪਰੰਤ ਮ੍ਰਿਤਕ ਦੇ ਫੁੱਲ ਚੁਗੇ ਜਾਂਦੇ ਹਨ। ਬਾਅਦ ਵਿੱਚ ਇਹ ਫੁੱਲ ਕਿਸੇ ਨਦੀ ਜਾਂ ਨਹਿਰ ਵਿੱਚ ਵਹਾ ਦਿੱਤੇ ਜਾਂਦੇ ਹਨ। ਸਿਕਲੀਗਰ ਲੋਕਾਂ ਵਿੱਚ ਹਰਿਦੁਆਰ ਜਾਂ ਕੀਰਤਪੁਰ ਸਾਹਿਬ ਜਾਣ ਦਾ ਪ੍ਰਚਲਣ

ਨਾ ਮਾਤਰ ਹੈ। ਸਿਕਲੀਗਰ ਕਬੀਲੇ ਵਿੱਚ ਸੰਸਕਾਰ ਤੋਂ ਪਹਿਲਾ ਮ੍ਰਿਤਕ ਦੇ ਮੂੰਹ ਵਿੱਚ ਕੋਈ ਟੂਮ ਛੱਲਾ ਪਾਉਣ ਦਾ ਰਿਵਾਜ਼ ਹੈ। ਇਸ ਸੰਬੰਧੀ ਕਬੀਲੇ ਦਾ ਇਹ ਵਿਸ਼ਵਾਸ ਹੈ ਕਿ ਮ੍ਰਿਤਕ ਇਕ ਵਾਰ ਫਿਰ ਜਨਮ ਲਵੇਗਾ ਅਤੇ ਫਿਰ ਤੋਂ ਜੀਵਨ ਦੇ ਸ਼ਗਨ ਮਨਾਏਗਾ। ਇਸਦਾ ਸੰਬੰਧ ਜੀਵਨ ਦੀ ਗਤੀਸ਼ੀਲਤਾ ਨਾਲ ਹੈ। ਸਿਕਲੀਗਰ ਕਬੀਲੇ ਵਿੱਚ ਤੀਜੇ ਦਿਨ ਭੋਗ ਦੀ ਰਸਮ ਹੁੰਦੀ ਹੈ। ਇਸ ਮੌਕੇ ਮ੍ਰਿਤਕ ਨੂੰ ਸ਼ਰਧਾਂਜਲੀ ਦੇਣ ਤੋਂ ਬਾਅਦ ਸਾਰੇ ਡੇਰੇ ਦੀ ਵਿੱਤ ਅਨੁਸਾਰ ਰੋਟੀ ਕੀਤੀ ਜਾਂਦੀ ਹੈ। ਕਬੀਲੇ ਵਿੱਚ ਤਿੰਨ ਦਿਨਾਂ ਦੇ ਸੋਗ ਤੋਂ ਬਾਅਦ ਘਰੇਲੂ ਕੰਮ ਕਾਰ ਸ਼ੁਰੂ ਕਰ ਦਿੱਤੇ ਜਾਂਦੇ ਹਨ।

ਸਿਕਲੀਗਰ ਕਬੀਲੇ ਦੀ ਵਰਤਮਾਨ ਸਥਿਤੀ

ਸਿਕਲੀਗਰ ਕਬੀਲਾ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਵੱਡੀ ਤਾਦਾਦ ਵਿਚ ਵੱਸਿਆ ਹੋਇਆ ਹੈ। ਰਾਜਸਥਾਨ, ਦਿੱਲੀ, ਹਰਿਆਣਾ, ਹਿਮਾਚਲ, ਜੰਮੂ ਕਸ਼ਮੀਰ, ਪੰਜਾਬ ਤੋਂ ਇਲਾਵਾ ਦੱਖਣੀ ਰਾਜਾਂ ਵਿਚ ਸਿਕਲੀਗਰ ਲੋਕ ਜ਼ਿਕਰਯੋਗ ਗਿਣਤੀ ਵਿਚ ਵਸ ਰਹੇ ਹਨ। ਸਿਕਲੀਗਰ ਲੋਕਾਂ ਦਾ ਮੁੱਖ ਕਿੱਤਾ ਲੋਹੇ ਦੇ ਹਥਿਆਰ, ਔਜ਼ਾਰ ਅਤੇ ਘਰ ਦੀਆਂ ਲੋੜਾਂ ਦਾ ਛੋਟਾ-ਮੋਟਾ ਸਾਮਾਨ ਤਿਆਰ ਕਰਕੇ ਵੇਚਣਾ ਹੈ। ਇਸ ਕੰਮ ਲਈ ਸਿਕਲੀਗਰ ਲੋਕ ਕੱਚੀ ਸਾਮੱਗਰੀ ਬਾਜ਼ਾਰ ਅਤੇ ਕਬਾੜੀਆਂ ਤੋਂ ਖਰੀਦਦੇ ਹਨ। ਸਿਕਲੀਗਰ ਲੋਕ ਇਕ ਜੰਗਲੀ ਕਬੀਲੇ ਨਾਲ ਸੰਬੰਧ ਰੱਖਦੇ ਹਨ। ਭਾਰਤ ਦੀਆਂ ਹੋਰ ਖਾਨਾਬਦੋਸ਼ ਜਨਜਾਤੀਆਂ ਵਾਂਗ ਸਿਕਲੀਗਰ ਲੋਕ ਵੀ ਆਪਣਾ ਮੂਲ ਭਾਰਤ ਦੇ ਆਦਿ ਕਬੀਲਿਆਂ ਨਾਲ ਹੀ ਜੋੜਦੇ ਹਨ। ਸਿਕਲੀਗਰ ਲੋਕਾਂ ਦਾ ਦੂਜਾ ਮੁੱਖ ਸ਼ੌਂਕ ਸ਼ਿਕਾਰ ਕਰਨਾ ਰਿਹਾ ਹੈ। ਭਾਰਤ ਦੇ ਲਗਭਗ ਸਾਰੇ ਹੀ ਸਿਕਲੀਗਰ ਕਬੀਲੇ ਵਿਚ ਸ਼ਿਕਾਰ ਕਰਨ ਦੀ ਭਾਰੂ ਪ੍ਰਵਿਰਤੀ ਪਾਈ ਜਾਂਦੀ ਹੈ। ਸਿਕਲੀਗਰ ਲੋਕ ਮਾਸ ਦੇ ਸ਼ੌਕੀਨ ਹਨ। ਇਨ੍ਹਾਂ ਦੇ ਪੁਰਖਿਆਂ ਅਨੁਸਾਰ ਇਹ ਲੋਕ ਮਾਸ ਖਰੀਦਦੇ ਨਹੀਂ ਸਗੋਂ ਆਪਣੇ ਸ਼ਿਕਾਰੀ ਕੁੱਤਿਆਂ ਦੀ ਮੱਦਦ ਨਾਲ ਸ਼ਿਕਾਰ ਮਾਰ ਕੇ ਖਾਂਦੇ ਹਨ। ਸਿਕਲੀਗਰ ਲੋਕ ਸ਼ਿਕਾਰੀ ਕੁੱਤਿਆਂ ਦੀਆਂ ਚੰਗੀਆਂ ਨਸਲਾਂ ਪਾਲਣ ਲਈ ਵੀ ਪ੍ਰਸਿੱਧ ਹਨ। ਇਨ੍ਹਾਂ ਦੀਆਂ ਸਿਰਕੀਆਂ ਦੇ ਨੇੜੇ-ਤੇੜੇ ਚੰਗੀ ਨਸਲ ਦੇ ਸ਼ਿਕਾਰੀ ਕੁੱਤੇ ਖਰੀਦਣ ਵਾਲੇ ਲੋਕਾਂ ਨੂੰ ਆਮ ਵੇਖਿਆ ਜਾ ਸਕਦਾ ਹੈ। ਸੁਭਾਅ ਪੱਖੋਂ ਸਿਕਲੀਗਰ ਲੋਕ ਕੁਦਰਤੀ ਜੀਵਨ ਦੇ ਵਧੇਰੇ ਨੇੜੇ ਹਨ। ਅਜੋਕੇ ਦੌਰ ਵਿਚ ਵੀ ਇਨ੍ਹਾਂ ਵਿਚ ਪਦਾਰਥਵਾਦੀ ਰੁਚੀਆਂ ਭਾਰੂ ਨਹੀਂ ਹੋ ਸਕੀਆਂ। ਅੱਜ ਵੀ ਇਹ ਲੋਕ ਮਲੰਗੀ ਵਾਲਾ ਜੀਵਨ ਬਤੀਤ ਕਰ ਰਹੇ ਹਨ। ਪੰਜਾਬ, ਹਰਿਆਣਾ ਅਤੇ ਹਿਮਾਚਲ ਦੇ ਸਿਕਲੀਗਰ ਅੱਜ ਵੀ ਅਰਧ-ਖਾਨਾਬਦੋਸ਼ੀ ਦੀ ਅਵਸਥਾ ਵਿਚ ਘੁੰਮਦੇ ਫਿਰਦੇ ਵੇਖੇ ਜਾ ਸਕਦੇ ਹਨ। ਇਹ ਲੋਕ ਅੱਜ ਵੀ ਆਪਣੀਆਂ ਬਣਾਈਆਂ ਹੋਈਆਂ ਵਸਤਾਂ ਨੂੰ ਦੂਰ-ਦੁਰਾਡੇ ਇਲਾਕਿਆਂ ਵਿਚ ਵੇਚਣ ਲਈ ਚਲੇ ਜਾਂਦੇ ਹਨ। ਇਨ੍ਹਾਂ ਵਿਚੋਂ ਬਹੁਤੇ ਸਿਕਲੀਗਰ ਵਪਾਰਕ ਪੱਖੋਂ ਚੰਗੀਆਂ ਥਾਵਾਂ 'ਤੇ ਅਸਥਾਈ ਡੇਰਿਆਂ ਦੇ ਰੂਪ ਵਿੱਚ ਜਾਂਦੇ ਹਨ। ਇਸੇ ਆਧਾਰ 'ਤੇ ਪੰਜਾਬ ਦੇ ਸਿਕਲੀਗਰਾਂ ਨੂੰ ਉਨ੍ਹਾਂ ਦੀ ਹੀ ਭਾਸ਼ਾ ਵਿਚ ਤਿੰਨ ਵਰਗਾਂ ਵਿੱਚ ਵੰਡ ਕੇ ਵੇਖਿਆ ਜਾ ਸਕਦਾ ਹੈ :

1. ਉਠਣੀਏ ਸਿਕਲੀਗਰ
2. ਬਸਣੀਏ ਸਿਕਲੀਗਰ
3. ਲਦਣੀਏ ਸਿਕਲੀਗਰ

ਇਨ੍ਹਾਂ ਲੋਕਾਂ ਵਿਚ ਉਠਣੀਏ ਸਿਕਲੀਗਰ ਉਹ ਹਨ ਜਿਹੜੇ ਕਿ ਆਪਣਾ ਸਾਮਾਨ ਵੇਚਣ ਲਈ ਚੰਗੀ ਮੰਡੀ ਦੀ ਭਾਲ ਵਿਚ ਇਕ ਥਾਂ ਤੋਂ ਦੂਜੀ ਥਾਂ ਵੱਲ ਕੂਚ ਕਰਦੇ ਰਹਿੰਦੇ ਹਨ। ਇਨ੍ਹਾਂ ਲੋਕਾਂ ਦੀ ਇਸ ਪ੍ਰਵਿਰਤੀ ਪਿੱਛੇ ਭੋਜਨ ਪਾਣੀ ਅਤੇ ਚੰਗੀਆਂ ਸੁੱਖ-ਸਹੂਲਤਾਂ ਦੀ ਇੱਛਾ ਵੀ ਕਾਰਜਸ਼ੀਲ ਹੁੰਦੀ ਹੈ। ਉਠਣੀਏ ਸਿਕਲੀਗਰ ਆਪਣੇ ਪੁਰਖਿਆਂ ਵਾਂਗ ਅੱਜ ਵੀ ਚੱਕਰਵਾਤੀ ਜੀਵਨ ਬਤੀਤ ਕਰ ਰਹੇ ਹਨ। ਇਨ੍ਹਾਂ ਵਿਚੋਂ ਬਹੁਤੇ ਲੋਕ ਆਪਣੇ ਪਰਿਵਾਰ ਅਤੇ ਰਿਸ਼ਤੇਦਾਰਾਂ ਦੇ ਸਮੂਹ ਵਿਚ ਵਿਚਰਦੇ ਹਨ। ਇਹ ਲੋਕ ਆਪਣਾ ਵਣਜ ਵਪਾਰ ਕਰਨ ਲਈ ਛੋਟੀਆਂ-ਛੋਟੀਆਂ ਇਕਾਈਆਂ ਵਿਚ ਇੱਧਰ-ਉੱਧਰ ਘੁੰਮਦੇ ਰਹਿੰਦੇ ਹਨ ਪਰੰਤੂ ਖ਼ਾਸ ਮੌਕਿਆਂ 'ਤੇ ਮੁੜ ਇਕ ਥਾਂ ਇਕੱਠੇ ਹੋ ਜਾਂਦੇ ਹਨ। ਇਹ ਲੋਕ ਭਾਵੇਂ ਇਕ ਥਾਂ ਤੋਂ ਦੂਜੀ ਥਾਂ 'ਤੇ ਘੁੰਮਦੇ ਰਹਿੰਦੇ ਹਨ ਪਰੰਤੂ ਫਿਰ ਵੀ ਇਹ ਲੋਕ ਕਿਸੇ ਨਾ ਕਿਸੇ ਥਾਂ 'ਤੇ ਆਪਣਾ ਕੱਚਾ ਪੱਕਾ ਸਥਾਈ ਨਿਵਾਸ ਬਣਾ ਕੇ ਰਹਿੰਦੇ ਹਨ। ਇਨ੍ਹਾਂ ਲੋਕਾਂ ਦੇ ਇਸ ਆਰਜ਼ੀ ਨਿਵਾਸ ਦੀ ਕਬੀਲੇ ਦੇ ਸਾਰੇ ਲੋਕਾਂ ਨੂੰ ਜਾਣਕਾਰੀ ਹੁੰਦੀ ਹੈ। ਵਰਤਮਾਨ ਦੌਰ ਵਿਚ ਜਦੋਂ ਕਿ ਪੰਜਾਬ ਦੇ ਲਗਭਗ ਸਾਰੇ ਹੀ ਕਬੀਲੇ ਆਪਣਾ ਘੁਮੰਤੂ ਜੀਵਨ ਤਿਆਗ ਕੇ ਸਥਾਈ ਰੂਪ ਵਿਚ ਵਸਣ ਲੱਗ ਪਏ ਹਨ। ਅਜਿਹੇ ਸਮਿਆਂ ਵਿਚ ਪੰਜਾਬ ਦੇ ਉਠਣੀਏ ਸਿਕਲੀਗਰ ਹੀ ਅਜਿਹੇ ਲੋਕ ਹਨ ਜਿਹੜੇ ਕਿ ਅੱਜ ਵੀ ਰੋਜ਼ੀ-ਰੋਟੀ ਦੀ ਭਾਲ ਵਿਚ ਇਕ ਥਾਂ ਤੋਂ ਦੂਜੀ ਥਾਂ ਰਮਤਾ ਜੀਵਨ ਬਤੀਤ ਕਰ ਰਹੇ ਹਨ। ਅਜੋਕੇ ਵਿਸ਼ਵੀਕਰਨ ਅਤੇ ਸੂਚਨਾ ਤਕਨਾਲੋਜੀ ਦੇ ਦੌਰ ਵਿਚ ਵੀ ਇਹਿ ਲੋਕ ਆਪਣੀਆਂ ਪਿਤਾ ਪੁਰਖੀ ਪਰੰਪਰਾਵਾਂ, ਮਾਨਤਾਵਾਂ ਅਤੇ ਰਵਾਇਤਾਂ ਅਨੁਸਾਰ ਜੀਵਨ ਬਤੀਤ ਕਰ ਰਹੇ ਹਨ। ਇਨ੍ਹਾਂ ਦੀ ਘੁਮੰਤੂ ਜੀਵਨ ਸ਼ੈਲੀ ਦਾ ਇਨ੍ਹਾਂ ਦੇ ਬੱਚਿਆਂ ਦੀ ਮੁੱਢਲੀ ਸਿੱਖਿਆ ਅਤੇ ਸਿਹਤ ਸਹੂਲਤਾਂ 'ਤੇ ਵੀ ਡੂੰਘਾ ਅਸਰ ਪਿਆ ਹੈ। ਫਿਰਤੂ ਜੀਵਨ ਗੁਜ਼ਾਰਨ ਕਰਕੇ ਸਿਕਲੀਗਰ ਬੱਚੇ ਅੱਜ ਵੀ ਮੁੱਢਲੀ ਸਿੱਖਿਆ ਅਤੇ ਸੁੱਖ-ਸਹੂਲਤਾਂ ਤੋਂ ਵਾਂਝੇ ਹਨ। ਇਨ੍ਹਾਂ ਵਿਚੋਂ ਬਸਣੀਏ ਸਿਕਲੀਗਰ ਉਹ ਲੋਕ ਹਨ ਜਿਹੜੇ ਕਿ ਸ਼ਹਿਰਾਂ, ਨਗਰਾਂ ਜਾਂ ਕਸਬਿਆਂ ਵਿਚ ਪੱਕੇ ਤੌਰ 'ਤੇ ਰਹਿੰਦੇ ਹਨ। ਇਹ ਉਹ ਲੋਕ ਹਨ ਜਿਹੜੇ ਕਿ ਅਸਤਰ-ਸ਼ਸਤਰ, ਔਜ਼ਾਰ ਅਤੇ ਲੋਹੇ ਦਾ ਸਾਮਾਨ ਬਣਾ ਕੇ ਦੁਕਾਨਾਂ 'ਤੇ ਵੇਚਦੇ ਹਨ। ਇਨ੍ਹਾਂ ਵਿਚੋਂ ਬਹੁਤ ਲੋਕ ਲੋਹੇ ਦੇ ਘਰੇਲੂ ਉਦਯੋਗ ਨਾਲ ਜੁੜੇ ਹੋਏ ਹਨ। ਇਹ ਲੋਕ ਲੋਹ-ਕਲਾ ਵਿਚ ਬੜੇ ਪ੍ਰਬੀਨ ਹਨ। ਹੱਥ ਦੀ ਸਫ਼ਾਈ ਅਤੇ ਹਥਿਆਰਾਂ ਦੀ ਗੁਣਵੱਤਾ ਕਾਰਨ ਰਾਜੇ ਮਹਾਰਾਜੇ ਵੀ ਇਨ੍ਹਾਂ ਲੋਕਾਂ ਦੇ ਕਾਇਲ ਰਹੇ ਹਨ। ਇਨ੍ਹਾਂ ਵਿਚੋਂ ਬਹੁਤੇ ਲੋਕ ਰਿਆਸਤਾਂ ਵੇਲੇ ਰਾਜੇ ਰਾਣਿਆਂ ਵੱਲੋਂ ਬਾਹਰੋਂ ਲਿਆ ਕੇ ਵਸਾਏ ਗਏ ਹਨ। ਇਹ ਲੋਕ ਵੀ ਆਪਣਾ ਪਿੱਛਾ 'ਰਾਜਸਥਾਨ' ਅਤੇ 'ਮਾਰਵਾੜ' ਨਾਲ ਜੋੜਦੇ ਹਨ। ਇਨ੍ਹਾਂ ਦੇ ਰੀਤੀ-ਰਿਵਾਜ਼, ਪਹਿਰਾਵਾ ਅਤੇ ਬੋਲੀ ਇਸ ਤੱਥ ਦੀ ਗਵਾਹੀ ਭਰਦੇ ਹਨ। ਬਸਣੀਏ ਸਿਕਲੀਗਰ ਭਾਵੇਂ ਦੂਜੇ ਸਿਕਲੀਗਰਾਂ ਨਾਲੋਂ ਆਰਥਿਕ ਪੱਖੋਂ ਕਾਫੀ ਖੁਸ਼ਹਾਲ ਹਨ ਪਰੰਤੂ ਇਹ ਲੋਕ ਵੀ ਜ਼ਿਆਦਾਤਰ ਲੋਹੇ ਦੇ ਉਦਯੋਗ ਅਤੇ ਲੋਹੇ ਨਾਲ

ਸੰਬੰਧਤ ਛੋਟੇ-ਮੋਟੇ ਧੰਦਿਆਂ ਨਾਲ ਜੁੜੇ ਹੋਏ ਹਨ। ਸਮਾਜਿਕ ਚੇਤਨਾ ਦੀ ਘਾਟ ਕਾਰਨ ਇਨ੍ਹਾਂ ਲੋਕਾਂ ਵਿਚ ਸਿੱਖਿਆ ਦੀ ਦਰ ਬਹੁਤ ਨੀਂਵੀ ਹੈ। ਇਨ੍ਹਾਂ ਵਿਚੋਂ ਅੱਜ ਵੀ ਬਹੁਤੇ ਲੋਕ, ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਵਿੱਚ ਚਾਕੂ ਛੁਰੀਆਂ ਵੇਚ ਕੇ, ਚਾਕੂ ਛੁਰੀਆਂ ਤੇਜ਼ ਕਰਕੇ, ਦਾਤੀਆਂ ਦੇ ਦੰਦੇ ਕੱਢ ਕੇ ਅਤੇ ਕੁੰਜੀ ਜਿੰਦੇ ਵੇਚ ਕੇ ਗੁਜ਼ਾਰਾ ਕਰਦੇ ਹਨ। ਇਨ੍ਹਾਂ ਵਿਚੋਂ ਕਈ ਲੋਕ 'ਜਿੰਦਾ-ਕੁੰਜੀ' ਦੇ ਮਾਹਿਰ ਵਜੋਂ ਜਾਣੇ ਜਾਂਦੇ ਹਨ। ਇਹ ਅੱਜ ਵੀ ਆਪਣੇ ਪੱਕੇ ਟਿਕਾਣਿਆਂ 'ਤੇ ਬੈਠੇ ਹੋਏ ਮਿਲਦੇ ਹਨ। ਅੱਜ ਵੀ ਘਰ ਜਾਂ ਕਿਸੇ ਵਾਹਨ ਦੀ ਚਾਬੀ ਆਦਿ ਗਵਾਚ ਜਾਣ ਦੀ ਸੂਰਤ ਵਿਚ ਲੋਕ ਇਨ੍ਹਾਂ ਲੋਕਾਂ ਤੋਂ ਚਾਬੀਆਂ ਬਣਾਉਣ ਆਉਂਦੇ ਹਨ। ਇਨ੍ਹਾਂ ਵਿਚੋਂ ਲਦਣੀਏ ਸਿਕਲੀਗਰ ਉਹ ਲੋਕ ਹਨ ਜਿਹੜੇ ਇਕ ਥਾਂ ਤੋਂ ਦੂਜੀ ਥਾਂ ਵੱਲ ਕੂਚ ਕਰਦੇ ਰਹਿੰਦੇ ਹਨ ਪਰੰਤੂ ਹੁਣ ਇਹ ਲੋਕ ਸਥਾਈ ਬਸਤੀਆਂ ਵਿਚ ਤਬਦੀਲ ਹੋ ਰਹੇ ਹਨ। ਇਨ੍ਹਾਂ ਵਿੱਚੋਂ ਬਹੁਤੇ ਲੋਕ ਲੋਹੇ ਦੇ ਤਸਲੇ, ਟੋਕਰੇ, ਹਾਰੇ, ਪਿੰਜਰੇ ਅਤੇ ਫੇਰੀ ਮਾਰ ਕੇ ਪੀਪੇ ਪੀਪਿਆਂ ਅਤੇ ਢੋਲਾਂ ਆਦਿ ਦੇ ਢੱਕਣ ਲਗਾਉਣ ਦਾ ਕੰਮ ਕਰਦੇ ਹਨ। ਇਹ ਲੋਕ ਘਰਾਂ ਵਿਚ ਲੋਹੇ ਦੀਆਂ ਚੀਜ਼ਾਂ ਦੀ ਛੋਟੀ-ਮੋਟੀ ਮੁਰੰਮਤ ਵੀ ਕਰ ਲੈਂਦੇ ਹਨ। ਅਜੋਕੇ ਦੌਰ ਦੇ ਚਲਦਿਆਂ ਤਕਨਾਲੋਜੀ ਦੇ ਵਿਕਾਸ ਅਤੇ ਲੋਹੇ ਦੀਆਂ ਕੀਮਤਾਂ ਵਧਣ ਕਾਰਨ ਇਨ੍ਹਾਂ ਲੋਕਾਂ ਦਾ ਧੰਦਾ ਠੱਪ ਹੋ ਕੇ ਰਹਿ ਗਿਆ ਹੈ। ਇਨ੍ਹਾਂ ਵਿਚੋਂ ਹੁਣ ਜ਼ਿਆਦਾਤਰ ਲੋਕ ਪਲਾਸਟਿਕ ਦਾ ਬਣਿਆ ਬਣਾਇਆ ਸਾਮਾਨ ਬਾਜ਼ਾਰਾਂ ਵਿਚੋਂ ਖਰੀਦ ਕੇ ਪਿੰਡਾਂ, ਕਸਬਿਆਂ ਆਦਿ ਵਿਚ ਵੇਚ ਕੇ ਗੁਜ਼ਾਰਾ ਕਰਦੇ ਹਨ। ਅੱਜ ਕੱਲ੍ਹ ਇਹ ਧੰਦਾ ਪਲਾਸਟਿਕ ਦੀਆਂ ਕੁਰਸੀਆਂ ਅਤੇ ਬਰਤਨ ਆਦਿ ਵੇਚਣ ਦੇ ਰੂਪ ਵਿਚ ਜਾਰੀ ਹੈ। ਪੰਜਾਬ ਵਿਚ ਸਥਾਈ ਅਤੇ ਅਸਥਾਈ ਬਸਤੀਆਂ ਦੇ ਰੂਪ ਵਿਚ ਵਸ ਰਹੇ ਸਿਕਲੀਗਰਾਂ ਦੀ ਮਾਲੀ ਹਾਲਤ ਬਹੁਤ ਕਮਜ਼ੋਰ ਹੈ। ਇਹ ਲੋਕ ਅੱਜ ਵੀ ਪਿੰਡਾਂ, ਸ਼ਹਿਰਾਂ ਅਤੇ ਨਗਰਾਂ ਵਿਚ ਵਿਚਰਦਿਆਂ ਹੋਇਆਂ ਅਜਨਬੀਆਂ ਵਾਲਾ ਜੀਵਨ ਬਤੀਤ ਕਰ ਰਹੇ ਹਨ। ਇਨ੍ਹਾਂ ਲੋਕਾਂ ਦੀ ਸਮਾਜਿਕ, ਆਰਥਿਕ ਅਤੇ ਰਾਜਨੀਤਕ ਸਥਿਤੀ ਐਨੀ ਕਮਜ਼ੋਰ ਹੈ ਕਿ ਇਹ ਲੋਕ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜ਼ਬੂਰ ਹਨ। ਖੇਤਰੀ ਕਾਰਜ ਦੇ ਆਧਾਰ 'ਤੇ ਇਹ ਗੱਲ ਉਜਾਗਰ ਹੁੰਦੀ ਹੈ ਕਿ ਪੰਜਾਬ ਦੇ ਸਿਕਲੀਗਰ ਅੱਜ ਵੀ ਜੀਵਨ ਦੀਆਂ ਮੁੱਢਲੀਆਂ ਸੁੱਖ-ਸਹੂਲਤਾਂ ਤੋਂ ਵਾਂਝੇ ਹਨ।

ਇਨ੍ਹਾਂ ਲੋਕਾਂ ਵਿੱਚ ਜਿੱਥੇ ਇਕ ਪਾਸੇ ਜਾਗ੍ਰਿਤੀ ਅਤੇ ਰਾਜਨੀਤਕ ਚੇਤਨਾ ਦੀ ਘਾਟ ਹੈ, ਉੱਥੇ ਨਾਲ ਹੀ ਸਮਾਜਿਕ ਅਤੇ ਰਾਜਨੀਤਕ ਅਗਵਾਈ ਦੀ ਘਾਟ ਵੀ ਰੜਕਦੀ ਹੈ। ਇਸੇ ਕਰਕੇ ਇਹ ਲੋਕ ਬੜੀ ਜਲਦੀ ਰਾਜਨੀਤਕ ਸ਼ੋਸ਼ਣ ਦਾ ਸ਼ਿਕਾਰ ਹੋ ਜਾਂਦੇ ਹਨ। ਸਿਕਲੀਗਰ ਲੋਕ ਸਦੀਆਂ ਤੋਂ ਏਨੇ ਪਛੜੇ ਹੋਏ ਅਤੇ ਲਾਚਾਰ ਹਨ ਕਿ ਮੌਜੂਦਾ ਦੌਰ ਵਿਚ ਇਨ੍ਹਾਂ ਦੀ ਬੰਦਖਲਾਸੀ ਦਾ ਕੋਈ ਵੀ ਰਾਹ ਨਜ਼ਰ ਨਹੀਂ ਆਉਂਦਾ। ਮਾੜੀ ਆਰਥਿਕ ਸਥਿਤੀ ਅਤੇ ਆਦਿ ਕਾਲ ਤੋਂ ਹੀ ਜੀਵਨ ਦੇ ਮੁੱਢਲੇ ਵਸੀਲਿਆਂ ਤੋਂ ਵੰਚਿਤ ਰਹਿਣ ਕਾਰਨ ਇਹ ਲੋਕ ਆਰਥਿਕ ਕੰਗਾਲੀ ਦਾ ਸਾਹਮਣਾ ਕਰਨ ਰਹੇ ਹਨ। ਕਿਸੇ ਵੀ ਕੌਮ ਦੇ ਉਸਾਰ ਵਿੱਚ ਸਿੱਖਿਆ ਦੀ ਅਹਿਮ ਭੂਮਿਕਾ ਹੁੰਦੀ ਹੈ। ਅਜੋਕੇ ਸਮੇਂ ਪੰਜਾਬ ਦੇ ਸਿਕਲੀਗਰ ਰੋਜ਼ੀ ਰੋਟੀ ਦੇ ਮਸਲੇ ਵਿਚ ਐਨੇ ਜ਼ਿਆਦਾ ਉਲਝ ਗਏ ਹਨ ਕਿ ਇਨ੍ਹਾਂ

ਲੋਕਾਂ ਦੀ ਸਿੱਖਿਆ ਤੱਕ ਪਹੁੰਚ ਬੜੀ ਮੁਸ਼ਕਲ ਬਣੀ ਹੋਈ ਹੈ। ਕਬੀਲੇ ਵਿੱਚ ਔਰਤਾਂ ਅਤੇ ਲੜਕੀਆਂ ਦੀ ਸਥਿਤੀ ਬੜੀ ਤਰਸਯੋਗ ਬਣੀ ਹੋਈ ਹੈ। ਅਜੋਕੇ ਦੌਰ ਵਿਚ ਸਿਕਲੀਗਰ ਕਬੀਲੇ ਦੀਆਂ ਔਰਤਾਂ ਅਤੇ ਲੜਕੀਆਂ ਕੁਪੋਸ਼ਣ ਅਤੇ ਮਾਨਸਿਕ ਬੀਮਾਰੀਆਂ ਦੀਆਂ ਸ਼ਿਕਾਰ ਹਨ। ਜੇਕਰ ਸਿਕਲੀਗਰ ਬਸਤੀਆਂ ਵਿਚ ਸਿਹਤ ਨਾਲ ਸੰਬੰਧਤ ਰੋਗਾਂ ਦਾ ਨਿਰੀਖਣ ਕੀਤਾ ਜਾਵੇ ਤਾਂ ਇਨ੍ਹਾਂ ਬਸਤੀਆਂ ਵਿਚ ਅਣਗਿਣਤ ਰੋਗੀ ਮਿਲਣਗੇ। ਇਨ੍ਹਾਂ ਵਿਚ ਕੁਝ ਬਸਤੀਆਂ ਅਜਿਹੀਆਂ ਵੀ ਹਨ ਜਿਨ੍ਹਾਂ ਵਿਚ ਪੀਣ ਵਾਲੇ ਪਾਣੀ ਦਾ ਪ੍ਰਬੰਧ ਵੀ ਬੜੀ ਮੁਸ਼ਕਲ ਨਾਲ ਮਿਲਦਾ ਹੈ। ਉਸ ਤੋਂ ਇਲਾਵਾ ਸਿਕਲੀਗਰ ਕਬੀਲੇ ਦਾ ਰੂੜ੍ਹੀਵਾਦੀ ਮੁੱਲ ਵਿਧਾਨ, ਪਰੰਪਰਿਕ ਮਾਨਤਾਵਾਂ ਅਤੇ ਪਿਤਾ ਪੁਰਖੀ ਰੀਤੀ-ਰਿਵਾਜ਼ ਵੀ ਕਬੀਲੇ ਦੇ ਬਹੁਪੱਖੀ ਵਿਕਾਸ ਵਿਚ ਵੱਡੀ ਰੁਕਾਵਟ ਹਨ। ਕਬੀਲੇ ਵਿਚ ਅਨਪੜ੍ਹਤਾ ਅਤੇ ਬਾਲ ਵਿਆਹ ਸਭ ਤੋਂ ਵੱਡੀਆਂ ਅਲਾਮਤਾਂ ਨਜ਼ਰ ਆਉਂਦੀਆਂ ਹਨ। ਲੜਕੀਆਂ ਦੀ ਸਿੱਖਿਆ ਪ੍ਰਤੀ ਵਚਨਬੱਧਤਾ ਅਤੇ ਨਿਸ਼ਠਾ ਦੀ ਘਾਟ ਨੇ ਕਬੀਲੇ ਦੇ ਲੋਕਾਂ ਨੂੰ ਸਦੀਆਂ ਪਿੱਛੇ ਪਾ ਦਿੱਤਾ ਹੈ। ਇਸਦਾ ਇਕ ਹੋਰ ਵੱਡਾ ਕਾਰਨ ਕਬੀਲੇ ਦੀ ਵਾਗਡੋਰ ਅਤੇ ਅਗਵਾਈ ਕਬੀਲੇ ਦੇ ਅਨਪੜ੍ਹ ਅਤੇ ਕੱਟੜ ਆਗੂਆਂ ਦੇ ਹੱਥ ਵਿਚ ਹੋਣਾ ਹੈ। ਇਹ ਲੋਕ ਜਿੱਥੇ ਕਬੀਲੇ ਦੀ ਨਵੀਂ ਪੀੜ੍ਹੀ 'ਤੇ ਆਪਣੀਆਂ ਦਕੀਆਨੂਸੀ ਕਦਰਾਂ-ਕੀਮਤਾਂ ਅਤੇ ਪਰੰਪਰਾਵਾਂ ਨੂੰ ਥੋਪਣ ਲਈ ਜ਼ਿੰਮੇਵਾਰ ਹਨ, ਉੱਥੇ ਆਪਣੀ ਸੱਤਾ ਖੁੱਸਣ ਦੀ ਅਸੁਰੱਖਿਆ ਵਿੱਚੋਂ ਨਵੀਂ ਪੀੜ੍ਹੀ 'ਤੇ ਕਈ ਤਰ੍ਹਾਂ ਦੀਆਂ ਰੋਕਾਂ ਅਤੇ ਅੜਿੱਕੇ ਵੀ ਲਾਉਂਦੇ ਹਨ। ਇਹ ਲੋਕ ਕਬੀਲਾ ਧਰਮ ਅਤੇ ਮਾਨਤਾਵਾਂ ਦੇ ਨਾਂ 'ਤੇ ਕਬੀਲੇ ਦੇ ਲੋਕਾਂ ਨੂੰ ਆਪਣੀ ਗ੍ਰਿਫਤ ਵਿੱਚ ਰੱਖਣਾ ਚਾਹੁੰਦੇ ਹਨ। ਅਜੋਕੇ ਦੌਰ ਵਿਚ ਇਕ ਨਵੀਂ ਦੁਨੀਆ ਦੇ ਸੰਕਲਪ ਨੇ ਜਿੱਥੇ ਇਨ੍ਹਾਂ ਲੋਕਾਂ ਦੇ ਮੁੱਲ ਵਿਧਾਨ ਨੂੰ ਬੁਰੀ ਤਰ੍ਹਾਂ ਤੋੜ ਸੁੱਟਿਆ ਹੈ, ਉੱਥੇ ਇਨ੍ਹਾਂ ਲੋਕਾਂ ਦਾ ਜੀਵਨ ਪੱਧਰ ਵੀ ਕਾਫ਼ੀ ਹੱਦ ਤੱਕ ਨਿਘਰ ਚੁੱਕਿਆ ਹੈ। ਸਿਕਲੀਗਰ ਕਬੀਲੇ ਦੇ ਲੋਕ ਅੱਜ ਵੀ ਵਣ ਵਿਭਾਗ, ਸ਼ਾਮਲਾਤ, ਗਊ ਚਰਾਂਦਾਂ ਅਤੇ ਹੋਰ ਸਰਕਾਰੀ ਜ਼ਮੀਨਾਂ ਉੱਤੇ ਆਰਜ਼ੀ ਤੌਰ 'ਤੇ ਬੈਠੇ ਹੋਏ ਹਨ। ਜੀਵਨ ਦੀਆਂ ਮੁੱਢਲੀਆਂ ਸੁੱਖ-ਸਹੂਲਤਾਂ ਤੋਂ ਬਿਨਾਂ ਇਹ ਡੇਰੇ ਗਰੀਬ ਬਸਤੀਆਂ ਸਲੱਮਜ਼ (Slums) ਦਾ ਰੂਪ ਧਾਰਨ ਕਰ ਚੁੱਕੀਆਂ ਹਨ। ਆਪਣੀਆਂ ਜ਼ਮੀਨਾਂ ਅਤੇ ਪੱਕਾ ਨਿਵਾਸ ਨਾ ਹੋਣ ਕਰਕੇ ਇਹ ਲੋਕ ਸਹਾਇਕ ਧੰਦਿਆਂ ਲਈ ਕਰਜ਼ਾ ਆਦਿ ਵੀ ਨਹੀਂ ਲੈ ਸਕਦੇ ਜਿਸ ਕਾਰਕੇ ਇਨ੍ਹਾਂ ਲੋਕਾਂ ਨੂੰ ਕਠਿਨਾਈਆਂ ਅਤੇ ਦੁਸ਼ਵਾਰੀਆਂ ਵਿਚੋਂ ਲੰਘਣਾ ਪੈ ਰਿਹਾ ਹੈ। ਗਿਰੀ ਹੋਈ ਆਰਥਿਕਤਾ ਦੇ ਚਲਦਿਆਂ ਇਹ ਲੋਕ ਆਪਣੇ ਬੱਚਿਆਂ ਨੂੰ ਚੰਗੀ ਸਿੱਖਿਆ ਅਤੇ ਸੁੱਖ-ਸਹੂਲਤਾਂ ਦੇਣ ਤੋਂ ਅਸਮਰੱਥ ਹਨ ਜਿਸ ਕਰਕੇ ਇਨ੍ਹਾਂ ਲੋਕਾਂ ਨੂੰ ਗੁੰਮਨਾਮੀ ਦਾ ਜੀਵਨ ਬਤੀਤ ਕਰਨਾ ਪੈ ਰਿਹਾ ਹੈ। ਜੇਕਰ ਸਿਕਲੀਗਰ ਕਬੀਲੇ ਬਾਰੇ ਸਮੂਹਿਕ ਰੂਪ ਵਿਚ ਗੱਲ ਕੀਤੀ ਜਾਵੇ ਤਾਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਸਿਕਲੀਗਰ ਕਬੀਲਾ ਅੱਜ ਵੀ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਬੇਗਾਨਗੀ ਵਾਲਾ ਜੀਵਨ ਭੋਗ ਰਿਹਾ ਹੈ। ਇਨ੍ਹਾਂ ਲੋਕਾਂ ਦੀ ਆਰਥਿਕ ਅਤੇ ਸਮਾਜਿਕ ਸਥਿਤੀ ਨੂੰ ਉੱਪਰ ਚੁੱਕਣ ਲਈ ਅੱਜ ਵਿਸ਼ੇਸ਼ ਭਲਾਈ ਸਕੀਮਾਂ ਅਤੇ ਉਪਰਾਲਿਆਂ ਦੀ ਜ਼ਰੂਰਤ ਹੈ। ਜੇਕਰ ਇਨ੍ਹਾਂ ਲੋਕਾਂ ਦੇ ਅਤੀਤ ਵੱਲ ਇਕ ਝਾਤੀ ਮਾਰੀ ਜਾਵੇ ਤਾਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਕਬੀਲਿਆਂ

ਅਤੇ ਜਨਜਾਤੀਆਂ ਦਾ ਸਦੀਆਂ ਤੋਂ ਹੀ ਸੋਸ਼ਣ ਹੁੰਦਾ ਆਇਆ ਹੈ ਜੋ ਕਿ ਅੱਜ ਵੀ ਜਾਰੀ ਹੈ। ਸਮੇਂ-ਸਮੇਂ ਦੇ ਹਾਕਮਾਂ ਅਤੇ ਸਰਕਾਰਾਂ ਨੇ ਇਨ੍ਹਾਂ ਗੈਰਤਮੰਦ ਅਤੇ ਜੁਝਾਰੂ ਕਬੀਲਿਆਂ ਦੀ ਕਦੇ ਵੀ ਸਹੀ ਢੰਗ ਨਾਲ ਸ਼ਨਾਖਤ ਨਹੀਂ ਕੀਤੀ ਜਦੋਂ ਕਿ ਇਨ੍ਹਾਂ ਲੋਕਾਂ ਦਾ ਇਤਿਹਾਸ ਦੇ ਨਿਰਮਾਣ ਵਿੱਚ ਇਕ ਵੱਡਾ ਯੋਗਦਾਨ ਰਿਹਾ ਹੈ। ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਭਾਰਤ ਵਿਚ ਰਹਿਣ ਵਾਲੇ ਵੱਖ-ਵੱਖ ਕਬੀਲਿਆਂ ਨੇ ਆਪਣੇ ਦੇਸ਼ ਅਤੇ ਗੈਰਤ ਲਈ ਵਿਦੇਸ਼ੀ ਹਮਲਾਵਰਾਂ ਦਾ ਸਾਹਮਣਾ ਬੜੀ ਦਲੇਰੀ ਨਾਲ ਕੀਤਾ ਹੈ। ਅੱਜ ਭਾਵੇਂ ਇਨ੍ਹਾਂ ਲੋਕਾਂ ਦੀਆਂ ਨਸਲਾਂ ਨੂੰ ਇਸ ਗੱਲ ਦਾ ਖਮਿਆਜ਼ਾ ਵੀ ਭੁਗਤਣਾ ਪੈ ਰਿਹਾ ਹੈ ਪਰ ਇਹ ਲੋਕ ਜਿਵੇਂ ਕਿਵੇਂ ਵੀ ਆਪਣੇ ਅਤੀਤ ਅਤੇ ਵਰਤਮਾਨ ਤੋਂ ਸੰਤੁਸ਼ਟ ਹਨ। ਅਜੋਕੀਆਂ ਸਰਕਾਰਾਂ ਨੇ ਕਬੀਲਿਆਂ ਦੀ ਸੂਖ਼ਮਤਾ ਅਤੇ ਨਿਰਪੱਖਤਾ ਨਾਲ ਸ਼ਨਾਖ਼ਤ ਕਰਨ ਦੀ ਬਜਾਏ ਇਨ੍ਹਾਂ ਦੀਆਂ ਸਮੱਸਿਆਵਾਂ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ। ਜੰਗਲਾਂ ਅਤੇ ਪਹਾੜਾਂ ਵਿਚ ਰਹਿਣ ਵਾਲੇ ਕਬੀਲਿਆਂ ਦੀਆਂ ਇਕ ਸੋਚੀ ਸਮਝੀ ਸਾਜ਼ਿਸ਼ ਦੇ ਤਹਿਤ ਜ਼ਮੀਨਾਂ ਖੋਹ ਕੇ ਮਲਟੀਨੈਸ਼ਨਲ ਕੰਪਨੀਆਂ ਅਤੇ ਕਾਰਪੋਰੇਟ ਘਰਾਣਿਆਂ ਨੂੰ ਸਰਕਾਰੀ ਮਿਲੀਭੁਗਤ ਨਾਲ ਸਸਤੇ ਭਾਅ ਵੇਚ ਦੇਣਾ ਕਬੀਲਿਆਂ ਦੇ ਕੁਦਰਤੀ ਜਨ ਜੀਵਨ 'ਤੇ ਇਕ ਤਰ੍ਹਾਂ ਦਾ ਵੱਡਾ ਹਮਲਾ ਹੈ। ਗੱਲ ਇੱਥੇ ਹੀ ਨਹੀਂ ਮੁੱਕਦੀ, ਮੌਕੇ ਦੀਆਂ ਸਰਕਾਰਾਂ ਵੱਲੋਂ ਕਬੀਲਿਆਂ ਤੇ ਵਿਕਾਸ ਦੇ ਨਾਂ 'ਤੇ ਕੁਝ ਅਜਿਹੇ ਕਾਨੂੰਨ ਠੋਸੇ ਜਾ ਰਹੇ ਹਨ ਜਿਹੜੇ ਕਿ ਕਬੀਲਿਆਂ ਦੇ ਬਹੁਰੰਗੀ ਸਭਿਆਚਾਰ ਤਬਾਹ ਕਰਨ ਵਿੱਚ ਲੱਗੇ ਹੋਏ ਹਨ। ਕਬੀਲਿਆਂ ਦਾ ਸਹੀ ਢੰਗ ਨਾਲ ਵਿਸ਼ਲੇਸ਼ਣ ਕਰਨ ਲਈ ਕਬੀਲਿਆਂ ਦੀ ਅੰਦਰਲੀ ਸੰਰਚਨਾ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇਸ ਕੰਮ ਲਈ ਕਬੀਲਿਆਂ ਦੇ ਧਰਮ, ਟੋਟਮ ਟੈਬੂ ਵਿਵਸਥਾ ਅਤੇ ਉਨ੍ਹਾਂ ਦੇ ਅੰਦਰਲੇ ਜਗਤ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇਨ੍ਹਾਂ ਤੋਂ ਬਿਨਾਂ ਕਬੀਲਿਆਂ ਦੇ ਸੁਧਾਰ ਸੰਬੰਧੀ ਕੋਈ ਵੀ ਭਵਿੱਖਬਾਣੀ ਨਹੀਂ ਕੀਤੀ ਜਾ ਸਕਦੀ। ਭਾਵੇਂ ਕਿ ਕਬੀਲਿਆਂ ਦਾ ਜੀਵਨ ਪੱਧਰ ਅਤੇ ਸਮਾਜਿਕ ਪੱਧਰ ਉੱਚਾ ਚੁੱਕਣ ਲਈ ਕਈ ਪ੍ਰਕਾਰ ਦੀਆਂ ਸੰਵਿਧਾਨਕ ਸੋਧਾਂ ਅਤੇ ਕਾਨੂੰਨ ਵੀ ਹੋਂਦ ਵਿਚ ਆਏ ਹਨ ਪਰੰਤੂ ਫਿਰ ਵੀ ਇਨ੍ਹਾਂ ਯਤਨਾਂ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਯੋਗ ਅਗਵਾਈ ਦੀ ਸਖ਼ਤ ਜ਼ਰੂਰਤ ਹੈ। ਇਸ ਵਕਤ ਪੰਜਾਬ ਦੇ ਕਬੀਲੇ ਦੋ ਤਰ੍ਹਾਂ ਦੀਆਂ ਲੜਾਈਆਂ ਦੇ ਸਨਮੁੱਖ ਹਨ। ਉਹ ਹੈ ਆਂਤਰਿਕ ਲੜਾਈ ਅਤੇ ਬਾਹਰੀ ਲੜਾਈ।

ਕਬੀਲਿਆਂ ਦੀ ਆਂਤਰਿਕ ਲੜਾਈ ਉਹ ਹੈ ਜੋ ਕਬੀਲਿਆਂ ਦੇ ਆਪਣੇ ਹੀ ਅੰਦਰੂਨੀ ਦਕੀਆਨੂਸੀ ਮੁੱਲਾਂ ਅਤੇ ਪਰੰਪਰਾਵਾਂ ਦੇ ਖਿਲਾਫ਼ ਹੈ। ਇਹ ਲੜਾਈ ਬੜੀ ਜਟਿਲ ਅਤੇ ਗੁੰਝਲਦਾਰ ਹੈ। ਆਪਣੇ ਹੀ ਸਥਾਪਤ ਮੁੱਲ ਵਿਧਾਨ ਦੇ ਖਿਲਾਫ਼ ਜਾਣਾ ਕਬੀਲਾ ਸਮੂਹ ਲਈ ਸਭ ਤੋਂ ਵੱਡੀ ਵੰਗਾਰ ਹੁੰਦੀ ਹੈ। ਇਸ ਸੰਬੰਧ ਵਿਚ ਸਿਕਲੀਗਰ ਕਬੀਲੇ ਦੇ ਸੁਹਿਰਦ ਅਤੇ ਤਰਕਸ਼ੀਲ ਲੋਕ ਉਚੇਚੇ ਤੌਰ 'ਤੇ ਯਤਨਸ਼ੀਲ ਹਨ। ਇਨ੍ਹਾਂ ਲੋਕਾਂ ਦੀ ਦੂਜੀ ਲੜਾਈ ਕਬੀਲਿਆਂ ਦੀ ਮੂਲ ਪਛਾਣ ਨੂੰ ਅਸਤ-ਵਿਅਸਤ ਕਰਨ ਵਾਲੀਆਂ ਤਾਕਤਾਂ ਦੇ ਖਿਲਾਫ਼ ਹੈ। ਇਸ ਦਾਇਰੇ ਵਿਚ ਸਮਾਜਿਕ ਵੰਗਾਰਾਂ ਅਤੇ ਆਰਥਿਕ ਚੁਣੌਤੀਆਂ ਵੀ ਆਉਂਦੀਆਂ ਹਨ। ਕਬੀਲੇ ਇਕੋ ਸਮੇਂ ਇਨ੍ਹਾਂ ਬਾਹਰਲੀਆਂ ਆਰਥਿਕ ਵੰਗਾਰਾਂ ਨਾਲ ਵੀ

ਨਜਿੱਠਣਾ ਚਾਹੁੰਦੇ ਹਨ ਅਤੇ ਆਪਣੇ ਮੁੱਲ ਵਿਧਾਨ ਨੂੰ ਵੀ ਬਣਾਈ ਰੱਖਣਾ ਚਾਹੁੰਦੇ ਹਨ। ਇਸ ਤਰ੍ਹਾਂ ਇਸ ਆਰਥਿਕ ਅਤੇ ਸਮਾਜਿਕ ਸਾਂਵੇਪਣ ਦੀ ਲੜਾਈ ਵਿਚ ਕਬੀਲਿਆਂ ਦੀ ਸਥਿਤੀ ਬੜੀ ਚਿੰਤਾਜਨਕ ਅਤੇ ਵੰਗਾਰਮਈ ਬਣੀ ਹੋਈ ਹੈ।

ਹਵਾਲੇ ਅਤੇ ਟਿੱਪਣੀਆਂ

1. ਕਿਰਪਾਲ ਕਜ਼ਾਕ, ਸਿਕਲੀਗਰ ਕਬੀਲੇ ਦਾ ਸਭਿਆਚਾਰ, ਪੰਨਾ 14.
2. ਉਹੀ, ਪੰਨਾ 17.

ਸਾਂਸੀ ਕਬੀਲਾ

ਇਤਿਹਾਸਿਕ ਪਿਛੋਕੜ : ਸਾਂਸੀ ਕਬੀਲਾ ਪੰਜਾਬ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਵਾਸ ਕਰ ਰਿਹਾ ਹੈ। ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਸਾਂਸੀ ਕਬੀਲਾ ਥੋੜ੍ਹੇ ਬਹੁਤੇ ਨਾਵਾਂ ਦੇ ਫ਼ਰਕ ਨਾਲ ਵਿਚਰ ਰਿਹਾ ਹੈ। ਪੰਜਾਬ ਦੇ ਸਾਂਸੀ ਲੋਕ ਆਪਣਾ ਮੂਲ ਪੰਜਾਬ ਦੇ ਬਾਕੀ ਹੋਰ ਕਬੀਲਿਆਂ ਵਾਂਗ ਰਾਜਸਥਾਨ ਨਾਲ ਜੋੜ ਕੇ ਵੇਖਦੇ ਹਨ। ਰਾਜਸਥਾਨ 'ਚੋਂ ਇਨ੍ਹਾਂ ਦੀ ਹਿਜ਼ਰਤ ਨੂੰ ਮੁਗਲ਼ ਕਾਲ ਦੀ ਅਫ਼ਰਾ-ਤਫ਼ਰੀ ਅਤੇ ਆਰਥਿਕ ਮੰਦਹਾਲੀ ਨਾਲ ਜੋੜ ਕੇ ਵੇਖਿਆ ਜਾ ਸਕਦਾ ਹੈ। ਇਸੇ ਕਰਕੇ ਇਹ ਲੋਕ ਹਰੀਆਂ ਚਰਾਗਾਹਾਂ ਦੀ ਭਾਲ ਵਿੱਚ ਆਪਣਾ ਪਸ਼ੂ ਪਠੋਰਾ ਲੈ ਕੇ ਲੰਮਾ ਸਮਾਂ ਭਾਰਤ ਦੇ ਜੰਗਲ ਬੇਲੇ ਗਾਹੁੰਦੇ ਰਹੇ ਤੇ ਫਿਰ ਹੌਲ਼ੀ-ਹੌਲ਼ੀ ਰੋਹੀਆਂ ਜੰਗਲਾਂ ਅਤੇ ਬੀਆਬਾਨਾਂ ਵਿੱਚ ਵਸਣਾ ਸ਼ੁਰੂ ਕਰ ਦਿੱਤਾ। ਇਸ ਪ੍ਰਕਾਰ ਇਨ੍ਹਾਂ ਲੋਕਾਂ ਦੇ ਕਿੱਤੇ ਵੀ ਸੰਬੰਧਤ ਇਲਾਕਿਆਂ ਅਨੁਸਾਰ ਤਬਦੀਲ ਹੁੰਦੇ ਆਏ ਹਨ। ਸਾਂਸੀ ਮੁੱਖ ਤੌਰ 'ਤੇ ਇੱਕ ਪਸ਼ੂ ਪਾਲਕ ਕਬੀਲਾ ਹੈ। ਇਸ ਤੋਂ ਇਲਾਵਾ ਸ਼ਿਕਾਰ ਖੇਡਣਾ ਅਤੇ ਨੇੜੇ-ਤੇੜੇ ਦੇ ਕੁਦਰਤੀ ਸੋਮਿਆਂ ਦੇ ਸਹਾਰੇ ਜੀਵਨ ਨਿਰਬਾਹ ਕਰਨਾ ਇਨ੍ਹਾਂ ਦੇ ਜੀਵਨ ਦਾ ਮੁੱਖ ਹਿੱਸਾ ਰਿਹਾ ਹੈ। ਸਾਂਸੀ ਇੱਕ ਜੁਝਾਰੂ ਕਬੀਲਾ ਹੈ। ਇਸ ਕਬੀਲੇ ਦੇ ਲੋਕਾਂ ਨੂੰ ਚੋਰੀ-ਚਕਾਰੀ ਅਤੇ ਜਰਾਇਮ ਪੇਸ਼ਾ ਐਕਟ ਨਾਲ ਜੋੜਨਾ ਸਮੇਂ-ਸਮੇਂ ਦੇ ਹਾਕਮਾਂ ਦੀ ਡੂੰਘੀ ਸਾਜਿਸ਼ ਹੈ। ਜੇਕਰ ਇਨ੍ਹਾਂ ਦੇ ਇਤਿਹਾਸ ਵੱਲ ਝਾਤੀ ਮਾਰੀਏ ਤਾਂ ਸਾਂਸੀ ਕਬੀਲਾ ਆਦਿ ਕਾਲ ਤੋਂ ਹੀ ਦੁਸ਼ਵਾਰੀਆਂ ਅਤੇ ਵੱਡੀਆਂ ਮਾਰਾਂ ਵਿੱਚੋਂ ਲੰਘਿਆ ਹੈ। ਮੁਗਲ ਕਾਲ ਦੀ ਬੁਰਛਾਗਰਦੀ ਅਤੇ ਅੰਗਰੇਜ਼ੀ ਕਾਲ ਵਿਚ ਲੱਗੇ ਜਰਾਇਮ ਪੇਸ਼ਾ ਐਕਟ ਨੇ ਇਨ੍ਹਾਂ ਲੋਕਾਂ ਦੇ ਜੀਵਨ ਬਹੁਤ ਪ੍ਰਭਾਵਿਤ ਕੀਤਾ ਹੈ। ਮੁਲਕ ਦੇ ਆਜ਼ਾਦ ਹੋਣ ਤੱਕ ਇਹ ਲੋਕ ਬੁਰੀ ਤਰ੍ਹਾਂ ਕੰਗਾਲ ਹੋ ਚੁੱਕੇ ਸਨ। ਜੇਕਰ ਇਨ੍ਹਾਂ ਲੋਕਾਂ ਦੇ ਸਮਾਜ ਸਭਿਆਚਾਰ ਦਾ ਗਹਿਨ ਅਧਿਐਨ ਕੀਤਾ ਜਾਵੇ ਤਾਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਸਾਂਸੀ ਕਬੀਲੇ ਦੀ ਇਕ ਆਪਣੀ ਹੀ ਸ਼ਾਨਾਮੱਤੀ ਧਰੋਹਰ ਅਤੇ ਵਿਰਾਸਤ ਹੈ। ਸੱਤਾ ਦੇ ਕਾਬਜ਼ ਧਿਰਾਂ ਨੇ ਸਾਂਸੀ ਲੋਕਾਂ ਨੂੰ ਹਮੇਸ਼ਾ ਅਪਰਾਧ ਅਤੇ ਜੁਰਮ ਨਾਲ ਜੋੜ ਕੇ ਬਦਨਾਮ ਕਰਨ ਦੀ ਕੋਸ਼ਿਸ਼ ਵੀ ਕੀਤੀ ਪਰ ਫਿਰ ਵੀ ਇਹ ਲੋਕ ਲੰਮਾ ਸਮਾਂ ਰਾਜਨੀਤਕ ਆਪਹੁਦਰੀਆਂ ਅਤੇ ਆਰਥਿਕ ਮੰਦਹਾਲੀ ਨਾਲ ਲੜਦੇ ਰਹੇ। ਇਕ ਲੰਮਾ ਸਮਾਂ ਸਮਾਜਿਕ ਤੌਰ 'ਤੇ ਛੇਕੇ ਜਾਣ ਅਤੇ ਹਾਸ਼ਿਆਗਤ ਜੀਵਨ ਭੋਗਣ ਕਰਕੇ ਪੰਜਾਬ ਦਾ ਸਾਂਸੀ ਕਬੀਲਾ ਅੱਜ ਵੀ ਰੋਟੀ-ਰੋਜ਼ੀ ਦੀ ਜੰਗ ਲੜ ਰਿਹਾ ਹੈ। ਸਾਂਸੀ ਕਬੀਲੇ ਨੂੰ ਚੋਰੀ ਚਕਾਰੀ ਅਤੇ ਲੁੱਟ ਮਾਰ ਨਾਲ ਜੋੜਨਾ ਸਮੇਂ ਦੀਆਂ ਸਰਕਾਰਾਂ ਦੀ ਸੋਚੀ ਸਮਝੀ ਸਾਜ਼ਿਸ਼ ਰਹੀ ਹੈ। ਸਾਂਸੀ ਪੰਜਾਬ ਦੇ ਹਰ ਇੱਕ ਰਾਜ ਵਿੱਚ ਵੱਡੀ ਤਾਦਾਦ ਵਿੱਚ ਵਸ ਰਹੇ ਹਨ। ਸਾਂਸੀ ਕਬੀਲੇ ਦੇ ਸਮਾਜ ਸਭਿਆਚਾਰ ਬਾਰੇ ਅਧਿਐਨ ਕਰਨ ਤੋਂ ਪਹਿਲਾਂ ਇਸਦੇ ਇਤਿਹਾਸਕ ਪਿਛੋਕੜ ਵੱਲ ਇਕ ਝਾਤ ਮਾਰਨੀ

ਅਤਿ ਜ਼ਰੂਰੀ ਹੈ। ਸਰ ਡੈਂਜਿਲ ਇਬਟਸਨ ਅਨੁਸਾਰ, "ਸਾਂਸੀ ਮੱਧ ਪੰਜਾਬ ਦਾ ਇਕ ਘੁਮੰਤੂ ਕਬੀਲਾ ਹੈ। ਇਹ ਲਾਹੌਰ ਅਤੇ ਅਮ੍ਰਿਤਸਰ ਦੇ ਆਲੇ-ਦੁਆਲੇ ਵੱਡੀ ਤਾਦਾਦ ਵਿੱਚ ਰਹਿੰਦੇ ਹਨ। ਇਸਦੇ ਨਾਲ ਹੀ ਇਹ ਲੁਧਿਆਣਾ, ਕਰਨਾਲ ਅਤੇ ਗੁਜਰਾਤ ਵਿੱਚ ਵੀ ਜ਼ਿਕਰਯੋਗ ਗਿਣਤੀ ਵਿੱਚ ਰਹਿੰਦੇ ਹਨ। ਇਹ ਆਪਣਾ ਮੂਲ ਮਾਰਵਾੜ ਅਤੇ ਅਜਮੇਰ ਨਾਲ ਜੋੜ ਕੇ ਵੇਖਦੇ ਹਨ ਜਿੱਥੇ ਕਿ ਇਹ ਵੱਡੀ ਗਿਣਤੀ ਵਿੱਚ ਵੱਸੇ ਹੋਏ ਹਨ। ਯਕੀਨਨ ਸਾਂਸੀ ਕਬੀਲਾ ਇਕ ਘੁਮੰਕੜ ਕਬੀਲਾ ਹੈ ਜਿਹੜਾ ਕਿ ਕਿਸੇ ਇੱਕ ਥਾਂ ਟਿਕ ਕੇ ਬੈਠਣ ਵਿੱਚ ਵਿਸ਼ਵਾਸ ਨਹੀਂ ਸੀ ਰੱਖਦਾ। ਸਾਂਸੀ ਕਬੀਲੇ ਦੇ ਲੋਕ ਹਰ ਤਰ੍ਹਾਂ ਦੇ ਜਾਨਵਰਾਂ ਨੂੰ ਫੜਨ ਅਤੇ ਸ਼ਿਕਾਰ ਕਰਨ ਵਿੱਚ ਨਿਪੁੰਨ ਹਨ। ਇਹ ਲੋਕ ਭੇਡਾਂ, ਬਕਰੀਆਂ, ਸੂਰ ਅਤੇ ਖੋਤੇ ਆਦਿ ਪਾਲ ਕੇ ਆਪਣਾ ਗੁਜ਼ਾਰਾ ਕਰਦੇ ਹਨ। ਇਨ੍ਹਾਂ ਦੀ ਨਸਲ ਦਾ ਸੰਬੰਧ ਕੇਂਦਰੀ ਪੰਜਾਬ ਦੇ ਜੱਟਾਂ ਦੀ ਨਸਲ ਨਾਲ ਜੁੜਦਾ ਹੈ। ਰਾਜਪੂਤਾਨੇ ਵਿੱਚ ਇਹ ਆਪਣੇ ਆਪ ਨੂੰ 'ਭਰਤ' ਜਾਂ 'ਬਰੜ' ਆਖਦੇ ਹਨ। ਇਨ੍ਹਾਂ ਦਾ ਸੰਬੰਧ ਫਿਰੋਜ਼ਪੁਰ ਦੇ ਡੋਗਰਿਆਂ, ਹੁਸ਼ਿਆਰਪੁਰ ਅਤੇ ਜਲੰਧਰ ਦੇ ਰਾਜਪੂਤਾਂ ਅਤੇ ਅਨੰਦਪੁਰ ਸਾਹਿਬ ਦੇ ਸੋਢੀਆਂ ਨਾਲ ਵੀ ਜਾ ਜੁੜਦਾ ਹੈ। ਇਨ੍ਹਾਂ ਵਿੱਚੋਂ ਗਿਆਰ੍ਹਾਂ ਪ੍ਰਤੀਸ਼ਤ ਦੇ ਕਰੀਬ ਲੋਕ ਮੁਸਲਮਾਨ ਅਤੇ ਸਿੱਖ ਹਨ। ਇਨ੍ਹਾਂ ਵਿਚੋਂ ਬਹੁਤੇ ਲੋਕ ਹਿੰਦੂ ਹਨ ਅਤੇ ਸਮਾਜਿਕ ਤੌਰ 'ਤੇ ਛੇਕੇ ਹੋਏ ਹਨ। ਇਹ 'ਸਾਂਸ ਮੱਲ' ਨੂੰ ਆਪਣਾ ਮੋਢੀ ਪੁਰਖਾ ਮੰਨਦੇ ਹਨ ਅਤੇ ਉਸਨੂੰ ਗੁਰੂ ਦਾ ਦਰਜ਼ਾ ਦਿੰਦੇ ਹਨ ਅਤੇ ਉਸਦੇ ਦੱਸੇ ਰੂਹਾਨੀ ਸੰਤ ਨੂੰ ਬਾਬਾ ਮਲੰਗ ਸ਼ਾਹ ਆਖ ਕੇ ਪੂਜਦੇ ਹਨ।"[1]

ਵੱਖ-ਵੱਖ ਮਿੱਥ ਕਥਾਵਾਂ ਸਾਂਸੀ ਲੋਕਾਂ ਨੂੰ ਵੱਖਰੇ-ਵੱਖਰੇ ਮੂਲ ਨਾਲ ਜੋੜ ਕੇ ਵੇਖਦੀਆਂ ਹਨ। ਸਿਆਲਕੋਟ ਵਿੱਚ ਸਾਂਸੀਆਂ ਪ੍ਰਤੀ ਇਹ ਕਥਾ ਪ੍ਰਚੱਲਿਤ ਹੈ :

"ਇਕ ਵਾਰ ਇਕ ਰਾਜੇ ਨੇ ਆਪਣੀ ਧੀ ਨੂੰ ਸ਼ਹਿਰ ਵਿੱਚੋਂ ਕਿਸੇ ਕਾਰਨ ਬਾਹਰ ਕੱਢ ਦਿੱਤਾ ਜਿਸਨੇ ਜੰਗਲ ਬੀਆਬਾਨਾਂ ਵਿੱਚ ਭਟਕਦੀ ਹੋਈ ਨੇ ਸਾਂਸੀ ਨਾਮਕ ਬਾਲਕ ਨੂੰ ਜਨਮ ਦਿੱਤਾ ਜਿਹੜਾ ਕਿ ਇੱਕ ਮਸ਼ਹੂਰ ਧਾੜਵੀ ਬਣਿਆ ਅਤੇ ਜਿਸਦੇ ਅੱਗੇ ਦੋ ਪੁੱਤਰ 'ਬੀਢੂ' ਅਤੇ 'ਮਾਹਲਾ' ਪੈਦਾ ਹੋਏ ਜਿਸ ਤੋਂ ਕਿ ਅੱਗੇ 23 ਸਾਂਸੀ ਗੋਤਰ ਬਣੇ ਜਦਕਿ ਗੁਜਰਾਤ ਦੇ ਸਾਂਸੀ ਆਪਣਾ ਪਿਛੋਕੜ ਲੱਖੀ ਜੰਗਲ ਦੇ ਖਾਨਾਬਦੋਸ਼ ਰਾਜਾ 'ਸਾਹਸ ਮੱਲ' ਨਾਲ ਜੋੜਦੇ ਹਨ।"[2]

ਝੰਗ ਦੀ ਇਕ ਕਥਾ ਅਨੁਸਾਰ ਸਾਂਸੀ ਲੋਕਾਂ ਦਾ 'ਮੂਲ ਪਵਾਰ' ਰਾਜਪੂਤਾਂ ਨਾਲ ਸੰਬੰਧਤ ਹੈ ਜਿਹੜੇ ਕਿ ਮੁੱਖ ਤੌਰ 'ਤੇ ਪੱਛਮੀ ਰਾਜਪੂਤਾਨੇ ਦੇ ਵੱਖ-ਵੱਖ ਇਲਾਕਿਆਂ ਵਿਚ ਵਸਦੇ ਹਨ। ਇਹ ਸਾਂਸਮੱਲ ਦੀ ਸੰਤਾਨ ਹਨ ਜਿਸਦੀ ਪਤਨੀ ਇਕ ਬਾਂਝ ਔਰਤ ਸੀ, ਜਿਸਨੂੰ ਕਿ ਹਿੰਦੂ ਅਤੇ ਮੁਸਲਮਾਨ ਦੋਵਾਂ ਤੋਂ ਮੰਗ ਕੇ ਖਾਣ ਦੇ ਅਹਿਦ ਨਾਲ ਇਕ ਫ਼ਕੀਰ ਦੇ ਅਸ਼ੀਰਵਾਦ ਨਾਲ ਇਕ ਪੁੱਤਰ ਦੀ ਪ੍ਰਾਪਤੀ ਹੋਈ ਸੀ। ਉਸਨੇ ਪਹਿਲਾਂ ਬੇਢਾ, ਫਿਰ ਮਾਲ੍ਹਾ ਤੇ ਫਿਰ ਇਕ ਪੁੱਤਰੀ ਨੂੰ ਜਨਮ ਦਿੱਤਾ। ਸਾਂਸਮੱਲ ਨੂੰ ਭੀਖ ਮੰਗਣ ਕਰਕੇ ਕਬੀਲੇ ਵਿਚੋਂ ਛੇਕ ਦਿੱਤਾ ਗਿਆ, ਉਸਦੇ ਪੁੱਤਰ ਨੇ ਆਪਣੇ ਪਿਤਾ ਵਾਲੇ ਪੇਸ਼ੇ ਨੂੰ ਅੱਗੇ ਤੋਰਿਆ ਪਰ ਮਾਲ੍ਹਾ ਪਸ਼ੂ ਪਠੋਰਾ ਪਾਲ ਕੇ ਆਪਣਾ ਗੁਜ਼ਾਰਾ ਕਰਨ ਲੱਗਿਆ। ਇਕ ਦਿਨ ਬੇਢਾ

ਇਕ ਸੋਟੀ ਵੱਢਣਾ ਚਾਹੁੰਦਾ ਸੀ ਪਰ ਉਸ ਕੋਲ ਕੱਟਣ ਲਈ ਕੋਈ ਚਾਕੂ ਨਹੀਂ ਸੀ, ਮਾਲ੍ਹੇ ਨੇ ਇਸਨੂੰ ਵੱਢ ਦਿੱਤਾ। ਫਿਰ ਦੋਵੇਂ ਭਰਾ ਸੋਟੀ ਪਿੱਛੇ ਲੜ ਪਏ, ਜਿਸ ਉਪਰੰਤ ਝਰੀਆ ਕਬੀਲੇ ਦੇ ਢੀਂਗਣੀਆਂ ਨਾਂ ਦੇ ਨਟ ਦੇ ਦਖ਼ਲ ਦੇਣ 'ਤੇ ਇਹ ਨਿਰਣਾ ਹੋਇਆ ਕਿ ਮਾਲ੍ਹੇ ਨੂੰ ਆਪਣੇ ਭਰਾ ਬੀਢੇ ਨੂੰ ਦੰਡ ਵਜੋਂ ਪੰਜ ਪੈਸੇ ਸੋਟੀ ਦੇ ਹਰਜਾਨੇ ਵਜੋਂ ਦੇਣੇ ਚਾਹੀਦੇ ਹਨ। ਸਾਂਸਮੱਲ ਦੀ ਧੀ ਢੀਂਗਣੀਆਂ ਨਾਲ ਉਧਲ ਗਈ ਅਤੇ ਉਸਦੇ ਮਾਤਾ ਪਿਤਾ ਨੇ ਉਸ ਨਾਲੋਂ ਸਾਰੇ ਸਮਾਜਿਕ ਸੰਬੰਧ ਖਤਮ ਕਰ ਲਏ ਅਤੇ ਫਿਰ ਉਸਦੇ ਪਛਤਾਵੇ ਉਪਰੰਤ ਬੀਢਾ ਅਤੇ ਮਾਲ੍ਹੇ ਨੂੰ ਝਰੀਆ ਕਬੀਲੇ ਦੀਆਂ ਕੁੜੀਆਂ ਲਾੜ੍ਹੀਆਂ ਦੇ ਰੂਪ ਵਿੱਚ ਦੇਣ 'ਤੇ ਗੱਲ ਖਤਮ ਹੋ ਗਈ। ਉਨ੍ਹਾਂ ਦੇ ਤੇਈ ਪੁੱਤਰਾਂ ਦੇ ਨਾਲ-ਨਾਲ ਦੋਵਾਂ ਭਰਾਵਾਂ ਦੇ ਕਈ ਧੀਆਂ ਸਨ ਪਰ ਢੀਂਗਣੀਆਂ ਦੇ ਤੇਰ੍ਹਾਂ ਪੁੱਤਰਾਂ ਵਿੱਚੋਂ ਵੀ ਤੇਰ੍ਹਾਂ ਗੋਤਰ ਬਣੇ। ਇਸ ਕਰਕੇ ਸਾਂਸੀ ਕਬੀਲਾ 36 ਵੱਖ-ਵੱਖ ਗੋਤਾਂ ਵਿਚ ਵੰਡਿਆ ਹੋਇਆ ਹੈ। ਇਸ ਕਥਾ ਦੇ ਅਨੁਸਾਰ ਬੀਢੂ ਦਾ ਵੱਡਾ ਪੁੱਤਰ ਹਰੜ ਹੈ ਅਤੇ ਮਾਲ੍ਹੇ ਦਾ ਵੱਡਾ ਪੁੱਤਰ ਸੰਘਾ ਹੈ ਅਤੇ ਇਹ ਕਿਹਾ ਜਾਂਦਾ ਹੈ ਕਿ ਪੰਜਾਬ ਦੇ ਸਾਂਸੀ ਇਨ੍ਹਾਂ ਦੋ ਪੁੱਤਰਾਂ ਦੀ ਹੀ ਸੰਤਾਨ ਹਨ ਅਤੇ ਬੀਢੂ ਅਤੇ ਮਾਲ੍ਹੇ ਦੇ ਵੰਸ਼ਜ਼ ਆਪਸ ਵਿੱਚ ਵਿਆਹ ਸੰਬੰਧ ਕਾਇਮ ਕਰਦੇ ਆ ਰਹੇ ਹਨ।[3]

ਸਾਂਸੀ ਕਬੀਲੇ ਦੇ ਮੂਲ ਬਾਰੇ ਇਕ ਹੇਠ ਲਿਖੀ ਕਥਾ ਵੀ ਪ੍ਰਚਲਿਤ ਹੈ ਜਿਹੜੀ ਕਿ ਕਬੀਲੇ ਵਿਚ ਪੁਸ਼ਤ-ਦਰ-ਪੁਸ਼ਤ ਮੌਖਿਕ ਰੂਪ ਵਿਚ ਅੱਗੇ ਤੋਂ ਅੱਗੇ ਚਲਦੀ ਆਈ ਹੈ। ਕਥਾ ਅਨੁਸਾਰ :- "ਇੰਦਰ ਇਕ ਯੱਗ ਕਰਨਾ ਚਾਹੁੰਦਾ ਸੀ ਪਰ ਇਸ ਵਿਚ ਰਾਖਸ਼ਾਂ ਨੇ ਰੁਕਾਵਟ ਪਾ ਦਿੱਤੀ। ਇਸ ਉਪਰੰਤ ਰਾਖਸ਼ਾਂ ਅਤੇ ਇੰਦਰ ਦੀਆਂ ਫੌਜਾਂ ਵਿਚ ਜ਼ਬਰਦਸਤ ਜੰਗ ਹੋਈ। ਇੰਦਰ ਨੇ ਰਾਖਸ਼ਾਂ ਨੂੰ ਹਰਾ ਦਿੱਤਾ ਪਰ ਯੁੱਧ ਦੇ ਮੈਦਾਨ ਵਿਚ ਉਸਦਾ ਸਭ ਤੋਂ ਬਹਾਦਰ ਯੋਧਾ ਮਾਰਿਆ ਗਿਆ। ਜੋਤਸ਼ੀਆਂ ਨੇ ਇੰਦਰ ਨੂੰ ਉਸਦੀ ਸਵਾਹ ਬਰਤਨ ਵਿਚ ਪਾ ਕੇ ਰੱਖ ਲੈਣ ਦੀ ਸਲਾਹ ਦਿੱਤੀ। ਇੰਦਰ ਨੇ ਇਸੇ ਤਰ੍ਹਾਂ ਹੀ ਕੀਤਾ। ਇਕ ਦਿਨ ਉਸਦੀ ਜੁਆਨ ਕੁੜੀ ਨੇ ਉਹ ਬਰਤਨ ਦੇਖ ਲਿਆ। ਉਸਨੇ ਬਰਤਨ ਵਿਚਲੀ ਵਸਤੂ ਨੂੰ ਪਰਖਣ ਲਈ, ਉਸਨੂੰ ਸੁੰਘ ਲਿਆ। ਇਸ ਤਰ੍ਹਾਂ ਸਵਾਹ ਦੇ ਕੁਝ ਕਿਣਕੇ ਉਸਦੇ ਅੰਦਰ ਚਲੇ ਗਏ। ਇਨ੍ਹਾਂ ਕਿਣਕਿਆਂ ਤੋਂ ਉਸਨੇ ਬੱਚੇ ਦੇ ਰੂਪ ਵਿਚ 'ਸਾਂਸ ਮੱਲ' ਨੂੰ ਗ੍ਰਹਿਣ ਜਿਸਦਾ ਭਾਵ ਹੈ, ਸਾਂਸ ਜਾਂ ਸਾਹ ਦੁਆਰ ਪੈਦਾ ਹੋਇਆ ਬੱਚਾ'। ਸਾਂਸ ਕਬੀਲੇ ਦੀ ਉਤਪਤੀ ਅਤੇ ਵਿਕਾਸ ਬਾਰੇ ਸਾਂਸੀ ਕਬੀਲੇ ਵਿਚ ਇਕ ਹੋਰ ਚਰਚਿਤ ਕਥਾ ਪ੍ਰਚਲਿਤ ਹੈ। ਕਥਾ ਅਨੁਸਾਰ : - 'ਦਿਆਲਕ ਰਿਸ਼ੀ ਨੇ ਪੰਜ ਸੌ ਸਾਲ ਘੋਰ ਤਪੱਸਿਆ ਕੀਤੀ। ਤਪੱਸਿਆ ਕਰਦੇ-ਕਰਦੇ ਉਸਨੂੰ ਇਕ ਤਪੱਸਵੀ ਬ੍ਰਾਹਮਣ ਨੇ ਆਖਿਆ, 'ਤੇਰੀ ਤਪੱਸਿਆ ਤਦ ਮਨਜ਼ੂਰ ਹੋਵੇਗੀ ਜੇ ਤੂੰ ਗ੍ਰਹਿਸਤ ਜੀਵਨ ਬਤੀਤ ਕਰੇਂਗਾ।' ਦਿਆਲਕ ਰਿਸ਼ੀ ਨੇ ਰਾਜਾ ਰਘ ਕੋਲੋਂ ਉਸਦੀ ਲੜਕੀ ਚੰਦਰਵਤੀ ਦਾ ਰਿਸ਼ਤਾ ਮੰਗਿਆ। ਉਸ ਵੇਲੇ ਰਾਜੇ ਰਿਸ਼ੀਆਂ ਦਾ ਬੜਾ ਮਾਣ ਕਰਦੇ ਸਨ। ਰਾਜਾ ਰਘ ਨੇ ਆਪਣੀ ਪੁੱਤਰੀ ਨੂੰ ਜੰਗਲ ਵਿਚ ਦਿਆਲਕ ਰਿਸੀ ਦੇ ਆਸ਼ਰਮ 'ਤੇ ਲਿਆ ਕੇ ਦਿਆਲਕ ਰਿਸ਼ੀ ਨਾਲ ਉਸਦੇ ਫੇਰੇ ਕਰਾ ਦਿੱਤੇ। ਰਾਜਾ ਰਘ ਨੇ ਜ਼ਮੀਨ ਵਿਚ ਇਕ ਟੋਇਆ ਕੱਢਿਆ। ਉਸ ਵਿਚ ਨਦੀ ਤੋਂ ਲਿਆ

ਕੇ ਸੁੱਚਾ ਪਾਣੀ ਪਾਇਆ ਅਤੇ ਉਸ ਪਾਣੀ ਦੇ ਆਲੇ-ਦੁਆਲੇ ਰਾਜਾ ਰਘ ਨੇ ਦਿਆਲਕ ਰਿਸ਼ੀ ਤੇ ਆਪਣੀ ਪੁੱਤਰੀ ਚੰਦਰਵਤੀ ਦੇ ਫੇਰੇ ਕਰਾ ਦਿੱਤੇ। ਇਸ ਤਰ੍ਹਾਂ ਉਸ ਟੋਏ ਵਿਚ ਪਏ ਹੋਏ ਸੁੱਚੇ ਪਾਣੀ ਨੂੰ 'ਛਪੜੀ' ਦਾ ਨਾਂ ਦਿੱਤਾ ਗਿਆ ਅਤੇ ਇਸ ਛਪੜੀ ਦੁਆਲੇ ਹੀ ਦਿਆਲਕ ਰਿਸ਼ੀ ਤੇ ਚੰਦਰਵਤੀ ਦੀਆਂ ਸੱਤ ਲਾਵਾਂ ਹੋਈਆਂ। ਕੁਝ ਚਿਰ ਬਾਅਦ ਦਿਆਲਕ ਰਿਸ਼ੀ ਦੇ ਘਰ ਚੰਦਰਵਤੀ ਦੀ ਕੁੱਖੋਂ ਇਕ ਪੁੱਤਰ ਨੇ ਜਨਮ ਲਿਆ ਜਿਸਦਾ ਨਾਂ 'ਸਹੰਸਰ ਬਾਹੂ' ਰੱਖਿਆ ਗਿਆ। ਸਹੰਸਰ ਬਾਹੂ ਜੁਆਨ ਹੋ ਗਿਆ ਤਾਂ ਇਕ ਵਾਰ ਇਕ ਲੁਬਾਣਾ ਸੌਦਾਗਰ ਸੌ ਬਲਦ ਲੂਣ ਦੇ ਲੈ ਕੇ ਜਾ ਰਿਹਾ ਸੀ। ਉਸਨੂੰ ਜੰਗਲ ਵਿਚ ਰਾਤ ਪੈ ਗਈ। ਉਹ ਦਿਆਲਕ ਰਿਸ਼ੀ ਦੇ ਆਸ਼ਰਮ ਵਿਚ ਆਇਆ। ਉਸਨੇ ਬਲਦਾਂ ਤੋਂ ਲੂਣ ਲਾਹ ਕੇ ਰੱਖ ਦਿੱਤਾ ਤੇ ਰਿਸ਼ੀ ਨੂੰ ਆਖਿਆ, "ਰਿਸ਼ੀ ਜੀ, ਮੇਰੇ ਬਲਦ ਭੁੱਖੇ ਹਨ।" ਰਿਸ਼ੀ ਨੇ ਜੰਗਲ ਵਿਚੋਂ ਇਕ ਮੁੱਠੀ ਘਾਹ ਦੀ ਤੋੜ ਕੇ ਉਸਨੂੰ ਫੜਾਈ ਤੇ ਆਖਿਆ, ਇਹ ਘਾਹ ਆਪਣੇ ਸਾਰੇ ਬਲਦਾਂ ਨੂੰ ਪਾ ਦਿਓ। ਉਸ ਘਾਹ ਦੀ ਮੁੱਠ ਨਾਲ ਲਬਾਣੇ ਦੇ ਸਾਰੇ ਬਲਦ ਰੱਜ ਗਏ ਤੇ ਘਾਹ ਦੀਆਂ ਕੁਝ ਤਿੜਾਂ ਬਚ ਵੀ ਗਈਆਂ। ਫਿਰ ਸੌਦਾਗਰ ਨੇ ਰਿਸ਼ੀ ਨੂੰ ਬੇਨਤੀ ਕੀਤੀ, "ਰਿਸ਼ੀ ਜੀ, ਮੇਰੇ ਬਲਦਾਂ ਨੂੰ ਪਿਆਸ ਲੱਗੀ ਹੈ।" ਦਿਆਲਕ ਰਿਸ਼ੀ ਨੇ ਜ਼ਮੀਨ ਵਿਚ ਇਕ ਨਿੱਕਾ ਜਿਹਾ ਟੋਇਆ ਪੁੱਟਿਆ ਅਤੇ ਉਸ ਵਿਚ ਗੜਵੀ ਪਾਣੀ ਦੀ ਪਾ ਕੇ ਆਖਿਆ, "ਸਾਰੇ ਬਲਦਾਂ ਨੂੰ ਇੱਥੇ ਪਾਣੀ ਪਿਆ ਲਓ।" ਸੌਦਾਗਰ ਨੇ ਆਪਣੇ ਸਾਰੇ ਬਲਦਾਂ ਨੂੰ ਉਸ ਟੋਏ ਵਿਚੋਂ ਪਾਣੀ ਪਿਆ ਲਿਆ। ਜਦ ਸਾਰੇ ਬਲਦ ਰੱਜ ਗਏ ਤਾਂ ਪਾਣੀ ਅਜੇ ਵੀ ਥੋੜ੍ਹਾ ਜਿਹਾ ਬਚ ਗਿਆ। ਸੌਦਾਗਰ ਨੇ ਆਸ਼ਰਮ ਵਿਚ ਰਾਤ ਕੱਟੀ ਅਤੇ ਅਗਲੇ ਦਿਨ ਤੁਰਦਾ ਹੋਇਆ ਦਿਆਲਕ ਰਿਸ਼ੀ ਦੇ ਪੁੱਤਰ ਸਹੰਸਰ ਬਾਹੂ ਨੂੰ ਆਪਣੀ ਲੜਕੀ ਦਾ ਸਾਕ ਕਰ ਗਿਆ। ਜਦ ਉਸ ਸੌਦਾਗਰ ਦੀ ਲੜਕੀ ਜੁਆਨ ਹੋਈ, ਜਦ ਉਸਨੂੰ ਕਿਤੇ ਵਿਆਹੁਣ ਦੀ ਗੱਲ ਤੁਰੀ ਤਾਂ ਸੌਦਾਗਰ ਨੂੰ ਯਾਦ ਆਇਆ ਕਿ ਇਸ ਲੜਕੀ ਦਾ ਰਿਸ਼ਤਾ ਤਾਂ ਉਹ ਦਿਆਲਕ ਰਿਸ਼ੀ ਦੇ ਪੁੱਤਰ ਨੂੰ ਕਰ ਆਇਆ ਸੀ। ਲੁਬਾਣਾ ਸੌਦਾਗਰ ਦੂਜੇ ਦਿਨ ਸਵੇਰੇ ਦਿਆਲਕ ਰਿਸ਼ੀ ਦੇ ਆਸ਼ਰਮ ਵਿਚ ਗਿਆ। ਦਿਆਲਕ ਰਿਸ਼ੀ ਨੂੰ ਜਾ ਕੇ ਮੱਥਾ ਟੇਕਿਆ ਤੇ ਆਖਿਆ, "ਰਿਸ਼ੀ ਜੀ, ਮੈਂ ਤੁਹਾਡੇ ਪੁੱਤਰ ਨੂੰ ਆਪਣੀ ਲੜਕੀ ਦਾ ਸਾਕ ਦੇ ਗਿਆ ਸਾਂ। ਹੁਣ ਮੇਰੀ ਲੜਕੀ ਜੁਆਨ ਹੋ ਗਈ ਹੈ, ਜੰਜ ਲੈਕੇ ਆਓ ਤੇ ਵਿਆਹ ਕੇ ਲੈ ਜਾਓ।" ਦਿਆਲਕ ਰਿਸ਼ੀ ਨੇ ਆਖਿਆ, "ਸੁਣ ਭਾਈ, ਰਿਸ਼ੀ ਕਦੇ ਵੀ ਜੰਜ ਲੈ ਕੇ ਨਹੀਂ ਢੁਕਦੇ। ਆਪਣੀ ਲੜਕੀ ਨੂੰ ਇੱਥੇ ਆਸ਼ਰਮ ਵਿਚ ਲੈ ਆ ਤੇ ਆਪਣੇ ਹੱਥੀਂ ਫੇਰੇ ਕਰ ਜਾ।" ਸੌਦਾਗਰ ਆਪਣੀ ਲੜਕੀ ਨੂੰ ਲੈਕੇ ਆਸ਼ਰਮ ਵਿਚ ਚਲਾ ਗਿਆ। ਉੱਥੇ ਜਾ ਕੇ 'ਪਵਿੱਤਰ ਛਪੜੀ' ਦੇ ਪਾਣੀ ਦੇ ਇਰਦ-ਗਿਰਦ ਆਪਣੀ ਲੜਕੀ ਦੇ 'ਸਹੰਸਰ ਬਾਹੂ' ਨਾਲ ਸੱਤ ਫੇਰੇ ਕਰਾ ਦਿੱਤੇ। ਫੇਰਿਆਂ ਤੋਂ ਬਾਅਦ ਚੰਦਰਵਤੀ ਅਤੇ ਸਹੰਸਰ ਬਾਹੂ ਦੀ ਪਤਨੀ ਨੇ ਭਾਵ ਦੋਹਾਂ ਸੱਸਾ ਨੂੰਹਾਂ ਨੇ 'ਗੋਤ ਕਨਾਲਾ' ਕੀਤਾ। ਇਸ ਤਰ੍ਹਾਂ ਉਹ ਲੜਕੀ ਵੀ ਉਨ੍ਹਾਂ ਦੇ ਗੋਤ ਵਿਚ ਸ਼ਾਮਿਲ ਹੋ ਗਈ। ਇਸ ਉਪਰੰਤ ਸਹੰਸਰ ਬਾਹੂ ਦੇ ਘਰ 'ਸਾਹਸਮੱਲ' ਨਾਮਕ ਲੜਕੇ ਨੇ ਜਨਮ ਲਿਆ ਅਤੇ ਜੁਆਨ ਹੋਣ 'ਤੇ ਉਹ ਵੀ ਲੁਬਾਣਿਆਂ ਵੱਲ ਵਿਆਹਿਆ ਗਿਆ। ਉਸਦੇ ਅੱਗੇ ਦੋ ਪੁੱਤਰ ਪੈਦਾ ਹੋਏ।

ਉਨ੍ਹਾਂ ਵਿਚੋਂ ਇਕ ਦਾ ਨਾਂ ਮਾਲ੍ਹਾ ਅਤੇ ਦੂਜੇ ਦਾ ਨਾਂ ਬੀਢੂ ਰੱਖਿਆ। ਸਾਰੇ ਸਾਂਸੀ ਇਨ੍ਹਾਂ ਦੋਹਾਂ ਦੀ ਔਲਾਦ ਹਨ। ਇਨ੍ਹਾਂ ਦਾ ਕੁਰਸੀਨਾਮਾ ਇਸ ਪ੍ਰਕਾਰ ਹੈ :

ਬ੍ਰਹਮਾ
|
ਅਬੱਬ
|
ਮਰੀਚਕ
|
ਧੌਲਕ
|
ਬ੍ਰਹਿਮੰਡ
|
ਖੰਡ
|
ਅੱਡ
|
ਬਿਆਸ
|
ਕਸੱਬ
|
ਧੌਲ   ਸੂਰਜ
|
ਮਾਨਧਾਸ
|
ਸਹੰਸਰ ਬਾਹੂ
|
ਸਾਂਸ ਮੱਲ
|
ਮਾਲ੍ਹਾ   ਬੀਢੂ
|
ਝਾਂਜਾ ਅਤੇ ਹੋਰ ਦਸ ਭਰਾ   ਕੌਡ ਅਤੇ ਹੋਰ ਗਿਆਰ੍ਹਾਂ ਭਰਾ[5]

ਮਿਸਟਰ ਐਚ. ਐਲ. ਵਿਲੀਅਮ ਜੋ ਕਿ ਉਸ ਸਮੇਂ ਦੇ ਪੰਜਾਬ ਦਾ ਇੱਕ ਪੁਲਿਸ ਅਫ਼ਸਰ ਸੀ, ਪੰਜਾਬ ਵਿੱਚ ਵਿਚਰਣ ਵਾਲੇ ਸਾਂਸੀ ਕਬੀਲੇ ਦੇ ਛੇ ਪਰਿਵਾਰਾਂ ਦਾ ਜ਼ਿਕਰ

ਕਰਦਾ ਹੈ। ਉਸ ਅਨੁਸਾਰ ਸਾਂਸੀ ਕਬੀਲੇ ਦੇ ਲੋਕ ਬਰਸਾਤਾਂ ਦੇ ਦਿਨਾਂ ਵਿੱਚ ਇਕ ਧਾਰਮਿਕ ਕਿਸਮ ਦਾ ਉਤਸਵ ਮਨਾਉਂਦੇ ਹਨ, ਜਿਸ ਬਾਰੇ ਪੱਕੀ ਤਰ੍ਹਾਂ ਕੁਝ ਨਹੀਂ ਕਿਹਾ ਜਾ ਸਕਦਾ। ਇੱਥੇ ਕਬੀਲੇ ਦੇ ਨਿੱਜੀ ਝਗੜੇ ਨਿਬੇੜਨ ਦੇ ਨਾਲ-ਨਾਲ ਵਿਆਹ ਸੰਬੰਧ ਬਣਾ ਕੇ ਖੁਸ਼ੀ ਵੀ ਜ਼ਾਹਰ ਕੀਤੀ ਜਾਂਦੀ ਹੈ। ਇਸ ਸੰਬੰਧੀ ਹੇਠ ਲਿਖੀਆਂ ਥਾਵਾਂ 'ਤੇ ਸਾਂਸੀ ਕਬੀਲੇ ਦੇ ਲੋਕ ਇਕੱਤਰ ਹੁੰਦੇ ਹਨ :

1. ਮਾਹਲਾ ਗੋਤਰ ਦੇ ਲੋਕ ਧਰਮਕੋਟ ਵਿਖੇ ਮਾਹੰਲਾ ਨਾਮਕ ਥਾਂ ਅਤੇ ਫਿਰੋਜ਼ਪੁਰ ਵਿਚ ਗੁਰੂ ਹਰ ਸਹਾਏ ਵਿਖੇ ਇਕੱਤਰ ਹੁੰਦੇ ਹਨ।
2. ਅਰਹਰ ਗੋਤਰ ਦੇ ਲੋਕ ਮਿੰਟਗੁਮਰੀ ਵਿਖੇ ਪਾਕਪਟਨ ਨਾਂ ਦੇ ਥਾਂ 'ਤੇ ਇਕੱਤਰ ਹੁੰਦੇ ਹਨ।

ਇਹ ਲੋਕ ਨਿਗਾਹਾ ਵਿਖੇ ਪੀਰ ਸਖੀ ਸੁਲਤਾਨ, ਕਾਂਗੜਾ ਵਿਖੇ ਜਵਾਲਾਮੁਖੀ, ਬੀਕਾਨੇਰ ਵਿਖੇ ਬੀਬੜੀਆਂ, ਜੇਸਲਮੇਰ ਵਿਖੇ ਫਲੋਦੀ ਅਤੇ ਉਸ ਵੇਲੇ ਦੇ ਸਾਂਝੇ ਰਾਜ ਦੀਆਂ ਹੋਰ ਥਾਵਾਂ 'ਤੇ ਇਕੱਠੇ ਹੁੰਦੇ ਰਹੇ ਹਨ। ਗੁਜਰਾਂਵਾਲਾ, ਸਿਆਲਕੋਟ ਅਤੇ ਗੁਜਰਾਤ ਦੇ ਸਾਂਸੀ ਮੁਸਲਮਾਨ ਹਨ ਜਦ ਕਿ ਉੱਤਰੀ ਜੰਮੂ, ਦੱਖਣੀ ਲਾਹੌਰ, ਅਮ੍ਰਿਤਸਰ, ਗੁਰਦਾਸਪੁਰ ਦੇ ਸਾਂਸੀ ਹਿੰਦੂ ਧਰਮ ਨਾਲ ਸੰਬੰਧਤ ਹਨ। ਗੁਜਰਾਤ ਵਿਚ ਸਾਂਸੀ ਖ਼ਾਸ ਤੌਰ 'ਤੇ ਜੱਟਾਂ ਦੇ ਵੜੈਚ ਗੋਤਰ ਨਾਲ ਸੰਬੰਧਤ ਹਨ ਜਿਨ੍ਹਾਂ ਨੂੰ ਕਿ ਉਨ੍ਹਾਂ ਦਾ ਵਡੇਰਾ ਚੌਧਰੀ ਜੇਤੂ ਅਕਬਰ ਦੇ ਕਾਲ ਵਿਚ ਇੱਥੇ ਲੈ ਕੇ ਆਇਆ ਸੀ। ਇਹ ਸਾਂਸੀ ਲੋਕ ਵੜੈਚ ਕਬੀਲੇ ਦੀ ਬੰਸਾਵਲੀ ਦਾ ਗੁਣਗਾਣ ਕਰਕੇ, ਫਸਲਾਂ ਦੀ ਕਟਾਈ ਸਮੇਂ ਵੜੈਚ ਲੋਕਾਂ ਦੇ ਘਰ-ਘਰ ਜਾ ਕੇ ਉਨ੍ਹਾਂ ਦੇ ਪੁਰਖਿਆਂ ਦਾ ਗੁਣਗਾਣ ਕਰਕੇ ਆਪਣਾ ਗੁਜ਼ਾਰਾ ਕਰਦੇ ਹਨ। ਇਹ ਲੋਕ ਕਬੀਲੇ ਦੀ ਕੋਈ ਹੋਰ ਸੇਵਾ ਨਹੀਂ ਕਰਦੇ। ਜੀਂਦ ਵਿੱਚ ਵੀ ਇਨ੍ਹਾਂ ਲੋਕਾਂ ਦਾ ਸੰਬੰਧ ਜਾਟ ਕਬੀਲਿਆਂ ਨਾਲ ਜੁੜਦਾ ਹੈ।[5]

ਡਾ. ਦਰਿਆ ਰਾਜਸਥਾਨ ਵਿਚੋਂ ਸਾਂਸੀ ਕਬੀਲੇ ਦੀ ਹਿਜ਼ਰਤ ਦੇ ਹੇਠ ਲਿਖੇ ਮੁੱਖ ਕਾਰਨ ਮੰਨਦਾ ਹੈ :

1. ਹੋ ਸਕਦਾ ਹੈ ਕਿ ਕਿਸੇ ਸਮੇਂ ਅਕਾਲ ਪੈ ਗਿਆ ਹੋਵੇ ਅਤੇ ਇਹ ਲੋਕ ਜਿਨ੍ਹਾਂ ਕੋਲ ਆਪਣੀ ਰੋਜ਼ੀ ਰੋਟੀ ਦਾ ਹੋਰ ਕੋਈ ਸਾਧਨ ਨਾ ਬਚਿਆ ਹੋਵੇ ਅਤੇ ਇਨ੍ਹਾਂ ਲੋਕਾਂ ਨੂੰ ਇੱਥੋਂ ਭੁੱਖਮਰੀ ਕਾਰਨ ਹੋਰ ਇਲਾਕਿਆਂ ਨੂੰ ਜਾਣਾ ਪੈ ਗਿਆ ਹੋਵੇ।
2. ਦੂਸਰਾ ਮੁੱਖ ਕਾਰਨ ਮੁਸਲਮਾਨਾਂ ਦੁਆਰਾ ਕੀਤੇ ਹਮਲੇ ਹਨ। ਰਾਜਪੂਤ ਹੋਣ ਕਾਰਨ ਇਨ੍ਹਾਂ ਲੋਕਾਂ ਨੂੰ ਲਗਾਤਾਰ ਮੁਗਲਾਂ ਦੇ ਹਮਲਿਆਂ ਦਾ ਸਾਹਮਣਾ ਕਰਨਾ ਪਿਆ। ਇਸ ਤਰ੍ਹਾਂ ਇਹ ਲੋਕ ਸਾਧਨਾਂ ਦੀ ਕਮੀ ਹੋਣ ਕਰਕੇ ਇਸ ਇਲਾਕੇ ਨੂੰ ਛੱਡ ਕੇ ਦੇਸ਼ ਦੇ ਦੂਸਰੇ ਇਲਾਕਿਆਂ ਵਿਚ ਘੁੰਮਦੇ ਹੋਏ ਪੰਜਾਬ ਵਿਚ ਆ ਗਏ।

ਸਾਂਸੀ ਲੋਕ ਇਕ ਜੁਝਾਰੂ ਅਤੇ ਬਹਾਦਰ ਕੌਮ ਨਾਲ ਸੰਬੰਧ ਰੱਖਦੇ ਹਨ। ਆਦਿ ਕਾਲ ਤੋਂ ਹੀ ਇਹ ਲੋਕ ਕੁਦਰਤੀ ਅਤੇ ਆਪ ਮੁਹਾਰਾ ਜੀਵਨ ਬਤੀਤ ਕਰਦੇ ਆਏ ਹਨ। ਇਨ੍ਹਾਂ ਲੋਕਾਂ ਦੇ ਲੋਕ ਵਿਸ਼ਵਾਸ ਅਤੇ ਧਾਰਮਿਕ ਮਾਨਤਾਵਾਂ ਇਨ੍ਹਾਂ ਦੇ ਲੰਮਾ ਸਮਾਂ ਪ੍ਰਕਿਰਤੀ ਨਾਲ ਸੰਘਰਸ਼ ਵਿਚੋਂ ਉਪਜੇ ਹਨ। ਸਾਂਸੀ ਲੋਕ ਸਦੀਆਂ ਤੋਂ ਹੀ ਆਪਣਾ ਪਸ਼ੂ ਪਠੋਰਾ

ਲੈ ਕੇ ਕੁਦਰਤ ਦੀ ਗੋਦ ਵਿੱਚ ਭਰਪੂਰ ਜੀਵਨ ਮਾਣਦੇ ਆਏ ਹਨ। ਇਨ੍ਹਾਂ ਲੋਕਾਂ ਦੇ ਰਸਮ-ਰਿਵਾਜ਼ ਅਤੇ ਲੋਕਧਾਰਾ ਇਸ ਗੱਲ ਦੀ ਵਿਸਤ੍ਰਿਤ ਪ੍ਰੋੜ੍ਹਤਾ ਵੀ ਕਰਦੀ ਹੈ। ਅੱਜ ਵੀ ਵੱਖ-ਵੱਖ ਖਿੱਤਿਆਂ ਵਿੱਚ ਵਸ ਰਹੇ ਸਾਂਸੀ ਲੋਕ ਭੇਡਾਂ ਬੱਕਰੀਆਂ ਅਤੇ ਹੋਰ ਪਸ਼ੂ ਧਨ ਦੇ ਸਹਾਰੇ ਆਪਣਾ ਜੀਵਨ ਬਤੀਤ ਕਰ ਰਹੇ ਹਨ। ਸਾਂਸੀ ਪਰਿਵਾਰ ਵਿੱਚ ਸੱਤਾ ਘਰ ਦੀ ਸਿਆਣੀ ਔਰਤ ਦੇ ਹੱਥ ਵਿਚ ਹੁੰਦੀ ਹੈ। ਉਹ ਪਰਿਵਾਰ ਦੀ ਨਿਰਵਿਵਾਦ ਮੁਖੀ ਹੁੰਦੀ ਹੈ। ਅਜੋਕੇ ਦੌਰ ਵਿਚ ਇਹ ਭੂਮਿਕਾ ਬਦਲ ਗਈ ਹੈ। ਕਬੀਲੇ ਦੀਆਂ ਕਈ ਪਰੰਪਰਾਵਾਂ ਸਾਂਸੀ ਲੋਕਾਂ ਲਈ ਅਜੇ ਤੀਕ ਸਰਾਪ ਬਣੀਆਂ ਹੋਈਆਂ ਹਨ। ਸਾਂਸੀ ਕਬੀਲੇ ਦੀਆਂ ਔਰਤਾਂ ਅਤੇ ਲੋਕ ਆਪਣੇ ਅਪਰਾਧੀ ਮਰਦਾਂ ਦਾ ਗੁਣਗਾਣ ਕਰਕੇ ਖੁਸ਼ ਹੁੰਦੇ ਹਨ। ਇਸ ਤੋਂ ਇਲਾਵਾ ਕਬੀਲੇ ਵਿਚ ਜੱਦੀ ਪੁਸ਼ਤੀ ਮੁਖਤਿਆਰਾਂ ਅਤੇ ਕਬੀਲਾ ਸਰਦਾਰਾਂ ਦਾ ਰਾਜ ਹੁੰਦਾ ਹੈ। ਇਹ ਸੱਤਾ ਪੀੜ੍ਹੀ ਦਰ ਪੀੜ੍ਹੀ ਅੱਗੇ ਤੋਂ ਅੱਗੇ ਚਲਦੀ ਆਉਂਦੀ ਹੈ। ਅਜਿਹਾ ਵਰਤਾਰਾ ਕਈ ਸਦੀਆਂ ਪਹਿਲਾਂ ਸਕਾਟਲੈਂਡ ਦੇ ਕਬੀਲਾ ਰਾਜਿਆਂ ਵਿਚ ਵੀ ਪ੍ਰਚਲਿਤ ਰਿਹਾ ਹੈ। ਹਰ ਇਕ ਸਾਂਸੀ ਡੇਰੇ ਵਿੱਚ ਅਜਿਹੇ ਕਬੀਲਾ ਸਰਦਾਰਾਂ ਅਤੇ ਮੁਖਤਿਆਰਾਂ ਦਾ ਪ੍ਰਭਾਵ ਰਿਹਾ ਹੈ। ਇਸ ਤਰ੍ਹਾਂ ਇਨ੍ਹਾਂ ਦੀ ਇਹ ਪਿਤਾ ਪੁਰਖੀ ਸੱਤਾ ਅੱਜ ਵੀ ਉਸੇ ਤਰ੍ਹਾਂ ਕਾਇਮ ਹੈ। ਅਜਿਹੇ ਪਰਿਵਾਰ ਸਿਆਲਕੋਟ, ਫਿਰੋਜ਼ਪੁਰ ਅਤੇ ਭਾਰਤ ਦੇ ਹੋਰ ਰਾਜਾਂ ਵਿਚ ਵੀ ਕਾਰਜਸ਼ੀਲ ਰਹੇ ਹਨ। ਇਹ ਲੋਕ ਸ਼ਨੀਵਾਰ ਦੇ ਦਿਨ ਸਾਂਸੀ ਲੋਕਾਂ ਦੀਆਂ ਸਭਾਵਾਂ ਨੂੰ ਵੀ ਸੰਬੋਧਨ ਕਰਦੇ ਆਏ ਹਨ। ਇਸ ਸੰਬੰਧੀ ਇਹ ਕਥਾ ਵੀ ਪ੍ਰਚਲਿਤ ਹੈ ਕਿ ਸਾਂਸੀ ਸਰਦਾਰ ਅਜਿਹੀਆਂ ਸਭਾਵਾਂ ਦੇਵੀ ਨੂੰ ਬਲੀ ਦੇਣ, ਲੁੱਟ ਦਾ ਮਾਲ ਵੰਡਣ ਅਤੇ ਕਿਸੇ ਅਪਰਾਧ ਨੂੰ ਯੋਜਨਾਬੱਧ ਢੰਗ ਨਾਲ ਅੰਜਾਮ ਦੇਣ ਲਈ ਕਰਦੇ ਸਨ। ਇਸ ਸਮੇਂ ਜੂਆ ਖੇਡਣ ਅਤੇ ਸ਼ਰਾਬ ਪੀਣ ਦਾ ਵੀ ਉਚੇਚੇ ਤੌਰ 'ਤੇ ਆਨੰਦ ਲਿਆ ਜਾਂਦਾ ਸੀ। ਇਸ ਤਰ੍ਹਾਂ ਦੀਆਂ ਪੰਚਾਇਤਾਂ ਜ਼ਿਆਦਾਤਰ ਰਾਤ ਨੂੰ ਹੀ ਲੱਗਦੀਆਂ ਸਨ। ਇਹ ਪੰਚਾਇਤਾਂ ਕਬੀਲੇ ਲਈ ਜੱਥੇਬੰਦਕ ਭੂਮਿਕਾ ਅਦਾ ਕਰਦੀਆਂ ਸਨ।

ਭਾਸ਼ਾ : ਸਾਂਸੀ ਕਬੀਲੇ ਦੀ ਇਕ ਖ਼ਾਸ ਜੰਗਲੀ ਭਾਸ਼ਾ ਹੈ। ਇਸ ਸੰਬੰਧੀ ਟੀ. ਗ੍ਰਾਹਮ ਬੇਲੀ ਲਿਖਦਾ ਹੈ ਕਿ ਸਾਂਸੀ ਕਬੀਲੇ ਲਈ ਭਾਸ਼ਾ ਦਾ ਇਕ ਖ਼ਾਸ ਮਹੱਤਵ ਹੈ। ਅਪਰਾਧੀ ਬਿਰਤੀਆਂ ਨਾਲ ਜੁੜੇ ਹੋਣ ਕਰਕੇ ਇਹ ਲੋਕ ਆਪਣੀ 'ਭਾਸ਼ਾ ਅਤੇ ਗੁਪਤ ਭਾਸ਼ਾ' ਨੂੰ ਰੋਜ਼ੀ-ਰੋਟੀ ਅਤੇ ਆਪਸੀ ਸਹਿਚਾਰ ਦੀ ਇਕੋ ਇਕ ਸਮਰੱਥ ਕੜੀ ਦੇ ਰੂਪ ਵਿਚ ਛੁਪਾਉਂਦੇ ਰਹੇ ਹਨ। ਸਾਂਸੀ ਕਬੀਲੇ ਦੀ ਭਾਸ਼ਾ ਨੂੰ ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ :

1. ਬੋਲਚਾਲ ਦੀ ਬੋਲੀ
2. ਗੁਪਤ ਭਾਸ਼ਾ

ਇਨ੍ਹਾਂ ਵਿਚੋਂ ਬੋਲਚਾਲ ਦੀ ਭਾਸ਼ਾ ਸਾਰੇ ਸਾਂਸੀ ਕਬੀਲੇ ਦੀ ਆਪਸੀ ਗੱਲਬਾਤ ਦੀ ਭਾਸ਼ਾ ਨਾਲ ਸੰਬੰਧ ਰੱਖਦੀ ਹੈ ਜਦਕਿ ਗੁਪਤ ਭਾਸ਼ਾ ਕਬੀਲੇ ਦੇ ਅੰਦਰਲੇ ਜੀਵਨ ਅਤੇ ਕਬੀਲਿਆਂ ਦੀ ਵਿਰਾਸਤ ਨਾਲ ਜੁੜੀ ਹੋਈ ਹੈ। ਗੁਪਤ ਭਾਸ਼ਾ ਦਾ ਸ਼ਕਤੀਸ਼ਾਲੀ ਆਧਾਰ ਕਬੀਲੇ ਦੀ ਟੋਟਮ ਟੋਬੂ ਪਰੰਪਰਾ ਹੈ। ਸਾਂਸੀ ਕਬੀਲੇ ਦੇ ਲੋਕ ਜਿੱਥੇ ਆਪਣੀ ਮਾਤ-ਬੋਲੀ

ਵਿਚ ਬੜੇ ਸਹਿਜ ਢੰਗ ਨਾਲ ਗੱਲਬਾਤ ਕਰਦੇ ਹਨ, ਉੱਥੇ ਗੁਪਤ ਭਾਸ਼ਾ ਨੂੰ ਬੜੇ ਚੇਤਨ ਰੂਪ ਵਿਚ ਪ੍ਰਯੋਗ ਕੀਤਾ ਜਾਂਦਾ ਹੈ। ਭਾਵੇਂ ਕਿ ਸਾਂਸੀ ਕਬੀਲੇ ਦੇ ਲੋਕ ਗੁਪਤ ਭਾਸ਼ਾ ਨੂੰ ਬੜੇ ਚੇਤਨ ਰੂਪ ਵਿਚ ਵਰਤਦੇ ਹਨ ਫਿਰ ਵੀ ਇਸ ਭਾਸ਼ਾ ਦਾ ਉਸਾਰ ਪੂਰੇ ਕਬੀਲੇ ਵਿਚ ਐਨੇ ਸ਼ਕਤੀਸ਼ਾਲੀ ਢੰਗ ਨਾਲ ਫੈਲਿਆ ਹੋਇਆ ਹੈ ਕਿ ਕਬੀਲੇ ਦੇ ਲੋਕਾਂ ਲਈ ਇਹ ਭਾਸ਼ਾ ਸਰਵ ਵਿਆਪਕ ਰੂਪ ਧਾਰ ਚੁੱਕੀ ਹੈ। ਕਈ ਵਿਦਵਾਨ ਇਸ ਭਾਸ਼ਾ ਨੂੰ ਅਪਰਾਧ ਜਗਤ ਅਤੇ ਅਪਰਾਧੀ ਮਨੋਬਿਰਤੀਆਂ ਨਾਲ ਜੋੜ ਕੇ ਵੀ ਵੇਖਦੇ ਹਨ ਪਰ ਇਸ ਸੰਬੰਧੀ ਇਹ ਤੱਥ ਵਧੇਰੇ ਪ੍ਰਮਾਣਿਕ ਹੈ ਕਿ ਇਹ ਭਾਸ਼ਾ ਔਖੀਆਂ ਅਤੇ ਸੰਕਟਕਾਲੀਨ ਪਰਿਸਥਿਤੀਆਂ ਦੀ ਉਪਜ ਹੈ। ਸਾਂਸੀ ਕਬੀਲੇ ਦੀ ਭਾਸ਼ਾ ਅਤੇ ਗੁਪਤ ਭਾਸ਼ਾ ਨੂੰ ਕਈ ਵਿਦਵਾਨਾਂ ਨੇ 'ਪੰਜਾਬੀ' ਅਤੇ 'ਉਰਦੂ' ਦਾ ਰੂਪ ਵੀ ਦੱਸਿਆ ਹੈ ਪਰੰਤੂ ਇਹ ਧਾਰਨਾ ਸਰਾਸਰ ਗਲਤ ਹੈ। ਸਾਂਸੀ ਕਬੀਲੇ ਦੀ ਭਾਸ਼ਾ ਅਤੇ ਗੁਪਤ ਭਾਸ਼ਾ 'ਜੰਗਲੀ' ਅਤੇ ਰਾਜਸਥਾਨ ਦੀਆਂ 'ਸਥਾਨਕ' ਭਾਸ਼ਾਵਾਂ ਦਾ ਸੁਮੇਲ ਹੈ।

ਸਾਂਸੀ ਕਬੀਲਾ ਦਾ ਲੋਕ ਜੀਵਨ

ਸਾਂਸੀ ਕਬੀਲੇ ਦੇ ਲੋਕ ਆਪਣਾ ਇਤਿਹਾਸਕ ਪਿਛੋਕੜ ਰਾਜਸਥਾਨ ਨਾਲ ਜੋੜਦੇ ਹਨ। ਇਸ ਸੰਬੰਧੀ ਸਾਂਸੀ ਕਬੀਲੇ ਦੀਆਂ ਮਿੱਥ ਕਥਾਵਾਂ ਅਤੇ ਲੋਕ ਕਹਾਣੀਆਂ ਵੀ ਇਸ ਗੱਲ ਦੀ ਸ਼ਾਹਦੀ ਭਰਦੀਆਂ ਹਨ। ਬਾਕੀ ਹੋਰ ਕਬੀਲਿਆਂ ਵਾਂਗ ਸਾਂਸੀ ਕਬੀਲੇ ਦੇ ਲੋਕ ਵੀ ਇਹ ਦਾਅਵਾ ਕਰਦੇ ਹਨ ਕਿ ਸੰਕਟਕਾਲੀਨ ਪਰਿਸਥਿਤੀਆਂ ਵਿਚ ਇਹ ਲੋਕ ਰਾਜਸਥਾਨ ਦੇ ਵੱਖ-ਵੱਖ ਇਲਾਕਿਆਂ ਵਿਚੋਂ ਹਿਜ਼ਰਤ ਕਰਕੇ ਵੱਖ-ਵੱਖ ਸੁਰੱਖਿਅਤ ਖਿੱਤਿਆਂ ਵੱਲ ਚਲੇ ਗਏ। ਸਾਂਸੀ ਲੋਕ ਆਪਣਾ ਮੂਲ ਰਾਜਪੂਤਾਂ ਵਿਚੋਂ ਮੰਨਦੇ ਹਨ। ਜੇਕਰ ਸਾਂਸੀ ਕਬੀਲੇ ਦੇ ਸਮਾਜ ਸਭਿਆਚਾਰ ਦਾ ਗਹਿਰਾਈ ਨਾਲ ਅਧਿਐਨ ਕੀਤਾ ਜਾਵੇ ਤਾਂ ਇਹ ਗੱਲ ਭਲੀ-ਭਾਂਤ ਸਪੱਸ਼ਟ ਹੋ ਜਾਂਦੀ ਹੈ ਕਿ 'ਸਾਂਸੀ' ਇਕ ਜੰਗਲੀ ਕਬੀਲੇ ਨਾਲ ਸੰਬੰਧ ਰੱਖਦੇ ਹਨ। ਇਨ੍ਹਾਂ ਲੋਕਾਂ ਦਾ ਕਾਰ ਵਿਹਾਰ ਅਤੇ ਰਸਮਾਂ-ਰੀਤਾਂ ਕੁਦਰਤੀ ਜੀਵਨ ਦੇ ਜ਼ਿਆਂਦਾ ਨੇੜੇ ਹਨ। ਜੇਕਰ ਸਾਂਸੀ ਕਬੀਲੇ ਦੀ ਜੀਵਨ ਜਾਚ ਦਾ ਗਹਿਨ ਅਧਿਐਨ ਕੀਤਾ ਜਾਵੇ ਤਾਂ ਇਹ ਗੱਲ ਸਿੱਧ ਹੋ ਜਾਂਦੀ ਹੈ ਕਿ ਇਹ ਲੋਕ ਆਦਿ ਕਾਲ ਤੋਂ ਕੁਦਰਤੀ ਜੀਵਨ ਦਰਸ਼ਨ ਅਨੁਸਾਰ ਆਪਣਾ ਜੀਵਨ ਬਤੀਤ ਕਰਦੇ ਆਏ। ਸਾਂਸੀ ਕਬੀਲੇ ਦੇ ਲੋਕ 'ਆਦਿ ਕਾਲੀ ਆਜੜੀ' ਹਨ। ਇਹ ਲੋਕ ਆਦਿ ਕਾਲ ਤੋਂ ਹੀ ਭੇਡਾਂ ਬਕਰੀਆਂ, ਸੂਰ ਅਤੇ ਖੋਤੇ-ਖੋਤੀਆਂ ਪਲਕੇ ਆਪਣਾ ਗੁਜ਼ਾਰਾ ਕਰਦੇ ਰਹੇ ਹਨ। ਭਾਰਤ ਦੇ ਜ਼ਿਆਦਾਤਰ ਖਾਨਾਬਦੋਸ਼ ਕਬੀਲਿਆਂ ਦਾ ਵਾਹ ਪਸ਼ੂ ਪਠੋਰੇ ਨਾਲ ਰਿਹਾ ਹੈ। ਇਕ ਜੰਗਲੀ ਕੌਮ ਹੋਣ ਕਰਕੇ ਸਾਂਸੀ ਕਬੀਲੇ ਦੇ ਲੋਕਾਂ ਦਾ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਕੇ ਮਾਸ ਖਾਣਾ ਮੁੱਖ ਸ਼ੌਕ ਰਿਹਾ ਹੈ। ਸਾਂਸੀ ਲੋਕ ਸਥਾਈ ਬਸਤੀਆਂ ਵਿਚ ਵਸਣ ਤੋਂ ਪਹਿਲਾਂ ਸਦੀਆਂ ਲੰਮੀ ਖਾਨਾਬਦੋਸ਼ੀ ਵਿਚੋਂ ਗੁਜ਼ਰੇ ਹਨ। ਸਾਂਸੀ ਕਬੀਲਾ ਕਈ ਸਦੀਆਂ ਸ਼ਹਿਰਾਂ ਨਗਰਾਂ ਅਤੇ ਪਿੰਡਾਂ ਤੋਂ ਦੂਰ 'ਇਕਾਂਤਵਾਸੀ' ਅਤੇ 'ਵਣਵਾਸੀ' ਜੀਵਨ ਬਤੀਤ ਕਰਦਾ ਆਇਆ ਹੈ। ਸਾਂਸੀ ਮੁੱਖ ਤੌਰ 'ਤੇ ਪਸ਼ੂ ਪਾਲਕ ਲੋਕ ਹਨ ਜਿਹੜੇ ਕਿ ਹਰੀਆਂ ਚਰਾਗਾਹਾਂ ਦੀ ਭਾਲ ਵਿਚ ਇਕ ਥਾਂ ਤੋਂ ਦੂਜੀ ਥਾਂ ਭਟਕਦੇ

ਰਹੇ ਹਨ। ਜੇਕਰ ਸਾਂਸੀ ਕਬੀਲੇ ਦਾ ਮਰਾਸੀ ਕਬੀਲੇ ਨਾਲ ਤੁਲਨਾਤਮਕ ਅਧਿਐਨ ਕੀਤਾ ਜਾਵੇ ਤਾਂ ਦੋਹਾਂ ਕਬੀਲਿਆਂ ਵਿਚ ਕਾਫੀ ਸਾਂਝ ਵੇਖਣ ਨੂੰ ਮਿਲਦੀ ਹੈ। ਆਪਣੇ ਜਜਮਾਨਾਂ ਅਤੇ ਸਰਦਾਰਾਂ ਦੇ 'ਕੁਰਸੀਨਾਮੇ' ਯਾਦ ਕਰਨ ਦੀ ਪ੍ਰਥਾ ਸਾਂਸੀ ਕਬੀਲੇ ਅਤੇ ਮਰਾਸੀ ਕਬੀਲੇ ਦਾ ਸਾਂਝਾ ਲੱਛਣ ਹੈ। ਇਸ ਤੋਂ ਇਲਾਵਾ ਆਪਣੇ 'ਸਾਈਆਂ' ਦੀ ਵਿਰਾਸਤ ਦਾ ਗੁਣਗਾਨ ਕਰਨਾ ਦੋਹਾਂ ਕਬੀਲਿਆਂ ਦਾ ਪਿਤਾ ਪੁਰਖੀ ਪੇਸ਼ਾ ਰਿਹਾ ਹੈ। ਇਸ ਸੰਬੰਧ ਵਿਚ ਜਿੱਥੇ ਮਰਾਸੀ ਕਬੀਲੇ ਦੇ ਲੋਕ ਦਿਮਾਗੀ ਤੌਰ 'ਤੇ ਹਾਜ਼ਰ-ਜਵਾਬ ਅਤੇ ਚੌਕੰਨੇ ਹਨ, ਉੱਥੇ ਸਾਂਸੀ ਕਬੀਲੇ ਦੇ ਲੋਕ ਮਜ਼ਬੂਤ ਜੁੱਸੇ ਅਤੇ ਮਾਨਸਿਕ ਬੁਲੰਦੀ ਵਾਲੇ ਲੋਕ ਹਨ। ਸਾਂਸੀ ਇਕ ਬੇਪਰਵਾਹ ਅਤੇ ਰਮਤਾ ਕਬੀਲਾ ਹੈ। ਜੰਗਲੀ ਜੀਵਨ ਦੀਆਂ ਦੁਸ਼ਵਾਰੀਆਂ, ਮੁਗਲ ਕਾਲ ਦੀ ਉਥਲ-ਪੁਥਲ ਅਤੇ ਅੰਗਰੇਜ਼ੀ ਰਾਜ ਸਮੇਂ ਲਾਏ ਗਏ ਜਰਾਇਮ ਪੇਸ਼ਾ ਐਕਟ (Criminal Tribes Act) ਨੇ ਸਾਂਸੀ ਕਬੀਲੇ ਦੀ ਰੀੜ 'ਤੇ ਗਹਿਰੀ ਸੱਟ ਮਾਰੀ। ਇਸ ਤਰ੍ਹਾਂ ਵਿਰੋਧੀ ਅਤੇ ਵਿਕਰਾਲ ਪਰਿਸਥਿਤੀਆਂ ਨਾਲ ਲੜਦਾ-ਲੜਦਾ ਇਹ ਬਹਾਦਰ ਕਬੀਲਾ ਆਪਣੀ ਹੋਂਦ ਨੂੰ ਬਚਾਉਣ ਲਈ ਕਈ ਪ੍ਰਕਾਰ ਦੇ ਜੁਰਮਾਂ ਅਤੇ ਅਪਰਾਧਾਂ ਦਾ ਸ਼ਿਕਾਰ ਵੀ ਹੋਇਆ ਹੈ। ਜਦੋਂ ਕੋਈ ਵੀ ਕੌਮ ਜੀਵਨ ਦੇ ਮੁੱਖ ਵਸੀਲਿਆਂ ਤੋਂ ਵਿਰਵੀ ਹੋ ਜਾਂਦੀ ਹੈ, ਅਜਿਹੀ ਸਥਿਤੀ ਵਿਚ ਜ਼ਿਹਨ ਵਿਚ ਅਪਰਾਧਿਕ ਮਨੋਬਿਰਤੀਆਂ ਦਾ ਘਰ ਕਰ ਜਾਣਾ ਸੁਭਾਵਿਕ ਹੈ। ਅਜੋਕੇ ਦੌਰ ਵਿਚ ਵੀ ਇਸ ਕਬੀਲੇ ਦੇ ਕਈ ਲੋਕ 'ਡਰੱਗ ਮਾਫ਼ੀਆ' ਅਤੇ 'ਤਸਕਰਾਂ' ਦੇ ਧੱਕੇ ਚੜ੍ਹੇ ਹੋਏ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਫੜੇ ਜਾਣ 'ਤੇ ਸਾਰੇ ਦਾ ਸਾਰਾ ਅਪਰਾਧ ਸਾਂਸੀ ਕਬੀਲੇ ਦੇ ਲੋਕਾਂ 'ਤੇ ਹੀ ਮੜ੍ਹਿਆ ਜਾਂਦਾ ਹੈ। ਇਸ ਸਭ ਵਰਤਾਰੇ ਪਿਛੇ ਕੰਮ ਕਰ ਰਹੀ ਕੜੀ ਨੂੰ ਪਛਾਣਨਾ ਵੀ ਬਹੁਤ ਜ਼ਰੂਰੀ ਹੈ ਤਾਂ ਕਿ ਇਨ੍ਹਾਂ ਲੋਕਾਂ ਨੂੰ ਜਰਾਇਮ ਪੇਸ਼ਾ ਕੌਮ ਦੇ ਧੱਬੇ ਤੋਂ ਸਹੀ ਅਰਥਾਂ ਵਿਚ ਮੁਕਤੀ ਮਿਲ ਸਕੇ। ਸਾਂਸੀ ਕਬੀਲੇ ਦਾ ਸਮਾਜਿਕ ਸਭਿਆਚਾਰਕ ਅਧਿਐਨ ਕਰਨ ਲੱਗਿਆਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਸਾਂਸੀ ਲੋਕ ਦੂਜੇ ਕਬੀਲਿਆਂ ਵਾਂਗ ਕਬੀਲਾ ਉੱਤਮਤਾ ਵਿਚ ਵਧੇਰੇ ਵਿਸ਼ਵਾਸ ਕਰਦੇ ਹਨ। ਕਬੀਲੇ ਵਿਚ ਸਦੀਆਂ ਤੋਂ ਹੀ ਅੰਦਰਲੇ (Insider) ਅਤੇ ਬਾਹਰਲੇ (Outsider) ਦਾ ਸੰਕਲਪ ਕਾਰਜਸ਼ੀਲ ਹੈ। ਸਾਂਸੀ ਕਬੀਲੇ ਦੇ ਲੋਕ ਕਬੀਲਾ ਪੁਰਖਿਆਂ ਦੀ ਸੱਤਾ ਵਿਚ ਗਹਿਰੀ ਆਸਥਾ ਰੱਖਦੇ ਹਨ। ਸਾਂਸੀ ਲੋਕ ਆਪਣੇ ਕਬੀਲੇ ਦੇ ਆਦਿ ਪੁਰਖਿਆਂ 'ਮਾਲ੍ਹਾ' ਅਤੇ 'ਬੀਢੂ' ਨੂੰ ਆਪਣੇ ਵੰਸ਼ ਦੇ ਮੋਢੀ ਵਡੇਰਿਆਂ ਦੇ ਰੂਪ ਵਿਚ ਪੂਜਦੇ ਹਨ। ਸਾਂਸੀ ਕਬੀਲੇ ਵਿਚ ਮਾਲ੍ਹਾ ਅਤੇ ਬੀਢੂ ਦੀ ਔਲਾਦ ਅੱਗੇ ਤੋਂ ਅੱਗੇ ਜਾ ਕੇ ਵੱਖ-ਵੱਖ ਡੇਰਿਆਂ ਦੇ ਨਾਂ ਹੇਠ ਸਥਾਪਤ ਹੋਈ। ਸਾਂਸੀ ਕਬੀਲੇ ਦੇ ਲੋਕ ਆਜ਼ਾਦੀ ਤੋਂ ਬਾਅਦ ਵੀ ਕਾਫ਼ੀ ਲੰਮਾ ਸਮਾਂ ਵਣਾਂ ਵਿਚ ਆਜੜੀ ਜੀਵਨ ਬਤੀਤ ਕਰਦੇ ਆਏ ਹਨ। ਹਰੀਆਂ ਚਰਾਗਾਹਾਂ ਅਤੇ ਜੰਗਲਾਂ ਦੇ ਖ਼ਤਮ ਹੋਣ ਨਾਲ ਇਹ ਲੋਕ ਇਕ ਥਾਂ 'ਤੇ ਟਿਕ ਕੇ ਗੁਜ਼ਾਰਾ ਕਰਨ ਲੱਗ ਪਏ। ਇਸ ਤਰ੍ਹਾਂ ਇਨ੍ਹਾਂ ਦੀਆਂ ਟਪਰੀਆਂ ਸਥਾਈ ਡੇਰਿਆਂ ਦੇ ਰੂਪ ਵਿਚ ਵਿਕਸਤ ਹੋ ਗਈਆਂ। ਹੌਲ਼ੀ-ਹੌਲ਼ੀ ਸਾਂਸੀ ਲੋਕਾਂ ਦਾ ਪਸ਼ੂ ਪਠੋਰੇ ਦੀ ਅਦਲਾ-ਬਦਲੀ ਅਤੇ ਚਾਰੇ ਆਦਿ ਲਈ ਪਰਨਿਰਭਰਤਾ ਵਧਣ ਨਾਲ ਪੰਜਾਬ ਦੇ ਕਿਸਾਨ ਲੋਕਾਂ ਨਾਲ ਰਾਬਤਾ ਵਧਣ ਲੱਗ ਪਿਆ। ਇਸ ਪ੍ਰਕਾਰ ਮਾਲ ਇੱਜੜ ਅਤੇ

ਕੰਮਕਾਰ ਪੱਖੋਂ ਦੋਵੇਂ ਧਿਰਾਂ ਇਕ ਦੂਜੇ 'ਤੇ ਨਿਰਭਰ ਹੋ ਗਈਆਂ। ਇਸ ਤਰ੍ਹਾਂ ਭਾਰਤ ਵਿਚ ਵਸਣ ਵਾਲੇ ਵੱਖ-ਵੱਖ ਸਾਂਸੀ ਲੋਕਾਂ ਨੇ ਆਪਣੇ ਆਪ ਨੂੰ ਖਿੱਤਿਆਂ ਦੇ ਸਥਾਨਕ ਜੀਵਨ ਅਨੁਸਾਰ ਢਾਲ ਲਿਆ। ਇਸ ਤਰ੍ਹਾਂ ਪੰਜਾਬ ਦੇ ਸਾਂਸੀ ਵੀ ਆਜੜੀ, ਪਸ਼ੂ ਪਾਲਣ, ਖੇਤੀਬਾੜੀ ਅਤੇ ਪਿੰਡਾਂ ਵਿਚ ਕਈ ਹੋਰ ਕਿਰਤ ਨਾਲ ਸੰਬੰਧਤ ਧੰਦਿਆਂ ਨਾਲ ਜੁੜ ਗਏ। ਇਸ ਸੰਦਰਭ ਵਿਚ ਸਾਂਸੀ ਕਬੀਲੇ ਦਾ ਇਕ ਵਰਗ 'ਵਿਰਾਸਤੀ ਕੁਰਸੀਨਾਮਿਆਂ' ਦੀ ਕਲਾ ਨਾਲ ਜੁੜ ਗਿਆ। ਇਨ੍ਹਾਂ ਲੋਕਾਂ ਦਾ ਕੰਮ ਆਪਣੇ ਸਰਦਾਰਾਂ ਦੇ ਕੁਰਸੀਨਾਮੇ ਯਾਦ ਕਰਕੇ, ਲੋੜ ਪੈਣ 'ਤੇ ਇਨ੍ਹਾਂ ਦਾ ਇਨ-ਬਿਨ ਦੁਹਰਾ ਕਰਨਾ ਸੀ। ਇਸ ਤਰ੍ਹਾਂ ਵਿਰਾਸਤੀ ਝਗੜਿਆਂ ਦੀ ਸੂਰਤ ਵਿਚ ਸਾਂਸੀ ਲੋਕਾਂ ਦੀ ਭੂਮਿਕਾ ਬੜੀ ਮਹੱਤਵਪੂਰਨ ਹੁੰਦੀ ਸੀ। ਪਿੰਡਾਂ ਤੇ ਜ਼ਿਆਦਾਤਰ ਨਿਰਭਰ ਹੋ ਜਾਣ ਕਾਰਨ ਇਨ੍ਹਾਂ ਵਿਚੋਂ ਕਈ ਲੋਕ 'ਬੁੱਤੀਆਂ' ਅਤੇ 'ਝੱਲੀਆਂ' ਦੇ ਸਹਾਰੇ ਆਪਣਾ ਜੀਵਨ ਨਿਰਬਾਹ ਕਰਨ ਲੱਗ ਪਏ। 'ਬੁੱਤੀ' ਸ਼ਬਦ ਆਪਣੇ ਸਾਂਈਆਂ ਦੀ ਵਗਾਰ ਨਾਲ ਸੰਬੰਧਤ ਹੈ ਜਦਕਿ 'ਝੱਲੀ' ਵਿਆਹ 'ਤੇ ਲੁਟਾਏ ਜਾਣ ਵਾਲੇ ਪੈਸੇ ਕਲਾਮਈ ਢੰਗ ਨਾਲ ਬੁਚਣ ਦਾ ਇਕ ਤਰੀਕਾ ਹੈ। ਇਸ ਤਰ੍ਹਾਂ ਸਾਂਸੀ ਲੋਕ ਪੰਜਾਬ ਦੇ ਪਿੰਡਾਂ ਦਾ ਇਕ ਜ਼ਰੂਰੀ ਅੰਗ ਬਣ ਗਏ। ਇਸ ਤੋਂ ਇਲਾਵਾ ਇਹ ਲੋਕ ਦੁੱਧ, ਉੱਨ ਅਤੇ ਮਾਸ ਲਈ ਭੇਡਾਂ ਬੱਕਰੀਆਂ ਪਾਲ ਕੇ ਆਪਣਾ ਗੁਜ਼ਾਰਾ ਕਰਦੇ ਸਨ। ਇਨ੍ਹਾਂ ਵਿਚੋਂ ਕੁਝ ਲੋਕ ਗਧੇ-ਗਧੀਆਂ ਦਾ ਵਪਾਰ ਵੀ ਕਰਦੇ ਸਨ। ਇਸ ਕਬੀਲੇ ਬਾਰੇ ਸਭ ਤੋਂ ਮਹੱਤਵ-ਪੂਰਨ ਗੱਲ ਇਹ ਹੈ ਕਿ ਸਾਂਸੀ ਲੋਕਾਂ ਨੇ ਪਿੰਡਾਂ ਵਿਚ ਰਹਿੰਦਿਆਂ ਹੋਇਆਂ ਵੀ ਆਪਣੀ ਬੋਲੀ, ਗੁਪਤ ਭਾਸ਼ਾ ਅਤੇ ਸਭਿਆਚਾਰ ਨੂੰ ਅਜੇ ਤੀਕ ਬਣਾ ਕੇ ਰੱਖਿਆ ਹੋਇਆ ਹੈ। ਸਾਂਸੀ ਕਬੀਲੇ ਦੇ ਲੋਕ ਮਾਈ ਸੀੜੋ, ਸਖੀ ਸਰਵਰ, ਗੁੱਗਾ ਜ਼ਾਹਰਾ ਪੀਰ ਅਤੇ ਕਬੀਲਾ ਪੁਰਖਿਆਂ ਮਾਲ੍ਹਾ ਅਤੇ ਬੀਢੂ ਨੂੰ ਪੂਜਦੇ ਹਨ। ਪਰ ਅਜੋਕੇ ਦੌਰ ਵਿਚ ਸਾਂਸੀ ਲੋਕ ਹਿੰਦੂ ਧਰਮ ਅਤੇ ਸਿੱਖ ਧਰਮ ਦੀਆਂ ਰਵਾਇਤਾਂ ਦੇ ਅਨੁਸਾਰੀ ਹੋ ਰਹੇ ਹਨ। ਇਸ ਤਰ੍ਹਾਂ ਇਹ ਲੋਕ ਦੋ ਵੱਖ-ਵੱਖ ਸਭਿਆਚਾਰਾਂ ਵਿਚ ਵਿਚਰਦੇ ਹੋਏ ਇਕ ਮਿਸ਼ਰਤ ਅਤੇ ਵਿਲੱਖਣ ਸਭਿਆਚਾਰ ਦੇ ਧਾਰਨੀ ਬਣ ਗਏ ਹਨ। ਦੇਸ਼ ਦੀ ਆਜ਼ਾਦੀ ਤੋਂ ਬਾਅਦ 1952 ਵਿਚ ਜਰਾਇਮ ਪੇਸ਼ਾ ਐਕਟ ਦੇ ਖਤਮ ਹੋਣ ਨਾਲ ਜਿੱਥੇ ਇਨ੍ਹਾਂ ਲੋਕਾਂ ਨੂੰ ਮਾਨਸਿਕ ਆਜ਼ਾਦੀ ਮਿਲੀ, ਉੱਥੇ ਨਾਲ ਹੀ ਮਾੜੀ ਆਰਥਿਕ ਸਥਿਤੀ ਨੇ ਇਨ੍ਹਾਂ ਲੋਕਾਂ ਨੂੰ ਬੁਰੀ ਤਰ੍ਹਾਂ ਦਬੋਚੀ ਰੱਖਿਆ ਹੈ ਜਿਸਦੇ ਸਿੱਟੇ ਵਜੋਂ ਕੁਝ ਲੋਕ ਅਜੇ ਤੀਕ ਤਸਕਰਾਂ ਦੇ ਹੱਥਠੋਕੇ ਬਣੇ ਹੋਏ ਹਨ। ਅਜੋਕੇ ਦੌਰ ਵਿਚ ਭਾਵੇਂ ਕਿ ਸਾਂਸੀ ਕਬੀਲਾ ਜਰਾਇਮ ਪੇਸ਼ਾ ਐਕਟ, ਅਖੌਤੀ ਅਤੇ ਬਾਹਰੋਂ ਥੋਪੇ ਗਏ ਅਪਰਾਧਨਾਮੇ ਤੋਂ ਮੁਕਤ ਹੋ ਚੁੱਕਾ ਹੈ ਪਰੰਤੂ ਫਿਰ ਵੀ ਪੁਲਿਸ ਅਤੇ ਉੱਚੀਆਂ ਜਾਤੀਆਂ ਦੇ ਲੋਕ ਇਨ੍ਹਾਂ ਲੋਕਾਂ ਨੂੰ ਹਿਕਾਰਤ ਦੀ ਨਜ਼ਰ ਨਾਲ ਵੇਖਦੇ ਹਨ। ਵਿਸ਼ਵੀਕਰਨ ਦੇ ਇਸ ਤੇਜ਼ ਤਰਾਰ ਯੁੱਗ ਵਿਚ ਸਾਂਸੀ ਕਬੀਲੇ ਦੇ ਲੋਕ ਆਪਣੇ ਪਿਤਾ ਪੁਰਖੀ ਧੰਦਿਆਂ ਤੋਂ ਵਿਰਵੇ ਹੋ ਗਏ ਹਨ। ਕਬੀਲੇ ਵਿਚ ਸਿੱਖਿਆ ਅਤੇ ਸਿਹਤ ਸਹੂਲਤਾਂ ਦੀ ਘਾਟ ਬਹੁਤ ਰੜਕਦੀ ਹੈ। ਮਾਲਵੇ ਦੇ ਸਾਂਸੀ ਤਸਕਰਾਂ ਅਤੇ ਮਾੜੇ ਲੋਕਾਂ ਦੇ ਹੱਥਾਂ ਵਿਚ ਖੇਡ ਰਹੇ ਹਨ। ਅੱਜ ਆਪਣੇ ਹੀ ਮੁਲਕ ਵਿਚ ਸਾਂਸੀ ਲੋਕ ਬੇਗਾਨਿਆਂ ਵਾਲਾ ਜੀਵਨ

ਬਤੀਤ ਕਰ ਰਹੇ ਹਨ। ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿਚ ਵਸ ਰਹੇ ਸਾਂਸੀ ਲੋਕਾਂ ਦੇ ਜੀਵਨ ਦਾ ਨਵਾਂ ਦੌਰ ਅਜੇ ਆਰੰਭ ਹੋਣਾ ਹੈ। ਸਾਂਸੀ ਕਬੀਲੇ ਦੇ ਮਾਝੇ ਅਤੇ ਦੁਆਬੇ ਨਾਲ ਸੰਬੰਧਤ ਕੁਝ ਪਰਿਵਾਰ ਭਾਵੇਂ ਆਰਥਿਕ ਪੱਖੋਂ ਕਾਫ਼ੀ ਖੁਸ਼ਹਾਲ ਹਨ ਪਰੰਤੂ ਕਬੀਲੇ ਦੀ ਬਹੁ-ਗਿਣਤੀ ਅਜੇ ਵੀ ਦੋ ਵਕਤ ਦੀ ਰੋਜ਼ੀ-ਰੋਟੀ ਤੋਂ ਮੁਹਤਾਜ ਹੈ। ਇਸ ਸੰਬੰਧ ਵਿਚ ਸਾਂਸੀ ਕਬੀਲੇ ਦੀ ਸਥਿਤੀ ਬਹੁਤ ਤਰਸਯੋਗ ਹੈ। ਭਾਵੇਂ ਕਿ ਕਬੀਲੇ ਦੇ ਲੋਕ ਲੜਕੀਆਂ ਦੀ ਸਿੱਖਿਆ ਪ੍ਰਤੀ ਕਾਫੀ ਹੱਦ ਤੱਕ ਚੇਤਨ ਵੀ ਹੋਏ ਹਨ, ਇਸ ਸਭ ਦੇ ਬਾਵਜੂਦ ਸਾਂਸੀ ਕਬੀਲੇ ਦੇ ਬਹੁਤੇ ਬੱਚਿਆਂ ਦੀ ਸਿੱਖਿਆ ਅਧਵਾਟੇ ਹੀ ਦਮ ਤੋੜ ਜਾਂਦੀ ਹੈ। ਸਿਹਤ ਅਤੇ ਸਿੱਖਿਆ ਸੰਬੰਧੀ ਸਾਂਸੀ ਕਬੀਲੇ ਵਿਚ ਸ਼ਕਤੀਕਰਨ ਦੀ ਬਹੁਤ ਲੋੜ ਹੈ। ਸਾਂਸੀ ਕਬੀਲੇ ਵਿਚ ਔਰਤ ਦੀ ਮਾਨਸਿਕਤਾ ਸਦੀਆਂ ਤੋਂ ਪਰੰਪਰਿਕ ਰੂੜ੍ਹੀਆਂ ਅਤੇ ਮਨਾਹੀਆਂ ਦੀ ਜਕੜ ਵਿਚ ਰਹਿਣ ਕਾਰਨ ਦੱਬੂ ਕਿਸਮ ਦੀ ਬਣੀ ਹੋਈ ਹੈ। ਸਾਂਸੀ ਕਬੀਲੇ ਵਿਚ ਭਾਵੇਂ ਲੜਕੀਆਂ ਦੀ ਸਿੱਖਿਆ ਦਾ ਭਰਵਾਂ ਆਗਾਜ਼ ਹੋ ਚੁੱਕਿਆ ਹੈ ਪਰੰਤੂ ਫਿਰ ਵੀ ਸਾਂਸੀ ਕਬੀਲੇ ਦੀਆਂ ਲੜਕੀਆਂ ਨੇ ਸਿੱਖਿਆ ਸੰਬੰਧੀ 'ਪਰਵਾਜ਼' ਅਜੇ ਭਰਨੀ ਹੈ। ਸਦੀਆਂ ਪੁਰਾਣੀਆਂ ਰਵਾਇਤਾਂ ਦੇ ਚਲਦਿਆਂ ਸਾਂਸੀ ਕਬੀਲੇ ਦੇ ਬਹੁਤੇ ਲੋਕ ਅਜੇ ਵੀ ਦਕੀਆਨੂਸੀ ਅਤੇ ਪਿਛਾਂਹ ਖਿਚੂ ਖਿਆਲਾਂ ਦੇ ਧਾਰਨੀ ਹਨ। ਇਨ੍ਹਾਂ ਲੋਕਾਂ ਦੇ ਮੱਥੇ ਵਿਚ ਅਜੇ ਵੀ ਪਰੰਪਰਾ ਨਾਗ ਵਾਂਗ 'ਕੁੰਡਲ' ਮਾਰ ਕੇ ਬੈਠੀ ਹੋਈ ਹੈ। ਜੇਕਰ ਸਾਂਸੀ ਕਬੀਲੇ ਦੇ ਸਮਾਜ ਸਭਿਆਚਾਰ ਦਾ ਗਹੁ ਨਾਲ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਹ ਗੱਲ ਵਾਰ-ਵਾਰ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਸਾਂਸੀ ਕਬੀਲੇ ਦੀਆਂ ਬਸਤੀਆਂ ਅਤੇ ਡੇਰਿਆਂ ਦਾ ਮਾਹੌਲ ਅਜੇ ਵੀ ਪਰੰਪਰਾਗਤ ਅਤੇ ਰੂੜ੍ਹੀਵਾਦੀ ਹੈ। ਇਸ ਤੋਂ ਇਲਾਵਾ ਡੇਰਿਆਂ ਵਿਚ ਜ਼ਿਆਦਾਤਰ ਭੈਅ ਅਤੇ ਸ਼ੱਕ ਦਾ ਵਾਤਾਵਰਣ ਬਣਿਆ ਰਹਿੰਦਾ ਹੈ। ਅਜਿਹੇ ਅਸਾਵੇਂ ਮਾਹੌਲ ਵਿਚ ਬੱਚਿਆਂ ਦੇ ਸਰਵਪੱਖੀ ਵਿਕਾਸ ਅਤੇ ਸਿੱਖਿਆ ਦਾ ਪ੍ਰਫੁੱਲਤ ਹੋਣਾ ਬਹੁਤ ਮੁਸ਼ਕਿਲ ਹੈ। ਇਸ ਲਈ ਸਾਂਸੀ ਕਬੀਲੇ ਦੇ ਡੇਰਿਆਂ ਵਿਚ ਸਿਹਤ ਅਤੇ ਸਿੱਖਿਆ ਸੰਬੰਧੀ ਸੰਤੁਲਿਤ ਮਾਹੌਲ ਪੈਦਾ ਕਰਨਾ ਸਮੇਂ ਦੀ ਮੁੱਖ ਲੋੜ ਹੈ। ਅਜੋਕੇ ਦੌਰ ਦੀ ਵਿਗਿਆਨਕ ਤਰੱਕੀ ਅਤੇ ਵਿਸ਼ਵੀਕਰਨ ਦੀ ਪ੍ਰਕਿਰਿਆ ਦੇ ਬਾਵਜੂਦ ਸਾਂਸੀ ਲੋਕ ਭਾਰਤ ਵਿਚ ਵੱਖ-ਵੱਖ ਨਾਵਾਂ ਹੇਠ ਅਜਨਬੀਆਂ (Strangers) ਵਾਂਗ ਜੀਵਨ ਬਤੀਤ ਕਰ ਰਹੇ ਹਨ। ਵਿਸ਼ਵੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਨੇ ਸਾਂਸੀ ਕਬੀਲੇ ਦੀ ਸਮਾਜਿਕ ਸੰਰਚਨਾ 'ਤੇ ਗਹਿਰੀ ਸੱਟ ਮਾਰੀ ਹੈ। ਖੁੱਲ੍ਹੀ ਮੰਡੀ ਦੇ ਸੰਕਲਪ ਦੇ ਤਹਿਤ ਜਿੱਥੇ ਇਹ ਕਬੀਲੇ ਆਪਣੀਆਂ ਲੋਕ ਪਰੰਪਰਾ ਅਤੇ ਕਲਾ ਤੋਂ ਵਿਰਵੇ ਹੋ ਗਏ ਹਨ, ਉੱਥੇ ਨਾਲ ਹੀ ਮਨੋਰੰਜਨ ਕਲਾ ਅਤੇ ਸਭਿਆਚਾਰ ਦੇ ਖੇਤਰ ਵਿਚ ਨਵੀਆਂ ਤਬਦੀਲੀਆਂ ਹੋਣ ਕਾਰਨ ਇਨ੍ਹਾਂ ਲੋਕਾਂ ਦੀ ਸਮਾਜਿਕ ਸਭਿਆਚਾਰਕ ਭੂਮਿਕਾ ਗੌਣ ਹੋ ਗਈ ਹੈ। ਅਜੋਕੇ ਦੌਰ ਵਿਚ ਸਾਂਸੀ ਕਬੀਲੇ ਦੇ ਲੋਕ ਮਜ਼ਦੂਰੀ ਅਤੇ ਹੋਰ ਨਿਮਨ ਪ੍ਰਕਾਰ ਦੇ ਧੰਦੇ ਕਰਕੇ ਆਪਣਾ ਗੁਜ਼ਾਰਾ ਕਰ ਰਹੇ ਹਨ। ਸਾਡੇ ਸਭਿਆਚਾਰ ਵਿਚ ਮਹੱਤਵਪੂਰਨ ਦਰਜਾ ਰੱਖਣ ਵਾਲੇ ਇਹ ਲੋਕ ਅਜੋਕੇ ਦੌਰ ਵਿਚ ਹਾਸ਼ੀਆਕ੍ਰਿਤ ਹੋਣੀ ਭੋਗਣ ਲਈ ਮਜ਼ਬੂਰ ਹਨ।

ਸਾਂਸੀ ਕਬੀਲੇ ਦੀਆਂ ਰਸਮਾਂ-ਰੀਤਾਂ

ਜਨਮ ਰਸਮਾਂ

1. **ਬੱਚੇ ਦੀ ਆਮਦ :** ਸਾਂਸੀ ਕਬੀਲੇ ਵਿਚ ਗਰਭਵਤੀ ਔਰਤ ਦਾ ਜਣੇਪਾ ਘਰ ਵਿਚ ਹੀ ਕਬੀਲਾ ਦਾਈ ਅਤੇ ਪਰਿਵਾਰ ਦੀਆਂ ਸਿਆਣੀਆਂ ਔਰਤਾਂ ਦੀ ਹਾਜ਼ਰੀ ਵਿਚ ਪ੍ਰਵਾਨ ਚੜ੍ਹਦਾ ਹੈ।ਬੱਚੇ ਦੇ ਜਨਮ ਤੋਂ ਤੁਰੰਤ ਬਾਅਦ ਮਾਂ ਅਤੇ ਬੱਚੇ ਦਾ ਗੁੜ ਜਾਂ ਸ਼ੱਕਰ ਨਾਲ ਮੂੰਹ ਮਿੱਠਾ ਕਰਵਾਇਆ ਜਾਂਦਾ ਹੈ। ਬੱਚੇ ਨੂੰ ਗੁੜ੍ਹਤੀ ਵੀ ਗੁੜ ਦੀ ਹੀ ਦਿੱਤੀ ਜਾਂਦੀ ਹੈ। ਬੱਚੇ ਦੇ ਜਨਮ ਉਪਰੰਤ ਸਾਰੇ ਪਰਿਵਾਰ ਅਤੇ ਡੇਰੇ ਵਿਚ ਗੁੜ ਵੰਡ ਕੇ ਉਚੇ ਚੀ ਖੁਸ਼ੀ ਜ਼ਾਹਰ ਕੀਤੀ ਜਾਂਦੀ ਹੈ। ਕਬੀਲੇ ਵਿਚ ਪੁੱਤਰ ਪੈਦਾ ਹੋਣ 'ਤੇ ਉਸਨੂੰ ਪਰਿਵਾਰ ਦਾ ਜਾਨਸ਼ੀਨ ਸਮਝ ਕੇ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਹੈ। ਲੜਕੀ ਪੈਦਾ ਹੋਣ ਦੀ ਸੂਰਤ ਵਿਚ ਉਸ ਨੂੰ 'ਦੇਵੀ' ਦਾ ਰੁਤਬਾ ਦਿੱਤਾ ਜਾਂਦਾ ਹੈ।

2. **ਸ਼ਿਲੇ ਦੀ ਸਥਾਪਨਾ :** ਸਾਂਸੀ ਕਬੀਲੇ ਵਿਚ ਬੱਚੇ ਦੇ ਜਨਮ ਉਪਰੰਤ ਘਰ ਵਿਚ ਸ਼ਿਲੇ ਦੀ ਸਥਾਪਨਾ ਕਰ ਦਿੱਤੀ ਜਾਂਦੀ ਹੈ। ਕਬੀਲੇ ਦੇ ਲੋਕ ਚਾਲੀ ਦਿਨਾਂ ਤੱਕ ਸਖ਼ਤੀ ਨਾਲ ਸ਼ਿਲੇ ਦੀ ਪਾਲਣਾ ਕਰਦੇ ਹਨ। ਭਾਵ ਇਹ ਘਰ ਪਰਿਵਾਰ ਤੋਂ ਬਾਹਰਲੇ ਅਤੇ ਅਜਨਬੀ ਲੋਕਾਂ ਲਈ ਵਰਜਿਤ ਕਰ ਦਿੱਤਾ ਜਾਂਦਾ ਹੈ। ਬੱਚੇ ਦੇ ਜਨਮ ਤੋਂ ਤੁਰੰਤ ਬਾਅਦ ਮਾਂ ਅਤੇ ਬੱਚੇ ਦੇ ਸਿਰਹਾਣੇ ਪਾਣੀ ਦਾ ਕੋਈ ਬਰਤਨ ਭਰ ਕੇ ਰੱਖ ਦਿੱਤਾ ਜਾਂਦਾ ਹੈ। ਇਸਦੇ ਨਾਲ ਹੀ ਘਰ ਵਿਚ ਪਾਥੀਆਂ ਦੀ ਅੱਗ ਧੁਖਾ ਦਿੱਤੀ ਜਾਂਦੀ ਹੈ। ਇਹ ਦੋਵੇਂ ਰਸਮਾਂ 'ਖਵਾਜ਼ਾ ਪੀਰ' ਅਤੇ 'ਅਗਨ ਦੇਵ' ਨੂੰ ਹਾਜ਼ਰ-ਨਾਜ਼ਰ ਜਾਣ ਕੇ ਪੂਰੀਆਂ ਕੀਤੀਆਂ ਜਾਂਦੀਆਂ ਹਨ। ਇਸ ਤੋਂ ਬਾਅਦ 'ਚਿੱਟੀ ਸਰ੍ਹੋਂ' ਅਤੇ 'ਹਿੰਗ' ਕਿਸੇ ਸਾਫ਼ ਸੁਥਰੇ ਕੱਪੜੇ ਵਿਚ ਗੰਢਾਂ ਮਾਰ ਕੇ ਨਵਜਾਤ ਬੱਚੇ ਦੇ ਗੁੱਟ ਨਾਲ ਬੰਨ੍ਹ ਦਿੱਤੀ ਜਾਂਦੀ ਹੈ। ਇਸ ਰਸਮ ਤੋਂ ਬਾਅਦ ਮਾਂ ਅਤੇ ਬੱਚੇ ਦੇ ਸਿਰਹਾਣੇ ਭੂਤਾਂ-ਪ੍ਰੇਤਾਂ ਅਤੇ ਨਜ਼ਰ ਤੋਂ ਰੱਖਿਆ ਲਈ ਕੋਈ ਲੋਹੇ ਦਾ ਹਥਿਆਰ ਰੱਖ ਦਿੱਤਾ ਜਾਂਦਾ ਹੈ। ਕਈ ਲੋਕ ਮੰਜੇ ਦੇ ਸਿਰਹਾਣੇ ਲੋਹੇ ਦਾ ਜੰਦਰਾ ਵੀ ਮਾਰ ਦਿੰਦੇ ਹਨ। ਜੰਦਰਾ 'ਬੰਧਨ' ਦਾ ਸੰਕੇਤ ਹੈ।

3. **ਬੂਹੇ ਅੱਗੇ ਅੱਕ ਬੰਨ੍ਹਣ ਦੀ ਰਸਮ :** ਕਬੀਲੇ ਦੇ ਲੋਕ ਘਰ ਵਿਚ ਬੱਚੇ ਦੇ ਜਨਮ ਤੋਂ ਬਾਅਦ ਬੂਹੇ ਅੱਗੇ ਅੱਕ ਬੰਨ੍ਹਣ ਦੀ ਰਸਮ ਅਦਾ ਕਰਦੇ ਹਨ। ਕਈ ਲੋਕ ਹਰਾ ਅੱਕ ਵੱਢ ਕੇ ਆਪਣੇ ਬੂਹੇ ਜਾਂ ਛੱਤ ਉੱਪਰ ਪਾ ਦਿੰਦੇ ਹਨ। ਸਾਂਸੀ ਲੋਕ ਅੱਕ ਨੂੰ ਮਾਂ ਅਤੇ ਬੱਚੇ ਦੀ ਅਰੋਗਤਾ ਨਾਲ ਜੋੜ ਕੇ ਵੇਖਦੇ ਹਨ। ਅਜੋਕੇ ਸਮੇਂ ਅੱਕ ਦੀ ਘਾਟ ਕਾਰਨ ਜ਼ਿਆਦਾਤਰ ਲੋਕ ਅੱਕ ਦੀ ਥਾਵੇਂ ਨਿੰਮ੍ਹ ਬੰਨ੍ਹਣ ਨੂੰ ਤਰਜੀਹ ਦਿੰਦੇ ਹਨ। ਇਹ ਸਭ ਕੁਝ ਕਬੀਲਾ 'ਟੋਟਮ' ਦੇ ਦਾਇਰੇ ਵਿਚ ਆਉਂਦਾ ਹੈ। ਇਸ ਤੋਂ ਇਲਾਵਾ ਹਰੇ ਅੱਕ ਨੂੰ ਕਬੀਲੇ ਵਿਚ ਖੁਸ਼ਹਾਲੀ ਦਾ ਪ੍ਰਤੀਕ ਸਮਝਿਆ ਜਾਂਦਾ ਹੈ।

4. **ਕਬੀਲਾ ਵਰਜਨਾਵਾਂ :** ਸਾਂਸੀ ਕਬੀਲੇ ਵਿਚ ਬੱਚੇ ਦੇ ਜਨਮ ਤੋਂ ਬਾਅਦ ਸ਼ਿਲੇ ਦੇ ਚਲਦਿਆਂ ਕਈ ਕਿਸਮ ਦੀਆਂ ਮਨਾਹੀਆਂ ਅਤੇ ਵਰਜਨਾਵਾਂ ਲਾਗੂ ਕੀਤੀਆਂ ਜਾਂਦੀਆਂ ਹਨ। ਕਬੀਲੇ ਵਿਚ ਪ੍ਰਸੂਤ ਵਾਲਾ ਘਰ ਧਾਗੇ ਤਵੀਤ ਵਾਲੀਆਂ ਔਰਤਾਂ ਅਤੇ ਤਾਂਤਰਿਕਾਂ ਲਈ ਵਰਜਿਤ ਹੁੰਦਾ ਹੈ। ਇਸ ਤੋਂ ਇਲਾਵਾ ਕਬੀਲੇ ਵਿਚ 'ਬਦਸ਼ਗਨ' ਵਜੋਂ ਜਾਣੇ ਜਾਂਦੇ

ਵਿਅਕਤੀ ਲਈ ਸ਼ਿਲੇ ਵਾਲੇ ਘਰ ਦਾਖ਼ਲ ਹੋਣ ਦੀ ਮਨਾਹੀ ਪ੍ਰਚੱਲਿਤ ਹੈ। ਇਸਦੇ ਨਾਲ ਹੀ ਕਬੀਲੇ ਦੇ ਲੋਕ ਬਾਂਝ ਔਰਤ, ਓਪਰੀ ਕਸਰ ਵਾਲੇ ਬੰਦੇ ਅਤੇ ਟੂਣੇਹਾਰੀ ਔਰਤ ਤੋਂ ਵੀ ਸ਼ਿਲੇ ਦੀ ਰੱਖਿਆ ਕਰਦੇ ਹਨ। ਇਨ੍ਹਾਂ ਮਨਾਹੀਆਂ ਅਤੇ ਵਰਜਨਾਵਾਂ ਦੇ ਚਲਦਿਆਂ ਕਬੀਲੇ ਦੇ ਲੋਕ ਮਾਂ ਅਤੇ ਬੱਚੇ ਨੂੰ ਭੂਤਾਂ-ਪ੍ਰੇਤਾਂ ਅਤੇ ਨਜ਼ਰ ਤੋਂ ਬਚਾਉਣ ਲਈ ਕਈ ਕਿਸਮ ਦੇ ਓਹੜ-ਪਹੁੜ ਕਰਦੇ ਹਨ।

5. **ਬੱਚੇ ਨੂੰ ਨੁਹਾਉਣ ਦੀ ਰਸਮ** : ਕਬੀਲੇ ਵਿਚ ਬੱਚੇ ਨੂੰ ਜਨਮ ਤੋਂ ਪੰਜਵੇਂ ਦਿਨ ਨਹਾਉਣ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਇਸ ਰਸਮ ਵਿਚ ਬੱਚੇ ਨੂੰ ਚੰਗੀ ਤਰ੍ਹਾਂ ਨੁਹਾ ਸੰਵਾਰ ਕੇ ਉਸਦੇ ਨਵੇਂ ਕੱਪੜੇ ਪੁਆਏ ਜਾਂਦੇ ਹਨ। ਇਸ ਰਸਮ ਨੂੰ ਕਬੀਲੇ ਦੇ ਲੋਕ ਬੱਚੇ ਦੀ ਸੂਤਕ ਸ਼ੁਧੀ ਨਾਲ ਜੋੜ ਕੇ ਵੇਖਦੇ ਹਨ। ਕਬੀਲੇ ਦੇ ਲੋਕਾਂ ਅਨੁਸਾਰ ਇਹ ਰਸਮ ਪੰਜਵੇਂ ਦਿਨ ਕਰਨ ਤੋਂ ਭਾਵ ਹੈ ਕਿ ਬੱਚਾ ਏਨੇ ਦਿਨਾਂ ਵਿਚ ਆਪਣੇ ਆਪ ਨੂੰ ਮੌਸਮ ਅਨੁਸਾਰ ਢਾਲ ਲੈਂਦਾ ਹੈ। ਇਸ ਤਰ੍ਹਾਂ ਕਬੀਲੇ ਦੇ ਲੋਕ ਬੱਚੇ ਨੂੰ ਜਨਮ ਤੋਂ ਤੁਰੰਤ ਬਾਅਦ ਨੁਹਾਉਣ ਤੋਂ ਪਰਹੇਜ਼ ਕਰਦੇ ਹਨ। ਪਰ ਅਜੋਕੇ ਦੌਰ ਵਿਚ ਇਹ ਰਸਮ ਬੱਚੇ ਦੇ ਜਨਮ ਤੋਂ ਤੁਰੰਤ ਬਾਅਦ ਵੀ ਕਰ ਦਿੱਤੀ ਜਾਂਦੀ ਹੈ।

6. **ਵਧਾਉਣ ਦੀ ਰਸਮ** : ਕਬੀਲੇ ਵਿਚ ਬੱਚੇ ਦੇ ਜਨਮ ਤੋਂ ਤੇਰ੍ਹਾਂ ਦਿਨ ਬਾਅਦ ਮਾਂ ਅਤੇ ਬੱਚੇ ਨੂੰ ਵਧਾਉਣ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਕਬੀਲੇ ਦੇ ਲੋਕ ਇਸਨੂੰ 'ਹੋਮ' ਦੀ ਰਸਮ ਵੀ ਆਖਦੇ ਹਨ। ਇਸ ਰਸਮ ਵਿਚ ਬੱਚੇ ਅਤੇ ਮਾਂ ਨੂੰ ਇਸ਼ਨਾਨ ਕਰਾਉਣ ਉਪਰੰਤ ਉਨ੍ਹਾਂ ਦੇ ਗਲ ਨਵੇਂ ਕੱਪੜੇ ਪੁਆਏ ਜਾਂਦੇ ਹਨ। ਇਸ ਰਸਮ ਵਿਚ ਪਰਿਵਾਰ ਅਤੇ ਕਬੀਲੇ ਦੀਆਂ ਔਰਤਾਂ ਉਚੇਚੇ ਤੌਰ 'ਤੇ ਸ਼ਾਮਲ ਹੁੰਦੀਆਂ ਹਨ। ਇਸ ਰਸਮ ਵਿਚ ਸ਼ਿਲੇ ਵਾਲੀ ਔਰਤ ਨੂੰ ਨੁਹਾ-ਧੁਆ ਕੇ ਚੌਂਕੇ 'ਤੇ ਬਿਠਾਇਆ ਜਾਂਦਾ ਹੈ। ਸ਼ਿਲੇ ਵਿਚੋਂ ਨਿਕਲਣ ਉਪਰੰਤ ਉਸ ਦੇ ਸਿਰ 'ਤੇ ਪਾਣੀ ਦੀਆਂ ਦੋ ਗੜਵੀਆਂ ਅਤੇ ਝੋਲੀ ਵਿਚ ਕੁਝ ਕਣਕ ਦਾਣੇ ਪਾਏ ਜਾਂਦੇ ਹਨ। ਔਰਤ ਵੱਲੋਂ ਇਹ ਦਾਣੇ ਘਰ ਦੀ ਛੱਤ ਅਤੇ ਆਲੇ-ਦੁਆਲੇ ਛਿੱਟਾ ਦੇ ਕੇ ਖਿੰਡਾ ਦਿੱਤੇ ਜਾਂਦੇ ਹਨ। ਇਸ ਤੋਂ ਬਾਅਦ ਹੋਮ ਦੀ ਰਸਮ ਵਿਚ ਪਵਿੱਤਰ ਅਗਨੀ ਵਿਚ ਚੌਲਾਂ ਦਾ ਪ੍ਰਸ਼ਾਦ ਅਤੇ ਦੇਸੀ ਘਿਓ ਅਰਪ ਕੇ ਬੱਚੇ ਨੂੰ ਮੱਥਾ ਟਿਕਾਇਆ ਜਾਂਦਾ ਹੈ। ਇਸ ਨੂੰ ਦੀਵਾ ਦਿਖਾਉਣ ਦੀ ਰਸਮ ਵੀ ਆਖਿਆ ਜਾਂਦਾ ਹੈ। ਇਸੇ ਰਸਮ ਦੇ ਚਲਦਿਆਂ ਪਰਿਵਾਰ ਦੀਆਂ ਸਿਆਣੀਆਂ ਔਰਤਾਂ ਵੱਲੋਂ 'ਸੱਤ ਰੋਟੀਆਂ' ਪਕਾ ਕੇ ਉਸਦੀ ਝੋਲੀ ਵਿਚ ਅਰਪ ਦਿੱਤੀਆਂ ਜਾਂਦੀਆਂ ਹਨ। ਇਸ ਤਰ੍ਹਾਂ ਘਰ ਅਤੇ ਪਰਿਵਾਰ ਦੀਆਂ ਔਰਤਾਂ ਵੱਲੋਂ ਉਸਨੂੰ ਮੁੜ ਤੋਂ ਚੁਲ੍ਹੇ ਚੌਂਕੇ ਨਾਲ ਜੋੜਿਆ ਜਾਂਦਾ ਹੈ। ਵਧਾਉਣ ਦੀ ਰਸਮ ਤੋਂ ਬਾਅਦ ਕਬੀਲੇ ਦੇ ਬੱਚਿਆਂ ਵਿਚ ਮਿੱਠੇ ਚੌਲਾਂ ਦਾ ਪ੍ਰਸ਼ਾਦ ਵੰਡਿਆ ਜਾਂਦਾ ਹੈ। ਇਸ ਤਰ੍ਹਾਂ ਸ਼ਿਲੇ ਵਾਲੀ ਔਰਤ ਮੂੰਹ ਨੂੰ ਅੰਨ ਛੁਹਾਉਂਦੀ ਹੋਈ ਸ਼ਿਲੇ ਵਿਚੋਂ ਬਾਹਰ ਪੈਰ ਪਾਉਂਦੀ ਹੈ।

7. **ਪੰਜੀਰੀ ਦੀ ਰਸਮ** : ਸਾਂਸੀ ਕਬੀਲੇ ਵਿਚ ਬੱਚੇ ਦੇ ਜਨਮ ਤੋਂ ਬਾਅਦ ਜਣੇਪੇ ਵਾਲੀ ਔਰਤ ਦੇ ਪੇਕਿਆਂ ਵੱਲੋਂ ਪੰਜੀਰੀ ਦੇਣ ਦੀ ਰਵਾਇਤ ਪ੍ਰਚਲਿਤ ਹੈ। ਕਬੀਲੇ ਦੇ ਲੋਕ ਬੱਚੇ ਦੀ ਖੁਸ਼ੀ ਅਤੇ ਆਪਣੀ ਧੀ ਦੇ ਮਾਣ ਸਤਿਕਾਰ ਵਜੋਂ ਉਚੇਚੇ ਤੌਰ 'ਤੇ ਪਰਿਵਾਰ

ਸਮੇਤ ਲੜਕੀ ਦੇ ਸਹੁਰੇ ਘਰ ਪੰਜੀਰੀ ਭੇਟ ਕਰਨ ਆਉਂਦੇ ਹਨ। ਪੰਜੀਰੀ ਵਿਚ ਬੱਚਾ ਜੱਚਾ ਲਈ ਕੱਪੜੇ ਅਤੇ ਗਹਿਣਾ ਆਦਿ ਭੇਟ ਕੀਤੇ ਜਾਂਦੇ ਹਨ।

8. **ਜਲ ਦੇਵਤਾ ਦੇ ਮੱਥਾ ਟੇਕਣਾ** : ਕਬੀਲੇ ਵਿਚ ਸਵਾ ਮਹੀਨੇ ਬਾਅਦ ਬੱਚੇ ਅਤੇ ਮਾਂ ਨੂੰ 'ਖਵਾਜ਼ਾ ਦੇਵਤਾ' ਦੇ ਮੱਥਾ ਟਿਕਾਇਆ ਜਾਂਦਾ ਹੈ। ਇਸ ਰਸਮ ਵਿਚ ਜਣੇਪੇ ਵਾਲੀ ਔਰਤ ਕਿਸੇ ਨਦੀ ਨਹਿਰ ਜਾਂ ਖੂਹ ਦੇ ਕਿਨਾਰੇ 'ਤੇ ਜਾ ਕੇ ਜਲ ਦੇਵਤਾ ਨੂੰ ਨਮਸਕਾਰ ਕਰਦੀ ਹੈ। ਸਾਂਸੀ ਕਬੀਲੇ ਵਿਚ 'ਜਲ', 'ਅਗਨੀ' ਅਤੇ 'ਸੂਰਜ' ਦੇਵਤਾ ਦੀ ਖ਼ਾਸ ਮਾਨਤਾ ਕੀਤੀ ਜਾਂਦੀ ਹੈ। ਕਬੀਲੇ ਦੀ ਹਰ ਇਕ ਰਸਮ ਸਿੱਧੇ ਜਾਂ ਅਸਿੱਧੇ ਰੂਪ ਵਿਚ ਇਨ੍ਹਾਂ ਸ਼ਕਤੀਆਂ ਨਾਲ ਜੁੜੀ ਹੋਈ ਹੈ।

9. **ਧਮਾਨ ਦੀ ਰਸਮ** : ਸਾਂਸੀ ਕਬੀਲੇ ਵਿਚ ਆਦਿ ਕਾਲ ਤੋਂ ਹੀ 'ਧਮਾਨ ਦੇਣ' ਦੀ ਰਸਮ ਤੁਰੀ ਆਉਂਦੀ ਹੈ। ਕਬੀਲੇ ਦੇ ਲੋਕ ਲੜਕਾ ਹੋਵੇ ਜਾਂ ਲੜਕੀ, ਦੋਹਾਂ ਦਾ ਧਮਾਨ ਦੇਣ ਦੀ ਰਸਮ ਅਦਾ ਕਰਦੇ ਹਨ। ਧਮਾਨ ਵਿਚ ਪਰਿਵਾਰ ਦੇ ਲੋਕਾਂ ਅਤੇ ਡੇਰੇ ਦੇ ਲੋਕਾਂ ਦੀ 'ਦਾਲ ਰੋਟੀ' ਸ਼ਾਮਿਲ ਹੁੰਦੀ ਹੈ। ਧਮਾਨ ਦੇਣ ਦਾ ਮੁੱਖ ਮੰਤਵ ਬੱਚੇ ਨੂੰ 'ਗੋਤਰ' ਵਿਚ ਸ਼ਾਮਿਲ ਕਰਨਾ ਹੁੰਦਾ ਹੈ। ਧਮਾਨ ਦੀ ਰੀਤੀ ਕਬੀਲੇ ਦੇ ਪੈਂਚ ਅਤੇ ਮੋਅਤਬਰ ਵਿਅਕਤੀ ਨਿਭਾਉਂਦੇ ਹਨ। ਕਬੀਲੇ ਦੇ ਲੋਕ 'ਧਮਾਨ' ਨੂੰ ਪਰਿਵਾਰ ਦੀ ਸਮਰੱਥਾ ਨਾਲ ਜੋੜ ਕੇ ਵੀ ਵੇਖਦੇ ਹਨ।ਕਬੀਲੇ ਦੇ ਕਈ ਲੋਕ ਧਮਾਨ ਨੂੰ ਸਿਰਫ਼ ਸੰਕੇਤਕ ਪੱਧਰ ਅਤੇ ਕਈ ਲੋਕ ਇਸ ਨੂੰ ਮਾਣ ਵਡਿਆਈ ਨਾਲ ਜੋੜ ਕੇ ਵੱਡੇ ਪੱਧਰ 'ਤੇ ਕਰਦੇ ਹਨ। ਅਜੋਕੇ ਦੌਰ ਵਿਚ ਕਬੀਲੇ ਦੇ ਲੋਕ ਧਮਾਨ ਨੂੰ ਆਪਣੀ ਸ਼ਕਤੀ ਅਤੇ ਸੱਤਾ ਨਾਲ ਜੋੜ ਕੇ ਵੇਖਣ ਲੱਗ ਪਏ ਹਨ। ਧਮਾਨ ਦੀ ਰਸਮ ਵਿਚ ਦਾਰੂ ਅਤੇ ਮਾਸ ਖੁੱਲ੍ਹੇ ਰੂਪ ਵਿਚ ਵਰਤਾਏ ਜਾਂਦੇ ਹਨ। ਇਸਦੇ ਇਵਜ਼ ਵਿਚ ਕਬੀਲੇ ਦੇ ਲੋਕ ਅਤੇ ਮਹਿਮਾਨ ਬੱਚੇ ਨੂੰ ਵਿੱਤ ਮੁਤਾਬਕ ਸ਼ਗਨ ਅਤੇ ਕੱਪੜੇ ਲੱਤੇ ਪਾਉਂਦੇ ਹਨ। ਇਸ ਮੌਕੇ ਬੱਚੇ ਦੇ ਪਰਿਵਾਰ ਵੱਲੋਂ ਕਬੀਲੇ ਦੀ ਦਾਈ, ਪਰਿਵਾਰ ਦੀਆਂ ਵਡੇਰੀਆਂ ਔਰਤਾਂ ਅਤੇ ਧੀਆਂ-ਧੀਆਣੀਆਂ ਨੂੰ ਸ਼ਗਨ ਅਤੇ ਸੂਟ ਆਦਿ ਦੇ ਕੇ ਵਡਿਆਈ ਕੀਤੀ ਜਾਂਦੀ ਹੈ। ਸਾਂਸੀ ਕਬੀਲੇ ਵਿਚ ਕਿਸੇ ਵੀ ਬੱਚੇ ਦੇ ਜਣੇਪੇ ਦੀ ਸੂਰਤ ਵਿੱਚ ਦਸ ਦਿਨਾਂ ਬਾਅਦ ਸ਼ੁੱਧੀਕਰਨ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਕਬੀਲੇ ਦੇ ਲੋਕ ਇਸ ਰਸਮ ਨੂੰ 'ਦਸਵੇਂ ਦੀ ਰਸਮ' ਆਖਦੇ ਹਨ। ਦਸਵੇਂ ਦੀ ਰਸਮ ਵਿਚ ਕਬੀਲੇ ਦੇ ਸਿਆਣੇ ਵਿਅਕਤੀ ਦੁਆਰਾ ਹਵਨ ਕਰਕੇ ਘਰ ਦੀ ਸ਼ੁਧੀ ਦੇ ਨਾਲ-ਨਾਲ ਬੱਚੇ ਅਤੇ ਮਾਂ ਦੀ ਸੂਤਕ ਸ਼ੁੱਧੀ ਵੀ ਕੀਤੀ ਜਾਂਦੀ ਹੈ। ਇਸ ਰਸਮ ਤੋਂ ਬਾਅਦ ਆਪਣੇ 'ਗੋਤਰ' ਵਿਚ 'ਕੰਨਿਆ ਭੋਜਨ' ਕੀਤਾ ਜਾਂਦਾ ਹੈ। ਕਬੀਲੇ ਦੇ ਕਿਸੇ ਵੀ ਘਰ ਵਿਚ ਲੜਕਾ ਪੈਦਾ ਹੋਣ ਦੀ ਸੂਰਤ ਵਿੱਚ 'ਗੁੜ' ਵੰਡ ਕੇ ਖੁਸ਼ੀ ਜ਼ਾਹਰ ਕੀਤੀ ਜਾਂਦੀ ਹੈ। ਇਸ ਸਮੇਂ ਦੌਰਾਨ ਜਣੇਪੇ ਵਾਲੀ ਔਰਤ ਲਈ ਚੁਲ੍ਹਾ ਚੌਂਕਾ ਕਰਨਾ ਵਰਜਿਤ ਹੁੰਦਾ ਹੈ। ਜਣੇਪੇ ਦੇ ਸਵਾ ਮਹੀਨਾ ਪੂਰੇ ਹੋਣ 'ਤੇ ਘਰ ਦੀਆਂ ਵਿਆਹੀਆਂ ਵਰ੍ਹੀਆਂ ਧੀਆਂ-ਧਿਆਣੀਆਂ ਅਤੇ ਭੈਣਾਂ ਨੂੰ ਮਿੱਠੇ ਚੌਲਾਂ ਦਾ ਭੋਜਨ ਦਿੱਤਾ ਜਾਂਦਾ ਹੈ। ਇਹ ਰਸਮ ਜਣੇਪੇ ਵਾਲੇ ਘਰ 'ਤੇ ਇਕ ਭਾਰ ਹੁੰਦਾ ਹੈ। ਸਾਂਸੀ ਕਬੀਲੇ ਦਾ ਹਰ ਘਰ ਆਪਣੇ ਆਪ ਨੂੰ ਇਸ ਰਸਮ ਤੋਂ ਬਾਅਦ ਭਾਰ ਮੁਕਤ ਸਮਝਦਾ ਹੈ। ਬੱਚੇ ਦੇ ਜਨਮ ਤੋਂ ਢਾਈ ਮਹੀਨੇ ਬਾਅਦ ਬੱਚੇ ਦੀ 'ਝੰਡ

ਲੁਹਾਈ' ਦੀ ਰਸਮ ਪੂਰੀ ਕੀਤੀ ਜਾਂਦੀ ਹੈ। 'ਝੰਡ ਦੀ ਰਸਮ' ਵਿਚ ਬੱਚੇ ਦੇ ਪਹਿਲੇ ਵਾਲ ਬਿਲਕੁਲ ਸਾਫ ਕਰ ਦਿੱਤੇ ਜਾਂਦੇ ਹਨ।

ਸਾਂਸੀ ਕਬੀਲੇ ਦੇ ਲੋਕ ਪਰਿਵਾਰ ਵਿਚ ਕਿਸੇ ਵੀ ਬੱਚੇ ਦੇ ਜਨਮ ਹੋਣ ਦੀ ਸੂਰਤ ਵਿਚ ਉਸਨੂੰ 'ਵੰਸ਼ ਵਰਧਕ' ਸਮਝ ਕੇ ਉਚੇਚੀ ਖੁਸ਼ੀ ਜ਼ਾਹਰ ਕਰਦੇ ਹਨ। ਪਰਿਵਾਰ ਵਿਚ ਲੜਕਾ ਪੈਦਾ ਹੋਣ 'ਤੇ ਸਾਰੇ ਡੇਰੇ ਦੇ ਲੋਕਾਂ ਨੂੰ ਸ਼ਰਾਬ ਅਤੇ ਮਾਸ ਦਾ ਭੋਜ ਦਿੱਤਾ ਜਾਂਦਾ ਹੈ। ਇਸ ਉਪਰੰਤ ਕਬੀਲੇ ਦੇ ਲੋਕਾਂ ਵਿਚ 'ਗੁੜ' ਅਤੇ 'ਮਿੱਠੇ ਚਾਵਲਾਂ' ਦਾ ਪ੍ਰਸ਼ਾਦ ਵੰਡ ਕੇ ਖੁਸ਼ੀ ਅਤੇ ਖੇੜਾ ਜ਼ਾਹਰ ਕੀਤਾ ਜਾਂਦਾ ਹੈ। ਕਬੀਲੇ ਦੀਆਂ ਉਪਰੋਕਤ ਰਸਮਾਂ ਵਿਚੋਂ ਕਈ ਰਸਮਾਂ ਅਲੋਪ ਹੋ ਰਹੀਆਂ ਹਨ।

ਵਿਆਹ ਰਸਮਾਂ

1. **ਮੰਗਣੀ ਦੀ ਰਸਮ** : ਸਾਂਸੀ ਕਬੀਲੇ ਵਿਚ ਵਿਆਹ ਤੋਂ ਪਹਿਲਾਂ ਮੰਗਣੀ ਦੀ ਰਸਮ ਪ੍ਰਚੱਲਿਤ ਹੈ। ਇਸ ਰਸਮ ਵਿਚ ਲੜਕੇ ਦਾ ਪਿਤਾ ਆਪਣੇ ਪਰਿਵਾਰ ਅਤੇ ਰਿਸ਼ਤੇ-ਦਾਰਾਂ ਨੂੰ ਲੈ ਕੇ ਲੜਕੀ ਵਾਲਿਆਂ ਦੇ ਘਰ ਜਾਂਦਾ ਹੈ। ਇਸ ਰਸਮ ਵਿਚ ਲੜਕੇ ਦੇ ਪਰਿਵਾਰ ਵੱਲੋਂ ਮੰਗਣੀ ਵਾਲੀ ਲੜਕੀ ਲਈ ਕੱਪੜੇ, ਮਹਿੰਦੀ, ਚੂੜੀਆਂ ਅਤੇ ਮਠਿਆਈ ਸ਼ਗਨਾਂ ਦੇ ਰੂਪ ਵਿਚ ਭੇਟ ਕੀਤੇ ਜਾਂਦੇ ਹਨ। ਇਸ ਰਸਮ ਤੋਂ ਬਾਅਦ ਲੜਕੀ ਵਾਲਿਆਂ ਦੇ ਘਰ ਮੁੰਡੇ ਅਤੇ ਕੁੜੀ ਦੇ ਪਰਿਵਾਰ, ਰਿਸ਼ਤੇਦਾਰ ਅਤੇ ਡੇਰੇ ਦੇ ਲੋਕ ਕੁੜੀ ਵਾਲਿਆਂ ਦੇ ਵਿਹੜੇ ਵਿਚ ਦਰੀਆਂ ਆਦਿ 'ਤੇ ਗੋਲ ਦਾਇਰੇ ਵਿਚ ਬੈਠ ਜਾਂਦੇ ਹਨ। ਇਸ ਤਰ੍ਹਾਂ ਦੋਹਾਂ ਧਿਰਾਂ ਵੱਲੋਂ ਮੰਗਣੀ ਦੀ ਰਸਮ ਵਿਚ ਗੱਲਬਾਤ ਦੇ ਦੌਰਾਨ ਸ਼ਰਾਬ ਦੇ ਪਿਆਲੇ ਸਾਂਝੇ ਕਰਕੇ ਮੰਗਣੀ ਦੀ ਰੀਤ ਨਿਭਾਈ ਜਾਂਦੀ ਹੈ। ਸ਼ਰਾਬ ਸਾਂਸੀ ਕਬੀਲੇ ਵਿਚ ਆਦਿ ਕਾਲ ਤੋਂ ਖੁਸ਼ੀ ਅਤੇ ਖੇੜੇ ਦਾ ਪ੍ਰਤੀਕ ਹੈ। ਇਸ ਰਸਮ ਦੌਰਾਨ ਇਕ ਦੂਜੇ ਨਾਲ ਰਿਸ਼ਤੇ ਸੰਬੰਧੀ ਗੱਲਬਾਤ ਅਤੇ ਗੋਤਰਾਂ ਸੰਬੰਧੀ ਪੁਣਛਾਣ ਵੀ ਚਲਦੀ ਰਹਿੰਦੀ ਹੈ।ਸ਼ਗਨ ਆਰੰਭ ਕਰਨ ਵਾਲੀ ਸ਼ਰਾਬ ਦੀ ਬੋਤਲ ਨੂੰ ਕਬੀਲੇ ਦੇ ਲੋਕ 'ਲਾਅ ਦੀ ਬੋਤਲ' ਕਹਿੰਦੇ ਹਨ। ਲੜਕੀ ਵਾਲਿਆਂ ਦੇ ਘਰ ਪੂਰ ਚੜ੍ਹੀ ਮੰਗਣੀ ਨੂੰ ਕਬੀਲੇ ਦੇ ਲੋਕ 'ਰੋਪਾ' ਆਖਦੇ ਹਨ।

2. **ਵਿਆਹ ਦਾ ਦਿਨ ਧਰਨਾ** : ਕਬੀਲੇ ਵਿਚ ਮੰਗਣੀ ਦੀ ਰਸਮ ਤੋਂ ਬਾਅਦ ਵਿਆਹ ਦਾ ਦਿਨ ਮਿੱਥਣ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਇਸ ਰਸਮ ਵਿਚ ਲੜਕੀ ਦਾ ਭਰਾ ਜਾਂ ਪਿਤਾ ਆਪਣੇ ਪਰਿਵਾਰ ਵਿਚੋਂ ਕੁਝ ਪਤਵੰਤਿਆਂ ਨੂੰ ਲੈ ਕੇ ਲੜਕੇ ਵਾਲਿਆਂ ਦੇ ਘਰ ਵਿਆਹ ਦਾ ਦਿਨ ਮਿੱਥਣ ਲਈ ਜਾਂਦੇ ਹਨ। ਇਸ ਰਸਮ ਦੌਰਾਨ ਲੜਕੇ ਦੇ ਪਰਿਵਾਰ ਵੱਲੋਂ ਲੜਕੀ ਵਾਲਿਆਂ ਦੀ ਮਾਸ ਅਤੇ ਸ਼ਰਾਬ ਨਾਲ ਚੰਗੀ ਖਾਤਰਦਾਰੀ ਕੀਤੀ ਜਾਂਦੀ ਹੈ। ਇਸ ਰਸਮ ਵਿਚ ਸਭ ਤੋਂ ਪਹਿਲਾਂ ਕਬੀਲਾ ਪੁਰਖੇ 'ਸਾਂਸ ਮੱਲ' ਨੂੰ ਦਾਰੂ ਦਾ ਛਿੱਟਾ ਦੇ ਕੇ ਵਿਸ਼ੇਸ਼ ਰੂਪ ਵਿਚ ਧਿਆਇਆ ਜਾਂਦਾ ਹੈ। ਇਸ ਤਰ੍ਹਾਂ ਇਕ ਦੂਜੇ ਨਾਲ ਗੱਲਬਾਤ ਅਤੇ ਵਿਚਾਰ-ਵਟਾਂਦਰੇ ਰਾਹੀਂ ਵਿਆਹ ਦਾ ਦਿਨ ਨਿਸਚਿਤ ਕੀਤਾ ਜਾਂਦਾ ਹੈ। ਸਾਂਸੀ ਲੋਕ ਇਸ ਰਸਮ ਨੂੰ 'ਤੇਲ ਪੀਣ' ਦੀ ਰਸਮ ਆਖਦੇ ਹਨ। ਕਬੀਲੇ ਦੇ ਲੋਕ

ਵਿਆਹ ਦਾ ਦਿਨ ਮਿੱਥਣ ਤੋਂ ਬਾਅਦ ਵਿਆਹ ਦੀਆਂ ਹੋਰ ਰਸਮਾਂ ਵਿਚੋਂ ਲੰਘਦੇ ਹੋਏ ਵਿਆਹ ਦੀ ਤਿਆਰੀ ਸ਼ੁਰੂ ਕਰ ਦਿੰਦੇ ਹਨ।

3. **ਮਹਿੰਦੀ ਦੀ ਰਸਮ** : ਸਾਂਸੀ ਕਬੀਲੇ ਵਿਚ ਵਿਆਹ ਤੋਂ ਇਕ ਦਿਨ ਪਹਿਲਾਂ ਮਹਿੰਦੀ ਲਾਉਣ ਦਾ ਸ਼ਗਨ ਪੂਰਾ ਕੀਤਾ ਜਾਂਦਾ ਹੈ। ਇਸ ਤਰ੍ਹਾਂ ਕਬੀਲੇ ਦੇ ਗੀਤਾਂ ਦੀ ਧੁਨ ਵਿਚ ਮਹਿੰਦੀ ਲਾਉਣ ਦੀ ਰਸਮ ਨੇਪਰੇ ਚੜ੍ਹਦੀ ਹੈ। ਮਹਿੰਦੀ ਲਾਉਣ ਦੀ ਰਸਮ ਵਿਚ ਪਰਿਵਾਰ, ਰਿਸ਼ਤੇਦਾਰ ਅਤੇ ਡੇਰੇ ਦੇ ਲੋਕ ਸ਼ਾਮਲ ਹੁੰਦੇ ਹਨ। ਕਬੀਲੇ ਵਿਚ ਮੁੰਡੇ ਦੇ ਮਹਿੰਦੀ ਲਾਉਣ ਸਮੇਂ ਪੂਰਾ ਖੜਕਾ-ਦੜਕਾ ਹੁੰਦਾ ਹੈ, ਉੱਥੇ ਕੁੜੀ ਵਾਲਿਆਂ ਦੇ ਘਰ ਧੀਮੇ ਤੇ ਉਦਾਸ ਗੀਤਾਂ ਦੀ ਹਾਜ਼ਰੀ ਵਿਚ ਮਹਿੰਦੀ ਦੀ ਰਸਮ ਪੂਰ ਚੜ੍ਹਾਈ ਜਾਂਦੀ ਹੈ।

4. **ਖਾਰੇ ਤੋਂ ਉਤਾਰਨ ਦੀ ਰਸਮ** : ਕਬੀਲੇ ਵਿਚ ਵਟਣਾਂ ਮਲਣ ਦੀ ਰਸਮ ਤੋਂ ਬਾਅਦ ਵਿਆਹ ਵਾਲੇ ਮੁੰਡੇ ਨੂੰ ਖਾਰੀਓਂ ਉਤਾਰਨ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਜਦੋਂ ਵਿਆਹ ਵਾਲਾ ਮੁੰਡਾ ਵਟਣੇ ਦੀ ਰਸਮ ਪੂਰੀ ਕਰਨ ਤੋਂ ਬਾਅਦ ਨਹਾ ਧੋ ਕੇ ਤਿਆਰ ਹੋ ਜਾਂਦਾ ਹੈ ਤਾਂ ਮੁੰਡੇ ਦਾ ਮਾਮਾ ਉਸਨੂੰ ਵਿਹੜੇ ਵਿਚਲੀ ਪਟੜੀ ਤੋਂ ਗੋਦ ਵਿਚ ਚੁੱਕ ਕੇ ਖਾਰਿਓਂ ਉਤਾਰਦਾ ਹੈ। ਇਸ ਰਸਮ ਵਿਚ ਮਾਮੇ ਨੂੰ ਆਪਣੇ ਭਾਣਜੇ ਨੂੰ ਵਿੱਤ ਅਨੁਸਾਰ ਸ਼ਗਨ ਵੀ ਦੇਣਾ ਪੈਂਦਾ ਹੈ। ਇਸ ਰਸਮ ਤੋਂ ਬਾਅਦ ਵਿਆਹ ਵਾਲਾ ਮੁੰਡਾ ਖਾਰੇ ਦੇ ਕੋਲ ਪਈਆਂ ਹੋਈਆਂ ਕੋਰੀਆਂ ਚੱਪਣੀਆਂ ਨੂੰ ਤੋੜਦਾ ਹੋਇਆ ਵਿਆਹ ਦੀ ਪਕਿਆਈ ਸੰਬੰਧੀ ਅਹਿਦ ਲੈਂਦਾ ਹੈ। ਬਾਕੀ ਕਬੀਲਿਆਂ ਵਿਚ ਵੀ ਥੋੜ੍ਹੇ ਬਹੁਤੇ ਫ਼ਰਕ ਨਾਲ ਇਹ ਰਸਮ ਪ੍ਰਚਲਿਤ ਹੈ।

5. **ਸਿਹਰਾਬੰਦੀ ਦੀ ਰਸਮ** : ਕਬੀਲੇ ਵਿਚ ਖਾਰੇ ਦੀ ਰਸਮ ਤੋਂ ਬਾਅਦ ਵਿਆਹ ਵਾਲੇ ਮੁੰਡੇ ਦੇ 'ਸਿਹਰਾਬੰਦੀ' ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਕਬੀਲੇ ਵਿਚ ਮੁੰਡੇ ਦਾ ਸਿਹਰਾ ਭੈਣ ਲੈ ਕੇ ਆਉਂਦੀ ਹੈ। ਜਦੋਂ ਵਿਆਹ ਵਾਲਾ ਮੁੰਡਾ ਸਜ-ਧਜ ਕੇ ਤਿਆਰ ਹੋ ਜਾਂਦਾ ਹੈ ਤਾਂ ਉਸਦੇ ਹੱਥ ਵਿਚ ਤਲਵਾਰ ਫੜਾ ਕੇ ਸਿਹਰਾ ਮੁੰਡੇ ਦੇ ਮਾਮੇ ਦੁਆਰਾ ਬੰਨ੍ਹਿਆ ਜਾਂਦਾ ਹੈ।

6. **ਘੋੜੀ ਚੜ੍ਹਾਉਣ ਦੀ ਰਸਮ** : ਕਬੀਲੇ ਵਿਚ ਸਿਹਰਾਬੰਦੀ ਦੀ ਰਸਮ ਤੋਂ ਬਾਅਦ ਜੰਞ ਦੀ ਤਿਆਰੀ ਉਪਰੰਤ ਘੋੜੀ ਚੜ੍ਹਾਉਣ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਰਾਜਪੂਤਾਂ ਨਾਲ ਸੰਬੰਧ ਰੱਖਣ ਵਾਲੇ ਸਾਰੇ ਹੀ ਕਬੀਲਿਆਂ ਵਿਚ ਇਹੀ ਪ੍ਰਚਲਨ ਹੈ।ਵਿਆਹ ਵਾਲੇ ਮੁੰਡੇ ਨੂੰ ਘੋੜੀ ਚੜ੍ਹਾਉਣ ਉਪਰੰਤ ਮੁੰਡੇ ਦੀਆਂ ਭੈਣਾਂ ਵੱਲੋਂ 'ਵਾਗ ਫੜਾਈ' ਦੀ ਰਸਮ ਕੀਤੀ ਜਾਂਦੀ ਹੈ। ਇਸ ਰਸਮ ਵਿਚ ਮੁੰਡੇ ਦੀਆਂ ਭੈਣਾਂ ਨੂੰ ਸ਼ਗਨ ਦੇਣ ਦੀ ਰਵਾਇਤ ਹੈ। ਲੜਾਕੂ ਕਬੀਲਿਆਂ ਵਿਚ ਘੋੜੀ ਨੂੰ ਜਿੱਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ ਪਰ ਮਾਲਵੇ ਦੇ ਸਾਂਸੀਆਂ ਵਿਚ ਇਹ ਰਸਮ ਪ੍ਰਚੱਲਿਤ ਨਹੀਂ ਹੈ।

7. **ਪੁੱਛ-ਦੱਸ ਦੀ ਰਸਮ** : ਕਬੀਲੇ ਵਿਚ ਜੰਜ ਦੇ ਢੁੱਕਣ ਉਪਰੰਤ ਕੁੜੀ ਅਤੇ ਮੁੰਡੇ ਦੇ ਪਰਿਵਾਰ ਵੱਲੋਂ 'ਪੁੱਛ-ਦੱਸ ਦੀ ਰਸਮ' ਪੂਰੀ ਕੀਤੀ ਜਾਂਦੀ ਹੈ। 'ਪੁੱਛ-ਦੱਸ' ਦੀ ਰਸਮ ਕਬੀਲੇ ਦੇ ਸਿਆਣੇ ਬੁਜ਼ਰਗਾਂ ਅਤੇ ਪਤਵੰਤਿਆਂ ਦੁਆਰਾ ਨਿਭਾਈ ਜਾਂਦੀ ਹੈ। ਇਸ ਰਸਮ ਵਿਚ ਦੋਹਾਂ ਧਿਰਾਂ ਵਿਚਾਲੇ ਇਕ ਦੂਜੇ ਦੀ ਪੁੱਛ-ਪ੍ਰਤੀਤ ਸੰਬੰਧੀ ਇਕ ਲੰਮਾ ਸੰਵਾਦ

ਹੁੰਦਾ ਹੈ ਜਿਸ ਵਿਚ ਸੰਬੰਧਤ ਧਿਰਾਂ ਇਕ ਦੂਜੇ ਦਾ ਅੱਗਾ-ਪਿੱਛਾ ਫਰੋਲਦੀਆਂ ਹਨ। ਪੁੱਛ-ਦੱਸ ਦੀ ਰਸਮ ਵਿਚ ਧੀ ਵਾਲੇ ਨੂੰ 'ਧੱਤਾ' ਅਤੇ ਪੁੱਤ ਵਾਲੇ ਨੂੰ 'ਪੁਤਤਾ' ਆਖਿਆ ਜਾਂਦਾ ਹੈ। ਇਸ ਰਸਮ ਵਿਚ ਪੁੱਤ ਵਾਲਾ ਸ਼ਰਾਬ ਦੀਆਂ ਦੋ ਬੋਤਲਾਂ ਧੀ ਵਾਲਿਆਂ ਨੂੰ ਭੇਂਟ ਕਰਦਾ ਹੈ। ਕਬੀਲੇ ਦੇ ਲੋਕ ਇਨ੍ਹਾਂ ਬੋਤਲਾਂ ਨੂੰ 'ਢੋਏ ਦੀਆਂ ਬੋਤਲਾਂ' ਆਖਦੇ ਹਨ। ਇਸ ਤਰ੍ਹਾਂ ਕਬੀਲਾ ਪੁਰਖੇ ਸਾਂਸ ਮੱਲ ਨੂੰ ਧਿਆ ਕੇ ਕਬੀਲੇ ਦੇ ਲੋਕ ਪੁੱਛ-ਦੱਸ ਦੀ ਰਸਮ ਪੂਰੀ ਕਰਦੇ ਹਨ।

8. **ਫੇਰਿਆਂ ਦੀ ਰਸਮ** : ਸਾਂਸੀ ਕਬੀਲੇ ਵਿਚ ਵਿਆਹ ਦੀ ਬਲੀ ਬੇਦੀ ਦੀ ਥਾਵੇਂ ਪਵਿੱਤਰ ਪਾਣੀ ਦੀ ਛਪੜੀ ਦੇ ਆਲੇ-ਦੁਆਲੇ ਫੇਰਿਆਂ ਦੀ ਰਸਮ ਸੰਪੰਨ ਕੀਤੀ ਜਾਂਦੀ ਹੈ। ਇਹ ਛਪੜੀ ਕੁੜੀ ਦੇ ਮਾਮੇ ਦੁਆਰਾ ਵਿਹੜੇ ਵਿਚ ਇਕ ਨਿੱਕਾ ਜਿਹਾ 'ਟੋਆ' ਪੁੱਟ ਕੇ ਤਿਆਰ ਕੀਤੀ ਜਾਂਦੀ ਹੈ। ਇਸ 'ਛਪੜੀ' ਵਿਚ ਮੁੰਡੇ ਦੇ ਪਿਤਾ ਦੁਆਰਾ ਕੁਝ ਪੈਸੇ ਅਰਪ ਕੇ ਮੱਥਾ ਟੇਕਿਆ ਜਾਂਦਾ ਹੈ। ਇਸ ਤਰ੍ਹਾਂ ਫੇਰਿਆਂ ਦੀ ਰਸਮ ਵੇਲੇ ਜੰਞ ਵਿਚ ਸ਼ਾਮਲ ਲੋਕ 'ਫੇਰੇ ਦੀਆਂ ਰਸਮਾਂ' ਲਈ ਇਸ ਛਪੜੀ ਦੇ ਆਲੇ-ਦੁਆਲੇ ਇਕੱਠੇ ਹੋ ਜਾਂਦੇ ਹਨ। ਇਸ ਤਰ੍ਹਾਂ ਵਿਆਹ ਵਾਲੇ ਮੁੰਡੇ ਅਤੇ ਕੁੜੀ ਨੂੰ ਵਿਧੀ ਪੂਰਵਕ ਢੰਗ ਨਾਲ 'ਗੰਢ ਜਤਾਵਾ' ਕਰਕੇ ਸੱਤ ਫੇਰੇ ਦਵਾਏ ਜਾਂਦੇ ਹਨ।ਇਸ ਤਰ੍ਹਾਂ ਸੱਤ ਫੇਰਿਆਂ ਉਪਰੰਤ ਮੁੰਡੇ ਕੁੜੀ ਨੂੰ 'ਗੰਢ ਜਤਾਵੇ' ਸਮੇਤ ਘਰ ਵਿਚ ਬਿਠਾ ਦਿੱਤਾ ਜਾਂਦਾ ਹੈ। 'ਗੰਢ ਜਤਾਵੇ' ਦੀ ਰਸਮ ਮੁੰਡੇ ਅਤੇ ਕੁੜੀ ਨੂੰ ਆਪਸ ਵਿਚ ਜੋੜਨ ਲਈ ਨਿਭਾਈ ਜਾਂਦੀ ਹੈ। ਕਬੀਲਾ ਵਿਧਾਨ ਅਨੁਸਾਰ ਉਹ ਇਕ ਦੂਜੇ ਦਾ ਹਿੱਸਾ ਬਣ ਜਾਂਦੇ ਹਨ। ਅਜੋਕੇ ਦੌਰ ਵਿਚ ਪੰਜਾਬ ਦੇ ਸਾਂਸੀ ਆਪਣੀਆਂ ਵਿਆਹ ਰਸਮਾਂ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਪੂਰੀਆਂ ਕਰਦੇ ਹਨ। ਇਸ ਤੋਂ ਇਲਾਵਾ ਇਹ ਬਦਲਾਅ ਕਬੀਲੇ ਦੀਆਂ ਹੋਰ ਰਸਮਾਂ-ਰੀਤਾਂ ਵਿਚ ਵੀ ਵੇਖਣ ਨੂੰ ਮਿਲਦਾ ਹੈ। ਇਸ ਤੋਂ ਇਲਾਵਾ ਸਾਂਸੀ ਕਬੀਲੇ ਵਿਚ ਡੋਲੀ ਦੀ ਰਸਮ ਤੋਂ ਬਾਅਦ ਪਾਣੀ ਵਾਰਨ, ਕੱਛੜ ਬਹਿਣ ਅਤੇ ਗੋਤ ਕਨਾਲੇ ਦੀਆਂ ਰਸਮਾਂ ਵੀ ਪ੍ਰਚਲਿਤ ਹਨ। ਸਾਂਸੀ ਕਬੀਲੇ ਵਿੱਚ ਕਿਸੇ ਵੀ ਰਿਸ਼ਤੇ ਦੀ ਦੱਸ ਪੈਣ 'ਤੇ ਲੜਕੇ ਦੇ ਪਰਿਵਾਰ ਦੇ ਲੋਕ ਲੜਕੀ ਦੇ ਘਰ ਜਾ ਕੇ ਉਸਨੂੰ ਇਕ ਰੁਪਈਆ ਸ਼ਗਨ ਵਜੋਂ ਅਰਪ ਕੇ ਅਤੇ ਪ੍ਰਸ਼ਾਦ ਵਜੋਂ ਮਿੱਠੇ ਚਾਵਲ ਦੇ ਕੇ ਰਿਸ਼ਤੇ ਦੀ ਨੀਂਹ ਰੱਖਦੇ ਹਨ। ਇਸ ਸਮੇਂ ਸਾਰੇ ਕਬੀਲੇ ਦੇ ਲੋਕਾਂ ਦਾ 'ਗੁੜ' ਜਾਂ 'ਸ਼ੱਕਰ' ਨਾਲ ਮੂੰਹ ਮਿੱਠਾ ਕਰਾਇਆ ਜਾਂਦਾ ਹੈ। ਲੜਕੀ ਵਾਲਿਆਂ ਵੱਲੋਂ ਵੀ ਇਹੀ ਰਸਮ ਦੁਹਰਾਈ ਜਾਂਦੀ ਹੈ। ਲੜਕੇ ਦੇ ਪਰਿਵਾਰ ਵੱਲੋਂ ਸ਼ੁਭ ਸੰਕੇਤ ਮਿਲਣ 'ਤੇ ਲੜਕੇ ਦੇ ਪਰਿਵਾਰ ਦੇ ਲੋਕ ਵੀ ਸ਼ਗਨ ਵਜੋਂ ਇਕ ਰੁਪਈਆ ਅਤੇ ਮਿੱਠੇ ਚਾਵਲ ਲੈ ਕੇ ਲੜਕੀ ਵਾਲਿਆਂ ਦੇ ਘਰ ਸ਼ਗਨ ਪਾਉਣ ਜਾਂਦੇ ਹਨ। ਸ਼ਗਨ ਦੀ ਰਸਮ ਪੂਰੀ ਹੋਣ 'ਤੇ ਸਾਰੇ ਡੇਰੇ ਵਿੱਚ ਗੁੜ ਸ਼ੱਕਰ ਵੰਡ ਕੇ ਖੁਸ਼ੀ ਮਨਾਈ ਜਾਂਦੀ ਹੈ। ਸਾਂਸੀ ਕਬੀਲੇ ਦੇ ਲੋਕ ਦੋਹਾਂ ਧਿਰਾਂ ਵਿਚ ਸਹਿਮਤੀ ਹੋਣ 'ਤੇ ਵਿਆਹ ਦੀ ਤਾਰੀਖ ਬ੍ਰਾਹਮਣ ਤੋਂ ਕਢਾਉਂਦੇ ਹਨ। ਸਾਂਸੀ ਕਬੀਲੇ ਵਿੱਚ ਸਿਰਫ ਪੰਜ-ਸੱਤ ਲੋਕਾਂ ਦੀ ਹੀ ਬਰਾਤ ਚੜ੍ਹਦੀ ਹੁੰਦੀ ਸੀ। ਅਜੋਕੇ ਸਮੇਂ ਇਹ ਗਿਣਤੀ ਵਧ ਕੇ ਸੌ ਤੋਂ ਉੱਪਰ ਚਲੀ ਗਈ ਹੈ। ਸਾਂਸੀ ਕਬੀਲਾ ਇਕ ਜੰਗਲੀ ਅਤੇ ਰਮਤਾ ਕਬੀਲਾ ਹੈ। ਕਬੀਲੇ ਵਿੱਚ ਬ੍ਰਾਹਮਣ ਦੀ ਭੂਮਿਕਾ

ਬੜੀ ਸੀਮਤ ਜਿਹੀ ਹੁੰਦੀ ਹੈ। ਕਬੀਲੇ ਵਿੱਚ ਹਰ ਦਿਨ ਤਿਉਹਾਰ 'ਤੇ ਆਪਣੀਆਂ ਹੀ ਰਸਮਾਂ-ਰੀਤਾਂ ਹਨ। ਇਸ ਸਭ ਵਰਤਾਰੇ ਨੂੰ 'ਹਿੰਦੂ ਧਰਮ' ਦੀਆਂ ਰਸਮਾਂ-ਰੀਤਾਂ ਨਾਲ ਰੱਲਗੱਡ ਕਰਨਾ ਉੱਚਿਤ ਨਹੀਂ ਲਗਦਾ। ਸਾਂਸੀ ਕਬੀਲੇ ਦੀਆਂ ਵਿਆਹ ਨਾਲ ਸੰਬੰਧਤ ਰਸਮਾਂ ਪ੍ਰਾਕਿਰਤਕ ਜੀਵਨ ਨਾਲ ਗਹਿਰੇ ਢੰਗ ਨਾਲ ਜੁੜੀਆਂ ਹੋਈਆਂ ਹਨ। ਇਹ ਸਾਰਾ ਵਿਧੀ ਵਿਧਾਨ ਬਨਸਪਤੀ ਜਗਤ ਅਤੇ ਪ੍ਰਾਣੀ ਜਗਤ ਦੀ ਜਨਮ ਮਰਨ ਦੀ ਲੀਲਾ ਨਾਲ ਜੁੜਿਆ ਹੋਇਆ ਹੈ। ਸਾਂਸੀ ਕਬੀਲੇ ਵਿੱਚ ਵਿਆਹ ਪ੍ਰਥਾ ਦੀ ਨਿਵੇਕਲੀ ਰਵਾਇਤ ਪ੍ਰਚਲਿਤ ਰਹੀ ਹੈ। ਕਬੀਲੇ ਦੀਆਂ ਕੁਝ ਖ਼ਾਸ ਰਸਮਾਂ ਅਤੇ ਵਿਸ਼ਵਾਸ ਇਸਨੂੰ ਬਾਕੀ ਕਬੀਲਿਆਂ ਦੇ ਵਿਆਹ ਪ੍ਰਬੰਧ ਤੋਂ ਕਾਫੀ ਹੱਦ ਤੱਕ ਨਿਖੇੜਦੇ ਹਨ। ਪੁਰਾਣੇ ਸਮੇਂ ਵਿਚ ਸਾਂਸੀ ਕਬੀਲੇ ਦਾ ਵਿਆਹ ਪ੍ਰਬੰਧ ਇਸ ਢੰਗ ਨਾਲ ਸਿਰੇ ਚੜ੍ਹਦਾ ਸੀ :

"ਸਾਂਸੀ ਕਬੀਲੇ ਵਿਚ ਵਿਆਹ ਵਾਲੀ ਰਾਤ ਨੂੰ ਵਿਹੜੇ ਵਿਚ ਇਕ ਟੋਆ ਪੁੱਟ ਕੇ ਬੇਦੀ ਤਿਆਰ ਕੀਤੀ ਜਾਂਦੀ ਸੀ। ਇਸ ਦੇ ਚਾਰੇ ਪਾਸੇ ਕਿਸੇ ਫ਼ਲਦਾਰ ਬਿਰਖ ਦੀਆਂ ਟਹਿਣੀਆਂ ਵਿਧੀਪੂਰਵਕ ਢੰਗ ਨਾਲ ਗੱਡ ਦਿੱਤੀਆਂ ਜਾਂਦੀਆਂ ਸਨ। ਇਸ ਬੇਦੀ 'ਤੇ ਵਿਆਹ ਵਾਲੇ ਪਰਿਵਾਰ ਵੱਲੋਂ ਸ਼ਰਬਤ ਦਾ ਇਕ ਘੜਾ ਤਿਆਰ ਕਰਕੇ ਰੱਖ ਦਿੱਤਾ ਜਾਂਦਾ ਸੀ। ਸਾਂਸੀ ਲੋਕ ਇਸਨੂੰ 'ਪਵਿੱਤਰ ਜਲ' ਜਾਂ 'ਜਲ ਦੇਵਤਾ' ਦੇ ਰੂਪ ਵਿਚ ਵੇਖਦੇ ਸਨ। ਇਸ ਤਰ੍ਹਾਂ ਪਵਿੱਤਰ ਜਲ ਵਾਲੇ ਘੜੇ ਨੂੰ ਵਿਆਹ ਵਾਲਾ ਪੁਰਸ਼ ਸ਼ਰਧਾ ਨਾਲ ਆਪਣੇ ਸਿਰ 'ਤੇ ਚੁੱਕ ਕੇ ਸੱਤ ਵਾਰ ਬੇਦੀ ਦੇ ਆਲੇ-ਦੁਆਲੇ ਗੇੜੇ ਦਿੰਦਾ ਸੀ। ਉਸਦੇ ਪਿੱਛੇ-ਪਿੱਛੇ ਵਿਆਹ ਵਾਲੀ ਲੜਕੀ ਆਪਣੀ ਮਾਮੇ ਦੇ ਸਾਥ ਵਿਚ ਨਾਲ-ਨਾਲ ਤੁਰਦੀ ਹੋਈ ਸੱਤ ਚੱਕਰ ਲਗਾਉਂਦੀ ਸੀ। ਇਸ ਉਪਰੰਤ ਲਾੜਾ ਲਾੜੀ ਨੂੰ ਇਸ ਘੜੇ ਵਿੱਚੋਂ ਕੁਝ ਸ਼ਰਬਤ ਪੀਣ ਨੂੰ ਦਿੰਦਾ ਸੀ ਅਤੇ ਬਾਕੀ ਸ਼ਰਬਤ ਪਵਿੱਤਰ ਪ੍ਰਸ਼ਾਦ ਦੇ ਰੂਪ ਵਿਚ ਵਿਆਹ ਵਿਚ ਮੌਜੂਦ ਲੋਕਾਂ ਵਿਚ ਵੰਡ ਦਿੱਤਾ ਜਾਂਦਾ ਸੀ। ਇਸ ਪ੍ਰਕਾਰ ਸਾਂਸੀ ਕਬੀਲੇ ਦੀ ਇਹ ਰਸਮ ਕਬੀਲਾ ਲੋਕਾਂ ਦੇ ਕੁਦਰਤੀ ਜੀਵਨ ਨਾਲ ਜੁੜੀਆਂ ਹੋਈਆਂ ਪ੍ਰਵਿਰਤੀਆਂ ਦੇ ਭੇਤ ਖੋਲ੍ਹਦੀ ਸੀ। ਇੱਥੇ ਸਾਂਸੀ ਕਬੀਲੇ ਦੇ ਲੋਕ ਵਿਆਹ ਵਾਲੇ ਜੋੜੇ ਨੂੰ ਕੁਦਰਤੀ ਦੇਵੀ-ਦੇਵਤਿਆਂ ਅੱਗੇ ਅਰਦਾਸ ਕਰਦੇ ਹੋਏ ਉਨ੍ਹਾਂ ਦੇ ਜੀਵਨ ਦੇ ਹਰਿਆ-ਭਰਿਆ ਰਹਿਣ ਹਿੱਤ ਅਸ਼ੀਰਵਾਦ ਦਿੰਦੇ ਸਨ। ਇਸ ਪ੍ਰਕਾਰ ਬੇਦੀ ਤੇ ਫਲਦਾਰ ਬਿਰਖ ਦੀਆਂ ਹਰੀਆਂ-ਭਰੀਆਂ ਟਹਿਣੀਆਂ ਦਾ ਰੱਖਿਆ ਜਾਣਾ ਕਬੀਲੇ ਦੇ ਵਾਧੇ ਅਤੇ ਖੁਸ਼ਹਾਲੀ ਦਾ ਪ੍ਰਤੀਕ ਸੀ। ਇਸਦਾ ਸਿੱਧਾ ਸੰਬੰਧ ਕੁਦਰਤ ਦੀ 'ਜਣਨ ਕਿਰਿਆ' ਨਾਲ ਵਾਬਸਤਾ ਹੈ ਜਿਹੜੀ ਕਿ ਬਿਰਖਾਂ ਅਤੇ ਮਨੁੱਖਾਂ ਦੀ ਲੜੀ ਨੂੰ ਅੱਗੇ ਤੋਰਦੀ ਹੈ।"[5]

ਸਾਂਸੀ ਕਬੀਲੇ ਦੀਆਂ ਵਿਆਹ ਨਾਲ ਸੰਬੰਧਤ ਰਸਮਾਂ ਸੰਬੰਧੀ ਇਕ ਗੱਲ ਖ਼ਾਸ ਤੌਰ 'ਤੇ ਜ਼ਿਕਰਯੋਗ ਹੈ। ਉਹ ਇਹ ਕਿ ਸਾਂਸੀ ਕਬੀਲੇ ਦੇ ਲੋਕ ਵਿਆਹ ਵਾਲੀ ਬੇਦੀ ਦੌਰਾਨ ਆਪਣੇ ਵਡੇਰਿਆਂ ਜਿਵੇਂ ਕਿ 'ਸਾਂਸ ਮੱਲ', 'ਮਾਹਲਾ' ਅਤੇ 'ਬੀਢੂ' ਦੀ ਪੂਜਾ ਅਰਚਨਾ ਸੰਬੰਧੀ ਕੋਈ ਕਰਮ-ਕਾਂਡ ਨਹੀਂ ਕਰਦੇ। ਵਿਆਹ ਦੀ ਪ੍ਰਕਿਰਿਆ ਦੌਰਾਨ ਇਨ੍ਹਾਂ ਦੇ ਇਸ਼ਟ 'ਕੁਦਰਤ' ਅਤੇ 'ਜਲ ਦੇਵਤਾ' ਹੀ ਹੁੰਦੇ ਹਨ। ਇਹ ਸਾਰਾ ਵਿਧੀ ਵਿਧਾਨ ਕੁਦਰਤੀ ਧਰਮ ਦਾ ਹੀ ਵਿਖਿਆਨ ਕਰਦਾ ਹੈ। ਸਾਂਸੀ ਕਬੀਲੇ ਦੀਆਂ ਇਹ ਵਿਆਹ ਨਾਲ ਸੰਬੰਧਤ

ਰਸਮਾਂ-ਰੀਤਾਂ ਸਾਂਸੀ ਕਬੀਲੇ ਦੇ ਆਪਣੇ ਹੀ 'ਪੁਰੋਹਿਤਾਂ' ਅਤੇ 'ਸਿਆਣਿਆਂ' ਦੀ ਹਾਜ਼ਰੀ ਵਿੱਚ ਪੂਰੀਆਂ ਹੁੰਦੀਆਂ ਹਨ। ਕਬੀਲੇ ਦੇ ਲੋਕ ਵਿਆਹ ਰਸਮਾਂ ਸੰਪੰਨ ਕਰਨ ਵਾਲੇ ਕਬੀਲਾ 'ਪੁਰੋਹਿਤ' ਜਾਂ 'ਸਿਆਣੇ' ਨੂੰ 'ਸਾਂਸੀ ਮੱਲ' ਦਾ 'ਮਸੰਦ' ਜਾਂ 'ਭਗਤ' ਵੀ ਆਖਦੇ ਰਹੇ ਹਨ। ਅਜਿਹਾ ਵਿਅਕਤੀ ਵਿਆਹ ਸੰਬੰਧਾਂ ਦੇ ਸੰਪੂਰਨ ਹੋਣ 'ਤੇ ਦਾਨ ਦਖਸ਼ਣਾ ਦਾ ਪਾਤਰ ਵੀ ਹੁੰਦਾ ਹੈ।

ਸਾਂਸੀ ਕਬੀਲੇ ਵਿਚ ਮੰਗਣੀ ਦੀ ਰਸਮ ਤੋਂ ਲੈ ਕੇ ਵਿਆਹ ਦੀ ਰਸਮ ਤੱਕ ਕੁਝ ਆਦਿ ਕਾਲ ਤੋਂ ਪ੍ਰਚਲਿਤ ਰਸਮਾਂ ਦਾ ਪਾਲਣ ਕੀਤਾ ਜਾਂਦਾ ਹੈ। ਕਬੀਲੇ ਵਿਚ ਰਿਸ਼ਤੇ ਦੀ ਦੱਸ ਪੈਣ 'ਤੇ ਲੜਕੇ ਦਾ ਪਿਤਾ ਆਪਣੀ 'ਸੰਭਾਵੀ ਨੂੰਹ' ਨੂੰ ਪੰਜ ਰੁਪਏ ਸ਼ਗਨ ਵਜੋਂ ਦੇ ਕੇ ਰਿਸ਼ਤਾ ਪੱਕਾ ਕੀਤਾ ਕਰਦਾ ਹੈ। ਇਸ ਰਸਮ ਤੋਂ ਬਾਅਦ ਲੜਕੇ ਦੇ ਪਰਿਵਾਰ ਵੱਲੋਂ ਲੜਕੀ ਨੂੰ ਸ਼ਗਨ ਦੇ ਰੂਪ ਵਿਚ 'ਸੁਹਾਗ ਲੀੜਾ' ਵੀ ਦਿੱਤਾ ਜਾਂਦਾ ਹੈ। ਸਾਂਸੀ ਕਬੀਲੇ ਵਿਚ ਵਿਆਹ ਵਿਚ ਦਾਜ ਵਜੋਂ ਲੜਕੀ ਨੂੰ ਸੱਤ ਭੇਡਾਂ, ਇਕ ਖੋਤਾ ਅਤੇ ਕੁਝ ਦਾਣਾ ਫੱਕਾ ਦੇਣ ਦੀ ਰਵਾਇਤ ਪ੍ਰਚਲਿਤ ਰਹੀ ਹੈ। ਇਸ ਤੋਂ ਇਲਾਵਾ ਦਾਜ ਦੀ ਮਾਤਰਾ ਸੰਬੰਧਤ ਧਿਰਾਂ ਦੀ ਸਮਰੱਥਾ 'ਤੇ ਨਿਰਭਰ ਕਰਦੀ ਹੈ। ਸਾਂਸੀ ਕਬੀਲੇ ਵਿਚ ਵਿਆਹ ਤੋਂ ਪਹਿਲਾਂ ਲੜਕੀ ਨੂੰ ਸੁਹਾਗ ਦੇ ਸ਼ਗਨਾਂ ਵਜੋਂ ਇਕ ਗਾਨਾ, ਮਹਿੰਦੀ ਦੇ ਪੱਤੇ, ਸ਼ਗਨਾਂ ਦਾ ਸਾਲੂ ਅਤੇ ਇੱਕ ਰੁਪਈਆ ਭੇਜਿਆ ਜਾਂਦਾ ਹੈ। ਭਾਵੇਂ ਕਿ ਇਹ ਰਸਮ ਅੱਜ ਵੀ ਪ੍ਰਚਲਿਤ ਹੈ ਪਰ ਇਸ ਵਿਚ ਕਾਫ਼ੀ ਤਬਦੀਲੀ ਵੇਖਣ ਨੂੰ ਮਿਲਦੀ ਹੈ। ਸ਼ਹਿਰਾਂ ਵਿਚ ਇਹ ਰਸਮ ਕਾਫ਼ੀ ਹੱਦ ਤੱਕ ਬਦਲ ਗਈ ਹੈ ਪਰ ਪਿੰਡਾਂ ਵਿਚ ਇਸਦਾ ਪ੍ਰਭਾਵ ਅਜੇ ਵੀ ਵੇਖਣ ਨੂੰ ਮਿਲਦਾ ਹੈ। ਵਿਆਹ ਵਾਲੇ ਦਿਨ ਸਾਂਸੀ ਕਬੀਲੇ ਵਿਚ ਲੜਕੀ ਦੇ ਘਰ ਬਰਾਤ ਢੁਕਣ ਸਮੇਂ 'ਲੱਖੇ ਦੀ ਰਸਮ' ਪੂਰੀ ਕੀਤੀ ਜਾਂਦੀ ਹੈ। ਇਸ ਰਸਮ ਵਿੱਚ ਲੜਕੇ ਦੇ ਪਰਿਵਾਰ ਵੱਲੋਂ ਲੜਕੀ ਦੇ ਪਰਿਵਾਰ ਨੂੰ ਕੁਝ ਰਕਮ 'ਕੰਨਿਆ ਦਾਨ' ਵਜੋਂ ਦਿੱਤੀ ਜਾਂਦੀ ਹੈ। ਇਹ ਇਕ ਕਿਸਮ ਦੀ ਸੰਕੇਤਕ ਰਸਮ ਹੁੰਦੀ ਹੈ ਜਿਹੜੀ ਕਿ 'ਰਿਸ਼ਤਿਆਂ ਦੇ ਕੀਮਤ ਪ੍ਰਬੰਧ' ਨੂੰ ਦਰਸਾਉਂਦੀ ਹੈ। 'ਕੰਨਿਆ ਧਨ' ਦੀ ਰਸਮ ਲੜਕੀ ਦੀ ਮਹੱਤਤਾ ਅਤੇ ਮਾਣ ਮਰਿਆਦਾ ਨਾਲ ਜੋੜ ਕੇ ਵੇਖੀ ਜਾਂਦੀ ਹੈ। ਇਸ ਰਸਮ ਉਪਰੰਤ ਬਰਾਤ ਚਾਹ ਪਾਣੀ ਅਤੇ ਭੋਜ ਲਈ ਅੱਗੇ ਵਧਦੀ ਹੈ। ਇਸ ਰਸਮ ਤੋਂ ਬਾਅਦ ਸਾਂਸੀ ਕਬੀਲੇ ਦੇ ਲੋਕਾਂ ਦੁਆਰਾ ਆਪਣੇ ਪੁਰਖਿਆਂ 'ਮਾਹਲਾ' ਅਤੇ 'ਬੀਢੂ' ਦੀਆਂ ਰੂਹਾਂ ਨੂੰ ਤ੍ਰਿਪਤ ਕਰਨ ਲਈ ਖੁਸ਼ੀ ਵਜੋਂ 'ਛਤਰੇ' ਦੀ ਬਲੀ ਦਿੱਤੀ ਜਾਂਦੀ ਹੈ। ਅਜਿਹਾ ਪੁਰਖਿਆਂ ਪ੍ਰਤੀ ਸ਼ਰਧਾ ਅਤੇ ਭੈਅ ਵਜੋਂ ਕੀਤਾ ਜਾਂਦਾ ਹੈ। ਇਸ ਰਸਮ ਵਿੱਚ ਵਿਆਹ ਵਾਲੇ ਲੜਕੇ ਦਾ ਪਰਿਵਾਰ ਵਿਆਹ ਵਿਚ ਆਪਣੇ ਨਾਲ ਇਕ ਛੱਤਰਾ ਲਿਆਉਂਦਾ ਹੈ। ਇਸਦੀ 'ਮਾਹਲਾ' ਅਤੇ 'ਬੀਢੂ' ਦੇ ਨਾਂ 'ਤੇ ਬਲੀ ਦੇ ਕੇ ਇਸਦਾ ਲਹੂ ਅਸਮਾਨ ਅਤੇ ਆਲੇ-ਦੁਆਲੇ ਛਿੜਕ ਕੇ ਕਬੀਲਾ ਪੁਰਖਿਆਂ ਨੂੰ ਭੋਗ ਲਵਾਇਆ ਜਾਂਦਾ ਹੈ। ਛਤਰੇ ਦੀ ਬਲੀ ਦੇਣ ਉਪਰੰਤ ਲੜਕੇ ਦਾ ਪਰਿਵਾਰ 'ਬੀਢੂ' ਅਤੇ 'ਮਾਹਲਾ' ਅੱਗੇ ਅਰਜੋਈ ਕਰਦਾ ਹੋਇਆ ਪਰਿਵਾਰ ਵਿਚ 'ਠੰਢ ਪ੍ਰਦਾਨ ਕਰਨ' ਸੰਬੰਧੀ ਬੇਨਤੀ ਕਰਦਾ ਹੈ। ਇਸ ਰਸਮ ਦੀ ਮੂਲ ਸਾਮੱਗਰੀ ਇਕ ਘੜਾ, ਇਕ ਕਟੋਰਾ, ਇਕ ਰੰਧਾਲਾ ਅਤੇ ਗੁੜ ਲੜਕੇ ਦਾ ਪਰਿਵਾਰ ਆਪਣੇ ਨਾਲ ਲੈ

ਕੇ ਆਉਂਦਾ ਹੈ। ਇਸ ਉਪਰੰਤ ਛੱਤਰੇ ਦਾ ਜਿਗਰ, ਪੋਟੇ ਅਤੇ ਸਿਰੀ ਪਕਾ ਕੇ ਵਿਆਹ ਵਾਲੇ ਲੜਕੇ ਅਤੇ ਲੜਕੀ ਨੂੰ ਸਾਂਝੇ ਰੂਪ ਵਿਚ ਭੋਜਨ ਕਰਾਇਆ ਜਾਂਦਾ ਹੈ। ਮਿਸਟਰ ਵਿਲੀਅਮ ਸਾਂਸੀ ਕਬੀਲੇ ਬਾਰੇ ਆਪਣੇ ਬਿਰਤਾਂਤ ਵਿਚ ਲਿਖਦਾ ਹੈ ਕਿ ਸਾਂਸੀ ਲੋਕਾਂ ਅਤੇ ਹੋਰ ਕਈ ਕਬੀਲਿਆਂ ਲਈ 'ਸੱਤ ਨੰਬਰ' ਦੀ ਵਿਸ਼ੇਸ਼ ਮਾਨਤਾ ਹੈ। ਕਈ ਕਬੀਲਿਆਂ ਵਿਚ ਇਕ ਖੰਭੇ ਦੁਆਲੇ ਸੱਤ ਫੇਰੇ ਦੇ ਕੇ ਅਤੇ ਸੱਤ ਵਾਰੀ ਕੋਲੇ ਦੀ ਅੱਗ ਵਿੱਚ ਫੂਕਾਂ ਮਾਰ ਕੇ ਵਿਆਹ ਦੀ ਰੀਤ ਸੰਪੰਨ ਕਰਨ ਦੀ ਪ੍ਰਥਾ ਹੈ। ਸਾਂਸੀ ਕਬੀਲੇ ਵਿਚ ਉਪਰੋਕਤ ਦਰਸਾਈਆਂ ਰਸਮਾਂ ਵਿਚੋਂ ਬਹੁਤੀਆਂ ਰਸਮਾਂ ਅਲੋਪ ਹੋ ਗਈਆਂ ਹਨ। ਇਨ੍ਹਾਂ ਰਸਮਾਂ ਦੀ ਥਾਵੇਂ ਆਧੁਨਿਕਤਾ ਦੇ ਪ੍ਰਭਾਵ ਹੇਠ ਕੁਝ ਨਵੀਆਂ ਰਸਮਾਂ ਹੋਂਦ ਵਿਚ ਆ ਗਈਆਂ ਹਨ।

ਮੌਤ ਰਸਮਾਂ

1. **ਮੰਜੀ ਤੋਂ ਉਤਾਰਨ ਦੀ ਰਸਮ** : ਸਾਂਸੀ ਕਬੀਲੇ ਵਿਚ ਕਿਸੇ ਵੀ ਵਿਅਕਤੀ ਦੀ ਮੌਤ ਹੋਣ ਦੀ ਸੂਰਤ ਵਿਚ ਮੰਜੀ ਤੋਂ ਹੇਠਾਂ ਉਤਾਰਨ ਦੀ ਰਸਮ ਪ੍ਰਚਲਿਤ ਹੈ। ਕਬੀਲੇ ਦੇ ਲੋਕ ਮੌਤ ਉਪਰੰਤ ਵਿਅਕਤੀ ਨੂੰ ਮੰਜੇ 'ਤੇ ਰੱਖਣਾ ਮਾੜਾ ਸਮਝਦੇ ਹਨ। ਇਸ ਸੰਬੰਧੀ ਕਬੀਲੇ ਵਿਚ ਇਹ ਵਿਚਾਰ ਪਾਇਆ ਜਾਂਦਾ ਹੈ ਕਿ ਇਸ ਤਰ੍ਹਾਂ ਕਰਨ ਨਾਲ ਮ੍ਰਿਤਕ ਵਿਅਕਤੀ ਦੀ ਆਤਮਿਕ ਯਾਤਰਾ ਵਿਚ ਵਿਘਨ ਪੈਂਦਾ ਹੈ। ਇਸ ਰਸਮ ਤੋਂ ਬਾਅਦ ਮ੍ਰਿਤਕ ਦੇ ਸਿਰਹਾਣੇ ਇਕ ਗੰਧਾਲਾ ਗੱਡ ਕੇ ਧੂਣੀ ਧੁਖ਼ਾ ਦਿੱਤੀ ਜਾਂਦੀ ਹੈ। ਇਸ ਤੋਂ ਬਾਅਦ ਕਬੀਲੇ ਦੇ ਸਿਆਣੇ ਅਤੇ ਬੁਜ਼ਰਗ ਵਿਅਕਤੀ ਵਿਹੜੇ ਵਿਚ ਸੱਥਰ ਵਿਛਾ ਕੇ ਮ੍ਰਿਤਕ ਦੇ ਪਰਿਵਾਰ ਨਾਲ ਸੋਗ ਪ੍ਰਗਟ ਕਰਦੇ ਹਨ।

2. **ਸੋਗ ਦੀ ਰਸਮ** : ਸਾਂਸੀ ਕਬੀਲੇ ਵਿਚ ਡੇਰੇ ਵਿਚ ਹੋਈ ਕਿਸੇ ਵੀ ਮੌਤ ਦੀ ਸੂਰਤ ਵਿਚ ਡੂੰਘਾ ਸੋਗ ਵਿਅਕਤ ਕੀਤਾ ਜਾਂਦਾ ਹੈ। ਇਸ ਵੇਲੇ ਡੇਰੇ ਦੇ ਸਾਰੇ ਲੋਕ ਮੌਤ ਵਾਲੇ ਘਰ ਇੱਕਠੇ ਹੋ ਕੇ ਮ੍ਰਿਤਕ ਦੇ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਧਰਵਾਸ ਦਿੰਦੇ ਹਨ। ਇਸ ਰਸਮ ਵਿਚ ਇਕੱਤਰ ਹੋਏ ਲੋਕ ਮ੍ਰਿਤਕ ਦੇ ਚੰਗੇ ਕੰਮਾਂ ਦਾ ਗੁਣਗਾਣ ਕਰਦੇ ਹੋਏ, ਉਸਨੂੰ ਯਾਦ ਕਰਦੇ ਹਨ। ਸੋਗ ਦੀ ਰਸਮ ਵਿਚ ਬੈਠੇ ਕਬੀਲੇ ਦੇ ਪਤਵੰਤੇ ਅਤੇ ਪੈਂਚ ਮੌਤ ਦੀ ਅਟੱਲ ਸਚਾਈ ਬਾਰੇ ਉਪਦੇਸ਼ ਦਿੰਦੇ ਹੋਏ ਮ੍ਰਿਤਕ ਵਿਅਕਤੀ ਦੇ ਪਰਿਵਾਰ ਨੂੰ ਹੌਸਲਾ ਅਤੇ ਧੀਰਜ ਦਿੰਦੇ ਹਨ।

3. **ਅੰਤਿਮ ਰਸਮਾਂ ਦੀ ਤਿਆਰੀ** : ਸਾਂਸੀ ਲੋਕ ਕਬੀਲੇ ਵਿਚ ਕੋਈ ਵੀ ਮੌਤ ਹੋ ਜਾਣ ਦੀ ਸੂਰਤ ਵਿਚ ਕੁਝ ਜ਼ਿੰਮੇਵਾਰ ਵਿਅਕਤੀਆਂ ਨੂੰ ਅੰਤਿਮ ਰਸਮਾਂ ਦੀ ਤਿਆਰੀ ਵਿਚ ਲਗਾ ਦਿੰਦੇ ਹਨ। ਕਬੀਲੇ ਦੇ ਲੋਕ ਅਰਥੀ ਨੂੰ ਮੋਢਾ ਦੇਣ ਲਈ ਕਬੀਲਾ ਗੋਤਰਾਂ ਵਿਚੋਂ 'ਚਾਰ ਕਾਂਧੀ' ਮੁਕੱਰਰ ਕਰਦੇ ਹਨ।ਇਸ ਤਰ੍ਹਾਂ ਇਹ ਨਿਯਤ ਕੀਤੇ 'ਕਾਂਧੀ' ਮ੍ਰਿਤਕ ਦੇ ਸਾਰੇ ਕਿਰਿਆ ਕਰਮ ਵਿਚ ਉਚੇਚਾ ਭਾਗ ਲੈਂਦੇ ਹਨ। ਕਬੀਲੇ ਦੇ ਲੋਕ ਮ੍ਰਿਤਕ ਨੂੰ ਸਿਵਿਆਂ ਵੱਲ ਲਿਜਾਂਦੇ ਹੋਏ ਰਸਤੇ ਵਿਚ ਘੜਾ ਭੰਨਣ ਉਪਰੰਤ ਇਕਦਮ ਮ੍ਰਿਤਕ ਸਰੀਰ ਦੀ ਦਿਸ਼ਾ ਬਦਲ ਦਿੰਦੇ ਹਨ। ਕਬੀਲੇ ਵਿਚ ਅਜਿਹਾ ਵਿਸ਼ਵਾਸ ਪ੍ਰਚਲਿਤ ਹੈ ਕਿ ਅਜਿਹਾ

ਕਰਨ ਨਾਲ ਮ੍ਰਿਤਕ ਵਿਅਕਤੀ ਦੀ ਰੂਹ ਵਾਪਸ ਨਹੀਂ ਆਉਂਦੀ। ਸਾਂਸੀ ਲੋਕ ਮ੍ਰਿਤਕ ਦਾ ਦਾਹ ਕਰਨ ਤੋਂ ਪਹਿਲਾਂ ਉਸਦੇ ਮੂੰਹ ਵਿਚ ਦੇਸੀ ਘਿਓ ਅਤੇ ਕੋਈ ਪੈਸਾ ਪਾਉਂਦੇ ਹਨ। ਇਸ ਤਰ੍ਹਾਂ ਕਬੀਲਾ ਅਰਦਾਸ ਤੋਂ ਬਾਅਦ ਮ੍ਰਿਤਕ ਨੂੰ ਉਸਦੇ ਵੱਡੇ ਪੁੱਤਰ ਦੁਆਰਾ ਅਗਨੀ ਦਿੱਤੀ ਜਾਂਦੀ ਹੈ। ਮ੍ਰਿਤਕ ਨੂੰ ਅਗਨੀ ਦੇਣ ਤੋਂ ਬਾਅਦ ਕਬੀਲੇ ਦੇ ਸਾਰੇ ਲੋਕ ਇਕ-ਇਕ ਲੱਕੜ ਚੁੱਕ ਕੇ ਮ੍ਰਿਤਕ ਦੀ ਚਿਖਾ ਤੇ ਪਾਉਂਦੇ ਹਨ।

4. **ਕਪਾਲ ਕਿਰਿਆ ਦੀ ਰਸਮ** : ਸਾਂਸੀ ਕਬੀਲੇ ਵਿਚ ਦਾਹ ਸੰਸਕਾਰ ਵੇਲੇ ਕਪਾਲ ਕਿਰਿਆ ਦੀ ਰਸਮ ਪ੍ਰਚਲਿਤ ਹੈ। ਇਸ ਰਸਮ ਵਿਚ ਚਿਖ਼ਾ ਦੇ ਅੱਗ ਫੜ ਲੈਣ ਤੋਂ ਬਾਅਦ ਕਪਾਲ ਕਿਰਿਆ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਇਸ ਰਸਮ ਵਿਚ ਮ੍ਰਿਤਕ ਦੀ ਖੋਪੜੀ ਨੂੰ ਸੱਤ ਵਾਰੀ ਬਾਂਸ ਨਾਲ ਠੋਕ ਕੇ ਬਾਂਸ ਨੂੰ ਚਿਖਾ ਦੇ ਉੱਪਰੋਂ ਵਗਾਹ ਕੇ ਪਰ੍ਹਾਂ ਸੁੱਟ ਦਿੱਤਾ ਜਾਂਦਾ ਹੈ। ਇਸ ਰਸਮ ਨੂੰ ਕਬੀਲੇ ਦੇ ਲੋਕ ਮ੍ਰਿਤਕ ਦੀ ਆਤਮਾ ਦੀ ਸ਼ਾਂਤੀ ਨਾਲ ਜੋੜਦੇ ਹਨ। ਇਸ ਰਸਮ ਤੋਂ ਬਾਅਦ ਕਬੀਲੇ ਦੇ ਲੋਕ ਮ੍ਰਿਤਕ ਦਾ ਦਾਹ ਕਰਦੇ ਹੋਏ ਡੇਰੇ ਵਾਪਸ ਵਰਤਦੇ ਹਨ। ਡੇਰੇ ਵਿਚ ਪਰਤਣ ਤੋਂ ਪਹਿਲਾਂ ਕਬੀਲੇ ਦੇ ਲੋਕ ਸੁੱਚੇ ਪਾਣੀ ਨਾਲ ਹੱਥ ਮੂੰਹ ਧੋ ਕੇ ਆਪਣਾ-ਆਪਣਾ ਸ਼ੁੱਧੀਕਰਨ ਕਰਦੇ ਹਨ।

5. **ਹੱਢੀ ਕੱਢਣ ਦੀ ਰਸਮ** : ਸਾਂਸੀ ਕਬੀਲੇ ਵਿਚ ਮ੍ਰਿਤਕ ਦੇ 'ਦਾਹ ਸੰਸਕਾਰ' ਤੋਂ ਬਾਅਦ ਸ਼ਾਮ ਨੂੰ ਹੱਡੀ ਕੱਢਣ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਇਸ ਰਸਮ ਵਿੱਚ ਮ੍ਰਿਤਕ ਦੇ ਸਿਵੇ ਵਿੱਚੋਂ ਇਕ ਹੱਡੀ ਕੱਢ ਕੇ ਕਿਧਰੇ ਸਾਂਭ ਦਿੱਤੀ ਜਾਂਦੀ ਹੈ। ਇਸ ਸੰਬੰਧੀ ਸਾਂਸੀ ਕਬੀਲੇ ਵਿਚ ਇਹ ਵਿਸ਼ਵਾਸ ਪ੍ਰਚਲਿਤ ਹੈ ਕਿ ਅਜਿਹਾ ਮ੍ਰਿਤਕ ਦੇ ਸਿਵੇ ਨੂੰ ਬੰਨ੍ਹਣ ਲਈ ਕੀਤਾ ਜਾਂਦਾ ਹੈ। ਸਾਂਸੀ ਕਬੀਲਾ ਕਈ ਤਰ੍ਹਾਂ ਦੀਆਂ ਮਨਾਹੀਆਂ ਅਤੇ ਮਾਨਤਾਵਾਂ (Totam & Taboos) ਵਿੱਚ ਵਿਸ਼ਵਾਸ ਕਰਦਾ ਹੈ। ਕਬੀਲੇ ਦੇ ਲੋਕ ਖ਼ਾਸ ਕਰਕੇ ਜਾਦੂ ਟੂਣੇ ਅਤੇ ਭੂਤਾਂ ਪ੍ਰੇਤਾਂ ਵਿੱਚ ਵਿਸ਼ਵਾਸ ਰੱਖਦੇ ਹਨ। ਇਸ ਤਰ੍ਹਾਂ ਸਾਂਸੀ ਕਬੀਲੇ ਵਿਚ ਸਦੀਆਂ ਤੋਂ ਇਹ ਵਿਸ਼ਵਾਸ ਪ੍ਰਚੱਲਿਤ ਹੈ ਕਿ ਜੇਕਰ ਕੋਈ ਤਾਂਤਰਿਕ ਜਾਂ ਕਾਲੇ ਜਾਦੂ ਵਾਲਾ ਵਿਅਕਤੀ ਮ੍ਰਿਤਕ ਦੇ ਸਿਵੇ ਨੂੰ 'ਕੀਲ ਲਵੇ' ਤਾਂ ਉਸਦੀ ਆਤਮਾ ਜਿੰਨ ਜਾਂ ਭੂਤ ਵਿਚ ਪਰਿਵਰਤਿਤ ਹੋ ਕੇ ਦੂਜਿਆਂ ਨੂੰ ਪ੍ਰੇਸ਼ਾਨ ਕਰਦੀ ਹੈ। ਇਸ ਉਪਾਅ ਲਈ ਕਬੀਲੇ ਦੇ ਲੋਕ ਮ੍ਰਿਤਕ ਦੀ ਹੱਡੀ ਸਿਵੇ ਵਿਚੋਂ ਕੱਢ ਦਿੰਦੇ ਹਨ ਜਿਹੜੀ ਕਿ ਹਰਿਦੁਆਰ ਲਿਜਾਣ ਵੇਲੇ ਫੁੱਲਾਂ ਵਿਚ ਪਾ ਦਿੱਤੀ ਜਾਂਦੀ ਹੈ।

6. **ਫੁੱਲ ਚੁਗਣ ਦੀ ਰਸਮ** : ਸਾਂਸੀ ਕਬੀਲੇ ਵਿਚ ਪਹਿਲਾਂ ਫੁੱਲ ਚੁੱਗਣ ਦਾ ਕੋਈ ਨਿਸਚਿਤ ਸਮਾਂ ਨਹੀਂ ਸੀ ਬੰਨ੍ਹਿਆ ਜਾਂਦਾ ਪਰ ਅਜੋਕੇ ਦੌਰ ਵਿਚ ਸਾਂਸੀ ਲੋਕ ਦਾਹ ਤੋਂ ਦੂਜੇ ਜਾਂ ਤੀਜੇ ਦਿਨ ਬਾਅਦ ਮ੍ਰਿਤਕ ਦੇ ਫੁੱਲ ਚੁਗਦੇ ਹਨ। ਸਾਂਸੀ ਲੋਕ ਮ੍ਰਿਤਕ ਦੇ ਫੁੱਲ ਚੁਗ ਕੇ ਕੱਚੀ ਲੱਸੀ ਨਾਲ ਧੋ ਲੈਂਦੇ ਹਨ। ਇਨ੍ਹਾਂ ਫੁੱਲਾਂ ਦੇ ਵਿਸ਼ੇਸ਼ ਹਿੱਸਿਆਂ ਨੂੰ ਕੋਰੇ ਕੁੱਜੇ ਵਿਚ ਪਾ ਲਿਆ ਜਾਂਦਾ ਹੈ। ਸਾਂਸੀ ਕਬੀਲੇ ਦੇ ਕਈ ਗੋਤਰ ਮ੍ਰਿਤਕ ਦੇ ਫੁੱਲ ਚੁਗ ਕੇ ਕੋਰੇ ਕੁੱਜੇ ਵਿਚ ਪਾ ਕੇ ਸਿਵਿਆਂ ਵਿਚ ਹੀ ਕਿੱਸੇ ਬਿਰਖ ਦੀ ਜੜ੍ਹ ਹੇਠ ਦਬਾ ਦਿੰਦੇ ਹਨ। ਅਜਿਹਾ ਫੁੱਲਾਂ ਦੀ ਸੁਰੱਖਿਆ ਲਈ ਕੀਤਾ ਜਾਂਦਾ ਹੈ। ਕਬੀਲੇ ਦੇ ਲੋਕ ਇਸ ਥਾਂ ਦੀ ਕੋਈ ਨਿਸ਼ਾਨੀ ਰੱਖ ਲੈਂਦੇ ਹਨ। ਇਸ ਉਪਰੰਤ ਸਾਲ ਬਾਅਦ ਫੁੱਲਾਂ ਵਾਲੀ

ਥਾਂ 'ਤੇ ਮ੍ਰਿਤਕ ਵਿਅਕਤੀ ਦੀ ਸਮਾਧ ਬਣਾ ਦਿੱਤੀ ਜਾਂਦੀ ਹੈ, ਜਿਸਨੂੰ ਕਿ ਕਬੀਲੇ ਦੇ ਲੋਕ ਹਰ ਦਿਨ ਤਿਉਹਾਰ 'ਤੇ ਦੀਵਾ ਜਗਾ ਕੇ ਅਤੇ ਮਿੱਠਾ ਆਦਿ ਅਰਪ ਕੇ ਮੱਥਾ ਟੇਕਦੇ ਹਨ। ਅਜੋਕੇ ਦੌਰ ਵਿਚ ਸਾਂਸੀ ਕਬੀਲੇ ਦੇ ਲੋਕ ਕੁਝ ਵਿਧੀਪੂਰਵਕ ਕਬੀਲਾ ਰਸਮਾਂ ਉਪਰੰਤ ਫੁੱਲ ਹਰਿਦੁਆਰ ਲਿਜਾ ਕੇ ਗੰਗਾ ਵਿਚ ਤਾਰ ਦਿੰਦੇ ਹਨ। ਮ੍ਰਿਤਕ ਦੇ ਫੁੱਲ ਗੰਗਾ ਲਿਜਾਣ ਤੋਂ ਪਹਿਲਾਂ ਮ੍ਰਿਤਕ ਦੇ ਰਿਸ਼ਤੇਦਾਰ ਅਤੇ ਡੇਰੇ ਦੇ ਲੋਕ ਫੁੱਲਾਂ ਨੂੰ ਵਿੱਤ ਅਨੁਸਾਰ ਮੱਥਾ ਟੇਕ ਕੇ ਸ਼ਰਧਾਂਜਲੀ ਭੇਟ ਕਰਦੇ ਹਨ।

ਭੋਗ ਦੀ ਰਸਮ : ਸਾਂਸੀ ਲੋਕ ਕਬੀਲੇ ਵਿਚ ਹੋਈ ਕਿਸੇ ਵੀ ਮੌਤ ਦੀ ਸੂਰਤ ਵਿਚ ਦਸਵੇਂ ਜਾਂ ਬਾਰ੍ਹਵੇਂ ਦਿਨ ਮ੍ਰਿਤਕ ਦਾ ਭੋਗ ਪਾਉਣ ਦੀ ਰਸਮ ਅਦਾ ਕਰਦੇ ਹਨ। ਭੋਗ ਦੀ ਰਸਮ ਵਿਚ ਕਬੀਲੇ ਵਿਚ ਮ੍ਰਿਤਕ ਨੂੰ 'ਪਾਣੀ ਦੇਣ' ਦੀ ਰਸਮ ਪ੍ਰਚਲਿਤ ਹੈ। ਪਾਣੀ ਦੀ ਰਸਮ ਵਿਚ ਇਕ ਵੱਡੀ ਸਾਰੀ ਬਾਲਟੀ ਜਾਂ ਕੋਈ ਖੁੱਲ੍ਹਾ ਭਾਂਡਾ ਲੈ ਕੇ ਉਸ ਵਿਚ ਸ਼ੱਕਰ ਘੋਲ ਲਈ ਜਾਂਦੀ ਹੈ। ਇਸ ਤਰ੍ਹਾਂ ਭੋਗ ਵਾਲੇ ਦਿਨ ਮ੍ਰਿਤਕ ਦੇ ਘਰ ਹੋਏ ਵਿਸ਼ਾਲ ਇਕੱਠ ਵਿਚ ਮ੍ਰਿਤਕ ਨੂੰ ਸ਼ਰਧਾਂਜਲੀ ਦੇਣ ਲਈ ਬਣਾਈ ਗਈ ਥਾਂ 'ਤੇ ਕਬੀਲੇ ਦੇ ਲੋਕ ਸ਼ਰਬਤ ਵਾਲੀ ਬਾਲਟੀ ਵਿਚੋਂ ਮਿੱਠੇ ਪਾਣੀ ਦਾ ਗਲਾਸ ਭਰ-ਭਰ ਕੇ ਮ੍ਰਿਤਕ ਨੂੰ ਪਾਣੀ ਦੇਣ ਦੀ ਰਸਮ ਪੂਰੀ ਕਰਦੇ ਹਨ। ਇਸ ਰਸਮ ਵਿਚ ਲੋਕ ਆਦਿ ਪੁਰਖਿਆਂ ਤੋਂ ਲੈ ਕੇ ਭੋਗ ਵਾਲੇ ਵਿਅਕਤੀ ਤੱਕ ਪਾਣੀ ਦੇਣ ਦੀ ਰਸਮ ਪੂਰੀ ਕਰਦੇ ਹਨ।

ਸਾਂਸੀ ਕਬੀਲੇ ਵਿਚ ਪਾਣੀ ਦੇਣ ਦੀ ਰਸਮ ਇਕ ਸਮੂਹਿਕ ਰਸਮ ਹੈ। ਇਸ ਰਸਮ ਵਿਚ ਸਾਂਸੀ ਕਬੀਲੇ ਦੇ ਡੇਰੇ ਦੇ ਲੋਕ ਅਤੇ ਸਾਰੇ ਰਿਸ਼ਤੇਦਾਰ ਸ਼ਿਰਕਤ ਕਰਦੇ ਹਨ। ਜੇ ਕਰ ਕਿਸੇ ਨੂੰ ਇਸ ਰਸਮ ਵਿਚ ਸ਼ਾਮਿਲ ਨਾ ਕੀਤਾ ਜਾਵੇ ਤਾਂ ਸਾਂਸੀ ਲੋਕ ਇਸ ਗੱਲ 'ਤੇ ਬਹੁਤ ਬਿਖੇੜਾ ਖੜ੍ਹਾ ਕਰਦੇ ਹਨ। ਭੋਗ ਦੀ ਰਸਮ ਉਪਰੰਤ ਕਬੀਲੇ ਦੇ ਲੋਕ ਮ੍ਰਿਤਕ ਦੀ ਰੋਟੀ ਕਰਦੇ ਹਨ। ਜਵਾਨ ਮੌਤ ਦੀ ਸੂਰਤ ਵਿਚ 'ਦਾਲ ਰੋਟੀ' ਅਤੇ ਵਡੇਰੇ ਵਿਅਕਤੀ ਦੀ ਮੌਤ ਉਪਰੰਤ 'ਮਿੱਠੀ ਰੋਟੀ' ਦੇਣ ਦੀ ਰਸਮ ਪ੍ਰਚੱਲਿਤ ਹੈ। ਮਿੱਠੀ ਰੋਟੀ ਤੋਂ ਭਾਵ ਰੋਟੀ ਦੇ ਨਾਲ-ਨਾਲ ਕੜਾਹ ਪ੍ਰਸ਼ਾਦ, ਲੱਡੂ ਅਤੇ ਜਲੇਬੀਆਂ ਦੇ ਲੰਗਰ ਤੋਂ ਹੈ। ਪਾਣੀ ਦੇਣ ਦੀ ਰਸਮ ਵਿਚ ਸਾਂਸੀ ਲੋਕ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ। ਇਸ ਰਸਮ ਵਿਚ ਸੱਦਾ ਨਾ ਮਿਲਣ 'ਤੇ ਕਬੀਲੇ ਦੇ ਲੋਕ ਇਸਨੂੰ ਆਪਣੀ ਤੌਹੀਨ ਸਮਝਦੇ ਹਨ। ਅਜੋਕੇ ਸਮੇਂ ਸਾਂਸੀ ਕਬੀਲੇ ਦੀ ਇਹ ਰਸਮ ਆਧੁਨਿਕਤਾ ਦੇ ਪ੍ਰਭਾਵ ਹੇਠ ਕਾਫ਼ੀ ਹੱਦ ਤੱਕ ਬਦਲ ਰਹੀ ਹੈ। ਪਛੜੇ ਇਲਾਕਿਆਂ ਵਿਚ ਇਹ ਰਸਮ ਅਜੇ ਵੀ ਉਸੇ ਤਰ੍ਹਾਂ ਕ਼ਾਇਮ ਹੈ। ਅਜੋਕੇ ਦੌਰ ਵਿਚ ਪੰਜਾਬ ਦੇ ਕਈ ਸਾਂਸੀ ਲੋਕ ਆਪਣੀਆਂ ਵਿਆਹ ਰਸਮਾਂ 'ਗੁਰੂ ਗ੍ਰੰਥ ਸਾਹਿਬ' ਦੀ ਹਜ਼ੂਰੀ ਵਿਚ ਪੂਰੀਆਂ ਕਰਦੇ ਹਨ। ਇਸਦੇ ਨਾਲ ਹੀ ਇਹ ਲੋਕ ਮ੍ਰਿਤਕ ਦੇ ਫੁੱਲ ਪਾਉਣ ਲਈ 'ਹਰਿਦੁਆਰ' ਵਿਖੇ ਜਾਂਦੇ ਹਨ। ਇਸ ਤਰ੍ਹਾਂ ਇਨ੍ਹਾਂ ਲੋਕਾਂ ਦੀਆਂ ਕਈ ਰਸਮਾਂ ਰੀਤਾਂ ਅਤੇ ਪਰੰਪਰਾਵਾਂ ਸਥਾਨਕ ਸੱਭਿਆਚਾਰਾਂ ਦੇ ਪ੍ਰਭਾਵ ਹੇਠ ਬਦਲ ਰਹੀਆਂ ਹਨ। ਭਾਵੇਂ ਕਿ ਇਹ ਵਰਤਾਰਾ ਸਤਹੀ ਪੱਧਰ ਤੱਕ ਸੀਮਤ ਹੈ ਪਰੰਤੂ ਫਿਰ ਵੀ ਇਸ ਬਦਲਾਅ ਨੂੰ ਸਮਾਜਿਕ ਪਰਿਵਰਤਨ ਦੇ ਸੰਦਰਭ ਵਿਚ ਵੇਖਿਆ ਜਾ ਸਕਦਾ ਹੈ।

ਪੁਰਾਣੇ ਸਮਿਆਂ ਵਿੱਚ ਸਾਂਸੀ ਕਬੀਲੇ ਵਿਚ ਮੌਤ ਸੰਬੰਧੀ ਇਹ ਰਸਮਾਂ ਵੀ ਪ੍ਰਚੱਲਿਤ

ਸਨ। ਕਿਰਿਆ-ਕਰਮ ਵਿਚ ਪਾਣੀ ਦੇ ਘੜਿਆਂ ਦੀ ਵਿਸ਼ੇਸ਼ ਮਹੱਤਤਾ ਹੁੰਦੀ ਸੀ। ਇਸ ਰਸਮ ਵਿੱਚ ਕੁਆਰੀਆਂ ਕੰਨਿਆਵਾਂ ਨੂੰ ਭੋਜਨ ਦੇਣ ਦੀ ਰਵਾਇਤ ਪ੍ਰਚੱਲਿਤ ਸੀ। ਇਸ ਕਿਰਿਆ-ਕਰਮ ਦੇ ਚਲਦਿਆਂ ਮ੍ਰਿਤਕ ਦੀਆਂ ਹੱਡੀਆਂ ਨੂੰ ਗੰਗਾ ਵਿਚ ਪਰਵਾਹ ਕਰ ਦਿੱਤਾ ਜਾਂਦਾ ਸੀ। ਇਸ ਰਸਮ ਲਈ ਕੋਈ ਨੇੜੇ ਦੀ ਨਦੀ ਜਾਂ ਦਰਿਆ ਵੀ ਚੁਣ ਲਿਆ ਜਾਂਦਾ ਸੀ। ਮ੍ਰਿਤਕ ਦੇ ਪੁੱਤਰ ਅਤੇ ਪਰਿਵਾਰ ਵਿਚ ਛੇ ਸਾਲ ਤੱਕ ਦੇ ਬੱਚਿਆਂ ਦਾ ਮੁੰਡਨ ਕਰ ਦਿੱਤਾ ਜਾਂਦਾ ਸੀ। ਸਾਂਸੀ ਕਬੀਲੇ ਵਿੱਚ ਮ੍ਰਿਤਕ ਦੀ ਬਰਸੀ ਮਨਾਉਣ ਦੀ ਪ੍ਰਥਾ ਪ੍ਰਚਲਿਤ ਸੀ। ਇਸ ਤਰ੍ਹਾਂ ਸਾਲਾਨਾ ਬਰਸੀ 'ਤੇ ਜਿੱਥੇ ਮ੍ਰਿਤਕ ਨੂੰ 'ਪੁਰਖ ਪੂਜਾ' ਕਰਕੇ ਪੂਜਿਆ ਜਾਂਦਾ ਹੈ, ਉੱਥੇ ਨਾਲ ਹੀ ਕਬੀਲੇ ਦੇ ਲੋਕਾਂ ਨੂੰ ਚਾਵਲ ਅਤੇ ਮਾਸਾਹਾਰੀ ਭੋਜਨ ਛਕਾਇਆ ਜਾਂਦਾ ਸੀ। ਸਾਂਸੀ ਕਬੀਲੇ ਵਿਚ ਵੱਡੀ ਉਮਰ ਦੇ ਮ੍ਰਿਤਕ ਨੂੰ ਦਫ਼ਨਾਉਣ ਸਮੇਂ ਕਬੀਲੇ ਦਾ ਭੋਜਨ ਪਾਣੀ ਦੇਣ ਦੀ ਰਵਾਇਤ ਪ੍ਰਚੱਲਿਤ ਰਹੀ ਸੀ। ਪੁਰਾਣੇ ਸਮਿਆਂ ਵਿੱਚ ਮ੍ਰਿਤਕ ਨੂੰ ਦਫ਼ਨਾਉਣ ਸਮੇਂ ਕਬੀਲੇ ਦੇ ਲੋਕਾਂ ਵਿਚ ਗੁੜ ਵੰਡਿਆ ਜਾਂਦਾ ਸੀ। ਇਸ ਉਪਰੰਤ ਸੱਤ ਦਿਨਾਂ ਬਾਅਦ ਮ੍ਰਿਤਕ ਦਾ 'ਸਤਵਾਰਾ' ਕਰਕੇ ਕਬੀਲੇ ਦੇ ਲੋਕਾਂ ਦਾ 'ਭੋਜ' ਕੀਤਾ ਜਾਂਦਾ ਸੀ। ਸਾਂਸੀ ਕਬੀਲੇ ਵਿਚ ਆਦਿ ਕਾਲ ਤੋਂ ਹੀ 'ਸੱਤ ਨੰਬਰ' ਨੂੰ ਵਿਸ਼ੇਸ਼ ਮਹੱਤਤਾ ਪ੍ਰਾਪਤ ਹੈ। ਕਬੀਲੇ ਦੇ ਲੋਕ ਮ੍ਰਿਤਕ ਦਾ ਸਰੀਰ ਮਿੱਟੀ ਦੇ ਸਪੁਰਦ ਕਰਨ ਵੇਲੇ ਕਬੀਲਾ ਪੁਰਖਿਆਂ ਨੂੰ ਧਿਆਉਂਦੇ ਹਨ। ਇਹ ਇਕ ਕਿਸਮ ਦੀ ਮ੍ਰਿਤਕ ਦੀ ਆਤਮਾ ਨੂੰ ਉਨ੍ਹਾਂ ਦੇ ਆਤਮਿਕ ਜਗਤ ਵਿਚ ਰਲਾਉਣ ਸੰਬੰਧੀ ਅਰਦਾਸ ਹੁੰਦੀ ਹੈ। ਇਸ ਤੋਂ ਉਪਰੰਤ ਮ੍ਰਿਤਕ ਦੇ ਭੌਤਿਕ ਸੰਸਾਰ ਦੀਆਂ ਭੁੱਲਾਂ ਗਲਤੀਆਂ ਨੂੰ ਬਖਸ਼ਾਉਣ ਸੰਬੰਧੀ ਕਬੀਲਾ ਦੇਵਤਿਆਂ ਅੱਗੇ ਸਮੂਹਿਕ ਬੇਨਤੀ ਕੀਤੀ ਜਾਂਦੀ ਹੈ। ਇਸ ਤਰ੍ਹਾਂ ਸਾਂਸੀ ਕਬੀਲੇ ਦੀਆਂ ਇਹ ਉਪਰੋਕਤ ਰਵਾਇਤਾਂ ਅਤੇ ਰਸਮ ਰਿਵਾਜ਼ ਪਰੰਪਰਿਕ ਜੀਵਨ ਨਾਲ ਸੰਬੰਧਿਤ ਹਨ ਭਾਵੇਂ ਕਿ ਸਮੇਂ ਦੇ ਵੇਗ ਨਾਲ ਇਨ੍ਹਾਂ ਵਿਚ ਥੋੜ੍ਹਾ-ਬਹੁਤ ਪਰਿਵਰਤਨ ਆਇਆ ਹੈ ਪਰ ਇਹ ਪਰਿਵਰਤਨ ਏਨਾ ਸਿੱਧ-ਪੱਧਰਾ ਨਹੀਂ ਸਗੋਂ ਬਹੁਤ ਹੀ ਗੁੰਝਲਦਾਰ ਕਿਸਮ ਦਾ ਹੈ। ਫਿਰ ਵੀ ਸਾਂਸੀ ਕਬੀਲੇ ਦੇ ਲੋਕ ਪਰਾਭੌਤਿਕ ਸੰਸਾਰ ਦੀਆਂ ਸ਼ਕਤੀਆਂ ਵਿਚ ਗੂੜ੍ਹਾ ਵਿਸ਼ਵਾਸ ਕਰਦੇ ਹਨ। ਉਨ੍ਹਾਂ ਦਾ ਇਹ ਪੱਕਾ ਯਕੀਨ ਹੈ ਕਿ ਇਹ ਸ਼ਕਤੀਆਂ ਮਨੁੱਖ ਦਾ ਨੁਕਸਾਨ ਕਰ ਸਕਦੀਆਂ ਹਨ। ਇਸ ਤਰ੍ਹਾਂ ਸਾਂਸੀ ਕਬੀਲੇ ਦਾ ਇਹ ਵਿਸ਼ਵਾਸ ਉਨ੍ਹਾਂ ਦੇ ਭੌਤਿਕ ਸੰਸਾਰ ਨੂੰ ਪਰਾਭੌਤਿਕ ਸੰਸਾਰ ਨਾਲ ਜਾ ਜੋੜਦਾ ਹੈ। ਸਾਂਸੀ ਲੋਕ ਕਬੀਲਾ ਪੁਰਖਿਆਂ ਅਤੇ ਦੇਵਤਿਆਂ ਦੀ ਸੱਤਾ ਅੱਗੇ ਸਦੀਆਂ ਤੋਂ ਆਪਣਾ ਸਿਰ ਝੁਕਾਉਂਦੇ ਆਏ ਹਨ ਅਤੇ ਉਨ੍ਹਾਂ ਵਿਚ ਇਹ ਰਵਾਇਤ ਅੱਜ ਵੀ ਪ੍ਰਚੱਲਿਤ ਹੈ।

ਸਾਂਸੀ ਕਬੀਲੇ ਦੇ ਇਕ ਵਰਗ ਵਿਚ ਜਿੱਥੇ ਮੋਇਆਂ ਨੂੰ ਦਫ਼ਨਾਉਣ ਦੀ ਰਸਮ ਪ੍ਰਚੱਲਿਤ ਹੈ ਉੱਥੇ ਇਕ ਵਰਗ ਮ੍ਰਿਤਕਾਂ ਦਾ ਸੰਸਕਾਰ ਵੀ ਕਰਦਾ ਹੈ। ਇਹ ਦੋਵੇਂ ਰਵਾਇਤਾਂ ਹਿੰਦੂ ਧਰਮ ਅਤੇ ਮੁਸਲਮਾਨ ਧਰਮ ਦੇ ਪ੍ਰਭਾਵ ਵਿਚੋਂ ਆਈਆਂ ਹਨ। ਇਨ੍ਹਾਂ ਸਾਰੀਆਂ ਰਸਮਾਂ-ਰੀਤਾਂ 'ਤੇ ਕਬੀਲਾ ਮਾਨਤਾਵਾਂ ਭਾਰੂ ਰਹਿੰਦੀਆਂ ਹਨ। ਸਾਂਸੀ ਕਬੀਲੇ ਦੀਆਂ ਮਾਨਤਾਵਾਂ ਅਤੇ ਮਨਾਹੀਆਂ ਦੀ ਜਕੜਬੰਦੀ ਏਨੀ ਸ਼ਕਤੀਸ਼ਾਲੀ ਹੈ ਕਿ ਅੱਜ ਵੀ ਇਹ ਲੋਕ ਆਪਣੀ ਟੋਟਮ ਟੋਬੂ ਪਰੰਪਰਾ ਦੀ ਇਨ-ਬਿਨ ਪਾਲਣਾ ਕਰਨ ਵਿਚ ਵਿਸ਼ਵਾਸ ਰੱਖਦੇ ਹਨ।

ਸਾਂਸੀ ਕਬੀਲੇ ਦੇ ਵਿਸ਼ਵਾਸ ਅਤੇ ਮਾਨਤਾਵਾਂ : ਸਾਂਸੀ ਕਬੀਲੇ ਵਿਚ 'ਚੰਡੀ ਪੂਜਾ' ਦੀ ਰਵਾਇਤ ਬਹੁਤ ਪੁਰਾਣੀ ਹੈ। ਕਬੀਲੇ ਦੇ ਲੋਕ ਚੰਡੀ ਤਲਵਾਰ ਨੂੰ ਮੰਨਦੇ ਹਨ। ਹਰ ਇਕ ਸਾਂਸੀ ਪੁਰਸ਼ 'ਤਲਵਾਰ' ਨੂੰ ਦੇਵੀ ਦਾ ਰੁਤਬਾ ਦਿੰਦਾ ਹੈ। ਸਾਂਸੀ ਲੋਕ ਜਲਦੀ-ਜਲਦੀ ਚੰਡੀ ਦੀ ਸਹੁੰ ਨਹੀਂ ਖਾਂਦੇ। ਕਿਸੇ ਵੀ ਝਗੜੇ-ਝੇੜੇ ਦੀ ਸੂਰਤ ਵਿੱਚ ਸਾਂਸੀ ਲੋਕ ਦੋਸ਼ੀ ਨੂੰ ਤਲਵਾਰ ਦੀ ਮਿਆਨ 'ਤੇ ਹੱਥ ਰੱਖ ਕੇ ਸਹੁੰ ਖਾਣ ਨੂੰ ਕਹਿੰਦੇ ਹਨ। ਜੇਕਰ ਸੰਬੰਧਤ ਵਿਅਕਤੀ ਝੂਠਾ ਜਾਂ ਕਸੂਰਵਾਰ ਹੁੰਦਾ ਹੈ ਤਾਂ ਉਹ ਤਲਵਾਰ ਦੀ ਝੂਠੀ ਸਹੁੰ ਕਦੇ ਨਹੀਂ ਖਾਵੇਗਾ। ਸਿਰਫ ਸੱਚ ਬੋਲਣ ਵਾਲਾ ਵਿਅਕਤੀ ਹੀ ਤਲਵਾਰ ਦੀ ਸੱਚੀ ਸਹੁੰ ਖਾਂਦਾ ਹੈ। ਸਾਂਸੀ ਕਬੀਲੇ ਵਿਚ ਕੋਈ ਵੀ ਝਗੜਾ ਹੋਣ ਦੀ ਸੂਰਤ ਵਿੱਚ ਝਗੜੇ ਵਾਲੀਆਂ ਧਿਰਾਂ ਕਬੀਲੇ ਦਾ ਸਾਂਝਾ ਇਕੱਠ ਕਰਦੀਆਂ ਹਨ। ਇਸ ਪੰਚਾਇਤ ਦੀ ਪੈਰਵਾਈ ਭਾਈਚਾਰੇ ਦੇ ਨਿਯਤ ਕੀਤੇ ਹੋਏ ਮੁੱਖੀ ਅਤੇ ਸਰਦਾਰ ਕਰਦੇ ਹਨ। ਇਸ ਤਰ੍ਹਾਂ ਕਿਸੇ ਵੀ ਝਗੜੇ ਸੰਬੰਧੀ ਪੰਚਾਇਤ ਵਿਚ ਵਿਚਾਰ-ਵਟਾਂਦਰਾ ਕਰਕੇ ਫੈਸਲਾ ਸੁਣਾਇਆ ਜਾਂਦਾ ਹੈ। ਸਾਂਸੀ ਕਬੀਲੇ ਵਿਚ ਕਿਸੇ ਵੀ ਝਗੜੇ ਦਾ ਫੈਸਲਾ 'ਦੰਡ' ਲਾ ਕੇ ਸੁਣਾਇਆ ਜਾਂਦਾ ਹੈ। 'ਦੰਡ' ਦੀ ਰਾਸ਼ੀ ਅਪਰਾਧ ਮੁਤਾਬਕ ਕਬੀਲੇ ਦੇ ਪੈਂਚਾਂ ਦੁਆਰਾ ਤੈਅ ਕੀਤੀ ਜਾਂਦੀ ਹੈ। ਇਨ੍ਹਾਂ ਝਗੜਿਆਂ ਸੰਬੰਧੀ ਸਾਂਸੀ ਕਬੀਲੇ ਵਿਚ ਇਕ ਰਸਮ 'ਪੌਣ ਬੂਤੀ' ਵੀ ਪ੍ਰਚੱਲਿਤ ਰਹੀ ਹੈ।

''ਇਸ ਰਸਮ ਵਿਚ ਝਗੜੇ ਸੰਬੰਧੀ ਇਤਰਾਜ਼ ਕਰਨ ਵਾਲੀਆਂ ਧਿਰਾਂ ਪੰਚਾਇਤ ਦੇ ਮੁੱਖੀ ਨੂੰ ਝਗੜੇ ਦੇ ਫੈਸਲੇ ਸੰਬੰਧੀ ਮੁੜ ਵਿਚਾਰ ਕਰਨ ਹਿੱਤ ਫੀਸ ਵਜੋਂ ਇਕ-ਇਕ ਰੁਪਈਆ ਦਿੰਦੀਆਂ ਹਨ। ਇਸ ਰਸਮ ਵਿਚ ਦੋਹਾਂ ਧਿਰਾਂ ਦਾ 'ਖਵਾਜ਼ਾ ਪੀਰ' ਮੁੱਖ ਦੇਵਤਾ ਹੁੰਦਾ ਹੈ। ਇਸ ਰਸਮ ਵਿਚ ਪੰਚਾਇਤ ਦਾ ਮੁੱਖੀ ਦੋ ਗੋਤਾਖੋਰਾਂ ਨੂੰ ਬੁਲਾਉਂਦਾ ਹੈ। ਇਸ ਉਪਰੰਤ ਪਾਣੀ ਦੇ ਖੂਹ ਜਾਂ ਨਹਿਰ ਵਿਚ ਨਿਸ਼ਾਨੀ ਵਜੋਂ ਇਕ ਬਾਂਸ ਗੱਡ ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਕਬੀਲੇ ਦਾ ਮੁੱਖੀ ਦੋਵਾਂ ਗੋਤਾਖੋਰਾਂ ਨੂੰ 'ਖਵਾਜਾ ਪੀਰ' ਦੇ ਨਾਂ 'ਤੇ ਡੁਬਕੀ ਲਗਾਉਣ ਨੂੰ ਕਹਿੰਦਾ ਹੈ। ਇਸ ਰਸਮ ਵਿਚ ਜਿਹੜਾ ਆਦਮੀ ਪਾਣੀ ਵਿਚੋਂ ਪਹਿਲਾਂ ਬਾਹਰ ਆ ਜਾਂਦਾ ਹੈ, ਉਸ ਧਿਰ ਨੂੰ ਕਬੀਲੇ ਦੇ ਲੋਕ ਝੂਠਾ ਸਮਝਦੇ ਹਨ ਅਤੇ ਜਿਸ ਧਿਰ ਦਾ ਆਦਮੀ ਪਾਣੀ ਵਿੱਚੋਂ ਆਖਰ ਵਿੱਚ ਪਰਤਦਾ ਹੈ, ਉਸਦੀ ਧਿਰ ਨੂੰ ਪੈਂਚ ਅਤੇ ਕਬੀਲੇ ਦੇ ਲੋਕ ਸੱਚੇ ਹੋਣ ਦਾ ਖਿਤਾਬ ਦਿੰਦੇ ਹਨ। ਇਸ ਰਸਮ ਸੰਬੰਧੀ ਕਬੀਲੇ ਵਿਚ ਇਹ ਵਿਸ਼ਵਾਸ ਪ੍ਰਚਲਿਤ ਹੈ ਕਿ 'ਜਲ ਦੇਵਤਾ' ਝੂਠੇ ਆਦਮੀ ਨੂੰ ਆਪਣੇ ਅੰਦਰ ਬਹੁਤੀ ਦੇਰ ਤੱਕ ਪਨਾਹ ਨਹੀਂ ਦਿੰਦਾ। ਸਾਂਸੀ ਕਬੀਲੇ ਵਿਚ ਇਸ ਨਿਰਣੇ ਨੂੰ ਅੰਤਿਮ ਨਿਆਂ ਸਮਝਿਆ ਜਾਂਦਾ ਸੀ।''[6] ਅਜੋਕੇ ਦੌਰ ਵਿਚ ਇਹ ਰਸਮ ਲਗਭਗ ਅਲੋਪ ਹੋ ਚੁੱਕੀ ਹੈ। ਭਾਵੇਂ ਕਿ ਕਬੀਲਾ ਪੰਚਾਇਤ ਕਾਫੀ ਹੱਦ ਤੱਕ ਅੱਜ ਵੀ ਕਾਰਜਸ਼ੀਲ ਹੈ। ਪਾਕਿਸਤਾਨ ਵਿੱਚ ਸਿਆਲਕੋਟ ਦੇ ਮਾਲਾ ਨਾਮਕ ਸਥਾਨ ਦੇ ਇੱਕ ਟਿੱਲੇ 'ਤੇ ਇਕ 'ਫੱਥਾ ਸ਼ਹੀਦ' ਨਾਮਕ ਸਾਂਸੀ ਪੀਰ ਦੀ ਮਜ਼ਾਰ ਹੈ। ਇਸ ਵਿੱਚ ਇਕ ਚਬੂਤਰੇ 'ਤੇ ਦੇਵੀ ਦੀ ਟੇਢੇ-ਮੇਢੇ ਢੰਗ ਨਾਲ ਮੂਰਤੀ ਬਣੀ ਹੋਈ ਹੈ। ਸਾਂਸੀ ਕਬੀਲੇ ਵਿੱਚ ਇਸ ਮਜ਼ਾਰ ਪ੍ਰਤੀ ਇਹ ਪ੍ਰਥਾ ਪ੍ਰਚੱਲਿਤ ਹੈ :

''ਫੱਥਾ ਮਾਲ੍ਹਾ ਦਾ ਮੁਖਤਿਆਰ ਸੀ। ਇਕ ਦਿਨ ਜਦੋਂ 'ਫੱਥਾ' ਕਿਸੇ ਚੋਰੀ ਦੀ ਪੈਰਵਾਈ ਕਰ ਰਿਹਾ ਸੀ ਤਾਂ ਅਚਾਨਕ ਰੌਲਾ ਪੈ ਗਿਆ। ਇਸ ਰੌਲੇ-ਰੱਪੇ ਦੌਰਾਨ ਉਸਦੀ ਆਪਣੇ ਹੀ ਭਾਣਜੇ ਹੱਥੋਂ ਮੌਤ ਹੋ ਗਈ। ਇਹ ਸਾਰਾ ਕੁਝ ਕਾਹਲ ਅਤੇ ਅਣਜਾਣਪੁਣੇ ਵਿਚ ਵਾਪਰਿਆ ਸੀ। ਭੁੱਲ ਅਤੇ ਪਛਤਾਵੇ ਵਜੋਂ ਕਬੀਲੇ ਦੇ ਲੋਕਾਂ ਨੇ ਉਸਨੂੰ 'ਸ਼ਹੀਦ' ਦਾ ਰੁਤਬਾ ਦਿੱਤਾ ਹੈ। ਹੌਲੀ-ਹੌਲੀ ਇਹ ਸਥਾਨ ਸਾਂਸੀ ਲੋਕਾਂ ਲਈ ਪੂਜਾ ਦਾ ਕੇਂਦਰ ਬਣ ਗਿਆ। ਇਸ ਸਥਾਨ 'ਤੇ ਸਾਂਸੀ ਲੋਕ ਸੁੱਖਾਂ ਸੁੱਖਦੇ ਹਨ ਅਤੇ ਸੁੱਖਾਂ ਪੂਰੀਆਂ ਹੋਣ ਦੀ ਸੂਰਤ ਵਿੱਚ ਪੀਰ ਦੇ ਚੜ੍ਹਾਵਾ ਚੜ੍ਹਾ ਕੇ ਖੁਸ਼ੀ ਮਹਿਸੂਸ ਕਰਦੇ ਹਨ। ਉੱਥੋਂ ਦੇ ਬ੍ਰਾਹਮਣ ਲੋਕਾਂ ਅਨੁਸਾਰ ਸਾਂਸੀ ਲੋਕ ਸਮੇਂ-ਸਮੇਂ ਅਨੁਸਾਰ ਇਸ ਟਿੱਲੇ 'ਤੇ ਇਕੱਠੇ ਹੁੰਦੇ ਹਨ। ਉਹ ਇਸ ਥਾਂ 'ਤੇ ਜ਼ਿਆਦਾਤਰ ਰਾਤ ਨੂੰ ਸ਼ਰਾਬ ਪੀ ਕੇ ਅਤੇ ਜੂਆ ਖੇਡ ਕੇ ਜਸ਼ਨ ਮਨਾਉਂਦੇ ਹਨ। ਸਾਂਸੀ ਕਬੀਲੇ ਦੀਆਂ ਔਰਤਾਂ ਵੀ ਉਚੇਚੇ ਤੌਰ 'ਤੇ ਇਸ ਸਥਾਨ 'ਤੇ ਆ ਕੇ ਮੁਰਾਦਾਂ ਮੰਗਦੀਆਂ ਹਨ। ਇਸ ਟਿੱਲੇ 'ਤੇ ਰਿਸ਼ਤੇ-ਨਾਤੇ ਅਤੇ ਸਕੀਰੀਆਂ ਵੀ ਜੋੜੀਆਂ ਜਾਂਦੀਆਂ ਹਨ।''[7] ਇਸ ਤਰ੍ਹਾਂ ਸਿਆਲਕੋਟ ਦੇ ਉੱਤਰ ਵਿੱਚ ਪੈਂਦਾ ਇਹ ਪਿੰਡ ਸਾਂਸੀ ਲੋਕਾਂ ਲਈ ਵੱਡੀ ਦਰਗਾਹ ਦਾ ਰੁਤਬਾ ਰੱਖਦਾ ਹੈ।

ਇਸੇ ਹੀ ਜ਼ਿਲ੍ਹੇ ਵਿੱਚ ਡਸਕਾ ਥਾਣੇ ਦੇ ਓਠੀਆਂ ਨਾਮਕ ਪਿੰਡ ਵਿਚ 'ਹੇਮ' ਅਤੇ 'ਤੋਤੋ' ਨਾਮਕ ਦੋ ਸਾਂਸੀ ਦਰਵੇਸ਼ ਲੋਕਾਂ ਦੀਆਂ ਮਜ਼ਾਰਾਂ ਹਨ। ਇਹ ਦੋਵੇਂ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿਚ ਹੋਏ ਹਨ। ਇਨ੍ਹਾਂ ਦੇ ਪਿਤਾ ਦਾ ਨਾਂ ਸੁਨੱਕੀ ਸੀ। ਇਹ ਸਾਂਸੀ ਕਬੀਲੇ ਦੇ ਦੋਵੇਂ ਆਦਮੀ ਲੁੱਟਮਾਰ ਛੱਡ ਕੇ ਫ਼ਕੀਰ ਬਣ ਗਏ ਸਨ। ਸਾਂਸੀ ਕਬੀਲੇ ਦੇ ਲੋਕਾਂ ਵਿਚ ਇਨ੍ਹਾਂ ਸੰਬੰਧੀ ਇਹ ਵਿਸ਼ਵਾਸ ਪ੍ਰਚਲਿਤ ਹੈ ਕਿ

> ''ਪ੍ਰਮਾਤਮਾ ਇਨ੍ਹਾਂ ਦੀ ਆਵਾਜ਼ ਸੁਣਦਾ ਹੈ ਅਤੇ
> ਇਨ੍ਹਾਂ ਦੁਆਰਾ ਬੋਲੇ ਗਏ ਸ਼ਬਦ ਸੱਚ ਹੁੰਦੇ ਹਨ।''[8]

ਇਸ ਤਰ੍ਹਾਂ ਹੌਲੀ-ਹੌਲੀ ਇਨ੍ਹਾਂ ਲੋਕਾਂ ਦਾ ਜਸ ਵਧਣ ਲੱਗਿਆ ਅਤੇ ਸਾਂਸੀ ਲੋਕਾਂ ਵਿਚ ਇਨ੍ਹਾਂ ਦੀ ਪੂਜਾ ਅਰਚਨਾ ਦੀ ਰਵਾਇਤ ਪ੍ਰਚਲਿਤ ਹੋ ਗਈ। ਇਨ੍ਹਾਂ ਦੀ ਬੰਦਗੀ ਵਿੱਚ ਅਥਾਹ ਸ਼ਰਧਾ ਵਜੋਂ ਸਾਂਸੀ ਲੋਕਾਂ ਨੇ 'ਓਠੀਆਂ' ਪਿੰਡ ਵਿਚ ਇਨ੍ਹਾਂ ਦੀਆਂ ਯਾਦਗਾਰਾਂ ਸਥਾਪਤ ਕੀਤੀਆਂ ਹਨ।

ਪਾਕਿਸਤਾਨ ਦੇ ਗੁਜਰਾਂਵਾਲਾ ਸ਼ਹਿਰ ਦੇ 'ਕਮੋਕੀ' ਨਾਮਕ ਸਥਾਨ ਦੇ ਪਿੰਡ 'ਤਾਤਲੀ' ਵਿਖੇ 'ਮਾਈ ਲੱਖੀ' ਦੀ ਮਜ਼ਾਰ ਹੈ। ਮਾਈ ਲੱਖੀ ਸਾਂਸੀ ਕਬੀਲੇ ਦੀ ਇਕ ਸੰਤ ਆਤਮਾ ਸੀ ਜਿਹੜੀ ਉਮਰ ਭਰ 'ਜਤੀ ਸਤੀ' ਰਹੀ। ਉਹ ਘਰ-ਬਾਰ ਅਤੇ ਦੁਨੀਆਦਾਰੀ ਛੱਡ ਕੇ ਜੋਗਨ ਹੋ ਗਈ ਸੀ। ਉਹ ਪ੍ਰਭੂ ਭਗਤੀ ਵਿੱਚ ਲੀਨ ਜੰਗਲ ਬੇਲਿਆਂ ਵਿਚ ਘੁੰਮਦੀ ਰਹਿੰਦੀ ਸੀ। ਇਸੇ ਅਵਸਥਾ ਵਿਚ ਉਸਦੀ ਮੌਤ ਹੋ ਗਈ ਅਤੇ ਉਸੇ ਥਾਂ 'ਤੇ ਉਸਦੀ ਯਾਦਗਾਰ ਸਥਾਪਤ ਕੀਤੀ ਗਈ ਹੈ। ਇਸ ਇਲਾਕੇ ਦਾ ਸਾਰਾ ਹੀ ਸਾਂਸੀ ਕਬੀਲਾ ਇਸ ਸਥਾਨ ਦੀ ਪੂਜਾ ਕਰਦਾ ਹੈ।

ਇਹ ਵੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ 'ਬਾਬਾ ਮਲੰਗ ਦਾਸ' ਵੀ ਸਾਂਸੀ ਕਬੀਲੇ ਵਿਚੋਂ ਹੋਏ ਹਨ। ਉਨ੍ਹਾਂ ਦੇ ਪਿਤਾ ਜੀ ਦਾ ਨਾਂ 'ਬਾਸੂ ਸਾਂਸੀ' ਸੀ। ਬਾਬਾ ਮਲੰਗ ਦਾਸ

ਧੁਰ ਤੋਂ ਹੀ ਫ਼ਕੀਰ ਬਿਰਤੀ ਦੇ ਮਾਲਕ ਸਨ। ਉਹ ਦਿਨ ਰਾਤ ਅੱਲਾ ਦੀ ਇਬਾਦਤ ਨਾਲ ਜੁੜੇ ਰਹਿੰਦੇ ਸਨ। ਲੋਕ ਦੂਰੋਂ-ਦੂਰੋਂ ਉਨ੍ਹਾਂ ਕੋਲੋਂ ਮੰਨਤਾਂ ਮੰਗਣ ਆਉਂਦੇ ਸਨ। ਸਾਂਸੀ ਲੋਕਾਂ ਦੀ ਉਨ੍ਹਾਂ ਵਿਚ ਗਹਿਰੀ ਆਸਥਾ ਸੀ। ਉਹ ਉਸਨੂੰ 'ਖ਼ੁਦਾ ਦਾ ਬੰਦਾ' ਸਮਝ ਕੇ ਪੂਜਦੇ ਹਨ। ਉਨ੍ਹਾਂ ਦੇ ਦਿਹਾਂਤ ਉਪਰੰਤ 'ਸਾਰੰਕੀ' ਨਾਮਕ ਸਥਾਨ 'ਤੇ ਉਨ੍ਹਾਂ ਦੀ ਯਾਦਗਾਰ ਸਥਾਪਤ ਕੀਤੀ ਗਈ। ਸਾਂਸੀ ਕਬੀਲੇ ਦੇ ਸਾਰੇ ਲੋਕ ਬਾਬਾ ਮਲੰਗ ਸ਼ਾਹ ਦੇ ਸਥਾਨ 'ਤੇ ਨਤਮਸਤਕ ਹੁੰਦੇ ਹਨ। ਸਾਂਸੀ ਕਬੀਲੇ ਦੇ ਲੋਕ ਇਨ੍ਹਾਂ ਸੰਤਾਂ-ਮਹਾਤਮਾਵਾਂ ਦੀਆਂ ਮਜ਼ਾਰਾਂ ਅਤੇ ਯਾਦਗਾਰਾਂ ਨੂੰ ਉਚੇਚੇ ਰੂਪ ਵਿੱਚ ਪੂਜਦੇ ਹਨ। ਸਾਂਸੀ ਕਬੀਲੇ ਦੇ ਲੋਕ ਆਪਣੇ ਪਸ਼ੂ ਪਠੋਰੇ ਦਾ ਪਹਿਲਾ 'ਦੁੱਧ' ਅਤੇ 'ਘਿਓ' ਇਸ ਸਥਾਨ 'ਤੇ ਸ਼ਰਧਾ ਨਾਲ ਅਰਪਣ ਕਰਦੇ ਹਨ। ਦੁੱਧ ਅਤੇ ਘਿਓ ਇਸ ਵਿਧੀ ਨਾਲ ਅਰਪਿਆ ਜਾਂਦਾ ਹੈ ਤਾਂ ਕਿ ਪਸ਼ੂ ਪੰਛੀ ਇਸ ਨੂੰ ਆਪਣਾ ਆਸਾਨੀ ਨਾਲ ਭੋਜਨ ਬਣਾ ਸਕਣ। ਸਾਂਸੀ ਕਬੀਲੇ ਦਾ ਇਹ ਧਰਮ ਅਤੇ ਧਾਰਮਿਕ ਮਾਨਤਾਵਾਂ ਸੰਬੰਧੀ ਅਧਿਐਨ ਪੂਰਬੀ ਪੰਜਾਬ ਦੀ 1911 ਦੀ ਜਨਗਣਨਾ 'ਤੇ ਆਧਾਰਿਤ ਹੈ। ਅਜੋਕੇ ਦੌਰ ਵਿਚ ਇਹ ਸਥਿਤੀ ਬਦਲ ਚੁੱਕੀ ਹੈ। ਇਹ ਲੋਕ 'ਸ੍ਰੀ ਰਾਮ' ਅਤੇ 'ਗੁੂਗਾ ਪੀਰ' ਦੇ ਤਕੜੇ ਉਪਾਸ਼ਕ ਹਨ। ਸਾਂਸੀ ਲੋਕ 'ਜਵਾਲਾ ਜੀ ਮਾਤਾ' ਅਤੇ 'ਕਾਲਕਾ ਮਾਤਾ' ਦੇ ਦੋ ਮਾਘ ਦੀ ਸੁਦੀ ਨੂੰ ਮਿੱਠੇ ਚਾਵਲਾਂ ਦੀ ਕੜਾਹੀ ਦਿੰਦੇ ਹਨ ਅਤੇ ਆਪਣੀ ਮਨੋਕਾਮਨਾ ਪੂਰੀ ਕਰਨ ਹਿੱਤ ਮਾਈ ਕਾਲਕਾ, ਜ਼ਵਾਲਾ ਅਤੇ ਸੀਤਲਾ ਦੇ ਚੜ੍ਹਾਵਾ ਚੜ੍ਹਾਉਂਦੇ ਹਨ। ਸਾਂਸੀ ਕਬੀਲੇ ਦੇ ਲੋਕ ਵਿਸ਼ਵਾਸ ਅਤੇ ਮਾਨਤਾਵਾਂ ਨੂੰ ਉਨ੍ਹਾਂ ਦੇ ਨਿੱਤ ਦੇ ਕਾਰ ਵਿਹਾਰ ਜਨਮ ਅਤੇ ਮੌਤ ਨਾਲ ਸੰਬੰਧਤ ਕਿਰਿਆਵਾਂ ਵਿਚੋਂ ਪ੍ਰਤੱਖ ਰੂਪ ਵਿਚ ਵੇਖਿਆ ਜਾ ਸਕਦਾ ਹੈ। ਭਾਵੇਂ ਕਿ ਇਹ ਸਾਰਾ ਕਾਰ-ਵਿਹਾਰ ਮੁੱਢਲੇ ਅਤੇ ਪਰੰਪਰਿਕ ਰੂਪ ਵਿਚ ਕਾਰਜਸ਼ੀਲ ਹੈ ਪਰ ਫਿਰ ਵੀ ਕਬੀਲੇ ਦੇ ਲੋਕ ਕੁਦਰਤੀ ਸ਼ਕਤੀਆਂ ਅਤੇ ਕਾਲ ਦੇ ਵਿਕਰਾਲ ਰੂਪ ਅੱਗੇ ਸਦੀਆਂ ਤੋਂ ਨਤਮਸਤਕ ਹਨ। ਭਾਰਤ ਦੇ ਬਹੁਤੇ ਲੋਕ ਇਹ ਮੰਨਦੇ ਹਨ ਕਿ ਸਾਂਸੀ ਕਬੀਲੇ ਦਾ ਕੋਈ ਵੀ ਧਰਮ ਜਾਂ ਆਦਿ ਕਾਲੀ ਦੇਵੀ ਦੇਵਤਾ ਨਹੀਂ ਹੈ। ਭਾਵੇਂ ਕਿ ਅਜਿਹਾ ਸੋਚਣ ਵਾਲੇ ਲੋਕਾਂ ਦੀ ਇਹ ਧਾਰਨਾ ਸਰਾਸਰ ਗਲਤ ਅਤੇ ਬੇਬੁਨਿਆਦ ਹੈ। ਸਾਂਸੀ ਕਬੀਲੇ ਦੇ ਧਰਮ ਅਤੇ ਧਾਰਮਿਕ ਮਾਨਤਾਵਾਂ ਨੂੰ ਭੌਤਿਕ ਰੂਪ ਵਿੱਚ ਪਛਾਣਨਾ ਬਹੁਤ ਔਖਾ ਕਾਰਜ ਹੈ। ਫਿਰ ਵੀ ਸਾਂਸੀ ਕਬੀਲੇ ਤੇ ਧਰਮ ਅਤੇ ਅੰਧਵਿਸ਼ਵਾਸਾਂ ਦੀ ਗਹਿਰੀ ਛਾਪ ਮਿਲਦੀ ਹੈ। ਇਹ ਹੀ ਨਹੀਂ ਅੰਧਵਿਸ਼ਵਾਸ ਧਰਮ ਤੋਂ ਇਕ ਕਦਮ ਅੱਗੇ ਜਾ ਕੇ ਕਬੀਲਾ ਮਾਨਸਿਕਤਾ ਨੂੰ ਆਪਣੀ ਪਰੰਪਰਿਕ ਜਕੜ ਵਿਚ ਰੱਖਦੇ ਹਨ। ਇੱਥੋਂ ਤੱਕ ਕਿ ਕਈ ਵਾਰੀ ਇਹ ਕਬੀਲਾ ਪੁਰਖਿਆਂ 'ਸਾਂਹਸ ਮੱਲ', 'ਮਾਹਲਾ' ਅਤੇ 'ਬੀਢੂ' ਦੀ ਸੱਤਾ ਨੂੰ ਵੀ ਚੁਣੌਤੀ ਦਿੰਦੇ ਹਨ। ਭਾਵੇਂ ਕਿ ਉਪਰੋਕਤ ਕਬੀਲਾ ਪੁਰਖੇ ਸਮੇਂ ਦੇ ਗੁਜਰਣ ਨਾਲ ਸ਼ਕਤੀਸ਼ਾਲੀ ਰੂਹਾਂ ਅਤੇ ਮਹੱਤਵਪੂਰਨ ਕਬੀਲਾ ਦੇਵਤਿਆਂ ਦਾ ਰੂਪ ਧਾਰ ਗਏ ਹਨ। ਫਿਰ ਵੀ ਇਨ੍ਹਾਂ ਨੂੰ ਜਨਮ, ਵਿਆਹ ਅਤੇ ਮੌਤ ਦੀ ਰਸਮਾਂ ਵੇਲੇ ਇਕ ਖ਼ਾਸ ਵਿਧੀ ਵਿਧਾਨ ਅਨੁਸਾਰ ਪੂਜਿਆ ਜਾਂਦਾ ਹੈ। ਸਾਂਸੀ ਕਬੀਲੇ ਦੇ ਲੋਕ ਇਨ੍ਹਾਂ ਕਬੀਲਾ ਪੁਰਖਿਆਂ ਨੂੰ 'ਦਇਆ ਦੀ ਮੂਰਤ' ਤੋਂ ਜ਼ਿਆਦਾ 'ਕਰੋਪੀ ਰੂਪ' ਵਿਚ ਪੂਜਦੇ ਹਨ। ਸਾਂਸੀ ਕਬੀਲੇ ਦੇ ਲੋਕਾਂ ਦੇ ਵਿਸ਼ਵਾਸ ਅਨੁਸਾਰ ਇਨ੍ਹਾਂ 'ਕਬੀਲਾ ਪੁਰਖਿਆਂ' ਕੋਲ ਚੰਗੇ ਅਤੇ

ਬੁਰੇ ਕਰਮਾਂ ਅਨੁਸਾਰ ਸਜ਼ਾ ਦੇਣ ਦਾ ਕੋਈ ਅਧਿਕਾਰ ਮਾਤਰ ਨਹੀਂ ਹੈ। ਸਾਂਸੀ ਕਬੀਲੇ ਦੇ ਇਹ 'ਆਦਿ ਦੇਵਤੇ' ਆਪਣੀ 'ਪੂਜਾ ਅਰਚਨਾ' ਅਤੇ ਭੌਤਿਕ ਸਮੱਗਰੀ ਦੀ ਚਾਹਨਾ ਵਿੱਚ ਖੁਸ਼ ਰਹਿੰਦੇ ਹਨ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਇਹ ਆਪਣਾ ਵਿਕਰਾਲ ਰੂਪ ਜ਼ਾਹਰ ਕਰਦੇ ਹਨ। ਇਸ ਤਰ੍ਹਾਂ ਇਨ੍ਹਾਂ 'ਪੁਰਖਿਆਂ' ਦੀ ਹਰ ਤਿਉਹਾਰ ਅਤੇ ਖੁਸ਼ੀ ਗ਼ਮੀ ਦੇ ਮੌਕੇ ਇਕ ਭੈਅ ਵਿਚੋਂ ਮੰਨਤ ਕੀਤੀ ਜਾਂਦੀ ਹੈ। ਇਸ ਪ੍ਰਕਾਰ ਸਾਂਸੀ ਕਬੀਲੇ ਵਿੱਚ ਹਰ ਤਿੱਥ ਤਿਉਹਾਰ ਅਤੇ ਖੁਸ਼ੀ ਖੇੜੇ ਵਿੱਚ ਕਬੀਲਾ ਪੁਰਖਿਆਂ ਨੂੰ ਖੁਸ਼ ਕਰਕੇ ਉਨ੍ਹਾਂ ਦੀ ਮਿਹਰ ਨੂੰ ਜ਼ਰੂਰੀ ਸਮਝਿਆ ਜਾਂਦਾ ਹੈ। ਇਸ ਸੰਬੰਧੀ ਅਸੀਂ ਇਹ ਵੀ ਆਖ ਸਕਦੇ ਹਾਂ ਕਿ ਸਾਂਸੀ ਕਬੀਲੇ ਦੇ 'ਕਬੀਲਾ ਪਿੱਤਰਾਂ' ਦਾ ਸੰਬੰਧ ਸਿਰਫ ਉਨ੍ਹਾਂ ਦੀ ਮਾਨਤਾ ਨਾਲ ਹੀ ਸੰਬੰਧ ਰੱਖਦਾ ਹੈ। ਇਸਦਾ ਸਾਂਸੀ ਕਬੀਲੇ ਦੇ ਅੰਦਰਲੇ ਸਮਾਜਿਕ ਜੀਵਨ ਜਾਂ ਚੰਗੇ ਮੰਦੇ ਕਰਮਾਂ ਨਾਲ ਕੋਈ ਵਾਹ ਵਾਸਤਾ ਨਹੀਂ ਹੈ। ਇਸਦਾ ਬਾਕੀ ਧਰਮਾਂ ਦੇ ਜੀਵਨ ਸਿਧਾਂਤ ਨਾਲ ਵੀ ਕੋਈ ਸੰਬੰਧ ਨਹੀਂ ਹੈ। ਜੇਕਰ ਦੂਜੇ ਹੋਰ ਧਰਮਾਂ ਵਿਚ 'ਕਰਮ ਸਜ਼ਾ' ਜਾਂ 'ਫਲ' ਦਾ ਸੰਕਲਪ ਪ੍ਰਚਲਿਤ ਹੈ ਤਾਂ ਸਾਂਸੀ ਕਬੀਲੇ ਵਿਚ ਅਜਿਹਾ ਕੋਈ ਵੀ ਸੰਕਲਪ ਪ੍ਰਚਲਿਤ ਨਹੀਂ ਹੈ। ਇੱਥੇ ਮਨੁੱਖ ਨੂੰ ਚੰਗੇ-ਮੰਦੇ ਕਰਮਾਂ ਦੇ ਚੌਖਟੇ ਵਿਚ ਰੱਖ ਕੇ ਨਹੀਂ ਪਰਖਿਆ ਜਾਂਦਾ ਸਗੋਂ ਇੱਥੇ ਸਿਰਫ 'ਕਰਮ' ਨੂੰ ਹੀ ਮਹੱਤਵ ਦਿੱਤਾ ਜਾਂਦਾ ਹੈ।

ਸਾਂਸੀ ਕਬੀਲੇ ਦੇ ਲੋਕ 'ਅਗਲੀ ਦੁਨੀਆ' ਭਾਵ 'ਪਰਲੋਕ' ਨੂੰ ਕੋਈ ਬਹੁਤ ਮਹੱਤਵ ਨਹੀਂ ਦਿੰਦੇ। ਇਹ ਲੋਕ ਨਾ ਹੀ ਕਰਮ ਨੂੰ ਪਰਲੋਕ ਨਾਲ ਜੋੜ ਕੇ ਵੇਖਦੇ ਹਨ। ਇਨ੍ਹਾਂ ਲੋਕਾਂ ਦੇ 'ਲੋਕ ਪਰਲੋਕ' ਬਾਰੇ ਸਿੱਧ ਪਧਰੀਆਂ ਅਤੇ ਸਪੱਸ਼ਟ ਧਾਰਨਾਵਾਂ ਹਨ। ਇਨ੍ਹਾਂ ਵਿੱਚੋਂ ਬਹੁਤੀਆਂ ਧਾਰਨਾਵਾਂ ਰੂੜ੍ਹੀਗਤ ਕਿਸਮ ਦੀਆਂ ਹਨ ਜਾਂ ਫਿਰ ਗਹਿਰੇ ਅੰਧਵਿਸ਼ਵਾਸ ਵਿਚੋਂ ਉਪਜੀਆਂ ਪ੍ਰਤੀਤ ਹੁੰਦੀਆਂ ਹਨ। ਜਿਵੇਂ ਕਿ ਸਾਂਸੀ ਕਬੀਲੇ ਵਿਚ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਸ਼ਿਲੇ ਵਿਚ ਮਰੀ ਹੋਈ ਔਰਤ ਦੀ ਰੂਹ 'ਚੁੜੇਲ' ਦਾ ਰੂਪ ਧਾਰ ਲੈਂਦੀ ਹੈ ਅਤੇ ਜਿਉਂਦੇ ਜਾਗਦੇ ਮਨੁੱਖਾਂ 'ਤੇ ਕਰੋਪੀ ਹੋਈ ਰਹਿੰਦੀ ਹੈ। ਅਜਿਹਾ ਹੀ 'ਹਾਦਸੇ' ਵਿਚ ਮਰ ਚੁੱਕੇ ਮਨੁੱਖ ਅਤੇ 'ਕਤਲ' ਹੋਏ ਵਿਅਕਤੀ ਦੀ ਰੂਹ ਬਾਰੇ ਵੀ ਸੋਚਿਆ ਜਾਂਦਾ ਹੈ। ਇਹ ਸਾਂਸੀ ਕਬੀਲੇ ਦਾ ਸਮੂਹਿਕ ਅਵਚੇਤਨ ਬਣਿਆ ਹੋਇਆ ਹੈ ਕਿ ਗ਼ੈਰ-ਕੁਦਰਤੀ ਢੰਗ ਨਾਲ ਮਰੇ ਹੋਏ ਇਹ ਵਿਅਕਤੀ ਪਰਲੋਕ ਗਮਨ ਨਹੀਂ ਕਰਦੇ ਸਗੋਂ ਇਨ੍ਹਾਂ ਦੀ ਆਤਮਾ 'ਮਾਤ ਲੋਕ' ਵਿਚ ਹੀ 'ਬਦਲੇ ਖ਼ੋਰ' ਹਵਾ ਦੇ ਰੂਪ ਵਿਚ ਭਟਕਦੀ ਰਹਿੰਦੀ ਹੈ। ਸਾਂਸੀ ਲੋਕ ਮਰੇ ਚੁੱਕੇ ਲੋਕਾਂ ਦੇ ਜਿਉਂਦੇ ਜੀਅ ਚੰਗੇ ਮਾੜੇ ਸੁਭਾਅ ਨੂੰ ਕੋਈ ਤਰਜੀਹ ਨਹੀਂ ਦਿੰਦੇ ਸਗੋਂ ਇਨ੍ਹਾਂ ਲਈ ਹਰ ਮਰ ਚੁੱਕੇ ਵਿਅਕਤੀ ਦੀ ਰੂਹ ਕਰੋਪੀ ਹੁੰਦੀ ਹੈ। ਕਬੀਲੇ ਵਿਚ ਚੰਗੀਆਂ-ਮਾੜੀਆਂ ਆਤਮਾਵਾਂ ਦਾ ਕੋਈ ਸੰਕਲਪ ਨਹੀਂ ਹੈ। ਸਾਂਸੀ ਕਬੀਲੇ ਦੇ ਲੋਕ ਗ਼ੈਰ-ਕੁਦਰਤੀ ਢੰਗ ਨਾਲ ਮਰ ਚੁੱਕੇ ਲੋਕਾਂ ਸੰਬੰਧੀ ਇਹ ਧਾਰਨਾ ਰੱਖਦੇ ਹਨ ਕਿ ਇਹ ਲੋਕ ਭੂਤ-ਪ੍ਰੇਤ ਬਣ ਕੇ ਆਲੇ-ਦੁਆਲੇ ਦੇ ਲੋਕਾਂ ਨੂੰ ਤੰਗ ਪ੍ਰੇਸ਼ਾਨ ਕਰਦੇ ਹਨ ਅਤੇ ਆਪਣੀਆਂ ਜਨਮ ਵਾਲੀਆਂ ਥਾਵਾਂ ਸੰਬੰਧੀ ਗਹਿਰਾ ਮੋਹ ਰੱਖਦੇ ਹਨ। ਇਸੇ ਕਰਕੇ ਇਨ੍ਹਾਂ ਦੀਆਂ ਰੂਹਾਂ ਪੂਰਬਲੇ ਥਾਵਾਂ 'ਤੇ ਘੁੰਮਦੀਆਂ ਰਹਿੰਦੀਆਂ ਹਨ। ਇਨ੍ਹਾਂ ਕਰੋਪੀ ਆਤਮਾਵਾਂ ਤੋਂ 'ਮੁਕਤੀ' ਅਤੇ 'ਬਚਾਓ' ਲਈ ਸਾਂਸੀ ਕਬੀਲੇ ਦੇ ਲੋਕ 'ਜਾਦੂ ਟੂਣੇ' ਅਤੇ 'ਤੰਤਰ

ਮੰਤਰਾਂ' ਦੀ ਮੱਦਦ ਲੈਂਦੇ ਹਨ। ਇਸ 'ਕਾਰ ਵਿਹਾਰ' ਅਤੇ 'ਰੂਹਾਨੀ ਸ਼ਕਤੀਆਂ' ਨਾਲ ਸੰਬੰਧਤ ਸਾਂਸੀ ਕਬੀਲੇ ਦੇ ਆਪਣੇ 'ਅੱਲਾ ਲੋਕ' ਹਨ ਜਿਹੜੇ ਕਿ ਪੀੜ੍ਹੀ ਦਰ ਪੀੜ੍ਹੀ ਸਦੀਆਂ ਤੋਂ ਇਸ ਪ੍ਰਥਾ ਨਾਲ ਜੁੜੇ ਹੋਏ ਹਨ। ਸਾਂਸੀ ਕਬੀਲੇ ਦੇ ਸੰਤ-ਮਹਾਤਮਾ ਇਨ੍ਹਾਂ ਬੁਰੀਆਂ ਆਤਮਾਵਾਂ ਨੂੰ 'ਰਹੱਸਵਾਦੀ ਸੰਕੇਤਾਂ' ਰਸਮਾਂ ਅਤੇ ਆਪਣੇ ਮੰਤਰਾਂ ਦੀ ਸ਼ਕਤੀ ਨਾਲ ਕਾਬੂ ਕਰਦੇ ਆਏ ਹਨ। ਕਬੀਲੇ ਦੇ ਲੋਕਾਂ ਦੀਆਂ ਇਨ੍ਹਾਂ 'ਰੂਹਾਨੀ ਕਿਰਿਆਵਾਂ' ਨਾਲ ਜੁੜੇ ਹੋਏ ਲੋਕਾਂ ਵਿਚ ਗਹਿਰੀ ਆਸਥਾ ਹੈ। ਸਾਂਸੀ ਕਬੀਲੇ ਦੇ ਆਦਿ ਪੁਰਖੇ 'ਮਾਹਲਾ' ਦੇ ਪੁੱਤਰ 'ਭਾਲਦ' ਦੇ ਵੰਸ਼ਜ ਜਾਦੂ-ਟੂਣੇ ਦੀ ਇਸ ਵਿਰਾਸਤ ਨੂੰ ਪੀੜ੍ਹੀ ਦਰ ਪੀੜ੍ਹੀ ਅੱਗੇ ਤੋਰ ਰਹੇ ਹਨ। ਭਾਲਦ ਦੇ ਇਹ ਵੰਸ਼ਜ ਅਜੋਕੇ ਭਾਰਤ ਅਤੇ ਪਾਕਿਸਤਾਨ ਦੇ ਵੱਖ-ਵੱਖ ਸੂਬਿਆਂ ਵਿਚ 'ਝਾੜ ਫੂਕ' ਦੀ ਇਸ ਪਰੰਪਰਾ ਨੂੰ ਅੱਗੇ ਤੋਰ ਰਹੇ ਹਨ। ਇਨ੍ਹਾਂ ਰੂਹਾਨੀ ਲੋਕਾਂ ਦੀ ਇਕ ਖ਼ਾਸ ਪਛਾਣ ਇਹ ਹੈ ਕਿ ਇਹ ਲੋਕ ਸਿਰ ਦੇ ਇਕ ਪਾਸਿਓਂ ਵਾਲ ਵਧਾ ਕੇ ਖੁੱਲ੍ਹੇ ਛੱਡ ਕੇ ਰੱਖਦੇ ਹਨ। ਇਸ ਤੋਂ ਇਲਾਵਾ ਇਹ ਕਈ ਤਰ੍ਹਾਂ ਦੇ 'ਰੂਹਾਨੀ ਸੰਕੇਤਾਂ' ਨਾਲ ਸਜੇ ਹੁੰਦੇ ਹਨ। ਇਹ ਲੋਕ ਭੂਤ-ਪ੍ਰੇਤਾਂ ਦੇ ਆਤਮਿਕ ਜਗਤ ਵਿਚ ਵਿਚਰਨ ਤੋਂ ਇਲਾਵਾ ਹੋਰ ਕੋਈ ਕੰਮ ਕਾਰ ਨਹੀਂ ਕਰਦੇ। ਸਾਂਸੀ ਕਬੀਲੇ ਦੇ ਲੋਕ ਇਨ੍ਹਾਂ ਲੋਕਾਂ ਨੂੰ ਆਪਣੀਆਂ ਵਿਆਹ ਸ਼ਾਦੀਆਂ ਤੇ ਵਿੱਤ ਅਨੁਸਾਰ ਪੈਸੇ ਦੇ ਕੇ ਖ਼ਾਸ ਮਾਨਤਾ ਦਿੰਦੇ ਹਨ। ਭਾਵੇਂ ਕਿ ਇਹ ਵਿਆਹ ਦੀਆਂ ਰਸਮਾਂ-ਰੀਤਾਂ ਵਿਚ ਕੋਈ ਹਿੱਸਾ ਨਹੀਂ ਲੈਂਦੇ, ਫਿਰ ਵੀ ਇਨ੍ਹਾਂ ਲੋਕਾਂ ਨੂੰ ਬੁਰੀਆਂ ਆਤਮਾਵਾਂ ਦੇ ਪ੍ਰਭਾਵ ਨੂੰ ਰੋਕਣ ਲਈ ਸ਼ਰਧਾ ਵਜੋਂ ਵਿੱਤ ਅਨੁਸਾਰ ਪੈਸੇ ਅਤੇ ਹੋਰ ਸਾਮੱਗਰੀ ਦੇ ਕੇ ਪੂਜਿਆ ਜਾਂਦਾ ਰਿਹਾ ਹੈ।

"ਸਾਂਸੀ ਕਬੀਲੇ ਵਿਚ ਭੂਤਾਂ-ਪ੍ਰੇਤਾਂ ਨੂੰ ਵੱਸ ਵਿਚ ਕਰਨ ਲਈ ਇਕ ਖ਼ਾਸ ਵਿਧੀ ਅਪਣਾਈ ਜਾਂਦੀ ਹੈ। ਇਸ ਕਰਮ-ਕਾਂਡ ਲਈ ਧਰਤੀ 'ਤੇ ਇਕ ਚੌਰਸ ਖਾਨਾ ਵਾਹ ਲਿਆ ਜਾਂਦਾ ਹੈ। ਇਸ ਖਾਨੇ ਵਿਚ 'ਸੰਧੂਰ' ਅਤੇ 'ਆਟੇ' ਨਾਲ ਵਿਧੀਪੂਰਵਕ ਢੰਗ ਨਾਲ ਲਕੀਰਾਂ ਵਾਹ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਲਕੀਰਾਂ ਨੂੰ ਖਾਨੇ ਦੇ ਕੇਂਦਰ ਬਿੰਦੂ ਨਾਲ ਜੋੜ ਦਿੱਤਾ ਜਾਂਦਾ ਹੈ। ਇਸ ਉਪਰੰਤ ਇਨ੍ਹਾਂ ਲਕੀਰਾਂ ਨੂੰ ਇਕ ਦੂਜੀ ਤੋਂ ਲੰਘਾ ਕੇ ਕੱਟਿਆ ਜਾਂਦਾ ਹੈ। ਇਸ ਖਾਨੇ ਦੇ ਚਾਰ ਤਿਕੋਨਾਂ 'ਤੇ ਇਕ ਇਕ ਦੀਵਾ ਰੱਖ ਕੇ ਇਕ ਪਾਸੇ ਭੂਤ-ਪ੍ਰੇਤ ਵੱਸ ਕਰਨ ਵਾਲਾ ਮਹਾਤਮਾ ਅਤੇ ਦੂਜੇ ਪਾਸੇ ਬੁਰੀ ਆਤਮਾ ਤੋਂ ਪ੍ਰਭਾਵਿਤ ਵਿਅਕਤੀ ਨੂੰ ਬਿਠਾਇਆ ਜਾਂਦਾ ਹੈ। ਇਸ ਤੋਂ ਬਾਅਦ ਤੰਤਰਾਂ-ਮੰਤਰਾਂ ਦੀ ਇਕ ਲੰਬੀ ਲੜੀ ਤੋਂ ਬਾਅਦ ਰੂਹ ਨੂੰ ਵੱਸ ਵਿਚ ਕਰਕੇ ਵਿਅਕਤੀ ਨੂੰ ਮੁਕਤੀ ਦਿਵਾਈ ਜਾਂਦੀ ਹੈ।"[੭]

ਇਬਸਟਨ ਦੇ ਅਨੁਸਾਰ ਸਾਰੇ ਸਾਂਸੀ ਕਬੀਲੇ ਨੂੰ ਜਰਾਇਮ ਪੇਸ਼ਾ ਕੌਮ ਦੇ ਤੌਰ 'ਤੇ ਦੇਖਣਾ ਠੀਕ ਨਹੀਂ ਹੈ। ਇਹ ਸਿਰਫ਼ ਪੰਜਾਬ (ਵੰਡ ਤੋਂ ਪਹਿਲਾਂ) ਦੇ ਨੌਂ ਜ਼ਿਲ੍ਹਿਆਂ ਵਿੱਚ ਹੀ ਜਰਾਇਮ ਪੇਸ਼ਾ ਕੌਮ ਦੇ ਤੌਰ 'ਤੇ ਦਰਜ ਸਨ। ਭਾਵੇਂ ਕਿ ਸਾਰੀ ਸਾਂਸੀ ਕੌਮ ਨੂੰ ਹੀ ਛੋਟੀ ਮੋਟੀ ਚੋਰੀ ਚਕਾਰੀ ਸੰਬੰਧੀ ਸ਼ੱਕ ਦੀ ਦ੍ਰਿਸ਼ਟੀ ਤੋਂ ਵੇਖਿਆ ਜਾਂਦਾ ਰਿਹਾ ਹੈ ਪਰ ਇਸ ਕੌਮ ਨੂੰ ਕਦੇ ਵੀ ਪੇਸ਼ਾਵਰ ਚੋਰੀ ਠੱਗੀ ਨਾਲ ਜੋੜ ਕੇ ਨਹੀਂ ਵੇਖਿਆ ਜਾ ਸਕਦਾ। ਪੰਜਾਬ ਸਰਕਾਰ ਨੇ ੧੮੮। ਵਿੱਚ ਲਿਖਿਆ ਹੈ, "ਵੱਖ-ਵੱਖ ਖਿੱਤਿਆਂ ਵਿੱਚ ਇਨ੍ਹਾਂ ਦਾ ਚਾਲ ਚਲਣ ਵੱਖੋ-ਵੱਖਰਾ ਹੈ। ਇਕ ਪੀੜ੍ਹੀ ਪਹਿਲਾਂ ਇਹ ਲਾਹੌਰ ਵਿੱਚ ਜਰਾਇਮ ਪੇਸ਼ਾ ਜਮਾਤ

ਨਹੀਂ ਸੀ ਜਿੱਥੇ ਕਿ ਇਨ੍ਹਾਂ ਦਾ ਸੰਬੰਧ ਜੱਟ ਕਿਸਾਨਾਂ ਅਤੇ ਖੇਤੀ ਮਜ਼ਦੂਰਾਂ ਨਾਲ ਰਿਹਾ ਹੈ। ਗੁਰਦਾਸਪੁਰ ਵਿੱਚ ਇਹ ਕਾਫ਼ੀ ਬਦਨਾਮ ਅਪਰਾਧੀ ਵਜੋਂ ਦਰਜ ਹਨ, ਜਿੱਥੇ ਕਿ ਇਹ ਪੇਸ਼ਾਵਰ ਅਪਰਾਧੀ ਵਜੋਂ ਦਰਜ਼ ਹਨ।"[10]

ਸਾਂਸੀ ਕਬੀਲਾ ਅਤੇ ਜਰਾਇਮ ਪੇਸ਼ਾ ਐਕਟ

ਇਤਿਹਾਸਕ ਵੇਰਵੇ ਇਹ ਦੱਸਦੇ ਹਨ ਕਿ ਰਾਜਸਥਾਨ ਵਿੱਚ ਮੁਗਲਾਂ ਦੇ ਲਗਾਤਾਰ ਹਮਲਿਆਂ ਨਾਲ ਸਾਂਸੀ ਕਬੀਲੇ ਦੀ ਜੜ੍ਹ ਕਮਜ਼ੋਰ ਪੈਣੀ ਸ਼ੁਰੂ ਹੁੰਦੀ ਹੈ। ਇਹ ਲੋਕ ਰਾਜਸਥਾਨ ਅਤੇ ਇਸਦੇ ਆਸ-ਪਾਸ ਦੀਆਂ ਚਰਾਗਾਹਾਂ ਵਿੱਚ ਬੇਪਰਵਾਹੀ ਵਾਲਾ ਜੀਵਨ ਬਤੀਤ ਕਰ ਰਹੇ ਸਨ। ਮੁਗਲਾਂ ਦੇ ਲਗਾਤਾਰ ਹਮਲਿਆਂ ਅਤੇ ਅਨਿਸਚਿਤਤਾ ਵਾਲੇ ਦੌਰ ਨੇ ਇਨ੍ਹਾਂ ਨੂੰ ਦੂਰ-ਦੁਰਾਡੇ ਦੀਆਂ ਸੁਰੱਖਿਅਤ ਥਾਵਾਂ ਵੱਲ ਹਿਜ਼ਰਤ ਕਰਨ ਲਈ ਮਜ਼ਬੂਰ ਕਰ ਦਿੱਤਾ ਸੀ। ਇਸ ਕਰਕੇ ਇਹ ਲੋਕ ਭਾਰਤ ਦੇ ਵੱਖ-ਵੱਖ ਇਲਾਕਿਆਂ ਵਿੱਚ ਜਾ ਵਸੇ। ਬਰਤਾਨਵੀ ਹਕੂਮਤ ਵੇਲੇ 1871 ਵਿੱਚ ਲੱਗੇ ਜਰਾਇਮ ਪੇਸ਼ਾ ਐਕਟ ਨੇ ਇਨ੍ਹਾਂ ਲੋਕਾਂ ਦੇ ਸਮਾਜਿਕ ਸੰਗਠਨ ਅਤੇ ਵਿਵਸਥਾ 'ਤੇ ਗਹਿਰੀ ਸੱਟ ਮਾਰੀ। ਬਰਤਾਨਵੀ ਹਕੂਮਤ ਲਈ ਸਦੀਆਂ ਪੁਰਾਣੇ ਭਾਰਤ ਦੇ ਕਬੀਲਾ ਸਭਿਆਚਾਰ ਨੂੰ ਸਮਝਣਾ ਸੌਖਾ ਕੰਮ ਨਹੀਂ ਸੀ। ਬਰਤਾਨਵੀ ਹਾਕਮ ਆਪਣੀ ਸੁਰੱਖਿਆ ਲਈ ਇਨ੍ਹਾਂ ਲੋਕਾਂ ਨੂੰ ਹਰ ਹਾਲਤ ਵਿੱਚ ਆਪਣੇ ਅਧਿਕਾਰ ਖੇਤਰ ਵਿੱਚ ਲਿਆਉਣਾ ਚਾਹੁੰਦੇ ਸਨ ਤਾਂ ਕਿ ਇਹ ਲੋਕ ਉਨ੍ਹਾਂ ਦੇ ਰਾਜ ਭਾਗ ਲਈ ਕੋਈ ਖਤਰਾ ਨਾ ਬਣ ਸਕਣ। ਇਸੇ ਲਈ ਬਰਤਾਨਵੀ ਹਕੂਮਤ ਨੇ ਇਨ੍ਹਾਂ ਲੋਕਾਂ 'ਤੇ ਵਧੀਕੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਸਾਂਸੀ ਕਬੀਲੇ ਦੇ ਨਾਲ ਨਾਲ ਭਾਰਤ ਦੇ ਹੋਰ ਕਬੀਲਿਆਂ 'ਤੇ ਜਰਾਇਮ ਪੇਸ਼ਾ ਐਕਟ ਲਗਾ ਦਿੱਤਾ ਜਿੱਥੋਂ ਕਿ ਕਬੀਲਿਆਂ ਦਾ ਜੀਵਨ ਪੱਧਰ ਦਿਨੋਂ ਦਿਨ ਢਹਿ ਢੇਰੀ ਹੁੰਦਾ ਗਿਆ। ਇਨ੍ਹਾਂ ਲੋਕਾਂ ਨੂੰ ਜ਼ਬਰਦਸਤੀ ਫੜ ਕੇ ਸੁਧਾਰ ਘਰਾਂ (Reformatries) ਵਿੱਚ ਬੰਦ ਕਰਨਾ, ਥਾਣਿਆਂ ਵਿਚ ਲਗਾਤਾਰ ਹਾਜ਼ਰੀ ਦੇਣਾ ਇਕ ਆਮ ਵਰਤਾਰਾ ਬਣ ਗਿਆ ਸੀ। ਇਨ੍ਹਾਂ ਲੋਕਾਂ ਨੇ ਇਸ ਗੱਲ ਦਾ ਕਰੜਾ ਵਿਰੋਧ ਵੀ ਕੀਤਾ ਪਰ ਸਾਮਰਾਜੀ ਹਕੂਮਤ ਨੇ ਇਨ੍ਹਾਂ ਲੋਕਾਂ 'ਤੇ ਅੰਨ੍ਹਾਂ ਤਸ਼ੱਦਦ ਅਤੇ ਜ਼ੁਲਮ ਕੀਤੇ ਜਿਸਦੇ ਸਿੱਟੇ ਵਜੋਂ ਇਹ ਲੋਕ ਅੰਗਰੇਜ਼ੀ ਹਕੂਮਤ ਤੋਂ ਡਰ ਕੇ ਲੰਮਾਂ ਸਮਾਂ ਜੰਗਲਾਂ ਰੋਹੀਆਂ ਵਿਚ ਭਟਕਦੇ ਰਹੇ। ਗੁੰਮਨਾਮੀ ਦੇ ਲੰਮੇ ਦੌਰ ਵਿਚੋਂ ਲੰਘਦਿਆਂ ਇਹ ਲੋਕ ਆਰਥਿਕ ਪੱਖੋਂ ਬਿਲਕੁਲ ਕੰਗਾਲ ਹੋ ਚੁੱਕੇ ਸਨ। ਭਾਰਤ ਦੇ 1947 ਵਿੱਚ ਆਜ਼ਾਦ ਹੋਣ ਮਗਰੋਂ 1952 ਵਿੱਚ ਭਾਰਤ ਸਰਕਾਰ ਨੇ ਜਰਾਇਮ ਪੇਸ਼ਾ ਐਕਟ ਖਤਮ ਕਰ ਦਿੱਤਾ। ਇਸ ਸਮੇਂ ਤੱਕ ਇਹ ਲੋਕ ਬਿਲਕੁਲ ਹਾਸ਼ੀਏ 'ਤੇ ਚਲੇ ਗਏ ਸਨ ਜਿਸ ਤੋਂ ਬਾਅਦ ਇਨ੍ਹਾਂ ਲੋਕਾਂ ਦਾ ਹੌਲੀ-ਹੌਲੀ ਪੁਨਰਵਾਸ ਹੋਣਾ ਸ਼ੁਰੂ ਹੁੰਦਾ ਹੈ। ਪੰਜਾਬ ਦੇ ਸਾਂਸੀ ਕਬੀਲੇ ਦੀ ਬਣਤਰ ਬਹੁਤ ਹੀ ਗੁੰਝਲਦਾਰ ਹੈ। ਪੰਜਾਬ ਦਾ ਸਾਂਸੀ ਕਬੀਲਾ ਸਦੀਆਂ ਤੋਂ ਹੀ ਆਪਣੀਆਂ ਪਰੰਪਰਿਕ ਰਵਾਇਤਾਂ ਅਨੁਸਾਰ ਜੀਵਨ ਬਤੀਤ ਕਰਦਾ ਆਇਆ ਹੈ। ਅੱਜ ਦੇ ਗਲੋਬਲ ਯੁੱਗ ਵਿੱਚ ਭਾਵੇਂ ਪੰਜਾਬ ਦੇ ਕਬੀਲੇ ਸਭਿਆਚਾਰਕ ਰੂਪਾਂਤਰਣ ਅਤੇ ਪਰਿਵਰਤਨ ਦੀ ਅਵਸਥਾ ਵਿਚੋਂ ਗੁਜ਼ਰ ਰਹੇ ਹਨ ਪਰੰਤੂ ਇਹ ਤਬਦੀਲੀ ਇਨ੍ਹਾਂ ਦੇ

ਜੀਵਨ ਨਾਲ ਸੰਬੰਧਤ ਕੁਝ ਕੁ ਪੱਖਾਂ ਤੱਕ ਹੀ ਸੀਮਤ ਹੈ। ਆਧੁਨਿਕ ਯੁੱਗ ਦੀਆਂ ਤੇਜ਼ਧਾਰ ਤਬਦੀਲੀਆਂ ਵਿੱਚ ਪੰਜਾਬ ਦੇ ਕਬੀਲਿਆਂ ਦੀ ਬਾਹਰਲੀ ਦਿੱਖ ਵਿੱਚ ਭਾਵੇਂ ਕਾਫੀ ਪਰਿਵਰਤਨ ਆਇਆ ਹੈ ਪਰ ਫਿਰ ਵੀ ਸ਼ਕਤੀਸ਼ਾਲੀ ਟੋਟਮ ਟੈਬੂ ਪਰੰਪਰਾ ਹੋਣ ਕਰਕੇ ਇਹ ਬਦਲਾਅ ਐਨਾ ਸਿੱਧਾ ਅਤੇ ਸਰਲ ਨਹੀਂ ਹੈ। ਅੱਜ ਵੀ ਸਾਂਸੀ ਕਬੀਲੇ ਦੀ ਮਾਨਸਿਕਤਾ ਤੇ ਕਬੀਲਿਆਈ ਮਾਨਤਾਵਾਂ ਅਤੇ ਪਰੰਪਰਾਵਾਂ ਦਾ ਸਖ਼ਤ ਪਹਿਰਾ ਹੈ। ਮਾੜੀ ਆਰਥਿਕ ਅਵਸਥਾ ਹੋਣ ਕਰਕੇ ਪੰਜਾਬ ਦੇ ਸਾਂਸੀ ਲੋਕ ਕਈ ਨਿਮਨ ਪ੍ਰਕਾਰ ਦੇ ਧੰਦੇ ਅਤੇ ਪਸ਼ੂ ਪਾਲ ਕੇ ਆਪਣਾ ਗੁਜ਼ਾਰਾ ਕਰ ਰਹੇ ਹਨ। ਸਾਰੇ ਹੀ ਸਾਂਸੀ ਕਬੀਲੇ ਨੂੰ ਅਪਰਾਧਿਕ ਮਾਮਲਿਆਂ ਨਾਲ ਜੋੜ ਕੇ ਵੇਖਣਾ ਅਤੇ ਸਮਝਣਾ ਠੀਕ ਨਹੀਂ ਹੈ। ਅਜਿਹਾ ਸੋਚਣਾ ਸਾਂਸੀ ਕਬੀਲੇ ਦੇ ਗੌਰਵਸ਼ਾਲੀ ਇਤਿਹਾਸ ਨਾਲ ਸਰਾਸਰ ਬੇਇਨਸਾਫ਼ੀ ਹੈ। ਦੁਸ਼ਵਾਰੀਆਂ ਭਰਿਆ ਲੰਮਾ ਪੈਂਡਾ ਤੈਅ ਕਰਦੇ-ਕਰਦੇ ਇਹ ਘੁਮੰਤੂ ਲੋਕ ਫ਼ਾਕੇ ਕੱਟਣ ਲਈ ਮਜ਼ਬੂਰ ਹੋ ਗਏ ਸਨ। ਪੰਜਾਬ ਦਾ ਸਾਂਸੀ ਕਬੀਲਾ ਭਾਵੇਂ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਪੂਰੀ ਤਰ੍ਹਾਂ ਆਬਾਦ ਹੋ ਚੁੱਕਾ ਹੈ ਪਰੰਤੂ ਇਨ੍ਹਾਂ ਵਿਚੋਂ ਅਜਿਹੇ ਬਹੁਤ ਘੱਟ ਲੋਕ ਹਨ, ਜਿਨ੍ਹਾਂ ਕੋਲ ਵਾਹੀਯੋਗ ਅਤੇ ਵਸੇਬੇ ਵਾਲੀਆਂ ਜ਼ਮੀਨਾਂ ਦੀ ਮਾਲਕੀ ਦਾ ਅਧਿਕਾਰ ਹੈ। ਇਹ ਲੋਕ ਜ਼ਿਆਦਾਤਰ ਪੰਚਾਇਤੀ ਜ਼ਮੀਨਾਂ, ਗਊ ਚਰਾਂਦਾਂ ਅਤੇ ਵਣ ਵਿਭਾਗ ਦੀਆਂ ਜ਼ਮੀਨਾਂ ਉੱਪਰ ਆਬਾਦ ਹਨ। ਪੰਜਾਬ ਦਾ ਸਾਂਸੀ ਕਬੀਲਾ ਲੰਮੇ ਸਮੇਂ ਤੋਂ ਕਿਸਾਨੀ 'ਤੇ ਨਿਰਭਰ ਕਰਦਾ ਆਇਆ ਹੈ। ਪਸ਼ੂ ਪਾਲਣੇ ਅਤੇ ਕੁਰਸੀਨਾਮੇ ਯਾਦ ਰੱਖਣੇ ਸਾਂਸੀ ਕਬੀਲੇ ਦੇ ਲੋਕਾਂ ਦਾ ਮੁੱਢ-ਕਦੀਮੀ ਪੇਸ਼ਾ ਰਿਹਾ ਹੈ। ਲੰਮਾ ਸਮਾਂ ਘੁਮੰਤੂ ਅਵਸਥਾ ਵਿੱਚ ਰਹਿਣ ਕਾਰਨ ਅਤੇ ਸੰਵਿਧਾਨਿਕ ਪ੍ਰਣਾਲੀ ਵਿੱਚ ਬਹੁਤ ਦੇਰ ਨਾਲ ਦਰਜ ਹੋਣ ਕਰਕੇ ਪੰਜਾਬ ਦਾ ਸਾਂਸੀ ਕਬੀਲਾ ਲੰਮਾ ਸਮਾਂ ਗੁੰਮਨਾਮੀ ਅਤੇ ਹਨੇਰੇ ਭਰਿਆ ਜੀਵਨ ਬਤੀਤ ਕਰਦਾ ਆਇਆ ਹੈ। ਜਦੋਂ ਇਹ ਲੋਕ ਆਪਣਾ ਸਥਾਈ ਟਿਕਾਣਾ ਬਣਾਉਣ ਬਾਰੇ ਸੋਚ ਰਹੇ ਸਨ, ਉਦੋਂ ਤੱਕ ਇਹ ਲੋਕ ਮੁੱਖ ਧਾਰਾ ਦੀ ਜੀਵਨ ਜਾਚ ਤੋਂ ਕਾਫ਼ੀ ਪਛੜ ਚੁੱਕੇ ਸਨ। 31 ਅਗਸਤ, 1952 ਵਿੱਚ ਭਾਵੇਂ ਇਨ੍ਹਾਂ ਲੋਕਾਂ ਤੋਂ ਜਰਾਇਮ ਪੇਸ਼ਾ ਐਕਟ ਹਟਾ ਦਿੱਤਾ ਗਿਆ ਪਰੰਤੂ ਫਿਰ ਵੀ ਇਨ੍ਹਾਂ ਲੋਕਾਂ ਨਾਲ ਲਗਾਤਾਰ ਜਰਾਇਮ ਪੇਸ਼ਾ ਲੋਕਾਂ ਵਾਲਾ ਵਿਵਹਾਰ ਕੀਤਾ ਜਾਂਦਾ ਰਿਹਾ ਹੈ। ਸੰਬੰਧਤ ਇਲਾਕੇ ਵਿਚ ਚੋਰੀ ਚਕਾਰੀ ਦੀ ਕੋਈ ਵੀ ਘਟਨਾ ਹੋ ਜਾਣ ਕਾਰਨ ਇਨ੍ਹਾਂ ਲੋਕਾਂ ਨੂੰ ਥਾਣਿਆਂ, ਕਚਹਿਰੀਆਂ ਵਿਚ ਲਗਾਤਾਰ ਪਰੇਸ਼ਾਨ ਕੀਤਾ ਜਾਂਦਾ ਹੈ। ਅਜੋਕੇ ਸਮੇਂ ਵਿੱਚ ਭਾਵੇਂ ਇਹ ਵਰਤਾਰਾ ਲਗਭਗ ਨਾਂਹ ਦੇ ਬਰਾਬਰ ਹੈ ਪਰੰਤੂ ਫਿਰ ਵੀ ਇਹ ਲੋਕ ਮਾਨਸਿਕ ਤੌਰ 'ਤੇ ਆਜ਼ਾਦ ਨਹੀਂ ਹਨ। ਸਾਂਸੀ ਕਬੀਲੇ ਦੀ ਸਮਾਜਿਕ ਵਿਵਸਥਾ ਦਾ ਗਹੁ ਨਾਲ ਵਿਸ਼ਲੇਸ਼ਣ ਕਰਦਿਆਂ ਇਨ੍ਹਾਂ ਦੀਆਂ ਵਿਲੱਖਣ ਰਸਮਾਂ-ਰੀਤਾਂ ਵਿਚੋਂ ਅੱਜ ਵੀ ਕਬੀਲਾ ਸਭਿਆਚਾਰ ਨੂੰ ਅਸੀਂ ਪ੍ਰਤੱਖ ਰੂਪ ਵਿੱਚ ਵੇਖ ਸਕਦੇ ਹਾਂ। ਭਾਵੇਂ ਕਿ ਸਾਂਸੀ ਕਬੀਲੇ ਦੇ ਲੋਕ ਹੁਣ, ਹਿੰਦੂ, ਸਿੱਖ, ਮੁਸਲਮਾਨ ਅਤੇ ਈਸਾਈ ਧਰਮ ਨਾਲ ਜੁੜੇ ਹੋਏ ਹਨ ਪਰੰਤੂ ਪੰਜਾਬ ਦੇ ਸਾਂਸੀ ਲੋਕ ਜ਼ਿਆਦਾਤਰ ਸਿੱਖ ਧਰਮ ਅਤੇ ਹਿੰਦੂ ਦੀਆਂ ਰਵਾਇਤਾਂ ਅਨੁਸਾਰ ਹੀ ਆਪਣਾ ਜੀਵਨ ਬਤੀਤ ਕਰਦੇ ਹਨ। ਇਨ੍ਹਾਂ ਧਰਮਾਂ ਨੂੰ ਮੰਨਣ ਦੇ ਬਾਵਜੂਦ ਇਹ ਲੋਕ ਆਪਣੇ ਕਬੀਲਿਆਈ ਧਰਮ ਨੂੰ ਜ਼ਿਆਦਾ ਤਵੱਜੋ ਦਿੰਦੇ ਹਨ। ਕਬੀਲਾ ਮਾਨਤਾਵਾਂ

ਅਤੇ ਧਰਮ ਇਨ੍ਹਾਂ ਲੋਕਾਂ ਦੇ ਜੀਵਨ ਵਿੱਚ ਪ੍ਰਮੁੱਖ ਰੂਪ ਵਿਚ ਅਗਰਸਰ ਰਹਿੰਦਾ ਹੈ। ਸਾਂਸੀ ਕਬੀਲੇ ਦੇ ਲੋਕ ਦੇਵੀ ਦੇਵਤਿਆਂ, ਪੀਰਾਂ ਫਕੀਰਾਂ, ਕਬੀਲਾ ਪੁਰਖਿਆਂ ਨੂੰ ਮੰਨਣ ਦੇ ਨਾਲ ਨਾਲ ਕਬੀਲੇ ਦੀ 'ਮਾਈ ਸੀਡੋ' ਨੂੰ ਵਿਸ਼ੇਸ਼ ਮਾਨਤਾ ਦਿੰਦੇ ਹਨ। 'ਮਾਈ ਸੀਡੋ' ਨੂੰ ਖੁਸ਼ ਕਰਨ ਲਈ ਉਸਦੀ ਪੂਜਾ ਅਰਚਨਾ ਸਮੇਂ ਛੱਤਰੇ ਦੀ ਬਲੀ ਦਿੱਤੀ ਜਾਂਦੀ ਹੈ। ਬਲੀ ਦੇ ਛੱਤਰੇ ਦਾ ਮਾਸ ਪ੍ਰਸ਼ਾਦ ਵਜੋਂ ਸਾਰੇ ਕਬੀਲੇ ਵਿਚ ਵੰਡ ਕੇ ਛਕਾਇਆ ਜਾਂਦਾ ਹੈ। ਸਾਂਸੀ ਕਬੀਲੇ ਵਿੱਚ 'ਮਾਈ ਸੀਡੋ' ਨੂੰ ਖੁਸ਼ਹਾਲੀ ਦਾ ਪ੍ਰਤੀਕ ਸਮਝਿਆ ਜਾਂਦਾ ਹੈ। ਇਸ ਤੋਂ ਇਲਾਵਾ ਸਾਂਸੀ ਕਬੀਲੇ ਦੇ ਲੋਕ ਅਗਨੀ, ਜਲ ਅਤੇ ਹੋਰ ਕੁਦਰਤੀ ਸ਼ਕਤੀਆਂ ਦੀ ਪੂਜਾ ਕਰਦੇ ਹਨ। ਇਹ ਲੋਕ ਕਿਸੇ ਵੀ ਤਿਉਹਾਰ ਜਾਂ ਸਮਾਜਿਕ ਸਮਾਗਮ ਮੌਕੇ ਪੁਰਖ ਪੂਜਾ ਨੂੰ ਵਿਸ਼ੇਸ਼ ਮਹੱਤਵ ਦਿੰਦੇ ਹਨ। ਸਾਂਸੀ ਕਬੀਲੇ ਦੇ ਧਰਮ ਅਤੇ ਧਾਰਮਿਕ ਮਾਨਤਾਵਾਂ ਦਾ ਵਿਸ਼ਲੇਸ਼ਣ ਕਰਦੇ ਹੋਏ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਸਾਂਸੀ ਲੋਕ 'ਕੁਦਰਤੀ ਧਰਮ' ਦੇ ਜ਼ਿਆਦਾ ਨੇੜੇ ਹਨ। ਇਹ ਲੋਕ ਆਧੁਨਿਕ ਧਰਮ ਦੀਆਂ ਰਹੁ-ਰੀਤਾਂ ਨੂੰ ਕੇਵਲ ਚਿਨ੍ਹਾਤਮਕ ਪੱਧਰ 'ਤੇ ਹੀ ਮੰਨਦੇ ਹਨ। ਮੁੱਖ ਤੌਰ 'ਤੇ ਇਹ ਲੋਕ ਹੁਣ ਤੱਕ ਕਬੀਲਾ ਪਰੰਪਰਾ ਦੇ ਹੀ ਅਨੁਯਾਈ ਰਹੇ ਹਨ। ਇਸ ਤੋਂ ਇਲਾਵਾ ਸਾਂਸੀ ਕਬੀਲੇ ਦੇ ਲੋਕ ਵਹਿਮਾਂ ਭਰਮਾਂ ਅਤੇ ਅਨੇਕਾਂ ਕਿਸਮ ਦੇ ਅੰਧ-ਵਿਸ਼ਵਾਸਾਂ ਵਿੱਚ ਵੀ ਯਕੀਨ ਕਰਦੇ ਹਨ। ਸਾਂਸੀ ਕਬੀਲੇ ਵਿੱਚ ਕਿਸੇ ਅਪਰਾਧ ਜਾਂ ਝਗੜੇ ਦੀ ਸੂਰਤ ਵਿੱਚ 'ਰਾਸ' ਦੀ ਰਵਾਇਤ ਹੈ। ਜੁਰਮ ਕਰਨ ਵਾਲੇ ਨੂੰ ਕਬੀਲੇ ਦੀ ਪੰਚਾਇਤ ਅਨੁਸਾਰ ਜੁਰਮਾਨਾ ਭਰਨਾ ਪੈਂਦਾ ਹੈ ਜਿਸਨੂੰ ਕਬੀਲਾ ਪੰਚਾਇਤ ਵੱਲੋਂ 'ਟੱਕ' ਕਿਹਾ ਜਾਂਦਾ ਹੈ। ਬਿਲਕੁਲ ਇਸੇ ਤਰ੍ਹਾਂ ਦੀ ਪ੍ਰਥਾ ਬਾਜ਼ੀਗਰ ਕਬੀਲੇ ਵਿੱਚ ਵੀ ਪ੍ਰਚੱਲਿਤ ਹੈ। ਇਸ ਰਸਮ ਤੋਂ ਕਬੀਲਿਆਂ ਦੀ ਅੰਤਰ ਸਾਂਝ ਅਤੇ ਅੰਤਰ-ਵਿਵਸਥਾ ਦੀ ਸਮਝ ਪੈਂਦੀ ਹੈ।

ਸਾਂਸੀ ਕਬੀਲੇ ਵਿੱਚ 'ਲਾਗੂ' ਅਤੇ 'ਭਾਗੂ' ਦਾ ਫੈਸਲਾ ਕਬੀਲਾ ਮਹਾਪੰਚਾਇਤ ਦੁਆਰਾ ਕੀਤਾ ਜਾਂਦਾ ਹੈ। ਕਬੀਲਾ ਪੰਚਾਇਤ ਫੈਸਲਾ ਕਰਨ ਸਮੇਂ ਆਪਣੇ ਸਾਹਮਣੇ 'ਸਾਂਸ ਮੱਲ' ਨੂੰ ਪ੍ਰਤੱਖ ਕਰਕੇ ਮੰਨਦੀ ਹੈ। ਸਾਂਸੀ ਕਬੀਲੇ ਦੀ ਪੰਚਾਇਤ ਕਿਸੇ ਬੀਆਬਾਨ ਰੋਹੀ ਜਾਂ ਕਿਸੇ ਉਜਾੜ ਥਾਂ 'ਤੇ ਲੱਗਦੀ ਹੈ। ਪੰਚਾਇਤ ਦੇ ਮੋਅਤਬਰ ਇਕ ਗੋਲਾਕਾਰ ਵਿੱਚ ਬੈਠ ਕੇ ਪੰਚਾਇਤ ਦੀ ਕਾਰਵਾਈ ਕਰਦੇ ਹਨ। ਸਾਂਸੀ ਕਬੀਲੇ ਵਿੱਚ ਕੋਈ ਵੀ ਫ਼ੈਸਲਾ ਲੰਮੇ 'ਚਿੰਤਨ ਮੰਥਨ' ਤੋਂ ਬਾਅਦ ਹੀ ਕੀਤਾ ਜਾਂਦਾ ਹੈ। ਇਸ ਮੌਕੇ ਦੋਹਾਂ ਧਿਰਾਂ ਦੇ ਵਿਚਾਰ ਬੜੀ ਗੰਭੀਰਤਾ ਨਾਲ ਸੁਣੇ ਜਾਂਦੇ ਹਨ। ਕਬੀਲੇ ਦੇ ਮੋਅਤਬਰ ਵਿਅਕਤੀ ਦੋਹਾਂ ਧਿਰਾਂ ਦੇ ਬਿਆਨਾਂ ਤੋਂ ਬਾਅਦ ਹੀ ਕੋਈ ਫ਼ੈਸਲਾ ਦਿੰਦੇ ਹਨ। ਕਬੀਲਾ ਪੰਚਾਇਤ ਦਾ ਫ਼ੈਸਲਾ ਆਖਰੀ ਹੁੰਦਾ ਹੈ। ਪੰਚਾਇਤ ਦਾ ਫੈਸਲਾ 'ਲਾਗੂ ਅਤੇ ਭਾਗੂ' ਨੂੰ ਮੰਨਣਾ ਪੈਂਦਾ ਹੈ। ਸਾਂਸੀ ਕਬੀਲੇ ਵਿੱਚ ਜ਼ਿਆਦਾਤਰ ਫੈਸਲੇ ਦੰਡ ਨਾਲ ਹੀ ਨੇਪਰੇ ਚੜ੍ਹਦੇ ਹਨ। ਬਦਲਦੀਆਂ ਪਰਿਸਥਿਤੀਆਂ ਵਿਚ ਸਾਂਸੀ ਕਬੀਲੇ ਦੇ ਨਿਆਂ ਪ੍ਰਬੰਧ ਵਿੱਚ ਵੀ ਕਾਫ਼ੀ ਬਦਲਾਅ ਆਇਆ ਹੈ। ਹੁਣ ਸਾਂਸੀ ਕਬੀਲੇ ਦੇ ਝਗੜਿਆਂ ਨਾਲ ਸੰਬੰਧਤ ਸਾਰੇ ਫੈਸਲੇ ਥਾਣਿਆਂ ਅਤੇ ਕਚਹਿਰੀਆਂ ਵਿੱਚ ਹੁੰਦੇ ਹਨ ਪਰ ਫਿਰ ਵੀ ਕਬੀਲਾ ਪੰਚਾਇਤਾਂ ਦਾ ਅਸਰ ਅਤੇ ਦਬਦਬਾ ਹੁਣ ਵੀ ਵੇਖਣ ਨੂੰ ਮਿਲਦਾ ਹੈ ਕਿਉਂਕਿ ਅੰਤ ਨੂੰ ਫੈਸਲਾ ਕਬੀਲਾ ਪੰਚਾਇਤ ਵਿੱਚ ਹੀ

ਹੋਣਾ ਹੁੰਦਾ ਹੈ। ਸਾਂਸੀ ਕਬੀਲੇ ਵਿੱਚ ਬੱਚੇ ਦੇ ਜਨਮ, ਵਿਆਹ ਅਤੇ ਮੌਤ ਨਾਲ ਸੰਬੰਧਤ ਆਪਣੇ ਹੀ ਕਾਰ ਵਿਹਾਰ ਅਤੇ ਸੰਸਕਾਰ ਹਨ ਜਿਨ੍ਹਾਂ ਵਿੱਚ ਕਬੀਲਿਆਈ ਪਰੰਪਰਾ ਡੁੱਲ੍ਹ ਡੁਲ੍ਹ ਪੈਂਦੀ ਹੈ। ਸਾਂਸੀ ਕਬੀਲੇ ਵਿਚ ਵਿਆਹ ਦੀ ਰਸਮ ਮੰਗਣੀ ਤੋਂ ਸ਼ੁਰੂ ਹੁੰਦੀ ਹੈ। ਮੰਗਣੀ ਵੇਲੇ ਲੜਕੀ ਅਤੇ ਲੜਕੇ ਵਾਲੇ ਪਰਿਵਾਰ ਕੁਝ ਪਤਵੰਤਿਆਂ ਦੀ ਹਾਜ਼ਰੀ ਵਿੱਚ ਮੰਗਣੀ ਦੀ ਰਸਮ ਪੂਰੀ ਕਰਦੇ ਹਨ। ਇਸ ਰਸਮ ਵਿੱਚ ਲੜਕੀ ਵਾਲੇ ਪਰਿਵਾਰ ਵੱਲੋਂ ਲੜਕੇ ਦੇ ਹੱਥ 'ਤੇ ਸ਼ਗਨ ਵਜੋਂ ਇਕ ਰੁਪਈਆ ਰੱਖਿਆ ਜਾਂਦਾ ਹੈ ਜਿਸਦੇ ਬਦਲੇ ਲੜਕੇ ਵਾਲੇ ਮੰਗਣੀ ਵਾਲੀ ਕੁੜੀ ਨੂੰ ਸ਼ਗਨ ਵਜੋਂ, ਮਹਿੰਦੀ, ਚੂੜੀਆਂ ਅਤੇ ਸੁੱਕੇ ਮੇਵੇ ਆਦਿ ਦਿੰਦੇ ਹਨ। ਇਸ ਤੋਂ ਉਪਰੰਤ ਤੇਲ ਪੀਣ, ਗੰਢਾਂ ਦੇਣ, ਧਾਰ ਦੇਣ, ਮਹਿੰਦੀ ਲਾਉਣ, ਵਟਣਾ ਮਲਣ, ਘੋੜੀ ਚੜ੍ਹਨ, ਮਿਲਣੀ, ਪੁੱਛ-ਦੱਸ ਦੀ ਰਸਮ ਅਤੇ ਫੇਰਿਆਂ ਦੀ ਰਸਮ ਹੁੰਦੀ ਹੈ। ਸਾਂਸੀ ਕਬੀਲੇ ਦਾ ਵਿਆਹ ਪ੍ਰਬੰਧ ਕਈ ਪਰੰਪਰਿਕ ਰੀਤਾਂ ਦੀ ਲੰਬੀ ਲੜੀ ਵਿਚੋਂ ਗੁਜ਼ਰਦਾ ਹੈ, ਜਿਨ੍ਹਾਂ ਰੀਤਾਂ ਦਾ ਆਪਣਾ ਹੀ ਇਕ ਸਮਾਜਿਕ ਸੱਭਿਆਚਾਰਕ ਮਹੱਤਵ ਹੈ। ਇਨ੍ਹਾਂ ਰੀਤਾਂ ਵਿੱਚ ਬਹੁਤੀਆਂ ਰੀਤਾਂ ਦਾ ਮਨੁੱਖੀ ਮਨੋਵਿਗਿਆਨ ਨਾਲ ਡੂੰਘਾ ਸੰਬੰਧ ਹੈ ਕਿਉਂਕਿ ਸਾਂਸੀ ਕਬੀਲੇ ਦੇ ਵਿਆਹ ਪ੍ਰਬੰਧ ਨਾਲ ਸੰਬੰਧਤ ਬਹੁਤੀਆਂ ਸਮਾਜਿਕ ਰੀਤਾਂ ਨਵੀਂ ਵਿਆਹੀ ਲੜਕੀ ਨੂੰ ਪਰਾਏ ਘਰ ਵਿੱਚ ਸਹਿਜੇ-ਸਹਿਜੇ ਸਥਾਪਤ ਕਰਨ ਹਿੱਤ ਆਪਣੀ ਵਿਸ਼ੇਸ਼ ਭੂਮਿਕਾ ਨਿਭਾਉਂਦੀਆਂ ਹਨ। ਸਾਂਸੀ ਕਬੀਲੇ ਦੇ ਵਿਆਹ ਸਮੇਂ ਔਰਤਾਂ ਵੱਲੋਂ ਹੇਠ ਲਿਖੇ ਕਬੀਲਾ ਗੀਤ ਗਾਏ ਜਾਂਦੇ ਹਨ :

1 ਬੜੇ ਬਾਬਲ ਕਾ ਬੇਟਾ ਮਹਿੰਦੀ ਲਾਵਣ ਦੇ
ਬੜੇ ਬਾਬੇ ਕਾ ਪੋਤਾ ਮਹਿੰਦੀ ਲਾਵਣ ਦੇ
ਬੜੇ ਨਾਨੇ ਦਾ ਦੋਹਤਾ ਮਹਿੰਦੀ ਲਾਵਣ ਦੇ

2 ਤੇਰੀ ਮਾਂ ਵੇ ਸੁਹਾਗਣ ਜਿਨ ਤੇਰੇ ਸ਼ਗਨ ਮਨਾਏ
ਤੇਰੀ ਭਾਬੋ ਸੁਹਾਗਣ ਜਿਨ ਤੇਰੇ
ਸ਼ਗਨ ਮਨਾਏ
ਕੌਣ ਪਾਣੀ ਪਾਵੇ
ਕੌਣ ਨਹਾਵੇ
ਭੈਣ ਪਾਵੇ ਪਾਣੀ, ਕੌਣ ਨਹਾਵੇ
ਭੈਣ ਪਾਵੇ ਪਾਣੀ, ਭਾਬੋ ਨੁਹਾਵੇ।।

3 ਇਹਦੀ ਨਾਨੀ ਦੇ ਜਾਈਓ, ਇਹ ਨੂੰ ਖਾਰਿਓਂ ਉਤਾਰਿਓ
ਇਹਦੀ ਨਾਨੇ ਦੇ ਜਾਇਓ, ਇਹਨੂੰ ਖਾਰਿਓਂ ਉਤਾਰਿਓ
ਇਹਦੇ ਬਾਬਲ ਦੇ ਜਾਇਓ, ਇਹਨੂੰ ਖਾਰਿਓਂ ਉਤਾਰਿਓ
ਇਹਦੀ ਅੰਮਾਂ ਦੇ ਜਾਇਓ, ਇਹਨੂੰ ਖਾਰਿਓਂ ਉਤਾਰਿਓ।12

4 ਲੈ ਲਾ ਲਾੜਿਆ ਬੁਰਕੀਆਂ
ਤੇਰੀ ਮਾਂ ਨੂੰ ਬਿੱਲੀਆਂ ਘੁਰਕੀਆਂ
ਲੈ ਲਾ ਲਾੜੀਏ ਬੁਰਕੀਆਂ
ਤੇਰੀ ਮਾਂ ਨੂੰ ਬਿੱਲੀਆਂ ਘੁਰਕੀਆਂ

5 ਜਾਗੋ ਜਾਗੋ ਜੀ ਜਠੇਰਿਓ
ਤੁਹਾਨੂੰ ਕੌਣ ਜਗਾਵੇ
ਜਾਗੋ ਜਾਗੋ ਜੀ ਜਠੇਰਿਓ
ਤੁਹਾਨੂੰ ਬੰਨਾਂ ਜਗਾਵੇ
ਹੱਥੀਂ ਬੱਕਰੇ ਤੇ ਛੱਤਰੇ
ਜਿਹੜਾ ਦੇਂਦੜਾ ਆਵੇ
ਜਾਗੋ ਜਾਗੋ ਜੀ ਜਠੇਰਿਓ
ਤੁਹਾਨੂੰ ਕੌਣ ਜਗਾਵੇ
ਆਪਣੇ ਬੰਨੇ ਦਾ ਡੋਲਾ ਤੇਰੇ ਚਰਨੀ ਲਿਆਵੇ
ਜਾਗੋ ਜਾਗੋ ਜੀ ਜਠੇਰਿਓ
ਤੁਹਾਨੂੰ ਕੌਣ ਜਗਾਵੇ ।[13]

ਇਸਦੇ ਨਾਲ ਹੀ ਲੜਕੀ ਦੇ ਸ਼ਗਨਾਂ ਨਾਲ ਸੰਬੰਧਤ ਕੁਝ ਗੀਤ ਇਸ ਪ੍ਰਕਾਰ ਹਨ ਜਿਨ੍ਹਾਂ ਦੀ ਤਾਲ ਬੜੀ ਮੱਧਮ ਅਤੇ ਸੋਗਮਈ ਹੁੰਦੀ ਹੈ :

6 ਲੁਕ ਬਹੁ ਲੁਕ ਬਹੁ ਨੀ ਮੇਰੀ ਰਾਧਾ
ਕ੍ਰਿਸ਼ਨ ਬਪਾਰੜੀ ਆਏ
ਹਉਂ ਕੀਕਣ ਲੁਕਾਂ ਮੇਰੀਓ ਸਖੀਓ
ਧਰਮੀ ਬਾਬਲ ਸਦਾਏ
ਲੁਕ ਬਹੁ ਲੁਕ ਬਹੁ ਨੀ ਮੇਰੀ ਰਾਧਾ
ਕ੍ਰਿਸ਼ਨ ਬਪਾਰੜੀ ਆਏ
ਹਉਂ ਕੀਕਣ ਲੁਕਾਂ ਮੇਰਿਓ ਸਖੀਓ
ਧਰਮੀ ਵੀਰ ਸਦਾਏ
ਲੁਕ ਬਹੁ ਲੁਕ ਬਹੁ ਨੀ ਮੇਰੀ ਰਾਧਾ
ਕ੍ਰਿਸ਼ਨ ਬਪਾਰੜੀ ਆਏ
ਹਉਂ ਕੀਕਣ ਲੁਕਾਂ ਮੇਰੀਓ ਸਖੀਓ
ਧਰਮੀ ਮਾਮੇ ਸਦਾਏ

7 ਬੋਲ ਨੀ ਮੇਰੀ ਬਣ ਤਣ ਕੌਲਾਂ
ਦੇਸ ਪਰਾਏ ਕਿਉਂ ਚੱਲੀ ਏਂ

ਇਕ ਵਚਨ ਮੇਰੇ ਬਾਬਲ ਨੇ ਕੀਤਾ
ਵਚਨਾਂ ਦੀ ਬੱਧੜੀ ਮੈਂ ਚੱਲੀ ਆਂ
ਬੋਲ ਨੀ ਮੇਰੀ ਬਣ ਤਣ ਕੌਲਾਂ
ਦੇਸ ਪਰਾਏ ਕਿਉ ਚੱਲੀ ਏਂ
ਇਕ ਵਚਨ ਮੇਰੇ ਵੀਰੇ ਨੇ ਕੀਤਾ
ਵਚਨਾਂ ਦੀ ਬੱਧੜੀ ਮੈਂ ਚੱਲੀ ਆਂ[14]

ਸਾਂਸੀ ਕਬੀਲੇ ਦੀ ਵਰਤਮਾਨ ਸਥਿਤੀ

ਹੁਣ ਸਾਂਸੀ ਕਬੀਲੇ ਦੀ ਵਿਆਹ ਪ੍ਰਥਾ ਵਿਚ ਜ਼ਿਕਰਯੋਗ ਬਦਲਾਅ ਆਇਆ ਹੈ। ਪੰਜਾਬ ਦੇ ਸਾਂਸੀ ਹੁਣ ਆਪਣੀਆਂ ਵਿਆਹ ਰਸਮਾਂ ਸਿੱਖ ਧਰਮ ਦੀਆਂ ਰਵਾਇਤਾਂ ਅਨੁਸਾਰ ਪੂਰੀਆਂ ਕਰਨ ਲੱਗ ਪਏ ਹਨ। ਪਰ ਇਹ ਸਾਰਾ ਕਾਰ ਵਿਹਾਰ ਬਾਹਰੀ ਪੱਧਰ 'ਤੇ ਜ਼ਿਆਦਾ ਕਾਰਜਸ਼ੀਲ ਰਹਿੰਦਾ ਹੈ, ਕਬੀਲੇ ਦੀ ਆਂਤਰਿਕ ਬਣਤਰ ਪੀਡੀ ਅਤੇ ਬੰਦ ਹੋਣ ਕਰਕੇ ਇਸਨੂੰ ਸਮਝਣਾ ਐਨਾ ਸਰਲ ਕਾਰਜ ਨਹੀਂ ਹੈ। ਇੱਥੇ ਇਹ ਗੱਲ ਸਪੱਸ਼ਟ ਕਰਨੀ ਬਹੁਤ ਜ਼ਰੂਰੀ ਹੈ ਕਿ ਵੱਖ-ਵੱਖ ਵਿਦਵਾਨਾਂ ਅਤੇ ਲੇਖਕਾਂ ਵੱਲੋਂ ਸਾਂਸੀ ਕਬੀਲੇ ਨੂੰ ਚੋਰੀ ਚਕਾਰੀ ਅਤੇ ਅਪਰਾਧ ਨਾਲ ਜੋੜ ਕੇ ਕਬੀਲੇ ਦੇ ਸਮਾਜਿਕ ਅਕਸ ਨੂੰ ਗਹਿਰੀ ਢਾਅ ਲਾਈ ਹੈ। ਕਿਸੇ ਵੀ ਕੌਮ ਨੂੰ ਇਕ ਸੋਚੀ ਸਮਝੀ ਸਾਜ਼ਿਸ਼ ਦੇ ਤਹਿਤ ਉਸਦੇ ਆਰਥਿਕ ਵਸੀਲਿਆਂ ਤੋਂ ਵਿਰਵਾ ਕਰ ਦੇਣਾ ਜਾਂ ਫਿਰ ਉਸਨੂੰ ਪੀੜ੍ਹੀ ਦਰ ਪੀੜ੍ਹੀ ਜੁਰਮ ਨਾਲ ਜੋੜ ਕੇ ਵੇਖਣਾ ਸਮਾਜਿਕ ਅਨਿਆਂ ਹੈ। ਸਾਂਸੀ ਲੋਕ ਉਹ ਬਹਾਦਰ ਲੋਕ ਹਨ ਜਿਨ੍ਹਾਂ ਨੇ ਆਦਿ ਕਾਲ ਤੋਂ ਹੀ ਵਿਰੋਧੀ ਪਰਿਸਥਿਤੀਆਂ ਵਿੱਚ ਆਪਣੀ ਪਛਾਣ ਬਣਾਈ ਰੱਖੀ ਹੈ। ਸਾਂਸੀ ਕਬੀਲੇ ਦੇ ਲੋਕ ਦੁਸ਼ਵਾਰੀਆਂ 'ਚੋਂ ਲੰਘਦੇ ਹੋਏ ਵੀ ਹਮੇਸ਼ਾ ਜਿੱਤ ਦੇ ਗੀਤ ਗਾਉਂਦੇ ਰਹੇ ਹਨ। ਆਦਿ ਕਾਲ ਦੀਆਂ ਕਬੀਲਾ ਝੜਪਾਂ, ਜੰਗਲੀ ਜਾਨਵਰਾਂ ਨਾਲ ਸੰਘਰਸ਼, ਰੀਫਾਰਮੇਟਰੀਆਂ ਦੇ ਜ਼ੁਲਮ ਅਤੇ ਸਥਾਪਤ ਲੋਕਾਂ ਵੱਲੋਂ ਅਕਹਿ ਜ਼ੁਲਮ ਸਹਾਰਦੇ ਹੋਏ ਵੀ ਇਹ ਲੋਕ ਜੀਵਨ ਯੁੱਧ ਵਿੱਚ ਸਦਾ ਜਿੱਤ ਹਾਸਲ ਕਰਦੇ ਰਹੇ ਹਨ। ਅੱਜ ਵੀ ਆਰਥਿਕ ਵਸੀਲਿਆਂ ਤੇ ਕਾਬਜ਼ ਕੌਮਾਂ ਅਤੇ ਸੰਬੰਧਤ ਰਾਜਾਂ ਦੀ ਪੁਲਿਸ ਸਾਂਸੀ ਲੋਕਾਂ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਦੀ ਹੈ। ਇਸ ਤਰ੍ਹਾਂ ਦੇ ਅਸਾਵੇਂ ਅਤੇ ਰੰਜਸ਼ ਭਰੇ ਵਾਤਾਵਰਨ ਵਿੱਚ ਇਨ੍ਹਾਂ ਲੋਕਾਂ ਦਾ ਵਿਕਾਸ ਜੇ ਅਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਹੈ। ਜਦੋਂ ਤੱਕ ਸਰਕਾਰਾਂ ਇਨ੍ਹਾਂ ਲੋਕਾਂ ਦੇ ਸਮਾਜਿਕ ਵਿਕਾਸ ਅਤੇ ਸਿੱਖਿਆ ਲਈ ਸੁਚੇਤ ਪੱਧਰ 'ਤੇ ਯਤਨ ਨਹੀਂ ਕਰਦੀਆਂ ਉਦੋਂ ਤੱਕ ਇਹ ਲੋਕ ਅਤਿ ਆਧੁਨਿਕ ਅਤੇ ਵਿਕਸਤ ਯੁੱਗ ਵਿੱਚ ਵੀ ਹਨੇਰਾ ਢੋਂਦੇ ਰਹਿਣਗੇ। ਸਾਂਸੀ ਕਬੀਲੇ ਵਿੱਚ ਔਰਤ ਦੀ ਸਥਿਤੀ ਹੋਰ ਵੀ ਚਿੰਤਾਜਨਕ ਬਣੀ ਹੋਈ ਹੈ। ਉਸਨੇ ਸਿੱਖਿਆ ਦੇ ਖੇਤਰ ਵਿੱਚ ਅਜੇ ਪੈਰ ਤੱਕ ਵੀ ਨਹੀਂ ਧਰਿਆ। ਪੰਜਾਬ ਵਿੱਚ ਕੁਝ ਕੁ ਹੀ ਸਾਂਸੀ ਪਰਿਵਾਰ ਅਜਿਹੇ ਹਨ ਜਿਹੜੇ ਕਿ ਔਰਤਾਂ ਦੀ ਸਿੱਖਿਆ ਪ੍ਰਤੀ ਵਿਸ਼ੇਸ਼ ਰੁਚੀ ਰੱਖਦੇ ਹਨ। ਇਸ ਕਬੀਲੇ ਦੀਆਂ ਬਹੁਤੀਆਂ ਔਰਤਾਂ ਘਰਾਂ ਵਿੱਚ ਗਰੀਬੀ

ਅਤੇ ਮਾਨਸਿਕ ਘੁਟਨ ਦਾ ਸ਼ਿਕਾਰ ਹਨ। ਇਨ੍ਹਾਂ ਵਿਚੋਂ ਬਹੁਤੇ ਲੋਕ ਮਾੜੀ ਆਰਥਿਕ ਸਥਿਤੀ ਹੋਣ ਕਾਰਨ ਤਸਕਰਾਂ ਦੇ ਹੱਥ ਚੜ੍ਹ ਕੇ ਖੱਜਲ-ਖੁਆਰ ਹੁੰਦੇ ਹਨ, ਉੱਥੇ ਕਈਆਂ ਨੂੰ ਲੰਮੀਆਂ ਜੇਲ੍ਹਾਂ ਵੀ ਭੁਗਤਣੀਆਂ ਪੈਂਦੀਆਂ ਹਨ ਜਿਸਦਾ ਇਨ੍ਹਾਂ ਦੇ ਪਰਿਵਾਰਾਂ 'ਤੇ ਬੜਾ ਮਾਰੂ ਅਸਰ ਪੈਂਦਾ ਹੈ। ਇਹ ਲੋਕ ਅਜਿਹੀ ਸਥਿਤੀ ਵਿੱਚ ਜਿੱਥੇ ਵੱਡੀ ਪੱਧਰ 'ਤੇ ਪੁਲਿਸ ਅਤੇ ਤਸਕਰਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੁੰਦੇ ਹਨ, ਉੱਥੇ ਨਸ਼ਿਆਂ ਦੀ ਮਾਰੂ ਦਲਦਲ ਵਿੱਚ ਗਰਕ ਹੁੰਦੇ ਜਾਂਦੇ ਹਨ। ਸਾਂਸੀ ਕਬੀਲੇ ਦੇ ਬਹੁਤੇ ਲੋਕ ਭਾਵੇਂ ਮੁੱਖ ਧਾਰਾ ਦੇ ਸਮਾਜਿਕ ਜੀਵਨ ਅਤੇ ਕਦਰ ਪ੍ਰਬੰਧ ਦੇ ਨਾਲ ਇਕ ਸੁਰ ਹੋ ਕੇ ਜੀਵਨ ਬਤੀਤ ਕਰ ਰਹੇ ਹਨ ਪਰੰਤੂ ਫਿਰ ਵੀ ਮੁਖ ਧਾਰਾ ਦੇ ਲੋਕਾਂ ਵੱਲੋਂ ਇਨ੍ਹਾਂ ਦਾ ਅਸਿੱਧੇ ਤੌਰ 'ਤੇ ਸਮਾਜਿਕ ਬਾਈਕਾਟ ਅਜੇ ਵੀ ਜਾਰੀ ਹੈ ਜਿਸਦਾ ਖਮਿਆਜ਼ਾ ਸਾਂਸੀ ਕਬੀਲੇ ਦੇ ਬੱਚਿਆਂ ਨੂੰ ਵੱਡੀ ਪੱਧਰ 'ਤੇ ਭੁਗਤਣਾ ਪੈ ਰਿਹਾ ਹੈ। ਇਨ੍ਹਾਂ ਬੱਚਿਆਂ ਨੂੰ ਵੀ ਉਸ ਤਲਖ਼ ਵਿਰਾਸਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਹੜੀ ਕਿ ਪੀੜ੍ਹੀ ਦਰ ਪੀੜ੍ਹੀ ਇਨ੍ਹਾਂ ਦੇ ਪੁਰਖਿਆਂ ਤੋਂ ਚਲਦੀ ਆਈ ਹੈ। ਜੇਕਰ ਇਸ ਵਰਤਾਰੇ ਦੀਆਂ ਅੰਦਰਲੀਆਂ ਤੈਹਿਆਂ ਦੀ ਗੰਭੀਰਤਾ ਨਾਲ ਪੁਣਛਾਣ ਕੀਤੀ ਜਾਵੇ ਤਾਂ ਕਬੀਲਿਆਂ ਦੀ ਸਿੱਧੇ ਜਾਂ ਅਸਿੱਧੇ ਤੌਰ 'ਤੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਨਸਲਕੁਸ਼ੀ ਦੀ ਇਹ ਸਾਜ਼ਿਸ਼ ਬੇਨਕਾਬ ਹੋ ਜਾਂਦੀ ਹੈ। ਅੱਜ ਸਮੇਂ ਦੀ ਲੋੜ ਹੈ ਕਿ ਸਮੇਂ ਦੀਆਂ ਸਰਕਾਰਾਂ ਅਤੇ ਪੰਜਾਬ ਦੇ ਬਾਸ਼ਿੰਦੇ ਸਾਂਸੀ ਕਬੀਲੇ ਲੋਕਾਂ ਬਾਰੇ ਆਪਣੀ ਮਾਨਸਿਕਤਾ ਬਦਲਣ। ਕਿਸੇ ਵੀ ਕੌਮ ਨੂੰ ਇਕ ਸੋਚੀ ਸਮਝੀ ਸਾਜ਼ਿਸ਼ ਤਹਿਤ ਬੰਧੂਆ ਬਣਾਉਣਾ ਸਰਾਸਰ ਬੇਇਨਸਾਫ਼ੀ ਹੈ। ਅੱਜ ਦੇ ਗਲੋਬਲ ਯੁੱਗ ਵਿੱਚ ਵੀ ਸਾਂਸੀ ਕਬੀਲਾ ਇਕ ਅਗਿਆਤ ਹੋਣੀ ਭੋਗ ਰਿਹਾ ਹੈ। ਜਿੱਥੇ ਸੂਚਨਾ ਅਤੇ ਤਕਨਾਲੋਜੀ ਦੇ ਯੁੱਗ ਨੇ ਲੋਕਾਂ ਨੂੰ ਅਥਾਹ ਸਹੂਲਤਾਂ ਦਿੱਤੀਆਂ ਹਨ ਉੱਥੇ ਸਾਂਸੀ ਲੋਕ ਰੋਜ਼ੀ ਰੋਟੀ ਦੀ ਆਰਥਿਕ ਜੰਗ ਲੜ ਰਹੇ ਹਨ। ਵਿਸ਼ਵੀਕਰਨ ਦੇ ਇਸ ਯੁੱਗ ਦੀ ਚਕਾਚੌਂਧ ਅਤੇ ਗਲੈਮਰ ਵਿੱਚ ਸਾਂਸੀ ਲੋਕ ਅੱਜ ਵੀ ਅਜਨਬੀਅਤ ਦੇ ਦੌਰ ਵਿਚੋਂ ਲੰਘ ਰਹੇ ਹਨ। ਅੱਜ ਸਮੇਂ ਦੀ ਲੋੜ ਹੈ ਕਿ ਇਨ੍ਹਾਂ ਲੋਕਾਂ ਨੂੰ ਸਮਾਜਿਕ ਭਲਾਈ ਦੀਆਂ ਵਿਸ਼ੇਸ਼ ਸਕੀਮਾਂ ਤਹਿਤ ਲਾਭ ਦੇ ਕੇ ਇਨ੍ਹਾਂ ਦਾ ਜੀਵਨ ਪੱਧਰ ਉੱਚਾ ਚੁੱਕਿਆ ਜਾਵੇ ਤਾਂ ਕਿ ਇਹ ਲੋਕ ਵੀ ਅਜੋਕੇ ਸਮੇਂ ਨਾਲ ਕਦਮ ਮਿਲਾ ਕੇ ਚਲ ਸਕਣ।

ਹਵਾਲੇ ਅਤੇ ਟਿੱਪਣੀਆਂ

1. ਡੈਂਜਿਲ ਇਬਟਸਨ ਅਤੇ ਐਚ.ਏ.ਰੋਜ਼, ਏ ਗਲੋਸਰੀ ਆਫ਼ ਦਾ ਟਰਾਈਬਜ਼ ਐਂਡ ਕਾਸਟਸ ਆਫ ਦਾ ਪੰਜਾਬ ਐਂਡ ਨੌਰਥ-ਵੈਸਟ ਫਰੰਟੀਅਰ ਪਰੋਵਿੰਸ, ਪੰਨਾ 36.
2. ਉਹੀ, ਪੰਨਾ 364.
3. ਉਹੀ, ਪੰਨਾ 364.
4. ਡਾ ਦਰਿਆ, ਪੰਜਾਬ ਦੇ ਸਾਂਸੀ ਕਬੀਲੇ ਦਾ ਸੱਭਿਆਚਾਰ, ਪੰਨਾ 17.
5. ਉਹੀ, ਪੰਨੇ 18, 19, 20.

6. ਡੈਂਜਿਲ ਇਬਟਸੁਨ ਅਤੇ ਐਚ.ਏ.ਰੋਜ, ਏ ਗਲੌਸਰੀ ਆਫ਼ ਦਾ ਟਰਾਈਬਜ਼ ਐਂਡ ਕਾਸਟਸ ਆਫ ਦਾ ਪੰਜਾਬ ਐਂਡ ਨੌਰਥ-ਵੈਸਟ ਫਰੰਟੀਅਰ ਪਰੋਵਿੰਸ, ਪੰਨਾ 367.
7. ਉਹੀ, ਪੰਨਾ 368.
8. ਉਹੀ, ਪੰਨਾ 368.
9. ਉਹੀ, ਪੰਨਾ 375.
10. ਉਹੀ, ਪੰਨੇ 362, 363.
11. ਉਹੀ, ਪੰਨਾ 63.
12. ਦਰਿਆ, ਪੰਜਾਬ ਦੇ ਸਾਂਸੀ ਕਬੀਲੇ ਦਾ ਸੱਭਿਆਚਾਰ, ਪੰਨਾ 65.
13. ਉਹੀ, ਪੰਨਾ 73.
14. ਉਹੀ, ਪੰਨਾ 71.

ਮਰਾਸੀ ਕਬੀਲਾ

ਮਰਾਸੀ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਵੱਖ-ਵੱਖ ਨਾਵਾਂ ਹੇਠ ਜ਼ਿਕਰਯੋਗ ਗਿਣਤੀ ਵਿੱਚ ਵਾਸ ਕਰ ਰਹੇ ਹਨ। ਮਰਾਸੀ ਇਕ ਕਲਾਕਾਰ ਅਤੇ ਰਸੀਆ ਕਬੀਲਾ ਹੈ ਜੋ ਆਪਣੀ ਹਾਜ਼ਰ ਜਵਾਬੀ, ਸ਼ਬਦ ਕਲਾ ਅਤੇ ਗਹਿਰੀ ਯਾਦ ਸ਼ਕਤੀ ਕਰਕੇ ਜਾਣਿਆ ਜਾਂਦਾ ਹੈ। ਮਰਾਸੀ ਇਕੋ ਇੱਕ ਅਜਿਹਾ ਕਬੀਲਾ ਹੈ ਜਿਹੜਾ ਪੰਜਾਬੀ ਸਭਿਆਚਾਰ ਵਿੱਚ ਆਪਣੀ ਚਤੁਰਾਈ ਅਤੇ ਵਿਸ਼ੇਸ਼ ਬੁੱਧੀ ਬਲ ਕਰਕੇ ਵੱਖਰੀ ਪਛਾਣ ਰੱਖਦਾ ਹੈ। ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਮਰਾਸੀ ਲੋਕਾਂ ਦੀ ਹਾਜ਼ਰ ਜਵਾਬੀ ਅਤੇ ਨਿਵੇਕਲੇ ਮਿਜ਼ਾਜ ਕਰਕੇ ਕਈ ਤਰ੍ਹਾਂ ਦੇ ਲਤੀਫ਼ੇ ਵੀ ਪ੍ਰਸਿੱਧ ਹਨ। ਪੰਜਾਬ ਦੇ ਹਰ ਇਕ ਖ਼ੁਸ਼ੀ ਨਾਲ ਸੰਬੰਧਤ ਸਮਾਗਮ ਵਿੱਚ ਮਰਾਸੀ ਕਬੀਲੇ ਦਾ ਕੇਂਦਰੀ ਸਥਾਨ ਰਿਹਾ ਹੈ। ਅੱਜ ਵੀ ਪੰਜਾਬ ਦੇ ਵੱਖ-ਵੱਖ ਹਿੱਸਿਆਂ ਵਿੱਚ ਮਰਾਸੀ ਲੋਕ ਗਾਉਣ ਕਲਾ, ਨਕਲ ਕਲਾ ਅਤੇ ਭੰਡਾਂ ਦੇ ਰੂਪ ਵਿੱਚ ਆਪਣਾ ਜੀਵਨ ਨਿਰਬਾਹ ਕਰ ਰਹੇ ਹਨ।

ਕਬੀਲੇ ਦੀ ਪਰਿਭਾਸ਼ਾ : ਮੀਰਾਸੀ ਸ਼ਬਦ ਅਰਬੀ ਦੇ 'ਮਿਰਾਸ' ਤੋਂ ਲਿਆ ਗਿਆ ਹੈ ਜਿਸਦਾ ਭਾਵ 'ਵਿਰਾਸਤ' ਹੈ। ਮਰਾਸੀ ਕਬੀਲੇ ਦਾ 'ਸੰਕਲਪ' ਵੱਖ-ਵੱਖ ਥਾਵਾਂ 'ਤੇ ਵੱਖਰੇ-ਵੱਖਰੇ ਅਰਥ ਰੱਖਦਾ ਹੈ। 'ਮਰਾਸੀ' ਸ਼ਬਦ ਦੇ ਕਿੱਤਾਗਤ ਅਤੇ ਜਾਤੀਗਤ ਭਾਵਾਂ ਸੰਬੰਧੀ ਵੱਖਰੀਆਂ-ਵੱਖਰੀਆਂ ਧਾਰਨਾਵਾਂ ਪ੍ਰਚੱਲਤ ਹਨ। ਇਸੇ ਤਰ੍ਹਾਂ ਇਨ੍ਹਾਂ ਦੇ ਮੂਲ ਸੰਬੰਧੀ ਵੀ ਕਈ ਪ੍ਰਕਾਰ ਦੇ ਸ਼ੰਕੇ ਪੈਦਾ ਹੁੰਦੇ ਹਨ। ਪੰਜਾਬ ਵਿੱਚ ਮਰਾਸੀ ਕਬੀਲੇ ਨੂੰ ਇਕ ਜਾਤ ਨਾਲ ਜੋੜ ਕੇ ਵੇਖਿਆ ਜਾਂਦਾ ਹੈ। ਇਨ੍ਹਾਂ ਦੀ ਅਸਲ ਵਿਆਖਿਆ 1865 ਦੀ ਗੁਜਰਾਤ ਸੈਟਲਮੈਂਟ ਰਿਪੋਰਟ ਵਿੱਚ ਹੋਈ ਮਿਲਦੀ ਹੈ।1 ਇਸ ਰਿਪੋਰਟ ਅਨੁਸਾਰ, ਪਿੰਡ ਦੇ ਭੱਟਾਂ ਜਾਂ ਮਰਾਸੀਆਂ ਦੀਆਂ ਹੇਠ ਲਿਖੀਆਂ ਜ਼ਿੰਮੇਵਾਰੀਆਂ ਹਨ :

1. ਆਪਣੇ ਜਜ਼ਮਾਨਾਂ ਦੀਆਂ ਜਨਮ, ਵਿਆਹ ਅਤੇ ਮੌਤ ਸੰਬੰਧੀ ਰਸਮਾਂ-ਰੀਤਾਂ ਦੀ ਅਗਵਾਈ ਕਰਨਾ
2. ਕਬੀਲੇ ਵਿੱਚ ਪਰਿਵਾਰਾਂ ਦੇ ਮੁਖੀਆਂ ਦੇ ਕੁਰਸੀਨਾਮੇ ਯਾਦ ਰੱਖਣਾ

ਪੁਰਾਣੇ ਸਮੇਂ ਵਿੱਚ ਕਿਸੇ ਵੀ ਜਾਇਦਾਦ ਦੇ ਵਿਰਾਸਤੀ ਝਗੜੇ ਦੇ ਨਿਪਟਾਰੇ ਹਿੱਤ ਮਰਾਸੀ ਕਬੀਲੇ ਦੀ ਮੱਦਦ ਲਈ ਜਾਂਦੀ ਸੀ। ਇਨ੍ਹਾਂ ਲੋਕਾਂ ਨੂੰ ਆਪਣੇ ਜਜ਼ਮਾਨਾਂ ਦੇ ਮਹਿਮਾਨਾਂ ਦੀ ਖਾਤਰਦਾਰੀ ਕਰਨ ਲਈ ਵਿਸ਼ੇਸ਼ ਤੌਰ 'ਤੇ ਸੱਦਿਆ ਜਾਂਦਾ ਸੀ। ਉਨ੍ਹਾਂ ਸਮਿਆਂ ਵਿੱਚ ਖੇਤੀਬਾੜੀ ਕਰਨ ਵਾਲੇ ਕਿਸਾਨਾਂ ਵਿੱਚ ਕੋਈ ਨੌਕਰਾਂ ਵਾਲੀ ਪ੍ਰਥਾ ਪ੍ਰਚਲਿਤ ਨਹੀਂ ਸੀ, ਇਸ ਲਈ ਘਰਾਂ ਵਿੱਚ ਘਰੇਲੂ ਕੰਮਾਂ ਦੀ ਜ਼ਿੰਮੇਵਾਰੀ ਮਰਾਸੀ ਕਬੀਲੇ ਦੇ ਜ਼ਿੰਮੇ ਹੀ ਹੁੰਦੀ ਸੀ। ਇਨ੍ਹਾਂ ਲੋਕਾਂ ਨੂੰ ਆਪਣੇ ਜਜ਼ਮਾਨਾਂ ਦਾ ਹਰ ਖੁਸ਼ੀ ਅਤੇ ਗ਼ਮੀ ਦੇ ਮੌਕੇ ਸਾਥ ਦੇਣਾ ਪੈਂਦਾ ਸੀ। ਦੁੱਖ-ਸੁੱਖ ਨਾਲ ਸੰਬੰਧਤ ਹਰ ਸੁਨੇਹਾ ਦੇਣਾ ਅਤੇ ਲੈਣਾ ਮਰਾਸੀ

ਕਬੀਲੇ ਦੇ ਲੋਕਾਂ ਦਾ ਹੀ ਕੰਮ ਹੁੰਦਾ ਸੀ। ਵਿਆਹੁਤਾ ਲੜਕੀ ਨੂੰ ਸਹੁਰੇ ਘਰ ਛੱਡਣਾ ਜਾਂ ਵਿਆਹ ਕੇ ਲਿਆਂਦੀ ਨੂੰਹ ਨੂੰ ਪੇਕੇ ਘਰ ਛੱਡਣਾ ਮਰਾਸੀ ਲੋਕਾਂ ਦਾ ਹੀ ਮੁੱਖ ਕੰਮ ਸੀ।

ਪਿੰਡ ਵਿੱਚ ਕਿਸੇ ਵੀ ਵਿਆਹ ਦੀਆਂ ਪੂਰਬਲੀਆਂ ਤਿਆਰੀਆਂ ਕਰਨਾ ਵੀ ਮਰਾਸੀ ਲੋਕਾਂ ਦਾ ਹੀ ਕੰਮ ਹੁੰਦਾ ਸੀ। ਅਜਿਹੇ ਕੰਮਾਂ ਵਿੱਚ ਵਿਆਹ ਲਈ ਮਿਰਚ ਮਸਾਲਾ ਤਿਆਰ ਕਰਨਾ, ਵਿਆਹ ਸੰਬੰਧੀ ਗੰਢ ਲੈ ਕੇ ਜਾਣਾ, ਵਿਆਹ ਸੰਬੰਧੀ ਘਰ-ਘਰ ਜਾ ਕੇ ਸਾਰੇ ਸੁਨੇਹੇ ਦੇਣਾ ਆਦਿ ਕਾਰਜ ਸ਼ਾਮਲ ਸਨ। ਕਿਸੇ ਵੀ ਮਰਗਤ 'ਤੇ ਜਾਂ ਅਫ਼ਸੋਸ ਕਰਨ ਲਈ ਆਏ ਮਹਿਮਾਨਾਂ ਦੀ ਦੇਖਭਾਲ ਕਰਨੀ ਵੀ ਇਨ੍ਹਾਂ ਲੋਕਾਂ ਦੀ ਹੀ ਜ਼ਿੰਮੇਵਾਰੀ ਸੀ। ਮਰਾਸੀ ਕਬੀਲੇ ਲਈ ਇਹ ਸਾਰੇ ਕੰਮ ਜ਼ਰੂਰੀ ਹੁੰਦੇ ਸਨ। ਜੇਕਰ ਕੋਈ ਮੀਰਾਸੀ ਇਨ੍ਹਾਂ ਜ਼ਿੰਮੇਵਾਰੀਆਂ ਤੋਂ ਕੁਤਾਹੀ ਕਰਦਾ ਸੀ ਤਾਂ ਉਸਨੂੰ ਸੰਬੰਧਤ ਪਿੰਡ ਵਿਚੋਂ ਕੱਢ ਦਿੱਤਾ ਜਾਂਦਾ ਸੀ ਤੇ ਉਸਦੀ ਥਾਂ ਕਿਸੇ ਹੋਰ 'ਯੋਗ ਮੀਰਾਸੀ' ਨੂੰ ਦਿੱਤੀ ਜਾਂਦੀ ਸੀ। ਇਸਦੇ ਇਵਜ਼ ਵਿਚ ਮਰਾਸੀ ਮੰਗਣੀ ਤੋਂ ਲੈ ਕੇ ਵਿਆਹ ਦੇ 10-12 ਵੱਖ-ਵੱਖ ਮੌਕਿਆਂ 'ਤੇ ਸੇਵਾ ਕਰਨ ਬਦਲੇ ਅੱਠ ਆਨੇ ਤੋਂ ਲੈ ਕੇ ਦੋ ਰੁਪਏ ਤੱਕ ਅਤੇ ਮਰਗਤ ਵੇਲੇ ਲਾਗ ਦੇ ਨਾਲ-ਨਾਲ ਮ੍ਰਿਤਕ 'ਤੇ ਪਾਇਆ ਜਾਣ ਵਾਲਾ ਕੱਪੜਾ-ਲੱਤਾ ਆਦਿ ਵੀ ਪ੍ਰਾਪਤ ਕਰਦੇ ਸਨ। ਉਨ੍ਹਾਂ ਦਿਨਾਂ ਵਿਚ ਜਦੋਂ ਬਰਾਤ ਨਵੀਂ ਵਿਆਹੀ ਲਾੜੀ ਨੂੰ ਲੈ ਕੇ ਵਾਪਸ ਪਰਤਦੀ ਸੀ ਤਾਂ ਅਜਿਹੇ ਮੌਕੇ ਲਾੜਾ ਮਰਾਸੀ ਲੋਕਾਂ ਨੂੰ ਵਿੱਤ ਅਨੁਸਾਰ ਪੈਸੇ ਵੰਡਦਾ ਸੀ ਅਤੇ ਉਹ ਸੰਬੰਧਤ ਪਿੰਡ ਵਿਚੋਂ ਇਕ ਆਨੇ ਤੋਂ ਲੈ ਕੇ ਇਕ ਰੁਪਏ ਤੱਕ ਮਾਇਆ ਇਕੱਠੀ ਕਰਦੇ ਸਨ। ਇਹ ਪ੍ਰਥਾ ਅੱਜ ਵੀ ਉਸੇ ਤਰ੍ਹਾਂ ਚਲ ਰਹੀ ਹੈ। ਉਨ੍ਹਾਂ ਦਿਨ੍ਹਾਂ ਵਿੱਚ ਜੇਕਰ ਕੋਈ ਜਜ਼ਮਾਨ ਮੀਰਾਸੀ ਲੋਕਾਂ ਦਾ ਹੱਕ ਮਾਰਨ ਦਾ ਯਤਨ ਕਰਦਾ ਸੀ ਤਾਂ ਇਹ ਲੋਕ ਉਸਨੂੰ ਛੰਦਾਂ ਵਿੱਚ ਬੁਰਾ ਭਲਾ ਕਹਿ ਕੇ ਉਸਦਾ ਚੰਗਾ ਗੁੱਡਾ ਬੰਨ੍ਹਦੇ ਸਨ। ਬਰਤਾਨਵੀ ਹਕੂਮਤ ਸਮੇਂ ਜ਼ਿਲ੍ਹਾ ਅਫ਼ਸਰਾਂ ਨੇ ਮਰਾਸੀਆਂ ਦੇ ਦੂਜੇ ਪਿੰਡਾਂ ਵਿਚੋਂ ਵਿਆਹ ਜਾਂ ਭੋਗ ਸਮੇਂ ਉਗਰਾਹੀ 'ਤੇ ਪ੍ਰਤੀਬੰਦ ਵੀ ਲਾ ਦਿੱਤਾ ਸੀ।

ਇਬਟਸਨ ਅਨੁਸਾਰ 'ਡੂਮ ਹਿੰਦੂ' ਭਾਰਤੀ ਲੋਕ ਹਨ ਜਦਕਿ ਮਰਾਸੀ ਮੁਸਲਮਾਨ ਲੋਕ ਹਨ ਅਤੇ ਇਨ੍ਹਾਂ ਦਾ ਇਹ ਜਾਤੀਗਤ ਨਾਂ ਅਰਬੀ ਤੋਂ ਆਇਆ ਹੈ। ਲੋਕ ਇਨ੍ਹਾਂ ਨੂੰ ਡੂਮ ਅਤੇ ਮਰਾਸੀ ਆਖ ਕੇ ਸੱਦਦੇ ਹਨ। ਪਰ ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਇਹ ਲੋਕ ਸਮਾਜਿਕ ਸਭਿਆਚਾਰਕ ਸਮਾਨਤਾ ਰੱਖਦੇ ਹਨ। ਇਹ ਨਾਂ ਇਨ੍ਹਾਂ ਦੀ ਕਿੱਤਾਗਤ ਮਹੱਤਤਾ ਕਰਕੇ ਲੋਕਾਂ ਵਿਚ ਹਰਮਨ ਪਿਆਰਾ ਹੋ ਗਿਆ। ਇੱਥੇ ਇਹ ਗੱਲ ਮਹੱਤਵਪੂਰਨ ਹੈ ਕਿ 'ਮਰਾਸੀ' ਲੋਕ ਆਪਣੀਆਂ ਕਲਾਕਾਰ ਪ੍ਰਵਿਰਤੀਆਂ ਕਰਕੇ 'ਡੂੰਮਾਂ' ਨਾਲੋਂ ਸਮਾਜਿਕ ਅਤੇ ਆਰਥਿਕ ਪੱਖੋਂ ਉੱਚਾ ਸਮਾਜਿਕ ਰੁਤਬਾ ਰੱਖਦੇ ਹਨ। ਵਿਹਾਰਕ ਤੌਰ 'ਤੇ 'ਮਰਾਸੀ' ਅਤੇ ਹਿੰਦੂ ਭੱਟ ਪੇਸ਼ਾਵਰ ਤੌਰ 'ਤੇ ਬਰਾਬਰ ਸਨਮਾਨਜਨਕ ਉਪਾਧੀ ਰੱਖਦੇ ਹਨ।

ਇਬਟਸਨ ਲਿਖਦਾ ਹੈ ਕਿ ਇੱਥੋਂ ਤੱਕ ਕਿ ਜੱਟ ਲੋਕ ਵੀ ਆਦਿ ਕਾਲ ਤੋਂ ਮਰਾਸੀ ਕਬੀਲੇ ਨੂੰ ਆਪਣੇ ਵਿਰਾਸਤੀ ਮੰਤਵ ਹਿੱਤ ਆਪਣੇ ਨਾਲ ਰੱਖਦੇ ਆਏ ਹਨ। ਇੱਥੋਂ ਤੱਕ ਕਿ ਬਹੁਤੇ ਜੱਟ ਕਬੀਲਿਆਂ ਅਤੇ ਸਾਂਸੀ ਕਬੀਲੇ ਦੀ ਪਿਤਾ ਪੁਰਖੀ ਤੌਰ 'ਤੇ ਨਿਕਟਵਰਤੀ ਸਾਂਝ ਵੀ ਰਹੀ ਹੈ। ਇਬਟਸਨ ਅਨੁਸਾਰ ਸਾਂਸੀ ਲੋਕਾਂ ਦਾ ਸੰਬੰਧ ਨਿਮਨ ਕਿਸਾਨੀ ਨਾਲ

ਵੀ ਜੁੜਦਾ ਹੈ ਅਤੇ ਇਹ ਲੋਕ ਲੰਮਾ ਸਮਾਂ ਸਮਾਜਿਕ ਤੌਰ 'ਤੇ ਛੇਕੇ ਰਹੇ ਹਨ ਜਿਵੇਂ ਕਿ ਭੱਟ ਅਤੇ ਰਾਜਪੂਤਾਂ ਦੇ ਸੰਬੰਧ ਵਿੱਚ ਵੀ ਇਹੀ ਆਖਿਆ ਜਾ ਸਕਦਾ ਹੈ।[2] ਪਰ ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ 'ਮਰਾਸੀ' ਦਾ ਰੁਤਬਾ ਵਿਰਾਸਤੀ ਮਸਲਿਆਂ ਦੇ ਮਾਲਕ ਹੋਣ ਤੋਂ ਕਿੱਤੇ ਵੱਧ ਹੈ। ਇਨ੍ਹਾਂ ਲੋਕਾਂ ਕੋਲ ਗਾਇਕੀ ਅਤੇ ਸੰਗੀਤ ਦੀ ਇਕ ਅਮੀਰ ਪਰੰਪਰਾ ਹੈ। ਮਰਾਸੀ, ਜੋਗੀ ਅਤੇ ਫ਼ਕੀਰ ਲੋਕ ਪੰਜਾਬ ਦੀ ਸੰਗੀਤਕ ਪਰੰਪਰਾ ਦੇ ਥੰਮ ਮੰਨੇ ਜਾਂਦੇ ਹਨ। ਭਾਵੇਂ ਕਿ ਅਜੋਕੇ ਸਮੇਂ ਮਰਾਸੀ ਕਬੀਲੇ ਦਾ ਸਮਾਜਿਕ ਰੁਤਬਾ ਬਹੁਤਾ ਉੱਚਾ ਨਹੀਂ ਗਿਣਿਆ ਜਾਂਦਾ ਪਰ ਇਹ ਲੋਕ ਵਿਆਹ ਅਤੇ ਹੋਰ ਖੁਸ਼ੀ ਦੇ ਸਮਾਗਮਾਂ 'ਤੇ ਵਿਰਾਸਤ ਨਾਲ ਸੰਬੰਧਤ ਮਸਲੇ ਅਤੇ ਕੁਰਸੀਨਾਮੇ ਸਾਂਭਣ ਕਰਕੇ ਸਮਾਜ ਵਿੱਚ ਇਕ ਮਹੱਤਵਪੂਰਨ ਸਥਾਨ ਰੱਖਦੇ ਹਨ। 'ਰਾਜਪੂਤ' ਮੂਲ ਨਾਲ ਸੰਬੰਧ ਰੱਖਣ ਕਰਕੇ ਮਰਾਸੀ ਲੋਕ ਖੇਤੀ 'ਤੇ ਨਿਰਭਰ ਮਜ਼ਦੂਰ ਸ਼੍ਰੇਣੀ ਨਾਲੋਂ ਵਧੇਰੇ ਸਨਮਾਨਯੋਗ ਜੀਵਨ ਬਤੀਤ ਕਰਦੇ ਆਏ ਹਨ। ਪੰਜਾਬ ਦੇ ਹਾਸ਼ੀਆਕ੍ਰਿਤ ਕਬੀਲਿਆਂ ਅਤੇ ਜਾਤਾਂ ਦੇ ਵੀ ਆਪਣੇ ਮਰਾਸੀ ਹੁੰਦੇ ਸਨ, ਭਾਵੇਂ ਕਿ ਇਹ ਲੋਕ ਉਨ੍ਹਾਂ ਲੋਕਾਂ ਦੀ ਪੇਸ਼ਾਵਰ ਸੇਵਾ ਤਾਂ ਕਰਦੇ ਸਨ ਪਰ ਉਨ੍ਹਾਂ ਨਾਲ ਭੋਜਨ ਪਾਣੀ ਸੰਬੰਧੀ ਸਖ਼ਤ ਮਨਾਹੀਆਂ ਦੀ ਪਾਲਣਾ ਕਰਦੇ ਸਨ। ਮਰਾਸੀ ਅਤੇ ਡੂੰਮ ਕਬੀਲੇ ਨੂੰ ਰੱਲਗੱਡ ਕਰਕੇ ਵੇਖਣਾ ਵੀ ਸਰਾਸਰ ਗਲਤ ਹੈ। ਮਰਾਸੀ ਡੂੰਮਾਂ ਨੂੰ ਕੋਈ ਗੰਭੀਰ ਸਮਾਜਿਕ ਜ਼ਿੰਮੇਵਾਰੀ ਨਾ ਨਿਭਾਉਣ ਕਰਕੇ ਆਪਣੇ ਤੋਂ ਹੀਣਾ ਗਿਣਦੇ ਹਨ। ਇਸ ਸੰਦਰਭ ਵਿਚ ਰੋਹਤਕ ਵਿੱਚ ਵੱਸਣ ਵਾਲੇ ਡੂੰਮ ਲੋਕਾਂ ਦੀ ਉਦਾਹਰਣ ਦਿੱਤੀ ਜਾ ਸਕਦੀ ਹੈ। ਇੱਥੇ ਇਨ੍ਹਾਂ ਲੋਕਾਂ ਦਾ ਪੇਸ਼ਾ ਨ੍ਰਿਤ ਪੇਸ਼ ਕਰਨ ਵਾਲੀਆਂ ਲੜਕੀਆਂ ਨਾਲ ਤਬਲੇ ਜਾਂ ਸਾਰੰਗੀ 'ਤੇ ਸਾਥ ਦੇਣਾ ਹੁੰਦਾ ਸੀ। ਗੁੜਗਾਉਂ ਵਿੱਚ ਇਹ ਲੋਕ ਹੋਰ ਨਿਮਨ ਜਾਤਾਂ ਤੋਂ ਖੈਰਾਤ ਲੈ ਕੇ ਗੁਜ਼ਾਰਾ ਕਰਦੇ ਰਹੇ ਹਨ। ਡੇਰਾ ਗਾਜ਼ੀ ਖਾਨ ਵਿਖੇ ਡੂੰਮ ਲੋਕਾਂ ਨੂੰ 'ਲੰਗਾ' ਵੀ ਕਿਹਾ ਜਾਂਦਾ ਹੈ। ਇਨ੍ਹਾਂ ਲੋਕਾਂ ਦਾ ਸੰਬੰਧ ਬਲੋਚਿਸਤਾਨ ਦੇ ਲੋਕਾਂ ਨਾਲ ਹੈ। ਇਹ ਲੋਕ ਆਪਣੇ ਹੱਥ ਸਾਜ਼ਾਂ ਤੇ ਪੀਰਾਂ ਫ਼ਕੀਰਾਂ ਦੀ ਉਸਤਤ ਵਿੱਚ ਬਲੋਚੀ ਭਜਨ ਅਤੇ ਯੋਧਿਆਂ ਦੀਆਂ ਵਾਰਾਂ ਗਾਉਂਦੇ ਸਨ। ਇਹ ਲੋਕ ਪੁਰਾਣੇ ਸਮਿਆਂ ਵਿਚ ਬਲੋਚ ਲੋਕਾਂ ਦੇ ਕੁਰਸੀਨਾਮੇ ਵੀ ਯਾਦ ਰੱਖਦੇ ਸਨ ਅਤੇ ਯੁੱਧ ਸਮੇਂ ਜੋਸ਼ੀਲੀਆਂ ਵਾਰਾਂ ਗਾਉਣ ਲਈ ਆਪਣੇ ਹਾਕਮਾਂ ਸੰਗ ਵਿਚਰਦੇ ਸਨ। ਮਰਾਸੀ ਲੋਕ ਵਧੀਆ ਕਿਸਮ ਦੇ ਘੋੜੇ ਅਤੇ ਝੋਟੇ ਪਾਲਣ ਲਈ ਵੀ ਪ੍ਰਸਿੱਧ ਹਨ। ਇਹ ਪਸ਼ੂ ਚੰਗੀ ਨਸਲ ਦੀ ਪੈਦਾਵਾਰ ਲਈ ਪਾਲੇ ਜਾਂਦੇ ਸਨ। ਡੇਰਾ ਗਾਜ਼ੀ ਖਾਨ ਅਤੇ ਲਾਹੌਰ ਵਿੱਚ ਮਰਾਸੀ ਲੋਕ ਚੰਗੀ ਨਸਲ ਦੇ ਪਸ਼ੂ ਪਾਲਣ ਲਈ ਜਾਣੇ ਜਾਂਦੇ ਸਨ।

ਮੀਰਾਸੀ ਕਬੀਲੇ ਦਾ ਮੂਲ : ਮਰਾਸੀ ਲੋਕ ਆਪਣਾ ਮੂਲ 'ਅਰਬ ਦੇਸ਼' ਨਾਲ ਜੋੜਦੇ ਹਨ। ਇਸ ਸੰਬੰਧੀ ਅਰਬੀ ਵਿੱਚ ਇਕ ਦੰਦ ਕਥਾ ਪ੍ਰਚੱਲਿਤ ਹੈ :

ਇਕ ਵਾਰ ਇਕ ਪੈਗੰਬਰ ਨੇ ਮਦੀਨੇ ਦੇ ਇਕ 'ਕੱਸਾ' ਨਾਮਕ ਮੁਸਲਮਾਨ ਦੇ ਕਿਸੇ ਕਾਰਨ ਕੋੜੇ ਮਾਰ ਦਿੱਤੇ। ਪੈਗੰਬਰ ਨੂੰ ਇਸਦਾ ਗਹਿਰਾ ਪਛਤਾਵਾ ਹੋਇਆ। ਉਨ੍ਹਾਂ ਨੇ ਆਪਣੀ ਮੌਤ ਸਮੇਂ ਇਹ ਇੱਛਾ ਜ਼ਾਹਿਰ ਕੀਤੀ ਕਿ 'ਕੱਸਾ' ਉਨ੍ਹਾਂ ਨੂੰ ਇਸ ਅਪਰਾਧ ਦਾ ਬਣਦਾ ਦੰਡ ਦੇਵੇ। ਇਸ ਦੇ ਜਵਾਬ ਵਿੱਚ ਕੱਸਾ ਨੇ ਫ਼ਕੀਰ ਨੂੰ ਆਪਣੀ ਪਿੱਠ ਨੰਗੀ

ਕਰਨ ਲਈ ਕਿਹਾ। ਜਦ ਪੈਗੰਬਰ ਨੇ ਆਪਣੀ ਪਿੱਠ ਨੰਗੀ ਕੀਤੀ ਤਾਂ ਕੱਸਾ ਨੇ ਬਿਨ੍ਹਾਂ ਕੋਈ ਬਦਲਾ ਲਏ ਫ਼ਕੀਰ ਦੀ ਪਿੱਠ ਚੁੰਮ ਲਈ। ਫ਼ਕੀਰ ਨੇ ਕੱਸਾ ਨੂੰ ਕੁਝ ਰੂਹਾਨੀ ਸ਼ਕਤੀਆਂ ਦੀ ਬਖ਼ਸ਼ਿਸ਼ ਕੀਤੀ। ਉਸਨੇ ਫ਼ਕੀਰ ਦੀ ਨੇਕੀ ਦੀ ਵਾਹ-ਵਾਹ ਕੀਤੀ ਅਤੇ ਉਸਦੇ ਜਾਨਸ਼ੀਨਾਂ ਨੇ ਰਾਜੇ ਰਾਣਿਆਂ ਦੀ ਉਸਤਤ ਕਰਕੇ ਆਪਣਾ ਜੀਵਨ ਨਿਰਬਾਹ ਕਰਨਾ ਸ਼ੁਰੂ ਕਰ ਦਿੱਤਾ। ਇਨ੍ਹਾਂ ਵਿੱਚ ਇਕ ਪੁਰਖਾ ਮੀਰ 'ਪਰਸੀਆ' ਵੱਲ ਪਰਵਾਸ ਕਰ ਗਿਆ ਅਤੇ ਉੱਥੋਂ ਦੇ ਰਾਜਘਰਾਣੇ ਦਾ ਸੰਦੇਸ਼ਵਾਹਕ ਬਣ ਗਿਆ। ਇਸ ਤੋਂ ਬਾਅਦ ਉਸਦੀ ਪੀੜ੍ਹੀ ਵਿਚੋਂ ਕੁਝ ਲੋਕ 'ਬਸਲਾ' ਅਤੇ 'ਕੁਰੇਸ਼ੀ' 'ਖਵਾਜ਼ਾ ਮੁਈਨ ਉਦ ਦੀਨ ਚਿਸ਼ਤੀ' ਨਾਲ ਭਾਰਤ ਚਲੇ ਗਏ ਅਤੇ ਏਸੇ ਉਪਰੰਤ ਸ਼ੇਖਾਂ ਅਤੇ ਸਯਦਾਂ ਦੇ ਮਰਾਸੀ ਬਣ ਗਏ। ਇਨ੍ਹਾਂ ਵਿਚੋਂ ਬਸਲਾ ਪੋਸਲਾ ਵਿਖੇ ਨਿਮਨ ਪ੍ਰਕਾਰ ਦਾ ਜੀਵਨ ਬਤੀਤ ਕਰਨ ਲੱਗਾ। ਇਸ ਤਰ੍ਹਾਂ ਮੁਸਲਮਾਨ ਰਾਜਿਆਂ ਦੇ ਨਕਬੀ ਅਤੇ ਸੰਦੇਸ਼ਵਾਹਕ ਹਿੰਦੂਆਂ ਰਾਜਿਆਂ ਦੇ ਢਾਡੀਆਂ ਨਾਲ ਵਿਚਾਰ-ਵਟਾਂਦਰਾ ਕਰਨ ਲੱਗੇ। ਇਸ ਤਰ੍ਹਾਂ ਰੋਹਤਕ ਤੋਂ ਪ੍ਰਾਪਤ ਵੇਰਵੇ ਅਨੁਸਾਰ ਅਸਲ ਮੀਰਾਸੀ ਕੁਰੇਸ਼ੀ ਲੋਕ ਹਨ। ਇਸ ਤੋਂ ਇਲਾਵਾ ਪੋਸਲਾ ਅਤੇ ਰਬਾਬੀ ਲੋਕ ਜਿਹੜੇ ਮੀਰ ਦੇ ਜਾਨਸ਼ੀਨ ਹਨ, ਵਿਦੇਸ਼ੀ ਮੂਲ ਨਾਲ ਸੰਬੰਧ ਰੱਖਦੇ ਹਨ ਅਤੇ ਢਾਡੀ ਲੋਕ ਭਾਰਤ ਦੇ ਮੂਲ ਬਾਸ਼ਿੰਦੇ ਹਨ। ਇਕ ਹੋਰ ਕਥਾ ਅਨੁਸਾਰ ਮਰਾਸੀ ਲੋਕ ਅਕੱਸਾ ਅਤੇ ਉਸਦੇ ਪੁੱਤਰ ਵਾਹਿਦ ਦੀ ਔਲਾਦ ਹਨ। ਵਾਹਿਦ ਰਾਜੇ ਉਮਰ ਦੇ ਪ੍ਰਸਿੱਧ ਨਿਆਂਕਾਰ ਅਬਦੁਲਾ ਦਾ ਗੁਲਾਮ ਸੀ। ਉਸਦੀ ਲਗਾਤਾਰ ਸਮੇਂ ਸਿਰ 'ਦੁੱਧ ਦੀ ਸੇਵਾ' ਨੇ ਅਬਦੁਲਾ ਦਾ ਦਿਲ ਜਿੱਤ ਲਿਆ ਅਤੇ ਅਬਦੁਲਾ ਨੇ ਉਸਨੂੰ ਵਿਰਾਸਤ ਦਾ ਕਾਨੂੰਨ ਪੜ੍ਹਾਇਆ। ਇਸ ਤਰ੍ਹਾਂ ਹੌਲ਼ੀ-ਹੌਲ਼ੀ ਕੁਰਸੀਨਾਮਿਆਂ ਦੀ ਕਹਾਣੀ ਇਨ੍ਹਾਂ ਲੋਕਾਂ ਨਾਲ ਜੁੜ ਗਈ ਪਰ ਸਮੇਂ ਦੇ ਨਾਲ ਨਾਲ ਇਨ੍ਹਾਂ ਲੋਕਾਂ ਦਾ ਇਹ ਪੇਸ਼ਾ ਸਿਰਫ਼ ਤੇ ਸਿਰਫ਼ ਕੁਰਸੀਨਾਮੇ ਯਾਦ ਕਰਨ ਤੱਕ ਹੀ ਸੀਮਤ ਰਹਿ ਗਿਆ।[3] ਇਬਟਸਨ ਇਨ੍ਹਾਂ ਦੀ ਬੰਸਾਵਲੀ ਸੰਬੰਧੀ ਇਹ ਵੇਰਵਾ ਪ੍ਰਸਤੁਤ ਕਰਦਾ ਹੈ :

- ਅਬਦੁਲ ਮੁਨਾਫ਼
  - ਹਾਸ਼ਮ
    - ਮੁਤਲਿਬ
      - ਆਮੀਨ
        - ਅਕਾਸਾ
          - ਅਬਦੁਲ ਹੱਕ
          - ਅਬਦਲ ਗਨੀ
      - ਅਬਦੁੱਲਾ
        - ਮੁਹੰਮਦ
      - ਅਬੁ ਤਾਲਿਬ
        - ਅਲੀ
          - ਹਸਨ
          - ਹੁਸੈਨ

ਪਹਾੜ

|

ਬਾਗੜ

|

ਪਾਸੀ

|

ਵਾਹਿਦ ਉਮਰਦੀਨ ਕਾਲੂ

ਮੀਰਾਸੀਆਂ ਦੇ ਪੇਸ਼ੇ ਸੰਬੰਧੀ ਇੱਕ ਹੋਰ ਪ੍ਰਸਿੱਧ ਕਥਾ ਪ੍ਰਚਲਿਤ ਹੈ :

ਇਸ ਘਟਨਾ ਸੰਬੰਧੀ ਇਕ ਹਰਮਨ ਪਿਆਰਾ ਕਬਿੱਤ ਵੀ ਪ੍ਰਚਲਿਤ ਹੈ :

ਜਦੋਂ ਅਲੀ ਬੀਬੀ ਫ਼ਾਤਿਆ ਨੂੰ ਵਿਹਾਉਣ ਲਈ ਹਜ਼ਰਤ ਮੁਹੰਮਦ ਸਾਹਿਬ ਦੇ ਘਰ ਬਰਾਤ ਲੈ ਕੇ ਆਏ ਤਾਂ ਉੱਥੇ ਇਕ ਸਮਾਗਮ ਹੋਇਆ। ਮੁਸਲਮਾਨਾਂ ਦੇ ਇਕ ਰਿਵਾਜ਼ ਅਨੁਸਾਰ ਦੁਲਹਨ ਦੇ ਘਰ ਦੂਲਹੇ ਦੇ ਮੂੰਹ ਨੂੰ ਸ਼ਗਨ ਵਜੋਂ 'ਦੁੱਧ' ਛੁਹਾਇਆ ਜਾਂਦਾ ਹੈ। ਇਸ ਮੌਕੇ ਕਿਸੇ ਅਣਪਛਾਤੇ ਵਿਅਕਤੀ ਵੱਲੋਂ ਦੁੱਧ ਦਾ ਕਟੋਰਾ ਹਜ਼ਰਤ ਅਲੀ ਅੱਗੇ ਭੇਟ ਕੀਤਾ ਗਿਆ। ਵਾਹਿਦ ਨੇ ਇਹ ਕਟੋਰਾ ਚੁੱਕਿਆ ਅਤੇ ਹਜ਼ਰਤ ਅਲੀ ਦੇ ਮੂੰਹ ਨਾਲ ਛੁਹਾ ਦਿੱਤਾ। ਜਦੋਂ ਹਜ਼ਰਤ ਅਲੀ ਨੇ ਇਹ ਦੁੱਧ ਪੀ ਲਿਆ ਤਾਂ ਵਾਹਿਦ ਨੇ ਕਿਸੇ ਬਖ਼ਸ਼ਿਸ਼ ਦੀ ਮੰਗ ਕੀਤੀ ਜਿਸਦੇ ਇਵਜ਼ਾਨੇ ਵਜੋਂ ਹਜ਼ਰਤ ਅਲੀ ਨੇ ਖਾਲੀ ਕਟੋਰੇ ਵਿਚ 'ਦੋ ਲਾਲ' ਧਰ ਦਿੱਤੇ। ਪਰ ਵਾਹਿਦ ਇਸ ਭੇਟ ਤੋਂ ਸੰਤੁਸ਼ਟ ਨਹੀਂ ਸੀ, ਉਹ ਇਸ ਤੋਂ ਵਧ ਕੇ ਕੁਝ ਜ਼ਿਆਦਾ ਕੀਮਤੀ ਅਤੇ ਪ੍ਰਭਾਵੀ ਚਾਹੁੰਦਾ ਸੀ। ਹਜ਼ਰਤ ਅਲੀ ਜਿਹੜੇ ਕਿ ਵਿਰਾਸਤੀ ਗਿਆਨ ਦੇ ਗਿਆਤਾ ਸਨ, ਨੇ ਵਾਹਿਦ ਨੂੰ ਵਿਰਾਸਤੀ ਕਲਾ ਦਾ ਗਿਆਨ ਦਿੱਤਾ ਅਤੇ ਉਸਦੇ ਵੰਸ਼ਜ਼ 'ਮਰਾਸੀ' ਅਖਵਾਏ।

ਹੋਇਆ ਹੁਕਮ ਖੁਦਾਈ ਦਾ ਵਹੀ ਜੋ ਆਇਆ ਪਾਸ
ਮਿਲਿਆ ਕਟੋਰਾ ਵਾਹਿਦ ਕੋ ਜਿਨਕਾ ਬਾਪ ਅਬਾਸ
ਪੜ੍ਹੋ ਕਲਮਾ ਆਖੋ ਮੋਮਨ ਇਨ ਜੋ ਆਇਆ ਰਾਸ
ਦੁੱਧ ਪਿਲਾਇਆ ਸ਼ਾਹ ਕੋ ਜਿਥੋਂ ਮਿਲੀ ਮੀਰਾਸ।4

ਕੁਝ ਮਰਾਸੀ ਆਪਣੇ ਆਪ ਨੂੰ ਬ੍ਰਹਮਾ ਦੇ ਪੁੱਤਰ 'ਕਾਲਕ ਦਾਸ' ਦੇ ਵੰਸ਼ਜ ਦੱਸਦੇ ਹਨ। ਕਾਲਕ ਦਾਸ ਨੇ ਆਪਣੇ ਪਿਤਾ ਦਾ 'ਕੋਹੜ' ਚੂਸਿਆ ਸੀ ਅਤੇ ਇਸਦੇ ਵਰ ਵਜੋਂ ਬ੍ਰਹਮਾ ਨੇ ਉਸਨੂੰ ਇਹ ਅਸ਼ੀਰਵਾਦ ਦਿੱਤਾ ਕਿ ਲੋਕ ਉਸ ਵਿੱਚ ਸ਼ਰਧਾ ਭਾਵ ਰੱਖਣਗੇ ਅਤੇ ਉਸਦੇ ਬੋਲ ਸੱਚ ਹੋਣਗੇ। ਉਸੇ ਦਿਨ ਤੋਂ ਲੋਕਾਂ ਦਾ ਮਰਾਸੀ ਕਬੀਲੇ ਵਿੱਚ ਗਹਿਰਾ ਵਿਸ਼ਵਾਸ ਚਲਦਾ ਆ ਰਿਹਾ ਹੈ। ਮੀਰਾਸੀ ਕਬੀਲੇ ਦੇ ਵੱਖਰੇ-ਵੱਖਰੇ ਵਰਗ ਇਸ ਪ੍ਰਕਾਰ ਹਨ :

1.	ਪੀਰਾਈਂ	2.	ਡੂਮ ਮਰਾਸੀ
3.	ਕਲਾਵੰਤ	4.	ਸਰੋਦੀ

5. ਢਾਡੀ ਇਨ੍ਹਾਂ ਨੂੰ 'ਰਾਵਾ' ਅਤੇ 'ਸ਼ਾਈਖਾਨਾ' ਵੀ ਕਿਹਾ ਜਾਂਦਾ ਹੈ।
6. ਭੰਡ[5]

ਇਨ੍ਹਾਂ ਦੇ ਵਰਗਾਂ ਦੀ ਤਰਤੀਬ ਇਸ ਤਰ੍ਹਾਂ ਹੋਈ ਮਿਲਦੀ ਹੈ। 'ਪੀਰਾਹੀਂ' ਮਰਾਸੀ ਲਾਲਾਂ ਵਾਲੇ ਪੀਰ ਅਤੇ ਸਖੀ ਸਰਵਰ ਨੂੰ ਮੰਨਦੇ ਹਨ ਅਤੇ ਇਨ੍ਹਾਂ ਪੀਰਾਂ ਦੇ ਨਾਂ 'ਤੇ ਦਾਨ-ਦਖਸ਼ਣਾ ਲੈਂਦੇ ਹਨ। ਇਹ ਲੋਕ ਲੋਕਾਂ ਨੂੰ ਲੜਕੇ ਦੇ ਜਨਮ ਸੰਬੰਧੀ ਆਸੀਸ ਵੀ ਦਿੰਦੇ ਹਨ ਅਤੇ ਦਾਤਾਂ ਪ੍ਰਾਪਤ ਕਰਦੇ ਹਨ। ਇਨ੍ਹਾਂ ਕੋਲ ਇਕ ਢੋਲਕ ਵਰਗਾ ਸਾਜ਼ ਹੁੰਦਾ ਹੈ ਜਿਸ ਉੱਤੇ ਮੰਨਤ ਵਜੋਂ ਸਾਰੇ ਧਰਮਾਂ ਅਤੇ ਜਾਤਾਂ ਦੀਆਂ ਔਰਤਾਂ ਖੰਬੜੀ ਜਾਂ ਧਾਗਾ ਬੰਨ੍ਹਦੀਆਂ ਹਨ। ਡੂਮ ਮੀਰਾਸੀ ਵੀ ਢੋਲਕੀ ਵਜਾਉਣ ਦੇ ਮਾਹਿਰ ਹੁੰਦੇ ਹਨ ਪਰ ਇਹ ਲੋਕ 'ਵਿਆਹ' ਅਤੇ 'ਮਰਗਤਾਂ' 'ਤੇ ਭੁੰਜੇ ਬਹਿ ਕੇ ਦਾਨ-ਦਖਸ਼ਣਾ ਦੀ ਉਡੀਕ ਕਰਦੇ ਹਨ। ਇਨ੍ਹਾਂ ਵਿਚੋਂ ਕੁਝ ਲੋਕ 'ਗੁਪਤ ਸੁਨੇਹੇ' ਦੇਣ ਦੀ ਸੇਵਾ ਵੀ ਕਰਦੇ ਹਨ। ਇਨ੍ਹਾਂ ਦੀ ਕਮਾਈ ਅਤੇ ਖੁਸ਼ਹਾਲੀ ਇਨ੍ਹਾਂ ਦੇ ਜਜ਼ਮਾਨਾਂ 'ਤੇ ਨਿਰਭਰ ਹੁੰਦੀ ਹੈ। ਇਨ੍ਹਾਂ ਵਿਚੋਂ ਕਲਾਵੰਤ ਮੀਰਾਸੀ ਸੰਗੀਤਕਾਰ ਹੋਣ ਕਰਕੇ ਹੋਰ ਮੀਰਾਸੀਆਂ ਨਾਲੋਂ ਜ਼ਿਆਦਾ ਸਮਰੱਥਾਵਾਨ ਹੁੰਦਾ ਹੈ। ਉਹ ਇਕ 'ਪ੍ਰਵੀਨ ਰਬਾਬੀ' ਹੋਣ ਦੇ ਨਾਲ-ਨਾਲ ਬਾਜ਼ੀ ਕਲਾ ਵਿੱਚ ਵੀ ਨਿਪੁੰਨ ਹੁੰਦਾ ਹੈ। ਇਨ੍ਹਾਂ ਵਿਚੋਂ ਢਾਡੀ ਲੋਕ ਅਤੇ ਕਥਾ ਵਾਚਕ ਯੋਧਿਆਂ ਦੀਆਂ ਵਾਰਾਂ ਗਾਉਂਦੇ ਹਨ। ਇਹ ਲੋਕ ਕਿਸੇ ਖ਼ਾਸ ਪਰਿਵਾਰ ਜਾਂ ਕਬੀਲੇ ਤੋਂ ਮੁਕਤ ਹੁੰਦੇ ਹਨ। ਇਨ੍ਹਾਂ ਵਿੱਚ ਭੰਡ ਲੋਕ ਜ਼ਿਆਦਾਤਰ ਨਕਲਚੀ ਹੁੰਦੇ ਹਨ :

ਮੀਰਾਸੀ ਲੋਕਾਂ ਦੇ ਮੁੱਖ ਗੋਤਰ ਇਸ ਪ੍ਰਕਾਰ ਹਨ :

1. ਭੌਰੇ	2. ਭੱਟੀ
3. ਬੋਥੂ ਖੇਲ	4. ਬਰਜ਼ਿੰਦ ਖੇਲ
5. ਪਾਂਡੀ ਖੇਲ	6. ਲੁਹਾਨੀ ਖੇਲ
7. ਪੰਜੂ ਖੇਲ	8. ਸੁਲਤਾਨੀ ਖੇਲ
9. ਹਾਲਿਮ ਖੇਲ	10. ਲੱਲੇ ਖੇਲ[6]

ਇਹ ਉਪਰੋਕਤ ਸਾਰੇ ਹੀ ਮਰਾਸੀ ਗੋਤਰ ਇਕ ਸਰਵ ਸਾਂਝੇ ਪੁਰਖੇ ਨੂੰ ਹੀ ਮੰਨਦੇ ਹਨ।

ਮਰਾਸੀ ਕਬੀਲੇ ਦਾ ਸਰੂਪ : ਮਰਾਸੀ ਕਬੀਲੇ ਦੀ ਅੰਦਰਲੀ ਬਣਤਰ ਬੜੀ ਗੁੰਝਲਦਾਰ ਹੈ। ਇਸ ਦੀ ਸਮਾਜਿਕ ਸੰਰਚਨਾ ਨੂੰ ਸਮਝਣਾ ਬਹੁਤ ਹੀ ਕਠਿਨ ਕਾਰਜ ਹੈ। ਮਰਾਸੀ ਕਬੀਲਾ ਇਕ ਹੁੰਦਾ ਹੋਇਆ ਵੀ ਇਕ ਦੂਜੇ ਤੋਂ ਕਾਫ਼ੀ ਵੱਖਰਤਾਵਾਂ ਰੱਖਦਾ ਹੈ। ਮਰਾਸੀ ਕਬੀਲੇ ਵਿੱਚ ਪੇਸ਼ੇ ਦੇ ਆਧਾਰ 'ਤੇ ਸਤਰੀਕਰਨ ਪਾਇਆ ਜਾਂਦਾ ਹੈ।

1. **ਰਾਏ ਮੀਰਾਸੀ** : ਰਾਏ ਮਰਾਸੀਆਂ ਦਾ ਪੇਸ਼ਾ ਰਾਏ ਭੱਟਾਂ ਨਾਲ ਕਾਫ਼ੀ ਮਿਲਦਾ-ਜੁਲਦਾ ਹੈ। ਰਾਏ ਮੀਰਾਸੀ ਬੱਚਿਆਂ ਨੂੰ ਸਿੱਖਿਆ-ਦਿੱਖਿਆ ਦੇਣ ਦੀ ਪਰੰਪਰਕ ਰੀਤ ਵੀ ਨਿਭਾਉਂਦੇ ਆਏ ਹਨ। ਇਹ ਲੋਕ ਕਵੀ ਸੁਭਾਅ ਵਾਲੇ ਹਨ ਅਤੇ ਕਬਿੱਤ ਜੋੜਨ ਦੀ ਵਿਸ਼ੇਸ਼ ਮੁਹਾਰਤ ਵੀ ਰੱਖਦੇ ਹਨ। ਹੁਸ਼ਿਆਰਪੁਰ ਦੇ ਮੀਰਾਸੀ ਆਪਣਾ ਅਤੀਤ ਹਿੰਦੂ ਭੱਟਾਂ ਨਾਲ ਜੋੜਦੇ ਹਨ। ਭਾਵੇਂ ਇਨ੍ਹਾਂ ਲੋਕਾਂ ਨੇ ਇਸਲਾਮ ਧਰਮ ਗ੍ਰਹਿਣ ਕਰ ਲਿਆ ਸੀ,

ਫਿਰ ਵੀ ਇਹ ਲੋਕ ਕਬਿੱਤ ਲਿਖਦੇ ਅਤੇ ਗਾਉਂਦੇ ਆਏ ਹਨ। ਉੱਚੇ ਰਾਜ ਘਰਾਣਿਆਂ ਨਾਲ ਜੁੜੇ ਹੋਣ ਕਰਕੇ ਅਤੇ ਬ੍ਰਾਹਮਣਗਿਰੀ ਦਾ ਕੰਮ ਕਰਨ ਕਰਕੇ ਇਹ ਲੋਕ ਆਪਣੇ ਆਪ ਨੂੰ ਉੱਚਾ ਗਿਣਦੇ ਹਨ ਅਤੇ ਆਪਣੇ ਕਬੀਲੇ ਤੋਂ ਬਾਹਰ ਵਿਆਹ ਸੰਬੰਧ ਸਥਾਪਤ ਨਹੀਂ ਕਰਦੇ। ਇਹ ਲੋਕ ਪਾਕਿਸਤਾਨ ਵਿੱਚ ਵਿਆਹ ਸ਼ਾਦੀਆਂ ਅਤੇ ਬੱਚਿਆਂ ਦੇ ਜਨਮ ਸਮੇਂ ਕੁਰਸੀਨਾਮੇ ਦੁਹਰਾ ਕੇ ਆਪਣੇ ਜ਼ਜਮਾਨਾਂ ਦੀ ਸਿਫ਼ਤ ਕਰਕੇ ਗੁਜ਼ਾਰਾ ਕਰਦੇ ਆਏ ਹਨ। ਇਹ ਲੋਕ ਕਈ ਥਾਵਾਂ 'ਤੇ ਖੇਤੀਬਾੜੀ ਵੀ ਕਰਦੇ ਹਨ। ਇਹ ਲੋਕ ਆਪਣੇ ਖ਼ੂਬਸੂਰਤ ਬੋਲਾਂ ਅਤੇ ਵਿਲੱਖਣ ਬਿਰਤਾਂਤਕ ਅੰਦਾਜ਼ ਕਰਕੇ ਆਪਣੇ ਆਪ ਨੂੰ 'ਰਾਏ' ਸਦਵਾ ਕੇ ਖ਼ੁਸ਼ ਹੁੰਦੇ ਹਨ।

ਮੀਰ ਮਰਾਸੀ : 'ਮੀਰ' ਮਰਾਸੀ ਲੋਕਾਂ ਲਈ ਇਕ ਸਨਮਾਨਯੋਗ ਸ਼ਬਦ ਹੈ। ਇਹ ਲੋਕ ਆਪਣੇ ਜ਼ਜਮਾਨਾਂ ਦੀ ਉਸਤਤ ਕਰਕੇ ਆਪਣਾ ਗੁਜ਼ਾਰਾ ਕਰਦੇ ਆਏ ਹਨ। ਇਹ ਲੋਕ ਇਕ ਲੰਮੀ ਡਾਂਗ 'ਤੇ ਝੰਡਾ ਬੰਨ੍ਹ ਕੇ ਪੀਰ ਲੱਖਦਾਤਾ ਦੀ ਉਸਤਤ ਵਿੱਚ ਟਾਹਰਾਂ ਗਾਉਂਦੇ ਹਨ। ਇਹ ਲੋਕ ਬੜੀ ਸੋਜ਼ਮਈ ਆਵਾਜ਼ ਵਿੱਚ ਗਾਉਂਦੇ ਹਨ। ਮੀਰ ਮੀਰਾਸੀ ਬੜੇ ਚੁਸਤ ਅਤੇ ਜ਼ਿੰਦਾਦਿਲ ਲੋਕ ਹਨ।

ਢਾਡੀ ਮਰਾਸੀ : ਢਾਡੀ ਮਰਾਸੀ ਢੱਡ ਸਾਰੰਗੀ ਨਾਲ ਬੀਰ ਯੋਧਿਆਂ ਦੀਆਂ ਵਾਰਾਂ ਗਾਉਂਦੇ ਹਨ। ਇਹ ਲੋਕ ਅੰਤਰ ਵਿਆਹੀ ਹਨ। ਇਸ ਕਬੀਲੇ ਦੀਆਂ ਔਰਤਾਂ ਵਿੱਚ ਗਾਉਣ ਅਤੇ ਨੱਚਣ ਪ੍ਰਤੀ ਮਨਾਹੀ ਦਾ ਪ੍ਰਚਲਣ ਹੈ। ਸ਼ਾਹੀ ਰਾਜ ਘਰਾਣਿਆਂ ਵਿੱਚ ਇਹ ਲੋਕ ਉੱਚੇ ਰੁਤਬੇ ਅਤੇ ਸਹੂਲਤਾਂ ਵੀ ਮਾਣਦੇ ਰਹੇ ਹਨ। ਇਹ ਲੋਕ ਵਿਆਹ ਸ਼ਾਦੀਆਂ ਵਿੱਚ ਆਪਣੇ ਜਜ਼ਮਾਨਾਂ ਤੋਂ ਪਿਤਾ 'ਪੁਰਖੀ ਲਾਗ' ਲੈਂਦੇ ਹਨ। ਇਸ ਲਈ ਕੁਝ ਮੀਰਾਸੀ ਕਈ ਜੱਟ ਅਤੇ ਜਾਟ ਗੋਤਰਾਂ ਦੇ ਪੱਕੇ ਲਾਗੀ ਹਨ। ਇਹ ਲੋਕ ਮੁਹੰਮਦ ਸਾਹਿਬ, ਬੀਬੀ ਫ਼ਾਤਿਮਾ ਦੇ ਨਾਲ-ਨਾਲ ਹਸਨ ਅਤੇ ਹੁਸੈਨ ਦੇ ਨਾਂ ਦੀਆਂ ਨਿਆਜ਼ਾਂ ਦੇ ਕੇ ਉਨ੍ਹਾਂ ਨੂੰ ਪੂਜਦੇ ਹਨ। ਇਨ੍ਹਾਂ ਦੀਆਂ ਔਰਤਾਂ ਆਪਣੇ ਜਜ਼ਮਾਨਾਂ ਦੇ ਘਰ ਗਾਉਣ ਵਜਾਉਣ ਦਾ ਕੰਮ ਵੀ ਕਰਦੀਆਂ ਹਨ। ਇਹ ਲੋਕ ਸਾਰੀਆਂ ਗੋਤਰਾਂ ਨਾਲ ਵਿਆਹ ਸੰਬੰਧ ਜੋੜਦੇ ਹਨ। ਇਹ ਲੋਕ ਸਿਰਫ਼ ਤਿੰਨ ਗੋਤਰਾਂ ਵਿੱਚ ਵਿਆਹ ਸੰਬੰਧੀ ਮਨਾਹੀਆਂ ਦਾ ਪਾਲਣ ਕਰਦੇ ਹਨ। ਇਹ ਲੋਕ ਆਪਣੇ ਜਜ਼ਮਾਨਾਂ ਵੱਲੋਂ ਤ੍ਰਿਸਕਾਰ ਕੀਤੇ ਜਾਣ 'ਤੇ ਉਸਦੀ ਮਜ਼ਾਹੀਆ ਅੰਦਾਜ਼ ਵਿੱਚ 'ਗੁੱਡਾ ਬੰਨ੍ਹ ਕੇ' ਖਿੱਲੀ ਉਡਾਉਂਦੇ ਹਨ। ਇਸ ਰਸਮ ਵਿੱਚ ਮੀਰਾਸੀ ਲੋਕਾਂ ਵੱਲੋਂ ਸੰਬੰਧਤ ਜਜ਼ਮਾਨ ਦਾ ਲੀਰਾਂ ਦਾ ਇੱਕ ਗੁੱਡਾ ਬਣਾ ਕੇ ਉਸਦਾ ਬਕਾਇਦਾ ਕੁਰਸੀਨਾਮਾ ਪੜ੍ਹ ਕੇ ਭੰਡੀ ਪ੍ਰਚਾਰ ਕੀਤਾ ਜਾਂਦਾ ਹੈ। ਇਸ ਮੌਕੇ ਉਸਦੀ ਸਾਰੀ ਕੁਲ ਦੇ ਪੋਤੜੇ ਫਰੋਲ-ਫਰੋਲ ਕੇ ਪੱਛ ਲਾਏ ਜਾਂਦੇ ਹਨ। ਇਸ ਰਸਮ ਵਿੱਚ ਜਜ਼ਮਾਨ ਦਾ ਏਨਾ ਜ਼ਿਆਦਾ ਨਿਰਾਦਰ ਕੀਤਾ ਜਾਂਦਾ ਹੈ ਕਿ ਅੰਤ ਉਸਨੂੰ ਆਪਣੇ ਮੀਰਾਸੀ ਨਾਲ ਸਮਝੌਤਾ ਕਰਨਾ ਪੈਂਦਾ ਹੈ।

ਕਲਾਵੰਤ ਮਰਾਸੀ : 'ਕਲਾਵੰਤ' ਸ਼ਬਦ ਕਲਾ ਤੋਂ ਬਣਿਆ ਹੈ। ਇਹ ਲੋਕ ਆਪਣਾ ਮੂਲ ਮੁਗਲ ਕਾਲ ਦੇ ਪ੍ਰਸਿੱਧ ਸੰਗੀਤਕਾਰ 'ਤਾਨਸੈਨ' ਨਾਲ ਜੋੜਦੇ ਹਨ। ਇਹ ਲੋਕ ਰਾਗ ਵਿਦਿਆ ਵਿੱਚ ਵਿਸ਼ੇਸ਼ ਮੁਹਾਰਤ ਰੱਖਦੇ ਹਨ। ਇਹ ਲੋਕ ਆਪਣੇ ਆਪ ਨੂੰ ਰਾਜਪੂਤਾਂ

ਦੇ ਮਰਾਸੀ ਵੀ ਸਦਵਾਉਂਦੇ ਹਨ। ਅਸਲ ਵਿੱਚ ਇਹ ਲੋਕ ਆਪਣਾ ਮੂਲ ਮੁਸਲਮਾਨਾਂ ਨਾਲ ਜੋੜਦੇ ਹਨ।

'ਕਰਹਲਾ' ਜਾਂ 'ਖਰਿਆਲਾ' ਮਰਾਸੀ : 'ਕਰਹਲਾ' ਜਾਂ 'ਖਰਿਆਲਾ' ਮਰਾਸੀ ਅਸਲ ਮਰਾਸੀਆਂ ਤੋਂ ਇਕ ਦਰਜਾ ਨੀਵੇਂ ਅਖਵਾਉਂਦੇ ਹਨ ਕਿਉਂਕਿ ਇਨ੍ਹਾਂ ਦੇ ਪੁਰਖਿਆਂ ਨੇ ਦੂਜੀਆਂ ਜਾਤੀਆਂ ਵਿੱਚ ਵਿਆਹ ਸੰਬੰਧ ਸਥਾਪਤ ਕੀਤੇ ਸਨ। ਦੂਜੇ ਮਰਾਸੀ ਇਨ੍ਹਾਂ ਨਾਲ ਵਿਆਹ ਸੰਬੰਧ ਬਿਲਕੁਲ ਨਹੀਂ ਜੋੜਦੇ। ਇਹ ਲੋਕ 'ਕਥਾ ਵਾਚਕ' ਹੋਣ ਦੇ ਨਾਲ-ਨਾਲ ਤਬਲਾ ਸਾਰੰਗੀ ਦੇ ਨਿਪੁੰਨ ਸਾਜ਼ਿੰਦੇ ਹਨ। ਇਨ੍ਹਾਂ ਲੋਕਾਂ ਵਿੱਚ ਹੁਣ ਤੱਕ ਵੀ ਕਰੇਵੇ ਦੀ ਰਸਮ ਪ੍ਰਚਲਿਤ ਹੈ ਜਿਹੜੀ ਕਿ ਹੋਰ ਮਰਾਸੀ ਲੋਕਾਂ ਵਿੱਚ ਨਹੀਂ ਮਿਲਦੀ। ਇਨ੍ਹਾਂ ਵਿਚੋਂ ਕੁਝ ਲੋਕ ਮਸਜ਼ਿਦਾਂ ਦੇ ਇਮਾਮ ਹਨ ਅਤੇ ਕੁਝ ਲੋਕ ਖ਼ੈਰਾਤ ਦੇ ਆਸਰੇ ਆਪਣਾ ਗੁਜ਼ਾਰਾ ਕਰਦੇ ਹਨ। ਡੂੰਮ, ਢਾਡੀ ਅਤੇ ਭੰਡ ਇਕੋ ਕੋਟੀ ਵਿਚ ਆਉਂਦੇ ਹਨ। ਪੰਜਾਬ ਦੇ ਕਈ ਹਿੱਸਿਆਂ ਵਿੱਚ ਇਹ ਮਰਾਸੀ ਲੋਕ ਸੁਨਿਆਰ ਘਰਾਣਿਆਂ ਲਈ ਕੰਮ ਕਰਕੇ ਵੀ ਆਪਣਾ ਗੁਜ਼ਾਰਾ ਕਰਦੇ ਆਏ ਹਨ।

ਕੁਮਾਚੀ ਮਰਾਸੀ : ਬ੍ਰਾਹਮਣ ਪਰਿਵਾਰਾਂ ਨਾਲ ਜੁੜੇ ਹੋਣ ਕਰਕੇ ਇਹ ਲੋਕ ਆਪਣੇ ਆਪ ਨੂੰ ਦੂਜੇ ਮਰਾਸੀ ਕਬੀਲਿਆਂ ਤੋਂ ਉੱਚਾ ਗਿਣਦੇ ਹਨ। ਇਬਟਸਨ ਅਨੁਸਾਰ ਇਹ ਉਹ ਲੋਕ ਹਨ ਜਿਹੜੇ ਕਿ ਹਿੰਦੂਆਂ ਤੋਂ ਮੁਸਲਮਾਨ ਬਣੇ ਹਨ। ਹਿੰਦੂ ਮੂਲ ਦੇ ਹੋਣ ਕਰਕੇ ਇਹ ਲੋਕ ਵਿਆਹ ਸ਼ਾਦੀਆਂ ਅਤੇ ਸ਼ਗਨਾਂ ਨਾਲ ਸੰਬੰਧਤ ਹੋਰ ਸਮਾਗਮਾਂ ਵਿੱਚ ਵੱਡੀ ਪੱਧਰ 'ਤੇ 'ਲਾਗ' ਪ੍ਰਾਪਤ ਕਰਦੇ ਹਨ। ਇੱਥੋਂ ਤੱਕ ਕਿ ਇਨ੍ਹਾਂ ਲੋਕਾਂ ਨੂੰ 'ਹੋਣ ਵਾਲੇ' ਬੱਚੇ ਲਈ ਵੀ ਲਾਗ ਦਿੱਤਾ ਜਾਂਦਾ ਹੈ। ਇਨ੍ਹਾਂ ਲੋਕਾਂ ਨੂੰ ਮਿਲਣ ਵਾਲਾ 'ਲਾਗ' ਨਕਦੀ ਅਤੇ ਘਰੇਲੂ ਵਸਤੂਆਂ ਦੇ ਰੂਪ ਵਿੱਚ ਹੁੰਦਾ ਹੈ ਜਿਨ੍ਹਾਂ ਵਿਚ ਆਟਾ, ਦਾਲ ਅਤੇ ਘੀਉ ਵਿਸ਼ੇਸ਼ ਰੂਪ ਵਿੱਚ ਦਿੱਤੇ ਜਾਂਦੇ ਹਨ।

ਮੀਰ ਮੰਗ : ਮਰਾਸੀਆਂ ਦੇ ਮਰਾਸੀ 'ਮੀਰ ਮੰਗ' ਅਖਵਾਉਂਦੇ ਹਨ। ਇਹ ਲੋਕ ਮਰਾਸੀ ਲੋਕਾਂ ਦੇ ਹੀ ਕੁਰਸੀਨਾਮੇ ਸਮਰਣ ਕਰਦੇ ਹਨ। ਇਨ੍ਹਾਂ ਲੋਕਾਂ ਦਾ ਜੀਵਨ ਨਿਰਬਾਹ ਮਰਾਸੀ ਲੋਕਾਂ 'ਤੇ ਹੀ ਨਿਰਭਰ ਹੁੰਦਾ ਹੈ ਪਰ ਹੁਣ ਇਹ ਲੋਕ ਇਸ ਬੰਧਨ ਤੋਂ ਮੁਕਤ ਹਨ। 'ਡੂੰਮ' ਅਤੇ 'ਕਨੂੰਆਂ' ਇਨ੍ਹਾਂ ਦੀ ਸ਼੍ਰੇਣੀ ਵਿੱਚ ਹੀ ਆਉਂਦੇ ਹਨ।

ਮੁਤਰਿਬ, ਨਕਾਲ ਅਤੇ ਕਵਾਲ : ਇਨ੍ਹਾਂ ਲੋਕਾਂ ਦਾ ਸੰਬੰਧ ਭਾਈ ਮਰਦਾਨੇ ਦੀ ਕੁਲ ਨਾਲ ਹੈ। ਇਹ ਲੋਕ ਰਬਾਬ ਦੇ ਪ੍ਰਵੀਨ ਸਾਜ਼ਿੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਭਾਵ ਕਾਰਨ ਇਹ ਲੋਕ ਸਿੱਖ ਧਰਮ ਨੂੰ ਮੰਨਦੇ ਹਨ। ਇਨ੍ਹਾਂ ਲੋਕਾਂ ਦੀ ਗੁਰੂ ਗ੍ਰੰਥ ਸਾਹਿਬ ਵਿੱਚ ਅਥਾਹ ਸ਼ਰਧਾ ਹੈ। ਇਨ੍ਹਾਂ ਲੋਕਾਂ ਦਾ ਜੀਵਨ ਨਿਰਬਾਹ ਸਿੱਖ ਸੰਗਤਾਂ ਦੀ ਭੇਟਾ ਦੇ ਸਹਾਰੇ ਹੀ ਚਲਦਾ ਆਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਆਰੇ ਸਾਥੀ ਅਤੇ ਰਬਾਬੀ ਭਾਈ ਮਰਦਾਨਾ ਜੀ ਦੀ ਕੁਲ ਵਿਚੋਂ ਹੋਣ ਕਰਕੇ ਸਿੱਖ ਧਰਮ ਵਿੱਚ ਇਨ੍ਹਾਂ ਦਾ ਸ਼ਰਧਾ ਅਤੇ ਸਤਿਕਾਰ ਵਾਲਾ ਦਰਜਾ ਹੈ। ਇਨ੍ਹਾਂ ਲੋਕਾਂ ਦੀ ਜੀਵਨ ਜਾਂਚ ਅਤੇ ਪਹਿਰਾਵਾ ਸਿੱਖ ਧਰਮ ਵਾਲਾ ਹੈ ਪਰ ਇਨ੍ਹਾਂ ਦੀਆਂ ਕੁਝ ਰੀਤਾਂ ਅਤੇ ਮਾਨਤਾਵਾਂ ਮੁਸਲਮਾਨ ਧਰਮ ਵਾਲੀਆਂ ਹਨ। ਇਹ ਲੋਕ 'ਰਬਾਬੀ ਮੀਰ' ਨੂੰ ਆਪਣਾ ਆਦਿ ਪੁਰਖਾ ਮੰਨਦੇ ਹਨ। ਇਹ

ਲੋਕ ਸੁਜਾਤੀ ਵਿਆਹ ਵਿੱਚ ਵਿਸ਼ਵਾਸ ਰੱਖਦੇ ਹਨ। ਇਸ ਤੋਂ ਇਲਾਵਾ ਮਰਾਸੀ ਲੋਕ ਖੇਤਰੀ ਲੋਕ ਸਾਜ਼ਾਂ ਅਤੇ ਪੇਸ਼ਿਆਂ ਨਾਲ ਜੁੜ ਕੇ ਆਪਣਾ ਜੀਵਨ ਨਿਰਬਾਹ ਕਰਦੇ ਹਨ।[7]

ਮਰਾਸੀ ਕਬੀਲੇ ਦੇ ਮੁੱਖ ਗੋਤਰ : ਕਿੱਤਾਗਤ ਵੰਡ ਅਤੇ ਜ਼ਜਮਾਨੀ ਰੁਤਬੇ ਤੋਂ ਇਲਾਵਾ ਮਰਾਸੀ ਲੋਕ ਵੱਖ-ਵੱਖ ਗੋਤਰਾਂ ਵਿੱਚ ਵੰਡੇ ਹੋਏ ਹਨ। ਇਨ੍ਹਾਂ ਵਿੱਚੋਂ ਇੱਕ ਵੱਡਾ ਵਰਗ ਵੱਖ-ਵੱਖ ਜਾਤੀਆਂ ਅਤੇ ਕਬੀਲਿਆਂ ਨਾਲ ਜੁੜਿਆ ਹੋਇਆ ਹੈ :

- ਬਰਾਲ, ਗੌਰੀ, ਕਾਕ ਅਤੇ ਪਾਹਲੀ-ਲੋਕ ਅਫਗਾਨਾਂ ਨਾਲ ਜੁੜੇ ਹੋਏ ਹਨ
- ਢੇਰ ਅਤੇ ਤਨੌਰ ਲੋਕ ਰਾਜਪੂਤਾਂ ਨਾਲ ਜੁੜੇ ਹਨ
- ਕਲਾਲ, ਲੱਲਾ, ਮੌਂਗਾ ਅਤੇ ਸੰਪ ਲੋਕ ਜੱਟਾਂ ਨਾਲ ਜੁੜੇ ਹੋਏ ਹਨ
- ਚੰਗੜ ਲੋਕ ਬ੍ਰਾਹਮਣਾਂ ਨਾਲ ਜੁੜੇ ਹੋਏ ਹਨ
- ਬਰਵੇ ਲੋਕ ਮਹਾਜਨਾਂ ਨਾਲ ਜੁੜੇ ਹੋਏ ਹਨ
- ਸ਼ੋਹਲ ਲੋਕ ਖਤਰੀਆਂ ਨਾਲ ਜੁੜੇ ਹੋਏ ਹਨ8

ਇਨ੍ਹਾਂ ਵਿਚੋਂ ਅੰਚਰ, ਬਾਬਰ, ਢਾਡੀ, ਦੌਤ, ਹਲਵਾ, ਖਿਰਵਰ, ਮੋਮੀਆਂ ਅਤੇ ਪੋਹਲਾ ਲੋਕ ਮੁਕਤ ਰੂਪ ਵਿੱਚ ਸਮਾਜ ਵਿਚ ਵਿਚਰਦੇ ਹਨ। ਮਰਾਸੀ ਲੋਕ ਆਪਣਾ ਮੂਲ ਰਾਜਪੂਤਾਂ ਵਿੱਚ ਵੇਖਦੇ ਹਨ। ਇਹ ਲੋਕ 'ਖੋਖਰ ਅਤੇ ਮੋਖਰ' ਦੋ ਭਰਾਵਾਂ ਨੂੰ ਆਪਣਾ ਆਦਿ ਪੁਰਖਾ ਮੰਨਦੇ ਹਨ। 'ਖੋਖਰ' ਦਾ ਕਬੀਲਾ ਆਪਣੇ ਆਪ ਨੂੰ 'ਰਾਜਪੂਤਾਂ' ਨਾਲ ਜੋੜਦਾ ਹੈ ਅਤੇ ਮੋਖਰ ਦਾ ਕਬੀਲਾ 'ਘੁੰਮਣ' ਜੱਟਾਂ ਦੀ ਮੀਰਾਸ ਕਰਦਾ ਆਇਆ ਹੈ। ਮਰਾਸੀ ਕਬੀਲੇ ਦੇ ਵੱਖ-ਵੱਖ ਗੋਤਰ ਆਪਣੇ ਮੂਲ ਸੰਬੰਧੀ ਵੱਖ-ਵੱਖ ਧਾਰਨਾਵਾਂ ਪੇਸ਼ ਕਰਦੇ ਹਨ।

ਮਰਾਸੀ ਕਬੀਲੇ ਦਾ ਲੋਕ ਜੀਵਨ : ਮਰਾਸੀ ਕਬੀਲਾ ਆਦਿ ਕਾਲ ਤੋਂ ਹੀ ਜੰਗਲੀ ਜੀਵਨ ਬਿਤਾਉਂਦਾ ਹੋਇਆ ਕਈ ਤਰ੍ਹਾਂ ਦੀਆਂ ਸਮਾਜਿਕ, ਆਰਥਿਕ ਅਤੇ ਰਾਜਨੀਤਕ ਪਰਿਸਥਿਤੀਆਂ ਵਿਚੋਂ ਗੁਜ਼ਰਦਾ ਆਇਆ ਹੈ। ਮਰਾਸੀ ਇਕ ਬੁੱਧੀਜੀਵੀ ਅਤੇ ਕਲਾਕਾਰ ਕਬੀਲਾ ਹੈ। ਭਾਰਤ ਦੇ ਬਾਕੀ ਹੋਰ ਕਬੀਲੇ ਜਿੱਥੇ ਆਪਣੇ ਸਰੀਰਕ ਬਲ ਅਤੇ ਕਲਾ ਕਰਤੱਬਾਂ ਦੇ ਸਹਾਰੇ ਆਪਣਾ ਜੀਵਨ ਬਤੀਤ ਕਰਦੇ ਰਹੇ ਹਨ, ਉੱਥੇ ਮਰਾਸੀ ਕਬੀਲੇ ਦੇ ਲੋਕ ਆਪਣੀ ਬੁੱਧੀ ਵਿਵੇਕ ਅਤੇ ਮਾਨਸਿਕ ਬਲ ਦੇ ਸਹਾਰੇ ਆਪਣਾ ਜੀਵਨ ਬਤੀਤ ਕਰਦੇ ਆਏ ਹਨ। ਇਸ ਤਰ੍ਹਾਂ ਮਰਾਸੀ ਕਬੀਲੇ ਦੇ ਲੋਕ ਆਪਣੀ ਮਾਨਸਿਕ ਚਤੁਰਾਈ ਕਰਕੇ ਚਾਰੇ ਪਾਸੇ ਜਾਣੇ ਜਾਂਦੇ ਹਨ। ਮਰਾਸੀ ਕਬੀਲੇ ਦੀ ਹਾਜ਼ਰ ਜਵਾਬੀ ਅਤੇ ਚਤੁਰਾਈ ਸੰਬੰਧੀ ਪੰਜਾਬੀ ਸੱਭਿਆਚਾਰ ਅਤੇ ਲੋਕਧਾਰਾ ਵਿਚ ਕਈ ਹਵਾਲੇ ਮਿਲਦੇ ਹਨ। ਮਰਾਸੀ ਕਬੀਲੇ ਸੰਬੰਧੀ ਇਕ ਪ੍ਰਚਲਿਤ ਅਖਾਉਤ ਹੈ :

ਜੁੱਤੀ ਸੋਟੀ ਬਿਨਾਂ ਤੁਰੀਏ ਨਾ ਰਾਤ ਨੂੰ
ਟਿੱਚਰ ਨਾ ਕਰੀਏ ਮਰਾਸੀ ਦੀ ਜਾਤ ਨੂੰ

ਜੇਕਰ ਮਰਾਸੀ ਕਬੀਲੇ ਦੇ ਇਤਿਹਾਸ ਅਤੇ ਮਿੱਥ ਕਥਾਵਾਂ ਵੱਲ ਝਾਤੀ ਮਾਰੀ ਜਾਵੇ ਤਾਂ ਇਹ ਲੋਕ ਰਾਜੇ-ਮਹਾਰਾਜਿਆਂ ਅਤੇ ਰਾਠਾਂ ਦੀ ਸਰਪ੍ਰਸਤੀ ਹੇਠ ਜੀਵਨ ਬਤੀਤ ਕਰਦੇ ਆਏ। ਇੱਥੋਂ ਤੱਕ ਕਿ ਇਨ੍ਹਾਂ ਲੋਕਾਂ ਨੂੰ ਆਪਣੇ ਜਜ਼ਮਾਨਾਂ ਅਤੇ ਸਰਦਾਰਾਂ ਦੀ ਪਰਿਵਾਰਕ ਨੇੜਤਾ ਹਾਸਲ ਸੀ ਕਿਉਂਕਿ ਇਹ ਲੋਕ ਮੀਰਾਸ ਤੋਂ ਇਲਾਵਾ ਆਪਣੇ ਸਾਈਆਂ ਦੇ ਜਨਮ

ਮਰਨ, ਸਮਾਜਿਕ ਅਤੇ ਧਾਰਮਿਕ ਸਮਾਗਮਾਂ ਵਿਚ ਜ਼ਿਕਰਯੋਗ ਭੂਮਿਕਾ ਨਿਭਾਉਂਦੇ ਸਨ। ਮਰਾਸੀ ਲੋਕਾਂ ਦਾ ਕਿੱਤਾ ਸਿਰਫ਼ ਵਿਰਾਸਤੀ ਕੁਰਸੀਨਾਮਿਆਂ ਦਾ ਰਟਨ ਹੀ ਨਹੀਂ ਸੀ, ਇਸ ਕੰਮ ਤੋਂ ਇਲਾਵਾ ਇਹ ਲੋਕ ਆਪਣੇ ਜਜ਼ਮਾਨਾਂ ਦੀਆਂ ਸਮਾਜਿਕ, ਸਭਿਆਚਾਰਕ ਰੀਤਾਂ ਵਿੱਚ ਇਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਸਨ। ਮਰਾਸੀ ਕਬੀਲੇ ਦੀਆਂ ਔਰਤਾਂ ਆਪਣੇ ਸਰਦਾਰਾਂ ਦੇ ਘਰ ਦੇ ਨਿੱਕੇ-ਮੋਟੇ ਕੰਮ ਤੋਂ ਲੈ ਕੇ ਉਨ੍ਹਾਂ ਦੇ ਸਿੜ੍ਹੀ-ਸਿਆਪੇ ਤੱਕ ਪੂਰ ਚੜ੍ਹਾਉਂਦੀਆਂ ਸਨ। ਮਰਾਸੀ ਔਰਤਾਂ ਦੀ ਜਨਮ, ਮਰਨ ਅਤੇ ਵਿਆਹ ਸਮਾਗਮਾਂ ਵਿਚ ਬੜੀ ਖ਼ਾਸ ਭੂਮਿਕਾ ਹੁੰਦੀ ਸੀ। ਇਸ ਤੋਂ ਬਿਨਾਂ ਮਰਾਸੀ ਲੋਕ ਬੱਚੇ ਦੇ ਜਨਮ ਸਮੇਂ ਵਿਰਾਸਤ ਦਾ ਗੁਣਗਾਣ ਕਰਨ, ਵਿਆਹ ਸਮੇਂ ਮਿਲਣੀ ਕਰਾਉਣ, ਅਤੇ ਆਪਣੇ ਜਜ਼ਮਾਨਾਂ ਦੇ ਘਰ ਹੋਈ ਮੌਤ ਦਾ ਸਿਆਪਾ ਕਰਨ ਤੱਕ ਇਕ ਲੰਮੀ ਸਮਾਜਿਕ ਭੂਮਿਕਾ ਵਿੱਚ ਬੰਨ੍ਹੇ ਹੋਏ ਸਨ। ਆਪਣੇ ਜਜ਼ਮਾਨਾਂ ਦੇ ਪਿਆਰ ਅਤੇ ਨੇੜਤਾ ਕਾਰਨ ਇਹ 'ਮੀਰਜ਼ਾਦੇ' ਦਾ ਰੁਤਬਾ ਮਾਣਦੇ ਆਏ ਹਨ। ਇਸ ਸੰਬੰਧੀ ਇਹ ਆਖਿਆ ਜਾ ਸਕਦਾ ਹੈ ਕਿ ਮਰਾਸੀ ਕਬੀਲੇ ਆਪਣੀ 'ਕਲਾ ਅਤੇ ਕਿਰਤ' ਰਾਹੀਂ ਜਿੱਥੇ ਆਪਣੇ ਸਾਈਆਂ ਅਤੇ ਜਜ਼ਮਾਨਾਂ ਦੀ ਤਾਅਬੇਦਾਰੀ ਕਰਦਾ ਆ ਰਿਹਾ ਹੈ, ਉੱਥੇ ਨਾਲ ਹੀ ਵਿਰਾਸਤੀ ਝਗੜਿਆਂ ਦੇ ਨਿਪਟਾਰੇ ਵਿਚ ਅਹਿਮ ਭੂਮਿਕਾ ਅਦਾ ਕਰਦਾ ਰਿਹਾ ਹੈ। ਜੇਕਰ ਮਰਾਸੀ ਕਬੀਲੇ ਦੇ ਇਤਿਹਾਸ ਵੱਲ ਝਾਤੀ ਮਾਰੀ ਜਾਵੇ ਤਾਂ ਇਹ ਲੋਕ ਭਾਰਤ ਦੀਆਂ ਹੋਰ ਜਨ ਜਾਤੀਆਂ ਅਤੇ ਕਬੀਲਿਆਂ ਦੀ ਤਰ੍ਹਾਂ ਆਦਿ ਕਾਲੀ ਜੰਗਲੀ ਲੋਕ ਹਨ। ਇਹ ਲੋਕ ਆਦਿ ਕਾਲ ਤੋਂ ਹੀ ਕੁਦਰਤੀ ਜੀਵਨ ਅਨੁਸਾਰ ਵਿਚਰਦੇ ਹੋਏ ਜੰਗਲੀ ਜੀਵਨ ਬਤੀਤ ਕਰਦੇ ਆਏ ਹਨ। ਮਰਾਸੀ ਲੋਕ ਭਾਰਤ ਦੀਆਂ ਉਨ੍ਹਾਂ ਖ਼ਾਨਾਬਦੋਸ਼ ਕੌਮਾਂ ਵਿਚੋਂ ਹਨ ਜਿਹੜੇ ਕਿ ਆਦਿ ਕਾਲ ਤੋਂ ਘੁਮੰਤੂ ਅਤੇ ਰਮਤਾ ਜੀਵਨ ਬਤੀਤ ਕਰਦੇ ਆਏ ਹਨ। ਮਰਾਸੀ ਲੋਕਾਂ ਦੀ ਤੁਲਨਾ ਹਿੰਦੂ ਭੱਟਾਂ ਨਾਲ ਕੀਤੀ ਜਾ ਸਕਦੀ ਹੈ। ਸਾਡੇ ਬਹੁਤੇ ਇਤਿਹਾਸਕਾਰਾਂ, ਸਮਾਜ ਸ਼ਾਸਤਰੀਆਂ ਅਤੇ ਸਾਹਿਤਕਾਰਾਂ ਦੀ ਵੀ ਇਹੋ ਰਾਇ ਹੈ। ਇਸ ਸੰਦਰਭ ਵਿੱਚ ਜਿੱਥੇ ਭੱਟ ਲੋਕ ਹਿੰਦੂ ਧਰਮ ਦੇ ਫ਼ਲਸਫ਼ੇ ਅਤੇ ਰਸਮਾਂ-ਰੀਤਾਂ ਵਿੱਚ ਵਿਸ਼ਵਾਸ ਰੱਖਦੇ ਹਨ, ਉੱਥੇ ਮੀਰਾਸੀ ਲੋਕਾਂ ਦਾ ਝੁਕਾਅ ਮੁਸਲਮਾਨ ਧਰਮ ਵੱਲ ਹੈ ਪਰੰਤੂ ਆਪਣੇ ਜਜ਼ਮਾਨਾਂ ਦੀ ਮੀਰਾਸ ਦੇ ਨਾਲ-ਨਾਲ ਇਨ੍ਹਾਂ ਲੋਕਾਂ ਨੇ ਸੰਬੰਧਤ ਧਰਮਾਂ ਅਤੇ ਜਾਤੀਆਂ ਦੇ ਪ੍ਰਭਾਵ ਵੀ ਕਬੂਲੇ ਹਨ। ਸੰਖੇਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਮਰਾਸੀ ਲੋਕਾਂ ਦਾ ਜੀਵਨ ਦਰਸ਼ਨ ਕੁਦਰਤੀ ਧਰਮਾਂ ਅਤੇ ਸਥਾਨਕ ਧਰਮਾਂ ਦਾ ਮਿਲਗੋਭਾ ਹੈ। ਇਹ ਵੀ ਵੇਰਵੇ ਮਿਲਦੇ ਹਨ ਕਿ ਜੰਗਲਾਂ-ਬੇਲਿਆਂ ਅਤੇ ਰੋਹੀਆਂ ਦੇ ਜੀਵਨ ਸੋਮਿਆਂ ਦੀ ਨਿਰਭਰਤਾ ਖਤਮ ਹੋਣ 'ਤੇ ਇਹ ਲੋਕ ਭਾਰਤ ਦੇ ਪਿੰਡਾਂ ਵਿਚ ਵਸ ਗਏ। ਇਸ ਤਰ੍ਹਾਂ ਇਨ੍ਹਾਂ ਲੋਕਾਂ ਦੀ ਕਿਸਾਨੀ ਨਾਲ ਸੰਬੰਧਤ ਲੋਕਾਂ ਅਤੇ ਰਜਵਾੜਿਆਂ ਨਾਲ ਨੇੜਤਾ ਵਧਣ ਲੱਗੀ । ਇਸ ਤਰ੍ਹਾਂ ਇਨ੍ਹਾਂ ਲੋਕਾਂ ਨੇ ਆਪਣੀ ਤੀਖਣ ਬੁੱਧੀ ਅਤੇ ਸੂਝ ਸਦਕਾ ਆਪਣੇ ਮਾਲਕਾਂ ਦੇ ਕੁਰਸੀਨਾਮੇ ਯਾਦ ਕਰਨ ਅਤੇ ਦੁਹਰਾਉਣ ਦਾ ਕੰਮ ਸਾਂਭ ਲਿਆ। ਇਸ ਤਰ੍ਹਾਂ ਇਨ੍ਹਾਂ ਲੋਕਾਂ ਦਾ ਕੁਰਸੀਨਾਮਿਆਂ ਨਾਲ ਸੰਬੰਧਤ ਕਲਾਮਈ, ਸੰਗੀਤਕ ਅਤੇ ਮਜ਼ਾਹੀਆਂ ਅੰਦਾਜ਼ ਲੋਕ ਜੀਵਨ ਦਾ ਇਕ ਅਟੁੱਟ ਅੰਗ ਬਣ ਗਿਆ। ਇਸ ਤਰ੍ਹਾਂ ਪੰਜਾਬ ਵਿਚ ਮਰਾਸੀ ਲੋਕਾਂ ਦਾ ਪਸਾਰ ਅਤੇ ਪ੍ਰਭਾਵ

ਇਸ ਕਦਰ ਤੱਕ ਵੱਧਣ ਲੱਗਾ ਕਿ ਇਹ ਲੋਕ ਸਾਡੇ ਸੱਭਿਆਚਾਰ ਅਤੇ ਲੋਕਧਾਰਾ ਦਾ ਇਕ ਅਟੁੱਟ ਅੰਗ ਬਣ ਗਏ। ਇੱਥੇ ਇਹ ਗੱਲ ਵਰਣਨਯੋਗ ਹੈ ਕਿ ਮਰਾਸੀ ਕਬੀਲੇ ਦੇ ਲੋਕ ਜਿੱਥੇ ਆਪਣੇ ਸਰਦਾਰਾਂ ਅਤੇ ਜਜ਼ਮਾਨਾਂ ਦੇ ਰਾਜ਼ਦਾਰ ਹੁੰਦੇ ਸਨ, ਉੱਥੇ ਲਾਗ ਆਦਿ ਨਾ ਮਿਲਣ ਜਾਂ ਤਿਰਸਕਾਰੇ ਜਾਣ 'ਤੇ ਆਪਣੇ ਸਾਈਆਂ ਦਾ 'ਗੁੱਡਾ' ਬੰਨ੍ਹ ਕੇ ਭੰਡੀ ਪ੍ਰਚਾਰ ਵੀ ਕਰਦੇ ਸਨ। ਮਰਾਸੀ ਲੋਕ ਗੁੱਡਾ ਏਨੇ ਪ੍ਰਭਾਵਸ਼ਾਲੀ ਅਤੇ ਮਜ਼ਾਹੀਆ ਅੰਦਾਜ਼ ਵਿਚ ਬੰਨ੍ਹਦੇ ਸਨ ਕਿ ਸੰਬੰਧਤ ਜਜ਼ਮਾਨਾਂ ਨੂੰ ਆਪਣੇ ਮਰਾਸੀਆਂ ਨਾਲ ਸਮਝੌਤਾ ਕਰਨ ਲਈ ਮਜ਼ਬੂਰ ਹੋਣਾ ਪੈਂਦਾ ਸੀ। ਮਰਾਸੀ ਲੋਕ ਆਪਣੇ ਕੰਜੂਸ ਜਜ਼ਮਾਨਾਂ ਦਾ ਗੁੱਡਾ ਇਸ ਢੰਗ ਨਾਲ ਬੰਨਦੇ ਸਨ ਕਿ ਇਹ ਪੂਰੇ ਪਿੰਡ ਵਿਚ ਉਨ੍ਹਾਂ ਨੂੰ 'ਵਿਰਾਸਤੀ ਕੰਗਾਲ' ਸਿੱਧ ਕਰ ਦਿੰਦੇ ਸਨ। ਇਸਦੇ ਉਲਟ ਜਜ਼ਮਾਨਾਂ ਵੱਲੋਂ ਚੰਗਾ 'ਲਾਗ' ਅਤੇ 'ਰਸਦ' ਆਦਿ ਮਿਲਣ 'ਤੇ ਮਰਾਸੀ ਲੋਕ ਆਪਣੇ ਜਜ਼ਮਾਨਾਂ ਦੀ ਬੰਸਾਵਲੀ ਦਾ ਉੱਚੀ ਸੁਰ ਅਤੇ ਸੋਜ਼ ਭਰੀ ਆਵਾਜ਼ ਵਿਚ ਗਾ ਕੇ ਗੁਣਗਾਣ ਕਰਦੇ ਸਨ। ਇਸ ਤਰ੍ਹਾਂ ਹਰ ਇਕ ਸਮਾਜਿਕ ਸਮਾਗਮ ਵਿਚ ਆਪਣੇ ਜਜ਼ਮਾਨਾਂ ਅਤੇ ਸਰਦਾਰਾਂ ਦੀ ਜਸਕੀਰਤੀ ਅਤੇ ਸ਼ੋਭਾ ਮਰਾਸੀ ਕਬੀਲੇ ਦਾ ਨਿੱਤ ਦਾ ਪੇਸ਼ਾ ਸੀ। ਇਸ ਤਰ੍ਹਾਂ ਸਾਡੇ ਸਮਾਜ ਸਭਿਆਚਾਰ ਵਿਚ ਮਰਾਸੀ ਲੋਕਾਂ ਦੀ ਸ਼ਕਤੀਸ਼ਾਲੀ ਅਤੇ ਕੇਂਦਰੀ ਭੂਮਿਕਾ ਰਹੀ ਹੈ। ਤਕਨੀਕੀ ਵਿਕਾਸ ਦੇ ਚਲਦਿਆਂ ਕਿਸਾਨਾਂ ਅਤੇ ਰਜਵਾੜਿਆਂ ਦੇ ਮਸ਼ੀਨਾਂ ਤੇ ਸਸਤੀ ਮਜ਼ਦੂਰੀ 'ਤੇ ਨਿਰਭਰ ਹੋਣ ਕਾਰਨ ਮਰਾਸੀ ਲੋਕਾਂ ਦੇ ਪਿਤਾ ਪੁਰਖੀ ਪੇਸ਼ੇ 'ਤੇ ਗਹਿਰੀ ਸੱਟ ਵੱਜੀ ਹੈ। ਰਿਆਸਤਾਂ ਦੇ ਖਤਮ ਹੋਣ ਨਾਲ ਇਹ ਲੋਕ ਜਿੱਥੇ ਸਮਾਜਿਕ ਸਰਪ੍ਰਸਤੀ ਤੋਂ ਵਾਂਝੇ ਹੋ ਗਏ, ਉੱਥੇ ਇਨ੍ਹਾਂ ਲੋਕਾਂ ਲਈ ਦੁਸ਼ਵਾਰੀਆਂ ਦਾ ਇਕ ਲੰਮਾ ਦੌਰ ਆਰੰਭ ਹੁੰਦਾ ਹੈ। ਇਸੇ ਸੰਦਰਭ ਵਿਚ ਹਰੀ ਕ੍ਰਾਂਤੀ ਤੋਂ ਬਾਅਦ ਸਮਾਜਿਕ ਸੱਭਿਆਚਾਰਕ ਪਰਿਵਰਤਨ ਅਤੇ ਆਰਥਿਕ ਤਬਦੀਲੀਆਂ ਦੇ ਤਹਿਤ ਜਿੱਥੇ ਪੰਜਾਬ ਦੇ ਕਿਰਤੀ ਅਤੇ ਕਬੀਲੇ ਸਮਾਜਿਕ ਸਰਪ੍ਰਸਤੀ ਤੋਂ ਵਾਂਝੇ ਹੋਣ ਲੱਗਦੇ ਹਨ, ਉੱਥੇ ਵਿਸ਼ਵੀਕਰਨ ਦੇ ਅਜੋਕੇ ਦੌਰ ਵਿਚ ਪੰਜਾਬ ਦੇ ਕਬੀਲੇ ਮੰਡੀ ਦੀ ਸੋਚੀ-ਸਮਝੀ ਰਾਜਨੀਤੀ ਦੇ ਤਹਿਤ ਹਾਸ਼ੀਏ ਵੱਲ ਧੱਕ ਦਿੱਤੇ ਗਏ ਹਨ।

ਨਵੀਂ ਤਕਨਾਲੋਜੀ ਦੇ ਚਲਦਿਆਂ ਮਨੋਰੰਜਨ ਦੇ ਆਧੁਨਿਕ ਸਾਧਨ-ਵਿਕਸਤ ਹੋਣ ਨਾਲ ਪੰਜਾਬ ਦੇ ਇਹ ਕਬੀਲੇ ਰੋਜ਼ੀ ਰੋਟੀ ਦੀ ਜੰਗ ਲੜਨ ਲਈ ਮਜ਼ਬੂਰ ਹੋ ਗਏ ਹਨ। ਪੰਜਾਬ ਦੇ ਬਹੁਤ ਸਾਰੇ ਕਬੀਲੇ ਅਜਿਹੇ ਹਨ ਜਿਹੜੇ ਜ਼ਿਆਦਾਤਰ ਪੰਜਾਬ ਦੀ ਕਿਸਾਨੀ 'ਤੇ ਨਿਰਭਰ ਰਹੇ ਹਨ। ਇਨ੍ਹਾਂ ਵਿਚ ਬਾਜ਼ੀਗਰ, ਬੌਰੀਏ, ਸਾਂਸੀ, ਸਿਕਲੀਗਰ, ਗੁਜਰ, ਗਾਡੀਲੁਹਾਰ, ਬਰੜ, ਢੇਅ, ਓਡ ਅਤੇ ਰਾਏ ਸਿੱਖ ਕਬੀਲੇ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਹਰੀ ਕ੍ਰਾਂਤੀ ਤੋਂ ਬਾਅਦ ਬਦਲਦੇ ਆਰਥਿਕ ਆਧਾਰਾਂ ਨਾਲ ਇਨ੍ਹਾਂ ਕਬੀਲਿਆਂ ਦਾ ਜੀਵਨ ਵਿਘਟਤ ਹੋਣਾ ਸ਼ੁਰੂ ਹੁੰਦਾ ਹੈ। ਗਲੋਬਲ ਯੁਗ ਤੱਕ ਪਹੁੰਚਦਿਆਂ-ਪਹੁੰਚਦਿਆਂ ਇਹ ਕਬੀਲੇ ਬਿਲਕੁਲ ਹੀ ਸਮਾਜਿਕ ਸਭਿਆਚਾਰਕ ਪੱਖੋਂ ਪਿੱਠ ਭੂਮੀ ਵੱਲ ਚਲੇ ਜਾਂਦੇ ਹਨ। ਆਪਣੇ ਜਜ਼ਮਾਨਾਂ ਵੱਲੋਂ ਹਰ ਜਨਮ, ਵਿਆਹ ਅਤੇ ਮੌਤ ਦੀ ਰਸਮਾਂ ਵਿਚ ਦਿੱਤੇ ਜਾਣ ਵਾਲਾ ਲਾਗ ਇਨ੍ਹਾਂ ਕਬੀਲਿਆਂ ਦੇ ਜੀਵਨ ਦੀ ਮੁੱਖ ਆਧਾਰਸ਼ਿਲਾ ਰਿਹਾ ਹੈ। ਕੁਰਸੀਨਾਮੇ ਯਾਦ ਰੱਖਣੇ ਅਤੇ ਵਿਰਾਸਤੀ ਪਰੰਪਰਾ ਦਾ ਗੁਣਗਾਣ ਕਰਨ ਬਦਲੇ ਬਖਸ਼ਿਸ ਕੀਤੀ ਜਾਂਦੀ 'ਮੀਰੀ'

ਇਸ ਕਬੀਲੇ ਦਾ ਮੁੱਖ ਆਰਥਿਕ ਵਸੀਲਾ ਸੀ। ਇਸ ਤਰ੍ਹਾਂ ਪੰਜਾਬ ਦੇ ਮਰਾਸੀ ਆਪਣੇ ਜਜ਼ਮਾਨਾਂ ਨੂੰ ਖੁਸ਼ ਕਰਨ ਦਾ ਕੋਈ ਵੀ ਮੌਕਾ ਖੁੰਜਣ ਨਹੀਂ ਸੀ ਦਿੰਦੇ। ਮਰਾਸੀ ਕਬੀਲੇ ਵਿਚ ਮੀਰਾਸ ਪੀੜ੍ਹੀ ਦਰ ਪੀੜ੍ਹੀ ਅੱਗੇ ਤੋਂ ਅੱਗੇ ਚਲਦੀ ਰਹਿੰਦੀ ਸੀ। ਮਰਾਸੀ ਕਬੀਲੇ ਦੇ ਬੱਚੇ, ਬੁੱਢੇ ਅਤੇ ਔਰਤਾਂ ਮੀਰਾਸ ਦੀ ਕਲਾ ਵਿਚ ਪੂਰੀ ਮੁਹਾਰਤ ਰੱਖਦੇ ਹਨ। ਸਾਡੀ ਲੋਕਧਾਰਾ ਵਿਚ ਬਹੁਤ ਸਾਰੇ ਅਖਾਣ ਅਤੇ ਮੁਹਾਵਰੇ ਮਰਾਸੀ ਕਬੀਲੇ ਨਾਲ ਸੰਬੰਧਤ ਹਨ। ਵਿਰਾਸਤੀ ਸੰਗੀਤ ਦੀ ਪਰੰਪਰਾ ਹੋਵੇ ਜਾਂ ਜਜ਼ਮਾਨਾਂ ਦੇ ਘਰ 'ਪਿੱਟ ਸਿਆਪਾ' ਕਰਨ ਦੀ ਰੀਤੀ, ਮਰਾਸੀ ਆਪਣੇ ਪਿਤਾ ਪੁਰਖੀ ਕੰਮ ਵਿੱਚ ਪੂਰੇ ਪ੍ਰਬੀਨ ਸਨ। ਅਸੀਂ ਆਖ ਸਕਦੇ ਹਾਂ ਕਿ ਆਪਣੇ ਜਜ਼ਮਾਨਾਂ ਨੂੰ ਖੁਸ਼ ਕਰਨਾ ਹੀ ਮਰਾਸੀ ਕਬੀਲੇ ਦਾ ਇਕੋ ਇਕ ਧਰਮ ਸੀ। ਮਰਾਸੀ ਕਬੀਲੇ ਬਾਰੇ ਸਭ ਤੋਂ ਵਿਲੱਖਣ ਗੱਲ ਇਹ ਹੈ ਕਿ ਮਰਾਸੀ ਕਬੀਲੇ ਦੇ ਲੋਕ ਸੁਜਾਤੀ ਵਿਆਹ ਦੇ ਨਾਲ-ਨਾਲ ਕੁਝ ਮਨਾਹੀਆਂ ਅਤੇ ਮਾਨਤਾਵਾਂ ਵਿੱਚ ਗਹਿਰਾ ਵਿਸ਼ਵਾਸ ਰੱਖਦੇ ਹਨ। ਮਰਾਸੀ ਕਬੀਲੇ ਦੀ ਇਕ ਆਪਣੀ ਹੀ 'ਭਾਸ਼ਾ' ਅਤੇ 'ਗੁਪਤ ਭਾਸ਼ਾ' ਹੈ, ਜਿਹੜੀ ਕਿ ਅੱਜ ਵੀ ਕਬੀਲੇ ਦੇ ਲੋਕ ਮੂਲ ਰੂਪ ਵਿਚ ਬੋਲਦੇ ਹਨ। ਮਰਾਸੀ ਕਬੀਲੇ ਦੇ ਰਿਸ਼ਤਾ ਨਾਤਾ ਪ੍ਰਬੰਧ 'ਤੇ ਮੁਸਲਮਾਨ ਧਰਮ ਦਾ ਕਾਫ਼ੀ ਪ੍ਰਭਾਵ ਹੈ। ਪੰਜਾਬ ਦੇ ਜ਼ਿਆਦਾਤਰ ਮਰਾਸੀ ਪਿਤਰਾਂ ਦੇ ਗੋਤਰ ਨੂੰ ਛੱਡ ਕੇ ਮਾਤਰੀ ਪਰਿਵਾਰਾਂ ਵਿਚ ਰਿਸ਼ਤਾ-ਨਾਤਾ ਕਰ ਲੈਂਦੇ ਹਨ। ਭਾਰਤ ਵਿਚ ਵਰਣ-ਵਿਵਸਥਾ ਦੀ ਪ੍ਰਣਾਲੀ ਦੇ ਤਹਿਤ ਵੱਖ-ਵੱਖ ਜਾਤੀਆਂ ਦੇ ਵੱਖਰੇ-ਵੱਖਰੇ ਮਰਾਸੀ ਹੁੰਦੇ ਸਨ। ਜਾਤੀਆਂ ਦੇ ਸਤਰੀਕਰਨ ਦੇ ਅਨੁਸਾਰ ਮਰਾਸੀਆਂ ਦਾ ਜੀਵਨ ਪੱਧਰ ਆਂਕਿਆ ਜਾਂਦਾ ਸੀ। ਵੱਖ-ਵੱਖ ਜਾਤੀਆਂ ਤੋਂ ਇਲਾਵਾ ਮਰਾਸੀਆਂ ਦੇ ਆਪਣੇ ਮਰਾਸੀ ਵੀ ਹੁੰਦੇ ਸਨ ਜਿਨ੍ਹਾਂ ਨੂੰ 'ਮੀਰ ਮਲੰਗ' ਆਖਿਆ ਜਾਂਦਾ ਸੀ।

ਸਿੱਖ ਧਰਮ ਵਿਚ ਮਰਾਸੀ ਕਬੀਲੇ ਦਾ ਆਗਮਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਰਬਾਬੀ ਸਾਥੀ ਭਾਈ ਮਰਦਾਨਾ ਜੀ ਨਾਲ ਹੁੰਦਾ ਹੈ। ਉਸ ਤੋਂ ਬਾਅਦ ਜਦੋਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ ਪੀਰੀ ਦੇ ਸੰਕਲਪ ਦਾ ਅਹਿਦ ਲਿਆ ਤਾਂ ਉਨ੍ਹਾਂ ਨੇ ਆਪਣੇ ਦਰਬਾਰ ਵਿਚ ਮਰਾਸੀ ਕਬੀਲੇ ਦੇ ਪ੍ਰਸਿੱਧ ਢਾਡੀਆਂ 'ਮੀਰ ਅਬਦੁੱਲਾ' ਅਤੇ 'ਮੀਰ ਨੱਥਾ' ਨੂੰ ਦਰਬਾਰੀ ਢਾਡੀਆਂ ਦਾ ਉੱਚਾ ਰੁਤਬਾ ਦਿੱਤਾ। ਇਸ ਤਰ੍ਹਾਂ ਸਿੱਖ ਧਰਮ ਵਿਚ ਇਹ ਪਰੰਪਰਾ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਲਗਾਤਾਰ ਚਲਦੀ ਰਹੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਦਰਬਾਰ ਵਿਚ ਉੱਘੇ ਢਾਡੀ 'ਮੀਰ ਛਬੀਲਾ' ਅਤੇ 'ਮੁਸ਼ਕੀ' ਨੂੰ ਦਰਬਾਰੀ ਢਾਡੀ ਦਾ ਰੁਤਬਾ ਦੇ ਕੇ ਨਿਵਾਜਿਆ । ਇਸ ਤਰ੍ਹਾਂ ਸਿੱਖ ਧਰਮ ਵਿਚ ਮਰਾਸੀ ਕਬੀਲੇ ਦੇ ਢਾਡੀਆਂ ਦੀ ਅਮੀਰ ਪਰੰਪਰਾ ਅਜੋਕੇ ਦੌਰ ਵਿਚ ਵੀ ਪੀੜ੍ਹੀ-ਦਰ-ਪੀੜ੍ਹੀ ਅੱਗੇ ਚਲ ਰਹੀ ਹੈ।

ਇਸ ਤਰ੍ਹਾਂ ਗੁਰਮਤ ਸੰਗੀਤ ਦੀ ਅਮੀਰ ਪਰੰਪਰਾ ਤੋਂ ਇਲਾਵਾ ਸ਼ਾਸਤਰੀ ਸੰਗੀਤ ਵਿਚ ਵੀ ਮਰਾਸੀ ਕਬੀਲੇ ਦੀਆਂ ਪ੍ਰਾਪਤੀਆਂ ਜ਼ਿਕਰਯੋਗ ਹਨ। ਜੇਕਰ ਕਿਤੇ ਘਰਾਣਾ ਗਾਇਕੀ ਦਾ ਜ਼ਿਕਰ ਚਲਦਾ ਹੋਵੇ ਤਾਂ ਮਰਾਸੀ ਕਬੀਲੇ ਦਾ ਨਾਂ ਸਭ ਤੋਂ ਉੱਪਰ ਗਿਣਿਆ ਜਾਂਦਾ ਹੈ। ਮਰਾਸੀ ਕਬੀਲੇ ਨੇ ਪੰਜਾਬੀ ਲੋਕ ਗਾਇਕੀ ਅਤੇ ਘਰਾਣਾ ਗਾਇਕੀ ਨੂੰ ਕੁਝ ਅਜਿਹੇ ਗਾਇਕ ਦਿੱਤੇ ਹਨ ਜਿਨ੍ਹਾਂ ਦਾ ਨਾਂ ਗਾਇਕੀ ਦੀ ਦੁਨੀਆ ਵਿਚ ਧਰੂ ਧਾਰੇ ਵਾਂਗ

ਚਮਕਦਾ ਹੈ। ਕੁਲਦੀਪ ਮਾਣਕ, ਮੁਹੰਮਦ ਸਦੀਕ ਅਤੇ ਸਰਦੂਲ ਸਿਕੰਦਰ ਨੇ ਪੰਜਾਬੀ ਗਾਇਕੀ ਦੇ ਖੇਤਰ ਵਿਚ ਆਪਣਾ ਲੋਹਾ ਮੰਨਵਾਇਆ ਹੈ। ਜੇਕਰ ਅਜੋਕੇ ਦੌਰ ਵਿਚ ਮਰਾਸੀ ਕਬੀਲੇ ਦੇ ਲੋਕ ਜੀਵਨ ਬਾਰੇ ਗੱਲ ਕੀਤੀ ਜਾਵੇ ਤਾਂ ਸਥਿਤੀ ਬੜੀ ਉਲਟ ਅਤੇ ਤਰਸਯੋਗ ਬਣ ਜਾਂਦੀ ਹੈ। ਜੇਕਰ ਅਜੋਕੇ ਦੌਰ ਵਿਚ ਮਰਾਸੀ ਕਬੀਲੇ ਦੇ ਸਮਾਜਿਕ ਸਭਿਆਚਾਰਕ ਜੀਵਨ ਦੀ ਗੱਲ ਕੀਤੀ ਜਾਵੇ ਤਾਂ ਮਰਾਸੀ ਕਬੀਲਾ ਸਮਾਜ ਸੱਭਿਆਚਾਰ ਵਿਚ ਕੇਂਦਰੀ ਭੂਮਿਕਾ ਤੋਂ ਹਾਸ਼ੀਏ ਵੱਲ ਧੱਕਿਆ ਗਿਆ ਹੈ। ਰਾਜੇ ਮਹਾਰਾਜਿਆਂ ਦੀ ਸਰਪ੍ਰਸਤੀ ਪ੍ਰਾਪਤ ਇਹ ਕਬੀਲਾ ਤਕਨਾਲੋਜੀ ਦੇ ਵਿਕਾਸ ਹੋਣ ਨਾਲ ਮਨੋਰੰਜਨ ਦੇ ਨਵੇਂ ਢੰਗ ਤਰੀਕੇ ਵਿਕਸਤ ਹੋਣ ਕਰਕੇ ਬੇਵੱਸ ਅਤੇ ਲਾਚਾਰ ਹੋ ਕੇ ਰਹਿ ਗਿਆ। ਕਬੀਲੇ ਦੇ ਬਹੁਤੇ ਲੋਕ ਮੀਰਾਸ ਦਾ ਪਿਤਾ ਪੁਰਖੀ ਧੰਦਾ ਛੱਡ ਕੇ ਨਿਮਨ ਪ੍ਰਕਾਰ ਦੇ ਧੰਦੇ ਅਤੇ ਮਜ਼ਦੂਰੀ ਕਰਕੇ ਆਪਣਾ ਗੁਜ਼ਾਰਾ ਕਰ ਰਹੇ ਹਨ। ਪੁਰਾਣੀਆਂ ਰਵਾਇਤਾਂ ਦੇ ਚਲਦਿਆਂ ਕਬੀਲੇ ਦੇ ਲੋਕ ਅਨਪੜ੍ਹ ਅਤੇ ਅੰਧ-ਵਿਸ਼ਵਾਸੀ ਹਨ। ਨਵੀਂ ਦੁਨੀਆ ਦੇ ਆਗਾਜ਼ ਨਾਲ ਆਪਣੀ 'ਮੀਰਜ਼ਾਦੀ' ਖੁੱਸਣ ਕਰਕੇ ਇਹ ਲੋਕ ਯਤੀਮਾ ਵਰਗੀ ਹੋਣੀ ਭੋਗ ਰਹੇ ਹਨ। ਕਬੀਲੇ ਦੇ ਕਈ ਲੋਕ ਅੱਜ ਵੀ ਮੀਰਾਸ ਕਰਦੇ ਹਨ ਪਰੰਤੂ ਹੁਣ ਲੋਕ 'ਮੀਰਾਸ' ਵਿਚ ਬਹੁਤੀ ਦਿਲਚਸਪੀ ਨਹੀਂ ਲੈਂਦੇ। ਅਜੋਕੇ ਦੌਰ ਵਿਚ ਆਪਣੇ ਜਜ਼ਮਾਨਾਂ ਦੇ ਘਰ ਇਨ੍ਹਾਂ ਦੀ ਹਾਜ਼ਰੀ ਸੰਕੇਤਕ ਪੱਧਰ ਦੀ ਹੁੰਦੀ ਹੈ। ਕੁਝ ਲੋਕ ਇਨ੍ਹਾਂ ਨੂੰ ਥੋੜ੍ਹਾ ਬਹੁਤ ਲਾਗ ਦੇ ਕੇ ਵਿਦਾ ਕਰ ਦਿੰਦੇ ਹਨ। ਮਰਾਸੀ ਲੋਕ ਹੁਣ ਸੀਮਤ ਦਾਇਰਿਆਂ ਵਿਚ ਹੀ ਵਿਚਰਦੇ ਹਨ। ਕਬੀਲੇ ਦੇ ਕਈ ਲੋਕ ਭੰਡ ਅਤੇ ਨਕਲੀਆਂ ਦੇ ਰੂਪ ਵਿਚ ਵਿਆਹ ਸ਼ਾਦੀਆਂ ਤੇ ਹੋਰ ਖੁਸ਼ੀ ਨਾਲ ਸੰਬੰਧਤ ਸਮਾਗਮਾਂ ਵਿਚ ਹਾਜ਼ਰੀ ਭਰ ਕੇ ਲਾਗ ਪ੍ਰਾਪਤ ਕਰਦੇ ਹਨ। ਜਿੱਥੇ ਵੀ ਸ਼ਹਿਰੀਕਰਨ ਦਾ ਜ਼ਿਆਦਾ ਪ੍ਰਭਾਵ ਵੇਖਣ ਨੂੰ ਮਿਲਦਾ ਹੈ, ਉੱਥੇ ਮਰਾਸੀ ਲੋਕਾਂ ਦੀ ਹਾਜ਼ਰੀ ਬਹੁਤ ਘੱਟ ਹੁੰਦੀ ਹੈ। ਮਰਾਸੀ ਕਬੀਲੇ ਵਿਚ ਔਰਤ ਦੀ ਸਥਿਤੀ ਬਹੁਤ ਚਿੰਤਾਜਨਕ ਹੈ। ਇਸ ਕਬੀਲੇ ਦੀ ਔਰਤ ਸਿੱਖਿਆ ਅਤੇ ਸਿਹਤ ਪੱਖੋਂ ਜ਼ਲਾਲਤ ਹੰਢਾ ਰਹੀ ਹੈ। ਕਬੀਲੇ ਵਿਚ ਭਾਵੇਂ ਮੁੱਢਲੀ ਸਿੱਖਿਆ ਦਾ ਆਗਾਜ਼ ਹੋ ਚੁੱਕਾ ਹੈ ਪਰ ਇਹ ਸਿੱਖਿਆ ਦੀ ਲੜੀ ਰਸਤੇ ਵਿਚ ਹੀ ਦਮ ਤੋੜ ਜਾਂਦੀ ਹੈ। ਕਬੀਲੇ ਦਾ ਸਮਾਜਿਕ ਜੀਵਨ ਬਹੁਤ ਹੀ ਦੁਸ਼ਵਾਰੀਆਂ ਭਰਿਆ ਹੈ। ਇਹ ਲੋਕ ਨਵੀਂ ਸਿਰਜੀ ਦੁਨੀਆ ਵਿਚ ਅਜਨਬੀਆਂ ਵਾਂਗ ਰਹਿ ਰਹੇ ਹਨ।

ਗੁਰਮਤਿ ਸੰਗੀਤ ਅਤੇ ਸ਼ਾਸਤਰੀ ਸੰਗੀਤ ਵਿਚ ਮਰਾਸੀ ਕਬੀਲੇ ਦਾ ਜਿੱਥੇ ਪੂਰੀ ਮਾਨਤਾ ਅਤੇ ਸਤਿਕਾਰ ਰਿਹਾ ਹੈ, ਉੱਥੇ ਅਜੋਕੇ ਸਮੇਂ ਪੰਜਾਬੀ ਗਾਇਕੀ ਦੇ ਬਦਲਦੇ ਪ੍ਰਤਿਮਾਨਾਂ ਵਿਚ ਮਰਾਸੀ ਲੋਕ ਖਾਮੋਸ਼ੀ ਧਾਰਨ ਕਰ ਗਏ ਹਨ। ਕਬੀਲੇ ਦੇ ਕੁਝ ਲੋਕ ਸਾਜ਼ਿੰਦਿਆਂ ਦੇ ਰੂਪ ਵਿਚ ਕਾਰਜਸ਼ੀਲ ਹਨ ਪਰੰਤੂ ਗੰਭੀਰ ਗਾਇਕੀ ਅਤੇ ਸਾਜ਼ਿੰਦਗੀ ਦਿਨੋ ਦਿਨ ਹਾਸ਼ੀਏ ਵੱਲ ਜਾ ਰਹੀ ਹੈ। ਇਸੇ ਸੰਦਰਭ ਵਿਚ ਮਰਾਸੀ ਕਬੀਲੇ ਦਾ ਲੋਕ ਜੀਵਨ ਵੀ ਦਿਨੋ-ਦਿਨ ਬਦ ਤੋਂ ਬਦਤਰ ਹੁੰਦਾ ਜਾਂਦਾ ਹੈ।

ਅਜੋਕੇ ਦੌਰ ਵਿਚ ਮਰਾਸੀ ਕਬੀਲੇ ਦੇ ਲੋਕ ਖੇਤ ਮਜ਼ਦੂਰੀ ਤੋਂ ਲੈ ਕੇ ਨਿਮਨ ਪ੍ਰਕਾਰ ਦੇ ਧੰਦਿਆਂ ਨਾਲ ਜੁੜੇ ਹੋਏ ਹਨ। ਇਨ੍ਹਾਂ ਵਿਚੋਂ ਕੁਝ ਲੋਕ ਪਸ਼ੂ ਪਠੋਰਾ ਪਾਲ ਕੇ ਆਪਣਾ ਗੁਜ਼ਾਰਾ ਕਰ ਰਹੇ ਹਨ। ਕਬੀਲੇ ਦਾ ਗੌਰਵਸ਼ਾਲੀ ਇਤਿਹਾਸ ਅਤੇ ਪਰੰਪਰਾਵਾਂ ਬੀਤੇ ਦੀ

ਕਥਾ ਬਣ ਕੇ ਰਹਿ ਗਏ ਹਨ। ਜੇਕਰ ਮਰਾਸੀ ਕਬੀਲੇ ਦੀ ਅਜੋਕੀ ਸਥਿਤੀ ਦੀ ਗੱਲ ਕੀਤੀ ਜਾਵੇ ਤਾਂ ਕਬੀਲੇ ਦੀ ਸਮਾਜਿਕ ਸੱਭਿਆਚਾਰਕ ਸਥਿਤੀ ਹਰ ਪਾਸਿਓਂ ਚਿੰਤਾਜਨਕ ਬਣੀ ਹੋਈ ਹੈ। ਭਾਵੇਂ ਕਿ ਮਰਾਸੀ ਕਬੀਲੇ ਵਿਚ ਅੱਜ ਵੀ ਹੋਣਹਾਰ ਗਮੰਤਰੀ ਨਕਲੀਏ ਅਤੇ ਸਾਜ਼ਿੰਦੇ ਸੰਗੀਤ ਦੇ ਖੇਤਰ ਵਿਚ ਕਾਰਜਸ਼ੀਲ ਹਨ ਪਰੰਤੂ ਹੁਣ ਕਬੀਲੇ ਦੇ ਕਲਾਕਾਰਾਂ ਦੀ ਪਹਿਲਾਂ ਵਾਲੀ ਪੁੱਛ ਪ੍ਰਤੀਤ ਨਹੀਂ ਰਹੀ। ਕਬੀਲੇ ਵਿਚ ਕਈ ਥਾਵਾਂ 'ਤੇ ਬੱਚਿਆਂ ਦੀ ਸਿਹਤ ਅਤੇ ਸਿੱਖਿਆ ਸੰਬੰਧੀ ਸਾਰਥਕ ਯਤਨ ਹੋ ਰਹੇ ਹਨ ਪਰੰਤੂ ਕਬੀਲੇ ਦੇ ਲੋਕਾਂ ਨੂੰ ਆਪਣੇ ਪੈਰਾਂ 'ਤੇ ਖੜ੍ਹਨ ਨੂੰ ਅਜੇ ਸਮਾਂ ਲੱਗੇਗਾ।

ਨਿਆਂ ਪ੍ਰਣਾਲੀ : ਮੀਰਾਸੀ ਕਬੀਲੇ ਦੀ ਆਪਣੀ ਹੀ ਇਕ ਪੰਚਾਇਤ ਹੁੰਦੀ ਹੈ ਜਿਸ 'ਤੇ ਕਬੀਲੇ ਦੇ ਮੁੱਖੀ ਰਾਜ ਕਰਦੇ ਹਨ। ਪੰਚਾਇਤ ਦੇ ਮੁੱਖੀ ਨੂੰ 'ਰਾਣਾ' ਆਖਿਆ ਜਾਂਦਾ ਹੈ ਜਿਸਦੇ ਸਹਿਯੋਗੀ ਚਾਰ 'ਰਾਓ' ਮੀਰਾਸੀ ਹੁੰਦੇ ਹਨ। ਅੱਗੇ ਇਨ੍ਹਾਂ ਦੇ ਹੇਠਾਂ 'ਕੋਤਵਾਲ' ਅਤੇ 'ਸੰਦੇਸ਼ਵਾਹਕ' ਆਉਂਦੇ ਹਨ। ਮੀਰਾਸੀ ਕਬੀਲੇ ਦੇ ਫ਼ੈਸਲੇ ਇਕ ਆਪਣੀ ਚੁਣੀ ਹੋਈ ਮਹਾਪੰਚਾਇਤ ਦੁਆਰਾ ਕੀਤੇ ਜਾਂਦੇ ਹਨ। ਪੰਜਾਬ ਦੇ ਲਗਭਗ ਸਾਰੇ ਹੀ ਕਬੀਲਿਆਂ ਵਿੱਚ ਅਜਿਹਾ ਪ੍ਰਚਲਨ ਹੈ। ਕਬੀਲੇ ਦੀ ਪੰਚਾਇਤ ਕਬੀਲੇ ਦੇ ਅੰਦਰਲੇ ਅਤੇ ਬਾਹਰਲੇ ਝਗੜਿਆਂ ਸੰਬੰਧੀ ਨਿਰਣਾ ਲੈਂਦੀ ਹੈ। ਝਗੜੇ ਵਾਲੀ ਧਿਰ ਵਿੱਚੋਂ ਗਲਤੀ ਕਰਨ ਵਾਲੇ ਅਪਰਾਧੀ ਨੂੰ ਕੋਤਵਾਲ ਵੱਲੋਂ ਪੇਸ਼ ਕੀਤਾ ਜਾਂਦਾ ਹੈ। ਪੰਚਾਇਤਾਂ ਦਾ ਮੁੱਖੀ ਰਾਣਾ ਅਤੇ ਉਸਦੇ ਸਹਿਯੋਗੀ ਕੋਈ ਵੀ ਫੈਸਲਾ ਵਿਚਾਰ-ਵਟਾਂਦਰਾ ਕਰਨ ਉਪਰੰਤ ਹੀ ਕਰਦੇ ਹਨ। ਗਲਤੀ ਕਰਨ ਵਾਲੇ ਮੁਜ਼ਰਮ ਨੂੰ ਜ਼ੁਰਮ ਅਨੁਸਾਰ ਸਜ਼ਾ ਦਿੱਤੀ ਜਾਂਦੀ ਹੈ। ਛੋਟਾ-ਮੋਟਾ ਝਗੜਾ ਦੰਡ ਦੇ ਕੇ ਨਿਪਟਾ ਦਿੱਤਾ ਜਾਂਦਾ ਹੈ। ਕੋਈ ਭਾਰੀ ਅਪਰਾਧ ਕਰਨ ਦੀ ਸੂਰਤ ਵਿਚ, ਜਿਸ ਨਾਲ ਕਬੀਲੇ ਦੀ ਮਾਣ ਪ੍ਰਤਿਸ਼ਠਾ ਨੂੰ ਕੋਈ ਠੇਸ ਪਹੁੰਚਦੀ ਹੋਵੇ, ਅਜਿਹੀ ਸਥਿਤੀ ਵਿੱਚ ਅਪਰਾਧ ਕਰਨ ਵਾਲੇ ਵਿਅਕਤੀ ਨੂੰ ਕਬੀਲੇ ਵਿੱਚੋਂ ਛੇਕ ਦਿੱਤਾ ਜਾਂਦਾ ਹੈ। ਕਬੀਲਾ ਲੋਕਾਂ ਵਿੱਚ ਇਹ ਸਭ ਤੋਂ ਵੱਡੀ ਸਜ਼ਾ ਹੁੰਦੀ ਹੈ ਜਿਸਦਾ ਅਸਰ ਅੱਗੇ ਪੀੜ੍ਹੀ ਦਰ ਪੀੜ੍ਹੀ ਚਲਦਾ ਰਹਿੰਦਾ ਹੈ। ਇਨ੍ਹਾਂ ਪੰਚਾਇਤਾਂ ਨੂੰ 'ਖਪ' ਅਤੇ 'ਚੌਂਤਰਾ' ਆਖ ਕੇ ਵੀ ਸੰਬੋਧਨ ਕੀਤਾ ਜਾਂਦਾ ਹੈ। ਮਰਾਸੀ ਲੋਕ ਦੁਰਗਾ ਦੇਵੀ, ਸਖੀ ਸਰਵਰ, ਦੇਵੀ ਬਾਕਬਨੀ, ਪੀਰ ਮੁਰਤਜ਼ਾ, ਹਦਾਇਤ ਅਲੀ ਸ਼ਾਹ, ਸ਼ਾਹ ਮਾਸ਼ਾ ਵਲੀ, ਸ਼ਾਹ ਬਰਾਵਲ ਹੱਕ, ਅਮੀਰ ਖੁਸਰੋ ਅਤੇ ਲੱਖਦਾਤਾ ਪੀਰ ਦੇ ਅਨੁਯਾਈ ਹਨ। ਜਦੋਂ ਕੋਈ ਵੀ ਮਰਾਸੀ ਮੋਹ ਨਾਲ ਆਪਣੇ ਜਜ਼ਮਾਨ ਨੂੰ ਮਿਲਦਾ ਹੈ ਤਾਂ ਇਹ ਸ਼ਬਦ ਉਚਾਰਦਾ ਹੈ :

ਅੱਲਾ ਸੱਚ
ਨਬੀ ਬਰ ਹੱਕ
ਦੀਦਾਰ ਅੱਲਾ ਦਾ
ਹਜ਼ਰਤ ਦੀ

ਪੰਜਾਬੀ ਸਭਿਆਚਾਰ ਵਿੱਚ ਮਰਾਸੀਆਂ ਦਾ ਬੜਾ ਮਹੱਤਵਪੂਰਨ ਸਥਾਨ ਹੈ। ਪੰਜਾਬ ਵਿਚ ਕਿਸੇ ਵੀ ਖੁਸ਼ੀ ਅਤੇ ਸ਼ਗਨਾਂ ਨਾਲ ਸੰਬੰਧਤ ਰਸਮ ਦੀ ਮਰਾਸੀਆਂ ਤੋਂ ਬਿਨਾਂ ਕਲਪਨਾ ਵੀ ਨਹੀਂ ਸੀ ਕੀਤੀ ਜਾ ਸਕਦੀ। ਪੰਜਾਬ ਵਿੱਚ ਹਰ ਇਕ ਜਾਤੀ ਦਾ ਆਪਣਾ ਇਕ

ਮਰਾਸੀ ਹੁੰਦਾ ਸੀ। ਪੰਜਾਬ ਦੇ ਕਿਸਾਨਾਂ ਨੇ ਉਚੇਚੇ ਤੌਰ 'ਤੇ ਮਰਾਸੀ ਲੋਕਾਂ ਨੂੰ ਦੂਰ-ਦੁਰੇਡਿਓਂ ਬੁਲਾ ਕੇ ਆਪਣੇ-ਆਪਣੇ ਪਿੰਡਾਂ ਵਿੱਚ ਵਸਾਇਆ ਹੋਇਆ ਸੀ। ਇਨ੍ਹਾਂ ਲੋਕਾਂ ਦਾ ਮੁੱਖ ਕੰਮ 'ਲੋਕ ਮਨੋਰੰਜਨ' ਸੀ। ਮਰਾਸੀ ਲੋਕ ਖੁਸ਼ੀ ਨਾਲ ਸੰਬੰਧਤ ਸਮਾਗਮਾਂ ਵਿੱਚ ਆਪਣੇ ਜਜ਼ਮਾਨਾਂ ਦੀ ਮਜ਼ਾਹੀਆ ਅੰਦਾਜ਼ ਵਿੱਚ ਉਸਤਤ ਕਰਨ ਦੇ ਨਾਲ-ਨਾਲ ਨਕਲਾਂ ਕਰਕੇ ਢਿੱਡੀ ਪੀੜਾਂ ਪਾ ਦਿੰਦੇ ਹਨ। ਹਰ ਮਰਾਸੀ ਆਪਣੇ ਨਾਲ ਕੋਈ ਨਾ ਕੋਈ 'ਸਾਜ਼' ਰੱਖਦਾ ਅਤੇ ਆਪਣੀ ਸਾਜ਼ਿੰਦਗੀ ਦੇ ਨਾਲ ਲੋਕ ਮਨੋਰੰਜਨ ਵੀ ਕਰਦਾ ਹੈ ਜਿਸਦੇ ਇਵਜ਼ਾਨੇ ਵਿੱਚ ਇਹ ਲੋਕ 'ਲਾਗ' ਵਜੋਂ ਅਨਾਜ, ਕੱਪੜੇ ਅਤੇ ਪੈਸੇ ਪ੍ਰਾਪਤ ਕਰਦੇ ਹਨ। ਆਪਣੇ ਜਜ਼ਮਾਨਾਂ ਦੇ ਘਰ ਵਿੱਚ ਹੋਈ ਕਿਸੇ ਵੀ ਮੌਤ ਸਮੇਂ ਇਹ ਲੋਕ ਮਰਨ ਵਾਲੇ ਦਾ ਜਸ ਗਾਇਨ ਕਰਕੇ ਮ੍ਰਿਤਕ ਦੇ ਕੱਪੜੇ, ਦਾਣੇ ਅਤੇ ਪੈਸੇ ਆਦਿ ਭੇਟਾ ਵਜੋਂ ਪ੍ਰਾਪਤ ਕਰਦੇ ਆਏ ਹਨ। ਮੀਰਾਸੀ ਕਬੀਲੇ ਦੇ ਜੀਵਨ ਦਾ ਮੁੱਖ ਆਧਾਰ 'ਲਾਗ' ਹੈ। ਇਹ ਲੋਕ ਸ਼ਬਦ ਕਲਾ ਅਤੇ 'ਹਾਜ਼ਰ ਜਵਾਬੀ' ਵਿੱਚ ਨਿਪੁੰਨ ਹੁੰਦੇ ਹਨ। ਲੋਹੜੇ ਦੀ ਯਾਦ ਸ਼ਕਤੀ ਮਰਾਸੀ ਲੋਕਾਂ ਦਾ ਇਕ ਹੋਰ ਮੀਰੀ ਗੁਣ ਹੈ। ਸ਼ਾਇਦ ਇਸੇ ਗੁਣ ਕਰਕੇ ਹੀ ਇਹ ਲੋਕ ਲੰਬੇ ਚੌੜੇ ਕੁਰਸੀਨਾਮੇ ਇਨ-ਬਿਨ ਦੁਹਰਾਉਣ ਦੀ ਸਮਰੱਥਾ ਰੱਖਦੇ ਹਨ। ਪੰਜਾਬ ਦੇ ਮਰਾਸੀ ਦੀ ਹਰ ਸਮਾਜਿਕ ਸਭਿਆਚਾਰਕ ਸਮਾਗਮ ਵਿੱਚ ਵਿਸ਼ੇਸ਼ ਭੂਮਿਕਾ ਹੋਣ ਕਰਕੇ ਇਹ ਲੋਕ ਬੜੇ ਸਤਿਕਾਰ ਦੇ ਪਾਤਰ ਰਹੇ ਹਨ। ਕਿਸੇ ਵੀ ਪਰਿਵਾਰ ਵਿੱਚ ਵਿਰਾਸਤੀ ਝਗੜੇ ਜਾਂ ਜ਼ਮੀਨੀ ਵਿਵਾਦ ਸਮੇਂ ਮਰਾਸੀ ਲੋਕਾਂ ਦੀ ਗਵਾਹੀ ਬੜੀ ਅਹਿਮ ਮੰਨੀ ਜਾਂਦੀ ਸੀ। ਇੱਥੋਂ ਤੱਕ ਕਿ ਕਾਨੂੰਨੀ ਅਦਾਰਿਆਂ ਵਿੱਚ ਵੀ ਇਨ੍ਹਾਂ ਦੇ ਸ਼ਬਦਾਂ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਰਿਹਾ ਹੈ। ਪੰਜਾਬ ਵਿੱਚ ਜਨਮ, ਵਿਆਹ ਅਤੇ ਮੌਤ ਨਾਲ ਸੰਬੰਧਤ ਹਰ ਸਮਾਗਮ ਵਿੱਚ ਮਰਾਸੀ ਲੋਕ ਮੁਖ ਰੂਪ ਵਿਚ ਕ੍ਰਿਆਸ਼ੀਲ ਹੁੰਦੇ ਸਨ। ਆਪਣੇ ਜਜ਼ਮਾਨਾਂ ਦੀ ਮਾਣ ਵਡਿਆਈ ਹੀ ਇਨ੍ਹਾਂ ਦਾ ਨਿੱਤਾ ਦਾ ਪੇਸ਼ਾ ਸੀ। ਇਸ ਤਰ੍ਹਾਂ ਇਹ ਲੋਕ 'ਸ਼ਬਦ ਕਲਾ' ਦੇ ਸਹਾਰੇ ਕਿਸੇ ਵੀ ਖਾਨਦਾਨ ਦੇ ਛੋਟੇ ਤੋਂ ਛੋਟੀ ਕ੍ਰਿਆ 'ਤੇ 'ਮਹਾਕਾਵਿ' ਬੰਨ੍ਹ ਦਿੰਦੇ ਹਨ। ਬਣਦਾ ਮਾਣ ਸਤਿਕਾਰ ਅਤੇ ਲਾਗ ਨਾ ਮਿਲਣ ਉਪਰੰਤ ਇਹ ਲੋਕ ਆਪਣੇ ਜਜ਼ਮਾਨਾਂ ਦੀ 'ਗੁੱਡਾ' ਬੰਨ੍ਹ ਕੇ ਖਿੱਲੀ ਉਡਾਉਂਦੇ ਤਾਂ ਸੰਬੰਧਤ ਪਰਿਵਾਰ ਸ਼ਰਮਸ਼ਾਰ ਹੋ ਕੇ ਇਨ੍ਹਾਂ ਦੀ ਮਾਣ-ਪ੍ਰਤਿਸ਼ਠਾ ਬਹਾਲ ਕਰਨ ਲਈ ਮਜਬੂਰ ਹੋ ਜਾਂਦਾ ਸੀ। ਪੰਜਾਬ ਦੇ ਮਰਾਸੀ ਲੋਕ ਜਿੱਥੇ ਆਪਣੇ ਹੱਥ ਵਿੱਚ ਕੋਈ ਨਾ ਕੋਈ ਲੋਕ-ਸਾਜ਼ ਰੱਖਦੇ ਸਨ, ਉੱਥੇ ਨਾਲ ਹੀ ਮਤੇਹਰ (ਇਕ ਵਿਸ਼ੇਸ਼ ਸੋਟੀ) ਇਨ੍ਹਾਂ ਦੀ ਸ਼ਾਨ ਅਤੇ ਪਛਾਣ ਦਾ ਵਿਸ਼ੇਸ਼ ਚਿੰਨ੍ਹ ਹੁੰਦੀ ਸੀ। 'ਮਤੇਹਰ' ਹਰ ਮਰਾਸੀ ਲਈ ਸਨਮਾਨ ਦਾ ਸੂਚਕ ਹੈ। ਅੱਜ ਵੀ ਹਰ ਇਕ ਮਰਾਸੀ ਆਪਣੇ ਘਰ 'ਮਤੇਹਰ' ਜ਼ਰੂਰ ਰੱਖਦਾ ਹੈ। ਇਹ ਇਨ੍ਹਾਂ ਦੇ ਵਿਰਾਸਤੀ ਗੌਰਵ ਦੀ ਨਿਸ਼ਾਨੀ ਹੈ। ਗੌਰਵਸ਼ਾਲੀ ਮੌਖਿਕ ਇਤਿਹਾਸ ਹੋਣ ਕਰਕੇ ਮੀਰਾਸੀ ਲੋਕ ਲੋਹੜੇ ਦੀ ਸਮਰਣ ਸ਼ਕਤੀ ਦੀ ਮੁਹਾਰਤ ਰੱਖਦੇ ਹਨ।

ਪੰਜਾਬ ਦੇ ਪਿੰਡਾਂ ਵਿੱਚ ਅੱਜ ਵੀ ਮਰਾਸੀ ਲੋਕਾਂ ਦੀ ਸਰਗਰਮੀ ਨੂੰ ਵੇਖਿਆ ਜਾ ਸਕਦਾ ਹੈ। ਵਿਸ਼ਵੀਕਰਨ ਦੇ ਇਸ ਦੌਰ ਵਿੱਚ ਜਿੱਥੇ ਮਨੁੱਖ ਦਾ ਜੀਵਨ ਗੁੰਝਲਦਾਰ ਬਣਦਾ ਜਾ ਰਿਹਾ, ਉੱਥੇ ਮਰਾਸੀ ਲੋਕ ਅਤੇ ਪੰਜਾਬ ਦੇ ਹੋਰ ਕਿਰਤੀ ਵਰਗ ਅਤੇ ਕਬੀਲੇ ਵੀ ਇਸ

ਤੋਂ ਪ੍ਰਭਾਵਿਤ ਹੋਏ ਹਨ। ਅਜੋਕੇ ਦੌਰ ਵਿੱਚ 'ਮਰਾਸ' ਅਤੇ 'ਮਰਾਸੀਆਂ' ਨੂੰ ਸਨਮਾਨ ਦੇ ਤੌਰ 'ਤੇ ਨਹੀਂ ਵੇਖਿਆ ਜਾਂਦਾ। ਮਨੋਰੰਜਨ ਦੇ ਨਵੇਂ ਸਾਧਨ ਵਿਕਸਤ ਹੋਣ ਕਰਕੇ ਇਹ ਲੋਕ 'ਬੀਤੇ ਦੀ ਕਥਾ' ਬਣ ਕੇ ਰਹਿ ਗਏ ਹਨ। ਪੰਜਾਬ ਦੀ ਨਵੀਂ ਪੀੜ੍ਹੀ ਨੇ ਤਾਂ ਇਨ੍ਹਾਂ ਲੋਕਾਂ ਦੀ 'ਲੋਕ ਕਲਾ' ਨੂੰ ਬਿਲਕੁਲ ਹੀ ਵਿਸਾਰ ਦਿੱਤਾ ਹੈ। ਪੰਜਾਬ ਦੇ ਬਹੁਤੇ ਮਰਾਸੀ ਅੱਜ ਨਿੱਕੇ-ਨਿੱਕੇ ਧੰਦੇ ਕਰਕੇ ਆਪਣਾ ਜੀਵਨ ਨਿਰਬਾਹ ਕਰ ਰਹੇ ਹਨ। ਪੰਜਾਬ ਵਿੱਚ ਮੀਰਾਸੀਆਂ ਦੀਆਂ ਕੁਝ ਕੁ ਟੋਲੀਆਂ ਹੀ 'ਮੀਰਾਸ' ਕਮਾ ਰਹੀਆਂ ਹਨ। ਇਨ੍ਹਾਂ ਵਿਚੋਂ ਬਹੁਤੇ ਲੋਕ ਪਿਤਾ ਪੁਰਖੀ 'ਕਲਾ' ਨੂੰ ਛੱਡ ਕੇ ਹੋਰ ਧੰਦਿਆਂ ਵੱਲ ਆਕਰਸ਼ਿਤ ਹੋ ਰਹੇ ਹਨ। ਪੰਜਾਬ ਦੇ ਮਰਾਸੀਆਂ ਦੀ ਪੰਜਾਬੀ ਲੋਕ ਸੰਗੀਤ ਅਤੇ ਕਲਾ ਨੂੰ ਬਹੁਤ ਵੱਡੀ ਦੇਣ ਹੈ। ਸ਼ਾਹੀ ਰਾਜ ਘਰਾਣਿਆਂ ਨਾਲ ਜੁੜੇ ਹੋਣ ਕਰਕੇ ਇਨ੍ਹਾਂ ਨੇ ਪੰਜਾਬੀ ਕਲਾਸੀਕਲ ਲੋਕ ਸੰਗੀਤ, ਰਾਗ ਵਿਦਿਆ ਅਤੇ ਸ਼ਾਸਤਰੀ ਸੰਗੀਤ ਨੂੰ ਪੀੜ੍ਹੀ ਦਰ ਪੀੜ੍ਹੀ ਅੱਗੇ ਤੋਰਿਆ ਹੈ ਜਿਨ੍ਹਾਂ ਵਿਚੋਂ ਅੱਗੇ ਜਾ ਕੇ ਕਈ ਘਰਾਣੇ ਪੈਦਾ ਹੋਏ ਹਨ। ਇਨ੍ਹਾਂ ਵਿਚੋਂ ਤਲਵੰਡੀ ਘਰਾਣਾ, ਪਟਿਆਲਾ ਘਰਾਣਾ, ਜਾਡਲਾ ਘਰਾਣਾ, ਫਿਲੌਰ ਘਰਾਣਾ, ਹਰਿਆਣਾ ਘਰਾਣਾ ਅਤੇ ਜੈਪੁਰ ਘਰਾਣੇ ਦੇ ਨਾਂ ਪ੍ਰਮੁੱਖ ਹਨ। ਭਾਰਤੀ ਰਿਆਸਤਾਂ ਦੇ ਖਤਮ ਹੋ ਜਾਣ ਕਾਰਨ ਇਹ ਲੋਕ ਸਿਆਸੀ ਸਰਪ੍ਰਸਤੀ ਪੱਖੋਂ ਯਤੀਮ ਹੋ ਗਏ ਪਰ ਫਿਰ ਵੀ ਇਹ ਕਲਾ ਕਿਸੇ ਨਾ ਕਿਸੇ ਰੂਪ ਵਿਚ ਵਧਦੀ ਫੂਲਦੀ ਰਹੀ। ਪੰਜਾਬ ਦੀ ਵੰਡ ਨੇ ਵੀ ਇਨ੍ਹਾਂ ਸੰਗੀਤ ਘਰਾਣਿਆਂ ਨੂੰ ਗਹਿਰੀ ਢਾਹ ਲਾਈ ਹੈ। ਅੱਜ ਭਾਵੇਂ ਘਰਾਣਾ ਗਾਇਕੀ ਤੇਜ਼ੀ ਨਾਲ ਮੰਡੀ ਦਾ ਹਿੱਸਾ ਬਣ ਰਹੀ ਹੈ ਪਰ ਫਿਰ ਵੀ ਪੰਜਾਬ ਵਿੱਚ ਕੁਝ ਅਜਿਹੇ ਕਲਾਕਾਰ ਹਨ ਜਿਨ੍ਹਾਂ ਨੇ ਘਰਾਣਾ ਗਾਇਕੀ ਦਾ ਸਨਮਾਨ ਬਹਾਲ ਕਰਨ ਵਿੱਚ ਜ਼ਿਕਰਯੋਗ ਭੂਮਿਕਾ ਨਿਭਾਈ ਹੈ ਜਿਨ੍ਹਾਂ ਵਿਚੋਂ ਪੂਰਨ ਸ਼ਾਹਕੋਟੀ, ਸਰਦੂਲ ਸਿਕੰਦਰ, ਮਾਸਟਰ ਸਲੀਮ, ਦਲੇਰ ਮਹਿੰਦੀ, ਫਿਰੋਜ਼ ਖਾਨ, ਕੁਲਦੀਪ ਮਾਣਕ, ਸ਼ੌਕਤ ਮਤੋਈ, ਸ਼ੌਕਤ ਦੀਵਾਨਾ, ਵਿਨੀਤ ਖਾਂ, ਦਿਲਸ਼ਾਦ ਅਖਤਰ, ਮਨਪ੍ਰੀਤ ਅਖਤਰ, ਰੇਸ਼ਮਾਂ ਅਤੇ ਨੂਰਾਂ ਦਾ ਨਾਂ ਲਿਆ ਜਾ ਸਕਦਾ ਹੈ। ਪੰਜਾਬ ਦੀ ਨਕਲ ਕਲਾ 'ਤੇ ਅੱਜ ਵੀ ਮਰਾਸੀ ਲੋਕਾਂ ਦੀ ਗਹਿਰੀ ਛਾਪ ਵੇਖੀ ਜਾ ਸਕਦੀ ਹੈ। ਭਾਵੇਂ ਕਿ ਨਕਲ ਹੁਣ ਸਭਿਆਚਾਰਕ ਮੇਲਿਆਂ ਅਤੇ ਵਿਰਾਸਤੀ ਮੇਲਿਆਂ ਤੱਕ ਹੀ ਸੀਮਤ ਹੋ ਕੇ ਰਹਿ ਗਈ ਹੈ ਪਰ ਫਿਰ ਵੀ ਇਹ ਕਲਾ ਮਰਾਸੀਆਂ ਦੀ ਹਾਜ਼ਰ ਜਵਾਬੀ ਅਤੇ ਤੀਖਣ ਸੂਝ ਦਾ ਪ੍ਰਗਟਾਵਾ ਕਰਦੀ ਹੈ। ਗਾਇਕੀ ਅਤੇ ਨਕਲ ਕਲਾ ਵਿੱਚ ਹੋਰ ਜਾਤਾਂ ਅਤੇ ਘਰਾਣਿਆਂ ਦੇ ਸਰਗਰਮ ਹੋਣ ਕਰਕੇ ਮਰਾਸੀ ਲੋਕ ਹੁਣ ਪਛੜਦੇ ਨਜ਼ਰ ਆ ਰਹੇ ਹਨ ਭਾਵੇਂ ਕਿ ਇਸਦੇ ਕਈ ਹੋਰ ਕਾਰਨ ਵੀ ਹੋ ਸਕਦੇ ਹਨ ਪਰ ਇਸ ਅਜੋਕੇ ਦੌਰ ਵਿੱਚ ਬੜਾ ਕੁਝ ਬਦਲ ਰਿਹਾ ਹੈ। ਜ਼ਿੰਦਗੀ ਅਤੇ ਕਲਾ ਦੇ ਹਰ ਖੇਤਰ ਵਿੱਚ ਮੰਡੀ ਆਪਣੀ ਖੇਡ ਖੇਡ ਰਹੀ ਹੈ। ਤਕਨਾਲੋਜੀ ਮੀਡੀਆ ਅਤੇ ਮਨੋਰੰਜਨ ਦੇ ਹੋਰ ਚੈਨਲ ਵਿਕਸਤ ਹੋਣ ਕਰਕੇ ਇਹ ਕਲਾਕਾਰ ਕਬੀਲਾ ਕੇਂਦਰ ਤੋਂ ਹਾਸ਼ੀਏ ਵੱਲ ਧੱਕ ਦਿੱਤਾ ਗਿਆ ਹੈ।

ਪੰਜਾਬ ਦੇ ਮੀਰਾਸੀ ਕਬੀਲੇ ਦੀ ਵਰਤਮਾਨ ਸਥਿਤੀ

ਪੰਜਾਬ ਦੇ ਸਮਾਜ ਸਭਿਆਚਾਰ ਵਿਚ ਮੀਰਾਸੀ ਕਬੀਲੇ ਦਾ ਬੜਾ ਮਹੱਤਵਪੂਰਨ ਯੋਗਦਾਨ ਰਿਹਾ ਹੈ। ਮਰਾਸੀ ਕਬੀਲੇ ਦੇ ਲੋਕ ਆਪਣੀ ਤੀਖਣ ਸੂਝ, ਹਾਜ਼ਰ ਜਵਾਬੀ ਅਤੇ ਕਲਾ ਕੌਸ਼ਲ ਲਈ ਜਾਣੇ ਜਾਂਦੇ ਹਨ। ਮਰਾਸੀ ਕਬੀਲੇ ਦੇ ਲੋਕਾਂ ਦਾ ਮੁੱਖ ਧੰਦਾ ਆਪਣੇ ਜਜ਼ਮਾਨਾਂ ਦੀ ਖੁਸ਼ੀ-ਗ਼ਮੀ ਅਤੇ ਸਭਿਆਚਾਰਕ ਰਸਮਾਂ-ਰੀਤਾਂ ਵਿਚ ਇਕ ਖ਼ਾਸ ਧਿਰ ਵਜੋਂ ਸ਼ਮੂਲੀਅਤ ਕਰਨਾ ਹੁੰਦਾ ਸੀ। ਮਰਾਸੀ ਕਬੀਲੇ ਦੇ ਲੋਕ ਜਿੱਥੇ ਵਿਆਹ, ਮੰਗਣੇ, ਛਿੱਟੀ ਜਾਂ ਹੋਰ ਖੁਸ਼ੀ ਨਾਲ ਸੰਬੰਧਤ ਸਮਾਗਮਾਂ ਵਿੱਚ ਚੰਗਾ ਰੰਗ ਬੰਨ੍ਹਦੇ ਸਨ, ਉੱਥੇ ਨਾਲ ਹੀ ਵਿਅੰਗਾਤਮਕ ਲਹਿਜ਼ੇ ਵਿਚ ਸਮਾਜ ਵਿਚਲੀਆਂ ਕੁਰੀਤੀਆਂ ਅਤੇ ਵਧੀਕੀਆਂ ਨੂੰ ਜੱਗ ਜ਼ਾਹਰ ਕਰ ਦਿੰਦੇ ਸਨ। ਅਜਿਹੀ ਚੋਟ ਕਰਨ ਦਾ ਲਹਿਜ਼ਾ ਕੇਵਲ ਮਰਾਸੀ ਕਬੀਲੇ ਦੇ ਲੋਕ ਹੀ ਜਾਣਦੇ ਹਨ। ਆਪਣੇ ਅਨੋਖੇ ਅੰਦਾਜ਼ ਅਤੇ ਕਲਾ ਕੌਸ਼ਲ ਰਾਹੀਂ ਮਰਾਸੀ ਲੋਕ ਜਿੱਥੇ ਆਰਥਿਕ, ਸਮਾਜਿਕ ਅਤੇ ਰਾਜਨੀਤਕ ਅਸਾਂਵੇਂਪਣ ਦੇ ਖਿਲਾਫ਼ ਬੜੇ ਨਰਮ ਤੇ ਕਟਾਖਸ਼ੀ ਵਾਰਤਾਲਾਪ ਰਾਹੀਂ ਬਹੁਤ ਕੁਝ ਬਿਆਨ ਕਰ ਜਾਂਦੇ ਹਨ, ਉੱਥੇ ਨਾਲ ਹੀ ਪ੍ਰਬੀਨ ਕਲਾ ਜੁਗਤਾਂ ਰਾਹੀਂ ਇਸ ਵਰਤਾਰੇ ਪਿੱਛੇ ਕੰਮ ਰਹੀ ਸੱਤਾ ਨੂੰ ਵੀ ਅਗਰਭੂਮਿਤ ਕਰਦੇ ਹਨ। ਅਜੋਕੇ ਦੌਰ ਵਿੱਚ ਵੀ ਭੰਡ ਮਰਾਸੀ ਅਤੇ ਨਕਲੀਏ ਜ਼ਿਕਰਯੋਗ ਗਿਣਤੀ ਵਿਚ ਕਾਰਜਸ਼ੀਲ ਹਨ। ਅਜੋਕੇ ਸਮੇਂ ਸਭਿਆਚਾਰਕ ਰੂਪਾਂਤਰਣ ਦੇ ਚਲਦਿਆਂ ਭਾਵੇਂ ਮੰਡੀ ਬਹੁਤ ਸਾਰੇ ਜੱਦੀ ਪੁਸ਼ਤੀ ਅਤੇ ਵਿਰਾਸਤੀ ਕਲਾ ਰੂਪਾਂ 'ਤੇ ਬੜੇ ਹੈਰਾਨੀਜਨਕ ਢੰਗ ਨਾਲ ਕਾਬਜ਼ ਹੋ ਗਈ ਹੈ, ਅਜਿਹੇ ਕਾਲ਼ੇ ਅਤੇ ਮੁਨਾਫ਼ੇ ਦੇ ਦੌਰ ਵਿਚ ਭਾਰਤ ਅਤੇ ਪੰਜਾਬ ਦੇ ਮਰਾਸੀ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਮਰਾਸੀਆਂ ਦੀ ਗਾਇਨ ਕਲਾ ਅਤੇ ਰਾਗ ਰਸ ਦੀਆਂ ਕਲਾ ਵੰਨਗੀਆਂ ਤੇ ਆਰਥਿਕ ਵਸੀਲਿਆਂ 'ਤੇ ਕਾਬਜ਼ ਧਿਰਾਂ ਅਤੇ ਮਾਰਕੀਟ ਦਾ ਏਕਾਧਿਕਾਰ ਹੋਣ ਕਰਕੇ. ਇਹ ਲੋਕ 'ਖਾਲੀ ਢਿੱਡ' ਵਜਾਉਣ ਲਈ ਮਜ਼ਬੂਰ ਹੋ ਗਏ ਹਨ। ਇਸ ਸਭ ਵਰਤਾਰੇ ਪਿੱਛੇ ਹੋਰ ਵੀ ਕਈ ਕਾਰਨ ਹਨ। ਅਜੋਕੇ ਦੌਰ ਵਿਚ ਇਨ੍ਹਾਂ ਕਾਰਨਾਂ ਦੀ ਸ਼ਨਾਖ਼ਤ ਕਰਨੀ ਬਹੁਤ ਜ਼ਰੂਰੀ ਹੈ ਤਾਂ ਕਿ ਇਨ੍ਹਾਂ ਲੋਕਾਂ ਦੀ ਸਭਿਆਚਾਰਕ ਤੇ ਇਤਿਹਾਸਕ ਭੂਮਿਕਾ ਦਾ ਸਹੀ ਸਹੀ ਲੇਖਾ-ਜੋਖਾ ਕੀਤਾ ਜਾ ਸਕੇ। ਇਨ੍ਹਾਂ ਲੋਕਾਂ ਦਾ ਆਪਣੇ ਜਜ਼ਮਾਨਾਂ ਨਾਲ ਸਦੀਆਂ ਤੋਂ ਅਜਿਹਾ ਰਿਸ਼ਤਾ ਬਣਿਆ ਹੋਇਆ ਸੀ ਕਿ ਇਹ ਲੋਕ ਇਕ ਦੂਜੇ 'ਤੇ ਪੂਰੀ ਤਰ੍ਹਾਂ ਨਿਰਭਰ ਸਨ। ਦੂਜੀ ਗੱਲ ਇਹ ਸੀ ਕਿ ਉਸ ਦੌਰ ਵਿੱਚ ਲੋਕਾਂ ਵਿਚ ਜਾਤੀ ਤੇ ਜਮਾਤੀ ਚੇਤਨਾ ਦੀ ਘਾਟ ਸੀ ਤੇ ਇਹ ਲੋਕ ਇਕ ਦੂਜੇ ਪ੍ਰਤੀ ਆਪਣੇ ਫਰਜ਼ ਅਤੇ ਆਸਥਾ ਨੂੰ ਕੁਦਰਤ ਦੀ ਹੋਣੀ ਸਮਝਦੇ ਸਨ। ਉਦੋਂ ਹਾਲੇ ਬਹੁਤੀਆਂ ਕੌਮਾਂ 'ਰੋਜ਼ੀ ਰੋਟੀ' ਦੇ ਚੱਕਰ ਤੱਕ ਹੀ ਮਹਿਦੂਦ ਸਨ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਹਰੀ ਕ੍ਰਾਂਤੀ ਦੇ ਆਉਣ ਨਾਲ ਤੇ ਉਸ ਤੋਂ ਬਾਅਦ ਵਿਸ਼ਵੀਕਰਨ ਦੀ ਪ੍ਰਕਿਰਿਆ ਨਾਲ ਜਿੱਥੇ ਆਰਥਿਕ ਵਸੀਲਿਆਂ 'ਤੇ ਕਾਬਜ਼ ਧਿਰਾਂ ਮੁਨਾਫ਼ਾਖੋਰੀ ਵੱਲ ਵਧਦੀਆਂ ਹਨ, ਉੱਥੋਂ ਨਾਲ ਹੀ ਇਨ੍ਹਾਂ ਕਲਾਕਾਰ ਕਬੀਲਿਆਂ ਤੇ ਜਨਜਾਤੀਆਂ ਦਾ ਆਰਥਿਕ ਨਿਘਾਰ ਅਤੇ ਪਤਨ ਸ਼ੁਰੂ ਹੁੰਦਾ ਹੈ। ਇਨ੍ਹਾਂ

ਵਿੱਚ ਬਾਜ਼ੀਗਰ, ਬੌਰੀਆ, ਸਾਂਸੀ, ਬੰਗਾਲੇ, ਮਰਾਸੀ, ਨਾਟ ਅਤੇ ਬਹੁਤ ਸਾਰੇ ਹੋਰ ਕਬੀਲੇ ਵੀ ਸ਼ਾਮਲ ਹਨ। ਇਸ ਤੋਂ ਬਾਅਦ ਇਕ ਅਜਿਹਾ ਖਤਰਨਾਕ ਦੌਰ ਵੀ ਆਉਂਦਾ ਹੈ ਜਦੋਂ ਇਹ ਬਹਾਦਰ ਅਤੇ ਸਵੈ ਨਿਰਭਰ 'ਕਬੀਲੇ ਗਲੋਬਲ ਪਿੰਡ' ਵਿੱਚ 'ਭਿਖਾਰੀਆਂ' ਅਤੇ 'ਮੰਗਤਿਆਂ' ਵਿਚ ਤਬਦੀਲ ਹੋਣ ਲੱਗਦੇ ਹਨ। ਇਨ੍ਹਾਂ ਲੋਕਾਂ ਨੂੰ ਐਨੀ ਸੂਖ਼ਮ ਰਾਜਨੀਤੀ ਤੇ ਸਾਜ਼ਿਸ਼ ਦੇ ਤਹਿਤ ਹਾਸ਼ਿਆਕ੍ਰਿਤ ਕੀਤਾ ਜਾਂਦਾ ਹੈ ਕਿ ਇਹ ਲੋਕ ਆਪਣੇ ਹੀ ਦੇਸ਼ ਅਤੇ ਖਿੱਤਿਆਂ ਵਿਚ ਅਜਨਬੀਪਣ ਅਤੇ ਬੇਗਾਨਗੀ ਭੋਗਣ ਲਈ ਮਜ਼ਬੂਰ ਹੋ ਜਾਂਦੇ ਹਨ। ਹੌਲ਼ੀ-ਹੌਲ਼ੀ ਸਥਿਤੀ ਐਨੀ ਜ਼ਿਆਦਾ ਚਿੰਤਾਜਨਕ ਬਣ ਜਾਂਦੀ ਹੈ ਕਿ ਅਜੋਕੇ ਦੌਰ ਵਿਚ ਇਨ੍ਹਾਂ ਲੋਕਾਂ ਦੀਆਂ ਪ੍ਰਾਪਤੀਆਂ ਅਤੇ ਸਭਿਆਚਾਰਕ ਭੂਮਿਕਾ ਦਾ ਕਿਤੇ ਜ਼ਿਕਰ ਤੱਕ ਨਹੀਂ ਆਉਂਦਾ। ਮੰਡੀ ਨੇ ਮੀਡੀਆ, ਪ੍ਰਿੰਟ ਮੀਡੀਆ ਅਤੇ ਹੋਰ ਸੰਚਾਰ ਸਾਧਨਾਂ ਨੂੰ ਐਨਾ ਵੱਸ ਵਿਚ ਕਰ ਲਿਆ ਹੈ ਕਿ ਉਨ੍ਹਾਂ ਦਾ ਫੋਕਸੀਕਰਨ ਕੇਵਲ ਵਿਕਣ ਵਾਲੀਆਂ ਖ਼ਬਰਾਂ ਅਤੇ ਤਤਕਾਲੀ ਮੁੱਦਿਆਂ ਉੱਪਰ ਕੇਂਦਰਤ ਹੁੰਦਾ ਹੈ। ਉਨ੍ਹਾਂ ਦਾ ਕਿਸੇ ਕਿਸਮ ਦੇ ਸਮਾਜਿਕ ਸਰੋਕਾਰਾਂ ਅਤੇ ਮਨੁੱਖੀ ਕਦਰਾਂ-ਕੀਮਤਾਂ ਨਾਲ ਕੋਈ ਵੀ ਵਾਹ ਵਾਸਤਾ ਨਹੀਂ ਹੈ। ਇਸ ਤਰ੍ਹਾਂ ਅਸੀਂ ਆਖ ਸਕਦੇ ਹਾਂ ਕਿ ਮਰਾਸੀ ਕਬੀਲੇ ਦੇ ਲੋਕਾਂ ਨੂੰ ਇਸ ਚਕਾਚੌਂਧ ਅਤੇ ਗਲੈਮਰ ਦੇ ਯੁੱਗ ਵਿੱਚ ਬੜੀ ਭਾਰੀ ਕੀਮਤ ਤਾਰਨੀ ਪਈ ਹੈ।

ਸਦੀਆਂ ਤੋਂ ਆਰਥਿਕ ਸਾਧਨਾਂ ਅਤੇ ਸੰਪਤੀ ਤੋਂ ਵਿਰਵੇ ਇਹ ਲੋਕ ਜਿੱਥੇ ਇਕਲਾਪਾ ਹੰਢਾਉਣ ਲਈ ਮਜ਼ਬੂਰ ਹੋ ਗਏ ਹਨ, ਉੱਥੇ ਰੋਜ਼ੀ ਰੋਟੀ ਲਈ ਨਿੱਕੇ-ਨਿੱਕੇ ਧੰਦੇ ਅਤੇ ਮਜ਼ਦੂਰੀ ਕਰਕੇ ਪੇਟ ਪਾਲਣ ਲਈ ਮਜ਼ਬੂਰ ਹੋ ਗਏ ਹਨ। ਸਥਿਤੀ ਦਾ ਵਿਰੋਧਾਭਾਸ ਇਹ ਹੈ ਕਿ ਰਾਜੇ ਮਹਾਰਾਜਿਆਂ ਦੀ ਸਰਪ੍ਰਸਤੀ ਮਾਨਣ ਵਾਲਾ ਇਹ ਕਬੀਲਾ ਅੱਜ ਆਪਣੀ ਪਛਾਣ ਦੱਸਣ ਤੋਂ ਵੀ ਸ਼ਰਮਾਉਂਦਾ ਹੈ। ਇਨ੍ਹਾਂ ਲੋਕਾਂ ਦੀਆਂ ਦੁਸ਼ਵਾਰੀਆਂ ਦਾ ਅਸਲ ਦੌਰ ਹਰੀ ਕ੍ਰਾਂਤੀ ਤੋਂ ਸ਼ੁਰੂ ਹੁੰਦਾ ਹੈ। ਆਜ਼ਾਦੀ ਤੋਂ ਬਾਅਦ ਭਾਰਤ ਅਤੇ ਪੰਜ਼ਾਬ ਵਿਚ ਨਿੱਤ ਨਵੀਆਂ ਰਿਕਾਰਡਿੰਗ ਕੰਪਨੀਆਂ ਸਥਾਪਤ ਹੋਣ ਨਾਲ, ਜਿੱਥੇ ਘਰਾਣਾ ਗਾਇਕੀ ਅਤੇ ਇਨ੍ਹਾਂ ਲੋਕਾਂ ਦੇ ਪੁਰਾਤਨ ਕਲਾ ਰੂਪਾਂ ਨੂੰ ਨਜ਼ਰਅੰਦਾਜ਼ ਕੀਤਾ ਜਾਂਦਾ ਹੈ, ਅਜਿਹੀ ਸਥਿਤੀ ਵਿਚ ਪੰਜਾਬ ਦੇ ਘਰਾਣਾ ਗਾਇਕ ਅਤੇ ਵੱਖ-ਵੱਖ ਕਲਾਕਾਰ ਕਬੀਲੇ ਕਾਲਜੇ 'ਤੇ ਹੱਥ ਧਰ ਕੇ ਬਹਿ ਜਾਂਦੇ ਹਨ। ਇਸ ਸਮੇਂ ਦੌਰਾਨ ਜਿੱਥੇ ਪੱਛਮੀ ਪ੍ਰਭਾਵ ਅਤੇ ਹਿੱਪੀ ਕਲਚਰ ਦੇ ਪ੍ਰਭਾਵ ਹੇਠ ਲੋਕਾਂ ਦਾ ਸੁਹਜ ਸੁਆਦ ਵੱਖਰੀ ਤਰ੍ਹਾਂ ਦਾ ਹੋ ਜਾਂਦਾ ਹੈ, ਉੱਥੇ ਸਾਡੀ ਸਦੀਆਂ ਤੋਂ ਚਲੀ ਆ ਰਹੀ ਸੰਗੀਤ ਪਰੰਪਰਾ ਅਤੇ ਵੱਖ-ਵੱਖ ਕਲਾ ਰੂਪਾਂ ਦੀ ਅਮੀਰ ਵਿਰਾਸਤ ਹਟਕੋਰੇ ਲੈਣ ਲੱਗ ਜਾਂਦੀ ਹੈ। ਉਂਜ ਇਹ ਸਮਾਂ ਰਾਸ਼ਟਰ ਨਿਰਮਾਣ ਦਾ ਸਮਾਂ ਗਿਣਿਆ ਜਾਂਦਾ ਹੈ ਪਰੰਤੂ ਇਸ ਸੰਕ੍ਰਾਂਤੀ ਕਾਲ ਵਿਚ ਬੜਾ ਕੁਝ ਮੁੱਲਵਾਨ ਵੀ ਟੁੱਟ-ਭੱਜ ਕੇ ਮਿੱਟੀ ਹੋ ਜਾਂਦਾ ਹੈ। ਮੰਡੀ ਮੁਨਾਫ਼ੇ ਦੀ ਇਕ ਖ਼ਾਸ ਰਾਜਨੀਤੀ ਦੇ ਤਹਿਤ ਕੇਵਲ ਵਿਕਣ ਵਾਲੇ ਮਾਲ ਦਾ ਹੀ ਨਿਰਮਾਣ-ਪ੍ਰਚਾਰ ਕਰਦੀ ਹੈ। ਇਸ ਦੌਰ ਵਿੱਚ ਕੁਝ ਅਜਿਹੇ ਕਲਾਕਾਰ ਹੋਂਦ ਵਿਚ ਆਉਂਦੇ ਹਨ ਜਿਹੜੇ ਕਿ ਮੰਡੀ ਦੀ ਆਸ਼ਾ 'ਤੇ ਖ਼ਰੇ ਉਤਰਦੇ ਹਨ। ਮੰਡੀ ਅਜਿਹੇ ਗਾਇਕ ਗਾਇਕਾਵਾਂ ਅਤੇ ਕਲਾਕਾਰਾਂ ਨੂੰ ਪ੍ਰਮੋਟ ਕਰਨ ਲਈ ਅੱਡੀ ਚੋਟੀ ਦਾ ਜ਼ੋਰ ਲਾ

ਦਿੰਦੀ ਹੈ ਕਿਉਂਕਿ ਇਨ੍ਹਾਂ ਲੋਕਾਂ ਦੇ ਪ੍ਰਚਾਰ ਪ੍ਰਸਾਰ ਨਾਲ ਹੀ ਮੰਡੀ ਦੀ ਮੁਨਾਫ਼ੇ ਦੀ ਨੀਤੀ ਜੁੜੀ ਹੋਈ ਹੈ। ਇਸ ਸਥਿਤੀ ਵਿਚ ਰੇਡਿਓ, ਟੈਲੀਵੀਜ਼ਨ ਅਤੇ ਟੇਪ ਰਿਕਾਰਡਰਾਂ ਦੇ ਮਾਰਕੀਟ ਵਿਚ ਆਉਣ ਨਾਲ ਇਹ ਸੰਕਟ ਹੋਰ ਡੂੰਘਾ ਹੋ ਜਾਂਦਾ ਹੈ। ਇਸ ਪ੍ਰਕਾਰ ਲੋਕ ਮੰਨੋਰੰਜਨ ਵਿਚ ਇਕ ਵੱਡੇ ਪਰਿਵਰਤਨ ਨਾਲ ਪੰਜਾਬ ਦੇ ਕਲਾਕਾਰ ਘਰਾਣੇ ਗਰਕ ਹੋਣ ਲੱਗਦੇ ਹਨ। ਇਸ ਸਥਿਤੀ ਵਿਚ ਕਲਾਕਾਰ ਦਾ ਲੋਕਾਂ ਨਾਲ ਰਿਸ਼ਤਾ ਬਦਲਣ ਲੱਗਦਾ ਹੈ। ਇੱਥੇ ਕਲਾਕਾਰ ਅਤੇ ਲੋਕਾਂ ਦਾ ਆਪਸੀ ਰਿਸ਼ਤਾ ਖਤਮ ਹੋ ਜਾਂਦਾ ਹੈ। ਹੁਣ ਉਸਦਾ ਲੋਕਾਂ ਨਾਲ ਰਿਸ਼ਤਾ ਕੇਵਲ ਮੰਡੀ ਦੇ ਜ਼ਰੀਏ ਹੀ ਹੁੰਦਾ ਹੈ। ਗੱਲ ਕੀ ਹਰ ਕੋਈ ਕਲਾਕਾਰ ਮਾਰਕੀਟ ਵਿਚ ਟੇਪਾਂ, ਤਵਿਆਂ ਰਾਹੀਂ ਵਿਕਣ ਲੱਗਦਾ ਹੈ। ਇਹ ਉਹ ਸਮਾਂ ਹੈ ਜਦੋਂ ਕਿ ਕਲਾਕਾਰ ਦੀ ਲੋਕ ਪ੍ਰਤੀਬੱਧਤਾ ਖਤਮ ਹੋਣ ਲੱਗਦੀ ਹੈ ਤੇ ਉਹ ਸਿੱਧੇ ਤੌਰ 'ਤੇ ਲੋਕਾਂ ਪ੍ਰਤੀ ਜਵਾਬਦੇਹ ਨਹੀਂ ਰਹਿੰਦਾ। ਇੱਥੋਂ ਪੰਜਾਬੀ ਗਾਇਕੀ ਆਪਣਾ ਨਿਰੋਲ ਵਪਾਰਕ ਰਸਤਾ ਅਖ਼ਤਿਆਰ ਕਰ ਲੈਂਦੀ ਹੈ। ਵਿਸ਼ਵੀਕਰਨ ਦੇ ਦੌਰ ਵਿਚ ਇਹ ਸੰਕਟ ਹੋਰ ਵੀ ਵਿਕਰਾਲ ਬਣ ਜਾਂਦਾ ਹੈ। ਸੀ.ਡੀ.ਕਲਚਰ ਅਤੇ ਗੀਤਾਂ ਦੇ ਵੀਡਿਓ ਫ਼ਿਲਮਾਂਕਣ ਦੀ ਇਕ ਅਜਿਹੀ ਪ੍ਰਥਾ ਵਿਕਸਤ ਹੁੰਦੀ ਹੈ ਜਿਹੜੀ ਕਿ ਨਿਰੋਲ ਮੁਨਾਫ਼ਾ ਅਤੇ ਮੰਡੀ ਕੇਂਦਰਤ ਹੋ ਨਿਬੜਦੀ ਹੈ। ਇਹ ਸਮਾਂ ਘਰਾਣਾ ਗਾਇਕੀ ਲਈ ਗਹਿਰੇ ਸੰਕਟ ਦਾ ਸਮਾਂ ਬਣ ਜਾਂਦਾ ਹੈ। ਭਾਵੇਂ ਕਿ ਇਸ ਵਰਤਾਰੇ ਦੇ ਖਿਲਾਫ਼ ਕੁਝ ਸੰਜ਼ੀਦਾ ਅਤੇ ਦਾਨਿਸ਼ਮੰਦਾਂ ਦੀਆਂ ਆਵਾਜ਼ਾਂ ਵੀ ਉੱਭਰ ਕੇ ਸਾਹਮਣੇ ਆਉਂਦੀਆਂ ਹਨ ਪਰੰਤੂ ਇਸ ਵਰਤਾਰੇ ਨੂੰ ਕਿਸੇ ਤਰ੍ਹਾਂ ਵੀ ਕੋਈ ਠੱਲ੍ਹ ਨਹੀਂ ਪੈਂਦੀ। ਇਸ ਦੌਰ ਵਿਚ ਜਿੱਥੇ ਘਰਾਣਾ ਗਾਇਕੀ ਮਾਰਕੀਟ ਤੋਂ ਕਿਨਾਰਾ ਕਰਨ ਲੱਗਦੀ ਹੈ, ਉੱਥੇ ਹੌਲੀ-ਹੌਲੀ ਹਾਸ਼ੀਆਕ੍ਰਿਤ ਵੀ ਹੋਣ ਲੱਗਦੀ ਹੈ। ਅਜਿਹੇ ਸਮੇਂ ਵਿਚ ਮਰਾਸੀ ਕਬੀਲੇ ਦੇ ਸਿਰਕੱਢ ਗਾਇਕਾਂ ਅਤੇ ਹਾਸਰਸ ਕਲਾਕਾਰਾਂ ਦਾ ਪਤਨ ਸ਼ੁਰੂ ਹੋ ਜਾਂਦਾ ਹੈ ਕਿਉਂਕਿ ਮੰਡੀ ਇਕ ਸੋਚੀ-ਸਮਝੀ ਰਾਜਨੀਤੀ ਦੇ ਤਹਿਤ ਲੋਕਾਂ ਦੀ ਅਜਿਹੀ ਮਾਨਸਿਕਤਾ ਬਣਾ ਦਿੰਦੀ ਹੈ ਜਿਸ ਨਾਲ ਉਹ ਆਪਣੇ ਸਮਾਜਿਕ ਸਭਿਆਚਾਰਕ ਪ੍ਰਤੀਮਾਨਾਂ ਤੋਂ ਹੌਲੀ-ਹੌਲੀ ਟੁੱਟਣ ਲੱਗਦੇ ਹਨ। ਇਸੇ ਸੰਦਰਭ ਵਿਚ, ਜੇਕਰ ਮਰਾਸੀ ਕਬੀਲੇ ਦੇ ਲੋਕਾਂ ਦੀ ਸਥਿਤੀ ਦਾ ਵਿਸ਼ਲੇਸ਼ਣ ਕੀਤਾ ਜਾਵੇ, ਤਾਂ ਇਨ੍ਹਾਂ ਲੋਕਾਂ ਦੇ ਜੀਵਨ ਸੰਬੰਧੀ ਬੜੇ ਹੈਰਾਨੀਜਨਕ ਤੱਥ ਸਾਹਮਣੇ ਆਉਂਦੇ ਹਨ। ਇਸ ਲਈ ਉਪਰੋਕਤ ਹਵਾਲਿਆਂ ਦੇ ਸੰਬੰਧ ਵਿੱਚ ਇਹ ਗੱਲ ਆਖੀ ਜਾ ਸਕਦੀ ਹੈ ਕਿ ਆਧੁਨਿਕ ਸਮੇਂ ਦੇ ਮਸ਼ੀਨੀਕਰਨ, ਤਕਨਾਲੋਜੀ, ਅਤੇ ਰਿਕਾਰਡਿੰਗ ਦੇ ਖੇਤਰ ਵਿਚ ਇਨਕਲਾਬ ਆਉਣ ਨਾਲ ਮੀਰਾਸੀ ਕਬੀਲੇ ਦੇ ਲੋਕ ਆਪਣੇ ਪਿਤਾ ਪੁਰਖੀ ਪੇਸ਼ੇ 'ਮੀਰਸ ਦੀ ਕਲਾ' ਤੋਂ ਵਿਰਵੇ ਹੋ ਕੇ ਰਹਿ ਗਏ ਹਨ। ਅੱਜ ਇਨ੍ਹਾਂ ਲੋਕਾਂ ਦੀ ਇੱਥੇ 'ਖਾਮੋਸ਼ ਚੀਖ' ਸੁਣਨ ਵਾਲਾ ਕੋਈ ਨਹੀਂ ਹੈ। ਕਿਉਂਕਿ ਮੰਡੀ ਦਾ ਇਕ ਮੰਤਵ 'ਮੁਨਾਫ਼ਾ' ਹੈ। ਜੇਕਰ ਮੀਰਾਸੀ ਲੋਕਾਂ ਦੀ ਗਿਣਤੀ ਦੀ ਗੱਲ ਕੀਤੀ ਜਾਵੇ ਤਾਂ ਪੰਜਾਬ ਦੇ ਹਰ ਇਕ ਪੁਰਾਣੇ ਪਿੰਡ ਵਿਚ ਮਰਾਸੀ ਲੋਕਾਂ ਦੇ ਪਰਿਵਾਰ ਬੈਠੇ ਹੋਏ ਹਨ ਕਿਉਂਕਿ ਉਨ੍ਹਾਂ ਸਮਿਆਂ ਵਿਚ ਮਰਾਸੀ ਲੋਕਾਂ ਨੂੰ ਪਿੰਡ ਦੇ ਕਈ ਵਿਰਾਸਤੀ ਅਤੇ ਸਭਿਆਚਾਰਕ ਰਸਮਾਂ-ਰੀਤਾਂ ਵਿਚ ਇਕ ਖ਼ਾਸ ਭੂਮਿਕਾ ਨਿਭਾਉਣੀ ਪੈਂਦੀ ਸੀ।

ਮਰਾਸੀ ਲੋਕਾਂ ਦਾ ਕੰਮ ਆਪਣੇ ਜਜ਼ਮਾਨਾਂ ਦੇ 'ਕੁਰਸੀਨਾਮੇ' ਯਾਦ ਕਰਨ ਤੋਂ ਇਲਾਵਾ ਸ਼ਗਨਾਂ ਅਤੇ ਮੌਤ ਦੀਆਂ ਰਸਮਾਂ ਵਿਚ ਵੀ ਸ਼ਰੀਕ ਹੋਣਾ ਪੈਂਦਾ ਸੀ, ਜਿਸਦੇ ਇਵਜ਼ ਵਿਚ ਇਨ੍ਹਾਂ ਲੋਕਾਂ ਨੂੰ ਕੁਝ ਭੇਟਾ, ਅਨਾਜ ਅਤੇ ਆਪਣੇ ਜਜ਼ਮਾਨਾਂ ਦੀ ਮਿਹਰ ਆਦਿ ਮਿਲਦੀ ਰਹਿੰਦੀ ਸੀ। ਇੱਕੋ ਇਕ ਗੁਜ਼ਾਰੇ ਦਾ ਸਾਧਨ ਹੋਣ ਕਰਕੇ ਮੀਰਾਸੀ ਕਬੀਲੇ ਦੀਆਂ ਔਰਤਾਂ ਵੀ ਆਪਣੇ ਜਜ਼ਮਾਨਾਂ ਦੇ ਘਰ ਜਾ ਕੇ 'ਸ਼ਗਨਾਂ' ਅਤੇ ਵਿਆਹ ਸਮਾਗਮਾਂ ਵਿੱਚ ਸਹਾਈ ਹੋ ਕੇ ਆਪਣੀ ਭੂਮਿਕਾ ਨਿਭਾਉਂਦੀਆਂ ਸਨ। ਇਨ੍ਹਾਂ ਨੂੰ ਘਰ ਦੇ ਨਿੱਕੇ-ਨਿੱਕੇ ਕੰਮ ਜਿਵੇਂ ਕਿ ਸਫ਼ਾਈ ਕਰਨਾ, ਵਿਆਹ ਵਾਲੇ ਲੜਕੇ ਜਾਂ ਲੜਕੀ ਦੀ ਦੇਖ-ਰੇਖ ਕਰਨਾ, ਘਰ ਦਾ ਕੱਪੜਾ-ਲੀੜਾ ਸਾਂਭਣਾ, ਵਿਆਹ ਸੰਬੰਧੀ ਸਾਮੱਗਰੀ ਅਤੇ ਮਸਾਲੇ ਆਦਿ ਤਿਆਰ ਕਰਨਾ, ਘਰ ਦੀਆਂ ਔਰਤਾਂ ਦੇ ਸਹਿਯੋਗੀ ਦੇ ਰੂਪ ਵਿੱਚ ਕੰਮ ਕਰਨਾ ਪੈਂਦਾ ਸੀ। ਮਰਾਸੀ ਕਬੀਲੇ ਦੀਆਂ ਔਰਤਾਂ ਦਾ ਕੋਈ ਵੀ ਮਰਗਤ ਹੋਣ ਦੀ ਸੂਰਤ ਵਿੱਚ 'ਪਿੱਟ ਸਿਆਪਾ' ਕਰਨ ਦਾ ਮੁੱਖ ਸੰਸਕਾਰ ਹੁੰਦਾ ਸੀ। ਪਿੰਡ ਵਿਚ ਆਪਣੇ ਜਜ਼ਮਾਨ ਦੇ ਘਰ ਕੋਈ ਵੀ ਮੌਤ ਹੋਣ ਦੀ ਸੂਰਤ ਵਿਚ ਮਰਾਸੀ ਕਬੀਲੇ ਦੀ ਕੋਈ ਸਿਆਣੀ ਅਤੇ ਮੁੱਖ ਔਰਤ ਸਿਆਪਾ ਕਰਾਉਣ ਲਈ ਬੋਲ ਚੁੱਕਦੀ ਸੀ ਜਿਸਦੇ ਪਿੱਛੇ ਮ੍ਰਿਤਕ ਦੇ ਸਿਆਪੇ ਵਿਚ ਸ਼ਾਮਲ ਔਰਤਾਂ ਉਸ ਦੁਆਰਾ ਬੋਲੇ ਗਏ ਸ਼ਬਦ ਦੁਹਰਾਉਂਦੀਆਂ ਸਨ। ਮਰਾਸੀ ਕਬੀਲੇ ਦੀਆਂ ਔਰਤਾਂ ਸਿਆਪਾ ਕਰਾਉਣ ਦੀ ਕਲਾ ਵਿਚ ਐਨੀਆਂ ਮਾਹਿਰ ਹੁੰਦੀਆਂ ਹਨ ਕਿ ਮਰਗਤ ਵਿਚ ਸ਼ਾਮਲ ਔਰਤਾਂ ਉਸਦੇ ਬੋਲਾਂ ਦੇ ਪਿੱਛੇ-ਪਿੱਛੇ ਕੀਰਨੇ ਪਾ-ਪਾ ਕੇ ਮਰਨ ਵਾਲੇ ਵਿਅਕਤੀ ਪ੍ਰਤੀ ਆਪਣੀ ਭਾਵਨਾਤਮਕ ਸਾਂਝ ਅਤੇ ਲਗਾਉ ਪ੍ਰਗਟ ਕਰਦੀਆਂ ਹਨ। ਅਸਲ ਵਿਚ ਇਹ ਸਦੀਆਂ ਪੁਰਾਣੀ ਭਾਵ ਵਿਰੇਚਨ ਵਿਧੀ ਹੈ ਜਿਸਨੂੰ ਅਰਸਤੂ ਨੇ ਆਪਣੇ ਕਾਵਿ ਸ਼ਾਸਤਰ ਵਿੱਚ 'ਕਥਾਰਸਿਸ' (Catharsis) ਦਾ ਨਾਂ ਦਿੱਤਾ ਹੈ। ਕਥਾਰਸਿਸ ਕਿਸੇ ਵੀ ਧੁਰ ਅੰਦਰ ਤੱਕ ਭਰੇ ਵਿਅਕਤੀ ਨੂੰ ਵਕਤੀ ਤੌਰ 'ਤੇ ਹੌਲਾ-ਫੁੱਲ ਕਰਨ ਵਿਚ ਸਹਾਈ ਹੁੰਦਾ ਹੈ। ਇਸ ਤੋਂ ਇਲਾਵਾ ਮਰਾਸੀ ਕਬੀਲੇ ਦੀਆਂ ਔਰਤਾਂ ਨੂੰ ਜਨਮ ਵਿਆਹ ਅਤੇ ਮੌਤ ਨਾਲ ਸੰਬੰਧਤ ਸੰਸਕਾਰਾਂ ਵਿਚ ਨਿਸਚਿਤ ਕੀਤੀ ਗਈ ਪਿਤਾ ਪੁਰਖੀ ਭੂਮਿਕਾ ਨਿਭਾਉਣੀ ਪੈਂਦੀ ਸੀ। ਇਸ ਸੰਬੰਧ ਵਿਚ ਮਰਾਸੀ ਲੋਕ, ਜਿਨ੍ਹਾਂ ਨੂੰ ਉਨ੍ਹਾਂ ਵੇਲਿਆਂ ਵਿਚ ਲੋਕ ਸਤਿਕਾਰ ਵਜੋਂ 'ਮੀਰਜ਼ਾਦਾ' ਆਖ ਕੇ ਸੱਦਦੇ ਸਨ, ਦਾ ਮੁੱਖ ਕੰਮ ਆਪਣੇ ਜ਼ਜਮਾਨਾਂ ਦਾ ਮੰਨੋਰੰਜਨ ਕਰਨਾ, ਕੁਰਸੀਨਾਮੇ ਯਾਦ ਰੱਖਣੇ, ਜਨਮ, ਮਰਨ ਅਤੇ ਵਿਆਹ ਸੰਬੰਧੀ ਸਮਾਗਮਾਂ ਵਿਚ ਪਿਤਾ ਪੁਰਖੀ ਭੂਮਿਕਾ ਨਿਭਾ ਕੇ ਲਾਗ ਪ੍ਰਾਪਤ ਕਰਨਾ ਹੁੰਦਾ ਸੀ। ਮਰਾਸੀ ਕਬੀਲੇ ਦੀਆਂ ਕਈ ਸ਼੍ਰੇਣੀਆਂ ਹਨ। ਹਰ ਇਕ ਸ਼੍ਰੇਣੀ ਨੇ ਆਪਸੀ ਕੰਮਾਂ ਦੀ ਵੰਡ ਕੀਤੀ ਹੁੰਦੀ ਸੀ। ਇਨ੍ਹਾਂ ਵਿਚ ਭੰਡ, ਨਕਲੀਏ, ਡੂੰਮ ਅਤੇ ਹੋਰ ਜਾਤਾਂ ਨਾਲ ਸੰਬੰਧਤ ਹੋਰ ਵੀ ਕਈ ਵਰਗ ਸ਼ਾਮਲ ਹਨ। ਆਪਣੇ ਜਜ਼ਮਾਨਾਂ ਦੀ ਵਿਰਾਸਤੀ ਉਸਤਤ ਦੇ ਨਾਲ-ਨਾਲ 'ਗੁੱਡਾ ਬੰਨਣ ਦੀ ਕਲਾ' ਮੀਰਾਸੀ ਕਬੀਲੇ ਦੇ ਹਿੱਸੇ ਹੀ ਆਈ ਹੈ। ਆਪਣੀ 'ਹਾਜ਼ਰ ਜਵਾਬੀ' ਅਤੇ 'ਹੈਰਾਨੀਜਨਕ ਬੌਧਿਕਤਾ' ਕਾਰਨ ਇਹ ਲੋਕ ਰਾਜ ਦਰਬਾਰਾਂ ਅਤੇ ਸ਼ਾਹੀ ਘਰਾਣਿਆਂ ਦਾ ਇਕ ਮਹੱਤਵਪੂਰਨ ਅੰਗ ਰਹੇ ਹਨ। ਵਿਸ਼ੇਸ਼ ਬੌਧਿਕ ਸ਼ਕਤੀ ਅਤੇ ਕਲਾ-ਕੌਸ਼ਲ ਹੋਣ ਕਰਕੇ ਹੀ

ਮਰਾਸੀ ਲੋਕ ਕੁਰਸੀਨਾਮੇ ਯਾਦ ਰੱਖਣ ਦੀ ਮਹੱਤਵਪੂਰਨ ਵਿਰਾਸਤੀ ਜ਼ਿੰਮੇਵਾਰੀ ਨਿਭਾਉਂਦੇ ਆਏ ਹਨ। ਅਜੋਕੇ ਦੌਰ ਵਿਚ ਸਥਿਤੀ ਇਹ ਬਣ ਗਈ ਹੈ ਕਿ ਕਲਾ ਦੀਆਂ ਨਵੀਆਂ ਵੰਨਗੀਆਂ ਵਿਕਸਤ ਹੋਣ 'ਤੇ ਮਰਾਸੀ ਲੋਕਾਂ ਦੀ ਕਲਾ ਡੀ.ਜੇ. ਦੀ ਧਮਕ ਪਿੱਛੇ ਗਵਾਚ ਕੇ ਰਹਿ ਗਈ ਹੈ। ਇਹ ਲੋਕ ਅੱਜਕੱਲ੍ਹ ਆਪਣੇ ਜਜ਼ਮਾਨਾਂ ਦੇ ਸਮਾਗਮਾਂ 'ਤੇ ਕੇਵਲ 'ਸੰਕੇਤਕ ਭੂਮਿਕਾ' ਲਈ ਜ਼ਰੂਰ ਸ਼ਰੀਕ ਹੁੰਦੇ ਹਨ ਪਰੰਤੂ ਇਨ੍ਹਾਂ ਦਾ ਸਤਿਕਾਰ ਅਤੇ ਭੂਮਿਕਾ ਪਿੱਠ ਭੂਮੀ ਵਿਚ ਚਲੇ ਗਏ ਹਨ। ਇਸ ਵਰਤਾਰੇ ਦੇ ਚਲਦਿਆਂ ਇਹ ਲੋਕ 'ਯਤੀਮਾਂ' ਵਰਗੀ ਹੋਣੀ ਭੋਗ ਰਹੇ ਹਨ। ਮੀਰਾਸੀ ਕਬੀਲੇ ਦੀਆਂ ਔਰਤਾਂ ਹੁਣ ਘਰਾਂ ਤੱਕ ਹੀ ਮਹਿਦੂਦ ਹਨ। ਔਰਤ ਦੀ ਸਥਿਤੀ ਬਹੁਤ ਮਾੜੀ ਹੈ। ਅੱਜ ਮੀਰਾਸੀ ਕਬੀਲੇ ਦੀਆਂ ਔਰਤਾਂ ਪਿੰਡਾਂ ਵਿਚ ਘਰ-ਘਰ ਜਾ ਕੇ ਕਿਰਤ ਨਾਲ ਸੰਬੰਧਤ ਨਿੱਕੇ-ਮੋਟੇ ਕੰਮ ਕਰਕੇ ਅਤੇ ਆਪਣਾ ਪਸ਼ੂ ਪਠੋਰਾ ਪਾਲ ਕੇ ਜੀਵਨ ਨਿਰਬਾਹ ਕਰ ਰਹੀਆਂ ਹਨ। ਕਬੀਲੇ ਦੀਆਂ ਲੜਕੀਆਂ ਦੀ ਸਮਾਜਿਕ ਸਥਿਤੀ ਬੜੀ ਤਰਸਯੋਗ ਬਣੀ ਹੋਈ ਹੈ। ਗਰੀਬੀ ਅਤੇ ਅਨਪੜ੍ਹਤਾ ਦਾ ਸ਼ਿਕਾਰ ਹੋਣ ਕਾਰਨ ਇਹ ਲੋਕ ਲੜਕੀਆਂ ਦੀ ਸਿੱਖਿਆ ਪ੍ਰਤੀ ਬਹੁਤ ਉਦਾਸੀਨ ਹਨ। ਸਰਕਾਰਾਂ ਦੀ ਬੇਰੁਖੀ ਦੇ ਚਲਦਿਆਂ ਇਹ ਲੋਕ ਅਜੋਕੇ ਦੌਰ ਵਿਚ ਗੁੰਮਨਾਮੀ ਦਾ ਜੀਵਨ ਭੋਗਣ ਲਈ ਮਜ਼ਬੂਰ ਹਨ। ਮਰਾਸੀ ਕਬੀਲੇ ਦੀ ਅਰਸ਼ ਤੋਂ ਫਰਸ਼ ਤੱਕ ਦੀ ਇਹ ਸਥਿਤੀ ਬਹੁਤ ਹੀ ਤਰਸਯੋਗ ਅਤੇ ਕਰੁਣਾਮਈ ਹੈ। ਅੱਜ ਵੀ ਮਰਾਸੀ ਕਬੀਲੇ ਦੇ ਲੋਕ ਰੁਜ਼ਗਾਰ ਦੇ ਸਾਧਨਾਂ ਅਤੇ ਆਪਣੀਆਂ ਜ਼ਮੀਨਾਂ ਤੋਂ ਵਿਰਵੇ ਹਨ। ਵਿਸ਼ਵੀਕਰਨ ਦੇ ਇਸ ਦੌਰ ਵਿਚ ਇਹ ਲੋਕ ਅੰਧਕਾਰ ਅਤੇ ਗੁੰਮਨਾਮੀ ਹੰਢਾ ਰਹੇ ਹਨ। ਇਨ੍ਹਾਂ ਵਿਚੋਂ ਬਹੁਤ ਘੱਟ ਲੋਕ ਹਨ ਜਿਹੜੇ ਕਿ ਸਿੱਖਿਆ ਨਾਲ ਜੁੜੇ ਹੋਏ ਹਨ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਵੀ ਇਨ੍ਹਾਂ ਲੋਕਾਂ ਵਿਚ ਵਿਕਾਸ ਅਤੇ ਚੇਤਨਾ ਦੀ ਕਮੀ ਹੈ। ਜੇ ਕਰ ਪੰਜਾਬ ਦੇ ਪ੍ਰਸਿੱਧ ਅਤੇ ਮਸ਼ਹੂਰ ਮਰਾਸੀ ਗਵੱਈਆਂ ਅਤੇ ਘਰਾਣਿਆਂ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਨ੍ਹਾਂ ਦੇ ਘਰ ਪਰਿਵਾਰ ਵੀ ਅੱਜ ਫ਼ਾਕੇ ਕੱਟਣ ਲਈ ਮਜ਼ਬੂਰ ਹਨ। ਮੌਜੂਦਾ ਸਰਕਾਰਾਂ ਵੱਲੋਂ ਇਨ੍ਹਾਂ ਲੋਕਾਂ ਦੀ ਕਲਾ ਨੂੰ ਸਾਂਭਣ ਅਤੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਹਿੱਤ ਵਿਸ਼ੇਸ਼ ਉਦਮਾਂ ਦੀ ਲੋੜ ਹੈ। ਇਸ ਤਰ੍ਹਾਂ ਕਿਸੇ ਵੇਲੇ ਲੋਕ ਮੰਨੋਰੰਜਨ ਦਾ ਧੁਰਾ ਸਦਵਾਉਂਦਾ ਅਤੇ ਹਸਾ-ਹਸਾ ਕੇ ਢਿੱਡੀਂ ਪੀੜਾਂ ਪਾਉਣ ਵਾਲਾ ਕਬੀਲਾ ਹੌਲ਼ੀ-ਹੌਲ਼ੀ ਖਾਮੋਸ਼ ਹੋ ਰਿਹਾ ਹੈ। ਜ਼ਿੰਦਗੀ ਦੇ ਹਰ ਇਕ ਖੇਤਰ ਵਿਚ ਮੰਡੀ ਦੇ ਪ੍ਰਭਾਵੀ ਹੋਣ ਕਾਰਨ ਪਰਿਸਥਿਤੀਆਂ ਹੀ ਅਜਿਹੀਆਂ ਬਣ ਗਈਆਂ ਹਨ, ਜਿਨ੍ਹਾਂ ਦੇ ਚਲਦਿਆਂ ਸੰਸਕ੍ਰਿਤਕ ਕਦਰਾਂ-ਕੀਮਤਾਂ ਅਤੇ ਲੋਕ ਕਲਾਵਾਂ ਦਮ ਤੋੜ ਰਹੀਆਂ ਹਨ। ਇਹ ਅਜੋਕੇ ਸਮੇਂ ਦਾ ਕੌੜਾ ਸੱਚ ਹੈ ਕਿ ਅਸੀਂ ਆਪਣੀ ਸੰਸਕ੍ਰਿਤੀ, ਕਲਾ, ਸਭਿਆਚਾਰ ਅਤੇ ਵਾਤਾਵਰਣ ਨੂੰ ਆਪਣੇ ਹੱਥੀਂ ਖਤਮ ਕਰਨ ਵਾਲੇ ਲੋਕ ਆਰਟ ਗੈਲਰੀਆਂ, ਅਜਾਇਬ ਘਰਾਂ ਅਤੇ ਮਿਊਜ਼ੀਅਮਾਂ ਦੇ ਅੱਗੇ-ਪਿੱਛੇ ਚੱਕਰ ਕਟਦੇ ਫਿਰਦੇ ਹਾਂ। ਸੋ ਇਹ ਅਜੋਕੇ ਦੌਰ ਦੀ ਲੋੜ ਹੈ ਕਿ ਮੀਰਾਸੀ ਲੋਕਾਂ ਕੋਲ ਮੌਖਿਕ ਰੂਪ ਵਿਚ ਪਈ ਸੰਗੀਤ ਦੀ ਵਿਰਾਸਤੀ ਪਰੰਪਰਾ ਅਤੇ ਵਿਰਾਸਤ ਦੀ ਸਾਂਭ ਸੰਭਾਲ ਲਈ ਕਲਾ ਨਾਲ ਜੁੜੀਆਂ ਸੰਸਥਾਵਾਂ ਅਤੇ ਸਰਕਾਰੀ ਅਦਾਰਿਆਂ ਨੂੰ

ਪਹਿਲ ਕਦਮੀ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ ਘਰਾਣਾ ਗਾਇਕੀ ਨੂੰ ਸਾਂਭਣ ਵਾਲੇ ਕਲਾਕਾਰਾਂ ਅਤੇ ਸ਼ਾਜਿੰਦਿਆਂ ਲਈ ਪੈਨਸ਼ਨਾਂ ਅਤੇ ਮਾਣ ਭੱਤੇ ਲਈ ਵਿਸ਼ੇਸ਼ ਕਦਮ ਚੁੱਕਣੇ ਚਾਹੀਦੇ ਹਨ। ਮਰਾਸੀ ਕਬੀਲੇ ਦੇ ਬੱਚਿਆਂ ਅਤੇ ਔਰਤਾਂ ਦੇ ਮਨੋਵਿਗਿਆਨਕ ਅਤੇ ਸਮਾਜਿਕ ਵਿਕਾਸ ਲਈ ਵਿਸ਼ੇਸ਼ ਉੱਦਮ ਹੋਣੇ ਚਾਹੀਦੇ ਹਨ। ਇਸ ਤੋਂ ਇਲਾਵਾ ਇਨ੍ਹਾਂ ਲੋਕਾਂ ਨੂੰ ਕਲਾ ਕੇਂਦਰਾਂ ਨਾਲ ਜੋੜ ਕੇ ਇਨ੍ਹਾਂ ਲੋਕਾਂ ਦੀਆਂ ਕਲਾਵਾਂ ਦੀ ਢੁਕਵੀਂ ਰਿਕਾਰਡਿੰਗ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਉਪਰੋਕਤ ਯਤਨਾਂ ਦੇ ਚਲਦਿਆਂ ਮਰਾਸੀ ਕਬੀਲੇ ਦੇ ਲੋਕਾਂ ਦੇ ਧੁੰਦਲੇ ਅਕਸ ਅਤੇ ਗੁੰਮ ਗਵਾਚ ਰਹੀ ਪਛਾਣ ਨੂੰ ਇਕ ਵਾਰ ਫਿਰ ਠੁੰਮਣਾ ਦਿੱਤਾ ਜਾ ਸਕਦਾ ਹੈ।

ਹਵਾਲੇ ਅਤੇ ਟਿੱਪਣੀਆਂ

1. ਡੈਂਜਿਲ ਇਬਟਸਨ ਅਤੇ ਐਚ.ਏ.ਰੋਜ, ਏ ਗਲੋਸਰੀ ਆਫ਼ ਦਾ ਟਰਾਈਬਜ਼ ਐਂਡ ਕਾਸਟਸ ਆਫ ਦਾ ਪੰਜਾਬ ਐਂਡ ਨੋਰਥ-ਵੈਸਟ ਫਰੰਟੀਅਰ ਪਰੋਵਿੰਸ, ਪੰਨਾ 105.
2. ਉਹੀ, ਪੰਨਾ 105.
3. ਉਹੀ, ਪੰਨਾ 107.
4. ਉਹੀ, ਪੰਨਾ 108.
5. ਉਹੀ, ਪੰਨਾ 119.
6. ਉਹੀ, ਪੰਨਾ 119.
7. ਉਹੀ, ਪੰਨਾ 111.
8. ਉਹੀ, ਪੰਨਾ 113.

ਬੌਰੀਆ ਕਬੀਲਾ

ਭਾਰਤ ਦੇ ਹੋਰ ਕਬੀਲਿਆਂ ਵਾਂਗ ਬੌਰੀਆ ਵੀ ਇਕ ਜੰਗਲੀ ਅਤੇ ਘੁਮੰਤੂ ਕਬੀਲਾ ਹੈ। ਬੌਰੀਆ ਕਬੀਲਾ ਭਾਰਤ ਦੇ ਬਹੁਤ ਸਾਰੇ ਹਿੱਸਿਆਂ ਵਿਚ ਥੋੜ੍ਹੇ ਬਹੁਤੇ ਨਾਵਾਂ ਦੇ ਫ਼ਰਕ ਨਾਲ ਵੱਡੀ ਗਿਣਤੀ ਵਿੱਚ ਵਿਚਰ ਰਿਹਾ ਹੈ। ਬੌਰੀਆ ਲੋਕ ਸਦੀਆਂ ਤੋਂ ਹੀ ਕੁਦਰਤ ਦੀ ਗੋਦ ਵਿਚ ਆਪਣਾ ਜੀਵਨ ਬਤੀਤ ਕਰਦੇ ਆਏ ਹਨ। ਇਹ ਕਬੀਲਾ ਆਦਿ ਕਾਲ ਤੋਂ ਲੈ ਕੇ ਮੁਗਲ ਕਾਲ ਤੱਕ ਜੰਗਲ ਬੇਲਿਆਂ ਅਤੇ ਰੋਹੀਆਂ ਵਿੱਚ ਘੁੰਮ-ਫਿਰ ਕੇ ਕੁਦਰਤੀ ਸੋਮਿਆਂ ਨਾਲ ਅਤੇ ਸ਼ਿਕਾਰ ਆਦਿ ਕਰਕੇ ਆਪਣਾ ਗੁਜ਼ਾਰਾ ਕਰਦਾ ਰਿਹਾ ਹੈ। ਮੁਗਲ ਕਾਲ ਦੇ ਅਨਿਸਚਿਤਤਾ ਭਰੇ ਦੌਰ ਤੋਂ ਬਾਅਦ ਇਨ੍ਹਾਂ ਲੋਕਾਂ ਦਾ ਕੁਦਰਤੀ ਜੀਵਨ ਪੱਧਰ ਹੇਠ ਡਿੱਗਣਾ ਸ਼ੁਰੂ ਹੋ ਜਾਂਦਾ ਹੈ। ਇਸ ਤੋਂ ਬਾਅਦ ਭਾਰਤ 'ਤੇ ਬਰਤਾਨਵੀ ਹਕੂਮਤ ਦਾ ਰਾਜ ਹੋ ਜਾਣ 'ਤੇ ਇਨ੍ਹਾਂ ਲੋਕਾਂ ਦਾ ਦੁਸ਼ਵਾਰੀਆਂ ਭਰਿਆ ਦੌਰ ਸ਼ੁਰੂ ਹੋ ਜਾਂਦਾ ਹੈ। ਭਾਰਤ ਦੇ ਹੋਰ ਕਬੀਲਿਆਂ ਦੇ ਨਾਲ-ਨਾਲ ਬੌਰੀਆ ਕਬੀਲੇ 'ਤੇ ਲੱਗਿਆ 1871 ਦਾ ਜਰਾਇਮ ਪੇਸ਼ਾ ਐਕਟ ਇਨ੍ਹਾਂ ਲੋਕਾਂ ਨੂੰ ਗੁੰਮਨਾਮੀ ਤੇ ਹਨੇਰੇ ਵੱਲ ਧੱਕ ਦਿੰਦਾ ਹੈ। 1947 ਵਿੱਚ ਭਾਰਤ ਦੇ ਆਜ਼ਾਦ ਹੋਣ ਮਗਰੋਂ ਭਾਵੇਂ ਕਿ ਜਰਾਇਮ ਪੇਸ਼ਾ ਐਕਟ (Criminal Tribes Act) ਖਤਮ ਹੋ ਜਾਂਦਾ ਹੈ ਪਰ ਫਿਰ ਵੀ ਇਹ ਲੋਕ ਅਸੁਰੱਖਿਆ ਦੇ ਇਕ ਲੰਮੇ ਦੌਰ ਵਿਚੋਂ ਗੁਜਰਣ ਕਰਕੇ ਅੱਜ ਵੀ ਨਿਹੱਥੇ ਅਤੇ ਯਤੀਮਾਂ ਵਰਗਾ ਜੀਵਨ ਬਤੀਤ ਕਰ ਰਹੇ ਹਨ। ਲੰਮਾ ਸਮਾਂ ਆਰਥਿਕ ਵਸੀਲਿਆਂ ਤੋਂ ਵਾਂਝੇ ਰਹਿਣ ਕਾਰਨ ਅਤੇ ਰਾਜਨੀਤਕ ਦਾਬੇ ਹੇਠ ਜਿਉਂਦਿਆਂ ਇਹ ਲੋਕ ਅੱਜ ਵੀ ਬੇਗਾਨਗੀ ਭਰਿਆ ਜੀਵਨ ਬਤੀਤ ਕਰ ਰਹੇ ਹਨ। ਜੇਕਰ ਕਬੀਲਿਆਂ 'ਤੇ ਅਤੀਤ ਵੱਲ ਇਕ ਨਜ਼ਰ ਮਾਰੀ ਜਾਵੇ ਤਾਂ ਇਹ ਗੱਲ ਭਲੀ-ਭਾਂਤ ਸਪੱਸ਼ਟ ਹੋ ਜਾਂਦੀ ਹੈ ਕਿ ਭਾਰਤ ਦੇ ਲਗਭਗ ਸਾਰੇ ਹੀ ਕਬੀਲਿਆਂ ਦਾ ਇਤਿਹਾਸ ਗੌਰਵਸ਼ਾਲੀ ਅਤੇ ਮਾਣ ਮੱਤਾ ਹੈ। ਕਈ ਰਾਜਨੀਤਕ ਕਾਰਨਾਂ ਕਰਕੇ ਭਾਵੇਂ ਕਿ ਇਹ ਲੋਕ ਜੜੋਂ ਪੁੱਟ ਦਿੱਤੇ ਗਏ ਪਰ ਇਨ੍ਹਾਂ ਲੋਕਾਂ ਦੀ ਉਪਜਾਊ ਸੋਚ ਅਤੇ ਜੁਝਾਰੂ ਪ੍ਰਵਿਰਤੀਆਂ ਨੇ ਇਨ੍ਹਾਂ ਲੋਕਾਂ ਨੂੰ ਅੱਜ ਵੀ ਜਿਉਂਦਾ ਰੱਖਿਆ ਹੋਇਆ ਹੈ। ਸਰ ਡੈਂਜ਼ਿਲ ਇਬਟਸਨ ਦੇ ਹਵਾਲੇ ਅਨੁਸਾਰ, "ਬੌਰੀਆ ਕਬੀਲਾ ਮੁੱਖ ਤੌਰ 'ਤੇ ਤਿੰਨ ਵਰਗਾਂ ਵਿਚ ਵੰਡਿਆ ਹੋਇਆ ਹੈ। ਇਨ੍ਹਾਂ ਵਿਚੋਂ ਬੀਕਾਨੇਰ ਦੇ ਬਿਦਾਵਤੀ ਲੋਕ ਜੈਪੁਰ ਦੇ ਬਿਦਾਵਤ ਨਾਮਕ ਸਥਾਨ ਨਾਲ ਸੰਬੰਧ ਰੱਖਦੇ ਹਨ। ਇਹ ਲੋਕ ਭਾਵੇਂ ਕਿ ਕਈ ਹਿੰਸਕ ਵਾਰਦਾਤਾਂ ਵਿੱਚ ਸ਼ਾਮਲ ਹੁੰਦੇ ਰਹੇ ਹਨ ਪਰ ਇਹ ਲੋਕ ਕਿਸੇ ਦਾ ਪਸ਼ੂ ਪਠੋਰਾ ਆਦਿ ਚੋਰੀ ਨਹੀਂ ਕਰਦੇ। ਇਹ ਲੋਕ ਆਪਣੇ ਆਪ ਨੂੰ ਦੂਜੇ ਸਹਿ ਕਬੀਲਿਆਂ ਤੋਂ ਉੱਤਮ ਸਮਝਦੇ ਹਨ। ਇਨ੍ਹਾਂ ਵਿਚੋਂ 'ਜੰਗਾਲੀ' ਜਾਂ 'ਕਾਲਕੰਮਲੀਆ' ਜਿਸਨੂੰ ਕਿ ਕਾਲਡਬਲੀਆ ਵੀ ਆਖ ਕੇ ਸੱਦਿਆ ਜਾਂਦਾ ਹੈ, ਇਹ ਲੋਕ ਕੰਬਲੀ ਵਰਗਾ ਪਹਿਰਾਵਾ ਪਹਿਨਦੇ ਹਨ ਅਤੇ ਇਹ ਲੋਕ ਜ਼ਿਆਦਾਤਰ ਸਿੱਖ

ਰਿਆਸਤਾਂ ਦੇ ਵਣਾਂ ਅਤੇ ਜੰਗਲਾਂ ਵਿੱਚ ਰਹਿੰਦੇ ਰਹੇ ਹਨ। ਇਨ੍ਹਾਂ ਦੀ ਜ਼ਿਆਦਾਤਰ ਵਸੋਂ ਫਿਰੋਜ਼ਪੁਰ, ਸਿਰਸਾ ਅਤੇ ਦਿੱਲੀ ਦੇ ਆਸ-ਪਾਸ ਦੇ ਇਲਾਕਿਆਂ ਵਿੱਚ ਪਾਈ ਜਾਂਦੀ ਹੈ।" ਇੱਥੇ ਇਬਟਸਨ ਇਨ੍ਹਾਂ ਲੋਕਾਂ ਨੂੰ ਸਿਰੇ ਦੇ ਅਪਰਾਧੀ ਗਰਦਾਨਦਾ ਹੈ। ਇਹ ਬੌਰੀਆ ਲੋਕਾਂ ਦੇ ਤਿੰਨੋਂ ਕਬੀਲੇ ਇਕ ਦੂਜੇ ਨਾਲ ਸਮਾਜਿਕ ਤੌਰ 'ਤੇ ਰੋਟੀ-ਬੇਟੀ ਦੀ ਸਾਂਝ ਨਹੀਂ ਰੱਖਦੇ। ਇਨ੍ਹਾਂ ਵਿੱਚੋਂ ਕਾਲਕੰਮਲੀਆ ਲੋਕ ਅਜੇ ਵੀ ਸ਼ਿਕਾਰ ਆਦਿ ਕਰਕੇ ਆਪਣਾ ਨਿਰਬਾਹ ਕਰਦੇ ਹਨ ਜਦਕਿ ਦੂਜੇ ਲੋਕ ਇਸ ਪੇਸ਼ੇ ਨੂੰ ਨੀਵਾਂ ਸਮਝਦੇ ਹਨ। ਇਨ੍ਹਾਂ ਵਿੱਚੋਂ 'ਕਪਰੀਆ' ਲੋਕ ਰਮਤਾ ਜੀਵਨ ਬਤੀਤ ਕਰਦੇ ਹਨ ਜਦਕਿ ਬਿਦਾਵਤੀ ਲੋਕ ਸਥਾਈ ਛਪਰੀਆਂ ਵਿਚ ਰਹਿੰਦੇ ਹਨ। ਭਾਵੇਂ ਕਿ ਬਰਤਾਨਵੀ ਹਕੂਮਤ ਦੇ ਉੱਚ ਪੁਲਿਸ ਅਫਸਰ ਐਚ.ਐਲ. ਵਿਲੀਅਮ ਦੁਆਰਾ ਬੌਰੀਆ ਕਬੀਲੇ ਦੀ ਵਰਗਾਂ ਅਨੁਸਾਰ ਖੇਤਰੀ ਵੰਡ ਵੀ ਕੀਤੀ ਗਈ ਹੈ ਪਰ ਇਹ ਵੰਡ ਏਨੀ ਪ੍ਰਮਾਣਿਕ ਅਤੇ ਢੁੱਕਵੀਂ ਨਹੀਂ ਆਖੀ ਜਾ ਸਕਦੀ। ਇੱਥੇ ਇਹ ਗੱਲ ਸਪੱਸ਼ਟ ਕਰ ਦੇਣੀ ਬਹੁਤ ਜ਼ਰੂਰੀ ਹੈ ਕਿ ਭਾਰਤ ਦਾ ਬੌਰੀਆ ਕਬੀਲਾ ਆਦਿ ਕਾਲ ਤੋਂ ਹੀ ਖੇਤੀਬਾੜੀ, ਪਸ਼ੂ ਪਾਲਣ ਅਤੇ ਸ਼ਿਕਾਰ ਕਰਕੇ ਆਪਣਾ ਗੁਜ਼ਾਰਾ ਕਰਦਾ ਰਿਹਾ ਹੈ। ਪਰ ਇਸ ਕਬੀਲੇ ਦੇ ਕੁਝ ਲੋਕ ਵੱਡੀ ਮਾਤਰਾ ਵਿੱਚ ਜੰਗਲੀ ਜੀਵਨ 'ਤੇ ਹੀ ਨਿਰਭਰ ਕਰਦੇ ਰਹੇ ਹਨ। ਇਨ੍ਹਾਂ ਵਿਚੋਂ ਕੁਝ ਲੋਕ ਰਸੀਆਂ ਬੁਣਨ, ਟੋਕਰੇ ਬਣਾਉਣ, ਮਜ਼ਦੂਰੀ ਅਤੇ ਨਿਮਨ ਪ੍ਰਕਾਰ ਦੇ ਧੰਦੇ ਕਰਕੇ ਆਪਣਾ ਗੁਜ਼ਾਰਾ ਕਰਦੇ ਹਨ। ਇਬਟਸਨ ਦੁਆਰਾ ਦਿੱਤੇ ਵੇਰਵਿਆਂ ਅਨੁਸਾਰ ਬੌਰੀਆਂ ਸ਼ਬਦ 'ਬਾਵਰ' ਤੋਂ ਬਣਿਆ ਹੈ, ਜਿਸ ਤੋਂ ਭਾਵ 'ਜਾਲ' ਜਾਂ 'ਫੰਦਾ' ਹੈ।। ਬੌਰੀਆ ਕਬੀਲੇ ਦੇ ਮੂਲ ਸੰਬੰਧੀ ਇਕ ਪ੍ਰਸਿੱਧ ਕਥਾ ਵੀ ਪ੍ਰਚੱਲਿਤ ਹੈ। ਇਸ ਕਥਾ ਅਨੁਸਾਰ, "ਇਕ ਵਾਰ ਅਕਬਰ ਬਾਦਸ਼ਾਹ ਨੇ ਚਿਤੌੜ ਦੇ ਰਾਜੇ ਸਾਂਦਲ ਤੋਂ ਉਸਦੀ ਧੀ ਦਾ ਡੋਲਾ ਮੰਗਿਆ। ਚਿਤੌੜ ਦੇ ਰਾਜੇ ਸਾਂਦਲ ਦੇ ਇਨਕਾਰ ਕਰਨ 'ਤੇ ਰਾਜਪੂਤਾਂ ਅਤੇ ਮੁਗਲਾਂ ਵਿੱਚ ਇਕ ਖ਼ੂਨੀ ਲੜਾਈ ਲੜੀ ਗਈ ਜਿਨ੍ਹਾਂ ਵਿਚੋਂ ਕੁਝ ਯੋਧੇ ਪਾਣੀ ਦੀ ਬਾਓਲੀ ਨੇੜੇ ਲੜ ਰਹੇ ਸੁਨ। ਇਸ ਤਰ੍ਹਾਂ ਬਾਓਲੀ ਦੇ ਸਥਾਨ 'ਤੇ ਰਾਜਪੂਤਾਂ ਵੱਲੋਂ ਲੜਨ ਵਾਲੇ ਯੋਧੇ 'ਬਾਉਲਾ' ਅਖਵਾਉਣ ਲੱਗ ਪਏ।"

ਮਿਸਟਰ ਵਿਲੀਅਮ ਅਨੁਸਾਰ, "ਬੌਰੀਆ ਲੋਕ ਚੰਦਾ ਅਤੇ ਜੋਗ ਦੇ ਵੰਸ਼ਜ ਹਨ। ਚਿਤੌੜ ਦੇ ਸਾਂਝੇ ਸੂਰਜਵੰਸ਼ੀ ਰਾਜਿਆਂ ਜੈਮਲ ਅਤੇ ਫੱਤਾ ਦੇ ਰਾਜ ਭਾਗ ਸਮੇਂ 'ਗੌਰ ਘਰਾਣੇ' ਦੇ ਹਮਲਾਵਰ ਸ਼ਾਹਬੁਦੀਨ ਨੇ ਉਨ੍ਹਾਂ ਦੇ ਕਿਲੇ 'ਤੇ ਚੜ੍ਹਾਈ ਕਰ ਦਿੱਤੀ। ਇਸ ਹਮਲੇ ਵਿੱਚ ਰਾਜਪੂਤਾਂ ਦੀ ਸੈਨਾ ਦਾ 'ਭੀਲ' ਤੀਰਅੰਦਾਜ਼ਾਂ, 'ਅਹਿਰੀਆ' ਤਲਵਾਰਬਾਜ਼ਾਂ ਅਤੇ 'ਬੌਰੀਆ' ਬੰਦੂਕਚੀਆਂ ਨੇ ਡੱਟ ਕੇ ਸਾਥ ਦਿੱਤਾ। ਇਸੇ ਕਥਾ ਦੇ ਸੰਦਰਭ ਵਿੱਚ ਇਹ ਗੱਲ ਆਖੀ ਜਾਂਦੀ ਹੈ ਕਿ ਭਾਵੇਂ ਕਿ ਬੌਰੀਆ ਲੋਕ ਆਪਣਾ ਮੂਲ ਰਾਜਪੂਤ ਘਰਾਣਿਆਂ ਨਾਲ ਜੋੜਦੇ ਹਨ ਪਰੰਤੂ ਇਨ੍ਹਾਂ ਲੋਕਾਂ ਦਾ ਸੰਬੰਧ ਰਾਜਪੂਤ ਸੈਨਾਵ੍ਹਾਂ ਦੇ ਉੱਚ ਅਹੁਦਿਆਂ 'ਤੇ ਬਿਰਾਜਮਾਨ ਰਹੇ ਲੜਾਕੂ ਯੋਧਿਆਂ ਨਾਲ ਜਾ ਜੁੜਦਾ ਹੈ। ਅੱਜ ਵੀ ਬੌਰੀਆ ਲੋਕ ਰਾਜਪੂਤੀ ਸ਼ਾਨ ਦੀ ਨਿਸ਼ਾਨੀ 'ਕੜਾ' ਆਪਣੀ ਸੱਜੀ ਕਲਾਈ ਵਿੱਚ ਮਾਣ ਅਤੇ ਸਤਿਕਾਰ ਵਜੋਂ ਪਹਿਨਦੇ ਹਨ।"[2] ਰਾਜਪੂਤੀ ਲੜਾਈਆਂ ਵਿੱਚ ਬੌਰੀਆ ਲੋਕਾਂ ਦੀ ਬਹਾਦਰ ਧਿਰ

ਰਹੇ 'ਗਾਡੀ ਲੋਹਾਰ' ਲੋਕ ਵੀ ਹੁਣ ਰਾਜਪੂਤਾਂ ਤੋਂ ਇਕ ਵੱਖਰੀ ਪਛਾਣ ਰੱਖਦੇ ਹਨ। ਇਹ ਲੋਕ ਰਾਜਪੂਤ ਘਰਾਣਿਆਂ ਦੀ ਇਕ ਮਹੱਤਵਪੂਰਨ ਸ਼ਾਖ ਹਨ। ਇਨ੍ਹਾਂ ਲੋਕਾਂ ਵਿਚ ਸਦੀਆਂ ਤੋਂ ਇਹ ਧਾਰਨਾ ਪ੍ਰਚਲਿਤ ਹੈ ਕਿ ਇਨ੍ਹਾਂ ਲੋਕਾਂ ਨੇ ਮੁਗਲਾਂ ਦੀ ਜਿੱਤ ਅਤੇ ਰਾਜਪੂਤਾਂ ਦੀ ਹਾਰ ਮਗਰੋਂ ਰਾਜਪੂਤ ਸ਼ਕਤੀ ਦੇ ਫਿਰ ਤੋਂ ਬਹਾਲ ਹੋ ਜਾਣ ਤੱਕ 'ਇਕ ਥਾਂ ਟਿਕ ਨਾ ਬੈਠਣ ਦੀ ਸਹੁੰ ਖਾਧੀ ਸੀ।' ਇਸ ਲਈ ਇਨ੍ਹਾਂ ਲੋਕਾਂ ਨੂੰ ਚਿਤੌੜ ਹਮੇਸ਼ਾ ਲਈ ਛੱਡਣਾ ਪਿਆ ਅਤੇ ਹੌਲੀ-ਹੌਲੀ ਇਹ ਲੋਕ ਇਕ 'ਘੁਮੰਤੂ ਕਬੀਲੇ' ਵਿੱਚ ਤਬਦੀਲ ਹੋ ਗਏ। ਇਨ੍ਹਾਂ ਵਿਚੋਂ ਬਿਦਾਵਤੀ ਬੌਰੀਆ ਲੋਕ-ਜਿਨ੍ਹਾਂ ਦਾ ਮੂਲ ਬੀਕਾਨੇਰ ਦੀ ਛਾਉਣੀ ਬਹਾਦਰਾਂ ਨਾਲ ਸੰਬੰਧ ਰੱਖਦਾ ਹੈ, ਆਪਣੇ ਆਪ ਨੂੰ ਰਾਜਾ ਰਸਾਲੂ ਦੇ ਵੰਸ਼ਜ਼ ਅਖਵਾਉਂਦੇ ਹਨ।

ਬੌਰੀਆ : ਇੱਕ ਸ਼ਿਕਾਰੀ ਕਬੀਲਾ

ਸ਼ਿਕਾਰ ਕਰਨਾ ਬੌਰੀਆ ਲੋਕਾਂ ਦਾ ਆਦਿ ਕਾਲੀ ਪੇਸ਼ਾ ਹੈ। ਭਾਵੇਂ ਕਿ ਕਈ ਤਰ੍ਹਾਂ ਦੇ ਵਣ ਰੱਖਿਆ ਅਤੇ ਜੰਗਲੀ ਜੀਵ ਸੁਰੱਖਿਆ ਐਕਟ ਲਾਗੂ ਹੋਣ ਨਾਲ ਬੌਰੀਆ ਲੋਕਾਂ ਦਾ ਸ਼ਿਕਾਰ ਕਰਨ ਦਾ ਆਦਿ ਕਾਲੀ ਪੇਸ਼ਾ ਲਗਭਗ ਠੱਪ ਹੋ ਗਿਆ ਹੈ ਪਰੰਤੂ ਜੰਗਲੀ ਅਤੇ ਪਹਾੜੀ ਖੇਤਰਾਂ ਵਿਚ ਵਸਣ ਵਾਲੇ ਬਾਵਰੀ ਲੋਕ ਅਜੋਕੇ ਦੌਰ ਵਿਚ ਵੀ ਸ਼ਿਕਾਰ ਦੀ ਭਾਲ ਵਿਚ ਇੱਧਰ-ਉੱਧਰ ਭਟਕਦੇ ਵੇਖੇ ਜਾ ਸਕਦੇ ਹਨ। ਅੱਜ ਵੀ ਇਹ ਲੋਕ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਫੰਧੇ ਲਾ ਕੇ ਸ਼ਿਕਾਰ ਕਰਦੇ ਹਨ। ਇਹ ਲੋਕ ਜ਼ਿਆਦਾਤਰ ਗਿੱਦੜ, ਬਾਰਾਸਿੰਗੇ ਅਤੇ ਹੋਰ ਛੋਟੇ-ਮੋਟੇ ਜਾਨਵਰਾਂ ਦਾ ਸ਼ਿਕਾਰ ਕਰਦੇ ਹਨ।

ਬੌਰੀਆ ਕਬੀਲੇ ਦੇ ਲੋਕ ਨਿਪੁੰਨ ਫੰਦੇਬਾਜ਼ ਹਨ। ਸ਼ਿਕਾਰ ਨੂੰ ਕਾਬੂ ਕਰਨ ਲਈ ਇਹ ਇਕ ਖ਼ਾਸ ਤਰ੍ਹਾਂ ਦਾ ਜਾਲ ਵਿਛਾਉਂਦੇ ਹਨ। ਇਹ ਜਾਲ ਦੋ ਲੰਬੀਆਂ ਲਾਈਨਾਂ ਵਿਚ ਵਿਛਾਇਆ ਜਾਂਦਾ ਹੈ ਜਿਸ ਦੇ ਆਲੇ-ਦੁਆਲੇ ਬਾਂਸ ਗੱਡ ਕੇ ਉੱਤੇ ਰੰਗ-ਬਰੰਗੇ ਕੱਪੜੇ ਦੀਆਂ ਝੰਡੀਆਂ ਲਾ ਦਿੱਤੀਆਂ ਜਾਂਦੀਆਂ ਹਨ। ਬਾਸਾਂ ਦੇ ਆਲੇ-ਦੁਆਲੇ ਜਾਲ ਵਿਛਾ ਦਿੱਤਾ ਜਾਂਦਾ ਹੈ। ਇਹ ਇਕ ਕੁਦਰਤੀ ਤਰੀਕੇ ਦਾ ਦ੍ਰਿਸ਼ ਬਣ ਜਾਂਦਾ ਹੈ ਜਿਹੜਾ ਸਾਹਮਣਿਓਂ ਇਕ ਘਾਹ ਦਾ ਖੱਤਾ ਜਿਹਾ ਨਜ਼ਰ ਆਉਂਦਾ ਹੈ। ਇਸ ਤਿਕੋਨੇ ਜਾਲ ਦੇ ਇਕ ਪਾਸੇ ਬੌਰੀਆ ਲੋਕ ਆਪਣੇ ਸ਼ਿਕਾਰੀ ਕੁੱਤੇ ਲੈ ਕੇ ਘਾਤ ਲਾ ਕੇ ਸ਼ਿਕਾਰ ਦੀ ਉਡੀਕ ਵਿਚ ਬੈਠ ਜਾਂਦੇ ਹਨ। ਸ਼ਿਕਾਰ ਨੂੰ ਉਸਦੀ ਛੁਪਣਗਾਹ ਵਿੱਚੋਂ ਕੱਢਣ ਲਈ ਡੰਕਾ ਵਜਾਇਆ ਜਾਂਦਾ ਹੈ। ਸ਼ਿਕਾਰ ਨੂੰ ਭਜਾ-ਭਜਾ ਕੇ ਫੰਧੇ ਤੱਕ ਲਿਜਾਇਆ ਜਾਂਦਾ ਹੈ। ਰੰਗ-ਬਰੰਗੇ ਕੱਪੜੇ ਦੀਆਂ ਝੰਡੀਆਂ ਤੋਂ ਤ੍ਰਹਿੰਦਾ ਹੋਇਆ ਜਾਨਵਰ ਸਿੱਧਾ ਅਦਿੱਖ ਫੰਧੇ ਵਿਚ ਜਾ ਡਿੱਗਦਾ ਹੈ। ਬਾਰਾਂਸਿੰਗੇ ਅਤੇ ਜੰਗਲੀ ਸੂਰ ਅਜਿਹੇ ਫੰਧਿਆਂ ਦਾ ਜਲਦੀ ਸ਼ਿਕਾਰ ਹੁੰਦੇ ਹਨ। ਇਹ ਫੰਧਾ ਏਨਾ ਖ਼ਤਰਨਾਕ ਹੁੰਦਾ ਹੈ ਕਿ ਇਸ ਵਿਚ ਫਸਣ ਵਾਲੇ ਜਾਨਵਰਾਂ ਦੀ ਕਈ ਵਾਰ ਗਰਦਨ ਵੀ ਕੱਟੀ ਜਾਂਦੀ ਹੈ। ਸੰਕਟਕਾਲੀਨ ਪਰਿਸਥਿਤੀਆਂ ਦੌਰਾਨ ਬੌਰੀਆ ਕਬੀਲੇ ਦੇ ਲੋਕ ਲੰਮਾ ਸਮਾਂ ਵਣਵਾਸੀਆਂ ਵਾਲਾ ਜੀਵਨ ਬਤੀਤ ਕਰਦੇ ਰਹੇ ਹਨ ਜਿਸ ਕਰਕੇ ਇਨ੍ਹਾਂ ਲੋਕਾਂ ਨੂੰ ਵਣਾਂ ਦੀ ਕੁਦਰਤੀ ਬਨਸਪਤੀ ਅਤੇ ਜੰਗਲੀ ਜੀਵਾਂ ਦੇ ਮਾਸ 'ਤੇ ਨਿਰਭਰ ਰਹਿਣਾ ਪਿਆ ਹੈ। ਭਾਰਤ ਦੇ ਬਹੁਤੇ ਕਬੀਲੇ ਆਦਿਵਾਸੀ ਸੁਭਾਅ ਦੇ ਮਾਲਕ ਹੋਣ ਕਰਕੇ

ਜੰਗਲਾਂ 'ਤੇ ਹੀ ਨਿਰਭਰ ਕਰਦੇ ਆਏ ਹਨ। ਭਾਵੇਂ ਕਿ ਇਸਦੇ ਕਈ ਹੋਰ ਰਾਜਨੀਤਕ ਅਤੇ ਭੂਗੋਲਿਕ ਕਾਰਨ ਵੀ ਹਨ ਪਰੰਤੂ ਫਿਰ ਵੀ ਇਨ੍ਹਾਂ ਲੋਕਾਂ ਬਾਰੇ ਇਕ ਵੱਖਰੇ ਸੰਦਰਭ ਵਿਚ ਅਧਿਐਨ ਕਰਨਾ ਬਹੁਤ ਜ਼ਰੂਰੀ ਹੈ। ਬੌਰੀਆ ਕਬੀਲੇ ਦਾ ਕਿੱਤਾਗਤ ਅਤੇ ਆਦਿਕਾਲੀ ਰੁਚੀਆਂ ਦੇ ਸੰਦਰਭ ਵਿਚ ਇਸ ਤਰ੍ਹਾਂ ਵਰਗੀਕਰਨ ਕੀਤਾ ਜਾ ਸਕਦਾ ਹੈ :

1. **ਸੇਹਧਾਰੀਆ** : ਬੌਰੀਆ ਕਬੀਲੇ ਦੇ ਸੇਹਧਾਰੀਆ ਲੋਕ ਜ਼ਿਲ੍ਹਾ ਹਿਸਾਰ ਦੇ ਭਵਾਨੀ ਨਾਮਕ ਸਥਾਨ ਦੇ ਆਸ-ਪਾਸ ਅਸਥਾਈ ਡੇਰਿਆਂ ਵਿਚ ਰਹਿੰਦੇ ਰਹੇ ਹਨ। ਇਹ ਲੋਕ ਸੇਹਾਂ ਨੂੰ ਸੁਰੰਗਨੁਮਾ ਖੁੱਡਾਂ ਵਿੱਚੋਂ ਕੱਢਣ ਲਈ ਜਾਣੇ ਜਾਂਦੇ ਹਨ। ਇਹ ਲੋਕ ਹੁਣ ਸਥਾਈ ਤੌਰ 'ਤੇ ਇਸੇ ਹੀ ਇਲਾਕੇ ਵਿਚ ਵਸੇ ਹੋਏ ਹਨ ਅਤੇ ਆਪਣਾ ਪਰੰਪਰਿਕ ਕਿੱਤਾ ਤਿਆਗ ਕੇ ਛੋਟੇ-ਮੋਟੇ ਧੰਦਿਆਂ ਨਾਲ ਜੁੜ ਗਏ ਹਨ।

2. **ਤੇਲੀ ਬੌਰੀਆ** : ਇਹ ਲੋਕ ਜ਼ਿਆਦਾਤਰ ਪੂਰਬੀ ਗੰਗਾ ਦੇ ਮੈਦਾਨਾਂ ਵਿਚ ਵਸੇ ਹੋਏ ਹਨ। ਇਹ ਲੋਕ ਤੇਲਧਾਰੀ ਪੰਛੀਆਂ ਅਤੇ ਜਾਨਵਰਾਂ ਦਾ ਤੇਲ ਆਦਿ ਵੇਚ ਕੇ ਗੁਜ਼ਾਰਾ ਕਰਦੇ ਰਹੇ ਹਨ। ਅਜਿਹਾ ਤੇਲ ਕਈ ਮਰਜ਼ਾਂ ਦੀ ਦਵਾਈ ਦੇ ਤੌਰ 'ਤੇ ਵਰਤਿਆ ਜਾਂਦਾ ਰਿਹਾ ਹੈ। ਇਸ ਦੇ ਨਾਲ ਹੀ ਇਸ ਕਬੀਲੇ ਦੇ ਲੋਕ ਜੜ੍ਹੀਆਂ-ਬੂਟੀਆਂ ਅਤੇ ਜੰਗਲੀ ਮੇਵੇ ਵੇਚਣ ਦਾ ਕੰਮ ਵੀ ਕਰਦੇ ਰਹੇ ਹਨ।

3. **ਬੇਲੀਆ ਬੌਰੀਆ** : ਇਸ ਕਬੀਲੇ ਦੇ ਲੋਕ ਆਪਣਾ ਮੂਲ ਝਿਊਰ-ਕਹਾਰ ਜਾਤੀ ਵਿਚ ਮਿਥਦੇ ਹਨ। ਬੇਲੀਆ ਲੋਕ ਆਪਣੇ ਸੱਜੇ ਹੱਥ ਵਿਚ 'ਲੋਹੇ ਦਾ ਕੜਾ' ਇਕ ਖ਼ਾਸ ਪਛਾਣ ਚਿੰਨ੍ਹ ਦੇ ਤੌਰ 'ਤੇ ਪਹਿਨਦੇ ਹਨ।

4. **ਉਗਾਰਵਾ ਬੌਰੀਆ** : ਉਗਾਰਵਾ ਬੌਰੀਆ ਕਬੀਲੇ ਦੇ ਉਹ ਲੋਕ ਹਨ ਜਿਨ੍ਹਾਂ ਦਾ ਸੰਬੰਧ ਬਾਗੜੀਆਂ ਨਾਲ ਹੈ। ਇਨ੍ਹਾਂ ਵਿੱਚੋਂ ਬਹੁਤੇ ਲੋਕ ਆਪਣਾ ਨਿਰਬਾਹ ਚਤੁਰ ਚਲਾਕੀ ਅਤੇ ਪਰਾਏ ਸੋਮਿਆਂ 'ਤੇ ਕਰਦੇ ਰਹੇ ਹਨ। ਕਈ ਅੰਗਰੇਜ਼ ਵਿਦਵਾਨ ਅਤੇ ਪ੍ਰਸ਼ਾਸਕ ਇਨ੍ਹਾਂ ਦਾ ਸੰਬੰਧ ਠੱਗੀ-ਠੋਰੀ ਅਤੇ ਚੋਰੀ ਨਾਲ ਵੀ ਜੋੜਦੇ ਰਹੇ ਹਨ ਜੋ ਕਿ ਸਿਰਫ਼ ਖੇਤਰੀ ਨਿਰੀਖਣ 'ਤੇ ਹੀ ਨਿਰਧਾਰਤ ਹੈ।

5. **ਬੌਰਜਲੀਆ** : ਇਹ ਬੌਰੀਆ ਕਬੀਲੇ ਦੇ ਉਹ ਲੋਕ ਹਨ ਜਿਹੜੇ ਕਿ ਸ਼ਿਕਾਰ ਲਈ ਫੰਦੇ ਅਤੇ ਜਾਲ ਤਿਆਰ ਕਰਕੇ ਆਪਣਾ ਗੁਜ਼ਾਰਾ ਕਰਦੇ ਆਏ ਹਨ।

6. **ਬਾਧਕ** : ਇਨ੍ਹਾਂ ਲੋਕਾਂ ਨੂੰ 'ਬਾਧਕੀਆ' ਵੀ ਆਖਿਆ ਜਾਂਦਾ ਹੈ। ਇਹ ਲੋਕ ਜ਼ਿਆਦਾਤਰ ਮਥੁਰਾ ਅਤੇ ਭਰਤਪੁਰ ਰਿਆਸਤ ਦੇ ਆਸ-ਪਾਸ ਰਹਿੰਦੇ ਰਹੇ ਹਨ। ਪੇਸ਼ੇ ਵਜੋਂ ਇਹ ਲੋਕ ਨਿਪੁੰਨ ਸ਼ਿਕਾਰੀ ਹਨ। ਜੰਗਲੀ ਜੀਵਾਂ ਦਾ ਸ਼ਿਕਾਰ ਕਰਕੇ ਆਪਣਾ ਨਿਰਬਾਹ ਕਰਨਾ ਇਨ੍ਹਾਂ ਲੋਕਾਂ ਦਾ ਮੂਲ ਧੰਦਾ ਰਿਹਾ ਹੈ। ਇਸ ਤੋਂ ਇਲਾਵਾ ਇਹ ਲੋਕ ਪਿਤਾ ਪੁਰਖੀ ਸ਼ਿਕਾਰੀ ਹਨ।

7. **ਚਿੜੀਮਾਰ** : ਬੌਰੀਆ ਕਬੀਲੇ ਦੇ ਚਿੜੀਮਾਰ ਲੋਕ ਵੀ ਗੰਗਾ ਜਮਨਾ ਦੇ ਮੈਦਾਨਾਂ ਵਿਚ ਡੇਰਿਆਂ ਦੇ ਰੂਪ ਵਿਚ ਘੁੰਮ-ਫਿਰ ਕੇ ਅਤੇ ਸ਼ਿਕਾਰ ਕਰਕੇ ਆਪਣਾ ਨਿਰਬਾਹ ਕਰਦੇ ਰਹੇ ਹਨ।

8. **ਦੀਵਾਲੀ ਬੌਰੀਆ** : ਦੀਵਾਲੀ ਬੌਰੀਆ ਦਿੱਲੀ ਅਤੇ ਇਸ ਦੇ ਆਸ-ਪਾਸ ਦੇ

ਇਲਾਕਿਆਂ ਵਿਚ ਵੱਡੀ ਤਾਦਾਦ ਵਿਚ ਵੱਸੇ ਹੋਏ ਸਨ। ਇਨ੍ਹਾਂ ਵਿਚੋਂ ਇਕ ਸ਼ਾਖਾ 'ਨੜੀਵਾਲ' ਲੋਕਾਂ ਦੀ ਹੈ ਜਿਹੜੇ ਕਿ ਰੱਸੀਆਂ ਵੱਟ ਕੇ ਵੇਚਣ ਦਾ ਧੰਦਾ ਕਰਿਆ ਕਰਦੇ ਸਨ।

9. **ਨਗੌਰੀਆ ਬੌਰੀਆ** : ਇਨ੍ਹਾਂ ਲੋਕਾਂ ਦਾ ਸੰਬੰਧ ਜੋਧਪੁਰ ਦੀ ਰਿਆਸਤ ਨਗੌਰ ਨਾਲ ਹੈ। ਇਹ ਲੋਕ ਰਾਜਸਥਾਨ ਦੇ ਵੱਖ-ਵੱਖ ਇਲਾਕਿਆਂ ਵਿਚ ਵੱਸੇ ਹੋਏ ਹਨ। ਇਹ ਲੋਕ ਹੁਣ ਛੋਟੇ-ਮੋਟੇ ਧੰਦੇ ਕਰਕੇ ਆਪਣਾ ਗੁਜ਼ਾਰਾ ਕਰਦੇ ਹਨ।

10. **ਬਾਗੜੀ** : ਇਨ੍ਹਾਂ ਲੋਕਾਂ ਦਾ ਸੰਬੰਧ ਬੀਕਾਨੇਰ ਦੇ ਬਾਗੜ ਇਲਾਕੇ ਨਾਲ ਹੈ। ਬਾਗੜੀ ਬੌਰੀਆ ਕਈ ਪ੍ਰਕਾਰ ਦੇ ਨਿਮਨ ਧੰਦਿਆਂ ਨਾਲ ਜੁੜੇ ਹੋਏ ਹਨ। ਅੱਜ ਵੀ ਇਹ ਲੋਕ ਆਰਥਿਕ ਤੌਰ 'ਤੇ ਬੁਰੀ ਤਰ੍ਹਾਂ ਪਛੜੇ ਹੋਏ ਹਨ। ਇਹ ਲੋਕ 'ਗੂਗਾ ਪੀਰ' ਨੂੰ ਆਪਣਾ ਇਸ਼ਟ ਮੰਨਦੇ ਹਨ।

11. **ਮਾੜੂ ਬੌਰੀਆ** : ਇਨ੍ਹਾਂ ਲੋਕਾਂ ਦਾ ਸੰਬੰਧ ਰਾਜਸਥਾਨ ਦੇ ਇਲਾਕੇ ਮਾਰਵਾੜ ਨਾਲ ਹੈ। ਇਹ ਲੋਕ ਵੀ ਆਰਥਿਕ ਤੌਰ 'ਤੇ ਕਾਫ਼ੀ ਪਛੜੇ ਹੋਏ ਹਨ। ਇਹ ਲੋਕ ਹੁਣ ਵੀ ਪਸ਼ੂ ਪਠੇਰਾ ਪਾਲ ਕੇ ਆਪਣਾ ਗੁਜ਼ਾਰਾ ਕਰਦੇ ਹਨ।

12. **ਕਾਲਧਬਲੀਆ ਬੌਰੀਆ** : ਇਹ ਲੋਕ 'ਕਾਲੀ ਕੰਬਲੀ' ਵਰਗਾ ਬਸਤਰ ਪਹਿਨਦੇ ਸਨ ਜਿਸ ਕਰਕੇ ਇਨ੍ਹਾਂ ਨੂੰ ਕਾਲਧਬਲੀਆ ਕਹਿੰਦੇ ਹਨ। ਇਹ ਲੋਕ ਜ਼ਿਆਦਾਤਰ ਪਟਿਆਲਾ ਰਿਆਸਤ ਅਤੇ ਭੀਵਾਨੀ ਦੇ ਇਲਾਕਿਆਂ ਦੇ ਆਸ-ਪਾਸ ਵੱਸੇ ਹੋਏ ਸਨ।

13. **ਹਬੜਾ ਬੌਰੀਆ** : ਇਹ ਆਦਿਕਾਲੀ ਘੁਮੰਤੂ ਲੋਕ ਹਨ ਅਤੇ ਇਕ ਥਾਂ ਤੋਂ ਦੂਜੀ ਥਾਂ ਕਾਫਲਿਆਂ ਵਿਚ ਘੁੰਮ-ਫਿਰ ਕੇ ਗੁਜ਼ਾਰਾ ਕਰਦੇ ਰਹੇ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਲੋਕ ਪੂਰਬੀ ਜਮਨਾ ਦੇ ਇਲਾਕਿਆਂ ਵਿਚ ਵੱਖ-ਵੱਖ ਥਾਵਾਂ 'ਤੇ ਵੱਸੇ ਹੋਏ ਹਨ।

14. **ਗੰਧੀਲਾ ਬੌਰੀਆ** : ਬੌਰੀਆ ਕਬੀਲੇ ਦੇ 'ਗੰਧੀਲਾ ਲੋਕ' ਪੰਜਾਬ ਦੀਆਂ ਵੱਖ-ਵੱਖ ਨਦੀਆਂ ਅਤੇ ਪੂਰਬੀ ਜਮਨਾ ਦੇ ਇਲਾਕਿਆਂ ਵਿਚ ਵੱਸੇ ਹੋਏ ਹਨ।

15. **ਅਹਿਰੀਆ** : ਇਹ ਲੋਕ ਹੋਡਲ ਅਤੇ ਪਲਵਲ ਦੇ ਇਲਾਕਿਆਂ ਦੇ ਬਾਸ਼ਿੰਦੇ ਹਨ। ਇਕ ਵਿਦਵਾਨ ਬ੍ਰਾਹਮਣ ਪੁਰੋਹਿਤ ਅਨੁਸਾਰ ਇਹ ਲੋਕ 'ਗੋਹਾ' ਨਾਮਕ ਭੀਲ ਦੇ ਵੰਸ਼ਜ਼ ਹਨ ਜਿਨ੍ਹਾਂ ਦੇ ਇਕ ਜਾਨਸ਼ੀਨ ਨੇ ਠਾਕੁਰ ਘਰਾਣੇ ਵਿਚ ਵਿਆਹ ਰਚਾਇਆ ਸੀ। ਉਸਦੇ ਵੰਸ਼ਜ਼ ਅੱਗੇ ਜਾ ਕੇ 'ਅਹਿਰੀਆ' ਜਾਂ 'ਹੇਰੀਆ' ਅਖਵਾਏ ਜਦੋਂ ਕਿ ਬੌਰੀਆ ਲੋਕ ਸ਼ੁਧ 'ਭੀਲੀ' ਮੂਲ ਵਿਚੋਂ ਹਨ। 'ਅਹਿਰੀਆ' ਅਤੇ 'ਬੌਰੀਆ' ਲੋਕ ਆਪਸ ਵਿਚ ਵਿਆਹ ਸੰਬੰਧ ਸਥਾਪਤ ਨਹੀਂ ਕਰਦੇ।[3]

ਬੌਰੀਆ ਕਬੀਲੇ ਦੇ 'ਪੰਚ' ਅਤੇ 'ਸਿਆਣੇ' 'ਮੇਵਾਤੀਆ ਲੋਕਾਂ' ਅਤੇ ਚਾਰ ਪੰਚਾਇਤਾਂ ਵਿਚੋਂ ਚੁਣੇ ਜਾਂਦੇ ਹਨ। ਇਸ ਤਰ੍ਹਾਂ ਇਕ ਵੱਡੀ ਅਤੇ ਸਾਂਝੀ ਨਿਆਂ ਪ੍ਰਣਾਲੀ ਹੋਂਦ ਧਾਰਦੀ ਹੈ। ਬੌਰੀਆ ਕਬੀਲੇ ਦੀਆਂ ਸਾਰੀਆਂ ਸਜ਼ਾਵਾਂ ਕੁਦਰਤ ਦੀ ਕਰੋਪੀ ਨਾਲ ਜੁੜੀਆਂ ਹੋਈਆਂ ਹਨ। ਕਬੀਲੇ ਦੀ ਪੰਚਾਇਤ ਵਿਚ ਅਪਰਾਧੀ ਨੂੰ ਆਪਣੇ ਆਪ ਨੂੰ ਸੱਚਾ ਸਾਬਤ ਕਰਨ ਲਈ ਭਾਰਤ ਦੀਆਂ ਪਵਿੱਤਰ ਅਤੇ ਰੂਹਾਨੀ ਨਦੀਆਂ ਦੀ ਸਹੁੰ ਚੁੱਕਣੀ ਪੈਂਦੀ ਹੈ। ਇਸ

ਤੋਂ ਇਲਾਵਾ ਸੂਰਜ ਦੇਵਤਾ ਅੱਗੇ ਪੰਜ ਜਾਂ ਸੱਤ ਕਦਮ ਵਧ ਕੇ ਉਸਦੀ ਕਰੋਪੀ ਨੂੰ ਹਾਜ਼ਰ ਨਾਜ਼ਰ ਮੰਨ ਕੇ ਸਹੁੰ ਚੁੱਕਣੀ ਪੈਂਦੀ ਹੈ। ਪਿੱਪਲ ਦਾ ਪੱਤਾ ਤੋੜ ਕੇ ਚੁੱਕੀ ਗਈ ਸਹੁੰ ਕਬੀਲੇ ਵਿਚ ਸਭ ਤੋਂ ਭਾਰੀ ਸਹੁੰ ਮੰਨੀ ਜਾਂਦੀ ਹੈ। 'ਪੱਤਾ ਤੋੜਨ' ਦਾ ਸੰਬੰਧ ਝੂਠੀ ਸਹੁੰ ਚੁੱਕਣ ਵਾਲੇ ਦੇ ਵੰਸ਼ ਦੀ ਤਬਾਹੀ ਨਾਲ ਹੁੰਦਾ ਹੈ। ਝਗੜਿਆਂ ਅਤੇ ਅਪਰਾਧਾਂ ਸੰਬੰਧੀ ਲਾਏ ਗਏ 'ਜੁਰਮਾਨੇ' ਅਤੇ 'ਦੰਡ' ਪੰਚਾਇਤ ਅਤੇ ਪੈਂਚਾਂ ਦੁਆਰਾ ਖਰਚੇ ਜਾਂਦੇ ਹਨ। ਕਬੀਲਾ ਪੰਚਾਇਤ ਵਿਧਵਾ ਵਿਆਹ ਕਰਾਉਣ ਦਾ ਅਧਿਕਾਰ ਵੀ ਰੱਖਦੀ ਹੈ ਅਤੇ ਇਸਦੇ ਇਵਜ਼ ਵਿਚ ਕੁਝ ਰਕਮ ਵਿਧਵਾ ਦੇ ਸਹੁਰੇ ਨੂੰ ਦੇਣ ਸੰਬੰਧੀ ਰਵਾਇਤ ਪ੍ਰਚੱਲਿਤ ਹੈ।

ਬੌਰੀਆ ਕਬੀਲਾ ਅਤੇ ਜ਼ਰਾਇਮ ਪੇਸ਼ਾ ਐਕਟ

ਭਾਰਤ ਵਿਚ ਆਦਿ ਕਾਲ ਤੋਂ ਹੀ ਕਈ ਰਮਤੇ ਕਬੀਲੇ ਇਕ ਥਾਂ ਤੋਂ ਦੂਜੀ ਥਾਂ ਭੋਜਨ ਪਾਣੀ ਅਤੇ ਹਰੀਆਂ ਚਾਰਾਗਾਹਾਂ ਦੀ ਭਾਲ ਵਿਚ ਇਕ ਥਾਂ ਤੋਂ ਦੂਜੀ ਥਾਂ ਘੁੰਮਦੇ ਰਹਿੰਦੇ ਸਨ। ਇਹ ਲੋਕ ਆਪਣਾ ਪਸ਼ੂ ਪਠੋਰਾ ਅਤੇ ਡੰਡਾ ਡੇਰਾ ਨਾਲ ਹੀ ਰੱਖਦੇ ਸਨ। ਇਨ੍ਹਾਂ ਵਿਚੋਂ ਕੁਝ ਕਬੀਲੇ ਅਜਿਹੇ ਵੀ ਸਨ ਜਿਹੜੇ ਕਿ ਬਿਲਕੁਲ ਜੰਗਲੀ ਜੀਵਨ ਬਤੀਤ ਕਰ ਰਹੇ ਸਨ। ਇਨ੍ਹਾਂ ਵਿੱਚੋਂ ਬਹੁਤੇ ਲੋਕ ਜੰਗਲੀ ਜਾਨਵਰਾਂ ਦਾ ਸ਼ਿਕਾਰ ਅਤੇ ਕੰਦ ਮੂਲ ਖਾ ਕੇ ਆਪਣਾ ਗੁਜ਼ਾਰਾ ਕਰਦੇ ਸਨ। ਰਮਤਾ ਜੀਵਨ ਬਤੀਤ ਕਰਨਾ ਇਨ੍ਹਾਂ ਲੋਕਾਂ ਦੇ ਸੁਭਾਅ ਦਾ ਇਕ ਹਿੱਸਾ ਸੀ। ਉਦੋਂ ਅਜੇ ਨਿੱਜੀ ਜਾਇਦਾਦ ਦਾ ਸੰਕਲਪ ਵੀ ਪੈਦਾ ਨਹੀਂ ਸੀ ਹੋਇਆ। ਭਾਰਤ ਵਿਚ ਬਸਤੀਵਾਦੀ ਹਕੂਮਤ ਦੇ ਸਥਾਪਤ ਹੋਣ 'ਤੇ ਇਨ੍ਹਾਂ ਕਬੀਲਿਆਂ ਲਈ ਤਲਖ਼ੀ ਦਾ ਦੌਰ ਸ਼ੁਰੂ ਹੁੰਦਾ ਹੈ। ਬਰਤਾਨਵੀ ਹਕੂਮਤ ਵੱਲੋਂ ਭਾਰਤ ਦੀਆਂ ਵੱਖ-ਵੱਖ ਜਾਤੀਆਂ ਅਤੇ ਜਨਜਾਤੀਆਂ ਨੂੰ ਸਮਝਣਾ ਕੋਈ ਸੌਖੀ ਗੱਲ ਨਹੀਂ ਸੀ।

ਅੰਗਰੇਜ਼ਾਂ ਨੂੰ ਇਨ੍ਹਾਂ ਰਮਤੇ ਕਬੀਲਿਆਂ ਦੀ 'ਖਾਨਾਬਦੋਸ਼ੀ' ਗਵਾਰਾ ਨਹੀਂ ਸੀ ਕਿਉਂਕਿ ਅੰਗਰੇਜ਼ ਹਾਕਮ ਇਨ੍ਹਾਂ ਘੁਮੰਤੂ ਅਤੇ ਅਲਬੇਲੇ ਲੋਕਾਂ ਨੂੰ ਬਰਤਾਨਵੀ ਹਕੂਮਤ ਲਈ ਖਤਰਾ ਸਮਝਦੇ ਸਨ ਜਿਸਦੇ ਸਿੱਟੇ ਵਜੋਂ ਕਬੀਲਿਆਂ 'ਤੇ ਕਈ ਤਰ੍ਹਾਂ ਦੇ ਜ਼ੁਲਮ ਢਾਹੇ ਗਏ ਅਤੇ ਸਖ਼ਤ ਪ੍ਰਤੀਬੰਧ ਵੀ ਲਾਏ ਗਏ ਕਿਉਂਕਿ ਅੰਗਰੇਜ਼ ਹਾਕਮ ਇਨ੍ਹਾਂ ਲੋਕਾਂ ਨੂੰ ਆਪਣੇ ਦਾਬੇ ਅਤੇ ਅਧਿਕਾਰ ਖੇਤਰ ਵਿਚ ਰੱਖਣਾ ਚਾਹੁੰਦੇ ਸਨ। ਅੰਗਰੇਜ਼ਾਂ ਨੇ ਇਕ ਸੋਚੀ-ਸਮਝੀ ਸਾਜ਼ਿਸ਼ ਦੇ ਤਹਿਤ ਆਮ ਜਨਤਾ ਵਿਚ ਇਹ ਪ੍ਰਚਾਰ ਕੀਤਾ ਕਿ ਇਹ ਘੁਮੰਤੂ ਕਬੀਲੇ ਸਮਾਜ ਦੀ ਨਿਆਂ ਵਿਵਸਥਾ ਅਤੇ ਸ਼ਾਂਤੀ ਲਈ ਖਤਰਾ ਹਨ। ਇਸ ਤੋਂ ਇਲਾਵਾ ਇਨ੍ਹਾਂ ਲੋਕਾਂ ਨੂੰ ਕਈ ਪ੍ਰਕਾਰ ਦੀਆਂ ਅਪਰਾਧੀ ਪ੍ਰਵਿਰਤੀਆਂ ਨਾਲ ਜੋੜ ਕੇ ਵੀ ਵੇਖਿਆ ਗਿਆ। ਜੇਕਰ ਕਿਤੇ ਵੀ ਕੋਈ ਚੋਰੀ ਜਾਂ ਡਾਕਾ ਪੈਂਦਾ ਸੀ ਤਾਂ ਇਨ੍ਹਾਂ ਲੋਕਾਂ ਦੇ ਕੁਦਰਤੀ ਜੀਵਨ ਵਿਚ ਹਲਚਲ ਸ਼ੁਰੂ ਹੋ ਜਾਂਦੀ ਸੀ।

ਇਸ ਤਰ੍ਹਾਂ ਆਖਰਕਾਰ ਬਰਤਾਨਵੀ ਹਕੂਮਤ ਦੇ ਕਾਇਦੇ ਕਾਨੂੰਨਾਂ ਅਨੁਸਾਰ ਨਾ ਚਲਣ ਵਾਲੇ ਕਬੀਲਿਆਂ 'ਤੇ ਜਰਾਇਮ ਪੇਸ਼ਾ ਐਕਟ ਲਗਾ ਦਿੱਤਾ ਗਿਆ। ਭਾਰਤ ਵਿਚ ਜਰਾਇਮ ਪੇਸ਼ਾ ਐਕਟ ਕੈਪਟਨ ਡਬਲਯੂ.ਐਚ.ਸਲੀਮੈਨ ਦੀਆਂ ਹਦਾਇਤਾਂ 'ਤੇ 1871 ਵਿਚ ਲਾਗੂ ਹੋਇਆ। ਇਹ ਐਕਟ ਜ਼ਿਆਦਾਤਰ ਉਨ੍ਹਾਂ ਖਾਨਬਦੋਸ਼ ਸਮੂਹਾਂ 'ਤੇ ਲਾਗੂ ਕੀਤਾ ਗਿਆ

ਜਿਹੜੇ ਕਿ ਅੰਗਰੇਜ਼ ਹਾਕਮਾਂ ਦੇ ਦਾਇਰੇ ਵਿਚੋਂ ਬਾਹਰ ਵਿਚਰ ਰਹੇ ਸਨ। ਇਸਦੇ ਨਾਲ ਇਹ ਕਾਨੂੰਨ ਪੰਜਾਬ ਵਿਚ ਵੀ ਬੜੀ ਸਰਗਰਮੀ ਨਾਲ ਲਾਗੂ ਕਰ ਦਿੱਤਾ ਗਿਆ। ਪੰਜਾਬ ਵਿਚ ਇਹ ਕਾਨੂੰਨ ਬੌਰੀਆ, ਬਾਜੀਗਰ, ਬਰੜ, ਬੰਗਾਲਾ, ਗੰਧੀਲਾ, ਨਟ, ਸਾਂਸੀ ਅਤੇ ਕਈ ਹੋਰ ਘੁਮੰਤੂ ਅਤੇ ਜੰਗਲੀ ਜਨਜਾਤੀਆਂ 'ਤੇ ਲਾਗੂ ਕੀਤਾ ਗਿਆ। ਇਸ ਸੰਬੰਧੀ ਘੁਮੰਤੂ ਕਬੀਲਿਆਂ ਨੂੰ ਬਰਤਾਨਵੀ ਹਕੂਮਤ ਵੱਲੋਂ ਪਛਾਣ-ਪੱਤਰ ਜਾਰੀ ਕੀਤੇ ਗਏ ਜਿਹੜੇ ਕਿ ਸੰਬੰਧਤ ਕਬੀਲਿਆਂ ਨੂੰ ਲੋੜ ਪੈਣ 'ਤੇ ਪੇਸ਼ ਕਰਨੇ ਪੈਂਦੇ ਸਨ। ਇਸੇ ਸੰਦਰਭ ਵਿਚ ਬੌਰੀਆ ਲੋਕਾਂ 'ਤੇ ਵੀ ਕਈ ਸਖ਼ਤ ਮਨਾਹੀਆਂ ਲਾਗੂ ਕੀਤੀਆਂ ਗਈਆਂ। ਉਦਾਹਰਣ ਦੇ ਤੌਰ 'ਤੇ ਬੌਰੀਆ ਲੋਕਾਂ ਨੂੰ ਆਪਣੀ ਪਛਾਣ ਦੇ ਤੌਰ 'ਤੇ ਆਪਣੇ ਨਾਲ ਇਕ 'ਚਿੱਠਾ' ਰੱਖਣਾ ਪੈਂਦਾ ਸੀ। ਇਹ ਪੱਤਰ ਇਕ ਧਾਤੂ ਦੀ ਪਾਈਪ ਵਿਚ ਬੰਦ ਹੁੰਦਾ ਸੀ। ਲੋੜ ਪੈਣ 'ਤੇ ਇਹ ਪਛਾਣ-ਪੱਤਰ ਪੇਸ਼ ਨਾ ਕਰਨ ਦੀ ਸੂਰਤ ਵਿਚ ਬੌਰੀਆ ਲੋਕਾਂ ਨੂੰ ਬਿਨਾਂ ਕਿਸੇ ਸੂਚਨਾ ਅਤੇ ਵਾਰੰਟਾਂ ਤੋਂ ਗ੍ਰਿਫਤਾਰ ਕਰ ਲਿਆ ਜਾਂਦਾ ਸੀ। ਇਸ ਤੋਂ ਇਲਾਵਾ ਇਨ੍ਹਾਂ ਲੋਕਾਂ ਦੀ ਨਿਯਮਤ ਢੰਗ ਨਾਲ ਦਿਨ ਵਿਚ ਤਿੰਨ ਵਾਰ ਚੌਕੀਦਾਰ, ਲੰਬੜਦਾਰ ਅਤੇ ਨੇੜੇ ਦੇ ਥਾਣੇ ਵਿਚ ਲਗਾਤਾਰ ਹਾਜ਼ਰੀ ਲੱਗਦੀ ਸੀ। ਇਨ੍ਹਾਂ ਲੋਕਾਂ ਨੂੰ ਇਕ ਥਾਂ ਤੋਂ ਦੂਜੀ ਥਾਂ 'ਤੇ ਕੂਚ ਕਰਨ ਵੇਲੇ 'ਯਾਤਰਾ ਦਾ ਮਕਸਦ' ਦੱਸ ਕੇ ਉਚੇਚੇ ਤੌਰ 'ਤੇ ਅੰਗਰੇਜ਼ ਅਧਿਕਾਰੀਆਂ ਦੀ ਪ੍ਰਵਾਨਗੀ ਲੈਣੀ ਪੈਂਦੀ ਸੀ। ਇਸ ਤਰ੍ਹਾਂ ਕਬੀਲਿਆਂ ਤੇ 1871 ਵਿੱਚ 'ਕਰੀਮੀਨਲ ਟਰਾਈਬਜ਼' ਐਕਟ ਲਾਗੂ ਹੋਣ ਤੋਂ ਬਾਅਦ ਇਨ੍ਹਾਂ ਲੋਕਾਂ 'ਤੇ ਸ਼ਿਕੰਜਾ ਕੱਸਣ ਲਈ ਇਸ ਐਕਟ ਵਿਚ ਸਮੇਂ-ਸਮੇਂ ਸਿਰ ਲੋੜ ਅਨੁਸਾਰ ਤਬਦੀਲੀਆਂ ਕੀਤੀਆਂ ਗਈਆਂ। ਇਨ੍ਹਾਂ ਸੋਧਾਂ ਅਨੁਸਾਰ ਇਨ੍ਹਾਂ ਲੋਕਾਂ ਦਾ ਥਹੁ-ਪਤਾ ਦਰਜ ਕਰਕੇ ਆਪਣੇ ਅਧਿਕਾਰ ਖੇਤਰ ਵਿਚ ਰੱਖਣਾ ਅਤੇ ਉਨ੍ਹਾਂ ਦੀ ਪੱਕੀ ਸ਼ਨਾਖ਼ਤ ਲਈ ਉਂਗਲਾਂ ਦੇ ਨਿਸ਼ਾਨ ਲੈਣਾ ਜ਼ਰੂਰੀ ਕਰ ਦਿੱਤਾ ਗਿਆ ਸੀ। ਇਸ ਸਬੰਧ ਵਿਚ ਬੌਰੀਆ ਕਬੀਲੇ ਦੇ ਲੋਕਾਂ ਨੂੰ ਖਤਰਾ ਸਮਝ ਕੇ ਅੰਗਰੇਜ਼ ਹਕੂਮਤ ਵੱਲੋਂ ਉਨ੍ਹਾਂ ਦੀਆਂ ਉਂਗਲਾਂ ਅਤੇ ਅੰਗੂਠਿਆਂ ਦੇ ਨਿਸ਼ਾਨ ਵਿਸ਼ੇਸ਼ ਢੰਗ ਨਾਲ ਦਰਜ ਕੀਤੇ ਜਾਂਦੇ ਸਨ। ਇਸ ਤਰ੍ਹਾਂ ਬਰਤਾਨਵੀ ਹਾਕਮਾਂ ਅਤੇ ਪ੍ਰਸ਼ਾਸਕਾਂ ਵੱਲੋਂ ਕਬੀਲਿਆਂ ਦੇ ਮਸਲੇ ਨਜਿੱਠਣ ਦੀ ਬਜਾਏ ਉਨ੍ਹਾਂ ਲਈ ਕਈ ਹੋਰ ਮੁਸ਼ਕਲਾਂ ਖੜ੍ਹੀਆਂ ਕਰ ਦਿੱਤੀਆਂ ਗਈਆਂ। ਇਸ ਤਰ੍ਹਾਂ ਅਸੀਂ ਆਖ ਸਕਦੇ ਹਾਂ ਕਿ ਬਰਤਾਨਵੀ ਹਕੂਮਤ ਦੀ ਕਬੀਲਿਆਂ ਸੰਬੰਧੀ ਪਰਿਭਾਸ਼ਾ ਅਤੇ ਨੀਤੀ ਉਨ੍ਹਾਂ ਦੀਆਂ ਬਸਤੀਵਾਦੀ ਲੋੜਾਂ ਤੋਂ ਪ੍ਰੇਰਿਤ ਸੀ ਜਿਸ ਕਰਕੇ ਇਨ੍ਹਾਂ ਕਬੀਲਿਆਂ ਨੂੰ ਦੁਸ਼ਵਾਰੀਆਂ ਦੇ ਇਕ ਲੰਬੇ ਦੌਰ ਵਿਚੋਂ ਗੁਜ਼ਰਨਾ ਪਿਆ।

ਉਪਰੋਕਤ ਹਵਾਲਿਆਂ ਦੇ ਸੰਬੰਧ ਵਿੱਚ ਬੌਰੀਆ ਕਬੀਲੇ ਦੇ ਲੋਕਾਂ 'ਤੇ ਐਨਾ ਜ਼ਿਆਦਾ ਤਸ਼ੱਦਦ ਅਤੇ ਜ਼ੁਲਮ ਹੋਇਆ ਕਿ ਇਹ ਲੋਕ ਅੱਜ ਵੀ ਮਨੋਵਿਗਿਆਨਕ ਤੌਰ 'ਤੇ ਇਸ ਦਾਬੇ ਅਤੇ ਭੈਅ ਤੋਂ ਮੁਕਤ ਨਹੀਂ ਹੋਏ। ਇਸ ਸੰਬੰਧੀ ਅਸੀਂ ਇਹ ਵੀ ਆਖ ਸਕਦੇ ਹਾਂ ਕਿ ਭਾਵੇਂ ਇਹ ਲੋਕ ਸਰੀਰਕ ਤੌਰ 'ਤੇ ਆਜ਼ਾਦ ਹਨ ਪਰੰਤੂ ਮਾਨਸਿਕ ਤੌਰ 'ਤੇ ਇਹ ਲੋਕ ਅੱਜ ਵੀ ਸਹਿਮ ਦੇ ਸਾਏ ਹੇਠ ਜੀਵਨ ਬਤੀਤ ਕਰ ਰਹੇ ਹਨ। ਸਭ ਤੋਂ ਹਾਸੋਹੀਣੀ ਅਤੇ ਸ਼ਰਮਨਾਕ ਗੱਲ ਇਹ ਹੈ ਕਿ 1947 ਵਿਚ ਭਾਰਤ ਦੇ ਆਜ਼ਾਦ ਹੋਣ ਤੋਂ ਬਾਅਦ

ਵੀ ਇਹ ਕਬੀਲੇ ਲੰਬਾ ਸਮਾਂ ਰਾਜਨੀਤਕ ਬੁਰਛਾਗਰਦੀ ਦਾ ਸ਼ਿਕਾਰ ਬਣੇ ਰਹੇ। ਅੰਤ 31 ਅਗਸਤ, 1952 ਵਿਚ ਇਨ੍ਹਾਂ ਲੋਕਾਂ ਦੀ ਜਦੋਜਹਿਦ ਅਤੇ ਸੰਘਰਸ਼ ਪਿੱਛੋਂ ਜਰਾਇਮ ਪੇਸ਼ਾ ਐਕਟ ਸੰਵਿਧਾਨਕ ਤੌਰ 'ਤੇ ਖਤਮ ਕਰ ਦਿੱਤਾ ਗਿਆ। ਹੁਣ ਇਹ ਲੋਕ 'ਵਿਮੁਕਤ ਜਾਤੀ' ਦੇ ਸਾਂਝੇ ਨਾਂ ਹੇਠ ਜਥੇਬੰਦ ਹੋ ਕੇ ਆਪਣੇ ਮੁੱਢਲੇ ਹੱਕਾਂ ਲਈ ਜੂਝ ਰਹੇ ਹਨ।

ਬੌਰੀਆ ਕਬੀਲੇ ਦੇ ਲੋਕਾਂ ਤੇ ਸੁਧਾਰ ਘਰਾਂ (Reformatries) ਵਿੱਚ ਵੀ ਬਹੁਤ ਵਧੀਕੀਆਂ ਕੀਤੀਆਂ ਗਈਆਂ। ਇਹ ਲੋਕ ਇਨ੍ਹਾਂ ਬਸਤੀਆਂ ਵਿਚ ਬਰਤਾਨਵੀ ਪ੍ਰਸ਼ਾਸਨ ਅਤੇ ਪੁਲਿਸ ਦੀ ਦੇਖ-ਰੇਖ ਵਿਚ ਦਿਨ ਕੱਟਣ ਲਈ ਮਜ਼ਬੂਰ ਸਨ। ਇੱਥੋਂ ਤੱਕ ਕਿ ਛੇ ਸਾਲ ਤੋਂ ਲੈ ਕੇ ਚੌਦ੍ਹਾਂ ਸਾਲ ਦੀ ਉਮਰ ਦੇ ਬੱਚੇ ਵੀ ਇਸ ਐਕਟ ਦਾ ਸ਼ਿਕਾਰ ਹੋਏ। ਬੌਰੀਆ ਕਬੀਲੇ ਦੇ ਲੋਕਾਂ ਵਿਚ ਇਹ ਐਕਟ ਨਸਲਕੁਸ਼ੀ ਤੋਂ ਘੱਟ ਨਹੀਂ ਸੀ। ਅੰਗਰੇਜ਼ੀ ਸਰਕਾਰ ਨੇ ਅਜਿਹੇ ਕਬੀਲਿਆਂ ਨੂੰ ਸਥਾਈ ਬਸਤੀਆਂ ਵਿਚ ਬਦਲਣ ਲਈ ਕਈ ਤਰ੍ਹਾਂ ਦੇ ਸਖ਼ਤ ਕਾਨੂੰਨ ਪਾਸ ਕਰਕੇ ਇਨ੍ਹਾਂ ਲੋਕਾਂ ਨੂੰ ਇਕ ਕਾਇਦੇ ਵਿਚ ਬੰਨ੍ਹਣ ਲਈ ਇਕ ਵਿਸ਼ੇਸ਼ ਪ੍ਰਣਾਲੀ ਦਾ ਗਠਨ ਕੀਤਾ। ਸੰਯੁਕਤ ਪ੍ਰਾਂਤ 1947 ਦੀ ਅਪਰਾਧਿਕ ਜਨਜਾਤੀ ਜਾਂਚ ਕਮੇਟੀ ਦੇ ਹਵਾਲੇ ਅਨੁਸਾਰ ਪੰਜਾਬ ਵਿਚ ਇਸ ਤਰ੍ਹਾਂ ਦੇ ਤਿੰਨ ਸੁਧਾਰ ਘਰ ਸਥਾਪਤ ਕੀਤੇ ਗਏ ਸਨ :-

1. ਖੇਤੀਬਾੜੀ ਨਾਲ ਸੰਬੰਧਤ ਬਸਤੀਆਂ
2. ਉਦਯੋਗ ਨਾਲ ਸੰਬੰਧਤ ਬਸਤੀਆਂ
3. ਸੁਧਾਰ ਬਸਤੀਆਂ

ਬਰਤਾਨਵੀ ਹਕੂਮਤ ਵੱਲੋਂ ਭਾਰਤ ਵਿਚ ਅਜਿਹੀਆਂ ਕਈ ਬਸਤੀਆਂ ਸਥਾਪਤ ਕੀਤੀਆਂ ਗਈਆਂ ਜਿਨ੍ਹਾਂ ਵਿਚੋਂ ਪੰਜਾਬ ਵਿਚ ਅੰਮ੍ਰਿਤਸਰ, ਪਠਾਨਕੋਟ, ਛਾਂਗਾ ਮਾਂਗਾ, ਕੋਟ ਆਦੂ, ਸ਼ਾਹਪੁਰ ਜੰਗ, ਬੇਗਮਪੁਰਾ, ਮਾਂਡੀਆਂ ਵਾਲਾ ਅਤੇ ਆਸ-ਪਾਸ ਦੇ ਇਲਾਕੇ ਸ਼ਾਮਿਲ ਸਨ। ਇਹ ਬਸਤੀਆਂ ਪੁਰਾਣੇ ਪੰਜਾਬ ਦੇ ਕਈ ਇਲਾਕਿਆਂ ਵਿਚ ਜੇਲ੍ਹ ਘਰਾਂ ਦੇ ਰੂਪ ਵਿਚ ਵੀ ਬਣੀਆਂ ਹੋਈਆਂ ਸਨ ਜਿੱਥੇ ਕਿ ਜ਼ਿਆਦਾਤਰ ਪੇਸ਼ੇਵਰ ਅਪਰਾਧੀਆਂ ਅਤੇ ਮੁਜ਼ਰਮਾਂ ਨੂੰ ਹੀ ਰੱਖਿਆ ਜਾਂਦਾ ਸੀ। ਇਸ ਦੇ ਨਾਲ ਹੀ ਜੰਗਲੀ ਅਤੇ ਖਾਨਾਬਦੋਸ਼ ਲੋਕਾਂ ਨੂੰ ਸਿੱਖਿਅਤ ਕਰਨ ਲਈ ਵਿਸ਼ੇਸ਼ ਸਕੂਲ ਵੀ ਖੋਲ੍ਹੇ ਗਏ ਜਿੱਥੇ ਕਿ ਇਨ੍ਹਾਂ ਲੋਕਾਂ ਦੇ ਬੱਚਿਆਂ ਨੂੰ ਵਿਦਿਆ ਵੀ ਦਿੱਤੀ ਜਾਂਦੀ ਸੀ ਪਰ ਇਹ ਸਾਰਾ ਕਾਰ-ਵਿਹਾਰ ਬਸਤੀਵਾਦੀ ਏਜੰਡੇ ਦੀ ਪੂਰਤੀ ਹਿੱਤ ਕੀਤਾ ਜਾਂਦਾ ਸੀ। ਇਸ ਪ੍ਰਕਿਰਿਆ ਦਾ ਇਨ੍ਹਾਂ ਲੋਕਾਂ ਦੇ ਆਰਥਿਕ, ਸਮਾਜਿਕ ਅਤੇ ਮਾਨਸਿਕ ਵਿਕਾਸ ਨਾਲ ਕੋਈ ਸੰਬੰਧ ਨਹੀਂ ਸੀ। ਇਨ੍ਹਾਂ ਬਸਤੀਆਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਖੇਤੀਬਾੜੀ ਕਰਨੀ, ਜੰਗਲ ਸਾਫ਼ ਕਰਨੇ, ਕੱਪੜਾ ਬੁਣਨਾ ਅਤੇ ਅਜਿਹੇ ਕਈ ਹੋਰ ਨਿੱਕੇ-ਨਿੱਕੇ ਕੰਮ ਦਿੱਤੇ ਜਾਂਦੇ ਸਨ, ਜਿਨ੍ਹਾਂ ਨਾਲ ਕਿ ਬਸਤੀਵਾਦੀ ਹਾਕਮਾਂ ਦੀਆਂ ਲੋੜਾਂ ਦੀ ਪੂਰਤੀ ਹੋ ਸਕੇ। ਇੱਥੇ ਇਨ੍ਹਾਂ ਲੋਕਾਂ ਨੂੰ ਸਖ਼ਤ ਨਿਗਰਾਨੀ ਹੇਠ ਰੱਖਿਆ ਜਾਂਦਾ ਸੀ। ਇਨ੍ਹਾਂ ਸੁਧਾਰ ਘਰਾਂ ਵਿਚੋਂ ਬਾਹਰ ਜਾਣ ਲਈ ਹਰ ਵਿਅਕਤੀ ਨੂੰ ਪਰਵਾਨਗੀ ਲੈਣੀ ਪੈਂਦੀ ਸੀ। ਇਹ ਇਕ ਕਿਸਮ ਦੀ ਮਾਨਸਿਕ ਉਤਪੀੜਨ ਅਤੇ ਸ਼ੋਸ਼ਣ ਦੀ ਪ੍ਰਕਿਰਿਆ ਸੀ ਜਿਸਨੇ ਕਬੀਲਿਆਂ ਦੇ ਕੁਦਰਤੀ ਜੀਵਨ ਅਤੇ ਮਾਨਸਿਕ ਵਿਕਾਸ ਨੂੰ ਗਹਿਰੀ ਢਾਅ

ਲਾਈ। ਇਹ ਸਕੂਲ, ਇਨ੍ਹਾਂ ਵਿਚ ਦਿੱਤੀ ਜਾਂਦੀ ਸਿੱਖਿਆ ਅਤੇ ਦਸਤਕਾਰੀ ਦਾ ਕੰਮ ਕਾਰ ਬਰਤਾਨਵੀ ਹਕੂਮਤ ਦੀਆਂ ਤਤਕਾਲੀ ਲੋੜਾਂ ਸਨ ਜਿਨ੍ਹਾਂ ਵਿੱਚ ਇਹ ਘੁਮੰਤੂ ਕਬੀਲੇ 'ਬਾਲਣ' ਬਣ ਰਹੇ ਸਨ। ਇਨ੍ਹਾਂ ਸੁਧਾਰ ਘਰਾਂ ਅਤੇ ਬਸਤੀਆਂ ਨੇ ਇਨ੍ਹਾਂ ਲੋਕਾਂ ਦੇ ਮਨ ਵਿਚ ਅੰਗਰੇਜ਼ ਹਾਕਮਾਂ ਪ੍ਰਤੀ ਨਫ਼ਰਤ ਦੀ ਭਾਵਨਾ ਪੈਦਾ ਕਰ ਦਿੱਤੀ ਸੀ ਕਿਉਂਕਿ ਅੰਗਰੇਜ਼ ਇਨ੍ਹਾਂ ਲੋਕਾਂ ਦੇ ਕੁਦਰਤੀ ਅਤੇ ਰਮਤੇ ਜੀਵਨ ਦੀ ਕੜੀ ਨੂੰ ਤੋੜ ਕੇ ਇਨ੍ਹਾਂ ਦੇ ਜੀਵਨ ਦਰਸ਼ਨ ਅਤੇ ਸਭਿਆਚਾਰਕ ਮਾਨਤਾਵਾਂ ਨੂੰ ਸਹਿਜੇ-ਸਹਿਜੇ ਖਤਮ ਕਰ ਰਹੇ ਸਨ। ਇਸ ਤਰ੍ਹਾਂ ਰਾਜਨੀਤਕ ਦਮਨ ਅਤੇ ਸ਼ੋਸ਼ਨ ਦੇ ਇਕ ਲੰਮੇ ਦੌਰ ਵਿੱਚੋਂ ਲੰਘਦਿਆਂ-ਲੰਘਦਿਆਂ ਇਹ ਲੋਕ ਹਰ ਪੱਖੋਂ ਕੰਗਾਲ ਹੋ ਚੁੱਕੇ ਸਨ। ਸੁਧਾਰ ਘਰਾਂ ਵਿੱਚ ਇਨ੍ਹਾਂ ਲੋਕਾਂ ਨੂੰ ਕਰੜੀ ਮੁਸ਼ੱਕਤ ਬਦਲੇ ਸਿਰਫ਼ ਦੋ ਵਕਤ ਦਾ ਖਾਣਾ ਨਸੀਬ ਹੁੰਦਾ ਸੀ। ਇਸ ਤਰ੍ਹਾਂ 'ਜਰਾਇਮ ਪੇਸ਼ਾ ਐਕਟ' ਦੀ ਆੜ ਵਿਚ ਬੌਰੀਆ ਕਬੀਲੇ ਦੇ ਲੋਕਾਂ ਦਾ ਅੰਗਰੇਜ਼ਾਂ, ਸਾਮੰਤਾਂ ਅਤੇ ਪੰਜਾਬ ਦੇ ਕਿਸਾਨਾਂ ਦੁਆਰਾ ਏਨਾ ਜ਼ਿਆਦਾ ਸ਼ੋਸ਼ਣ ਕੀਤਾ ਗਿਆ ਕਿ ਇਹ ਲੋਕ ਸ਼ਹਿਰਾਂ ਅਤੇ ਪਿੰਡਾਂ ਤੋਂ ਦੂਰ ਲੁਕ-ਛਿਪ ਕੇ ਜੀਵਨ ਗੁਜਾਰਨ ਲਈ ਮਜ਼ਬੂਰ ਸਨ। ਇਹ ਜ਼ੁਲਮ ਦੀ ਇੰਤਹਾ ਹੀ ਸੀ ਕਿ ਬਾਵਰੀ ਲੋਕਾਂ ਨੂੰ ਘਰ ਤੋਂ ਬਾਹਰ ਜਾਣ ਤੋਂ ਇਲਾਵਾ ਸਮਾਂ, ਸਥਾਨ ਅਤੇ ਯਾਤਰਾ ਦਾ ਉਦੇਸ਼ ਵੀ ਦੱਸਣਾ ਪੈਂਦਾ ਸੀ। ਇਹ ਲੋਕ ਥਾਣਿਆਂ ਅਤੇ ਨੰਬਰਦਾਰਾਂ ਕੋਲ ਹਾਜ਼ਰੀਆਂ ਭਰਦੇ-ਭਰਦੇ ਹਾਸ਼ੀਆਕ੍ਰਿਤ ਹੋਣੀ ਭੋਗਣ ਲਈ ਮਜ਼ਬੂਰ ਹੋ ਚੁੱਕੇ ਸਨ। ਇਸ ਤਰ੍ਹਾਂ ਸਮਾਜਿਕ ਤਿਰਸਕਾਰ ਦੇ ਇਕ ਕਾਲੇ ਦੌਰ ਵਿੱਚੋਂ ਗੁਜ਼ਰਦਿਆਂ ਬੌਰੀਆ ਲੋਕਾਂ ਅਤੇ ਉਨ੍ਹਾਂ ਦੇ ਬੱਚਿਆਂ ਦੀ ਮਾਨਸਿਕਤਾ ਦੱਬੂ ਕਿਸਮ ਦੀ ਬਣ ਚੁੱਕੀ ਹੈ। ਇਸ ਤਰ੍ਹਾਂ ਅਸੀਂ ਆਖ ਸਕਦੇ ਹਾਂ ਕਿ ਜਰਾਇਮ ਪੇਸ਼ਾ ਐਕਟ ਨੇ ਬੌਰੀਆ ਕਬੀਲੇ ਦੇ ਲੋਕਾਂ ਨੂੰ ਏਨਾ ਜ਼ਿਆਦਾ ਜੜ੍ਹਹੀਨ ਕਰ ਦਿੱਤਾ ਸੀ ਕਿ ਅੱਜ ਵੀ ਇਹ ਲੋਕ ਕੁਦਰਤੀ ਸਾਂਵੇਂਪਣ ਅਤੇ ਸਹਿਜ ਵਿਚ ਨਹੀਂ ਆ ਸਕੇ। ਇਸ ਸੰਬੰਧੀ ਬੌਰੀਆ ਲੋਕਾਂ ਦੇ ਬਿਰਤਾਂਤ ਅਤੇ ਹੱਡਬੀਤੀਆਂ ਲੂੰ ਕੰਢੇ ਖੜੇ ਕਰਨ ਵਾਲੀਆਂ ਹਨ। ਇਸ ਤਰ੍ਹਾਂ ਇਹ ਲੋਕ ਬਰਤਾਨਵੀ ਰਾਜਨੀਤਕ ਦਮਨਚੱਕਰ ਨਾਲ ਨਾਲ ਲੜਦੇ-ਲੜਦੇ ਮੂਲ ਜੀਵਨ ਸੋਮਿਆਂ ਤੋਂ ਵੀ ਵਿਰਵੇ ਹੋ ਕੇ ਰਹਿ ਗਏ ਸਨ।

ਬੌਰੀਆ ਕਬੀਲੇ ਦਾ ਧਰਮ : ਬੌਰੀਆ ਕਬੀਲੇ ਦੇ ਲੋਕ ਦੇਵੀ ਦੇਵਤਿਆਂ ਅਤੇ ਪੁਰਖ ਪੂਜਾ ਵਿੱਚ ਵਿਸ਼ਵਾਸ ਰੱਖਦੇ ਹਨ। ਬੌਰੀਆ ਕਬੀਲੇ ਦੇ ਲੋਕ ਵਹਿਮਾਂ-ਭਰਮਾਂ ਅਤੇ ਅੰਧ-ਵਿਸ਼ਵਾਸਾਂ ਵਿੱਚ ਵੀ ਗਹਿਰਾ ਵਿਸ਼ਵਾਸ ਰੱਖਦੇ ਹਨ। ਇਹ ਲੋਕ ਹੋਰ ਕਬੀਲਿਆਂ ਵਾਂਗ ਦੇਵੀ ਦੇਵਤਿਆਂ ਨੂੰ ਮੰਨਣ ਤੋਂ ਇਲਾਵਾ 'ਗੂਗਾ ਜ਼ਾਹਰ ਵੀਰ' ਦੀ ਪੂਜਾ ਕਰਦੇ ਹਨ। ਰਾਜਪੂਤਾਂ ਦੀ 'ਚੌਹਾਨ' ਗੋਤਰ ਵਿੱਚੋਂ ਹੋਣ ਕਾਰਨ ਕਈ ਰਾਜਪੂਤ ਮੂਲ ਦੇ ਕਬੀਲੇ 'ਗੂਗਾ ਪੀਰ' ਨੂੰ ਵਿਸ਼ੇਸ਼ ਰੂਪ ਵਿਚ ਧਿਆਉਂਦੇ ਹਨ। ਚੌਹਾਨ ਗੋਤਰ ਨਾਲ ਸੰਬੰਧ ਰੱਖਣ ਵਾਲੀਆਂ ਕੌਮਾਂ 'ਗੂਗਾ ਪੀਰ' ਨੂੰ ਵਿਸ਼ੇਸ਼ ਤੌਰ 'ਤੇ ਮਹੱਤਵ ਦਿੰਦੀਆਂ ਹਨ। ਇਨ੍ਹਾਂ ਵਿਚੋਂ ਬਹੁਤੇ ਲੋਕ ਦੇਵੀ ਦੀ ਉਪਾਸਨਾ ਨਹੀਂ ਕਰਦੇ। ਇਸ ਤਰ੍ਹਾਂ ਬੌਰੀਆ ਲੋਕ ਕਾਲੀ ਮਾਤਾ, ਲਲਤਾ ਮਸਾਨੀ ਅਤੇ ਹੋਰ ਕਈ ਦੇਵੀ ਦੇਵਤਿਆਂ ਦੀ ਪੂਜਾ ਕਰਦੇ ਹਨ। ਇਬਟਸਨ ਅਨੁਸਾਰ, "ਬੌਰੀਆ ਕਬੀਲੇ ਦੇ ਅਪਰਾਧੀ ਪ੍ਰਵਿਰਤੀਆਂ ਨਾਲ ਜੁੜੇ ਹੋਏ ਲੋਕ 'ਨਰ ਸਿੰਘ

ਅਵਤਾਰ' ਦੀ ਪੂਜਾ ਕਰਦੇ ਹਨ। ਨਰ ਸਿੰਘ ਦੀ ਪੂਜਾ ਵਿਚ 'ਘਿਓ ਦੇ ਚਿਰਾਗ' ਅਤੇ ਪ੍ਰਸ਼ਾਦ ਵਿੱਚ ਇਕ 'ਬਲਦਾ ਹੋਇਆ ਕੋਲਾ' ਰੱਖ ਕੇ ਅਰਾਧਨਾ ਕੀਤੀ ਜਾਂਦੀ ਹੈ। ਇਸ ਪੂਜਾ ਵਿੱਚ ਬੋਰੀਆ ਲੋਕ ਆਪਣੇ ਮੰਤਵ ਵਿੱਚ ਕਾਮਯਾਬ ਹੋਣ ਲਈ ਦੁਆ ਕਰਦੇ ਹਨ। ਬਾਅਦ ਵਿੱਚ ਇਹ ਕੜਾਹ ਪ੍ਰਸ਼ਾਦ ਕਾਲੇ ਕੁੱਤਿਆਂ ਅਤੇ ਕਾਵਾਂ ਵਿੱਚ ਵੰਡ ਦਿੱਤਾ ਜਾਂਦਾ ਹੈ। ਇਹ ਲੋਕ ਸੂਰਜ ਅਤੇ ਆਦਿ ਪੁਰਖਿਆਂ 'ਜੁਝਾਰ' ਅਤੇ 'ਝੰਡਾ' ਦੀ ਪੂਜਾ ਵੀ ਕਰਦੇ ਹਨ ਜਿਨ੍ਹਾਂ ਦੇ ਸਥਾਨ ਪਟਿਆਲਾ ਵਿਖੇ ਹਨ। ਇਸ ਤੋਂ ਇਲਾਵਾ ਇਨ੍ਹਾਂ ਲੋਕਾਂ ਦੇ ਹੇਠ ਲਿਖੇ ਦੇਵੀ ਦੇਵਤੇ ਹਨ :

1. ਕੁਟੰਬ ਦੇਹਰਾਂ
2. ਕੁਲ ਦੇਹਰੋਂ
3. ਸਰਵਉੱਚ ਜਾਤੀ ਦੇਹਰੋਂ
4. ਸਵੈਇੱਛਕ ਸਾਂਝੇ ਦੇਵਤੇ
5. ਬਾਬਾ ਕੇਸਰ ਕੰਵਰ
6. ਲੋਧੀਓ
7. ਹਨੂਮਾਨ
8. ਪੰਜ ਪੀਰ
9. ਗੂਗਾ ਜੀ
10. ਹੋਲੀ ਮਾਤਾ
11. ਸ਼ੀਤਲਾ ਮਾਤਾ
12. ਹਾਤ ਬਾਈ
13. ਸੰਤ ਬਾਈ[4]

ਬੌਰੀਆ ਕਬੀਲੇ ਦੇ ਹਰ ਇਕ ਘਰ ਵਿਚ 'ਦੇਹਰਾ' ਨਾਮ ਦਾ ਪੂਜਾ ਸਥਲ ਬਣਾਇਆ ਜਾਂਦਾ ਹੈ। ਬੌਰੀਆ ਲੋਕ ਇਸ ਨੂੰ 'ਚੌਂਤਰੇ' ਦਾ ਨਾਂ ਦਿੰਦੇ ਹਨ। ਘਰ ਦੀਆਂ ਸਵਾਣੀਆਂ ਇਸ 'ਚੌਂਤਰੇ' ਨੂੰ ਲਿਪ ਸੰਵਾਰ ਕੇ ਰੱਖਦੀਆਂ ਹਨ। ਇਸ ਦੀ ਹਰ ਘਰ ਵਿਚ ਸ਼ਰਧਾ ਅਤੇ ਆਸਥਾ ਨਾਲ ਪੂਜਾ ਕੀਤੀ ਜਾਂਦੀ ਹੈ। ਕੁਆਰੀਆਂ ਲੜਕੀਆਂ ਲਈ ਇਹ ਪੂਜਾ ਸਥਾਨ ਵਰਜਿਤ ਹੁੰਦਾ ਹੈ। ਕਈ ਵਾਰ ਕੁਲ ਦੇਵਤੇ ਦਾ ਇਹ ਸਾਂਝਾ ਸਥਾਨ ਕਿਸੇ ਘਰ ਵਿਚ ਸਾਂਝੇ ਰੂਪ ਵਿਚ ਵੀ ਬਣਾ ਲਿਆ ਜਾਂਦਾ ਹੈ। ਬੌਰੀਆ ਕਬੀਲੇ ਦੇ ਲੋਕ ਪੁਰਖ ਪੂਜਾ ਵਿੱਚ ਯਕੀਨ ਰੱਖਦੇ ਹਨ। ਬਾਜੀਗਰ ਕਬੀਲੇ ਦੀ ਤਰ੍ਹਾਂ ਬੌਰੀਆ ਲੋਕਾਂ ਦੀ ਪੁਰਖ ਪੂਜਾ ਵੀ ਵਿਲੱਖਣ ਕਿਸਮ ਦੀ ਹੈ :

1. **ਪਿੱਤਰ ਪੂਜਾ** : ਬੌਰੀਆ ਕਬੀਲੇ ਦੇ ਲੋਕ ਕਿਸੇ ਵੀ ਤਿਉਹਾਰ, ਵਿਆਹ ਸ਼ਾਦੀ ਜਾਂ ਕਸ਼ਟ ਸਮੇਂ ਸਭ ਤੋਂ ਪਹਿਲਾਂ ਪਿੱਤਰ ਪੂਜਾ ਕਰਦੇ ਹਨ। ਬੌਰੀਆ 'ਪੁਰਖ ਪੂਜਾ' ਵਿੱਚ ਮੋਏ ਹੋਏ ਪਿੱਤਰਾਂ ਦੀਆਂ ਰੂਹਾਂ ਨੂੰ ਖੁਸ਼ ਕਰਨ ਲਈ ਪੂਜਾ ਕੀਤੀ ਜਾਂਦੀ ਹੈ ਤਾਂ ਕਿ ਕਬੀਲੇ ਵਿੱਚ ਖੁਸ਼ਹਾਲੀ ਤੇ ਖੇੜਾ ਬਣਿਆ ਰਹੇ। ਪਿੱਤਰ ਪੂਜਾ ਵਿੱਚ ਸਾਰੇ ਕਬੀਲੇ ਦੇ ਉਹ ਪੁਰਖੇ ਆਉਂਦੇ ਹਨ ਜਿਨ੍ਹਾਂ ਦੀ ਕਬੀਲੇ ਵਿੱਚ ਆਦਿ ਕਾਲ ਤੋਂ ਪੂਜਾ ਹੁੰਦੀ ਆ ਰਹੀ ਹੈ।

2. **ਪੁਰਖਿਆਂ ਦੀ ਪੂਜਾ** : ਪਰਿਵਾਰਕ ਪੁਰਖਿਆਂ ਦੀ ਪੂਜਾ ਵਿੱਚ ਦਾਦੇ ਦਾਦੀ ਦੀ ਪੂਜਾ ਸ਼ਾਮਿਲ ਹੈ। ਪਰਿਵਾਰ ਵਿਚ 'ਦਾਦੇ ਦਾਦੀ' ਦਾ ਚੌਂਤਰਾ ਬਣਾ ਕੇ ਪੂਜਾ ਅਰਚਨਾ ਕੀਤੀ ਜਾਂਦੀ ਹੈ। ਦਾਦੇ ਦਾਦੀ ਦਾ ਚੌਂਤਰਾ ਪਿੱਤਰਾਂ ਤੋਂ ਛੋਟਾ ਹੁੰਦਾ ਹੈ। ਇਸਨੂੰ ਕਬੀਲੇ ਦੇ ਲੋਕ ਦੇਹਰੋਂ ਆਖਦੇ ਹਨ।

3. **ਦਾਦੀ ਪੜਦਾਦੀ ਦੀ ਪੂਜਾ** : ਬੌਰੀਆ ਕਬੀਲੇ ਵਿਚ ਦਾਦੀ ਪੜਦਾਦੀ ਦਾ

ਭਾਵੇਂ ਕੋਈ ਵੀ ਚੌਂਤਰਾ ਨਹੀਂ ਬਣਦਾ ਪਰ ਫਿਰ ਵੀ ਕਬੀਲੇ ਦੇ ਲੋਕ ਇਨ੍ਹਾਂ ਦੀ ਪੂਜਾ ਕਰਦੇ ਹਨ। ਕਬੀਲੇ ਦੇ ਲੋਕ ਦਾਦੀ ਪੜਦਾਦੀ ਨੂੰ 'ਮਾਈ' ਆਖ ਕੇ ਸਤਿਕਾਰ ਦਿੰਦੇ ਹਨ। ਕਬੀਲੇ ਦੇ ਲੋਕ ਮਾਈ ਨੂੰ ਖੁਸ਼ ਕਰਨ ਲਈ 'ਸੁੱਕੀ ਸ਼ੀਰਨੀ' ਚੜ੍ਹਾਉਂਦੇ ਹਨ। ਕਬੀਲੇ ਦੀਆਂ ਔਰਤਾਂ ਮਾਈ 'ਤੇ ਚੜ੍ਹਾਇਆ ਗਿਆ ਪ੍ਰਸ਼ਾਦ ਜਿਸ ਨੂੰ 'ਥਾਥ' ਅਤੇ 'ਫੌਲਕ' ਆਖਦੇ ਹਨ, ਖਾ ਸਕਦੀਆਂ ਹਨ। ਮਾਈ ਦੇ ਪੂਜਾ ਸਥਲ 'ਤੇ ਕਿਸੇ ਵੀ ਜੀਵ ਦੀ ਬਲੀ ਦੇਣਾ ਵਰਜਿਤ ਹੈ। ਇਸ ਤੋਂ ਇਲਾਵਾ ਬੌਰੀਆ ਕਬੀਲੇ ਵਿਚ 'ਕੁਲ ਦੇਵਤੇ' ਦੀ ਪੂਜਾ ਕੀਤੀ ਜਾਂਦੀ ਹੈ। ਪੰਜਾਬ ਵਿੱਚ ਬੌਰੀਆ ਕਬੀਲੇ ਦੇ ਪੰਜ ਮੁੱਖ ਗੋਤਰ ਹਨ। ਇਨ੍ਹਾਂ ਵਿੱਚੋਂ ਹਰ ਇਕ ਗੋਤਰ ਦਾ ਆਪਣਾ ਹੀ ਇਕ 'ਕੁਲ ਦੇਵਤਾ' ਹੈ। ਬੌਰੀਆ ਲੋਕ ਆਪਣੇ ਘਰਾਂ ਵਿੱਚ ਕੁਲ ਦੇਵਤੇ ਦਾ ਆਸਣ ਬਣਾ ਕੇ ਉਸਦੀ ਪੂਜਾ ਕਰਦੇ ਹਨ। ਇਹ 'ਪੂਜਾ ਚੌਂਤਰਾ' ਸਾਂਝੇ ਰੂਪ ਵਿਚ ਵੀ ਬਣਾ ਲਿਆ ਜਾਂਦਾ ਹੈ। ਘਰ ਦੀਆਂ ਵਿਆਹੁਤਾ ਔਰਤਾਂ 'ਕੁਲ ਦੇਵਤੇ' ਦੇ ਚੌਂਤਰੇ ਦੀ ਪੂਜਾ ਅਤੇ ਸਾਂਭ ਸੰਭਾਲ ਕਰਦੀਆਂ ਹਨ। ਕਬੀਲੇ ਵਿਚ ਕਿਸੇ ਵੀ ਵਿਆਹ ਦੇ ਸੰਪੰਨ ਹੋਣ 'ਤੇ ਵਿਆਹ ਵਾਲਾ ਲੜਕਾ ਲੜਕੀ 'ਕੁਲ ਦੇਵਤੇ' ਦੀ ਪੂਜਾ ਕਰਦੇ ਹਨ। ਇਸ ਮੌਕੇ 'ਤੇ ਕੁਲ ਦੇਵਤੇ ਦੇ ਪ੍ਰਸ਼ਾਦ ਵਜੋਂ ਚਾਵਲ, ਕੜਾਹ ਪ੍ਰਸ਼ਾਦ ਅਤੇ ਬਕਰੇ ਦੀ ਬਲੀ ਦਿੱਤੀ ਜਾਂਦੀ ਹੈ। ਕੁਲ ਦੇਵਤੇ ਦੇ ਇਸ ਚੜ੍ਹਾਵੇ ਵਿਚੋਂ ਪਰਿਵਾਰ ਦੀ ਨੂੰਹ ਜਾਂ ਹੋਰ ਕੋਈ ਵਿਆਹੁਤਾ ਇਸਤਰੀ ਪ੍ਰਸ਼ਾਦ ਨਹੀਂ ਖਾ ਸਕਦੀ। ਉਹ 'ਥਾਥ' ਨੂੰ ਛੱਡ ਕੇ ਸਿਰਫ਼ 'ਫੌਲਕ' ਹੀ ਖਾ ਸਕਦੀ ਹੈ। ਥਾਥ ਕੇਵਲ ਸੰਬੰਧਤ ਗੋਤਰ ਦੇ ਲੋਕ ਹੀ ਪ੍ਰਸ਼ਾਦ ਰੂਪ ਵਿੱਚ ਖਾ ਸਕਦੇ ਹਨ। ਇਬਟਸਨ ਬੌਰੀਆ ਕਬੀਲੇ ਦੇ ਹੇਠ ਲਿਖੇ ਗੋਤਰਾਂ ਦੀ ਪੁਸ਼ਟੀ ਕਰਦਾ ਹੈ :

1. ਬਡਗੁਜਰ
2. ਚੌਹਾਨ
3. ਪੰਵਾਰ
4. ਰਾਠੌਰ
5. ਅਗੋਤੀਆ
6. ਬਗੋਤੀਆ
7. ਬੇਗੜਾ
8. ਚੌਂਦ
9. ਡਾਬਰੀਆ
10. ਰਗਿਵਾਲ
11. ਜਗੋਤੀਆ
12. ਕਟੋਰੀਆ
13. ਕੋਟੀਆ
14. ਮੇਵਾਤੀਆ
15. ਭੱਟੀ
16. ਪਰਵਰ
17. ਸੰਗਰਾ
18. ਜੰਗੋਸਾ
19. ਕੌਂਜਾ[5]

ਮਨਜੀਤ ਸਿੰਘ ਚਹਿਲ ਦੀ ਖੋਜ ਅਨੁਸਾਰ ਵਰਤਮਾਨ ਸਮੇਂ ਪੰਜਾਬ ਵਿਚ ਬੌਰੀਆ ਲੋਕਾਂ ਦੇ ਪੰਜ ਮੁੱਖ ਗੋਤਰ ਹਨ :

1. ਚੌਹਾਨ
2. ਸੋਲੰਕੀ
3. ਪਰਮਾਰ
4. ਰਾਠੌਰ
5. ਭੱਟੀ।[6]

ਇਸ ਤੋਂ ਇਲਾਵਾ ਇਹ ਮੁੱਖ ਗੋਤਰ ਅੱਗੇ ਤੋਂ ਅੱਗੇ ਕਈ ਉਪ-ਗੋਤਰਾਂ ਵਿੱਚ ਵੰਡੇ ਹੋਏ ਹਨ।

ਬੌਰੀਆ ਕਬੀਲੇ ਦਾ ਲੋਕ-ਜੀਵਨ : ਬੌਰੀਆ ਕਬੀਲਾ ਭਾਰਤ ਦੇ ਵੱਖ-ਵੱਖ ਰਾਜਾਂ ਵਿਚ ਥੋੜ੍ਹੇ ਬਹੁਤੇ ਨਾਵਾਂ ਦੇ ਫਰਕ ਨਾਲ ਵਿਚਰ ਰਿਹਾ ਹੈ। ਪੰਜਾਬ ਵਿਚ ਇਹ ਲੋਕ ਬੌਰੀਆ ਜਾਂ ਬਾਵਰੀਆ ਆਖ ਕੇ ਜਾਣੇ ਜਾਂਦੇ ਹਨ। ਇਸ ਤੋਂ ਇਲਾਵਾ ਕਈ ਪ੍ਰਦੇਸ਼ਾਂ ਵਿਚ ਇਹ ਲੋਕ ਬੇਰੀ, ਬਾਊਰੀ ਜਾਂ ਬਾਵਰੀ ਵੀ ਅਖਵਾਉਂਦੇ ਹਨ। ਪਰ ਇਸ ਕਬੀਲੇ ਲਈ ਕਬੀਲੇ ਤੋਂ ਬਾਹਰਲੇ ਲੋਕ 'ਬੌਰੀਆ' ਸ਼ਬਦ ਦਾ ਇਸਤੇਮਾਲ ਕਰਦੇ ਹਨ। ਬਾਕੀ ਕਬੀਲਿਆਂ ਵਾਂਗ ਬੌਰੀਆ ਲੋਕਾਂ ਦੀ ਆਪਣੀ ਇਕ ਵੱਖਰੀ ਭਾਸ਼ਾ, ਗੁਪਤ ਭਾਸ਼ਾ ਅਤੇ ਰਸਮਾਂ-ਰੀਤਾਂ ਦੀ ਪਰੰਪਰਾ ਹੈ। ਬੌਰੀਆ ਕਬੀਲੇ ਦੇ ਮੂਲ ਸੰਬੰਧੀ ਇਹ ਕਥਾ ਪ੍ਰਚੱਲਿਤ ਹੈ ਕਿ ਬੌਰੀਆ ਲੋਕ ਆਦਿ ਕਾਲੀ ਜੰਗਲੀ ਲੋਕ ਹਨ ਜਿਹੜੇ ਕਿ 'ਭੀਲ ਜਾਤੀ' ਨਾਲ ਸੰਬੰਧ ਰੱਖਦੇ ਹਨ। ਕਬੀਲੇ ਵਿਚ ਇਸ ਸੰਬੰਧੀ ਇਕ ਕਥਾ ਪ੍ਰਚੱਲਿਤ ਹੈ :

ਵਿਲੀਅਮ ਦੀ ਸੁਣੀ ਹੋਈ ਕਥਾ ਅਨੁਸਾਰ, ''ਇਕ ਵਾਰ ਇਕ ਜੰਗਲੀ ਨੌਜੁਆਨ ਨੇ ਕਿਸੇ ਰਾਜਪੂਤ ਲੜਕੀ ਨਾਲ ਪਿਆਰ ਵਿਆਹ ਕਰਵਾਇਆ। ਉਹ ਵਿਆਹ ਕਰਾਉਣ ਉਪਰੰਤ ਉਸ ਲੜਕੀ ਨੂੰ ਪਿੱਛੇ ਛੱਡ ਕੇ ਮੁੜ ਜੰਗਲ ਵੱਲ ਪਰਤ ਗਿਆ। ਉਸਦੇ ਇਸ ਤਰ੍ਹਾਂ ਦੇ ਵਿਰੋਧੀ ਵਤੀਰੇ ਨੂੰ ਵੇਖਦਿਆਂ ਲੋਕਾਂ ਨੇ ਉਸ ਲਈ 'ਬਾਓਲਾ' ਸ਼ਬਦ ਵਰਤਣਾ ਸ਼ੁਰੂ ਕਰ ਦਿੱਤਾ, ਜਿਸ ਤੋਂ ਭਾਵ ਝੱਲਾ ਵਿਅਕਤੀ ਹੈ। ਇਸ ਤਰ੍ਹਾਂ ਬਾਅਦ ਵਿਚ ਉਸ ਲਈ 'ਬਾਊਰਾ' ਪ੍ਰਚੱਲਿਤ ਹੋ ਗਿਆ ਜਿਹੜਾ ਕਿ ਬਾਅਦ ਵਿਚ ਜਾ ਕੇ ਬੌਰੀਆ ਜਾਂ ਬੌਰੀਆ ਹੋ ਗਿਆ।''[7]

ਇਸ ਤੋਂ ਇਲਾਵਾ ਵਿਦਵਾਨਾਂ ਨੇ 'ਬੌਰੀਆ' ਸ਼ਬਦ ਦੀ ਉਤਪਤੀ 'ਬਾਰਬਰਸ' ਅਤੇ 'ਬਾਓਲੀ' ਸ਼ਬਦ ਤੋਂ ਵੀ ਹੋਈ ਮੰਨੀ ਹੈ। ਬੌਰੀਆ ਕਬੀਲੇ ਦੇ ਵਿਦਵਾਨਾਂ ਅਨੁਸਾਰ ਬੌਰੀਆ ਸ਼ਬਦ 'ਬਾਵਰ' ਭਾਵ 'ਜਾਲ' ਤੋਂ ਬਣਿਆ ਹੈ ਜਿਸਦੀ ਮੱਦਦ ਨਾਲ ਇਹ ਲੋਕ ਜੰਗਲੀ ਜੀਵ ਜੰਤੂਆਂ ਦਾ ਸ਼ਿਕਾਰ ਕਰਦੇ ਸਨ। ਇਸ ਤਰ੍ਹਾਂ ਬੌਰੀਆ ਲੋਕਾਂ ਦੇ ਮੂਲ ਸੰਬੰਧੀ ਵੱਖ-ਵੱਖ ਧਾਰਨਾਵਾਂ ਪ੍ਰਚੱਲਿਤ ਹਨ। ਪਰੰਤੂ ਕਬੀਲੇ ਦੇ ਇਤਿਹਾਸ ਅਤੇ ਲੋਕ ਕਹਾਣੀਆਂ ਵਿਚੋਂ ਕਬੀਲੇ ਦੇ ਨਕਸ਼ ਆਸਾਨੀ ਨਾਲ ਲੱਭੇ ਜਾ ਸਕਦੇ ਹਨ। ਜੇਕਰ ਕਬੀਲੇ ਦੀ ਜੀਵਨ ਵਿਧੀ ਅਤੇ ਦਰਸ਼ਨ ਦਾ ਗਹੁ ਨਾਲ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਬੌਰੀਆ ਕਬੀਲੇ ਦੇ ਲੋਕ ਆਦਿਕਾਲੀ ਜੰਗਲੀ ਲੋਕ ਹਨ ਜਿਹੜੇ ਕਿ ਹੋਰ ਕਬੀਲਿਆਂ ਵਾਂਗ ਹੀ ਆਪਣਾ ਮੂਲ ਰਾਜਪੂਤ ਕਬੀਲਿਆਂ ਵਿਚ ਮਿਥਦੇ ਹਨ। ਇਸ ਸੰਬੰਧੀ ਕਬੀਲੇ ਦਾ ਸਮਾਜ ਸਭਿਆਚਾਰ ਅਤੇ ਲੋਕ ਕਥਾਵਾਂ ਗਵਾਹੀ ਭਰਦੀਆਂ ਹਨ। ਬੌਰੀਆ ਕਬੀਲੇ ਦੇ ਲੋਕ ਆਦਿ ਕਾਲ ਤੋਂ ਹੀ ਜੰਗਲੀ ਜੀਵਨ 'ਤੇ ਨਿਰਭਰ ਰਹੇ ਹਨ। ਬੌਰੀਆ ਇਕ ਖਾਨਾਬਦੋਸ਼ ਕਬੀਲਾ ਹੈ ਜਿਹੜਾ ਲੰਮਾ ਸਮਾਂ ਰਮਤਾ ਜੀਵਨ ਬਤੀਤ ਕਰਦਾ ਆਇਆ ਹੈ। ਦੂਜੇ ਰਾਜਪੂਤ ਕਬੀਲਿਆਂ ਵਾਂਗ ਬੌਰੀਆ ਕਬੀਲੇ ਦਾ ਵੀ ਮੁਗਲ ਹਾਕਮਾਂ ਨਾਲ ਵਿਰੋਧ ਰਿਹਾ ਹੈ। ਵੱਖ-ਵੱਖ ਇਲਾਕਿਆਂ ਦੇ ਆਧਾਰ 'ਤੇ ਇਨ੍ਹਾਂ ਲੋਕਾਂ ਨੂੰ ਸਤਾਰ੍ਹਾਂ ਤੋਂ ਅਠਾਰ੍ਹਾਂ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ ਜਿਨ੍ਹਾਂ ਵਿਚੋਂ ਪੰਜਾਬ ਦੇ ਬੌਰੀਏ, ਬਾਗੜੀ ਬੌਰੀਏ,

ਕਾਲ ਡਾਬਲੀਆ ਬੌਰੀਏ, ਮਾਰਵਾੜੀ ਬੌਰੀਏ, ਗੰਧੀਲਾ ਬੌਰੀਏ, ਬਾਘਥੀਆ ਬੌਰੀਏ, ਬੰਗਾਲੀ ਬੌਰੀਏ ਅਤੇ ਮੋਘੀਆ ਬੌਰੀਏ ਪ੍ਰਮੁੱਖ ਹਨ। ਇਸ ਸੰਦਰਭ ਵਿਚ ਜੇਕਰ ਪੰਜਾਬ ਦੇ ਬੌਰੀਆ ਕਬੀਲੇ ਦੀ ਗੱਲ ਕੀਤੀ ਜਾਵੇ ਤਾਂ ਇਹ ਲੋਕ ਖੇਤੀਬਾੜੀ ਨਾਲ ਸੰਬੰਧਤ ਧੰਦੇ ਕਰਦੇ ਹਨ। ਕਬੀਲੇ ਦੇ ਕਈ ਲੋਕ ਖੇਤ ਮਜ਼ਦੂਰੀ ਤੋਂ ਲੈ ਕੇ ਕਈ ਨਿਮਨ ਪ੍ਰਕਾਰ ਦੇ ਧੰਦੇ ਕਰਦੇ ਹਨ। ਅਜੋਕੇ ਦੌਰ ਵਿਚ ਇਹ ਲੋਕ ਕੱਚੇ ਪੱਕੇ ਮਕਾਨਾਂ ਵਿਚ ਪਿੰਡਾਂ ਤੋਂ ਥੋੜ੍ਹੀ ਵਿੱਥ 'ਤੇ ਜਾਂ ਫਿਰ ਪਿੰਡਾਂ ਦੇ ਬਾਹਰਵਾਰ ਬੈਠੇ ਹੋਏ ਹਨ। ਪੰਜਾਬ ਵਿਚ ਬੌਰੀਆ ਕਬੀਲੇ ਦੇ ਲੋਕ ਮਾਨਸਾ, ਬਠਿੰਡਾ, ਮੁਕਤਸਰ, ਸੰਗਰੂਰ, ਲੁਧਿਆਣਾ, ਫਰੀਦਕੋਟ ਅਤੇ ਮੋਗਾ ਵਿਚ ਵਸੇ ਹੋਏ ਹਨ। ਬੌਰੀਆ ਕਬੀਲੇ ਵਿਚ ਸੁਜਾਤੀ ਵਿਆਹ ਪ੍ਰਚਲਿਤ ਹੈ। ਇਸ ਤੋਂ ਇਲਾਵਾ ਇਹ ਕਬੀਲਾ ਕੁਝ ਆਦਿ ਕਾਲ ਰਸਮਾਂ-ਰੀਤਾਂ ਅਤੇ ਟੋਟਮ ਟੈਬੂ ਵਿਵਸਥਾ ਵਿਚ ਵਿਸ਼ਵਾਸ ਕਰਦਾ ਹੈ। ਬੌਰੀਆ ਕਬੀਲੇ ਦੀ ਆਪਣੀ ਹੀ ਭਾਸ਼ਾ ਅਤੇ ਗੁਪਤ ਭਾਸ਼ਾ ਹੈ। ਇਨ੍ਹਾਂ ਲੋਕਾਂ ਦੀਆਂ ਰਸਮਾਂ-ਰੀਤਾਂ ਅਤੇ ਕਾਰ ਵਿਹਾਰ ਕੁਦਰਤੀ ਜੀਵਨ ਵਿਚੋਂ ਉਭਰ ਕੇ ਸਾਹਮਣੇ ਆਉਂਦੀਆਂ ਹਨ। ਪੰਜਾਬ ਵਿਚ ਚੌਹਾਨ, ਸੋਲੰਕੀ, ਪਰਮਾਰ, ਰਾਠੌੜ ਅਤੇ ਭੱਟੀ ਜਾਤੀ ਨਾਲ ਸੰਬੰਧਤ ਬੌਰੀਆ ਲੋਕ ਵਾਸ ਕਰ ਰਹੇ ਹਨ। ਬੌਰੀਏ ਆਦਿ ਕਾਲ ਤੋਂ ਹੀ ਪੰਜਾਬ ਦੇ ਸਰਹੱਦੀ ਇਲਾਕਿਆਂ ਅਤੇ ਜੰਗਲ ਬੇਲਿਆਂ ਵਿਚ ਨਿਵਾਸ ਕਰਦੇ ਆਏ ਹਨ। ਜੇਕਰ ਬੌਰੀਆ ਕਬੀਲੇ ਦੇ ਪਿਛੋਕੜ ਵੱਲ ਝਾਤ ਮਾਰੀ ਜਾਵੇ ਤਾਂ ਇਹ ਲੋਕ ਬਾਗੀ ਅਤੇ ਲੜਾਕੂ ਸੁਭਾਅ ਦੇ ਮਾਲਕ ਰਹੇ ਹਨ। ਜੰਗਲੀ ਜੀਵਨ ਤੋਂ ਲੈ ਕੇ ਮੁਗਲਾਂ ਤੱਕ ਤੇ ਉਸ ਤੋਂ ਬਾਅਦ ਜਰਾਇਮ ਪੇਸ਼ਾ ਐਕਟ ਦੇ ਪਾਸ ਹੋਣ ਨਾਲ ਬੌਰੀਆ ਕਬੀਲੇ ਨੇ ਬਹੁਤ ਸਾਰੀਆਂ ਦੁਸ਼ਵਾਰੀਆਂ ਭੋਗੀਆਂ ਹਨ। ਜੇਕਰ ਜਰਾਇਮ ਪੇਸ਼ਾ ਐਕਟ ਦੀ ਗੱਲ ਕੀਤੀ ਜਾਵੇ ਤਾਂ ਸਭ ਤੋਂ ਵੱਧ ਤਸ਼ੱਦਦ ਬੌਰੀਆ ਕਬੀਲੇ ਦੇ ਲੋਕਾਂ 'ਤੇ ਹੋਇਆ ਹੈ। ਆਦਿ ਕਾਲ ਤੋਂ ਹੀ ਮੁਗਲਾਂ ਹੱਥੋਂ ਤੇ ਫਿਰ ਅੰਗਰੇਜ਼ੀ ਸਰਕਾਰ ਹੱਥੋਂ ਇਨ੍ਹਾਂ ਲੋਕਾਂ 'ਤੇ ਸਭ ਤੋਂ ਵੱਧ ਜ਼ੁਲਮ ਹੋਏ ਹਨ। 'ਖਾਨਾਬਦੋਸ਼ੀ' ਵਿਚ ਰਹਿਣ ਕਾਰਨ ਅੰਗਰੇਜ਼ ਲੋਕ ਇਨ੍ਹਾਂ ਨੂੰ ਆਪਣੀ ਹਕੂਮਤ ਲਈ ਖਤਰਾ ਸਮਝਦੇ ਸਨ। ਇਸੇ ਲਈ ਇਨ੍ਹਾਂ ਲੋਕਾਂ ਨੂੰ ਸੁਧਾਰ ਦੇ ਨਾਂ 'ਤੇ ਸੁਧਾਰ ਘਰਾਂ (Reformatries) ਵਿਚ ਸੁੱਟ ਕੇ ਕਈ ਤਰ੍ਹਾਂ ਦੀ ਬੇਗਾਰ ਕਰਾਈ ਜਾਂਦੀ ਸੀ। ਇਕ ਬਾਗੀ ਅਤੇ ਅਣਖੀਲਾ ਕਬੀਲਾ ਹੋਣ ਕਰਕੇ ਇਨ੍ਹਾਂ ਲੋਕਾਂ ਨੇ ਬਾਹਰੋਂ ਆਏ ਹਮਲਾਵਰਾਂ ਦੀ ਈਨ ਨਾ ਮੰਨੀ ਜਿਸ ਕਰਕੇ ਇਨ੍ਹਾਂ ਲੋਕਾਂ ਨਾਲ ਮੁਗਲਾਂ ਅਤੇ ਅੰਗਰੇਜ਼ਾਂ ਦੀਆਂ ਖ਼ੂਨੀ ਝੜਪਾਂ ਵੀ ਹੋਈਆਂ। ਬੌਰੀਏ ਕਬੀਲੇ ਦੇ ਲੋਕ ਆਦਿਕਾਲੀ ਸ਼ਿਕਾਰੀ ਹਨ। ਇਹ ਅਜੋਕੇ ਦੌਰ ਵਿਚ ਵੀ ਆਪਣੇ ਮਨਪਸੰਦ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਦੇ ਆਏ ਹਨ। ਬੌਰੀਆ ਲੋਕ ਤਿੱਤਰ, ਬਟੇਰ, ਗੋਹ ਅਤੇ ਸਹੇ ਦਾ ਮਾਸ ਬੜੇ ਚਾਅ ਨਾਲ ਖਾਂਦੇ ਹਨ। ਇੱਥੋਂ ਤੱਕ ਕਿ ਇਹ ਲੋਕ ਲੂੰਬੜੀ ਅਤੇ ਗਿੱਦੜ ਦਾ ਮਾਸ ਵੀ ਖਾਂਦੇ ਆਏ ਹਨ। ਇਨ੍ਹਾਂ ਲੋਕਾਂ ਵਿਚ ਪੁਰਾਣੇ ਸਮੇਂ ਵਿਚ 'ਬਲੀ' ਦੇਣ ਦੀ ਪ੍ਰਥਾ ਸੀ। ਇਹ ਲੋਕ ਆਪਣੇ ਪੁਰਖਿਆਂ ਅਤੇ ਦੇਵੀ ਦੇਵਤਿਆਂ ਨੂੰ ਬੱਕਰੇ, ਭੇਡੂ ਅਤੇ ਝੋਟੇ ਆਦਿ ਦੀ ਬਲੀ ਦਿੰਦੇ ਆਏ ਹਨ। ਇਹ ਲੋਕ ਆਪਣੀਆਂ ਵਿਆਹ ਸ਼ਾਦੀਆਂ ਅਤੇ ਖੁਸ਼ੀ ਨਾਲ ਸੰਬੰਧਤ ਸਮਾਗਮਾਂ ਵਿਚ 'ਮਾਸ ਅਤੇ ਸ਼ਰਾਬ' ਨੂੰ ਜ਼ਿਆਦਾ ਮਹੱਤਵ ਦਿੰਦੇ ਹਨ। ਭਾਰਤ ਦੇ ਆਦਿਵਾਸੀ ਕਬੀਲਿਆਂ

ਵਿਚ ਅੱਜ ਵੀ ਮਾਸ ਅਤੇ ਮਹੂਏ ਦੀ ਸ਼ਰਾਬ ਵਿਸ਼ੇਸ਼ ਤੌਰ 'ਤੇ ਵਰਤੀ ਜਾਂਦੀ ਹੈ। ਲੰਮਾ ਸਮਾਂ ਜੰਗਲੀ ਜੀਵਾਂ 'ਤੇ ਨਿਰਭਰ ਰਹਿਣ ਕਾਰਨ ਅਜਿਹਾ ਪ੍ਰਚਲਨ ਸੁਭਾਵਿਕ ਹੈ।

ਬੌਰੀਆ ਕਬੀਲੇ ਦੇ ਲੋਕ ਕਬੀਲਾ ਪੁਰਖਿਆਂ ਅਤੇ ਦੇਵੀ ਦੇਵਤਿਆਂ ਦੀ ਪੂਜਾ ਕਰਦੇ ਹਨ। ਕਬੀਲੇ ਵਿਚ ਹਰ ਇਕ ਗੋਤਰ ਦਾ ਆਪਣਾ ਹੀ ਇਕ ਵਿਧੀ ਵਿਧਾਨ ਹੈ, ਉਂਜ ਕਬੀਲੇ ਵਿਚ ਕੁਝ ਕੁ ਰਸਮਾਂ ਸੰਬੰਧੀ ਗਹਿਰੀ ਸਾਂਝ ਪਾਈ ਜਾਂਦੀ ਹੈ। ਇਹ ਲੋਕ ਆਪਣੇ ਮੋਇਆਂ, ਕੁਝ ਦੇਵਤਿਆਂ, ਬਾਈਆਂ, ਸੰਤਾਂ ਮਹਾਪੁਰਸ਼ਾਂ ਅਤੇ ਪੁਰਖਿਆਂ ਨੂੰ ਉਚੇਚੇ ਰੂਪ ਵਿਚ ਪੂਜਦੇ ਹਨ। ਬੌਰੀਆ ਲੋਕ ਸਦੀਆਂ ਤੋਂ ਚੜ੍ਹਾਵੇ ਅਤੇ ਬਲੀ ਆਦਿ ਵਿਚ ਵਿਸ਼ਵਾਸ ਕਰਦੇ ਆਏ ਹਨ। ਕਬੀਲੇ ਵਿਚ ਪੁਰਖਿਆਂ ਦੀ ਪੂਜਾ ਸੰਬੰਧੀ ਔਰਤਾਂ ਨੂੰ ਕਈ ਮਨਾਹੀਆਂ ਦਾ ਪਾਲਣ ਕਰਨਾ ਪੈਂਦਾ ਹੈ। ਕਬੀਲੇ ਵਿਚ ਦੇਵੀ ਦੇਵਤਿਆਂ ਅਤੇ ਪੁਰਖਿਆਂ ਦੇ ਭੋਗ ਲਾਉਣ ਸੰਬੰਧੀ ਗਿੱਲੇ ਅਤੇ 'ਸੁੱਕੇ ਭੋਜਨ' ਸੰਬੰਧੀ ਵੀ ਕੁਝ ਮਨੌਤਾਂ ਦਾ ਪਾਲਣ ਕਰਨਾ ਪੈਂਦਾ ਹੈ।

ਭਾਵੇਂ ਕਿ ਬੌਰੀਆ ਕਬੀਲਾ ਆਪਣਾ ਮੂਲ ਚਿਤੌੜ ਦੇ ਰਾਜਪੂਤ ਰਾਜਿਆਂ ਨਾਲ ਜੋੜਦਾ ਹੈ ਪਰੰਤੂ ਫਿਰ ਵੀ ਇਸ ਕਬੀਲੇ ਦੀਆਂ ਰਵਾਇਤਾਂ ਅਤੇ ਪਰੰਪਰਾਵਾਂ ਬਾਕੀ ਰਾਜਪੂਤ ਕਬੀਲਿਆਂ ਨਾਲੋਂ ਕਾਫੀ ਭਿੰਨਤਾ ਰੱਖਦੀਆਂ ਹਨ। ਅਜੋਕੇ ਦੌਰ ਵਿਚ ਕਬੀਲੇ ਦਾ ਪਹਿਰਾਵਾ ਪੂਰੀ ਤਰ੍ਹਾਂ ਪੰਜਾਬੀ ਰੰਗ ਵਿਚ ਢਲ ਚੁੱਕਿਆ ਹੈ। ਪਰ ਆਪਣੇ ਸਮਾਜਿਕ ਸਮਾਗਮਾਂ ਅਤੇ ਤਿਉਹਾਰਾਂ ਸਮੇਂ ਬੌਰੀਆ ਲੋਕ ਆਪਣੇ ਪਰੰਪਰਿਕ ਪਹਿਰਾਵੇ ਨੂੰ ਹੀ ਤਰਜੀਹ ਦਿੰਦੇ ਹਨ। ਪੰਜਾਬ ਦੇ ਬੌਰੀਆ ਲੋਕ ਭਾਰਤ ਦੇ ਦੂਜੇ ਹਿੱਸਿਆਂ ਵਿਚ ਵੱਸਣ ਵਾਲੇ ਬੌਰੀਆ ਲੋਕਾਂ ਨਾਲ ਇਕਮੁਠਤਾ ਜ਼ਾਹਰ ਕਰਦੇ ਹਨ। ਬੌਰੀਆ ਕਬੀਲੇ ਦੇ ਲੋਕ ਅਜੋਕੇ ਅਤਿ ਆਧੁਨਿਕ ਦੌਰ ਵਿਚ ਵੀ ਆਪਣੀਆਂ ਪਿਤਾ ਪੁਰਖੀ ਪਰੰਪਰਾਵਾਂ ਅਤੇ ਰਸਮਾਂ-ਰੀਤਾਂ ਦੀ ਗਹਿਰੀ ਪਕੜ ਵਿਚ ਹਨ ਭਾਵੇਂ ਕਿ ਕਬੀਲੇ ਦਾ ਬਾਹਰਲਾ ਜੀਵਨ ਬੜਾ ਬਦਲਿਆ ਹੋਇਆ ਨਜ਼ਰ ਆਉਂਦਾ ਹੈ ਪਰੰਤੂ ਫਿਰ ਵੀ ਕਬੀਲਾ ਆਦਿਕਾਲੀ ਅੰਧ-ਵਿਸ਼ਵਾਸਾਂ ਅਤੇ ਵਹਿਮਾਂ-ਭਰਮਾਂ ਵਿਚ ਗਹਿਰੀ ਆਸਥਾ ਰੱਖਦਾ ਹੈ। ਸਮਾਜਿਕ ਅਤੇ ਸਭਿਆਚਾਰਕ ਪ੍ਰਤਿਮਾਨਾਂ ਦੇ ਬਦਲਣ ਨਾਲ ਬੌਰੀਆ ਕਬੀਲੇ ਦੇ ਲੋਕਾਂ ਤੇ ਸਥਾਨਕ ਸਭਿਆਚਾਰਾਂ ਦਾ ਕਾਫੀ ਪ੍ਰਭਾਵ ਵੇਖਣ ਨੂੰ ਮਿਲਦਾ ਹੈ ਪਰੰਤੂ ਫਿਰ ਵੀ ਇਨ੍ਹਾਂ ਲੋਕਾਂ ਦੀ ਮਾਨਸਿਕਤਾ ਤੇ ਕਬੀਲਾ ਰੂੜ੍ਹੀਆਂ ਦੀ ਗਹਿਰੀ ਛਾਪ ਵੇਖਣ ਨੂੰ ਮਿਲਦੀ ਹੈ। ਬੌਰੀਆ ਕਬੀਲਾ ਅੱਜ ਵੀ ਆਪਣੇ ਪਰੰਪਰਿਕ ਮੁੱਲ ਵਿਧਾਨ 'ਤੇ ਪਹਿਰਾ ਦੇ ਰਿਹਾ ਹੈ। ਪੰਜਾਬ ਦੇ ਬਹੁਤੇ ਲੋਕ ਅੱਜ ਵੀ ਇਸ ਕਬੀਲੇ ਨੂੰ ਚੋਰੀ, ਡਕੈਤੀ ਅਤੇ ਅਪਰਾਧ ਨਾਲ ਜੋੜ ਕੇ ਵੇਖਦੇ ਹਨ। ਕਈ ਹੋਰ ਕਬੀਲਿਆਂ ਸੰਬੰਧੀ ਵੀ ਲੋਕਾਂ ਦੀ ਇਹੀ ਧਾਰਨਾ ਬਣੀ ਹੋਈ ਹੈ ਜਦਕਿ ਇਹ ਲੋਕ ਮੁਖਧਾਰਾ ਵਿਚ ਆ ਕੇ ਆਪਣਾ ਸਾਧਾਰਨ ਜੀਵਨ ਬਤੀਤ ਕਰ ਰਹੇ ਹਨ। ਇੱਥੇ ਇਸ ਗੱਲ ਦਾ ਜ਼ਿਕਰ ਕਰਨਾ ਬਹੁਤ ਜ਼ਰੂਰੀ ਹੈ ਕਿ ਆਦਿ ਕਾਲ ਤੋਂ ਹੀ ਇਹ ਲੋਕ ਆਪਮੁਹਾਰਾ ਜੀਵਨ ਬਤੀਤ ਕਰਦੇ ਆਏ ਹਨ।

ਮੁਗਲਾਂ ਅਤੇ ਅੰਗਰੇਜ਼ੀ ਹਕੂਮਤ ਦੇ ਜ਼ੁਲਮਾਂ ਨਾਲ ਲੜਦਿਆਂ ਇਹ ਲੋਕ ਬਾਗੀ ਤਬੀਅਤ ਰੱਖਦੇ ਸਨ ਅਤੇ ਵਿਦੇਸ਼ੀ ਹਾਕਮਾਂ ਦੀ ਈਨ ਨਹੀਂ ਸੀ ਮੰਨੀ। ਇਸ ਤਰ੍ਹਾਂ ਕਈ

ਕਬੀਲਿਆਂ ਨੂੰ ਇਕ ਸੋਚੀ ਸਮਝੀ ਸਾਜ਼ਿਸ਼ ਦੇ ਤਹਿਤ ਬਦਨਾਮ ਕੀਤਾ ਗਿਆ ਹੈ। ਇਸ ਤਰ੍ਹਾਂ ਦੇ ਕਈ ਬੇਹੂਦਾ ਵੇਰਵੇ ਇਬਟਸਨ ਵੀ ਦਿੰਦਾ ਹੈ। ਬੌਰੀਆ ਕਬੀਲੇ ਵਿਚ ਵੀ ਅੰਦਰਲੇ ਅਤੇ ਬਾਹਰਲੇ ਦਾ ਸੰਕਲਪ ਬਹੁਤ ਪ੍ਰਭਾਵ ਹੈ। ਅਜੋਕੇ ਦੌਰ ਵਿਚ ਭਾਵੇਂ ਕਬੀਲੇ ਦੀ ਕਾਇਆ ਕਲਪ ਦਾ ਦੌਰ ਸ਼ੁਰੂ ਹੋ ਚੁੱਕਾ ਹੈ ਪਰੰਤੂ ਇਹ ਰਫ਼ਤਾਰ ਬਹੁਤ ਧੀਮੀ ਹੈ। ਭਾਰਤ ਦੀਆਂ ਸੱਤਾਧਾਰੀ ਕੌਮਾਂ ਅਤੇ ਆਮ ਲੋਕਾਂ ਨਾਲੋਂ ਅਜੇ ਵੀ ਇਹ ਲੋਕ ਮੰਦਹਾਲੀ ਭਰਿਆ ਜੀਵਨ ਬਤੀਤ ਕਰ ਰਹੇ ਹਨ। ਬੌਰੀਆ ਕਬੀਲੇ ਦੇ ਜ਼ਿਆਦਾਤਰ ਤਿਉਹਾਰ ਪੁਰਖ ਪੂਜਾ ਨਾਲ ਜੁੜੇ ਹੋਏ ਹਨ। ਬੌਰੀਆ ਕਬੀਲਾ ਦੀਵਾਲੀ, ਦੁਸਹਿਰਾ, ਲੋਹੜੀ ਅਤੇ ਪੁਰਖ ਪੂਜਾ ਇਕ ਵੱਖਰੇ ਸੰਦਰਭ ਵਿਚ ਮਨਾਉਂਦਾ ਹੈ। ਕਬੀਲੇ ਦਾ ਧਰਮ ਅਤੇ ਧਾਰਮਿਕ ਮਾਨਤਾਵਾਂ ਕਬੀਲਾ ਜੀਵਨ ਦੇ ਕਈ ਮਾਨਸਿਕ ਪੱਖਾਂ ਨੂੰ ਪ੍ਰਗਟ ਕਰਦੇ ਹਨ। ਬੌਰੀਆ ਲੋਕ ਨਿਪੁੰਨ ਸ਼ਿਕਾਰੀ ਹਨ। ਇਸੇ ਕਰਕੇ ਹੀ ਰਾਜੇ ਮਹਾਰਾਜੇ ਬੌਰੀਆ ਲੋਕਾਂ ਨੂੰ ਉਚੇਚੇ ਤੌਰ 'ਤੇ ਸੱਦ ਕੇ ਆਪਣੀਆਂ ਰਿਆਸਤਾਂ ਵਿਚ ਵਸਾਉਂਦੇ ਰਹੇ ਹਨ। ਬੌਰੀਆ ਲੋਕ ਜਾਨਵਰਾਂ ਨੂੰ ਜਿਉਂਦਾ ਫੜਨ ਅਤੇ ਉਨਾਂ ਦੀਆਂ ਆਵਾਜ਼ਾਂ ਕੱਢਣ ਲਈ ਜਾਣੇ ਜਾਂਦੇ ਹਨ। ਇਸ ਤੋਂ ਇਲਾਵਾ ਬੌਰੀਆ ਲੋਕ ਪਸ਼ੂਆਂ ਅਤੇ ਜਾਨਵਰਾਂ ਦਾ ਖੁਰਾ ਖੋਜ (Foot Prints) ਲੱਭਣ ਦੀ ਮੁਹਾਰਤ ਵੀ ਰੱਖਦੇ ਹਨ। ਬੌਰੀਆ ਲੋਕ ਵੱਡੇ ਅਤੇ ਮਸ਼ਹੂਰ 'ਫੰਦੇਬਾਜ਼' ਵਜੋਂ ਜਾਣੇ ਜਾਂਦੇ ਹਨ। ਪੰਜਾਬ ਦੇ ਬੌਰੀਆ ਬਾਰੇ ਐਂਡਰਿਉ ਜੇ. ਮੇਜਰ ਲਿਖਦਾ ਹੈ :

''ਬਰਤਾਨਵੀ ਹਕੂਮਤ ਸਮੇਂ ਉਸ ਵੇਲੇ ਦੇ ਨਿਆਂਇਕ ਕਮਿਸ਼ਨਰ ਨੇ ਸੱਤ ਡਵੀਜਨ ਕਮਿਸ਼ਨਰਾਂ ਨੂੰ ਪੱਤਰ ਲਿਖ ਕੇ 'ਬੌਰੀਆ' ਕਬੀਲੇ ਦੇ ਵਿਹਾਰ ਬਾਰੇ ਉਨ੍ਹਾਂ ਦੀ ਰਾਇ ਮੰਗੀ ਤਾਂ ਉਨ੍ਹਾਂ ਨੇ ਇਸਦਾ ਇਹ ਜਵਾਬ ਦਿੱਤਾ ਕਿ ਪੰਜਾਬ ਦੇ ਬਰਤਾਨਵੀ ਹਕੂਮਤ ਵਿਚ ਰਲੇਵੇਂ ਤੋਂ ਬਾਅਦ 'ਮਜ਼ੂਬੀ ਠੱਗਾਂ' ਸੰਬੰਧੀ ਅਪਣਾਈ ਗਈ ਨੀਤੀ ਦੇ ਤਹਿਤ 'ਬੌਰੀਆ' ਅਤੇ 'ਸਾਂਸੀ' ਲੋਕਾਂ 'ਤੇ ਵੀ ਇਹ ਕਾਨੂੰਨ ਲਾਗੂ ਹੋਣਾ ਚਾਹੀਦਾ ਹੈ। ਪੱਤਰ ਵਿਚ ਇਹ ਵੀ ਦਰਜ ਹੈ ਕਿ ਇਹ ਘੁਮੰਤੂ ਕਬੀਲੇ ਸਭਿਅਕ ਸਮਾਜ ਲਈ ਖਤਰਾ ਅਤੇ ਵੰਗਾਰ ਹਨ। ਇਸ ਲਈ ਚੋਰੀ ਡਕੈਤੀ ਕਰਨ ਵਾਲੀਆਂ ਇਨ੍ਹਾਂ ਕੌਮਾਂ 'ਤੇ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਇਸੇ ਸੰਦਰਭ ਵਿਚ ਨਿਆਂਇਕ ਕਮਿਸ਼ਨ ਨੇ 1856 ਵਿੱਚ ਸਰਕੂਲਰ ਨੰਬਰ 18 ਦੇ ਰੂਪ ਵਿਚ ਹਦਾਇਤਾਂ ਦੀ ਇਕ ਪੁਸਤਕ ਜਾਰੀ ਕੀਤੀ। ਇਸ ਪੁਸਤਕ ਵਿਚ ਅੱਗੇ ਲਿਖਿਆ ਹੈ ਕਿ 1860 ਤੋਂ ਬਾਅਦ ਅਜਿਹੇ ਕਬੀਲਿਆਂ 'ਤੇ ਸ਼ਿਕੰਜਾ ਕੱਸਿਆ ਜਾਵੇਗਾ ਜਿਹੜਾ ਕਿ ਸਾਰੇ ਭਾਰਤ ਵਿਚ ਲਾਗੂ ਹੋਵੇਗਾ। ਇਸ ਸਰਕੂਲਰ ਦੇ ਤਹਿਤ ਸਾਂਸੀ, ਹਰਨੀ ਅਤੇ ਬੌਰੀਆ ਕਬੀਲੇ ਨੂੰ ਥਾਣਿਆਂ ਵਿਚ ਦਰਜ ਕੀਤਾ ਜਾਵੇਗਾ। ਇਸ ਤੋਂ ਇਲਾਵਾ ਪਿੰਡਾਂ ਦੇ ਨੰਬਰਦਾਰਾਂ ਨੂੰ ਇਨਾਂ ਦੇ ਚਾਲ ਚਲਣ ਅਤੇ ਵਿਵਹਾਰ ਸੰਬੰਧੀ ਜਿੰਮੇਵਾਰ ਬਣਾਇਆ ਜਾਵੇਗਾ।''[8]

ਇਸ ਤਰ੍ਹਾਂ ਇਨ੍ਹਾਂ ਲੜਾਕੂ ਅਤੇ ਰਾਜਪੂਤ ਮੂਲ ਦੀਆਂ ਕੌਮਾਂ 'ਤੇ ਇਕ ਤੋਂ ਬਾਅਦ ਇਕ ਪ੍ਰਤੀਬੰਧ ਲੱਗਦੇ ਗਏ। ਸਿੱਟੇ ਵਜੋਂ ਇਹ ਲੋਕ ਸੁੰਨੀਆਂ ਤੇ ਉਜਾੜ ਥਾਵਾਂ ਵੱਲ ਤਿਤਰ-ਬਿਤਰ ਹੋਣੇ ਸ਼ੁਰੂ ਹੋ ਗਏ। ਬੌਰੀਆ ਕਬੀਲੇ ਦਾ ਹਰ ਇਕ ਗੋਤਰ 'ਪੁਰਖਾ' ਪੱਧਰ 'ਤੇ ਇਕ ਦੂਜੇ ਤੋਂ ਵੱਖਰਤਾ ਰੱਖਦਾ ਹੈ। ਬੌਰੀਆ ਲੋਕ ਆਪਣੇ ਘਰਾਂ ਵਿਚ 'ਬੌਰੀ

ਭਾਸ਼ਾ ਬੋਲ ਕੇ' ਖੁਸ਼ ਹੁੰਦੇ ਹਨ। ਪੰਜਾਬ ਦਾ ਸਾਰਾ ਹੀ ਕਬੀਲਾ ਆਪਣੀ ਮਾਤ ਭਾਸ਼ਾ ਤੇ ਮਾਣ ਮਹਿਸੂਸ ਕਰਦਾ ਹੈ। ਇਸੇ ਕਰਕੇ ਸਦੀਆਂ ਤੋਂ ਇਹ ਭਾਸ਼ਾ ਪੀੜ੍ਹੀ ਦਰ ਪੀੜ੍ਹੀ ਉਸੇ ਤਰ੍ਹਾਂ ਮੂਲ ਰੂਪ ਵਿਚ ਚਲ ਰਹੀ ਹੈ। ਬੌਰੀਆ ਕਬੀਲੇ ਦੇ ਲੋਕ ਆਪਣੀ ਭਾਸ਼ਾ ਨੂੰ 'ਭੀਲ' ਕਬੀਲੇ ਨਾਲ ਜੋੜ ਕੇ ਵੇਖਦੇ ਹਨ। ਵੱਖ-ਵੱਖ ਰਾਜਾਂ ਦੇ ਬੌਰੀਆ ਲੋਕ ਸਮਾਜਿਕ ਸਭਿਆਚਾਰ ਪੱਖੋਂ ਇਕ ਦੂਜੇ ਤੋਂ ਬਿਲਕੁਲ ਅਲੱਗ ਹਨ। ਇਨ੍ਹਾਂ ਦੇ ਮੂਲ ਸੰਬੰਧੀ ਸਾਖੀ ਇਨ੍ਹਾਂ ਨੂੰ ਇਕ ਸੂਤਰ ਵਿਚ ਬੰਨ੍ਹਦੀ ਹੈ। ਬੌਰੀਆ ਕਬੀਲੇ ਦੀ ਪੰਚਾਇਤ, ਬੌਰੀਆ ਕਬੀਲੇ ਦੇ ਝਗੜਿਆਂ ਸੰਬੰਧੀ ਫੈਸਲਾ ਕਰਦੀ ਹੈ। ਆਦਿ ਕਾਲ ਤੋਂ ਕਬੀਲਾ ਮੁੱਖੀ ਅਤੇ ਪੈਂਚ ਕਬੀਲੇ ਦੇ ਝਗੜਿਆਂ ਸੰਬੰਧੀ ਫੈਸਲਾ ਕਰਦੇ ਆਏ ਹਨ। ਬੌਰੀਆ ਕਬੀਲੇ ਦੇ ਜ਼ਿਆਦਾਤਰ ਝਗੜੇ ਰਿਸ਼ਤਾ ਨਾਤਾ ਪ੍ਰਬੰਧ ਨਾਲ ਸੰਬੰਧਤ ਹੁੰਦੇ ਹਨ। ਕਬੀਲਾ ਪੰਚਾਇਤ ਦਾ ਫੈਸਲਾ ਆਖਰੀ ਫੈਸਲਾ ਹੁੰਦਾ ਹੈ। ਪੰਚਾਇਤ ਦਾ ਫੈਸਲਾ ਨਾ ਮੰਨਣ ਵਾਲੀ ਧਿਰ ਨੂੰ ਕਬੀਲੇ ਵਿਚੋਂ ਛੇਕ ਦਿੱਤਾ ਜਾਂਦਾ ਹੈ। ਕਬੀਲੇ ਦੀ ਪੰਚਾਇਤ ਦੁਆਰਾ ਜ਼ਿਆਦਾਤਰ ਫੈਸਲੇ ਦੰਡ ਅਤੇ ਸੰਕੇਤਕ ਪੱਧਰ ਦੀ ਸਜ਼ਾ ਲਗਾ ਕੇ ਕੀਤੇ ਜਾਂਦੇ ਹਨ। ਬੌਰੀਆ ਕਬੀਲਾ ਔਰਤਾਂ ਨੂੰ ਪੰਚਾਇਤ ਵਿਚ ਬੈਠਣ ਦੀ ਇਜ਼ਾਜਤ ਨਹੀਂ ਦਿੰਦਾ ਪਰੰਤੂ ਕਬੀਲੇ ਦੀ ਕੋਈ ਸਿਆਣੀ ਔਰਤ ਜਾਂ ਪੰਚਣੀ ਕਬੀਲਾ ਪੰਚਾਇਤ ਵਿਚ ਬੈਠ ਸਕਦੀ ਹੈ। ਕਿਸੇ ਵੀ ਵਧੀਕੀ ਦੀ ਸੂਰਤ ਵਿਚ ਔਰਤ ਪੰਚਾਇਤ ਸਾਹਮਣੇ ਆਪਣੀ ਕਥਾ ਬਿਆਨ ਕਰ ਸਕਦੀ ਹੈ। ਬੌਰੀਆ ਕਬੀਲੇ ਦੇ ਲੋਕ ਕਬੀਲੇ ਤੋਂ ਬਾਹਰਲੇ ਲੋਕਾਂ ਨਾਲ ਸੀਮਤ ਦਾਇਰਿਆਂ ਵਿਚ ਵਿਚਰਦੇ ਹਨ। ਕਬੀਲੇ ਤੋਂ ਬਾਹਰਲੇ ਲੋਕਾਂ ਨਾਲ ਰਿਸ਼ਤੇ ਜ਼ਿਆਦਾਤਰ ਆਰਥਿਕ ਅਤੇ ਵਪਾਰਕ ਪੱਧਰ ਦੇ ਹੁੰਦੇ ਹਨ। ਬੌਰੀਆ ਲੋਕ ਕਬੀਲੇ ਤੋਂ ਬਾਹਰਲੇ ਲੋਕਾਂ ਨਾਲ ਵਰਤ ਵਿਹਾਰ ਕਰਨ ਲੱਗਿਆਂ ਬੜਾ ਸੰਕੋਚ ਵਰਤਦੇ ਹਨ।

ਬੌਰੀਆ ਕਬੀਲੇ ਦੇ ਲੋਕ 'ਟੋਟਮ' ਦੇ ਰੂਪ ਵਿਚ 'ਜੰਡੀ' ਦੇ ਦਰਖਤ ਨੂੰ ਵਿਸ਼ੇਸ਼ ਮਾਨਤਾ ਦਿੰਦੇ ਹਨ। ਕਬੀਲੇ ਦੇ ਲੋਕਾਂ ਦਾ ਹਰ ਇਕ ਧਾਰਮਿਕ ਅਨੁਸ਼ਠਾਨ ਜੰਡੀ ਦੇ ਰੁੱਖ ਨਾਲ ਜੁੜਿਆ ਹੋਇਆ ਹੈ। ਕਬੀਲੇ ਦੇ ਲੋਕ ਪੁਰਖ ਪੂਜਾ ਤੋਂ ਇਲਾਵਾ ਵਿਆਹ ਦੀਆਂ ਰੀਤੀਆਂ ਵੀ ਜੰਡੀ ਦੇ ਦਰਖਤ ਦੁਆਲੇ ਪੂਰੀਆਂ ਕਰਦੇ ਹਨ। ਇੱਥੋਂ ਤੱਕ ਕਿ ਪੁਰਾਣੇ ਸਮਿਆਂ ਵਿਚ ਲੋਕਾਂ ਦੇ ਵਿਆਹ ਵੀ ਜੰਡੀ ਦੇ ਦਰਖਤ ਹੇਠ ਇਕ ਅਹਿਦ ਲੈ ਕੇ 'ਸੱਤ ਗੇੜਿਆਂ' ਰਾਹੀਂ ਸੰਪੰਨ ਹੁੰਦਾ ਸੀ। ਕਬੀਲੇ ਦੇ ਲੋਕ ਜੰਡੀ ਦੇ ਰੁੱਖ ਨੂੰ ਕੁਝ 'ਆਦਿ ਸ਼ਕਤੀਆਂ' ਨਾਲ ਜੋੜ ਕੇ ਵੇਖਦੇ ਹਨ। ਕਬੀਲੇ ਵਿਚ ਕਿਸੇ ਵੀ ਵਿਆਹ ਉਪਰੰਤ ਜੰਡੀ ਦੇ ਰੁੱਖ ਨੂੰ ਵਿਸ਼ੇਸ਼ ਤੌਰ 'ਤੇ ਧਿਆਇਆ ਜਾਂਦਾ ਹੈ। ਕਬੀਲੇ ਦੇ ਲੋਕ ਕਿਸੇ ਵੀ ਵਿਆਹ ਤੋਂ ਪਹਿਲਾਂ ਅਤੇ ਬਾਅਦ ਵਿਚ 'ਜੰਡੀ' ਦੇ ਰੁੱਖ ਦੀ ਮਾਨਤਾ ਕਰਦੇ ਹਨ। ਕਬੀਲੇ ਦੇ ਲੋਕ ਜੰਡੀ ਦੇ ਰੁੱਖ ਨੂੰ ਰੂਹਾਨੀ ਸ਼ਕਤੀ ਦਾ ਪ੍ਰਤੀਕ ਸਮਝਦੇ ਹਨ। ਕਬੀਲੇ ਦੇ ਲੋਕਾਂ ਦਾ ਇਹ ਵੀ ਵਿਸ਼ਵਾਸ ਬਣਿਆ ਹੋਇਆ ਹੈ ਕਿ ਜੰਡੀ ਦੇ ਰੁੱਖ ਵਿਚ ਇਨ੍ਹਾਂ ਦੇ ਕੁੱਲ ਦੇਵਤਿਆਂ ਅਤੇ ਪੁਰਖਿਆਂ ਦਾ ਵਾਸਾ ਹੈ, ਇਸ ਲਈ ਕਬੀਲੇ ਵੱਖ-ਵੱਖ ਅਨੁਸ਼ਠਾਨਾਂ ਅਤੇ ਵਿਆਹ ਸ਼ਾਦੀਆਂ ਦੀਆਂ ਰਸਮਾਂ ਵੇਲੇ ਜੰਡੀ ਦੇ ਰੁੱਖ ਨੂੰ 'ਕਬੀਲਾ ਟੋਟਮ' ਦੇ ਰੂਪ ਵਿਚ ਪੂਜਿਆ ਜਾਂਦਾ ਹੈ। ਅਜੋਕੇ ਦੌਰ ਵਿਚ ਬੌਰੀਆ ਕਬੀਲੇ ਦੇ ਲੋਕ ਆਪਣੀਆਂ ਪਰੰਪਰਿਕ ਬਿਰਤੀਆਂ ਨੂੰ ਛੱਡ ਕੇ

ਵੱਖ-ਵੱਖ ਸਥਾਨਕ ਧਰਮਾਂ ਨਾਲ ਜੁੜ ਗਏ ਹਨ। ਪੰਜਾਬ ਵਿਚ ਬਹੁਤ ਸਾਰੇ ਬੌਰੀਆ ਲੋਕ ਸਿੱਖ ਧਰਮ, ਹਿੰਦੂ ਧਰਮ ਅਤੇ ਵੱਖ-ਵੱਖ ਸੰਪਰਦਾਵਾਂ ਨਾਲ ਜੁੜੇ ਚੁੱਕੇ ਹਨ। ਅਜੋਕੇ ਦੌਰ ਵਿਚ ਭਾਵੇਂ ਇਹ ਵੱਖ-ਵੱਖ ਧਰਮਾਂ ਦੇ ਪ੍ਰਭਾਵ ਥੱਲੇ ਆ ਚੁੱਕੇ ਹਨ ਪਰੰਤੂ ਫਿਰ ਵੀ ਇਹ ਲੋਕ ਆਪਣੀਆਂ ਆਦਿਕਾਲੀ ਪਿੱਤਰੀ ਰਸਮਾਂ ਵਿਚ ਖ਼ਾਸ ਯਕੀਨ ਰੱਖਦੇ ਹਨ।

ਬੌਰੀਆ ਕਬੀਲੇ ਦੀਆਂ ਜਨਮ, ਵਿਆਹ ਅਤੇ ਮੌਤ ਰਸਮਾਂ

ਜਨਮ ਰਸਮਾਂ : ਬੌਰੀਆ ਕਬੀਲੇ ਵਿਚ ਬੱਚੇ ਦੇ ਜਨਮ ਤੋਂ ਤੁਰੰਤ ਬਾਅਦ ਬੱਚੇ ਨੂੰ ਕਬੀਲਾ ਦਾਈ ਦੁਆਰ ਨੁਹਾ-ਸੰਵਾਰ ਕੇ ਪਰਿਵਾਰ ਵਿਚੋਂ ਕਿਸੇ ਵਡੇਰੇ ਦੇ ਪੁਰਾਣੇ ਕੱਪੜਿਆਂ ਵਿਚ ਲਪੇਟ ਦਿੱਤਾ ਜਾਂਦਾ ਹੈ। ਜਣੇਪੇ ਵਾਲੀ ਔਰਤ ਅਤੇ ਬੱਚੇ ਦੇ ਸਿਰਹਾਣੇ ਲੋਹੇ ਦਾ 'ਚਾਕੂ' ਜਾਂ 'ਤਾਲਾ' ਲਾ ਦਿੱਤਾ ਜਾਂਦਾ ਹੈ। ਕਈ ਵਾਰ ਪ੍ਰਸੂਤ ਵਾਲੀ ਔਰਤ ਦੀ ਮੰਜੀ ਨਾਲ ਲੋਹੇ ਦੀ ਸੰਗਲੀ ਬੰਨ੍ਹ ਕੇ ਉਸਦੇ ਨਾਲ ਹੀ ਅਨਾਜ ਵਾਲੀ ਬਾਲਟੀ ਰੱਖ ਦਿੱਤੀ ਜਾਂਦੀ ਹੈ। ਪ੍ਰਸੂਤ ਵਾਲੀ ਔਰਤ ਕੋਲ ਕੁਆਰੀ ਕੰਨਿਆਂ, ਜਿਸਨੂੰ ਕਬੀਲੇ ਦੇ ਲੋਕ ਦੇਵੀ ਦਾ ਦਰਜਾ ਦਿੰਦੇ ਹਨ, ਬਦਰੂਹਾਂ ਤੋਂ ਰਾਖੀ ਲਈ ਬਿਠਾ ਦਿੱਤਾ ਜਾਂਦਾ ਹੈ। ਬੱਚੇ ਦੇ ਜਨਮ ਵਾਲੇ ਘਰ ਦੇ ਬਾਹਰ ਹਲ ਦਾ ਫ਼ਾਲਾ ਰੱਖ ਕੇ ਧੂਣੀ ਧੁਖਾ ਦਿੱਤੀ ਜਾਂਦੀ ਹੈ। ਇੱਥੇ ਹਲ ਦਾ 'ਵਿਰਾਮ ਅਵਸਥਾ' ਵਿੱਚ ਹੋਣਾ ਔਰਤ ਤੇ ਬੱਚੇ ਦੇ ਆਰਾਮ ਦੀ ਅਵਸਥਾ ਵਿਚ ਹੋਣ ਦਾ ਸੂਚਕ ਵੀ ਬਣਦਾ ਹੈ ਅਤੇ ਨਾਲ ਹੀ ਘਰ ਦੇ ਮਰਦ ਲਈ ਵਰਜਣਾ ਦਾ ਸੰਕੇਤ ਵੀ ਹੈ।

ਕਬੀਲੇ ਵਿੱਚ ਬੱਚੇ ਦੇ ਜਨਮ ਸੰਬੰਧੀ ਕਈ ਕਿਸਮ ਦੀਆਂ ਮਨਾਹੀਆਂ (Totam and Taboos) ਦੀ ਪਾਲਣਾ ਕੀਤੀ ਜਾਂਦੀ ਹੈ। ਬੌਰੀਆ ਕਬੀਲੇ ਵਿੱਚ ਪ੍ਰਸੂਤ ਵਾਲੇ ਘਰ ਵਿਚ ਬੱਚੇ ਦੇ ਜਨਮ ਤੋਂ ਬਾਅਦ ਇਕ ਔਰਤ ਰਾਤ ਭਰ ਜਾਗ ਕੇ ਜਗਰਾਤਾ ਕੱਟਦੀ ਹੈ। ਅਜਿਹਾ ਬੱਚੇ ਦੀ ਭੂਤ-ਪ੍ਰੇਤ ਤੋਂ ਰੱਖਿਆ ਲਈ ਕੀਤਾ ਜਾਂਦਾ ਹੈ। ਬੌਰੀਆ ਲੋਕ ਬੱਚੇ ਦੇ ਜਨਮ ਸਮੇਂ ਉਸਨੂੰ ਮਾਂ ਦੀ ਗੋਦ ਵਿਚ ਦੇਣ ਤੋਂ ਪਹਿਲਾਂ ਕਿਸੇ ਹੋਰ ਮੰਜੀ ਨਾਲ.ਛੁਹਾਉਂਦੇ ਹਨ। ਬੌਰੀਆ ਕਬੀਲੇ ਵਿਚ ਲੜਕਾ ਜਾਂ ਲੜਕੀ ਪੈਦਾ ਹੋਣ ਦੀ ਸੂਰਤ ਵਿਚ ਘਰ ਅੱਗੇ ਸ਼ਰੀਂਹ ਜਾਂ ਅੰਬ ਦੇ ਪੱਤੇ ਬੰਨ੍ਹੇ ਜਾਂਦੇ ਹਨ। ਅਜਿਹਾ ਖ਼ੁਸ਼ੀ ਦੀ ਆਮਦ ਲਈ ਕੀਤਾ ਜਾਂਦਾ ਹੈ। ਘਰ ਅੱਗੇ ਹਰੇ ਪੱਤੇ ਬੰਨ੍ਹਣਾ ਬੌਰੀਆ ਕਬੀਲੇ ਵਿੱਚ ਖੁਸ਼ਹਾਲੀ ਦਾ ਪ੍ਰਤੀਕ ਸਮਝਿਆ ਜਾਂਦਾ ਹੈ। ਇਹ ਰਸਮ ਭਾਰਤ ਦੇ ਹੋਰ ਕਬੀਲਿਆਂ ਵਿਚ ਵੀ ਪ੍ਰਚਲਿਤ ਹੈ। ਬੌਰੀਆ ਕਬੀਲੇ ਵਿੱਚ ਕੰਨਿਆਂ ਪੈਦਾ ਹੋਣ ਦੀ ਖੁਸ਼ੀ ਪ੍ਰਾਚੀਨ ਕਾਲ ਤੋਂ ਹੀ ਚਲੀ ਆਉਂਦੀ ਹੈ। ਬੌਰੀਆ ਕਬੀਲੇ ਵਿਚ 'ਤਿਰੱਕਲ' ਲੜਕਾ ਜਾਂ ਲੜਕੀ ਪੈਦਾ ਹੋਣ 'ਤੇ ਹੇਠ ਲਿਖੇ ਉਪਾਅ ਕੀਤੇ ਜਾਂਦੇ ਹਨ :

1. ਘਰ ਦੇ ਪਰਨਾਲੇ ਵਿੱਚ ਥੋੜ੍ਹਾ ਜਿਹਾ ਸਰ੍ਹੋਂ ਦਾ ਤੇਲ ਪਾ ਦਿੱਤਾ ਜਾਂਦਾ ਹੈ।
2. ਕਬੀਲੇ ਦੇ ਲੋਕ ਤਿਰੱਕਲ ਬੱਚੇ ਦਾ ਕੰਨ ਜਾਂ ਨੱਕ ਵਿੰਨ੍ਹ ਦਿੰਦੇ ਹਨ। ਕਬੀਲੇ ਦੇ ਲੋਕਾਂ ਦਾ ਵਹਿਮ ਹੈ ਕਿ ਬੱਚੇ ਦੇ ਸਰੀਰ ਨੂੰ ਅਜਿਹਾ ਦਾਗ ਦੇਣ 'ਤੇ ਕੁਦਰਤ ਦੀ ਕਰੋਪੀ ਟਲ ਜਾਂਦੀ ਹੈ। ਅਜਿਹੇ ਬੱਚੇ ਦਾ ਕੋਈ ਸਾਧਾਰਨ ਜਿਹਾ ਨਾਂ ਰੱਖਿਆ ਜਾਂਦਾ ਹੈ।
3. **ਸ਼ਿਸ਼ੂ ਮੱਲ ਦੀ ਰਸਮ** : ਬੌਰੀਆ ਕਬੀਲੇ ਵਿੱਚ ਤਿਰੱਕਲ ਬੱਚੇ ਦੇ ਜਨਮ

ਸਮੇਂ ਉਸਨੂੰ ਜਨਮ ਤੋਂ ਬਾਅਦ ਦਾਈ ਕੋਲ ਸੌਂਪ ਦਿੱਤਾ ਜਾਂਦਾ ਹੈ। ਇਸ ਉਪਰੰਤ ਪਰਿਵਾਰ ਦੇ ਲੋਕ ਸਵਾ ਜਾਂ ਢਾਈ ਰੁਪਏ ਦਾਈ ਨੂੰ 'ਸ਼ਿਸ਼ੂ ਮੁੱਲ' ਵਜੋਂ ਦਿੰਦੇ ਹਨ। ਬੌਰੀਆ ਕਬੀਲੇ ਵਿੱਚ ਇਹ ਪ੍ਰਥਾ ਬੱਚੇ ਨੂੰ ਸੰਭਾਵੀ ਕਰੋਪੀ ਤੋਂ ਬਚਾਉਣ ਲਈ ਕੀਤੀ ਜਾਂਦੀ ਹੈ। ਅਜਿਹੇ ਬੱਚੇ ਪ੍ਰਤੀ ਨਿਰਮੋਹ ਦਿਖਾਉਣ ਹਿਤ ਕਈ ਵਾਰੀ 'ਤਿਰੱਕਲ' ਬੱਚੇ ਨੂੰ ਜੁੱਤੀਆਂ ਅਤੇ ਅਨਾਜ ਆਦਿ ਨਾਲ ਵੀ ਤੋਲਿਆ ਜਾਂਦਾ ਹੈ। ਮੱਧਕਾਲ ਤੱਕ ਅਜਿਹੇ ਬੱਚਿਆਂ ਨੂੰ ਛੱਤ ਪਾੜ ਕੇ ਵੀ ਘਰ ਤੋਂ ਬਾਹਰ ਕੱਢਿਆ ਜਾਂਦਾ ਸੀ ਪਰੰਤੂ ਪੱਕੇ ਘਰਾਂ ਦੇ ਸਥਾਪਤ ਹੋਣ ਨਾਲ ਇਹ ਰਸਮ ਖਤਮ ਹੋ ਗਈ ਹੈ।

ਗੁੜ੍ਹਤੀ ਦੇਣ ਦੀ ਰਸਮ : ਬੌਰੀਆ ਕਬੀਲੇ ਵਿੱਚ ਬੱਚੇ ਦੇ ਜਨਮ ਤੋਂ ਬਾਅਦ ਉਸਨੂੰ ਪ੍ਰਥਮ ਭੋਜਨ ਵਜੋਂ ਗੁੜ ਦਾ ਸ਼ਰਬਤ ਬਣਾ ਕੇ 'ਗੁੜ੍ਹਤੀ' ਦਿੱਤੀ ਜਾਂਦੀ ਹੈ। ਗੁੜ੍ਹਤੀ ਪਰਿਵਾਰ ਦੇ ਕਿਸੇ ਸਿਆਣੇ ਅਤੇ ਬੁੱਧੀਮਾਨ ਵਿਅਕਤੀ ਦੁਆਰਾ ਦਿੱਤੀ ਜਾਂਦੀ ਹੈ ਕਿਉਂਕਿ ਕਬੀਲੇ ਦੇ ਲੋਕ ਇਹ ਵਿਸ਼ਵਾਸ ਕਰਦੇ ਹਨ ਕਿ ਗੁੜ੍ਹਤੀ ਦੇਣ ਵਾਲੇ ਵਿਅਕਤੀ ਦਾ ਬੱਚੇ ਦੇ ਸੁਭਾਅ 'ਤੇ ਗਹਿਰਾ ਅਸਰ ਪੈਂਦਾ ਹੈ। ਗੁੜ੍ਹਤੀ ਦੇਣ ਤੋਂ ਬਾਅਦ ਕਬੀਲੇ ਦੀ ਕਿਸੇ ਸਿਆਣੀ ਔਰਤ ਜਾਂ ਦਾਈ ਵੱਲੋਂ ਮਾਂ ਦੀਆਂ ਛਾਤੀਆਂ ਧੁਆ ਕੇ ਬੱਚੇ ਨੂੰ ਦੁੱਧ ਪਿਆਇਆ ਜਾਂਦਾ ਹੈ।

ਵਧਾਉਣ ਦੀ ਰਸਮ : ਬੌਰੀਆ ਕਬੀਲੇ ਵਿੱਚ ਬੱਚੇ ਦੇ ਜਨਮ ਤੋਂ ਤੀਜੇ ਦਿਨ ਪ੍ਰਸੂਤ ਵਾਲੀ ਔਰਤ ਨੂੰ ਵਧਾਉਣ ਦੀ ਰਸਮ ਅਦਾ ਕੀਤੀ ਜਾਂਦੀ ਹੈ। ਇਸ ਰਸਮ ਦਾ ਮੁੱਖ ਮੰਤਵ ਪ੍ਰਸੂਤ ਵਾਲੀ ਔਰਤ ਨੂੰ ਚੌਂਕੇ ਚੜ੍ਹਾਉਣਾ ਹੁੰਦਾ ਹੈ। ਇਸ ਰਸਮ ਵਿੱਚ ਪਰਿਵਾਰ ਦੀਆਂ ਔਰਤਾਂ ਵੱਲੋਂ ਘਰ ਦੇ ਵਿਹੜੇ ਨੂੰ ਚੰਗੀ ਤਰ੍ਹਾਂ ਗਊ ਦੇ ਗੋਬਰ ਨਾਲ ਲਿਪ ਦਿੱਤਾ ਜਾਂਦਾ ਹੈ। ਇਸ ਉਪਰੰਤ ਮਾਂ ਅਤੇ ਬੱਚੇ ਨੂੰ ਕੋਸੇ ਪਾਣੀ ਨਾਲ ਇਸ਼ਨਾਨ ਕਰਵਾ ਕੇ ਵਿਹੜੇ ਵਿਚ ਲਿੱਪੀ ਹੋਈ ਥਾਂ 'ਤੇ 'ਪੀੜੇ' 'ਤੇ ਬਿਠਾ ਦਿੱਤਾ ਜਾਂਦਾ ਹੈ। ਇਸ ਰਸਮ ਵਿੱਚ ਜੱਚਾ-ਬੱਚਾ ਦੋਹਾਂ 'ਤੇ 'ਗਊ ਮੂਤਰ' ਛਿੜਕ ਕੇ ਉਨ੍ਹਾਂ ਦਾ ਵਾਤਾਵਰਣ ਸ਼ੁੱਧ ਕੀਤਾ ਜਾਂਦਾ ਹੈ। ਇਸ ਰਸਮ ਤੋਂ ਬਾਅਦ ਮਾਂ ਅਤੇ ਬੱਚੇ ਨੂੰ ਘਰ ਦੇ ਕੁੱਲ ਦੇਵਤੇ ਅਤੇ ਪੁਰਖਿਆਂ ਦੇ ਮੱਥਾ ਟਿਕਾਇਆ ਜਾਂਦਾ ਹੈ। ਇਸ ਖੁਸ਼ੀ ਦੀ ਰਸਮ ਵੇਲੇ ਤਿਆਰ ਕੀਤੀ ਪੰਜੀਰੀ ਵਿੱਚੋਂ ਪੁਰਖਿਆਂ ਅਤੇ ਕੁਲ ਦੇਵਤੇ ਦੇ ਭੋਗ ਲਾ ਕੇ ਬੱਚਿਆਂ ਵਿਚ ਵੰਡ ਦਿੱਤਾ ਜਾਂਦਾ ਹੈ। ਇਸ ਰਸਮ ਸਮੇਂ ਦਾਈ ਨੂੰ 'ਅਨਾਜ' ਅਤੇ ਸ਼ਗਨ ਵਜੋਂ ਵਿਤ ਅਨੁਸਾਰ 'ਪੈਸੇ' ਦਿੱਤੇ ਜਾਂਦੇ ਹਨ।

ਖੂਹ ਪੂਜਾ ਦੀ ਰਸਮ : ਬੌਰੀਆ ਕਬੀਲੇ ਵਿੱਚ ਬੱਚੇ ਦੇ ਜਨਮ ਤੋਂ ਬਾਅਦ 'ਖੂਹ ਪੂਜਾ' ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਇਸ ਰਸਮ ਵਿੱਚ ਬੱਚੇ ਦੀ ਮਾਂ ਸਿਰ 'ਤੇ ਕੋਰਾ ਘੜਾ ਲੈ ਕੇ ਖੂਹ ਜਾਂ ਪਾਣੀ ਦੇ ਕਿਸੇ ਸਰੋਤ ਵੱਲ ਚਾਲੇ ਪਾਉਂਦੀ ਹੈ। ਇਸ ਘੜੇ 'ਤੇ ਇਕ ਮੌਲੀ ਬੰਨ੍ਹ ਦਿੱਤੀ ਜਾਂਦੀ ਹੈ। ਇਸ ਤੋਂ ਬਾਅਦ ਬੱਚੇ ਦੀ ਮਾਂ ਕਿਸੇ ਸ਼ਾਲ ਜਾਂ ਕੱਪੜੇ ਦੀ ਬੁੱਕਲ ਮਾਰ ਕੇ ਹੌਲੀ-ਹੌਲੀ 'ਜਲ ਸਰੋਤ' ਵੱਲ ਚਲਦੀ ਹੈ। ਉਸਦੇ ਨਾਲ ਨਾਲ ਕਬੀਲਾ ਔਰਤਾਂ ਸ਼ਗਨਾਂ ਦੇ ਗੀਤ ਗਾਉਂਦੀਆਂ ਜਾਂਦੀਆਂ ਹਨ। ਖੂਹ ਜਾਂ ਪਾਣੀ ਦੇ ਸੋਮੇ 'ਤੇ ਪਹੁੰਚਣ ਉਪਰੰਤ ਘੜੇ ਦੀ ਮੌਲੀ ਖੋਲ੍ਹ ਕੇ ਖੂਹ ਦੀ ਮੌਣ 'ਤੇ ਜਾਂ ਨਲਕੇ ਦੀ

ਹੱਥੀ 'ਤੇ ਬੰਨ੍ਹ ਦਿੱਤੀ ਜਾਂਦੀ ਹੈ। ਜਲ ਦੇਵਤਾ ਨੂੰ ਮੱਥਾ ਟੇਕਣ ਉਪਰੰਤ 'ਇਕ ਘੜਾ' ਤੇ 'ਸ਼ਾਲ' ਅਤੇ 'ਅਨਾਜ' ਕਿਸੇ ਨੂੰ ਦਾਨ ਵਜੋਂ ਦੇ ਦਿੱਤੇ ਜਾਂਦੇ ਹਨ।

ਸੂਰਜ ਦਿਖਾਉਣ ਦੀ ਰਸਮ : ਬੌਰੀਆ ਕਬੀਲੇ ਵਿਚ ਖੂਹ ਪੂਜਾ ਦੀ ਰਸਮ ਤੋਂ ਬਾਅਦ ਬੱਚੇ ਨੂੰ ਸੂਰਜ ਦਿਖਾਉਣ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਦੂਸਰੇ ਕਬੀਲਿਆਂ ਵਿੱਚ ਇਹ ਰਸਮ 'ਦੀਵਾ ਦਿਖਾਉਣ ਦੀ ਰਸਮ' ਕਰਕੇ ਵੀ ਜਾਣੀ ਜਾਂਦੀ ਹੈ। ਇਸ ਰਸਮ ਵਿੱਚ ਬੱਚੇ ਦੀ ਮਾਂ ਆਪਣੀ ਧੀ ਜਾਂ ਪਰਿਵਾਰ ਵਿਚੋਂ ਕਿਸੇ ਹੋਰ ਲੜਕੀ ਦੀ 'ਚੁੰਨੀ ਦਾ ਲੜ ਫੜ ਕੇ' ਘਰ ਤੋਂ ਬਾਹਰ ਪੈਰ ਪਾਉਂਦੀ ਹੈ। ਇਸ ਰਸਮ ਵਿੱਚ 'ਪੰਜ ਰੋਟੀਆਂ' ਧੀ ਅਤੇ 'ਸੱਤ ਰੋਟੀਆਂ' ਮਾਂ ਦੀ ਝੋਲੀ ਵਿਚ ਪਾਈਆਂ ਜਾਂਦੀਆਂ ਹਨ। ਇਸ ਰਸਮ ਵਿਚ ਇਕ ਕੁਆਰੀ ਕੰਨਿਆਂ ਘਰ ਦੇ ਬਾਹਰ ਪਾਣੀ ਦੀ ਇਕ ਗੜਵੀ ਲੈ ਕੇ ਖੜੀ ਹੋ ਜਾਂਦੀ ਹੈ। ਘਰ ਦੀ ਦਹਿਲੀਜ਼ ਪਾਰ ਕਰਦਿਆਂ ਹੀ ਬੱਚੇ ਦੀ ਮਾਂ ਇਸ ਗੜਵੀ ਵਿਚ ਕੁਝ ਸਿੱਕੇ ਪਾ ਦਿੰਦੀ ਹੈ। ਇਸ ਰਸਮ ਵਿਚ ਮਾਂ ਅਤੇ ਬੱਚਾ 'ਸੂਰਜ ਦੇਵਤਾ' ਨੂੰ ਕੱਚੀ ਲੱਸੀ ਦਾ ਅਰਘ ਦੇ ਕੇ ਉਸਦੇ ਦਰਸ਼ਨ ਕਰਦੇ ਹਨ। ਇਸ ਰਸਮ ਤੋਂ ਇਲਾਵਾ ਬੌਰੀਆ ਲੋਕ ਬੱਚੇ ਦੇ ਜਨਮ ਸੰਬੰਧੀ ਸ਼ਿਲਾ ਚੁੱਕਣ, ਪਿੱਤਰ ਪੂਜਾ, ਤੜਾਗੀ ਬੰਨ੍ਹਣ, ਸ਼ੂਸ਼ਕ ਅਤੇ ਨਾਮਕਰਨ ਵਰਗੀਆਂ ਰਸਮਾਂ ਅਦਾ ਕਰਦੇ ਹਨ।

ਵਿਆਹ ਰਸਮਾਂ : ਬੌਰੀਆ ਕਬੀਲੇ ਵਿੱਚ ਸੁਜਾਤੀ ਵਿਆਹ ਦਾ ਪ੍ਰਚਲਨ ਹੈ। ਇਹ ਵਿਆਹ 'ਮਾਂ ਦਾ ਗੋਤਰ' ਛੱਡ ਕੇ ਹੋਰ ਕਿਸੇ ਵੀ ਸੰਬੰਧਤ 'ਗੋਤਰ' ਵਿੱਚ ਸਿਰੇ ਚੜ੍ਹ ਸਕਦਾ ਹੈ। ਬੌਰੀਆ ਕਬੀਲਾ ਅੰਤਰਜਾਤੀ ਵਿਆਹਾਂ ਨੂੰ ਬਿਲਕੁੱਲ ਮਾਨਤਾ ਨਹੀਂ ਦਿੰਦਾ। ਪਰ ਕਿਸੇ ਖ਼ਾਸ ਹਾਲਤ ਵਿੱਚ ਪਿਆਰ ਵਿਆਹ ਕਬੀਲੇ ਦੇ ਅੰਦਰ ਪ੍ਰਵਾਨ ਚੜ੍ਹ ਸਕਦਾ ਹੈ। ਬੌਰੀਆ ਕਬੀਲਾ ਆਪਣੇ ਲੋਕਾਂ ਨੂੰ ਕਿਸੇ ਗ਼ੈਰ-ਕਬੀਲੇ ਜਾਂ ਜਾਤੀ ਵਿਚ ਵਿਆਹ ਦੀ ਇਜ਼ਾਜਤ ਨਹੀਂ ਦਿੰਦਾ। ਬੌਰੀਆ ਕਬੀਲੇ ਵਿਚ ਮੁੱਖ ਤੌਰ 'ਤੇ ਹੇਠ ਲਿਖੇ ਵਿਆਹ ਪ੍ਰਚੱਲਿਤ ਹਨ :

1. ਪੁੰਨ ਦਾ ਵਿਆਹ
2. ਪਿਆਰ ਵਿਆਹ
3. ਵੱਟੇ-ਸੱਟੇ ਦਾ ਵਿਆਹ
4. ਕਰੇਵਾ
5. ਪੁਨਰ-ਵਿਆਹ

ਮੰਗਣੀ ਦੀ ਰਸਮ : ਬੌਰੀਆ ਕਬੀਲੇ ਵਿੱਚ ਵਿਆਹ ਵਾਲੇ ਲੜਕੇ ਲੜਕੀ ਦੀ ਮੰਗਣੀ ਦੀ ਰਸਮ ਪਰਿਵਾਰ ਦੀ ਹਾਜ਼ਰੀ ਵਿੱਚ ਪੂਰੀ ਕੀਤੀ ਜਾਂਦੀ ਹੈ। ਇਸ ਰਸਮ ਵਿੱਚ ਲੜਕੇ ਲੜਕੀ ਦੇ ਚਾਚੇ, ਤਾਏ ਅਤੇ ਮਾਂ ਉਚੇਚੇ ਤੌਰ 'ਤੇ ਸ਼ਾਮਲ ਹੁੰਦੇ ਹਨ। ਸ਼ਗਨ ਦੀ ਰਸਮ ਵੇਲੇ ਲੜਕੇ ਲੜਕੀ ਨੂੰ ਕਿਸੇ ਚੰਗੇ ਆਸਣ 'ਤੇ ਬਿਠਾਇਆ ਜਾਂਦਾ ਹੈ। ਕਬੀਲੇ ਵਿੱਚ ਉਸਦੇ ਧਰਤੀ 'ਤੇ ਬੈਠਣ ਪ੍ਰਤੀ ਟੈਬੂ ਪ੍ਰਚੱਲਿਤ ਹੈ। ਕਬੀਲੇ ਦੇ ਲੋਕ ਸ਼ਗਨਾਂ ਵਾਲੀ ਥਾਲੀ ਵਿੱਚ ਸ਼ਗਨ੍ਹਾਂ ਦੀ ਮਠਿਆਈ ਵਿਚ ਪਤਾਸੇ, ਲੱਡੂ ਅਤੇ ਗਿਰੀ ਛੁਹਾਰੇ ਅਤੇ ਮੌਲੀ ਆਦਿ ਰੱਖਦੇ ਹਨ। ਇਸ ਰਸਮ ਵਿੱਚ ਮਾਤਾ ਪਿਤਾ ਮੰਗਣੀ ਵਾਲੇ ਲੜਕੇ ਨੂੰ ਆਸ਼ੀਰਵਾਦ ਦੇ ਕੇ ਉਸਦਾ ਮੂੰਹ ਮਿੱਠਾ ਕਰਵਾਉਂਦੇ ਹਨ।

ਸਿਰ ਕੱਜਣ ਦੀ ਰਸਮ : ਇਸ ਰਸਮ ਵਿਚ ਲੜਕੀ ਦਾ ਪਰਿਵਾਰ ਲੜਕੀ ਲਈ

ਸ਼ਗਨ ਦੇ ਤੌਰ 'ਤੇ 'ਇਕ ਸੂਟ' ਅਤੇ 'ਇਕ ਸੋਨੇ ਜਾਂ ਚਾਂਦੀ ਦਾ ਗਹਿਣਾ' ਆਦਿ ਲੈ ਕੇ ਜਾਂਦੇ ਹਨ।ਸਿਰ ਕੱਜਣ ਦੀ ਰਸਮ ਰਿਸ਼ਤੇ ਦੀ ਆਸਥਾ ਨੂੰ ਬਣਾਈ ਰੱਖਣ ਲਈ ਪੂਰੀ ਕੀਤੀ ਜਾਂਦੀ ਹੈ।

ਪਗੜੀ ਬੰਨ੍ਹਣ ਦੀ ਰਸਮ : ਬੌਰੀਆ ਕਬੀਲੇ ਦੇ ਲੋਕ ਲੜਕੀ ਲੜਕੇ ਦੀ ਮੰਗਣੀ ਸਮੇਂ ਪਗੜੀ ਬੰਨ੍ਹਣ ਦੀ ਰਸਮ ਅਦਾ ਕਰਦੇ ਹਨ। ਪਗੜੀ ਦੀ ਰਸਮ ਦਾ ਸੰਬੰਧ ਵਿਆਹ ਦੀ ਪਕਿਆਈ ਨਾਲ ਹੈ। ਇਸ ਰਸਮ ਵਿੱਚ ਵਿਆਹ ਵਾਲੇ ਲੜਕੀ ਲੜਕੇ ਦੇ ਪਰਿਵਾਰਕ ਲੋਕ ਸ਼ਾਮਿਲ ਹੁੰਦੇ ਹਨ। ਪਗੜੀ ਦੀ ਰਸਮ ਤੋਂ ਬਾਅਦ ਰਿਸ਼ਤਾ ਤੋੜਨ ਵਾਲੀ ਧਿਰ ਨੂੰ ਬੌਰੀਆ ਪੰਚਾਇਤ ਵੱਲੋਂ ਨਿਸਚਿਤ ਦੰਡ ਲਾ ਕੇ ਫੈਸਲਾ ਕੀਤਾ ਜਾਂਦਾ ਹੈ। ਪਗੜੀ ਬੰਨ੍ਹਣ ਦੀ ਰਸਮ ਦਾ ਸੰਬੰਧ ਸਿੱਧਾ ਵਿਆਹ ਦੀ ਪੂਰਨਤਾ ਨਾਲ ਹੈ। ਬੌਰੀਆ ਕਬੀਲੇ ਵਿੱਚ ਪਗੜੀ ਨੂੰ 'ਗ੍ਰਹਿਸਥ' ਦਾ ਪ੍ਰਤੀਕ ਸਮਝਿਆ ਜਾਂਦਾ ਹੈ।

ਹੋਆਂ ਦੀ ਰਸਮ : ਬੌਰੀਆ ਕਬੀਲੇ ਦੇ ਕਿਸੇ ਵੀ ਪਰਿਵਾਰ ਵਿਚ ਵੱਡੇ ਲੜਕੇ ਲੜਕੀ ਦੇ ਵਿਆਹ ਸਮੇਂ 'ਹੋਆਂ' ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਵਿਆਹ ਤੋਂ ਲਗਭਗ ਦਸ ਬਾਰ੍ਹਾਂ ਦਿਨ ਪਹਿਲਾਂ ਬੁੱਧਵਾਰ ਦੇ ਦਿਨ ਇਹ ਰਸਮ ਪੂਰੀ ਕੀਤੀ ਜਾਂਦੀ ਹੈ। ਇਸ ਰਸਮ ਵਿਚ ਵਿਆਹ ਵਾਲੇ ਲੜਕੇ ਜਾਂ ਲੜਕੀ ਦਾ ਮੂੰਹ ਪੂਰਬ ਦਿਸ਼ਾ ਵੱਲ ਕਰਕੇ ਬਿਠਾ ਦਿੱਤਾ ਜਾਂਦਾ ਹੈ। ਉਸਦੇ ਆਲੇ-ਦੁਆਲੇ ਉਸਦੇ ਪਰਿਵਾਰ ਦੇ ਲੋਕ ਅਤੇ ਰਿਸ਼ਤੇਦਾਰ ਖ਼ਾਸ ਕਰਕੇ 'ਮਾਮਾ' ਆਦਿ ਬੈਠ ਜਾਂਦੇ ਹਨ। ਵਿਆਹ ਵਾਲੇ ਲੜਕੇ ਜਾਂ ਲੜਕੀ ਦੀ ਮਾਂ ਆਪਣੇ ਉੱਪਰ ਲਾਲ ਦੁਸ਼ਾਲਾ ਤਾਣ ਕੇ ਇਹ ਸ਼ਗਨ ਸ਼ੁਰੂ ਕਰਦੀ ਹੈ। ਇਸ ਰਸਮ ਵਿੱਚ ਲੜਕੇ ਲੜਕੀ ਦੀ ਮਾਂ ਅਤੇ ਮਾਮਾ ਵਿਸ਼ੇਸ਼ ਭੂਮਿਕਾ ਨਿਭਾਉਂਦੇ ਹਨ। ਇਸ ਰਸਮ ਵਿੱਚ ਹਰ ਇਕ ਬੱਚੇ ਦੀ ਹਥੇਲੀ 'ਤੇ ਨਮਕੀਨ ਮੱਠੀਆਂ ਰੱਖੀਆਂ ਜਾਂਦੀਆਂ ਹਨ ਜਿਸਨੂੰ ਦੋਵੇਂ ਭੈਣ ਭਰਾ ਲੜਕੇ ਦੇ ਆਲੇ-ਦੁਆਲੇ ਸੱਤ ਚੱਕਰ ਲਗਾ ਕੇ ਇਕ ਇਕ ਕਰਕੇ ਆਪਣੀ ਝੋਲੀ ਵਿਚ ਪਾ ਲੈਂਦੇ ਹਨ। ਹਰ ਚੱਕਰ ਤੋਂ ਬਾਅਦ ਲੜਕੇ ਜਾਂ ਲੜਕੀ ਦਾ ਮਾਮਾ ਉਨ੍ਹਾਂ ਦੇ ਦੋ ਚਾਰ ਵਾਲ ਕੱਟ ਕੇ ਆਪਣੀ ਝੋਲੀ ਵਿਚ ਪਾ ਲੈਂਦਾ ਹੈ। ਇਹ ਰਸਮ ਪੂਰੀ ਹੋਣ ਤੋਂ ਬਾਅਦ 'ਮੱਠੀਆਂ ਦੀ ਪਰਾਤ' ਬੱਚਿਆਂ ਲਈ ਚਾਦਰ 'ਤੇ ਉਲਟਾ ਦਿੱਤੀ ਜਾਂਦੀ ਹੈ। ਬਾਅਦ ਵਿੱਚ ਇਹ ਮੱਠੀਆਂ ਪ੍ਰਸ਼ਾਦ ਦੇ ਤੌਰ 'ਤੇ ਕਬੀਲੇ ਵਿੱਚ ਸ਼ਗਨਾਂ ਦੀ ਮਠਿਆਈ ਦੇ ਤੌਰ 'ਤੇ ਵੰਡ ਦਿੱਤੀਆਂ ਜਾਂਦੀਆਂ ਹਨ। ਇਸ ਰਸਮ ਉਪਰੰਤ ਵਿਆਹ ਵਾਲੇ ਲੜਕੇ ਲੜਕੀ ਤੋਂ ਇਲਾਵਾ ਪਰਿਵਾਰ ਦੇ ਬਾਕੀ ਬੱਚਿਆਂ ਦੇ ਵਾਲ ਵੀ ਕੱਟਦਾ ਹੈ। ਇਸ ਰਸਮ ਵਿੱਚ ਸ਼ਗਨ ਵਜੋਂ ਲੜਕੇ ਦੀ 'ਮਾਂ' ਅਤੇ 'ਮਾਮਾ' ਇਕ ਦੂਜੇ ਨੂੰ ਸ਼ਗਨ ਦੇ ਤੌਰ 'ਤੇ ਵਿੱਤ ਅਨੁਸਾਰ ਕੁਝ ਪੈਸੇ ਦੇ ਕੇ ਮਾਣ ਆਦਰ ਕਰਦੇ ਹਨ।

ਗਾਨਾ ਬੰਨ੍ਹਣ ਦੀ ਰਸਮ : 'ਹੋਆਂ' ਦੀ ਰਸਮ ਤੋਂ ਬਾਅਦ ਵਿਆਹ ਵਾਲੇ ਲੜਕੇ ਦੇ ਉਸ ਦੀਆਂ ਭਰਜਾਈਆਂ ਵੱਲੋਂ ਮੌਲੀ ਵਰਗੇ ਰੰਗ-ਬਰੰਗੇ ਧਾਗਿਆਂ ਦਾ 'ਗਾਨਾ' ਬੰਨ੍ਹਿਆ ਜਾਂਦਾ ਹੈ। ਗਾਨਾ ਕਬੀਲੇ ਵਿੱਚ ਵਰਜਣਾ ਦਾ ਸੰਕੇਤ ਹੈ। ਇਸ ਰਸਮ ਤੋਂ ਬਾਅਦ ਵਿਆਹ ਵਾਲੇ ਲੜਕੇ ਦਾ ਘਰ ਤੋਂ ਬਾਹਰ ਜਾਣਾ ਵਰਜਿਤ ਹੁੰਦਾ ਹੈ। ਬਰਾਤ ਚੜ੍ਹਨ ਤੀਕ ਉਸਨੂੰ ਘਰ ਦੇ ਅੰਦਰ ਹੀ ਰਹਿਣਾ ਪੈਂਦਾ ਹੈ। ਕਿਸੇ ਖ਼ਾਸ ਹਾਲਤ ਵਿਚ ਬਾਹਰ ਜਾਣ ਸਮੇਂ

ਉਹ ਆਪਣੇ ਨਾਲ ਕੋਈ ਲੋਹੇ ਦਾ ਚਾਕੂ ਜਾਂ ਹਥਿਆਰ ਲੈ ਕੇ ਜਾਂਦਾ ਹੈ। ਅਜਿਹਾ ਭੂਤ ਪ੍ਰੇਤਾਂ ਜਾਂ ਟੂਣੇ ਟਾਮਣਾਂ ਤੋਂ ਬਚਣ ਲਈ ਕੀਤਾ ਜਾਂਦਾ ਹੈ।

ਮਈਆਂ ਦੀ ਰਸਮ : ਬੌਰੀਆ ਕਬੀਲੇ ਵਿਚ ਵਿਆਹ ਤੋਂ ਤਿੰਨ ਕੁ ਦਿਨ ਪਹਿਲਾਂ 'ਮਈਆਂ' ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਇਸ ਰਸਮ ਵਿੱਚ ਲੜਕੇ ਲੜਕੀ ਦੇ ਹੱਥ ਨਾਲ ਇਕ ਖੰਬੜੀ ਬੰਨ੍ਹ ਕੇ ਉਸਨੂੰ ਮਿੱਠੇ ਚਾਵਲਾਂ ਦਾ ਭੋਜਨ ਕਰਾਇਆ ਜਾਂਦਾ ਹੈ। ਇਸ ਮੌਕੇ ਮਿੱਠੇ ਚਾਵਲਾਂ ਦਾ ਪ੍ਰਸ਼ਾਦ ਪੂਰੇ ਡੇਰੇ ਵਿਚ ਵੰਡਿਆ ਜਾਂਦਾ ਹੈ। ਇਸ ਰਸਮ ਤੋਂ ਬਾਅਦ ਲੜਕੇ ਲੜਕੇ ਦੇ ਘਰ ਤੋਂ ਬਾਹਰ ਨਿਕਲਣ ਸੰਬੰਧੀ ਟੈਬੂ ਪ੍ਰਚੱਲਿਤ ਹੈ। ਕਬੀਲੇ ਵਿੱਚ ਅਜਿਹਾ ਅੰਧ-ਵਿਸ਼ਵਾਸ ਪਾਇਆ ਜਾਂਦਾ ਹੈ ਕਿ ਵਿਆਹ ਵਾਲੇ ਲੜਕੇ ਲੜਕੀ ਨੂੰ ਭੂਤ-ਪ੍ਰੇਤਾਂ ਅਤੇ ਪ੍ਰੇਤ ਆਤਮਾਵਾਂ ਤੋਂ ਜ਼ਿਆਦਾ ਖਤਰਾ ਹੁੰਦਾ ਹੈ।

ਖਾਰੇ ਦੀ ਰਸਮ : ਇਸ ਰਸਮ ਵਿੱਚ ਵਿਆਹ ਤੋਂ ਇਕ ਦਿਨ ਪਹਿਲਾਂ ਬੌਰੀਆ ਲੋਕ ਵਿਆਹ ਵਾਲੇ ਲੜਕੇ ਜਾਂ ਲੜਕੀ ਦੇ ਜੌਂ, ਆਟੇ ਅਤੇ ਹਲਦੀ ਦਾ ਵੱਟਣਾ ਮਲਦੇ ਹਨ। ਇਸ ਮੌਕੇ ਕਬੀਲੇ ਦੀਆਂ ਔਰਤਾਂ ਧੀਮੀ ਸੁਰ ਦੇ ਸ਼ਗਨਾਂ ਨਾਲ ਸੰਬੰਧਤ ਬੌਰੀਆ ਗੀਤ ਬੋਲਦੀਆਂ ਹਨ। ਇਸ ਰਸਮ ਵਿੱਚ ਲੜਕੇ ਲੜਕੀ ਲਈ ਬਣੀ ਪੀੜੀ ਦੇ ਹੇਠ ਵਿਸ਼ੇਸ਼ ਰੂਪ ਵਿੱਚ 'ਪੈਸੇ' ਅਤੇ ਸਾਹਮਣੇ ਇਕ 'ਕੋਰੀ ਚੱਪਣੀ' ਰੱਖੀ ਜਾਂਦੀ ਹੈ। ਇਸ ਰਸਮ ਵਿੱਚ ਲੜਕੇ ਅਤੇ ਲੜਕੀ ਦੇ ਸਾਹਮਣੇ ਕ੍ਰਮਵਾਰ ਆਟੇ ਦੀ 'ਗੁੱਡੀ' ਅਤੇ 'ਗੁੱਡਾ' ਰੱਖੇ ਜਾਂਦੇ ਹਨ। ਇਸ ਰਸਮ ਵਿੱਚ ਵਿਆਹ ਵਾਲਾ ਲੜਕਾ ਭਰਜਾਈ ਨੂੰ ਸ਼ਗਨ ਵਜੋਂ ਇਕ ਠੂਠੀ ਤੇ ਇਕ ਰੁਪੱਈਆ ਦਿੰਦਾ ਹੈ। ਲੜਕੇ ਦੇ ਇਸ਼ਨਾਨ ਤੋਂ ਬਾਅਦ ਉਸਨੂੰ ਮਾਮਾ ਖਾਰੇ ਤੋਂ ਉਤਾਰਦਾ ਹੈ। ਇਸ ਰਸਮ ਵਿੱਚ ਲੜਕੇ ਦਾ ਮਾਮਾ ਤੇ ਰਿਸ਼ਤੇਦਾਰ ਵਿੱਤ ਅਨੁਸਾਰ ਉਸਦੀ ਝੋਲੀ ਵਿਚ ਬਣਦਾ ਸ਼ਗਨ ਪਾਉਂਦੇ ਹਨ।

ਜੰਡੀ ਕੱਟਣ ਦੀ ਰਸਮ : ਬੌਰੀਆ ਕਬੀਲੇ ਵਿਚ ਵਿਆਹ ਵਾਲੇ ਲੜਕੇ ਨੂੰ ਸਿਹਰਾ ਬੰਨ੍ਹਣ ਉਪਰੰਤ 'ਜੰਡੀ ਕੱਟਣ' ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਇਸ ਰਸਮ ਵਿੱਚ ਵਿਆਹ ਵਾਲੇ ਲੜਕੇ ਦਾ ਪਰਿਵਾਰ ਅਤੇ ਰਿਸ਼ਤੇਦਾਰ ਡੇਰੇ ਦੇ ਬਾਹਰਵਾਰ ਕਿਸੇ 'ਜੰਡੀ' ਦੇ ਦਰਖਤ ਵੱਲ ਜਾਂਦੇ ਹਨ। ਇਸ ਮੌਕੇ ਲੜਕੇ ਦੀਆਂ ਭੈਣਾਂ ਵੱਲੋਂ ਵਿਆਹ ਵਾਲੇ ਲੜਕੇ ਦੇ ਉੱਪਰ ਲਾਲ ਦੁਸ਼ਾਲਾ ਤਾਣਿਆਂ ਜਾਂਦਾ ਹੈ। ਲੜਕਾ ਹੱਥ ਵਿਚ ਤਲਵਾਰ ਲੈ ਕੇ ਚਲਦਾ ਹੈ। ਇਸ ਰਸਮ ਵਿੱਚ ਕਬੀਲਾ ਔਰਤਾਂ ਕਬੀਲੇ ਦੇ ਪਰੰਪਰਿਕ ਗੀਤ ਗਾਉਂਦੀਆਂ ਅੱਗੇ ਵਧਦੀਆਂ ਹਨ। ਜੰਡੀ ਕੱਟਣ ਦੀ ਰਸਮ ਵਿੱਚ ਵਿਆਹ ਵਾਲਾ ਲੜਕਾ ਜੰਡੀ ਦੀ ਕਿਸੇ ਟਹਿਣੀ 'ਤੇ ਇੱਕ ਮੌਲੀ ਬੰਨ੍ਹ ਦਿੰਦਾ ਹੈ। ਇਸ ਉਪਰੰਤ ਉਹ ਜੰਡੀ ਦੇ ਬਿਰਖ ਦੇ ਸੱਤ ਗੇੜੇ ਲਾ ਕੇ ਮੱਥਾ ਟੇਕਦਾ ਹੋਇਆ ਮੌਲੀ ਵਾਲੀ ਟਹਿਣੀ ਤਲਵਾਰ ਦੇ ਇਕੋ ਝਟਕੇ ਨਾਲ ਵੱਢ ਦਿੰਦਾ ਹੈ। ਬੌਰੀਆ ਕਬੀਲੇ ਵਿੱਚ ਇਹ ਵਿਆਹ ਦੀ ਸਫਲਤਾ ਦਾ ਪ੍ਰਤੀਕ ਸਮਝਿਆ ਜਾਂਦਾ ਹੈ। ਇਸ ਰਸਮ ਤੋਂ ਬਾਅਦ ਵਿਆਹ ਵਾਲੇ ਲੜਕੇ ਦੇ ਘਰ ਵਾਪਸ ਜਾਣ ਸੰਬੰਧੀ ਟੈਬੂ ਪ੍ਰਚੱਲਿਤ ਹੈ। ਜੰਡੀ ਕੱਟਣ ਤੋਂ ਬਾਅਦ ਬਰਾਤ ਚੜ੍ਹਨ ਤੀਕ ਉਹ ਕਿਸੇ ਰਿਸ਼ਤੇਦਾਰ ਦੇ ਘਰ ਠਹਿਰਦਾ ਹੈ।

ਫ਼ਾਕੇ ਦੀ ਰਸਮ : ਬੌਰੀਆ ਕਬੀਲੇ ਵਿੱਚ 'ਫ਼ਾਕੇ ਦੀ ਰਸਮ' ਆਦਿ ਕਾਲ ਤੋਂ ਹੀ

ਚਲੀ ਆਉਂਦੀ ਹੈ। ਇਸ ਰਸਮ ਵਿੱਚ ਦੋਹਾਂ ਪਰਿਵਾਰਾਂ ਦੁਆਰਾ ਲਿਆਂਦੀ ਗਈ ਸ਼ਗਨਾਂ ਦੀ 'ਪੰਜੀਰੀ' ਇਕ ਸਾਂਝੀ ਪਰਾਤ ਵਿੱਚ ਇਕੱਠੀ ਕਰ ਲਈ ਜਾਂਦੀ ਹੈ। ਇਸ ਉਪਰੰਤ ਵਿਆਹ ਵਾਲੇ ਲੜਕੇ ਲੜਕੀ ਨੂੰ ਇਕੱਠਿਆਂ ਆਹਮੋ-ਸਾਹਮਣੇ ਬਿਠਾ ਦਿੱਤਾ ਜਾਂਦਾ ਹੈ। ਇਸ ਰਸਮ ਵਿੱਚ ਲੜਕਾ ਲੜਕੀ ਇਕ ਦੂਜੇ ਦੇ ਮੂੰਹ ਵਿੱਚ ਪੰਜੀਰੀ ਪਾ ਕੇ ਨਵੇਂ ਜੀਵਨ ਦੀ ਸ਼ੁਰੂਆਤ ਕਰਦੇ ਹਨ। ਕਬੀਲੇ ਵਿੱਚ ਇਹ ਰਸਮ ਸੱਤ ਵਾਰ ਦੁਹਰਾਈ ਜਾਂਦੀ ਹੈ। ਬੌਰੀਆ ਕਬੀਲੇ ਵਿੱਚ ਇਸ ਰਸਮ ਤੋਂ ਬਾਅਦ ਵਿਆਹ ਸੰਪੰਨ ਹੋਇਆ ਮੰਨਿਆ ਜਾਂਦਾ ਹੈ। ਪਰੰਤੂ ਸਮੇਂ ਦੇ ਬੀਤਣ ਨਾਲ ਇਹ ਰਸਮ ਹੁਣ 'ਦੂਜੈਲੇ ਪੱਧਰ' 'ਤੇ ਚਲੀ ਗਈ ਹੈ ਕਿਉਂਕਿ ਬੌਰੀਆ ਕਬੀਲਾ ਹੁਣ ਸਿੱਖ ਧਰਮ ਦੇ ਪ੍ਰਭਾਵ ਹੇਠ ਆਨੰਦ ਕਾਰਜਾਂ ਦੀ ਰਸਮ ਨਿਭਾਉਣ ਲੱਗ ਪਿਆ ਹੈ।

ਖੱਟ ਦੀ ਰਸਮ : ਬੌਰੀਆ ਲੋਕ 'ਫ਼ਾਕੇ ਦੀ ਰਸਮ' ਤੋਂ ਬਾਅਦ 'ਖੱਟ ਦੀ ਰਸਮ' ਅਦਾ ਕਰਦੇ ਹਨ। ਇਸ ਰਸਮ ਵਿੱਚ ਵਿਆਹ ਵਾਲੇ ਲੜਕੇ ਨੂੰ ਰੋਟੀ 'ਤੇ ਬੁਲਾ ਕੇ ਉਸਨੂੰ 'ਮਹਾਭੋਜ' ਦਿੱਤਾ ਜਾਂਦਾ ਹੈ। ਭੋਜਨ ਵਿੱਚ ਬੱਕਰੇ ਦਾ ਮੀਟ, ਚਾਵਲ ਅਤੇ ਕੜਾਹ ਪ੍ਰਸ਼ਾਦ ਪਰੋਸਿਆ ਜਾਂਦਾ ਹੈ। ਇਸ ਰਸਮ ਵਿੱਚ ਵਿਆਹ ਵਾਲਾ ਲੜਕਾ ਖੱਟ (ਮੰਜੀ) 'ਤੇ ਬੈਠ ਜਾਂਦਾ ਹੈ। ਉਹ ਆਪਣੀ ਸੱਸ ਨੂੰ ਸਤਿਕਾਰ ਵਜੋਂ ਕੋਈ ਗਹਿਣਾ ਭੇਟ ਕਰਦਾ ਹੈ। ਇਸ ਰਸਮ ਵਿੱਚ ਸੱਸ ਆਪਣੇ ਜਵਾਈ ਨੂੰ ਆਪਣੇ ਦੁਪੱਟੇ ਨਾਲ ਸੱਤ ਵਾਰ ਮਿਣਦੀ ਹੈ। ਇਸ ਰਸਮ ਵਿੱਚ ਲੜਕੇ ਦੇ ਰਿਸ਼ਤੇਦਾਰ ਉਸਨੂੰ ਸ਼ਗਨ ਵਜੋਂ ਇਕ ਠੂਠੀ ਅਤੇ ਕੁਝ ਰੁਪਏ ਦਿੰਦੇ ਹਨ। ਇਹ ਸਾਰੀਆਂ ਰਸਮਾਂ ਕਬੀਲੇ ਵਿੱਚ ਆਪਸੀ ਸਾਂਝ ਅਤੇ ਭਾਈਚਾਰੇ ਦੇ ਪ੍ਰਤੀਕਮਈ ਅਰਥ ਰੱਖਦੀਆਂ ਹਨ।

ਸ਼ੀਰਨੀ ਦੀ ਰਸਮ : ਬੌਰੀਆ ਕਬੀਲੇ ਵਿੱਚ ਵਿਆਹ ਸੰਪੰਨ ਹੋ ਜਾਣ ਦੀ ਸੂਰਤ ਵਿੱਚ ਵਿਆਹ ਵਿੱਚ ਸ਼ਾਮਲ ਡੇਰੇ ਦੇ ਲੋਕਾਂ ਅਤੇ ਰਿਸ਼ਤੇਦਾਰਾਂ ਨੂੰ ਪ੍ਰਤੀ ਘਰ ਸ਼ਗਨਾਂ ਦੀ ਮਠਿਆਈ ਸਤਿਕਾਰ ਵਜੋਂ ਭੇਟ ਕੀਤੀ ਜਾਂਦੀ ਹੈ। ਬੌਰੀਆ ਕਬੀਲੇ ਦੇ ਲੋਕ ਇਸ ਰਸਮ ਨੂੰ 'ਹੁਕੀ ਹੀਰਨੀ' ਦਾ ਨਾਂ ਦਿੰਦੇ ਹਨ। ਇਸ ਰਸਮ ਵਿੱਚ ਪੁਰਾਣੇ ਸਮਿਆਂ ਵਿੱਚ ਕਬੀਲੇ ਵਿੱਚ 'ਸ਼ੀਰਨੀ' ਵੰਡੀ ਜਾਂਦੀ ਸੀ ਪਰੰਤੂ ਹੁਣ ਇਹ ਰਸਮ ਮਹਿੰਗੀਆਂ ਮਿਠਾਈਆਂ ਵਿੱਚ ਤਬਦੀਲ ਹੋ ਗਈ ਹੈ। ਇਸ ਤੋਂ ਇਲਾਵਾ ਬੌਰੀਆ ਕਬੀਲਾ ਵਿਆਹ ਨਾਲ ਸੰਬੰਧਤ ਹੋਰ ਵੀ ਕਈ ਪਰੰਪਰਾਗਤ ਰਸਮਾਂ ਵਿੱਚ ਯਕੀਨ ਰੱਖਦਾ ਹੈ। ਇਨ੍ਹਾਂ ਰਸਮਾਂ ਦਾ ਆਪਣਾ ਹੀ ਇੱਕ ਵਿਸ਼ੇਸ਼ ਸਮਾਜਿਕ ਅਤੇ ਸਭਿਆਚਾਰਕ ਮਹੱਤਵ ਹੈ।

ਮੌਤ ਨਾਲ ਸੰਬੰਧਤ ਰਸਮਾਂ

ਬੌਰੀਆ ਕਬੀਲੇ ਵਿਚ ਕੁਦਰਤੀ ਮੌਤ ਮਰਨ ਵਾਲੇ ਬਜ਼ੁਰਗਾਂ ਦਾ ਆਖਰੀ ਸਾਹਾਂ ਵੇਲੇ ਧਰਤੀ 'ਤੇ ਆਸਣ ਕਰ ਦਿੱਤਾ ਜਾਂਦਾ ਹੈ। ਮੌਤ ਦੀ ਇਸ ਆਖਰੀ ਘੜੀ ਵਿਚ ਮਰਨ ਵਾਲੇ ਵਿਅਕਤੀ ਦੇ ਪਰਿਵਾਰਕ ਮੈਂਬਰ ਅਤੇ ਰਿਸ਼ਤੇਦਾਰ ਮਰਨ ਵਾਲੇ ਵਿਅਕਤੀ ਨੂੰ 'ਚੁਲੀ' ਦੇਣ ਦੀ ਰਸਮ ਅਦਾ ਕਰਦੇ ਹਨ। ਵੱਖ-ਵੱਖ ਕਬੀਲਿਆਂ ਵਿੱਚ ਇਸ ਰਸਮ ਦਾ ਨਾਮ ਵੱਖੋ-ਵੱਖਰਾ ਹੈ। ਇਸ ਰਸਮ ਵਿੱਚ ਬੌਰੀਆ ਕਬੀਲੇ ਦੇ ਲੋਕ ਮਰ ਰਹੇ ਵਿਅਕਤੀ ਦੇ

ਮੂੰਹ ਵਿੱਚ 'ਗੰਗਾ ਜਲ' ਪਾਉਂਦੇ ਹਨ। ਮਰ ਰਹੇ ਵਿਅਕਤੀ ਦੇ ਮੂੰਹ ਵਿੱਚ ਗੰਗਾ ਜਲ ਪਾਉਣ ਸੰਬੰਧੀ ਇਹ ਧਾਰਨਾ ਪ੍ਰਚੱਲਿਤ ਹੈ ਕਿ ਗੰਗਾ ਜਲ ਨਾਲ ਮ੍ਰਿਤਕ ਦੇ ਪ੍ਰਾਣ ਸੌਖੇ ਢੰਗ ਨਾਲ ਨਿਕਲ ਜਾਂਦੇ ਹਨ। ਗੰਗਾ ਜਲ ਨੂੰ ਬੌਰੀਆ ਲੋਕ 'ਮੁਕਤੀ' ਦਾ ਪ੍ਰਤੀਕ ਸਮਝਦੇ ਹਨ।

ਮ੍ਰਿਤਕ ਦੇਹ ਨੂੰ ਹੇਠਾਂ ਉਤਾਰਨ ਦੀ ਰਸਮ : ਬੌਰੀਆ ਕਬੀਲੇ ਵਿੱਚ ਮ੍ਰਿਤਕ ਨੂੰ ਮੰਜੀ ਤੋਂ ਹੇਠਾਂ ਉਤਾਰਨ ਦੀ ਰਸਮ ਪ੍ਰਚੱਲਿਤ ਹੈ। ਇਸ ਰਸਮ ਵਿੱਚ ਮ੍ਰਿਤਕ ਨੂੰ ਧਰਤੀ 'ਤੇ ਲਿਟਾ ਕੇ ਉਸਦੇ ਉੱਪਰ ਕੋਈ ਚਿੱਟਾ ਕੱਪੜਾ ਤਾਣ ਦਿੱਤਾ ਜਾਂਦਾ ਹੈ। ਮ੍ਰਿਤਕ ਦੇ ਸਿਰਹਾਣੇ ਇਕ ਦੀਵਾ ਜਗਾ ਕੇ ਨਾਲ ਹੀ ਕੋਈ ਲੋਹੇ ਦੀ ਛੜ ਆਦਿ ਰੱਖ ਦਿੱਤੀ ਜਾਂਦੀ ਹੈ। ਮ੍ਰਿਤਕ ਦੇ ਸਿਰਹਾਣੇ ਲੋਹੇ ਦੀ ਛੜ ਅਤੇ ਦੀਵਾ ਇਸ ਗੱਲ ਦਾ ਸੰਕੇਤ ਹਨ ਕਿ ਮਰਨ ਵਾਲਾ ਅਜੇ ਆਪਣੇ ਸਫ਼ਰ ਵਿੱਚ ਹੈ। ਦੀਵਾ ਅਤੇ ਛੜ ਉਸਦੇ ਸਫ਼ਰ ਵਿੱਚ ਸਹਾਈ ਹੋਣ ਦੇ ਸਹਿਯੋਗੀ ਹਨ। ਬੌਰੀਆ ਕਬੀਲੇ ਦੇ ਲੋਕ ਮ੍ਰਿਤਕ ਦੇ ਪੈਰ ਦੱਖਣ ਦਿਸ਼ਾ ਵੱਲ ਰੱਖਦੇ ਹਨ। ਬੌਰੀਆ ਲੋਕ ਮ੍ਰਿਤਕ ਦੇ ਆਲੇ-ਦੁਆਲੇ ਲੋਹੇ ਦੇ ਕਿਸੇ ਹਥਿਆਰ ਨਾਲ ਇਕ ਗੋਲ ਚੱਕਰ ਵਾਹ ਦਿੰਦੇ ਹਨ। ਇਸ ਸੰਬੰਧੀ ਬੌਰੀਆ ਕਬੀਲੇ ਵਿੱਚ ਇਹ ਵਿਸ਼ਵਾਸ ਪ੍ਰਚੱਲਿਤ ਹੈ ਕਿ ਇਸ ਤਰ੍ਹਾਂ ਕਰਨ ਨਾਲ ਕੋਈ 'ਓਪਰੀ ਸ਼ੈਅ' ਜਾਂ 'ਭੂਤ-ਪ੍ਰੇਤ' ਮ੍ਰਿਤਕ ਦੇ ਸਰੀਰ ਵਿੱਚ ਪ੍ਰਵੇਸ਼ ਨਹੀਂ ਕਰਦੇ।

ਸੋਗ ਦੀ ਰਸਮ : ਬੌਰੀਆ ਕਬੀਲੇ ਵਿੱਚ ਕਿਸੇ ਵੀ ਵਿਅਕਤੀ ਦੀ ਮੌਤ ਹੋ ਜਾਣ ਦੀ ਸੂਰਤ ਵਿੱਚ ਸਾਰੇ ਡੇਰੇ ਦੇ ਵਿਅਕਤੀ ਗ਼ਮੀ ਵਾਲ਼ੇ ਘਰ ਇਕੱਠੇ ਹੋ ਜਾਂਦੇ ਹਨ। ਸ਼ੋਕ ਦੀ ਰਸਮ ਵਿੱਚ ਸ਼ਾਮਲ ਲੋਕ ਮ੍ਰਿਤਕ ਦੇ ਪਰਿਵਾਰ ਨੂੰ ਮੌਤ ਦੇ ਸਦੀਵੀ ਸੱਚ ਬਾਰੇ ਕਈ ਤਰ੍ਹਾਂ ਦੀਆਂ ਕਹਾਣੀਆਂ ਸੁਣਾ-ਸੁਣਾ ਕੇ ਮ੍ਰਿਤਕ ਦੇ ਪਰਿਵਾਰ ਨੂੰ ਧਰਵਾਸ ਦਿੰਦੇ ਹਨ। ਇਸ ਸਮੇਂ 'ਸ਼ੋਕ ਸਭਾ' ਵਿੱਚ ਬੈਠੇ ਲੋਕ ਮੌਤ ਦੀ ਅਟੱਲ ਸੱਚਾਈ ਬਾਰੇ ਕਈ ਤਰ੍ਹਾਂ ਦੀਆਂ ਲੋਕ ਕਹਾਣੀਆਂ ਵੀ ਸੁਣਾਉਂਦੇ ਹਨ। ਬੌਰੀਆ ਕਬੀਲੇ ਵਿੱਚ ਜੇਕਰ ਮੌਤ ਸਵੇਰ ਵੇਲੇ ਹੋਈ ਹੋਵੇ ਤਾਂ ਉਸਦਾ ਦਾਹ ਸੰਸਕਾਰ ਦੁਪਹਿਰ ਵੇਲੇ ਕਰ ਦਿੱਤਾ ਜਾਂਦਾ ਹੈ ਪਰ ਜੇ ਕਰ ਕੋਈ ਮੌਤ ਸ਼ਾਮ ਵੇਲੇ ਹੋਈ ਹੋਵੇ ਤਾਂ ਉਸਦਾ ਸੰਸਕਾਰ ਦੂਜੇ ਦਿਨ ਸਵੇਰੇ ਸੂਰਜ ਦੀ ਹਾਜ਼ਰੀ ਵਿਚ ਕੀਤਾ ਜਾਂਦਾ ਹੈ। ਸਾਰੇ ਹੀ ਕਬੀਲਿਆਂ ਵਿੱਚ ਸੂਰਜ ਅਤੇ ਪਾਣੀ ਨੂੰ ਪ੍ਰਮੁੱਖ ਦੇਵਤਿਆਂ ਦੀ ਉਪਾਧੀ ਪ੍ਰਾਪਤ ਹੈ। ਬੌਰੀਆ ਕਬੀਲੇ ਵਿੱਚ ਮ੍ਰਿਤਕ ਦਾ ਹਨੇਰੇ ਵਿਚ ਸੰਸਕਾਰ ਕਰਨ ਸੰਬੰਧੀ ਟੈਬੂ ਪ੍ਰਚੱਲਿਤ ਹੈ। ਇਸ ਸੰਬੰਧੀ ਕਬੀਲੇ ਵਿਚ ਕਈ ਪ੍ਰਕਾਰ ਦੀਆਂ ਦੰਤ-ਕਹਾਣੀਆਂ ਪ੍ਰਚਲਿਤ ਹਨ।

ਚੁਲ੍ਹਾ ਠੰਢਾ ਰੱਖਣ ਦੀ ਰਸਮ : ਬੌਰੀਆ ਕਬੀਲੇ ਵਿੱਚ ਮੌਤ ਵਾਲੇ ਘਰ ਚੁਲ੍ਹਾ ਨਹੀਂ ਬਾਲਿਆ ਜਾਂਦਾ। ਮ੍ਰਿਤਕ ਦੇ ਸੰਸਕਾਰ ਤੱਕ ਪਰਿਵਾਰ ਦਾ ਭੋਜਨ ਡੇਰੇ ਦੇ ਲੋਕ ਅਤੇ ਰਿਸ਼ਤੇਦਾਰ ਹੀ ਬਣਾਉਂਦੇ ਹਨ।

ਦਾਹ ਸੰਸਕਾਰ ਦੀ ਰਸਮ : ਬੌਰੀਆ ਕਬੀਲੇ ਵਿੱਚ ਮ੍ਰਿਤਕ ਦੇ ਦਾਹ ਸੰਸਕਾਰ ਦੀ ਰਸਮ ਪ੍ਰਚਲਿਤ ਹੈ। ਕ਼ਬੀਲੇ ਵਿੱਚ ਛੋਟੇ ਬੱਚੇ ਨੂੰ ਸ਼ਰਧਾਪੂਰਵਕ ਦਫ਼ਨਾਇਆ ਜਾਂਦਾ ਹੈ। ਇਸ ਸੰਬੰਧੀ ਬੌਰੀਆ ਕ਼ਬੀਲੇ ਦੇ ਲੋਕ ਇਹ ਵਿਸ਼ਵਾਸ ਕਰਦੇ ਹਨ ਕਿ ਮ੍ਰਿਤਕ ਬੱਚਾ

ਫਿਰ ਤੋਂ ਨਵਾਂ ਜਨਮ ਲੈਂਦਾ ਹੈ। ਇਸ ਭਾਵਨਾ ਕਾਰਨ ਉਸਦਾ ਦਾਹ ਸੰਸਕਾਰ ਨਹੀਂ ਕੀਤਾ ਜਾਂਦਾ। ਬੌਰੀਆ ਲੋਕ ਮ੍ਰਿਤਕ ਨੂੰ ਚਾਰ ਕਾਂਧੀਆਂ ਦੀ ਮੱਦਦ ਨਾਲ ਸ਼ਮਸ਼ਾਨ ਭੂਮੀ ਵੱਲ ਲੈ ਕੇ ਜਾਂਦੇ ਹਨ। ਇਸ ਰਸਮ ਵਿਚ ਸਾਰੇ ਰਿਸ਼ਤੇਦਾਰ ਅਤੇ ਡੇਰੇ ਦੇ ਲੋਕ ਸ਼ਾਮਿਲ ਹੁੰਦੇ ਹਨ। ਸ਼ਮਸ਼ਾਨ ਦੇ ਨੇੜੇ ਜਾ ਕੇ ਮ੍ਰਿਤਕ ਦੀ ਦੇਹ ਧਰਤੀ 'ਤੇ ਉਸਦੇ ਆਲੇ-ਦੁਆਲੇ ਪਾਣੀ ਦਾ ਇਕ ਭਰਿਆ ਹੋਇਆ ਘੜਾ ਫੇਰ ਕੇ ਭੰਨ ਦਿੱਤਾ ਜਾਂਦਾ ਹੈ। ਇਸ ਸਮੇਂ ਕਾਂਧੀ ਵੀ ਆਪਣੀ ਦਿਸ਼ਾ ਬਦਲ ਲੈਂਦੇ ਹਨ। ਇਸ ਰਸਮ ਵਿੱਚ ਮ੍ਰਿਤਕ ਦੇ ਰਿਸ਼ਤੇਦਾਰ ਅੰਤੇ ਡੇਰੇ ਦੇ ਲੋਕ ਉਸਦੇ ਸਿਰਹਾਣੇ ਕੁਝ ਸਿੱਕੇ ਰੱਖ ਕੇ ਮੱਥਾ ਟੇਕਦੇ ਹਨ। ਬਾਅਦ ਵਿੱਚ ਇਹ ਸਿੱਕੇ ਸਿਵੇ ਦੀ ਸੇਵਾ ਕਰਨ ਵਾਲੇ ਲੋਕ ਸੇਵਾ ਵਜੋਂ ਰੱਖ ਲੈਂਦੇ ਹਨ। ਜੇਕਰ ਮੌਤ ਬਿਰਧ ਅਵਸਥਾ ਵਿਚ ਹੋਈ ਹੋਵੇ ਤਾਂ ਬੌਰੀਆ ਲੋਕ ਮ੍ਰਿਤਕ ਦੀ ਦੇਹ 'ਤੇ ਫੁਲ ਪਤਾਸੇ ਵੀ ਲੁਟਾਉਂਦੇ ਹਨ।

ਕਪਾਲ ਕਿਰਿਆ : ਬੌਰੀਆ ਕਬੀਲੇ ਵਿਚ ਮ੍ਰਿਤਕ ਦੇਹ ਦੀ ਚਿਖਾ ਤਿਆਰ ਕਰਕੇ, ਉਸ 'ਤੇ ਸ਼ਰਧਾ ਸਹਿਤ ਦੇਸੀ ਘਿਓ ਆਦਿ ਪਾਇਆ ਜਾਂਦਾ ਹੈ। ਕਬੀਲੇ ਵਿੱਚ ਮ੍ਰਿਤਕ ਦੇਹ ਨੂੰ ਅਗਨੀ ਮ੍ਰਿਤਕ ਦਾ ਪੁੱਤਰ ਦਿੰਦਾ ਹੈ। ਪੁੱਤਰ ਨਾ ਹੋਣ ਦੀ ਸੂਰਤ ਵਿੱਚ ਚਿਖਾ ਨੂੰ ਅਗਨ ਜਵਾਈ ਵਿਖਾਉਂਦਾ ਹੈ। ਚਿਖਾ ਨੂੰ ਅਗਨ ਦੇਣ ਤੋਂ ਬਾਅਦ 'ਅਰਥੀ' ਨਾਲੇ ਆਏ ਰਿਸ਼ਤੇਦਾਰ ਅਤੇ ਵਿਅਕਤੀ ਜਲ ਰਹੀ ਚਿਖਾ 'ਤੇ ਮ੍ਰਿਤਕ ਨੂੰ ਸ਼ਰਧਾਂਜਲੀ ਵਜੋਂ ਇੱਕ-ਇੱਕ ਲੱਕੜ ਸੁੱਟਦੇ ਹਨ। ਜਦ ਮ੍ਰਿਤਕ ਦਾ ਸਰੀਰ ਅਗਨ ਭੇਟ ਕਰ ਦਿੱਤਾ ਜਾਂਦਾ ਹੈ ਤਾਂ ਇਸ ਰਸਮ ਤੋਂ ਬਾਅਦ ਮ੍ਰਿਤਕ ਦੀ 'ਕਪਾਲ ਕਿਰਿਆ' ਕੀਤੀ ਜਾਂਦੀ ਹੈ। ਚਿਖਾ ਨੂੰ ਅੱਗ ਦੇਣ ਵਾਲਾ ਵਿਅਕਤੀ ਇਕ ਲੰਮੀ ਸਾਰੀ ਬਾਂਸ ਦੀ ਲੱਕੜ ਸੱਤ ਵਾਰ ਧਰਤੀ ਨਾਲ ਛੁਹਾ ਕੇ ਮ੍ਰਿਤਕ ਦੀ ਖੋਪੜੀ ਨਾਲ ਛੁਹਾਉਂਦਾ ਹੈ। ਇਸ ਰਸਮ ਉਪਰੰਤ ਇਹ ਬਾਂਸ ਜ਼ੋਰ ਨਾਲ ਮ੍ਰਿਤਕ ਦੀ ਖੋਪੜੀ ਵਿੱਚ ਮਾਰ ਕੇ ਖੋਪੜੀ ਭੰਨ ਦਿੱਤੀ ਜਾਂਦੀ ਹੈ। ਹੁਣ ਇਹ ਰਸਮ ਕੇਵਲ ਸੰਕੇਤਕ ਪੱਧਰ 'ਤੇ ਪੂਰੀ ਕੀਤੀ ਜਾਂਦੀ ਹੈ। ਕਪਾਲ ਕਿਰਿਆ ਸੰਬੰਧੀ ਬੌਰੀਆ ਕਬੀਲੇ ਵਿਚ ਇਹ ਵਿਸ਼ਵਾਸ ਪਾਇਆ ਜਾਂਦਾ ਹੈ ਕਿ ਅਜਿਹਾ ਕਰਨ ਨਾਲ ਮ੍ਰਿਤਕ ਦੀ ਆਤਮਾ ਨਹੀਂ ਭਟਕਦੀ। ਬੌਰੀਆ ਕਬੀਲੇ ਵਿਚ ਪ੍ਰਸੂਤ ਦੌਰਾਨ ਮਰੀ ਔਰਤ ਦੇ ਸੰਬੰਧ ਵਿੱਚ ਕਈ ਤਰ੍ਹਾਂ ਦੇ ਹੋਰ ਅਹੁੜ-ਪਹੁੜ ਕੀਤੇ ਜਾਂਦੇ ਹਨ। ਕਬੀਲੇ ਵਿਚ ਪ੍ਰਸੂਤ ਦੌਰਾਨ ਹੋਈ ਮੌਤ ਨੂੰ ਭਾਰੀ ਗਿਣਿਆ ਜਾਂਦਾ ਹੈ। ਪ੍ਰਸੂਤ ਦੌਰਾਨ ਮੋਈ ਹੋਈ ਔਰਤ ਦੀ ਕਰੋਪੀ ਤੋਂ ਬਚਣ ਲਈ ਉਸਦੇ ਫੁਲ ਚੁਗਣ ਤੋਂ ਬਾਅਦ ਘਰ ਆਉਂਦੇ ਸਮੇਂ ਸਿਵਿਆਂ ਦੇ ਰਸਤੇ ਵਿਚ ਚਿੱਟੀ ਸਰ੍ਹੋਂ ਦਾ ਛਿੱਟਾ ਦਿੱਤਾ ਜਾਂਦਾ ਹੈ। ਅਜਿਹਾ ਉਸਦੀ ਆਤਮਾ ਨੂੰ ਭੁਲਾਉਣ ਲਈ ਕੀਤਾ ਜਾਂਦਾ ਹੈ।

ਆਤਮ ਸ਼ੁੱਧੀ ਦੀ ਰਸਮ : ਬੌਰੀਆ ਕਬੀਲੇ ਵਿੱਚ ਦਾਹ ਸੰਸਕਾਰ ਕਰਨ ਤੋਂ ਬਾਅਦ ਮ੍ਰਿਤਕ ਦੀ ਸ਼ਵ ਯਾਤਰਾ ਵਿੱਚ ਸ਼ਾਮਲ ਪਰਿਵਾਰ ਦੇ ਲੋਕ ਅਤੇ ਰਿਸ਼ਤੇਦਾਰ ਆਤਮ ਸ਼ੁੱਧੀ ਦੀ ਰਸਮ ਪੂਰੀ ਕਰਦੇ ਹਨ। ਕਬੀਲੇ ਦੇ ਲੋਕ ਇਸਨੂੰ 'ਚੁਖਾਲ' ਦੀ ਰਸਮ ਵੀ ਆਖਦੇ ਹਨ। ਆਤਮ ਸ਼ੁੱਧੀ ਦੀ ਰਸਮ ਵਿੱਚ ਬੌਰੀਆ ਲੋਕ ਮੌਤ ਵਾਲੇ ਘਰ ਦੇ ਬਾਹਰ ਰੱਖੀ ਗਈ ਪਾਣੀ ਦੀ ਬਾਲਟੀ ਵਿਚੋਂ ਮੂੰਹ ਅਤੇ ਸਿਰ 'ਤੇ ਛਿੱਟੇ ਮਾਰ ਕੇ 'ਆਤਮ ਸ਼ੁੱਧੀ'

ਕਰਦੇ ਹਨ। ਇਸ ਰਸਮ ਨੂੰ ਇਸ਼ਨਾਨ ਦੇ ਬਰਾਬਰ ਹੀ ਸਮਝਿਆ ਜਾਂਦਾ ਹੈ। ਇਸ ਰਸਮ ਦੇ ਨਾਲ-ਨਾਲ ਬੌਰੀਆ ਲੋਕ ਆਤਮ ਸ਼ੁੱਧੀ ਲਈ 'ਹੋਮ' ਦੀ ਰਸਮ ਵੀ ਅਦਾ ਕਰਦੇ ਹਨ। ਹੋਮ ਦੀ ਰਸਮ ਵਿੱਚ ਘਰ ਦੇ ਬਾਹਰ ਧੁਖਾਈ ਧੂਣੀ ਵਿੱਚ ਇਕ ਚੁਟਕੀ ਆਟੇ ਦੀ ਅਰਪ ਦਿੱਤੀ ਜਾਂਦੀ ਹੈ। ਬੌਰੀਆ ਕਬੀਲੇ ਦੇ ਲੋਕ ਅਗਨ ਦੇਵਤਾ ਨੂੰ ਸ਼ੁੱਧੀ ਤੇ ਸ਼ਕਤੀ ਦਾ ਪ੍ਰਤੀਕ ਸਮਝਦੇ ਹਨ।

ਕਾਂਧੀਆਂ ਨੂੰ ਭੋਜਨ ਕਰਨਾ : ਬੌਰੀਆ ਕਬੀਲੇ ਵਿੱਚ ਆਤਮਸ਼ੁੱਧੀ ਤੋਂ ਬਾਅਦ ਕਾਂਧੀਆਂ ਨੂੰ ਭੋਜਨ ਪਾਣੀ ਦੇਣ ਦੀ ਰਵਾਇਤ ਪ੍ਰਚੱਲਿਤ ਹੈ। ਇਸ ਰਸਮ ਵਿਚ ਕਾਂਧੀ 'ਆਤਮ ਸ਼ੁੱਧੀ' ਤੋਂ ਬਾਅਦ ਮ੍ਰਿਤਕ ਦੇ ਪਰਿਵਾਰ ਨਾਲ ਕੁਲ ਦੇਵ 'ਗੁਹਾਈ' ਦੀ ਪੂਜਾ ਅਰਚਨਾ ਵਿਚ ਸ਼ਾਮਲ ਹੁੰਦੇ ਹਨ। 'ਗੁਹਾਈ ਦੇਵਤਾ' ਦੀ ਪੂਜਾ ਅੱਗ ਵਿਚ ਆਟੇ ਦੀ ਚੁਟਕੀ ਪਾਉਣ ਨਾਲ ਸ਼ੁਰੂ ਹੁੰਦੀ ਹੈ। ਇਸ ਰਸਮ ਉਪਰੰਤ ਕੁਲ ਦੇਵਤਾ ਨੂੰ ਪੂਜਣ ਤੋਂ ਬਾਅਦ ਕਾਂਧੀਆਂ ਨੂੰ ਜ਼ਮੀਨ 'ਤੇ ਬਿਠਾ ਕੇ ਭੋਜਨ ਕਰਾਇਆ ਜਾਂਦਾ ਹੈ। ਕਬੀਲੇ ਦੇ ਲੋਕ ਇਸਨੂੰ 'ਮੋਏ ਦਾ ਚੂਰਮਾ' ਆਖਦੇ ਹਨ। ਮ੍ਰਿਤਕ ਦੇ ਫੁੱਲ ਚੁਗਣ ਦੀ ਰਸਮ ਤੱਕ ਕਾਂਧੀਆਂ ਨੂੰ ਜ਼ਮੀਨ 'ਤੇ ਹੀ ਆਸਣ ਲਾਉਣਾ ਪੈਂਦਾ ਹੈ।

ਫੁੱਲ ਚੁਗਣ ਦੀ ਰਸਮ : ਬੌਰੀਆ ਕਬੀਲੇ ਵਿੱਚ ਮ੍ਰਿਤਕ ਦੇ ਫੁੱਲ ਸਵੇਰ ਵੇਲੇ ਚੁਗਣ ਦੀ ਪ੍ਰਥਾ ਪ੍ਰਚਲਿਤ ਹੈ। ਬੌਰੀਆ ਕਬੀਲੇ ਵਿੱਚ ਮ੍ਰਿਤਕ ਦੇ ਫੁੱਲ ਪੁੱਤਰ ਚੁਗਦਾ ਹੈ। ਪੁੱਤਰ ਨਾ ਹੋਣ ਦੀ ਸੂਰਤ ਵਿੱਚ ਇਹ ਰਸਮ ਜਵਾਈ ਦੁਆਰਾ ਪੂਰੀ ਕੀਤੀ ਜਾਂਦੀ ਹੈ। ਮ੍ਰਿਤਕ ਦਾ ਪਰਿਵਾਰ ਅਤੇ ਡੇਰੇ ਦੇ ਸੰਬੰਧੀ ਕੱੜੀ ਲੱਸੀ ਦਾ ਛਿੱਟਾ ਮਾਰ ਕੇ ਮ੍ਰਿਤਕ ਦੇ ਫੁੱਲ ਇਕੱਤਰ ਕਰਦੇ ਹਨ। ਇਨ੍ਹਾਂ ਫੁਲਾਂ ਨੂੰ ਇਕੱਤਰ ਕਰਕੇ ਇਕ ਥੈਲੀ ਵਿੱਚ ਸੰਭਾਲ ਲਿਆ ਜਾਂਦਾ ਹੈ। ਇਸੇ ਉਪਰੰਤ ਪਰਿਵਾਰ ਦੇ ਲੋਕ ਇਨ੍ਹਾਂ ਅਸਥੀਆਂ ਨੂੰ ਹਰਿਦੁਆਰ ਵਿਖੇ ਗੰਗਾ ਵਿੱਚ ਪ੍ਰਵਾਹ ਕਰਨ ਲਈ ਰਵਾਨਾ ਹੋ ਜਾਂਦੇ ਹਨ। ਅਸਥੀਆਂ ਦੇ ਜਲ ਪ੍ਰਵਾਹ ਨਾ ਹੋਣ ਤੀਕ ਬੌਰੀਆ ਲੋਕ ਮ੍ਰਿਤਕ ਨੂੰ ਆਤਮਿਕ ਤੌਰ 'ਤੇ ਹਾਜ਼ਰ-ਨਾਜ਼ਰ ਮੰਨਦੇ ਹਨ। ਉਸਦੀ ਮੌਤ ਤੋਂ ਲੈ ਕੇ ਭੋਗ ਤੱਕ ਉਸਦੀ ਆਤਮਾ ਨੂੰ ਤ੍ਰਿਪਤ ਕਰਨ ਲਈ ਕਈ ਕਰਮ ਕਾਂਡ ਵੀ ਕੀਤੇ ਜਾਂਦੇ ਹਨ।

ਬਾਹਰੇ ਦੀ ਰਸਮ : ਬੌਰੀਆ ਕਬੀਲੇ ਵਿਚ ਬਾਹਰੇ ਦੀ ਰਸਮ ਨੂੰ ਅੰਤਿਮ ਰਸਮ ਸਮਝਿਆ ਜਾਂਦਾ ਹੈ। ਬੌਰੀਆ ਕਬੀਲੇ ਵਿਚ 'ਬਾਹਰੇ' ਦੀ ਰਸਮ ਨੂੰ 'ਬਾਹਰੋਂ ਕਰਨਾ' ਵੀ ਕਿਹਾ ਜਾਂਦਾ ਹੈ। ਇਹ ਰਸਮ ਕਬੀਲੇ ਦੇ ਪੰਡਤ ਦੁਆਰਾ ਬਲੀ ਬੇਦੀ 'ਤੇ ਮੰਤਰ ਪੜ੍ਹ ਕੇ ਪੂਰੀ ਕੀਤੀ ਜਾਂਦੀ ਹੈ। ਬਾਹਰੇ ਦੀ ਰਸਮ ਮ੍ਰਿਤਕ ਦੀ ਮੌਤ ਤੋਂ ਬਾਰ੍ਹਾਂ ਦਿਨ ਬਾਅਦ ਕੀਤੀ ਜਾਂਦੀ ਹੈ। ਬੌਰੀਆ ਕਬੀਲੇ ਵਿੱਚ ਇਹ ਰਸਮ ਦੁਪਹਿਰ ਵੇਲੇ ਸੰਪੰਨ ਕੀਤੀ ਜਾਂਦੀ ਹੈ। ਇਸ ਦਿਨ ਮ੍ਰਿਤਕ ਦਾ ਪਰਿਵਾਰ ਅਤੇ ਸਾਰੇ ਰਿਸ਼ਤੇਦਾਰ ਸੋਗਮਈ ਅਵਸਥਾ ਵਿਚ ਮੌਤ ਵਾਲੇ ਘਰ ਇਕੱਠੇ ਹੁੰਦੇ ਹਨ। ਇਸ ਰਸਮ ਵਿੱਚ ਪੰਡਿਤ ਮ੍ਰਿਤਕ ਦੇ ਵੱਡੇ ਲੜਕੇ ਨੂੰ 'ਜਨੇਊ' ਵਰਗਾ ਧਾਗਾ ਪਹਿਨਾ ਦਿੰਦਾ ਹੈ। ਜੇਕਰ ਇਹ ਰਸਮ ਬਾਹਰੇ ਤੋਂ ਅੱਗੇ ਪਿੱਛੇ ਕੀਤੀ ਜਾਵੇ ਤਾਂ ਮ੍ਰਿਤਕ ਵਿਅਕਤੀ ਦੀ ਲੜਕੀ ਵੀ ਆਪਣੇ ਭਰਾ ਨੂੰ 'ਜਨੇਊ' ਪਹਿਨਾ ਕੇ ਪੰਡਿਤ ਦਾ ਦਰਜਾ ਦੇ ਸਕਦੀ ਹੈ। ਇਸ ਰਸਮ ਵਿੱਚ ਜੰਡੀ ਦੀ ਇਕ 'ਟਹਿਣੀ ਤੇ

ਬ੍ਰਾਹਮਣ' ਜਾਂ 'ਬ੍ਰਾਹਮਣ' ਦੀ ਭੂਮਿਕਾ ਨਿਭਾ ਰਹੇ ਮ੍ਰਿਤਕ ਦੇ ਪੁੱਤਰ ਵੱਲੋਂ ਜੰਡੀ ਦੀ ਟਹਿਣੀ ਨਾਲ ਇਕ ਮੌਲ਼ੀ ਬੰਨ੍ਹ ਦਿੱਤੀ ਜਾਂਦੀ ਹੈ। ਬ੍ਰਾਹਮਣ ਦੀ ਰੀਤ ਨਿਭਾਉਣ ਵਾਲਾ ਮ੍ਰਿਤਕ ਦਾ ਪੁੱਤਰ ਜੰਡੀ ਦੀ ਮੌਲ਼ੀ ਵਾਲੀ ਟਹਿਣੀ ਫੜ ਕੇ ਪਵਿੱਤਰ ਅਗਨੀ ਦੇ ਸੱਤ ਚੱਕਰ ਕੱਟਦਾ ਹੈ। ਉਸਦੇ ਪਿੱਛੇ-ਪਿੱਛੇ ਉਸਦੇ ਬਾਕੀ ਭੈਣ-ਭਰਾ ਵੀ ਗ਼ਮਗੀਨ ਹਾਲਤ ਵਿੱਚ ਚੱਕਰ ਕੱਟਦੇ ਹਨ। ਹਵਨ ਕੁੰਡ ਦੇ ਸੱਤ ਚੱਕਰ ਪੂਰੇ ਹੋਣ ਤੋਂ ਬਾਅਦ ਭੋਗ ਦੀ ਰਸਮ ਵਿੱਚ ਸ਼ਾਮਲ ਰਿਸ਼ਤੇਦਾਰ ਅਤੇ ਕਬੀਲੇ ਦੇ ਲੋਕ ਹਵਨ ਕੁੰਡ ਵਿੱਚ ਇਕ-ਇਕ ਮੁੱਠੀ ਮਿੱਟੀ ਦੀ ਪਾਉਂਦੇ ਹਨ। ਬਾਅਦ ਵਿੱਚ ਇਹ ਜੰਡੀ ਦੀ ਟਹਿਣੀ ਚਲਦੇ ਪਾਣੀ ਵਿੱਚ ਜਲ ਪਰਵਾਹ ਕਰ ਦਿੱਤੀ ਜਾਂਦੀ ਹੈ। ਬੌਰੀਆ ਕਬੀਲੇ ਦੇ ਲੋਕ ਬਾਹਰੇ ਦੀ ਰਸਮ ਤੋਂ ਬਾਅਦ ਵੱਡੇ ਪੁੱਤਰ ਦੇ ਪੱਗ ਬੰਨ੍ਹਣ ਦੀ ਰਸਮ ਅਦਾ ਕਰਦੇ ਹਨ। ਪਗੜੀ ਬੰਨ੍ਹਣ ਦੀ ਰਸਮ ਲੜਕੇ ਦੇ ਸਹੁਰਿਆਂ ਦੁਆਰਾ ਪੂਰੀ ਕੀਤੀ ਜਾਂਦੀ ਹੈ। ਇਸ ਰਸਮ ਵੇਲੇ ਬੌਰੀਆ ਕਬੀਲੇ ਦੇ ਲੋਕ ਆਪਣੇ ਕੋੜਮੇ ਲਈ ਮਹਾਭੋਜ ਦੀ ਰਸਮ ਪੂਰੀ ਕਰਦੇ ਹਨ ਜਿਸਨੂੰ ਕਬੀਲੇ ਦੇ ਲੋਕ 'ਮੋਟੋ ਰੋਹਲੋ' ਵੀ ਆਖਦੇ ਹਨ। ਇਸ ਤੋਂ ਇਲਾਵਾ ਬੋਰੀਆ ਕਬੀਲੇ ਵਿੱਚ ਜਨਮ, ਵਿਆਹ ਅਤੇ ਮੌਤ ਨਾਲ ਸੰਬੰਧਤ ਕਈ ਹੋਰ ਵੀ ਨਿੱਕੀਆਂ-ਨਿੱਕੀਆਂ ਰਸਮਾਂ ਹਨ ਜਿਨ੍ਹਾਂ ਦਾ ਆਪਣਾ ਹੀ ਇਕ ਸਮਾਜਿਕ ਸਭਿਆਚਾਰਕ ਅਰਥ ਹੈ। ਕਬੀਲੇ ਦੇ ਹਰ ਸਮਾਗਮ ਵਿਚ ਪ੍ਰਤੀਕਮਈ ਢੰਗ ਨਾਲ ਨਿਭਾਈਆ ਜਾਂਦੀਆਂ ਇਹ ਰਸਮਾਂ ਅੱਜ ਵੀ ਕਬੀਲਾ ਜੀਵਨ ਦੀ ਮੁੱਖ ਰੀੜ੍ਹ ਹਨ।

ਬੌਰੀਆ ਕਬੀਲੇ ਵਿੱਚ ਪ੍ਰਚੱਲਿਤ ਮਨਾਹੀਆਂ (Taboos)

ਕਿਸੇ ਵੀ ਕਬੀਲੇ ਦੇ ਸਮਾਜਿਕ ਸੰਗਠਨ ਵਿਚ ਮਾਨਤਾਵਾਂ ਅਤੇ ਮਨਾਹੀਆਂ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਹਰ ਇਕ ਕਬੀਲੇ ਦੀ ਸਮਾਜਿਕ ਸੰਰਚਨਾ ਨੂੰ ਇਨ੍ਹਾਂ ਮਨਾਹੀਆਂ ਅਤੇ ਮਾਨਤਾਵਾਂ ਦੀ ਰੋਸ਼ਨੀ ਵਿਚ ਵੇਖਿਆ ਅਤੇ ਸਮਝਿਆ ਜਾ ਸਕਦਾ ਹੈ। ਕੋਈ ਵੀ ਕਬੀਲਾ ਆਪਣੀਆਂ ਜਿੱਤਾਂ-ਹਾਰਾਂ, ਡਰ, ਭੈਅ ਅਤੇ ਅਕਾਂਖਿਆਵਾਂ ਨੂੰ ਆਪਣੀ ਟੋਟਮ ਟੈਬੂ ਵਿਵਸਥਾ ਦੀ ਰੋਸ਼ਨੀ ਵਿਚ ਰੱਖ ਕੇ ਵੇਖਦਾ ਹੈ। ਪੰਜਾਬ ਦਾ ਬੌਰੀਆ ਕਬੀਲਾ ਵੀ ਕੁਝ ਆਦਿ ਕਾਲੀ ਮਨਾਹੀਆਂ ਦਾ ਪਾਲਣ ਕਰਦਾ ਹੈ। ਇਨ੍ਹਾਂ ਮਨਾਹੀਆਂ ਪਿੱਛੇ ਕੁਦਰਤ ਦੀ ਕਰੋਪੀ ਅਤੇ ਕਬੀਲਾ ਪੁਰਖਿਆਂ ਦੀ ਸੱਤਾ ਵਿਦਮਾਨ ਹੁੰਦੀ ਹੈ। ਕਬੀਲੇ ਦੇ ਲੋਕ ਇਨ੍ਹਾਂ ਸ਼ਕਤੀਆਂ ਦੀ ਮਾਰ ਤੋਂ ਡਰਦੇ ਹੋਏ ਇਨ੍ਹਾਂ ਅੱਗੇ ਨਤਮਸਤਕ ਹੁੰਦੇ ਹਨ। ਜੰਗਲੀ ਜੀਵਨ ਦੀਆਂ ਦੁਸ਼ਵਾਰੀਆਂ ਅਤੇ ਕੁਦਰਤ ਦੀਆਂ ਕਰੋਪੀਆਂ ਦੀ ਮਾਰ ਹੇਠ ਵਿਚਰਦਿਆਂ ਹੋਇਆਂ ਬੌਰੀਆ ਕਬੀਲੇ ਦੇ ਲੋਕਾਂ ਵਿਚ ਕੁਦਰਤੀ ਵਿਸ਼ਵਾਸਾਂ ਦੀ ਇਕ ਅਜਿਹੀ ਵਿਵਸਥਾ ਹੋਂਦ ਵਿਚ ਆਈ ਹੈ ਜਿਹੜੀ ਕਿ ਪੀੜ੍ਹੀ ਦਰ ਪੀੜ੍ਹੀ ਅੱਗੇ ਚਲਦੀ ਆਈ ਹੈ। ਬੌਰੀਆ ਕਬੀਲਾ ਅੱਜ ਵੀ ਇਨ੍ਹਾਂ ਮਨੌਤਾਂ ਦੀ ਗਹਿਰੀ ਜਕੜ ਵਿੱਚ ਆਪਣਾ ਜੀਵਨ ਬਤੀਤ ਕਰ ਰਿਹਾ ਹੈ। ਬੌਰੀਆ ਕਬੀਲੇ ਦੇ ਲੋਕ ਭੂਤ-ਪ੍ਰੇਤ, ਜਾਦੂ-ਟੂਣਾ ਅਤੇ ਤੰਤਰ ਵਿਦਿਆ ਵਿੱਚ ਡੂੰਘਾ ਵਿਸ਼ਵਾਸ ਰੱਖਦੇ ਹਨ। ਸਦੀਆਂ ਤੋਂ ਇਨ੍ਹਾਂ ਮਾਨਤਾਵਾਂ ਅਤੇ ਮਨਾਹੀਆਂ ਦੇ ਭੈਅ ਹੇਠ

ਜਿਉਂਦਿਆਂ ਇਹ ਗੱਲ ਕਬੀਲੇ ਦੇ ਲੋਕਾਂ ਦੇ ਅਵਚੇਤਨ ਦਾ ਹਿੱਸਾ ਬਣ ਚੁੱਕੀ ਹੈ। ਇਨ੍ਹਾਂ ਲੋਕਾਂ ਲਈ ਪਿਤਾ ਪੁਰਖੀ ਮਨੌਤਾਂ ਤੇ ਮਨਾਹੀਆਂ ਨੂੰ ਚੁਣੌਤੀ ਦੇਣਾ ਪੁਰਖ ਦੇਵਾਂ ਅਤੇ ਪੁਰਖਿਆਂ ਦੀ ਸੱਤਾ ਨੂੰ ਵੰਗਾਰਨ ਦੇ ਬਰਾਬਰ ਹੈ। ਇਕੱਲਾ ਬੌਰੀਆ ਕਬੀਲਾ ਹੀ ਨਹੀਂ, ਵਿਸ਼ਵ ਦੇ ਸਾਰੇ ਕਬੀਲੇ ਕਿਸੇ ਨਾ ਕਿਸੇ ਰੂਪ ਵਿਚ ਮਾਨਤਾਵਾਂ ਅਤੇ ਮਨਾਹੀਆਂ ਦੇ ਰੂਪ ਵਿੱਚ ਕੁਦਰਤ ਦੀ ਸੱਤਾ ਨਾਲ ਜੁੜੇ ਹੋਏ ਹਨ। ਇਸ ਸੰਬੰਧੀ ਬੌਰੀਆ ਕਬੀਲਾਂ ਵੀ ਕੁਝ ਮਨਾਹੀਆਂ ਅਤੇ ਮਾਨਤਾਵਾਂ ਵਿਚ ਡੂੰਘਾ ਵਿਸ਼ਵਾਸ ਰੱਖਦਾ ਹੈ। ਇਨ੍ਹਾਂ ਵਿਚੋਂ ਕੁਝ ਮਨਾਹੀਆਂ ਇਸ ਪ੍ਰਕਾਰ ਹਨ :

1. ਬੌਰੀਆ ਕਬੀਲੇ ਵਿਚ ਕਬੀਲਾ 'ਦੇਹਰੋਂ' ਦੇ ਚੌਂਤਰੇ ਦਾ ਵਿਧੀਵਤ ਢੰਗ ਨਾਲ ਸਤਿਕਾਰ ਕੀਤਾ ਜਾਂਦਾ ਹੈ। ਹਰ ਇਕ ਦਿਨ ਤਿਉਹਾਰ ਵਾਲੇ ਦਿਨ ਚੌਂਤਰੇ ਨੂੰ ਲਿਪ ਪੋਚ ਕੇ ਧੂਫ਼ ਬੱਤੀ ਕੀਤੀ ਜਾਂਦੀ ਹੈ। ਕਿਸੇ ਵੀ ਹਾਲਤ ਵਿੱਚ ਚੌਂਤਰੇ ਦੀ ਮਾਣ-ਮਰਿਆਦਾ ਅਤੇ ਸੁਚੱਤਾ ਭੰਗ ਹੋਣ 'ਤੇ ਚੌਂਤਰੇ 'ਤੇ ਧੂਫ਼ ਬੱਤੀ ਕਰਕੇ 'ਕਬੀਲਾ ਦੇਹਰੋਂ' ਦੀ ਕਰੋਪੀ ਨੂੰ ਟਾਲਣ ਲਈ ਖਿਮਾ ਜਾਚਨਾ ਕਰਦੇ ਹਨ।

2. ਬੌਰੀਆ ਕਬੀਲੇ ਵਿਚ ਘਰ ਦੀਆਂ ਕੁਆਰੀਆਂ ਲੜਕੀਆਂ ਅਤੇ ਇਸਤਰੀਆਂ ਕਈ ਤਰ੍ਹਾਂ ਦੀਆਂ ਸਮਾਜਿਕ ਅਤੇ ਧਾਰਮਿਕ ਮਨਾਹੀਆਂ ਦਾ ਪਾਲਣ ਕਰਦੀਆਂ ਹਨ। ਕਬੀਲਾ ਦੇਵਤਿਆਂ ਦੀ ਜ਼ਰਾ ਜਿੰਨੀ ਵੀ ਸੁੱਚਤਾ ਭੰਗ ਹੋਣ 'ਤੇ ਔਰਤਾਂ ਤੇ ਲੜਕੀਆਂ 'ਤੇ ਕਰੋਪੀ ਦਾ ਭੈਅ ਬਣਿਆ ਰਹਿੰਦਾ ਹੈ।

3. ਬੌਰੀਆ ਕਬੀਲੇ ਵਿਚ 'ਕਬੀਲਾ ਦੇਹਰੋਂ' 'ਤੇ ਚੜ੍ਹਾਇਆ ਗਿਆ ਪ੍ਰਸ਼ਾਦ ਘਰ ਦੀ ਵਿਆਹੁਤਾ ਇਸਤਰੀ ਲਈ ਵਰਜਿਤ ਹੁੰਦਾ ਹੈ। ਇੱਥੋਂ ਤੱਕ ਕਿ 'ਦੇਹਰੋਂ' ਦੀ ਦੇਖ-ਰੇਖ ਅਤੇ ਸੇਵਾ ਕਰਨ ਵਾਲੀ ਇਸਤਰੀ ਵੀ ਇਹ ਪ੍ਰਸ਼ਾਦ ਨਹੀਂ ਲੈ ਸਕਦੀ। ਬੌਰੀਆ ਕਬੀਲੇ ਵਿਚ ਇਸ ਸੰਬੰਧੀ ਸਦੀਆਂ ਤੋਂ ਇਹ ਵਿਸ਼ਵਾਸ ਪ੍ਰਚੱਲਿਤ ਹੈ ਕਿ ਅਜਿਹਾ ਕਰਨ ਨਾਲ ਪੁਰਖਿਆਂ ਦੀ ਸ਼ਕਤੀ ਘੱਟ ਜਾਂਦੀ ਹੈ। 'ਦੇਹਰੋਂ' ਸੰਬੰਧੀ ਘਰ ਦੀਆਂ ਕੁਆਰੀਆਂ ਲੜਕੀਆਂ ਲਈ ਹੋਰ ਵੀ ਮਨਾਹੀਆਂ ਪ੍ਰਚੱਲਿਤ ਹਨ।

4. ਬੌਰੀਆ ਕਬੀਲੇ ਵਿਚ 'ਬਲੀ ਪ੍ਰਥਾ' ਤੋਂ ਬਾਅਦ ਕੀਤਾ ਜਾਣ ਵਾਲਾ ਭੋਜਨ ਵੀ ਇਸਤਰੀਆਂ ਲਈ ਵਰਜਿਤ ਹੁੰਦਾ ਹੈ। ਬੌਰੀਆ ਇਸਤਰੀ ਆਪਣੇ ਕੁਲ ਦੇਵ ਦੀ ਪੂਜਾ ਤੋਂ ਬਾਅਦ ਵੀ ਪ੍ਰਸ਼ਾਦ ਗ੍ਰਹਿਣ ਨਹੀਂ ਕਰ ਸਕਦੀ। ਭਾਵੇਂ ਕਿ ਇਸ ਪ੍ਰਸ਼ਾਦ ਸੰਬੰਧੀ ਲੜਕੀਆਂ ਲਈ ਕੋਈ ਮਨਾਹੀ ਨਹੀਂ ਹੈ।

5. ਬੌਰੀਆ ਕਬੀਲੇ ਦੇ ਲੋਕ ਕਬੀਲੇ ਤੋਂ ਬਾਹਰਲੇ ਲੋਕਾਂ ਨਾਲ ਸਮਾਜਿਕ ਪ੍ਰਤੀਬੰਦ ਦਾ ਪਾਲਣ ਕਰਦੇ ਹਨ। ਕਬੀਲੇ ਤੋਂ ਬਾਹਰਲੇ ਲੋਕਾਂ ਲਈ ਕਬੀਲੇ ਦੀ ਖ਼ੁਸ਼ੀ-ਗ਼ਮੀ ਅਤੇ ਕਰਮਕਾਂਡਾਂ ਵਿਚ ਭਾਗ ਲੈਣਾ ਵਰਜਿਤ ਹੁੰਦਾ ਹੈ।

6. ਬੌਰੀਆ ਕਬੀਲੇ ਵਿਚ ਸ਼ਿਲੇ ਦੌਰਾਨ ਇਸਤਰੀ ਲਈ 'ਕਬੀਲਾ ਪੁਰਖਿਆਂ' ਅਤੇ 'ਦੇਹਰੋਂ' ਦੀ ਪੂਜਾ ਕਰਨੀ ਵਰਜਿਤ ਹੁੰਦੀ ਹੈ। ਕਬੀਲੇ ਵਿੱਚ 'ਕਬੀਲਾ ਦੇਵਤਿਆਂ' ਅਤੇ 'ਪੁਰਖਿਆਂ' ਦੀ ਪੂਜਾ ਅਰਚਨਾ ਲਈ 'ਸਰੀਰਕ ਸ਼ੁੱਧਤਾ' ਨੂੰ ਜ਼ਰੂਰੀ ਸਮਝਿਆ ਜਾਂਦਾ ਹੈ। ਇਸ ਸੰਬੰਧੀ ਵਿਸ਼ੇਸ਼ ਪੂਜਾ ਸਾਮੱਗਰੀ ਨੂੰ ਵੀ ਪਹਿਲ ਦਿੱਤੀ ਜਾਂਦੀ ਹੈ।

7. ਬੌਰੀਆ ਕਬੀਲੇ ਵਿੱਚ 'ਕੇਸਰ ਕੰਵਰ' ਦੀ ਪੂਜਾ ਕਰਨ ਵਾਲੇ ਲੋਕ 'ਵਰਤ' ਰੱਖਣ ਸਮੇਂ ਸਖਤ ਅਨੁਸ਼ਾਸਨ ਦੀ ਪਾਲਣਾ ਕਰਦੇ ਹਨ। ਇਨ੍ਹਾਂ ਵਰਤਾਂ ਦੌਰਾਨ ਮਾਸ ਅਤੇ ਸ਼ਰਾਬ ਦਾ ਸੇਵਨ ਵਰਜਿਤ ਹੁੰਦਾ ਹੈ। ਵਰਤਾਂ ਦੌਰਾਨ ਕੇਵਲ ਕੁਝ ਨਿਸਚਿਤ ਫਲਾਂ ਦੀ ਵਰਤੋਂ ਹੀ ਕੀਤੀ ਜਾਂਦੀ ਹੈ। ਵਰਤ ਰੱਖਣ ਵਾਲੇ ਪੁਰਸ਼ ਨੂੰ ਆਪਣਾ ਆਸਣ ਧਰਤੀ 'ਤੇ ਹੀ ਲਾਉਣਾ ਪੈਂਦਾ ਹੈ।

8. ਬੌਰੀਆ ਕਬੀਲੇ ਵਿਚ 'ਰਾਤ ਬਾਈਆਂ' ਦੀ ਪੂਜਾ ਅਰਚਨਾ ਦੌਰਾਨ ਕਬੀਲੇ ਦੇ ਲੋਕਾਂ ਲਈ 'ਬਾਹਰ ਅੰਦਰ ਜਾਣਾ' ਅਤੇ 'ਕੇਸੀ ਇਸ਼ਨਾਨ ਕਰਨਾ' ਵਰਜਿਤ ਹੁੰਦਾ ਹੈ। ਬੌਰੀਆ ਕਬੀਲੇ ਵਿਚ ਇਹ ਪੂਜਾ ਸੱਤ ਦਿਨ ਤੱਕ ਚਲਦੀ ਹੈ ਤੇ ਇਸ ਪੂਜਾ ਦੌਰਾਨ ਵਾਤਾਵਰਣਿਕ ਅਤੇ ਆਤਮਿਕ ਸ਼ੁੱਧੀ ਨੂੰ ਵਿਸ਼ੇਸ਼ ਤਰਜੀਹ ਦਿੱਤੀ ਜਾਂਦੀ ਹੈ।

9. ਬੌਰੀਆ ਕਬੀਲੇ ਦੇ ਸੋਲੰਕੀ ਗੋਤਰ ਵਿਚ 'ਗੂਗਾ ਪੂਜਾ' ਵਰਜਿਤ ਹੈ। ਇਸ ਸੰਬੰਧੀ ਕਬੀਲੇ ਵਿਚ ਕਈ ਦੰਤ ਕਥਾਵਾਂ ਪ੍ਰਚਲਿਤ ਹਨ। ਇਸ ਗੋਤਰ ਵਿਚ ਅਜਿਹਾ ਪ੍ਰਚਲਨ 'ਗੂਗਾ ਜ਼ਾਹਰਾ ਵੀਰ' ਦੀ ਕਰੋਪੀ ਤੋਂ ਬਚਣ ਲਈ ਹੀ ਹੋਇਆ ਹੈ। ਬੌਰੀਆ ਕਬੀਲੇ ਦੇ ਸੋਲੰਕੀ ਗੋਤਰ ਲਈ ਇਸ ਤਰ੍ਹਾਂ ਦੀਆਂ ਕਈ ਹੋਰ ਵਰਜਨਾਵਾਂ ਵੀ ਪ੍ਰਚੱਲਿਤ ਹਨ। ਇਹ ਸਾਰੇ ਡਰ ਅਤੇ ਭੈਅ ਕਬੀਲੇ ਦੇ ਲੰਮੇ ਜੀਵਨ ਅਨੁਭਵ ਵਿੱਚੋਂ ਗ੍ਰਹਿਣ ਕੀਤੇ ਹੋਏ ਵਿਸ਼ਵਾਸਾਂ ਦਾ ਸਿੱਟਾ ਹਨ।

10. ਬੌਰੀਆ ਕਬੀਲੇ ਵਿਚ 'ਕੁਲ ਦੇਵੀ' ਨੂੰ ਪੂਜਣ ਵਾਲੇ ਲੋਕਾਂ ਲਈ 'ਨੀਲਾ ਰੰਗ' ਵਰਜਿਤ ਹੁੰਦਾ ਹੈ। ਕਬੀਲੇ ਦੇ ਲੋਕ 'ਨੀਲੇ ਰੰਗ' ਨੂੰ ਦੇਵੀ ਦਾ ਰੰਗ ਸਮਝਦੇ ਹਨ। ਇਸ ਸੰਬੰਧੀ ਕਬੀਲੇ ਦੇ ਲੋਕ ਇਹ ਵਿਸ਼ਵਾਸ ਕਰਦੇ ਹਨ ਕਿ 'ਨੀਲਾ ਰੰਗ' ਪਹਿਣਨ ਨਾਲ 'ਕੁਲ ਦੇਵੀ' ਕਰੋਪੀ ਹੋ ਜਾਏਗੀ।

11. ਬੌਰੀਆ ਕਬੀਲੇ ਦੇ ਕੁਝ ਗੋਤਰ 'ਨਿੰਮ' ਨੂੰ 'ਭਾਰੀ ਬਿਰਖ' ਦੇ ਰੂਪ ਵਿਚ ਪੂਜਦੇ ਹਨ। ਭਾਰਤ ਦੇ ਕਈ ਹੋਰ ਕਬੀਲਿਆਂ ਵਿਚ ਵੀ ਅਜਿਹੀ ਰਵਾਇਤ ਪ੍ਰਚਲਿਤ ਹੈ। ਹਰ ਕਬੀਲੇ ਦਾ ਟੋਟਮ ਦੇ ਰੂਪ ਵਿਚ ਆਪਣਾ ਇੱਕ ਵੱਖਰਾ 'ਰੁੱਖ' ਅਤੇ 'ਜਾਨਵਰ' ਹੁੰਦਾ ਹੈ।

12. ਬੌਰੀਆ ਕਬੀਲਾ ਦਾ 'ਪਵਾਰ' ਗੋਤਰ 'ਕਾਲਾਦੋਹ' ਨੂੰ ਆਪਣਾ ਕੁਲ ਦੇਵਤਾ ਮੰਨਦਾ ਹੈ। ਇਸ ਤਰ੍ਹਾਂ ਇਹ ਲੋਕ 'ਕਾਲੇ ਰੰਗ' ਨੂੰ 'ਕਾਲਾਦੋਹ' ਦਾ ਰੰਗ ਮੰਨਦੇ ਹਨ। ਇਸ ਲਈ ਕਾਲਾ ਰੰਗ 'ਪਵਾਰ' ਗੋਤਰ ਦੇ ਲੋਕਾਂ ਲਈ ਵਰਜਿਤ ਹੈ।

13. ਬੌਰੀਆ ਕਬੀਲੇ ਵਿਚ 'ਦਾਦੀ ਪੜਦਾਦੀ' ਦੀ ਥਾਂ 'ਤੇ ਸ਼ਰਾਬ ਅਤੇ ਮਾਸ ਵਰਜਿਤ ਹੈ। ਇਸ ਥਾਂ 'ਤੇ ਕਿਸੇ ਜੀਵ ਦੀ ਬਲੀ ਦੇਣਾ ਵੀ ਵਰਜਿਤ ਹੈ। ਇੱਥੇ ਕੇਵਲ ਸਾਦਾ ਪ੍ਰਸ਼ਾਦ ਹੀ ਚੜ੍ਹਾਇਆ ਜਾਂਦਾ ਹੈ।

14. ਬੌਰੀਆ ਕਬੀਲੇ ਦੇ ਲੋਕ ਜਨਮ, ਵਿਆਹ, ਮੌਤ ਅਤੇ ਤਿਉਹਾਰਾਂ ਸੰਬੰਧੀ ਕਈ ਪ੍ਰਕਾਰ ਦੀਆਂ ਮਨਾਹੀਆਂ ਅਤੇ ਮਾਨਤਾਵਾਂ ਦਾ ਪਾਲਣ ਕਰਦੇ ਹਨ। ਇਨ੍ਹਾਂ ਮਨਾਹੀਆਂ ਅਤੇ ਮਾਨਤਾਵਾਂ ਵਿਚੋਂ ਕਬੀਲੇ ਦੀ ਵੱਖਰੀ ਨੁਹਾਰ ਅਤੇ ਜੀਵਨ ਸ਼ੈਲੀ ਦੇ ਦਰਸ਼ਨ ਹੁੰਦੇ ਹਨ।

ਬੌਰੀਆ ਕਬੀਲੇ ਦੀ ਵਰਤਮਾਨ ਸਥਿਤੀ

ਬੌਰੀਆਂ ਕਬੀਲਾ ਭਾਰਤ ਦੇ ਵੱਖ-ਵੱਖ ਰਾਜਾਂ ਵਿਚ ਜ਼ਿਕਰਯੋਗ ਗਿਣਤੀ ਵਿਚ ਵਾਸ ਕਰ ਰਿਹਾ ਹੈ। ਬੌਰੀਆ ਕਬੀਲਾ ਜਿੱਥੇ ਪਹਿਲਾਂ ਘੁਮੰਤੂ ਅਤੇ ਖਾਨਾਬਦੋਸ਼ ਜੀਵਨ ਬਤੀਤ ਕਰ ਰਿਹਾ ਸੀ, ਅਜੋਕੇ ਸਮੇਂ ਵਿਚ ਇਹ ਕਬੀਲਾ ਪਿੰਡਾਂ, ਨਗਰਾਂ ਅਤੇ ਸ਼ਹਿਰਾਂ ਦੇ ਨੇੜੇ ਆਪਣੀਆਂ ਵੱਖਰੀਆਂ ਸਥਾਈ ਬਸਤੀਆਂ ਵਿਚ ਰਹਿ ਰਿਹਾ ਹੈ। ਅਜੋਕੇ ਦੌਰ ਵਿਚ ਇਨ੍ਹਾਂ ਦਾ ਰਹਿਣ-ਸਹਿਣ ਅਤੇ ਜੀਵਨ ਸ਼ੈਲੀ ਇਨ੍ਹਾਂ ਦੀ ਨਿਰੋਲ ਆਰਥਿਕਤਾ 'ਤੇ ਨਿਰਭਰ ਕਰਦੀ ਹੈ। ਬੌਰੀਆ ਕਬੀਲਾ ਕਈ ਰਾਜਾਂ ਵਿਚ ਸਿਹਤ ਅਤੇ ਸਿੱਖਿਆ ਪੱਖੋਂ ਉੱਨਤੀ ਕਰ ਰਿਹਾ ਹੈ ਪਰੰਤੂ ਕਈ ਰਾਜਾਂ ਵਿਚ ਇਨ੍ਹਾਂ ਲੋਕਾਂ ਦੇ ਹਾਲਾਤ ਬਦ ਤੋਂ ਬਦਤਰ ਬਣੇ ਹੋਏ ਹਨ। ਲੰਮਾ ਸਮਾਂ ਜੰਗਲੀ ਜੀਵਨ ਜਿਊਣ ਕਾਰਨ ਅਤੇ ਖਾਨਾਬਦੋਸ਼ੀ ਵਿੱਚ ਰਹਿਣ ਕਾਰਨ ਇਹ ਲੋਕ ਕਈ ਸਦੀਆਂ ਰਮਤਾ ਜੀਵਨ ਬਤੀਤ ਕਰਦੇ ਆਏ ਹਨ। ਇਸ ਤਰ੍ਹਾਂ ਇਕ ਲੰਮਾ ਅੰਤਰਾਲ ਜ਼ਮੀਨ ਜਾਇਦਾਦ ਅਤੇ ਜੀਵਨ ਦੀਆਂ ਮੁੱਢਲੀਆਂ ਲੋੜਾਂ ਤੋਂ ਵਿਰਵੇ ਰਹਿਣ ਕਾਰਨ ਇਹ ਲੋਕ ਦੁਸ਼ਵਾਰੀਆਂ ਭਰਿਆ ਜੀਵਨ ਬਤੀਤ ਕਰਦੇ ਆਏ ਹਨ। ਕਈ ਸਾਲ ਮੁਗਲਾਂ ਸੈਨਾਂ ਨਾਲ ਹੁੰਦੀਆਂ ਝੜਪਾਂ ਅਤੇ ਬਰਤਾਨਵੀ ਹਕੂਮਤ ਸਮੇਂ ਲਾਗੂ ਹੋਏ ਜ਼ਰਾਇਮ ਪੇਸ਼ਾ ਐਕਟ ਨੇ ਜਿੱਥੇ ਇਨ੍ਹਾਂ ਲੋਕਾਂ ਦੀ ਰੀੜ੍ਹ 'ਤੇ ਡੂੰਘੀ ਸੱਟ ਮਾਰੀ, ਉੱਥੇ ਨਾਲ ਹੀ ਇਹ ਲੋਕ ਜੰਗਲ ਬੇਲਿਆਂ ਅਤੇ ਰੋਹੀਆਂ ਆਦਿ ਵਿਚ ਲੁਕ ਛੁਪ ਕੇ ਜੀਵਨ ਜੀਊਣ ਲਈ ਮਜ਼ਬੂਰ ਹੋ ਗਏ। ਇਸ ਤਰ੍ਹਾਂ ਇਕ ਲੰਮਾ ਅਰਸਾ ਸਮਾਜਿਕ ਅਤੇ ਰਾਜਨੀਤਕ ਬਨਵਾਸ ਵਿਚ ਰਹਿਣ ਕਾਰਨ ਇਹ ਲੋਕ ਬੁਰੀ ਤਰ੍ਹਾਂ ਹਾਸ਼ੀਏ ਵੱਲ ਧੱਕੇ ਗਏ। ਬੌਰੀਆ ਕਬੀਲੇ ਦੇ ਲੋਕਾਂ 'ਤੇ ਸਮੇਂ-ਸਮੇਂ ਦੇ ਹਾਕਮਾਂ ਨੇ ਐਨੇ ਕਹਿਰ ਅਤੇ ਜ਼ੁਲਮ ਢਾਏ ਕਿ ਇਹ ਲੋਕ ਜਾਨ ਬਚਾਉਣ ਲਈ ਭਾਰਤ ਦੇ ਵੱਖ-ਵੱਖ ਰਾਜਾਂ ਵਿਚ ਢੁਕਵੀਆਂ ਥਾਵਾਂ ਵੱਲ ਨਿਕਲ ਗਏ। ਅੱਜ ਵੀ ਬੌਰੀਆ ਕਬੀਲੇ ਦੇ ਲੋਕ ਵੱਖ-ਵੱਖ ਰਾਜਾਂ ਵਿਚ ਵੱਖ-ਵੱਖ ਨਾਵਾਂ ਹੇਠ ਵਿਚਰ ਰਹੇ ਹਨ। ਇਹ ਸਾਰਾ ਕੁਝ ਨਸਲਕੁਸ਼ੀ ਦੇ ਡਰੋਂ ਵਾਪਰਿਆ ਹੈ। ਭਾਰਤ ਦੇ ਕਈ ਰਾਜਾਂ ਵਿਚ ਇਹ ਲੋਕ ਬਧਕ, ਬਘੋੜਾ, ਬਾਗੜੀ, ਬਕੁਰਗਾਰ, ਮੂੰਗੀਆ, ਹਾਬੁੜਾ, ਮਾਰਵਾੜੀ ਅਤੇ ਸੁਲੇਵਾਸ ਵੀ ਅਖਵਾਉਂਦੇ ਹਨ। ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਬਾਵਰੀ ਲੋਕ ਇਕੋ ਮੂਲ ਦੇ ਹਨ। ਭਾਵੇਂ ਕਿ ਭਾਰਤ ਦੇ ਬੌਰੀਆ ਲੋਕਾਂ ਦੇ ਰਸਮ-ਰਿਵਾਜ਼ ਅਤੇ ਕਾਰ-ਵਿਹਾਰ ਇਕ ਦੂਜੇ ਨਾਲ ਕਾਫ਼ੀ ਹੱਦ ਤੱਕ ਮਿਲਦਾ ਹੈ ਪਰੰਤੂ ਫਿਰ ਵੀ ਗੋਤਰ ਪੱਖੋਂ ਅਧਿਐਨ ਕਰਨ ਲੱਗਿਆਂ ਇਨ੍ਹਾਂ ਵਿਚ ਕਾਫ਼ੀ ਅੰਤਰ ਪਾਏ ਜਾਂਦੇ ਹਨ। ਬੌਰੀਆ ਕਬੀਲੇ ਦੇ ਬਹੁਤੇ ਮੂਲ ਗੋਤਰਾਂ ਵਿੱਚ ਹੁਣ ਪੁਰਖਾਂ ਨਾਵਾਂ ਦੀ ਬਹੁਤਾਤ ਕਾਫ਼ੀ ਹੱਦ ਤੱਕ ਵੇਖਣ ਨੂੰ ਮਿਲਦੀ ਹੈ। ਅੱਜ ਵੀ ਭਾਰਤ ਦੇ ਬਾਵਰੀ ਆਪਣੀ ਮੂਲ ਗੋਤਰ ਵਿਚ ਵਿਆਹ ਸੰਬੰਧ ਸਥਾਪਤ ਕਰਨ ਸੰਬੰਧੀ ਕੁਝ ਮਨਾਹੀਆਂ ਦੀ ਪਾਲਣਾ ਕਰਦੇ ਹਨ ਕਿਉਂਕਿ ਭਾਰਤ ਦੇ ਸਾਰੇ ਕਬੀਲੇ ਆਪਣੇ ਗੋਤਰ ਦੇ ਲੋਕਾਂ ਨੂੰ ਭੈਣ-ਭਰਾ ਦਾ ਰੁਤਬਾ ਦਿੰਦੇ ਹਨ। ਇਹ ਪ੍ਰਥਾ ਹੋਰ ਕਬੀਲਿਆਂ ਵਿਚ ਵੀ ਪ੍ਰਚਲਿਤ ਹੈ। ਅਜੋਕੇ ਦੌਰ ਦੇ ਚਲਦਿਆਂ ਬਾਵਰੀ ਕਬੀਲੇ ਦੇ ਲੋਕਾਂ ਦੇ ਜੀਵਨ ਅਤੇ ਕਾਰ-ਵਿਹਾਰ ਵਿਚ ਕਾਫ਼ੀ ਪਰਿਵਰਤਨ

ਆਇਆ ਹੈ। ਭਾਰਤ ਦੀ ਆਜ਼ਾਦੀ ਤੋਂ ਬਾਅਦ ਉੱਨੀ ਸੌ ਬਵੰਜਾ ਵਿਚ ਜ਼ਰਾਇਮ ਪੇਸ਼ਾ ਐਕਟ ਦੇ ਖਤਮ ਹੋ ਜਾਣ ਨਾਲ ਜਿੱਥੇ ਇਸ ਐਕਟ ਦੀ ਮਾਰ ਹੇਠ ਪਿਸ ਰਹੇ ਕਬੀਲਿਆਂ ਨੂੰ ਭਾਰੀ ਰਾਹਤ ਮਿਲੀ, ਉੱਥੇ ਬੌਰੀਆ ਕਬੀਲੇ ਦੇ ਲੋਕਾਂ ਨੂੰ ਵੀ ਇਸ ਸਰਾਪ ਤੋਂ ਮੁਕਤੀ ਮਿਲੀ। ਪਰ ਕਈ ਸਦੀਆਂ ਦੀ ਜਦੋ-ਜਹਿਦ ਅਤੇ ਸੰਘਰਸ਼ ਵਿਚ ਰਹਿਣ ਕਾਰਨ ਇਨ੍ਹਾਂ ਲੋਕਾਂ ਦਾ ਕਾਫ਼ੀ ਨੁਕਸਾਨ ਹੋ ਚੁੱਕਿਆ ਸੀ। ਲਗਾਤਾਰ ਘੁਮੰਤੂ ਅਵਸਥਾ ਵਿਚ ਰਹਿਣ ਕਾਰਨ ਇਨ੍ਹਾਂ ਲੋਕਾਂ ਦੇ ਆਰਥਿਕ ਤੇ ਸਮਾਜਿਕ ਵਿਕਾਸ ਵਿਚ ਕਈ ਰੁਕਾਵਟਾਂ ਆਈਆਂ ਜਿਸ ਕਰਕੇ ਇਹ ਲੋਕ ਦੇਸ਼ ਦੀ ਆਜ਼ਾਦੀ ਤੋਂ ਬਾਅਦ ਵੀ ਲੰਮਾ ਸਮਾਂ ਪਛੜੇਪਨ ਦਾ ਸ਼ਿਕਾਰ ਬਣੇ ਰਹੇ। ਭਾਰਤ ਦੀ ਲੋਕਤੰਤਰੀ ਪ੍ਰਣਾਲੀ ਵਿਚ ਵੋਟ ਦਾ ਅਧਿਕਾਰ ਮਿਲਣ 'ਤੇ ਵੀ ਇਨ੍ਹਾਂ ਲੋਕਾਂ ਨੂੰ ਕੋਈ ਆਸ ਦੀ ਕਿਰਨ ਨਜ਼ਰ ਨਾ ਆਈ। ਅਨਪੜ੍ਹਤਾ ਅਤੇ ਰਾਜਨੀਤਕ ਚੇਤਨਾ ਦੀ ਘਾਟ ਕਾਰਨ ਇਹ ਲੋਕ ਵੱਖ-ਵੱਖ ਰਾਜਨੀਤਕ ਪਾਰਟੀਆਂ ਦਾ ਸ਼ਿਕਾਰ ਬਣੇ ਰਹੇ। ਭਾਵੇਂ ਭਾਰਤ ਵਿੱਚ ਵੱਖ-ਵੱਖ ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਨੂੰ ਸਿੱਖਿਆ ਅਤੇ ਸਹੂਲਤਾਂ ਸੰਬੰਧੀ ਵਿਸ਼ੇਸ਼ ਤਰਜੀਹ ਦਿੱਤੀ ਗਈ ਪਰ ਇਹ ਲੋਕ ਲੰਮਾ ਸਮਾਂ ਸ਼ਨਾਖ਼ਤ ਤੋਂ ਵਾਂਝੇ ਰਹਿਣ ਕਾਰਨ ਅਜਨਬੀਆਂ ਵਾਲੀ ਹੋਣੀ ਹੀ ਭੋਗਦੇ ਰਹੇ।

ਆਖਰਕਾਰ ਇਹ ਲੋਕ ਗੁੰਮਨਾਮੀ ਤੇ ਹਨੇਰੇ ਵਿੱਚੋਂ ਲੰਘਦੇ ਹੋਏ ਆਜ਼ਾਦ ਭਾਰਤ ਵਿਚ ਜਥੇਬੰਦ ਹੋਣੇ ਸ਼ੁਰੂ ਹੋਏ। ਹੌਲ਼ੀ-ਹੌਲ਼ੀ ਇਨ੍ਹਾਂ ਲੋਕਾਂ ਦੇ ਕਈ ਸਮਾਜਿਕ ਅਤੇ ਰਾਜਨੀਤਕ ਸੰਗਠਨ ਹੋਂਦ ਵਿਚ ਆਉਣੇ ਸ਼ੁਰੂ ਹੋਏ, ਜਿਸ ਨਾਲ ਬੌਰੀਆ ਕਬੀਲੇ ਦੇ ਲੋਕਾਂ ਵਿਚ ਰਾਜਨੀਤਕ ਚੇਤਨਾ ਦਾ ਵਿਕਾਸ ਹੋਣਾ ਸ਼ੁਰੂ ਹੋਇਆ। ਜਦੋਂ ਲੱਖਾਂ ਸਾਲਾਂ ਤੋਂ ਦਰੜੇ ਹੋਏ ਇਨ੍ਹਾਂ ਲੋਕਾਂ ਨੇ ਆਪਣੀ ਹੋਂਦ ਅਤੇ ਹਸਤੀ ਲਈ ਸੰਘਰਸ਼ ਸ਼ੁਰੂ ਕੀਤਾ ਤਾਂ ਹੌਲ਼ੀ-ਹੌਲ਼ੀ ਇਨ੍ਹਾਂ ਲੋਕਾਂ ਲਈ ਬਦਲਾਅ ਦਾ ਇਕ ਨਵਾਂ ਦੌਰ ਸ਼ੁਰੂ ਹੋਇਆ। ਮਨੁੱਖੀ ਵਿਕਾਸ ਅਤੇ ਸਮਾਜਿਕ ਕ੍ਰਾਂਤੀ ਹਿੱਤ ਚੱਲੀਆਂ ਲਹਿਰਾਂ ਨੇ, ਜਿੱਥੇ ਇਨ੍ਹਾਂ ਲੋਕਾਂ ਨੂੰ ਮਾਨਸਿਕ ਗੁਲਾਮੀ ਤੋਂ ਮੁਕਤੀ ਦਿਵਾਉਣ ਵਿਚ ਅਹਿਮ ਭੂਮਿਕਾ ਨਿਭਾਈ, ਉੱਥੇ ਨਾਲ ਹੀ ਇਨ੍ਹਾਂ ਲੋਕਾਂ ਵਿਚ ਜਾਗਰਿਤੀ ਅਤੇ ਨਵੀਂ ਚੇਤਨਾ ਦਾ ਵਿਕਾਸ ਹੋਇਆ ਜਿਸਦੇ ਸਿੱਟੇ ਵਜੋਂ ਇਹ ਲੋਕ ਸਿੱਖਿਆ ਸਿਹਤ, ਸਹੂਲਤਾਂ ਅਤੇ ਮਨੁੱਖੀ ਅਧਿਕਾਰਾਂ ਪ੍ਰਤੀ ਚੇਤਨ ਹੋਏ। ਹਰੀ ਕ੍ਰਾਂਤੀ ਅਤੇ ਉਦਯੋਗਿਕ ਵਿਕਾਸ ਦੇ ਨਾਲ-ਨਾਲ ਜਿੱਥੇ ਇਨ੍ਹਾਂ ਲੋਕਾਂ ਨੂੰ ਜ਼ਿਮੀਦਾਰਾਂ, ਨੰਬਰਦਾਰਾਂ, ਥਾਣਿਆਂ, ਕਚਹਿਰੀਆਂ ਅਤੇ ਸਾਮੰਤਾਂ ਦੀ ਕੈਦ ਤੋਂ ਮੁਕਤੀ ਮਿਲੀ ਉੱਥੇ ਸ਼ਹਿਰਾਂ, ਨਗਰਾਂ ਅਤੇ ਪਿੰਡਾਂ ਵਿਚ ਨਿੱਕੇ-ਨਿੱਕੇ ਸਹਾਇਕ ਧੰਦਿਆਂ ਦੇ ਸਹਾਰੇ ਇਨ੍ਹਾਂ ਲੋਕਾਂ ਦਾ ਨਵ-ਨਿਰਮਾਣ ਸ਼ੁਰੂ ਹੋਇਆ। ਇਸਦੇ ਨਾਲ ਹੀ ਵੋਟ ਦੇ ਅਧਿਕਾਰ ਅਤੇ ਰਾਜਨੀਤਕ ਪਛਾਣ ਨੇ ਜਿੱਥੇ ਇਨ੍ਹਾਂ ਲੋਕਾਂ ਦੇ ਰਾਜਸੀ ਸ਼ਕਤੀਕਰਨ ਦਾ ਇਕ ਨਵਾਂ ਦੌਰ ਆਰੰਭ ਕੀਤਾ ਉੱਥੇ ਇਨ੍ਹਾਂ ਲੋਕਾਂ ਨੂੰ ਮਾਨਸਿਕ ਬੁਲੰਦੀ ਲਈ ਵੀ ਤਿਆਰ ਕੀਤਾ। ਇਸ ਸੰਦਰਭ ਵਿੱਚ ਬੌਰੀਆ ਕਬੀਲੇ ਦੇ ਵੱਖ-ਵੱਖ ਸਮਾਜਿਕ ਅਤੇ ਰਾਜਨੀਤਕ ਸੰਗਠਨ ਕਾਰਜਸ਼ੀਲ ਹਨ। ਆਪਣੇ ਅਧਿਕਾਰਾਂ ਅਤੇ ਆਤਮ ਸਨਮਾਨ ਲਈ ਮਿਤੀ 20-09-1979 ਨੂੰ ਚੰਡੀਗੜ੍ਹ ਵਿਖੇ ਭੁੱਖ ਹੜਤਾਲ 'ਤੇ ਬੈਠੇ ਬੌਰੀਆ ਨੌਜਵਾਨ ਗੁਰਚਰਨ ਸਿੰਘ ਦੀ ਮੌਤ ਨੇ ਬੌਰੀਆ ਕਬੀਲੇ ਦੇ ਸੰਘਰਸ਼ ਨੂੰ ਫਿਰ ਤੋਂ ਜਥੇਬੰਦ ਕਰਨ ਲਈ ਮੁੱਖ ਭੂਮਿਕਾ ਨਿਭਾਈ। ਬੌਰੀਆ ਕਬੀਲੇ ਦੀ

ਵਰਤਮਾਨ ਸਥਿਤੀ ਅਜਿਹੀ ਬਣੀ ਹੋਈ ਹੈ ਕਿ ਭਾਵੇਂ ਸਰਕਾਰ ਨੇ ਇਨ੍ਹਾਂ ਲੋਕਾਂ ਨੂੰ 'ਵਿਮੁਕਤ ਜਾਤੀ' ਦਾ ਦਰਜਾ ਦੇ ਦਿੱਤਾ ਹੈ ਪਰੰਤੂ ਵਿਹਾਰਕ ਤੌਰ 'ਤੇ ਇਹ ਲੋਕ ਅੱਜ ਵੀ ਪਛੜੇ ਹੋਏ ਹਨ। ਇਸ ਸੰਬੰਧੀ ਪੰਜਾਬ ਦੇ ਹੋਰ ਕਬੀਲਿਆਂ ਦੀ ਹਾਲਤ ਵੀ ਤਰਸਯੋਗ ਹੈ। ਇਸ ਤੋਂ ਇਲਾਵਾ ਇਨ੍ਹਾਂ ਲੋਕਾਂ ਨੂੰ ਸਰਕਾਰੀ ਨੌਕਰੀਆਂ ਵਿਚ ਵੱਖਰਾ ਕੋਟਾ ਨਿਸਚਿਤ ਕਰਕੇ ਰਾਖਵਾਂਕਰਨ ਦਿੱਤਾ ਜਾਣਾ ਚਾਹੀਦਾ ਹੈ। ਬੌਰੀਆਂ ਕਬੀਲੇ ਦੇ ਲੋਕ ਆਪਣੀਆਂ ਮੰਗਾਂ ਪ੍ਰਤੀ ਜਾਗਰੂਕ ਹੋ ਕੇ ਕਈ ਤਰ੍ਹਾਂ ਦੇ ਸਮਾਜਿਕ ਅਤੇ ਰਾਜਨੀਤਕ ਸੰਘਾਂ ਵਿਚ ਜਥੇਬੰਦ ਹੋ ਚੁੱਕੇ ਹਨ। ਇਹ ਸੰਘ ਲਗਾਤਾਰ ਸਰਕਾਰ ਤੋਂ ਕਬੀਲੇ ਦੀਆਂ ਮੂਲ ਸਮੱਸਿਆ ਦੇ ਹੱਲ ਲਈ ਸੰਘਰਸ਼ ਕਰ ਰਹੇ ਹਨ।

ਜੇਕਰ ਸਿੱਖਿਆ, ਸਿਹਤ ਅਤੇ ਜਾਗ੍ਰਿਤੀ ਪੱਖੋਂ ਗੱਲ ਕੀਤੀ ਜਾਵੇ ਤਾਂ ਬੌਰੀਆਂ ਕਬੀਲੇ ਦੇ ਪਿੰਡਾਂ ਵਿਚ ਵਸਣ ਵਾਲੇ ਲੋਕ ਅੱਜ ਵੀ ਆਪਣੇ ਆਪ ਨੂੰ ਮਨੋਵਿਗਿਆਨਕ ਤੌਰ 'ਤੇ ਗੁਲਾਮ ਮਹਿਸੂਸ ਕਰਦੇ ਹਨ। ਵਿਸ਼ਵੀਕਰਨ ਦੀ ਤੇਜ਼ ਹਨੇਰੀ ਦੇ ਚਲਦਿਆਂ ਇਨ੍ਹਾਂ ਲੋਕਾਂ ਦੀ ਸੰਸਕ੍ਰਿਤੀ ਅਤੇ ਸੱਭਿਆਚਾਰ ਖਤਰੇ ਵਿਚ ਹੈ। ਇਹ ਲੋਕ ਭਾਵੇਂ ਆਪਣੀ ਸਮਾਜਿਕ ਅਤੇ ਰਾਜਨੀਤਕ ਸਥਿਤੀ ਪ੍ਰਤੀ ਚੇਤਨ ਹਨ ਪਰ ਕਮਜ਼ੋਰ ਆਰਥਿਕਤਾ ਦੇ ਚਲਦਿਆਂ ਅਤੇ ਸਹੂਲਤਾਂ ਦੀ ਘਾਟ ਕਾਰਨ ਇਨ੍ਹਾਂ ਲੋਕਾਂ ਦੀ ਪ੍ਰਗਤੀ ਅੱਜ ਵੀ ਬੁਝਾਰਤ ਬਣੀ ਹੋਈ ਹੈ। ਕਬੀਲੇ ਦੇ ਜ਼ਿਆਦਾਤਰ ਲੋਕਾਂ ਦੇ ਅਨਪੜ੍ਹ ਹੋਣ ਕਾਰਨ ਕਬੀਲੇ ਵਿਚ ਨਸ਼ਿਆਂ ਦਾ ਰੁਝਾਨ ਅਤੇ ਬੇਗਾਨਗੀ ਦਾ ਅਹਿਸਾਸ ਵੱਧ ਰਿਹਾ ਹੈ। ਭਾਵੇਂ ਕਿ ਸਿੱਖਿਆ ਦੇ ਖੇਤਰ ਵਿੱਚ ਕੁਝ ਨੌਜੁਆਨ ਅੱਗੇ ਵੀ ਆਏ ਹਨ ਪਰੰਤੂ ਲੜਕੀਆਂ ਦੀ ਸਿੱਖਿਆ ਅੱਜ ਵੀ 'ਨਾ' ਦੇ ਬਰਾਬਰ ਹੀ ਹੈ। ਇਸ ਪਿੱਛੇ ਕਬੀਲੇ ਦੀਆਂ ਮਨੌਤਾਂ ਅਤੇ ਮਨਾਹੀਆਂ ਵੀ ਆਪਣੀ ਸਰਗਰਮ ਭੂਮਿਕਾ ਨਿਭਾਉਂਦੀਆਂ ਹਨ। ਇਸ ਤੋਂ ਇਲਾਵਾ ਕਬੀਲੇ ਦੀਆਂ ਪਰੰਪਰਿਕ ਰਸਮਾਂ, ਰੀਤੀ-ਰਿਵਾਜ਼, ਧਰਮ, ਅੰਧਵਿਸ਼ਵਾਸ਼ ਅਤੇ ਕਈ ਹੋਰ ਅਲਾਮਤਾਂ ਇਨ੍ਹਾਂ ਲੋਕਾਂ ਨੂੰ ਆਪਣੀ ਗ੍ਰਿਫਤ ਵਿਚ ਲਈ ਬੈਠੀਆਂ ਹਨ। ਕਈ ਸਦੀਆਂ ਜੰਗਲੀ ਅਤੇ ਗੁਲਾਮੀ ਵਾਲਾ ਜੀਵਨ ਬਿਤਾਉਣ ਕਰਕੇ ਇਨ੍ਹਾਂ ਲੋਕਾਂ ਦੇ ਸਮਾਜੀਕਰਨ ਵਿੱਚ ਕਈ ਰੁਕਾਵਟਾਂ ਪੈਦਾ ਹੁੰਦੀਆਂ ਰਹੀਆਂ ਹਨ, ਜਿਨ੍ਹਾਂ ਨੂੰ ਸਰ ਕਰਨਾ ਕਬੀਲੇ ਦੇ ਲੋਕਾਂ ਲਈ ਐਨਾ ਆਸਾਨ ਕੰਮ ਨਹੀਂ ਹੈ। ਕਬੀਲੇ ਵਿਚ ਔਰਤ ਦੀ ਸਥਿਤੀ ਬਹੁਤ ਹੀ ਤਰਸਯੋਗ ਹੈ। ਕਈ ਸਦੀਆਂ ਤੋਂ ਮਰਦ ਦੀ ਅਧੀਨਗੀ ਵਿੱਚ ਰਹਿਣ ਕਾਰਨ ਬੌਰੀਆ ਕਬੀਲੇ ਦੀ ਔਰਤ ਅੱਜ ਵੀ ਗੁਲਾਮਾਂ ਵਰਗਾ ਜੀਵਨ ਬਤੀਤ ਕਰ ਰਹੀ ਹੈ। ਜੇਕਰ ਬੌਰੀਆ ਕਬੀਲੇ ਵਿਚ ਔਰਤ ਦੀ ਸਥਿਤੀ ਵੱਲ ਝਾਤ ਮਾਰੀ ਜਾਵੇ ਤਾਂ ਅਸੀਂ ਇਹ ਗੱਲ ਆਖ ਸਕਦੇ ਹਾਂ ਕਿ ਅਜੇ ਬੌਰੀਆ ਕਬੀਲੇ ਦੀ ਔਰਤ ਨੂੰ ਆਜ਼ਾਦ ਹੋਣ ਲਈ ਸਦੀਆਂ ਲੱਗ ਜਾਣਗੀਆਂ। ਖੇਤਰੀ ਕਾਰਜ ਕਰਦਿਆਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਭਾਵੇਂ ਬੌਰੀਆ ਕਬੀਲੇ ਦੇ ਕਈ ਸਮਾਜਿਕ ਅਤੇ ਰਾਜਨੀਤਕ ਸੰਗਠਨ ਬਣੇ ਹੋਏ ਹਨ ਪਰੰਤੂ ਫਿਰ ਵੀ ਇਨ੍ਹਾਂ ਵਿਚ ਆਪਸੀ ਤਾਲਮੇਲ ਦੀ ਕਾਫ਼ੀ ਘਾਟ ਹੈ। ਇਸਦਾ ਇਕ ਕਾਰਨ ਸਾਧਨਾਂ ਦੀ ਘਾਟ ਵੀ ਹੋ ਸਕਦਾ ਹੈ।

ਪੰਜਾਬ ਵਿੱਚ ਵਸਣ ਵਾਲੇ ਬੌਰੀਆ ਲੋਕਾਂ ਕੋਲ ਆਪਣੇ ਘਰਾਂ ਅਤੇ ਰਿਹਾਇਸ਼ਾਂ ਲਈ ਵੀ ਆਪਣੀ ਜ਼ਮੀਨ ਨਹੀਂ ਹੈ। ਬੌਰੀਆ ਕਬੀਲੇ ਦੇ ਲੋਕ ਅੱਜ ਵੀ ਕਬੀਲੇ ਤੋਂ ਬਾਹਰਲੇ

ਲੋਕਾਂ ਨਾਲ ਇਕ ਨਿਸਚਿਤ ਦੂਰੀ ਰੱਖਦੇ ਹਨ। ਜੇਕਰ ਇਨ੍ਹਾਂ ਲੋਕਾਂ ਦੀ ਵਰਤਮਾਨ ਸਥਿਤੀ ਦਾ ਗਹੁ ਨਾਲ ਵਿਸ਼ਲੇਸ਼ਣ ਕੀਤਾ ਜਾਵੇ ਤਾਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਪੰਜਾਬ ਦਾ ਬੋਰੀਆ ਕਬੀਲਾ ਅੱਜ ਵੀ ਜੀਵਨ ਦੀਆਂ ਮੁੱਢਲੀਆਂ ਲੋੜਾਂ ਅਤੇ ਸੁੱਖ ਸਹੂਲਤਾਂ ਤੋਂ ਵਾਂਝਾ ਜੀਵਨ ਬਤੀਤ ਕਰ ਰਿਹਾ ਹੈ। ਭਾਵੇਂ ਕਿ ਕਬੀਲੇ ਵਿਚ ਇਕ ਨਵੀਂ ਚੇਤਨਾ ਦਾ ਆਗਾਜ਼ ਹੋਇਆ ਹੈ ਪਰੰਤੂ ਜੇਕਰ ਇਸਨੂੰ ਵਿਕਾਸ ਪੱਖੋਂ ਵੇਖਿਆ ਜਾਵੇ ਤਾਂ ਇਹ ਅੰਧਕਾਰ ਤੋਂ ਸੂਰਜ ਵੱਲ ਅਜੇ ਪਹਿਲਾ ਕਦਮ ਹੀ ਹੈ।

ਹਵਾਲੇ ਅਤੇ ਟਿੱਪਣੀਆਂ

1. ਡੇਂਜਲ ਇਬਟਸਨ ਐਂਡ ਐਚ.ਏ.ਰੋਜ਼, ਟਰਾਈਬਜ਼ ਐਂਡ ਕਾਸਟਸ ਆਫ ਪੰਜਾਬ, ਪੰਨਾ 70.
2. ਉਹੀ, ਪੰਨਾ 73.
3. ਉਹੀ, ਪੰਨਾ 75.
4. ਮਨਜੀਤ ਸਿੰਘ ਚਹਿਲ, ਪੰਜਾਬ ਕਾ ਬਾਵਰੀਆ ਕਬੀਲਾ, ਪੰਨਾ 125.
5. ਡੇਂਜਲ ਇਬਟਸਨ ਐਂਡ ਐਚ.ਏ.ਰੋਜ਼, ਟਰਾਈਬਜ਼ ਐਂਡ ਕਾਸਟਸ ਆਫ ਪੰਜਾਬ, ਪੰਨਾ 74.
6. ਮਨਜੀਤ ਸਿੰਘ ਚਹਿਲ, ਪੰਜਾਬ ਕਾ ਬਾਵਰੀਆ ਕਬੀਲਾ, ਪੰਨਾ 49.
7. ਇਬਟਸਨ, ਪੰਨਾ 73.
8. ਬੀਰਇੰਦਰਪਾਲ ਸਿੰਘ, ਕਰੀਮੀਨਲ ਟਰਾਈਬਜ਼ ਆਫ ਪੰਜਾਬ, ਪੰਨਾ 3.

ਗੁਜਰ ਕਬੀਲਾ

ਜਾਣ ਪਛਾਣ : ਗੁਜਰ ਕਬੀਲਾ ਭਾਰਤ ਦੇ ਵੱਖ-ਵੱਖ ਰਾਜਾਂ ਵਿੱਚ ਵੱਡੀ ਗਿਣਤੀ ਵਿਚ ਵਸਿਆ ਹੋਇਆ ਹੈ। ਗੁਜਰ ਮੁੱਖ ਤੌਰ 'ਤੇ ਇਕ ਪਸ਼ੂ ਪਾਲਕ ਕਬੀਲਾ ਹੈ। ਇਨ੍ਹਾਂ ਵਿਚੋਂ ਕਈ ਲੋਕ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਸਥਾਈ ਜਾਂ ਅਰਧ-ਸਥਾਈ ਤੌਰ 'ਤੇ ਵਸ ਚੁੱਕੇ ਹਨ ਪਰ ਕਈ ਲੋਕ ਅਜਿਹੇ ਵੀ ਹਨ ਜਿਹੜੇ ਮੌਸਮ ਅਤੇ ਰੁੱਤਾਂ ਬਦਲਣ ਅਨੁਸਾਰ ਹਰੀਆਂ ਚਰਾਗਾਹਾਂ ਦੀ ਭਾਲ ਵਿੱਚ ਇੱਧਰ-ਉੱਧਰ ਆਪਣਾ ਮਾਲ ਪਸ਼ੂ ਲੈ ਕੇ ਘੁੰਮਦੇ ਰਹਿੰਦੇ ਹਨ। ਗੁਜਰ ਕਬੀਲਾ ਆਦਿ ਕਾਲ ਤੋਂ ਹੀ ਪਸ਼ੂ ਪਾਲ ਕੇ ਆਪਣਾ ਗੁਜ਼ਾਰਾ ਕਰਦਾ ਆਇਆ ਹੈ। ਕਿਸੇ ਵੀ ਗੁਜਰ ਦੀ ਅਮੀਰੀ ਅਤੇ ਖੁਸ਼ਹਾਲੀ ਦਾ ਅੰਦਾਜ਼ਾ ਉਸਦੇ ਮਾਲ ਡੰਗਰ ਅਤੇ ਪਸ਼ੂ ਪਠੋਰੇ ਤੋਂ ਸਹਿਜੇ ਹੀ ਲਾਇਆ ਜਾ ਸਕਦਾ ਹੈ। ਪਸ਼ੂ ਧਨ ਗੁਜਰ ਕਬੀਲੇ ਦੇ ਰਿਸ਼ਤਾ ਨਾਤਾ ਪ੍ਰਬੰਧ ਨੂੰ ਵੱਡੇ ਰੂਪ ਵਿੱਚ ਪ੍ਰਭਾਵਿਤ ਕਰਦਾ ਹੈ। ਗੁਜਰ ਉੱਚੀ ਲੰਮੀ ਡੀਲ ਡੋਲ ਵਾਲੇ ਸਾਦੇ ਲੋਕ ਹਨ ਜਿਹੜੇ ਕਿ ਅੱਜ ਵੀ ਆਦਿਕਾਲੀ ਰੁਚੀਆਂ ਦੇ ਧਾਰਨੀ ਹਨ।

ਸਰ ਡੈਂਜਿਲ ਇਬਟਸਨ ਦੁਆਰਾ 1883 ਵਿਚ ਕੀਤੀ ਪੰਜਾਬ ਦੀ ਜਨਗਣਨਾ ਅਨੁਸਾਰ ਉਸ ਵੇਲੇ ਗੁਜਰ ਗੁਜਰਾਤ ਦੀ ਕੁਲ ਵਸੋਂ ਦਾ 13 1/2 ਪ੍ਰਤੀਸ਼ਤ ਹਿੱਸਾ ਸਨ। ਪੂਰਬ ਵਿੱਚ ਬੁੰਦੇਲਖੰਡ ਤੋਂ ਲੈ ਕੇ ਗਵਾਲੀਅਰ ਦੇ ਉੱਤਰੀ ਜ਼ਿਲ੍ਹਿਆਂ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਗੁਜਰ ਵੱਡੀ ਗਿਣਤੀ ਵਿਚ ਵਾਸ ਕਰ ਰਹੇ ਸਨ। ਇਹ ਲੋਕ ਪੂਰਬੀ ਰਾਜਪੂਤਾਨੇ ਅਤੇ ਗਵਾਲੀਅਰ ਦੇ ਨੇੜੇ-ਤੇੜੇ ਵੱਖ-ਵੱਖ ਸਮੂਹਾਂ ਵਿੱਚ ਫੈਲੇ ਹੋਏ ਸਨ। ਗਵਾਲੀਅਰ ਦੇ ਇਕ ਜ਼ਿਲ੍ਹੇ ਦਾ ਨਾਂ ਗੁਜਰ ਲੋਕਾਂ ਦੇ ਨਾਂ 'ਤੇ 'ਗੁਜਰਗੜ੍ਹ' ਵਜਦਾ ਸੀ। ਰਿਵਾੜੀ ਦੇ ਰਾਜਿਆਂ ਤੋਂ ਲੈ ਕੇ ਦੱਖਣੀ ਦਿੱਲੀ ਦੇ ਰਾਜੇ ਵੀ ਗੁਜਰ ਲੋਕ ਸਨ। ਇਹ ਪੁਰਾਣੇ ਪੰਜਾਬ ਦੇ ਦੱਖਣੀ ਹਿੱਸਿਆਂ ਤੋਂ ਲੈ ਕੇ ਉੱਤਰੀ ਹਿੱਸਿਆਂ ਤੱਕ ਫੈਲੇ ਹੋਏ ਸਨ ਪਰੰਤੂ ਇਨ੍ਹਾਂ ਦੀ ਗਿਣਤੀ ਉੱਤਰੀ ਖੇਤਰਾਂ ਵਿੱਚ ਲਗਾਤਾਰ ਵਧਦੀ ਗਈ। ਇਹ ਸਿੰਧ, ਦੁਆਬ ਅਤੇ ਜੇਹਲਮ ਦੇ ਇਲਾਕਿਆਂ ਦੇ ਆਸ-ਪਾਸ ਆਪਣਾ ਪਸ਼ੂ ਪਠੋਰਾ ਚਾਰਦੇ ਆਮ ਨਜ਼ਰੀ ਪੈਂਦੇ ਸਨ। ਪੰਜਾਬ ਵਿੱਚ ਇਹ ਨੀਮ ਪਹਾੜੀ ਇਲਾਕਿਆਂ ਤੋਂ ਲੈ ਕੇ ਜੰਮੂ ਤੀਕ ਫੈਲੇ ਹੋਏ ਸਨ। ਉਨ੍ਹਾਂ ਦਿਨਾਂ ਵਿੱਚ ਗੁਜਰ ਕਬੀਲਾ ਖਾਨਾਬਦੋਸ਼ੀ ਦੀ ਹਾਲਤ ਵਿੱਚ ਇੱਧਰ ਉੱਧਰ ਫਿਰਤੂ ਜੀਵਨ ਬਤੀਤ ਕਰਦਾ ਸੀ। ਇਹ ਲੋਕ ਗਰਮੀਆਂ ਵਿੱਚ ਆਪਣੇ ਮਾਲ ਡੰਗਰ ਸਮੇਤ ਪਹਾੜੀ ਇਲਾਕਿਆਂ ਵਿਚ ਵਹੀਰਾਂ ਘੱਤ ਦਿੰਦੇ ਸਨ ਅਤੇ ਸਰਦੀ ਦੇ ਮੌਸਮ ਵਿਚ ਹਰੇ-ਭਰੇ ਮੈਦਾਨੀ ਇਲਾਕਿਆਂ ਵੱਲ ਪਰਤ ਆਉਂਦੇ ਸਨ। ਉਨ੍ਹਾਂ ਦਿਨਾਂ ਵਿਚ ਗੁਜਰਾਂ ਦੀ ਭਾਸ਼ਾ ਪੰਜਾਬੀ ਅਤੇ ਪਸ਼ਤੋ ਤੋਂ ਇਕ ਵੱਖਰੀ ਕਿਸਮ ਦੀ ਭਾਸ਼ਾ ਸੀ ਜਿਸਨੂੰ ਹਿੰਦੀ ਭਾਸ਼ਾ ਦੀ ਇਕ ਉਪਬੋਲੀ ਕਿਹਾ ਜਾ ਸਕਦਾ ਹੈ।1 ਪਰ ਇਹ ਗੱਲ ਅਜੋਕੇ ਦੌਰ ਵਿਚ

ਬਿਲਕੁਲ ਲਾਗੂ ਨਹੀਂ ਹੁੰਦੀ। ਅੱਜ ਵੀ ਭਾਰਤ ਦੇ ਗੁਜਰਾਂ ਦੀ ਆਪਣੀ ਹੀ ਇਕ ਬੋਲੀ ਹੈ। ਭਾਵੇਂ ਕਿ ਗੁਜਰ ਲੋਕ ਕਬੀਲੇ ਤੋਂ ਬਾਹਰਲੇ ਲੋਕਾਂ ਨਾਲ ਆਦਾਨ-ਪ੍ਰਦਾਨ ਅਤੇ ਗੱਲਬਾਤ ਕਰਨ ਲਈ ਸਥਾਨਕ ਭਾਸ਼ਾ ਵਿਚ ਗੱਲਬਾਤ ਕਰਦੇ ਹਨ ਪਰੰਤੂ ਆਪਣੇ ਕਬੀਲੇ ਵਿੱਚ ਇਹ 'ਗੋਜਰੀ' ਭਾਸ਼ਾ ਦਾ ਹੀ ਇਸਤੇਮਾਲ ਕਰਦੇ ਹਨ। ਗੁਜਰ ਕਬੀਲਾ ਮੁਸਲਮਾਨ ਧਰਮ ਨਾਲ ਸੰਬੰਧ ਰੱਖਦਾ ਹੈ। ਇਨ੍ਹਾਂ ਵਿਚੋਂ ਹੁਸ਼ਿਆਰਪੁਰ ਅਤੇ ਇਸਦੇ ਆਸ-ਪਾਸ ਦੇ ਇਲਾਕਿਆਂ ਵਿੱਚ ਰਹਿਣ ਵਾਲੇ ਲੋਕ ਹਿੰਦੂ ਧਰਮ ਦੀਆਂ ਰਹੁ-ਰੀਤਾਂ ਅਨੁਸਾਰ ਆਪਣਾ ਧਰਮ-ਕਰਮ ਨਿਭਾਉਂਦੇ ਹਨ। ਇਸ ਸੰਬੰਧੀ ਇਹ ਧਾਰਨਾ ਪ੍ਰਚੱਲਿਤ ਹੈ ਕਿ ਇਹ ਲੋਕ ਔਰੰਗਜ਼ੇਬ ਦੇ ਸਮੇਂ ਤੋਂ ਪਹਿਲਾਂ ਹੀ ਇਨ੍ਹਾਂ ਇਲਾਕਿਆਂ ਵਿਚ ਆਣ ਵੱਸੇ ਸਨ। ਔਰੰਗਜ਼ੇਬ ਦੇ ਸਮੇਂ ਗੁਜਰ ਲੋਕਾਂ ਤੋਂ ਇਲਾਵਾ ਕਈ ਹੋਰ ਕਬੀਲੇ ਵੀ ਔਰੰਗਜ਼ੇਬ ਦੇ ਭੈਅ ਕਾਰਨ ਆਪਣਾ ਧਰਮ ਤਬਦੀਲ ਕਰਕੇ ਮੁਸਲਮਾਨ ਬਣ ਗਏ ਸਨ। ਗੁਜਰ ਕਬੀਲੇ ਦੇ ਬਹੁਤੇ ਲੋਕ ਹੁਣ ਵੀ ਹਿੰਦੂ ਮੂਲ ਵਿਚੋਂ ਨਿਖੜੇ ਹੋਣ ਕਾਰਨ ਆਪਣੀਆਂ ਹਿੰਦੂ ਧਰਮ ਵਾਲੀਆਂ ਆਦਿ ਕਾਲੀ ਰਹੁ-ਰੀਤਾਂ ਦੀ ਪਾਲਣਾ ਕਰਦੇ ਹਨ। ਬੀਤ ਦੇ ਇਲਾਕੇ ਤੋਂ ਇਲਾਵਾ ਕਈ ਹੋਰ ਵੀ ਅਜਿਹੇ ਇਲਾਕੇ ਹਨ ਜਿੱਥੇ ਕਈ ਗੁਜਰ ਲੋਕ ਹਿੰਦੂ ਸੰਸਕਾਰਾਂ ਅਨੁਸਾਰ ਆਪਣਾ ਜੀਵਨ ਬਤੀਤ ਕਰ ਰਹੇ ਹਨ ਭਾਵੇਂ ਕਿ ਇਨ੍ਹਾਂ ਵਿੱਚੋਂ ਬਹੁਤੇ ਲੋਕ ਹੁਣ ਖੇਤਰੀ ਧਰਮਾਂ ਨਾਲ ਜੁੜੇ ਹੋਏ ਹਨ। ਖੇਤਰੀ ਧਰਮਾਂ ਨਾਲ ਜੁੜਨ ਵਾਲੇ ਬਹੁਤੇ ਲੋਕ ਉਹ ਹਨ ਜਿਹੜੇ ਕਿ ਪਸ਼ੂ ਪਾਲਣ ਦਾ ਧੰਦਾ ਛੱਡ ਕੇ ਸਥਾਈ ਤੌਰ 'ਤੇ ਇਕ ਥਾਂ ਵਸ ਗਏ ਹਨ। ਇਹ ਲੋਕ ਵੱਖ-ਵੱਖ ਆਧੁਨਿਕ ਕਿੱਤਿਆਂ ਨਾਲ ਜੁੜ ਕੇ ਆਪਣੀ ਖ਼ਾਨਾਬਦੋਸ਼ੀ ਨੂੰ ਪੱਕੇ ਤੌਰ 'ਤੇ ਤਿਲਾਂਜਲੀ ਦੇ ਚੁੱਕੇ ਹਨ। ਅੰਗਰੇਜ਼ ਵਿਦਵਾਨ ਮਿਸਟਰ ਸਟੀਡਮੈਨ ਹੁਸ਼ਿਆਰਪੁਰ ਦੇ ਗੁਜਰਾਂ ਸੰਬੰਧੀ ਟਿੱਪਣੀ ਕਰਦਾ ਹੋਇਆ ਲਿਖਦਾ ਹੈ, "ਇਹ ਲੋਕ 'ਸ਼ਾਂਤ ਅਤੇ ਨਿਰਮਲ' ਸੁਭਾਅ ਦੇ ਮਾਲਕ ਹਨ।" ਜਲੰਧਰ ਅਤੇ ਗੁਜਰਾਂਵਾਲੇ ਦੇ ਗੁਜਰਾਂ ਸੰਬੰਧੀ ਵੀ ਉਹ ਅਜਿਹੀ ਹੀ ਟਿੱਪਣੀ ਕਰਦਾ ਹੈ। ਅੱਜ ਵੀ ਇਨ੍ਹਾਂ ਵਿਚੋਂ ਬਹੁਤੇ ਲੋਕ ਛੋਟੀ ਕਿਸਾਨੀ ਅਤੇ ਹੋਰ ਛੋਟੇ-ਮੋਟੇ ਧੰਦਿਆਂ ਨਾਲ ਜੁੜੇ ਹੋਏ ਹਨ। ਇਸਦੇ ਮੁਕਾਬਲੇ ਪਹਾੜੀ ਗੁਜਰ ਮਸਤਮੌਲਾ ਸੁਭਾਅ ਦੇ ਮਾਲਕ ਹਨ। ਪਹਾੜੀ ਗੁਜਰ 'ਮਹੀਆਂ' ਨੂੰ ਹੀ ਆਪਣੀ ਇਕੋ ਇਕ ਜਾਇਦਾਦ ਸਮਝਦੇ ਹਨ। ਇਹ ਲੋਕ ਵਣਾਂ ਅਤੇ ਜੰਗਲੀ ਇਲਾਕਿਆਂ ਦੇ ਆਸ-ਪਾਸ ਰਹਿੰਦੇ ਹਨ ਅਤੇ ਇਨ੍ਹਾਂ ਦੀਆਂ ਸਵਾਣੀਆਂ ਦੁੱਧ ਘਿਓ ਵੇਚ ਕੇ ਆਪਣਾ ਗੁਜ਼ਾਰਾ ਕਰਦੀਆਂ ਹਨ। ਅਜੋਕੇ ਦੌਰ ਵਿੱਚ ਗੁਜਰ ਲੋਕ ਵੱਡੇ ਪੱਧਰ 'ਤੇ ਮੱਝਾਂ ਦਾ ਵਪਾਰ ਕਰਦੇ ਹਨ। ਪਸ਼ੂ ਧਨ ਦੀਆਂ ਕੀਮਤਾਂ ਵਧਣ ਕਰਕੇ ਇਨ੍ਹਾਂ ਵਿੱਚੋਂ ਬਹੁਤੇ ਲੋਕ ਪਸ਼ੂਆਂ ਦੇ ਵਪਾਰ ਨੂੰ ਰੋਜ਼ੀ-ਰੋਟੀ ਦਾ ਚੰਗਾ ਸਾਧਨ ਸਮਝਦੇ ਹਨ। ਇਸ ਸੰਬੰਧ ਵਿਚ ਪਹਾੜੀ ਗੁਜਰਾਂ ਅਤੇ ਮੈਦਾਨੀ ਇਲਾਕਿਆਂ ਦੇ 'ਅਹੀਰ' ਲੋਕਾਂ ਵਿਚ ਕਾਫ਼ੀ ਸਮਾਨਤਾ ਪਾਈ ਜਾਂਦੀ ਹੈ।

ਇਤਿਹਾਸਕ ਪਿਛੋਕੜ

ਅੰਗਰੇਜ਼ ਵਿਦਵਾਨ ਡਾ. ਹੋਰਨਲ (Dr. Hoernle) ਅਨੁਸਾਰ ਛੇਵੀਂ ਸਦੀ (ਏ.ਡੀ.)

ਵਿੱਚ ਮੱਧ ਏਸੀਆ ਦੇ ਲੋਕਾਂ ਵੱਲੋਂ'' ਜਿਨ੍ਹਾਂ ਵਿਚ ਹੁਨ, ਗੁਜਰ ਅਤੇ ਕਈ ਹੋਰ ਕਬੀਲੇ ਸ਼ਾਮਲ ਸਨ, ਭਾਰਤ 'ਤੇ ਇਕ ਵੱਡਾ ਹਮਲਾ ਹੋਇਆ। ਇਹ ਲੋਕ ਪਹਿਲਾਂ ਗਵਾਲੀਅਰ ਵਿਚ ਦਾਖ਼ਲ ਹੋਏ। ਕਨੌਜ ਦੇ ਰਾਜੇ ਨੇ ਇਨ੍ਹਾਂ ਲੋਕਾਂ ਦਾ ਵਿਰੋਧ ਕਰਦੇ ਹੋਏ ਇਨ੍ਹਾਂ ਨੂੰ ਅੱਗੇ ਵਧਣ ਤੋਂ ਰੋਕਿਆ ਜਿਸ ਉਪਰੰਤ ਇਨ੍ਹਾਂ ਲੋਕਾਂ ਦੀ ਵੱਡੀ ਗਿਣਤੀ ਰਾਜਪੂਤਾਨੇ ਅਤੇ ਪੰਜਾਬ ਵਿਚ ਜਾ ਵਸੀ। ਜਦੋਂ ਕਿ ਚੌਲਕੀਆ ਲੋਕ ਦੱਖਣ ਵੱਲ ਕੂਚ ਕਰ ਗਏ। ਉੱਤਰੀ ਇਲਾਕਿਆਂ ਵਿੱਚ ਇਹ ਲੋਕ ਖੇਤਰੀ ਵਸੋਂ ਨਾਲ ਇਕਮਿਕ ਹੋ ਗਏ। ਇਸੇ ਦੌਰਾਨ ਸੱਤਵੀਂ ਸਦੀ ਦੇ ਮੱਧ ਵਿਚ ਪਰਿਹਾਰ ਲੋਕ ਉਦੈ ਹੋਏ ਜਿਸ ਦੌਰਾਨ ਪਰਮਾਰ, ਚੌਹਾਨ ਅਤੇ ਗੁਰਜਰ ਲੋਕ ਸ਼ਕਤੀ ਵਿੱਚ ਆਏ। ਇਹ ਸਮਾਂ 750 (ਏ.ਡੀ.) ਦਾ ਹੈ। 840 (ਏ.ਡੀ.) ਦੇ ਦੌਰਾਨ ਰਾਜਾ ਭੋਜ ਪਹਿਲੇ ਦੀ ਅਗਵਾਈ ਵਿੱਚ ਗੁਜਰ ਸਮਰਾਜ, ਜਿਸਦੀ ਰਾਜਧਾਨੀ ਕਨੌਜ ਸੀ, ਦੀਆਂ ਜੜ੍ਹਾਂ ਪੂਰੇ ਉੱਤਰੀ ਭਾਰਤ ਤੀਕ ਫੈਲ ਚੁੱਕੀਆਂ ਸਨ। ਪਰ ਉਸਦੀ ਮੌਤ ਤੋਂ ਬਾਅਦ ਗੁਜਰਾਂ ਦੀ ਸ਼ਕਤੀ ਫਿਰ ਤੋਂ ਘਟਣੀ ਸ਼ੁਰੂ ਹੋ ਗਈ। ਗੁਜਰ ਕਬੀਲਿਆਂ ਵਿੱਚ ਆਪਣੇ ਮੂਲ ਸੰਬੰਧੀ ਕਈ ਧਾਰਨਾਵਾਂ ਪ੍ਰਚੱਲਿਤ ਹਨ। ਕਈ ਗੁਜਰ ਲੋਕ ਆਪਣੇ ਆਪ ਨੂੰ 'ਕ੍ਰਿਸ਼ਨ' ਦੇ ਪੰਥ ਵਿੱਚੋਂ ਮੰਨਦੇ ਹੋਏ 'ਨੰਦਬੰਸੀ' ਅਖਵਾਉਂਦੇ ਹਨ। ਜਦਕਿ ਕਈ ਹੋਰ ਗੁਜਰ ਕਬੀਲੇ ਆਪਣੇ ਆਪ ਨੂੰ ਦਿੱਲੀ ਦੇ 'ਰਾਏ ਪਥੌਰਾ' ਘਰਾਣੇ ਨਾਲ ਜੋੜਦੇ ਹਨ। ਇਨ੍ਹਾਂ ਵਿੱਚੋਂ ਕਈ ਲੋਕ ਆਪਣੇ ਆਪ ਨੂੰ ਰਾਜਪੂਤਾਂ ਦੇ 'ਸੂਰਜਵੰਸ਼ੀ' ਅਤੇ 'ਚੰਦਰਵੰਸ਼ੀ' ਘਰਾਣਿਆਂ ਨਾਲ ਵੀ ਜੋੜਦੇ ਹਨ।[2] ਇਸ ਸੰਬੰਧੀ ਇਨ੍ਹਾਂ ਦੇ ਰਾਜਪੂਤ ਗੋਤਰ ਵੀ ਇਸ ਗੱਲ ਦੀ ਸ਼ਾਹਦੀ ਵੀ ਭਰਦੇ ਹਨ।

ਗੁਜਰ ਕਬੀਲੇ ਦੇ ਮੂਲ ਸੰਬੰਧੀ ਇੱਕ ਪ੍ਰਚੱਲਿਤ ਦੰਤ ਕਥਾ ਇਸ ਪ੍ਰਕਾਰ ਹੈ :

"ਪੁਰਾਣੇ ਪੰਜਾਬ ਦੀ ਨਾਭਾ ਰਿਆਸਤ ਵਿੱਚ ਇਕ ਗੋਤਰ ਹਿੰਦੂ ਰਾਵਤ 'ਮੰਡਨ' ਪਾਇਆ ਜਾਂਦਾ ਸੀ। ਇਸਦਾ ਸੰਬੰਧ ਉਸ ਹਿੰਦੂ ਰਾਵਤ ਨਾਲ ਹੈ ਜਿਸਨੂੰ ਕਿ ਇਕ 'ਗੌਰਸੀ' ਨਾਮਕ ਸੁੰਦਰ ਕੰਨਿਆਂ ਨਾਲ ਪਿਆਰ ਹੋ ਗਿਆ ਸੀ। ਇਕ ਲੰਮੇ ਸੰਘਰਸ਼ ਤੋਂ ਬਾਅਦ ਇਨ੍ਹਾਂ ਦੋਵਾਂ ਪ੍ਰੇਮੀਆਂ ਦਾ ਮਿਲਣ ਹੋਇਆ। ਪਰ ਇਸ ਕੰਨਿਆਂ ਪਿੱਛੇ ਉਸਨੂੰ ਆਪਣਾ ਰਾਜਪੂਤ ਰੁਤਬਾ ਤਿਆਗਣਾ ਪਿਆ ਅਤੇ ਉਹ ਗੁਜਰ ਕਬੀਲੇ ਵਿੱਚ ਸ਼ਾਮਲ ਹੋ ਗਿਆ। ਇਸ ਤਰ੍ਹਾਂ 'ਗੌਰਸੀ' ਪਿੱਛੇ ਸੰਘਰਸ਼ ਵਿੱਚ ਸ਼ਾਮਲ ਸਾਰੇ ਸਰਦਾਰ (ਮੰਡਨ) ਅਤੇ ਲੋਕ 'ਗੁਜਰ ਗੋਤਰ' ਨਾਲ ਜੁੜ ਗਏ। ਇਹ ਗੋਤ ਜੈਪੁਰ ਵਿਚ ਵੱਡੀ ਗਿਣਤੀ ਵਿਚ ਪਾਈ ਜਾਂਦੀ ਹੈ। ਇਨ੍ਹਾਂ ਲੋਕਾਂ ਵਿੱਚ ਪਰਦੇ ਦਾ ਰਿਵਾਜ਼ ਹੈ ਅਤੇ ਵਿਧਵਾ ਵਿਆਹ ਦਾ ਪ੍ਰਚਲਨ ਨਹੀਂ ਹੈ। ਇਨ੍ਹਾਂ ਲੋਕਾਂ ਵਿੱਚ ਘਰਾਂ ਦੀਆਂ ਛੱਤਾਂ ਪਾਉਣ ਅਤੇ ਕੁੰਡੇ ਜਿੰਦੇ ਲਾਉਣ ਦੀ ਰਵਾਇਤ ਨਹੀਂ ਸੀ। ਪਰੰਤੂ ਹੁਣ ਇਹ ਲੋਕ ਮਨਚਾਹੀਆਂ ਖੁੱਲ੍ਹਾਂ ਲੈਂਦੇ ਹਨ। ਇਹ ਲੋਕ ਅੱਜ ਵੀ ਰੇਵਾੜੀ ਵਿਖੇ ਸਵਾਮੀ ਪੁੰਨ ਦਾਸ ਦੇ ਸਥਾਨ 'ਤੇ ਆਪਣੇ ਬੱਚੇ ਦੀ ਝੰਡ ਲੁਹਾਉਣ ਦੀ ਰਸਮ ਅਦਾ ਕਰਦੇ ਹਨ।"[3]

ਸਮਾਜਿਕ ਸੰਗਠਨ

ਗੁਜਰ ਕਬੀਲੇ ਦੇ ਸਮਾਜਿਕ ਸੰਗਠਨ ਬਾਰੇ ਇਹ ਕਿਹਾ ਜਾਂਦਾ ਹੈ ਕਿ ਅਸਲ ਵਿਚ

ਇਸ ਕਬੀਲੇ ਦੀਆਂ ਸਿਰਫ਼ ਤਿੰਨ ਸ਼ਾਖਾਵਾਂ ਹਨ ਜਿਨ੍ਹਾਂ ਵਿੱਚੋਂ ਇਕ ਸ਼ਾਖਾ ਦੀ ਔਲਾਦ ਮਤਰੇਈ ਮਾਂ ਵਿਚੋਂ ਹੈ। ਇਨ੍ਹਾਂ ਦੇ ਨਾਂ ਗੌਰਸੀ, ਕਸਾਣਾ ਅਤੇ ਬੁਰਗਤ ਹਨ। ਇਨ੍ਹਾਂ ਵਿਚੋਂ ਖਤਾਨਾ ਲੋਕ ਲੰਮਾਂ ਸਮਾਂ ਗੁਜਰਾਤ ਦੇ ਬਾਸ਼ਿੰਦੇ ਰਹੇ ਹਨ। ਸਮੇਂ ਦੇ ਵੇਗ ਨਾਲ ਇਸ ਕਬੀਲੇ ਦੇ ਕਈ ਹੋਰ ਲੋਕ ਵੀ ਇਨ੍ਹਾਂ ਨਾਲ ਜੁੜ ਗਏ ਜੋ ਅਸਲ ਵਿਚ ਗੁਜਰ ਮੂਲ ਦੇ ਨਹੀਂ ਸਨ। ਇਸ ਸੰਬੰਧ ਵਿਚ ਇਕ ਹੋਰ ਗੱਲ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ ਕਿ ਗੁਜਰਾਤ ਦੇ ਇਕ ਪਿੰਡ ਹਸੀਲਨਵਾਲ ਦੇ ਗੁਜਰਾਂ ਨੂੰ 'ਵੱਡੇ' (ਮੀਆਂ) ਹੋਣ ਦਾ ਰੁਤਬਾ ਪ੍ਰਾਪਤ ਹੈ। ਇਹ ਲੋਕ 'ਸੰਤ ਫਤਿਹਉਲਾ' ਦੇ ਵੰਸ਼ਜ਼ ਹਨ ਜਿਨ੍ਹਾਂ ਨੂੰ ਕਿ ਮੁਲਤਾਨ ਦੇ ਸੰਤਾਂ ਨੇ ਇਸ ਖਿੱਤੇ ਵਿੱਚ ਗੁਜਰਾਂ ਨੂੰ ਵਸਾਉਣ ਲਈ ਨਾਮਜ਼ਦ ਕੀਤਾ ਸੀ। ਇਸ ਖਿੱਤੇ ਦੇ ਸਾਰੇ ਲੋਕ ਇਨ੍ਹਾਂ ਲੋਕਾਂ ਨੂੰ ਬੜੇ ਸਤਿਕਾਰ ਨਾਲ ਆਪਣੀਆਂ ਧੀਆਂ ਦੇ ਰਿਸ਼ਤੇ ਦਿੰਦੇ ਹਨ ਪਰ ਲੜਕੀਆਂ ਦਾ ਰਿਸ਼ਤਾ ਲੈਣ ਤੋਂ ਗੁਰੇਜ਼ ਕੀਤਾ ਜਾਂਦਾ ਹੈ।

ਗੁਜਰ ਕਬੀਲੇ ਸੰਬੰਧੀ ਇਹ ਧਾਰਨਾ ਪ੍ਰਚੱਲਿਤ ਹੈ ਕਿ ਇਸ ਕਬੀਲੇ ਦੇ ਚੌਰਾਸੀ ਗੋਤਰ ਹਨ। ਲੁਧਿਆਣੇ ਦੇ ਮਰਾਸੀ, ਇਨ੍ਹਾਂ ਲੋਕਾਂ ਨੂੰ 'ਚੌਰਾਸੀ ਗੋਤ ਦਾ ਦੀਵਾ' ਕਹਿ ਕੇ ਵਡਿਉਂਦੇ ਰਹੇ ਹਨ। ਕਈ ਲੋਕ ਇਹ ਗਿਣਤੀ *1,01,170* ਜਾਂ ਇੱਥੋਂ ਤੱਕ ਕਿ *388* ਵੀ ਦਿੰਦੇ ਰਹੇ ਹਨ *4*। ਉਪਰੋਕਤ ਅਧਿਐਨ ਨਾਲ ਸੰਬੰਧਤ ਇਤਿਹਾਸਕ ਮਿਥਿਹਾਸਕ ਹਵਾਲੇ ਕਈ ਸਦੀਆਂ ਦੀ ਉਪਜ ਹਨ। ਭਾਰਤ ਦੇ ਆਜ਼ਾਦ ਹੋਣ ਤੋਂ ਬਾਅਦ ਗੁਜਰ ਕਬੀਲੇ ਦੇ ਸਮਾਜਿਕ ਸਭਿਆਚਾਰ ਵਿੱਚ ਵੀ ਜ਼ਿਕਰਯੋਗ ਬਦਲਾਅ ਆਇਆ ਹੈ। ਨਵੀਂ ਤਕਨਾਲੋਜੀ ਅਤੇ ਸੂਚਨਾਤੰਤਰ ਦੇ ਆਉਣ ਨਾਲ ਲੋਕਾਂ ਦੀ ਆਪਸੀ ਦੂਰੀ ਕਾਫ਼ੀ ਹੱਦ ਤੱਕ ਘੱਟ ਗਈ ਹੈ। ਗਿਆਨ ਵਿਗਿਆਨ ਨੇ ਹਰ ਕੌਮ ਅਤੇ ਕਬੀਲੇ ਦੀਆਂ ਬਰੂਹਾਂ 'ਤੇ ਆਣ ਦਸਤਕ ਦਿੱਤੀ ਹੈ। ਅਜੋਕੇ ਸਮੇਂ ਵਿੱਚ ਜਿੱਥੇ ਪੁਰਾਣਾ ਮੁੱਲ ਵਿਧਾਨ ਤਿੜਕ ਰਿਹਾ ਹੈ, ਉਸਦੀ ਥਾਵੇਂ ਬੜਾ ਕੁਝ ਨਵਾਂ ਵੀ ਸਾਹਮਣੇ ਆਇਆ ਹੈ।

ਇਸ ਸੰਬੰਧ ਵਿੱਚ 'ਗੁਜਰ ਕਬੀਲੇ' ਦੇ ਸਭਿਆਚਾਰ ਸੰਬੰਧੀ ਅਧਿਐਨ ਕਰਨਾ ਬੜੀ ਮਹੱਤਵਪੂਰਨ ਗੱਲ ਹੈ। ਗੁਜਰ ਲੋਕ ਲਗਭਗ ਪੰਜਾਬ ਦੇ ਹਰ ਇਕ ਜ਼ਿਲ੍ਹੇ ਵਿੱਚ ਮਿਲਦੇ ਹਨ। ਇਹ ਲੋਕ ਜ਼ਿਆਦਾਤਰ ਪਿੰਡਾਂ ਵਿੱਚ ਰਹਿੰਦੇ ਹਨ। ਪਸ਼ੂਆਂ ਆਦਿ ਦੇ ਚਾਰੇ ਕਰਕੇ ਅੱਜ ਵੀ ਇਨ੍ਹਾਂ ਲੋਕਾਂ ਨੂੰ ਪਿੰਡਾਂ ਦਾ ਮਾਹੌਲ ਪਸ਼ੂਆਂ ਲਈ ਢੁੱਕਵਾਂ ਲੱਗਦਾ ਹੈ ਕਿਉਂਕਿ ਇਨ੍ਹਾਂ ਦੀਆਂ ਜ਼ਿਆਦਾਤਰ ਲੋੜਾਂ ਪਿੰਡਾਂ ਵਿੱਚੋਂ ਹੀ ਪੂਰੀਆਂ ਹੁੰਦੀਆਂ ਹਨ। ਪੰਜਾਬ ਵਿੱਚ ਅਜੇ ਵੀ ਕਈ ਥਾਵਾਂ ਅਜਿਹੀਆਂ ਹਨ ਜਿੱਥੇ ਗੁਜਰਾਂ ਦੇ ਪਿੰਡਾਂ ਦੇ ਪਿੰਡ ਮਿਲਦੇ ਹਨ। ਪੰਜਾਬ ਦੇ ਪਿੰਡਾਂ ਵਿੱਚ ਰਹਿਣ ਵਾਲੇ ਗੁਜਰਾਂ ਦੀਆਂ ਕੁਝ ਕੁ ਰਸਮਾਂ ਛੱਡ ਕੇ ਬਾਕੀ ਸਾਰੇ ਦਾ ਸਾਰਾ ਸਮਾਜਿਕ ਜੀਵਨ ਪੰਜਾਬੀ ਸਭਿਆਚਾਰ ਵਿਚ ਢਲ ਚੁੱਕਿਆ ਹੈ। ਹੁਣ ਇਨ੍ਹਾਂ ਦੀਆਂ ਇਹ ਬਚੀਆਂ-ਖੁਚੀਆਂ ਰਸਮਾਂ ਵੀ ਸੰਕੇਤਕ ਪੱਧਰ 'ਤੇ ਹੀ ਪੂਰੀਆਂ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਰਸਮਾਂ ਵਿਚਲੀ ਭਾਵਨਾ ਅਤੇ ਵਿਹਾਰਕਤਾ ਲਗਭਗ ਖਤਮ ਹੋ ਚੁੱਕੀ ਹੈ। ਇੱਥੋਂ ਤੱਕ ਕਿ ਇਨ੍ਹਾਂ ਲੋਕਾਂ ਦੀ ਬਾਹਰਲੀ ਦਿੱਖ ਅਤੇ ਪਹਿਰਾਵਾ ਵੀ ਪੰਜਾਬੀ ਰੰਗਣ ਵਿੱਚ ਢਲ ਚੁੱਕਿਆ ਹੈ। ਗੱਲ ਕੀ ਇਨ੍ਹਾਂ ਦੀ ਭਾਸ਼ਾ ਅਤੇ ਸਭਿਆਚਾਰ ਪੰਜਾਬ ਰੰਗ ਵਿਚ ਸੰਮਿਲਤ ਹੋ ਗਿਆ ਹੈ।

ਪੰਜਾਬ ਦੇ ਗੁਜਰਾਂ ਦਾ ਇਤਿਹਾਸਕ ਪਿਛੋਕੜ

ਪੰਜਾਬ ਦੇ ਗੁਜਰਾਂ ਦੇ ਇਤਿਹਾਸ ਸੰਬੰਧੀ ਇਹ ਧਾਰਨਾ ਪ੍ਰਚੱਲਿਤ ਹੈ ਕਿ ਇਹ ਲੋਕ ਰਾਜਸਥਾਨੀ ਮੂਲ ਦੇ ਹਨ। ਇਕ ਵਾਰ ਤਿੰਨ ਰਾਜਪੂਤ ਰਾਜੇ, ਉਨ੍ਹਾਂ ਦੇ ਅੰਗ-ਰੱਖਿਅਕ ਅਤੇ ਕੁਝ ਗੁਜਰ ਕਬੀਲੇ ਦੇ ਲੋਕ ਰਾਜਸਥਾਨ ਤੋਂ ਨੈਣਾ ਦੇਵੀ ਦੇ ਦਰਸ਼ਨਾਂ ਲਈ ਹਿਮਾਚਲ ਵਿਖੇ ਆਏ। ਜਦੋਂ ਇਹ ਰਾਜੇ 'ਬੀਤ' ਦੇ ਇਲਾਕੇ ਵਿਚੋਂ ਲੰਘੇ ਤਾਂ ਉੱਥੋਂ ਦੇ ਵਸਨੀਕ ਭੀਲਾਂ ਅਤੇ ਰਾਜਪੂਤਾਂ ਲੋਕਾਂ ਨੇ ਇਨ੍ਹਾਂ ਰਾਜਿਆਂ ਨੂੰ ਮੁਗਲਾਂ ਦੇ ਜ਼ੁਲਮਾਂ ਤੋਂ ਖਹਿੜਾ ਛੁਡਾਉਣ ਲਈ ਬੇਨਤੀ ਕੀਤੀ। ਇਸ ਉਪਰੰਤ ਇਨ੍ਹਾਂ ਤਿੰਨਾਂ ਰਾਜਿਆਂ ਨੇ ਇਨ੍ਹਾਂ ਲੋਕਾਂ ਨੂੰ ਮੁਸੀਬਤ ਵਿਚੋਂ ਕੱਢਣ ਦਾ ਧਰਵਾਸ ਦਿੱਤਾ। ਇਨ੍ਹਾਂ ਰਾਜਿਆਂ ਨੇ ਨੈਣਾ ਦੇਵੀ ਮਾਤਾ ਦੇ ਦਰਸ਼ਨ ਕਰਨ ਉਪਰੰਤ ਇਹ ਅਰਦਾਸ ਕੀਤੀ ਕਿ "ਹੇ ! ਮਹਾ ਮਾਈ ! ਅਸੀਂ ਇਨ੍ਹਾਂ ਦੁੱਖੀ ਲੋਕਾਂ ਦਾ ਭਲਾ ਕਰਨਾ ਚਾਹੁੰਦੇ ਹਾਂ। ਤੂੰ ਸਾਨੂੰ ਸ਼ਕਤੀ ਦੇ ਤਾਂ ਕਿ ਅਸੀਂ ਇਨ੍ਹਾਂ ਮੁਗਲ ਜਰਵਾਣਿਆਂ ਦਾ ਨਾਸ਼ ਕਰ ਸਕੀਏ।"[5]

ਰਾਜਿਆਂ ਨੇ ਮਾਤਾ ਨੈਣਾ ਦੇਵੀ ਸਾਹਮਣੇ ਇਹ ਵੀ ਅਹਿਦ ਲਿਆ ਕਿ ਜੇਕਰ ਅਸੀਂ ਮੁਗਲਾਂ ਨੂੰ ਹਰਾਉਣ ਵਿੱਚ ਕਾਮਯਾਬ ਹੋ ਗਏ ਤਾਂ ਅਸੀਂ ਇਸੇ ਸਥਾਨ 'ਤੇ ਆ ਟਿਕਾਣਾ ਕਰਾਂਗੇ। ਇਸ ਤਰ੍ਹਾਂ ਇਨ੍ਹਾਂ ਤਿੰਨੇ ਰਾਜਿਆਂ ਨੇ ਭੀਲਾਂ ਅਤੇ ਰਾਜਪੂਤਾਂ ਨੂੰ ਨਾਲ ਲੈ ਕੇ ਮੁਗਲਾਂ 'ਤੇ ਧਾਵਾ ਬੋਲ ਦਿੱਤਾ। ਮੁਗਲਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਇਸ ਤਰ੍ਹਾਂ ਜਿੱਤ ਤੋਂ ਬਾਅਦ ਆਪਣੇ ਅਹਿਦ ਮੁਤਾਬਕ ਗੁਜਰ ਲੋਕ ਵੀ ਇਨ੍ਹਾਂ ਤਿੰਨਾਂ ਰਾਜਿਆਂ ਨਾਲ ਬੀਤ ਦੇ ਇਲਾਕੇ ਵਿਚ ਵਸ ਗਏ। ਇਨ੍ਹਾਂ ਤਿੰਨਾਂ ਭਰਾਵਾਂ ਨੇ ਇਸ ਇਲਾਕੇ ਦੇ ਪਿੰਡ ਆਪਸ ਵਿਚ ਵੰਡ ਲਏ ਅਤੇ ਇੱਥੋਂ ਦੇ ਪੱਕੇ ਵਸਨੀਕ ਬਣ ਗਏ। ਇਸ ਤੋਂ ਇਲਾਵਾ ਪੰਜਾਬ ਦੇ ਹੋਰ ਇਲਾਕਿਆਂ ਵਿਚ ਵੱਸਣ ਵਾਲੇ ਗੁਜਰ ਲੋਕ ਵੀ ਆਪਣਾ ਮੂਲ ਰਾਜਸਥਾਨ ਨਾਲ ਜੋੜਦੇ ਹਨ। ਇਨ੍ਹਾਂ ਵਿਚੋਂ ਬਹੁਤੇ ਲੋਕ ਅੱਜ ਵੀ ਆਪਣੇ ਨਾਵਾਂ ਪਿੱਛੇ ਰਾਜਪੂਤ ਗੋਤਰ ਜੋੜਦੇ ਹਨ। ਇਸ ਗੱਲ ਦਾ ਇਹ ਪ੍ਰਮਾਣਿਕ ਹਵਾਲਾ ਬਣਦਾ ਹੈ ਕਿ ਜਦੋਂ ਰਾਜਸਥਾਨ ਦੇ ਗੁਜਰਾਂ ਵੱਲੋਂ ਰਾਖਵੇਂਕਰਨ ਲਈ ਕਰਨਲ ਬੈਂਸਲਾ ਦੀ ਅਗਵਾਈ ਵਿੱਚ ਸ਼ਕਤੀਸ਼ਾਲੀ ਸੰਘਰਸ਼ ਵਿੱਢਿਆ ਗਿਆ ਤਾਂ ਉਸ ਸਮੇਂ ਪੰਜਾਬ ਦੇ ਗੁਜਰਾਂ ਨੇ ਜੀਅ ਜਾਨ ਨਾਲ ਇਸ ਸੰਘਰਸ਼ ਦਾ ਸਮਰਥਨ ਕੀਤਾ ਸੀ। ਇਹ ਉਦਾਹਰਣ ਗੁਜਰਾਂ ਦੀ ਪਿੱਤਰੀ ਸਾਂਝ ਦਾ ਇਕ ਢੁੱਕਵਾਂ ਅਤੇ ਤਰਕਪੂਰਨ ਪ੍ਰਮਾਣ ਹੈ। ਭਾਵੇਂ ਕਿ ਭਾਰਤ ਦੇ ਵੱਖ-ਵੱਖ ਗੁਜਰ ਕਬੀਲਿਆਂ ਦਾ ਧਰਮ, ਪਹਿਰਾਵਾ ਅਤੇ ਰਸਮਾਂ-ਰੀਤਾਂ ਵਿੱਚ ਥੋੜ੍ਹਾ ਬਹੁਤ ਫ਼ਰਕ ਹੈ ਪਰੰਤੂ ਆਪਣੇ ਮੂਲ ਸੰਬੰਧੀ ਇਹ ਲੋਕ ਇਕ ਸੂਤਰ ਵਿੱਚ ਬੱਝੇ ਹੋਏ ਹਨ। ਹਰੀਆਂ ਚਰਾਗਾਹਾਂ ਦੀ ਭਾਲ ਵਿਚ ਇਨ੍ਹਾਂ ਲੋਕਾਂ ਨੇ ਜਿਹੜੇ ਵੀ ਭੂਗੋਲਿਕ ਚੌਗਿਰਦੇ ਨੂੰ ਆਪਣਾ ਨਿਵਾਸ ਬਣਾਇਆ, ਉਸੇ ਥਾਂ ਦਾ ਸਭਿਆਚਾਰ ਅਤੇ ਭਾਸ਼ਾ ਇਨ੍ਹਾਂ ਲੋਕਾਂ 'ਤੇ ਭਾਰੂ ਹੁੰਦੀ ਗਈ।

ਬੀਤ ਦਾ ਇਲਾਕਾ

ਬੀਤ ਦਾ ਇਲਾਕਾ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਗੜ੍ਹਸ਼ੰਕਰ ਵਿੱਚ ਪੈਂਦਾ ਹੈ।

ਇਹ ਇਕ ਅਰਧ-ਪਹਾੜੀ ਖੇਤਰ ਹੈ ਜਿੱਥੇ ਗੁਜਰ ਲੋਕ ਵੱਡੀ ਗਿਣਤੀ ਵਿਚ ਵਸੇ ਹੋਏ ਹਨ। ਇੱਥੇ ਗੁਜਰਾਂ ਦੇ ਨਿੱਕੇ ਨਿੱਕੇ-ਪਿੰਡਾਂ ਦੀ ਸੰਘਣੀ ਵਸੋਂ ਮਿਲਦੀ ਹੈ। ਕਈ ਸਾਲ ਪਹਿਲਾਂ ਇਹ ਇਲਾਕਾ ਪਹਾੜੀ ਖੇਤਰ ਦੀਆਂ ਜੜ੍ਹਾਂ ਵਿੱਚ ਸਥਿਤ ਹੋਣ ਕਾਰਨ ਕਾਫ਼ੀ ਪਛੜਿਆ ਹੋਇਆ ਸੀ। ਅਜੋਕੇ ਸਮੇਂ ਇਹ ਇਲਾਕਾ ਪੂਰੀ ਸਰਗਰਮੀ ਨਾਲ ਬਾਹਰਲੀ ਦੁਨੀਆ ਨਾਲ ਜੁੜਿਆ ਹੋਇਆ ਹੈ। ਪਹਾੜੀ ਖੇਤਰ ਹੋਣ ਕਾਰਨ ਇੱਥੇ ਜੰਗਲੀ ਰੁੱਖਾਂ ਅਤੇ ਜੜ੍ਹੀਆਂ ਬੂਟੀਆਂ ਦੀ ਭਰਮਾਰ ਹੈ। ਭਾਵੇਂ ਕਿ ਇਹ ਇਲਾਕਾ ਹੁਣ ਪੂਰੀ ਤਰ੍ਹਾਂ ਪੱਕੀਆਂ ਸੜਕਾਂ ਨਾਲ ਜੁੜ ਚੁੱਕਿਆ ਹੈ ਪਰ ਫਿਰ ਵੀ ਕੱਚੇ ਰਸਤੇ ਅਤੇ ਪਗਡੰਡੀਆਂ ਗੁਜਰ ਲੋਕਾਂ ਲਈ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ। ਗੁਜਰ ਲੋਕ ਵਣ ਪ੍ਰੇਮੀ ਹਨ ਜਿਸ ਕਰਕੇ ਹਰਿਆਵਲ ਇਨ੍ਹਾਂ ਦੇ ਜੀਵਨ ਦਾ ਇਕ ਜ਼ਰੂਰੀ ਅੰਗ ਹੈ। ਇੱਥੇ ਗੁਜਰ ਲੋਕ ਆਪਣੀ ਥੋੜ੍ਹੀ ਬਹੁਤੀ ਜ਼ਮੀਨ ਵਿੱਚ ਖੇਤੀ ਕਰਕੇ ਗੁਜ਼ਾਰਾ ਕਰਦੇ ਹਨ। ਇਨ੍ਹਾਂ ਕੋਲ ਪਾਣੀ ਦਾ ਪੁਰਾਤਨ ਸੋਮਾ ਖੂਹ ਸਨ ਪਰੰਤੂ ਅਜੋਕੇ ਦੌਰ ਵਿੱਚ ਇਸ ਇਲਾਕੇ ਵਿੱਚ ਟੂਟੀਆਂ ਤੋਂ ਇਲਾਵਾ ਕਈ ਹੋਰ ਸਾਧਨ ਵੀ ਵਿਕਸਤ ਹੋ ਚੁੱਕੇ ਹਨ। ਗੁਜਰ ਲੋਕ ਕਾਫ਼ੀ ਹੱਦ ਤੱਕ ਖੇਤੀਬਾੜੀ ਲਈ ਬਰਸਾਤ 'ਤੇ ਨਿਰਭਰ ਕਰਦੇ ਹਨ। ਇਸ ਲਈ ਇਹ ਲੋਕ ਇਲਾਕੇ ਦੇ ਮੌਸਮ ਅਨੁਸਾਰ ਹੀ ਫ਼ਸਲਾਂ ਬੀਜਦੇ ਹਨ। ਇਨ੍ਹਾਂ ਲੋਕਾਂ ਲਈ ਆਲੇ-ਦੁਆਲੇ ਦੇ ਹਰੇ-ਭਰੇ ਜੰਗਲ ਅਤੇ ਚਰਾਗਾਹਾਂ ਪਸ਼ੂਆਂ ਦੇ ਚਾਰੇ ਲਈ ਚੰਗਾ ਸੋਮਾ ਹਨ। ਅੱਜਕੱਲ੍ਹ ਇਹ ਹਰਿਆਵਲ ਕੇਵਲ ਵਣ ਖੇਤਰਾਂ ਤੱਕ ਹੀ ਸੀਮਤ ਹੋ ਕੇ ਰਹਿ ਗਈ ਹੈ। ਹੁਣ ਇਨ੍ਹਾਂ ਲੋਕਾਂ ਨੂੰ ਆਪਣੇ ਪਸ਼ੂਆਂ ਲਈ ਚਾਰੇ ਦਾ ਉਚੇਚੇ ਤੌਰ 'ਤੇ ਪ੍ਰਬੰਧ ਕਰਨਾ ਪੈਂਦਾ ਹੈ ਅਤੇ ਜੀਵਨ ਨਿਰਬਾਹ ਲਈ ਘਰੋਂ ਬਾਹਰ ਜਾ ਕੇ ਮਜ਼ਦੂਰੀ ਨਾਲ ਜੁੜੇ ਹੋਏ ਕਈ ਨਿੱਕੇ-ਮੋਟੇ ਧੰਦੇ ਵੀ ਕਰਨੇ ਪੈਂਦੇ ਹਨ। ਵਿਸ਼ਵੀਕਰਨ ਦੇ ਇਸ ਅਤਿਵਿਕਸਤ ਦੌਰ ਵਿੱਚ ਵੀ ਇਹ ਲੋਕ ਸਿਹਤ ਸਹੂਲਤਾਂ ਅਤੇ ਸਿੱਖਿਆ ਪੱਖੋਂ ਕਾਫੀ ਹੱਦ ਤੱਕ ਪਛੜੇ ਹੋਏ ਹਨ। ਇਹ ਲੋਕ ਅਜੇ ਵੀ ਕਬੀਲਾ ਮਾਨਤਾਵਾਂ ਅਤੇ ਪਿਤਾ ਪੁਰਖੀ ਪਰੰਪਰਾਵਾਂ ਵਿੱਚ ਜਕੜੇ ਹੋਏ ਹਨ। ਇਹ ਲੋਕ ਅਜੋਕੇ ਦੌਰ ਵਿੱਚ ਵੀ ਕਿਸੇ ਵੀ ਗੁਜਰ ਦੀ ਖੁਸ਼ਹਾਲੀ ਅਤੇ ਅਮੀਰੀ ਦਾ ਅੰਦਾਜ਼ਾ ਉਸਦੇ ਪਸ਼ੂ ਧਨ ਅਤੇ ਖੇਤੀਬਾੜੀ ਤੋਂ ਲਾਉਂਦੇ ਹਨ। ਅਜੇ ਤੀਕ ਇਨ੍ਹਾਂ ਲੋਕਾਂ ਦੀ ਸਿੱਖਿਆ ਅਤੇ ਹੋਰ ਧੰਦਿਆਂ ਪ੍ਰਤੀ ਕੋਈ ਖਿੱਚ ਨਹੀਂ ਹੈ।

ਗੁਜ਼ਰ ਕਬੀਲੇ ਦਾ ਲੋਕ ਜੀਵਨ : ਗੁਜਰ ਮੁੱਖ ਤੌਰ 'ਤੇ ਪਸ਼ੂ ਪਾਲਕ ਲੋਕ ਹਨ। ਆਦਿ ਕਾਲ ਤੋਂ ਹੀ ਇਨ੍ਹਾਂ ਲੋਕਾਂ ਦਾ ਮੁੱਖ ਧੰਦਾ ਪਸ਼ੂ ਪਾਲਣਾ ਰਿਹਾ ਹੈ। ਇਸੇ ਕਰਕੇ ਇਨ੍ਹਾਂ ਲੋਕਾਂ ਨੂੰ 'ਕ੍ਰਿਸ਼ਨ' ਅਤੇ 'ਗੋਕਲ ਦੇ ਗਵਾਲਿਆਂ' ਨਾਲ ਵੀ ਜੋੜਿਆ ਜਾਂਦਾ ਹੈ। ਭਾਰਤ ਦੇ ਬਹੁਤ ਸਾਰੇ ਕਬੀਲਿਆਂ ਦਾ ਸੰਬੰਧ 'ਪਸ਼ੂ ਪਨੌਰਾ' ਪਾਲਣ ਨਾਲ ਰਿਹਾ ਹੈ। ਇਨ੍ਹਾਂ ਵਿਚੋਂ ਬਾਜ਼ੀਗਰ ਡਾਚੀਆਂ ਅਤੇ ਬੱਕਰੀਆਂ ਪਾਲਦੇ ਸਨ, ਗਡਰੀਆ ਲੋਕ ਭੇਡਾਂ ਬਕਰੀਆਂ ਪਾਲਦੇ ਸਨ, ਅਹੀਰ ਲੋਕ ਗਾਵਾਂ ਪਾਲਦੇ ਸਨ ਅਤੇ ਗੁਜਰ ਲੋਕ ਮੱਝਾਂ ਪਾਲਦੇ ਰਹੇ ਹਨ। ਇੱਥੇ ਸਾਡੇ ਅਧਿਐਨ ਦਾ ਕੇਂਦਰ ਪੰਜਾਬ ਦੇ ਗੜ੍ਹਸ਼ੰਕਰ ਦੇ ਇਲਾਕੇ 'ਬੀਤ' ਦਾ ਗੁਜਰ ਕਬੀਲਾ ਹੈ। ਸ਼ੁਰੂ-ਸ਼ੁਰੂ ਵਿੱਚ ਇਲਾਕਾ ਸਿਰਫ਼ ਬਾਈ ਪਿੰਡਾਂ ਤੱਕ ਹੀ ਸੀਮਤ ਸੀ ਪਰੰਤੂ ਹੁਣ ਇਸ ਇਲਾਕੇ ਦੀਆਂ ਸ਼ਾਖਾਵਾਂ ਕਾਫੀ ਹੱਦ ਤੱਕ ਅੱਗੇ ਫੈਲ ਰਹੀਆਂ

ਹਨ। ਗੁਜਰਾਂ ਤੋਂ ਇਲਾਵਾ ਇੱਥੇ ਕਈ ਹੋਰ ਜਾਤੀਆਂ ਦੇ ਲੋਕ ਵੀ ਵੱਸਦੇ ਹਨ। ਇਸ ਸਭ ਦੇ ਬਾਵਜੂਦ ਇਹ ਖਿੱਤਾ ਗੁਜਰ ਕਬੀਲੇ ਕਰਕੇ ਹੀ ਜਾਣਿਆ ਜਾਂਦਾ ਹੈ। ਗੁਜਰ ਲੋਕ ਉੱਚੀ ਲੰਮੀ ਡੀਲ ਡੋਲ ਦੇ ਮਾਲਕ ਹਨ। ਇਨ੍ਹਾਂ ਦੇ ਰੰਗ ਕਣਕ ਵੰਨੇ, ਨਕਸ਼ ਤਿੱਖੇ ਅਤੇ ਸਰੀਰ ਫੁਰਤੀਲਾ ਹੁੰਦਾ ਹੈ। ਜ਼ਿਆਦਾਤਰ ਗੁਜਰ ਲੋਕ ਖੇਤੀ ਅਤੇ ਪਸ਼ੂ ਪਾਲਣ ਦਾ ਧੰਦੇ ਕਰਦੇ ਹਨ ਜਦਕਿ ਇਨ੍ਹਾਂ ਦੀਆਂ ਔਰਤਾਂ ਘਰ ਬਾਰ ਅਤੇ ਚੁਲ੍ਹਾ ਚੌਂਕਾ ਸੰਭਾਲਦੀਆਂ ਹਨ। ਇਸ ਤੋਂ ਇਲਾਵਾ ਇਨ੍ਹਾਂ ਦੀਆਂ ਔਰਤਾਂ ਅਤੇ ਬੱਚੇ ਪਸ਼ੂਆਂ ਲਈ ਚਾਰਾ ਵੱਢਣ ਤੋਂ ਲੈ ਕੇ ਜੰਗਲਾਂ ਵਿੱਚੋਂ ਘਰ ਦਾ ਬਾਲਣ ਇਕੱਠਾ ਕਰਨ ਦਾ ਕੰਮ ਵੀ ਕਰਦੀਆਂ ਹਨ। ਗੁਜਰ ਦਾ ਜੀਵਨ ਸਾਦਾ ਅਤੇ ਖੁੱਲ੍ਹਾ-ਡੁੱਲ੍ਹਾ ਹੈ। ਇਹ ਲੋਕ ਆਪਣੇ ਭੋਜਨ ਵਿੱਚ ਦੁੱਧ, ਲੱਸੀ ਅਤੇ ਦਹੀ ਦਾ ਵਿਸ਼ੇਸ਼ ਰੂਪ ਵਿਚ ਪ੍ਰਯੋਗ ਕਰਦੇ ਹਨ। ਗੁਜਰ ਕਬੀਲੇ ਦੇ ਲੋਕ ਆਪਣੇ ਲਿਬਾਸ ਸੰਬੰਧੀ ਵੀ ਖ਼ਾਸ ਧਿਆਨ ਰੱਖਦੇ ਹਨ। ਗੁਜਰ ਕਬੀਲੇ ਵਿੱਚ 'ਖੁਣਨ ਕਲਾ' ਦਾ ਰਿਵਾਜ਼ ਆਦਿ ਕਾਲ ਤੋਂ ਹੀ ਚਲਦਾ ਆਇਆ ਹੈ ਪਰੰਤੂ ਅੱਜਕੱਲ੍ਹ ਇਹ ਰੁਝਾਨ ਕਾਫ਼ੀ ਹੱਦ ਤੱਕ ਘੱਟ ਗਿਆ ਹੈ। ਗੁਜਰ ਲੋਕ ਖੁੱਲ੍ਹਾ-ਡੁੱਲ੍ਹਾ ਕੁੜਤਾ ਲੂੰਗੀ ਅਤੇ ਸਿਰ 'ਤੇ ਸਾਫ਼ਾ ਬੰਨ੍ਹ ਕੇ ਰੱਖਦੇ ਹਨ ਜਦਕਿ ਔਰਤਾਂ 'ਸੁੱਥਣ ਝੱਗਾ' ਅਤੇ ਸਿਰ 'ਤੇ 'ਓੜ੍ਹਨੀ' ਲੈਂਦੀਆਂ ਹਨ। ਗੁਜਰ ਕਬੀਲੇ ਵਿੱਚ ਅੱਜ ਵੀ ਪਰਦੇ ਦਾ ਰਿਵਾਜ਼ ਪਾਇਆ ਜਾਂਦਾ ਹੈ। ਗੁਜਰ ਕਬੀਲੇ ਵਿੱਚ 'ਹੁੱਕਾ ਪਾਣੀ' ਸਮਾਜਿਕ ਸ਼ਿਸ਼ਟਾਚਾਰ ਦਾ ਅੰਗ ਹੈ। ਇਸ ਕਰਕੇ ਹਰ ਗੁਜਰ ਘਰ ਵਿੱਚ ਮਹਿਮਾਨ ਦੀ ਆਮਦ 'ਤੇ ਹੁੱਕਾ ਵਿਸ਼ੇਸ਼ ਰੂਪ ਵਿੱਚ ਪਰੋਸਿਆ ਜਾਂਦਾ ਹੈ। ਗੁਜਰ ਕਬੀਲੇ ਦੀਆਂ ਔਰਤਾਂ ਵਿਚ ਵੀ ਤੰਬਾਕੂ ਆਦਿ ਪੀਣ ਦੀ ਪ੍ਰਬਲ ਪ੍ਰਵਿਰਤੀ ਰਹੀ ਹੈ। ਪਰੰਤੂ ਅਜੋਕੇ ਸਮੇਂ ਵਿਚ ਇਸ ਆਦਤ ਵਿਚ ਕਾਫ਼ੀ ਕਮੀ ਆਈ ਹੈ। ਗੁਜਰ ਕਬੀਲੇ ਦੇ ਖ਼ੁਸ਼ੀ-ਗ਼ਮੀ ਨਾਲ ਸੰਬੰਧਤ ਹਰ ਸਮਾਗਮ ਵਿੱਚ ਤੰਬਾਕੂ ਨੂੰ ਵਿਸ਼ੇਸ਼ ਮਹੱਤਤਾ ਦਿੱਤੀ ਜਾਂਦੀ ਹੈ।

ਤੰਬਾਕੂ ਪੀਣਾ ਅਤੇ ਗੱਲਬਾਤ ਕਰਨਾ ਇਨ੍ਹਾਂ ਦੇ ਸਮਾਜਿਕ ਵਿਹਾਰ ਦਾ ਚਿੰਨ੍ਹ ਹੈ। ਗੁਜਰ ਕਬੀਲੇ ਵਿੱਚ 'ਸਿੰਘਰ' ਔਰਤਾਂ ਦਾ ਪ੍ਰਮੁੱਖ ਦੇਵਤਾ ਹੈ। ਗੁਜਰ ਔਰਤਾਂ ਪੋਹ ਦੇ ਮਹੀਨੇ ਵਿੱਚ ਇਸ ਦੇਵਤੇ ਦੀ ਉਚੇਚੇ ਰੂਪ ਵਿੱਚ ਪੂਜਾ ਕਰਦੀਆਂ ਹਨ। ਇਸ ਪੂਜਾ ਵਿੱਚ ਨਿੱਕੀਆਂ ਕੁੜੀਆਂ ਤੋਂ ਲੈ ਕੇ ਵੱਡੀ ਉਮਰ ਦੀਆਂ ਔਰਤਾਂ ਵੀ ਸ਼ਾਮਲ ਹੁੰਦੀਆਂ ਹਨ। ਉਂਜ ਗੁਜਰ ਕਬੀਲੇ ਦੇ ਲੋਕ ਦੇਵੀ ਦੇਵਤਿਆਂ, ਬਾਬਾ ਬਾਲਕ ਨਾਥ ਅਤੇ ਆਪਣੇ ਵਡਾਰੂਆਂ ਨੂੰ ਵਿਸ਼ੇਸ਼ ਤੌਰ 'ਤੇ ਧਿਆਉਂਦੇ ਹਨ। ਗੁਜਰ ਕਬੀਲੇ ਦੇ ਲੋਕ ਕੁਝ ਆਦਿ ਕਾਲੀ ਮਾਨਤਾਵਾਂ ਅਤੇ ਟੋਟਮ ਟੋਬੂ ਪਰੰਪਰਾਵਾਂ (Totam and Taboo) ਵਿੱਚ ਵੀ ਯਕੀਨ ਰੱਖਦੇ ਹਨ। ਗੁਜਰ ਕਬੀਲਾ ਅੰਧ ਵਿਸ਼ਵਾਸੀ ਹੈ ਅਤੇ ਭੂਤਾਂ-ਪ੍ਰੇਤਾਂ ਵਿੱਚ ਯਕੀਨ ਕਰਦਾ ਹੈ। ਗੁਜਰ ਕਬੀਲੇ ਵਿੱਚ ਬੱਚਿਆਂ ਅਤੇ ਪਸ਼ੂਆਂ ਨੂੰ ਨਜ਼ਰ ਲੱਗਣ ਤੋਂ ਬਚਾਉਣ ਲਈ ਕਈ ਪ੍ਰਕਾਰ ਦੇ ਅਹੁੜ-ਪਹੁੜ ਕੀਤੇ ਜਾਂਦੇ ਹਨ। ਗੁਜਰ ਕਬੀਲੇ ਵਿੱਚ ਪਰਿਵਾਰ ਦਾ ਵਡੇਰਾ ਪਰਿਵਾਰ ਦਾ ਮੁੱਖੀ ਹੁੰਦਾ ਹੈ। ਉਸਨੂੰ ਕਬੀਲੇ ਦੇ ਲੋਕ 'ਚੌਧਰੀ' ਦਾ ਦਰਜਾ ਦਿੰਦੇ ਹਨ। ਪਰਿਵਾਰ ਦੀ ਹਰ ਕਿਸਮ ਦੀ ਜ਼ਿੰਮੇਦਾਰੀ ਚੌਧਰੀ ਦੀ ਹੁੰਦੀ ਹੈ। ਚੌਧਰੀ ਦੀ ਪਰਿਵਾਰ ਵਿਚ ਪੂਰੀ ਪੈਠ ਹੁੰਦੀ ਹੈ। ਗੁਜਰ ਕਬੀਲੇ ਵਿੱਚ 'ਸੁੱਚ' ਦਾ ਖ਼ਾਸ ਤੌਰ 'ਤੇ ਧਿਆਨ

ਰੱਖਿਆ ਜਾਂਦਾ ਹੈ। ਕਬੀਲੇ ਵਿੱਚ ਔਰਤਾਂ ਅਤੇ ਲੜਕੀਆਂ ਦੀ ਸਥਿਤੀ ਦੂਜੈਲੇ ਪੱਧਰ ਦੀ ਹੈ ਪਰੰਤੂ ਫਿਰ ਵੀ ਔਰਤਾਂ ਨੂੰ ਕਈ ਰਸਮਾਂ ਵਿੱਚ ਵਿਸ਼ੇਸ਼ ਪਛਾਣ ਅਤੇ ਸਤਿਕਾਰ ਦਿੱਤਾ ਜਾਂਦਾ ਹੈ। ਗੁਜਰ ਕਬੀਲੇ ਵਿੱਚ ਪਸ਼ੂਆਂ ਵਾਲੇ 'ਵਾੜੇ' ਨੂੰ ਖ਼ਾਸ ਤਰਜੀਹ ਦਿੱਤੀ ਜਾਂਦੀ ਹੈ। ਗੁਜਰ ਲੋਕ ਵਾੜਾ ਘਰ ਦੇ ਬਾਹਰ ਕਿਸੇ ਖੁੱਲ੍ਹੀ ਥਾਂ 'ਤੇ ਬਣਾਉਂਦੇ ਹਨ। ਵਾੜੇ ਦੀ ਬਣਤਰ ਇਸ ਢੰਗ ਦੀ ਹੁੰਦੀ ਹੈ ਕਿ ਜਲਦੀ-ਜਲਦੀ ਕੋਈ ਵੀ ਜਾਨਵਰ ਪਸ਼ੂਆਂ ਨੂੰ ਨੁਕਸਾਨ ਨਹੀਂ ਪਹੁੰਚਾ ਸਕਦਾ। ਗੁਜਰ ਕਬੀਲੇ ਦੇ ਘਰ ਦੇ 'ਸਿਆਣੇ' ਲੋਕ ਰਾਤ ਵੇਲੇ ਵਾੜੇ ਦੀ ਰਖਵਾਲੀ ਕਰਦੇ ਹਨ। ਗੁਜਰ ਕਬੀਲੇ ਦੇ ਲੋਕ ਆਦਿ ਕਾਲ ਤੋਂ ਜੰਗਲ ਬੇਲੇ ਗਹੁੰਦਿਆਂ ਇੱਕ ਵਿਲੱਖਣ ਸਭਿਆਚਾਰ ਅਤੇ ਸੰਸਕ੍ਰਿਤੀ ਦੇ ਮਾਲਕ ਹਨ। ਇਹ ਰਸਮਾਂ-ਰੀਤਾਂ ਅਤੇ ਮਨੌਤਾਂ ਇਨ੍ਹਾਂ ਦੇ ਲੰਮੇ ਜੀਵਨ ਅਨੁਭਵ ਦਾ ਸਿੱਟਾ ਹਨ। ਇਨ੍ਹਾਂ ਦੇ ਜਨਮ ਵਿਆਹ ਅਤੇ ਮੌਤ ਨਾਲ ਸੰਬੰਧਤ ਰਸਮਾਂ ਤੋਂ ਇਨ੍ਹਾਂ ਦੇ ਵਿਲੱਖਣ ਸਭਿਆਚਾਰ ਦੀ ਪੁਸ਼ਟੀ ਹੁੰਦੀ ਹੈ।

ਗੁਜਰ ਕਬੀਲੇ ਦੀਆਂ ਰਸਮਾਂ ਰੀਤਾਂ

ਜਨਮ ਰਸਮਾਂ : ਗੁਜਰ ਕਬੀਲੇ ਵਿੱਚ ਬੱਚੇ ਦੇ ਜਨਮ ਸੰਬੰਧੀ ਕੁਝ ਵਿਲੱਖਣ ਰਸਮਾਂ ਪ੍ਰਚਲਿਤ ਹਨ। ਇਹ ਰਸਮਾਂ ਗੁਜਰਾਂ ਦੇ ਕਬੀਲਿਆਈ ਸਭਿਆਚਾਰ ਅਤੇ ਪਿਤਾ ਪੁਰਖੀ ਪੰਪਰਾਵਾਂ ਦਾ ਪ੍ਰਗਟਾਵਾ ਕਰਦੀਆਂ ਹਨ। ਗੁਜਰ ਕਬੀਲੇ ਦੀਆਂ ਬਹੁਤੀਆਂ ਰਸਮਾਂ-ਰੀਤਾਂ ਕਬੀਲਾ ਧਰਮ ਅਤੇ ਹਿੰਦੂ ਧਰਮ ਦਾ ਮਿਸ਼ਰਣ ਜਾਪਦੀਆਂ ਹਨ। ਅਜੋਕੇ ਸਮੇਂ ਵਿੱਚ ਇਨ੍ਹਾਂ ਰਹੁ-ਰੀਤਾਂ 'ਤੇ ਆਧੁਨਿਕਤਾ ਦਾ ਪ੍ਰਭਾਵ ਵੀ ਪ੍ਰਤੱਖ ਰੂਪ ਵਿਚ ਵੇਖਣ ਨੂੰ ਮਿਲਦਾ ਹੈ ਪਰ ਫਿਰ ਵੀ ਇਨ੍ਹਾਂ ਵਿਚੋਂ ਕੁਝ ਰਸਮਾਂ ਇਕ ਵੱਖਰਾ ਪ੍ਰਭਾਵ ਸਿਰਜਦੀਆਂ ਹਨ। ਗੁਜਰ ਕਬੀਲੇ ਵਿੱਚ ਵਿਆਹੀ ਹੋਈ ਲੜਕੀ ਦਾ ਪਹਿਲਾ ਜਣੇਪਾ ਪੇਕੇ ਘਰ ਕਰਵਾਉਣ ਦੀ ਰਸਮ ਪ੍ਰਚਲਿਤ ਹੈ। ਇਸ ਰਸਮ ਸੰਬੰਧੀ ਕਬੀਲੇ ਵਿੱਚ ਕਈ ਅੰਧ-ਵਿਸ਼ਵਾਸ਼ ਅਤੇ ਕਰਮ-ਕਾਂਡ ਪ੍ਰਚੱਲਿਤ ਰਹੇ ਹਨ ਜਿਵੇਂ ਕਿ ਗਰਭਵਤੀ ਲੜਕੀ ਦੇ ਪੇਕੇ ਘਰ ਖੁਸ਼ਖਬਰੀ ਦਾ ਸੰਦੇਸ਼ ਦੇਣ ਨਾਈ ਨੂੰ ਭੇਜਣਾ, ਸ਼ਗਨ ਵਜੋਂ ਨਾਲ ਗੁੜ ਜਾਂ ਮਿੱਠਾ ਭੇਜਣਾ, ਪੰਡਿਤ ਤੋਂ ਪੁੱਛ ਕੇ ਲੜਕੀ ਨੂੰ ਸਹੁਰੇ ਘਰ ਤੋਂ ਪੇਕੇ ਘਰ ਲਿਆਉਣਾ, ਪੰਡਤ ਨੂੰ ਸ਼ਗਨ ਦੇਣਾ ਆਦਿ। ਇਨ੍ਹਾਂ ਰਸ਼ਮਾਂ ਉਪਰੰਤ ਲੜਕੀ ਦੇ ਮਾਤਾ-ਪਿਤਾ ਜਾਂ ਭਰਾ ਲੜਕੀ ਨੂੰ ਸਹੁਰੇ ਘਰ ਤੋਂ ਲੈਣ ਜਾਂਦੇ ਸਨ। ਜਣੇਪੇ ਵਾਲੀ ਲੜਕੀ ਨੂੰ ਪੇਕੇ ਘਰ ਤੋਰਨ ਤੋਂ ਪਹਿਲਾਂ ਉਸਦੇ ਸਹੁਰੇ ਪਰਿਵਾਰ ਦੀਆਂ ਔਰਤਾਂ ਲੜਕੀ ਦੇ ਪੱਲੇ ਵਿਚ ਮਿੱਠਾ, ਮੌਲੀ ਅਤੇ ਪੈਸੇ ਆਦਿ ਸ਼ਗਨਾਂ ਵਜੋਂ ਬੰਨ੍ਹ ਦਿੰਦੀਆਂ ਹਨ। ਲੜਕੀ ਨੂੰ ਪੇਕੇ ਘਰ ਤੋਰਨ ਵੇਲੇ ਡੇਰੇ ਦੀਆਂ ਸਾਰੀਆਂ ਔਰਤਾਂ ਇਕੱਠੀਆਂ ਹੋ ਕੇ ਉਸਨੂੰ ਪੁੱਤਰ ਦਾ ਆਸ਼ੀਰਵਾਦ ਦਿੰਦੀਆਂ ਹਨ। ਇਸ ਤੋਂ ਬਾਅਦ ਗਰਭਵਤੀ ਲੜਕੀ ਦੇ ਘਰ ਪੁੱਜਣ 'ਤੇ ਪਰਿਵਾਰ ਵੱਲੋਂ ਉਸਦਾ ਪਿਆਰ ਦੇ ਕੇ ਸਵਾਗਤ ਕੀਤਾ ਜਾਂਦਾ ਹੈ। ਇਸ਼ ਰਸਮ ਵਿੱਚ ਸ਼ਾਮਲ ਹੋਣ ਵਾਲੀਆਂ ਔਰਤਾਂ ਅਤੇ ਰਿਸ਼ਤੇਦਾਰਾਂ ਦੀ ਚੰਗੀ ਖਾਤਰ ਕੀਤੀ ਜਾਂਦੀ ਹੈ। ਗੁਜਰ ਕਬੀਲੇ ਦੇ ਲੋਕ ਗਰਭਵਤੀ ਔਰਤ ਦੀ ਸੁਰੱਖਿਆ ਅਤੇ ਤੰਦਰੁਸਤੀ

ਲਈ ਕਈ ਪ੍ਰਕਾਰ ਦੇ ਅਹੁੜ-ਪਹੁੜ ਕਰਦੇ ਹਨ। ਗਰਭਵਤੀ ਨੂੰ ਸੂਰਜ ਗ੍ਰਹਿਣ ਤੋਂ ਖ਼ਾਸ ਤੌਰ 'ਤੇ ਬਚਾ ਕੇ ਰੱਖਿਆ ਜਾਂਦਾ ਹੈ। ਇਸ ਸਮੇਂ ਦੌਰਾਨ ਉਸ ਲਈ ਓਪਰੇ ਘਰ ਅਤੇ ਗ਼ਮੀ ਆਦਿ ਵਿਚ ਜਾਣਾ ਵਰਜਿਤ ਹੁੰਦਾ ਹੈ।

ਦਾਈ ਮਾਤਾ ਦੀ ਨਿਗਰਾਨੀ : ਗੁਜਰ ਕਬੀਲੇ ਦੇ ਲੋਕ ਗਰਭਵਤੀ ਇਸਤਰੀ ਨੂੰ ਜਣੇਪੇ ਦੇ ਨੇੜੇ ਕਬੀਲਾ ਦਾਈ ਦੀ ਨਜ਼ਰ ਹੇਠ ਰੱਖਦੇ ਹਨ। ਹਰ ਇਕ ਗੁਜਰ ਡੇਰੇ ਵਿੱਚ ਜਣੇਪਾ ਕਬੀਲੇ ਦੀ ਦਾਈ ਹੱਥੋਂ ਹੀ ਸੰਪੂਰਨ ਹੁੰਦਾ ਹੈ। ਜਣੇਪੇ ਦਾ ਸਮਾਂ ਨੇੜੇ ਆਉਣ 'ਤੇ ਗਰਭਵਤੀ ਔਰਤ ਨੂੰ ਕਬੀਲੇ ਦੀ ਦਾਈ ਵੱਲੋਂ ਜਣੇਪੇ ਨੂੰ ਆਸਾਨ ਬਣਾਉਣ ਲਈ ਕੁਝ ਜੜ੍ਹੀਆਂ ਬੂਟੀਆਂ ਦੇ ਕਾੜ੍ਹੇ ਆਦਿ ਬਣਾ ਕੇ ਦਿੱਤੇ ਜਾਂਦੇ ਹਨ। ਗੁਜ਼ਰ ਕਬੀਲੇ ਵਿੱਚ ਬੱਚੇ ਦਾ ਜਨਮ ਘਰ ਵਿਚ ਹੀ ਸੰਪੰਨ ਹੁੰਦਾ ਹੈ। ਸੰਕਟ ਦੀ ਸਥਿਤੀ ਜਾਂ ਕੋਈ ਹੋਰ ਸਮੱਸਿਆ ਆ ਜਾਣ 'ਤੇ ਕਿਸੇ ਨੇੜੇ ਦੇ ਹਸਪਤਾਲ ਦੀ ਮੱਦਦ ਲਈ ਜਾਂਦੀ ਹੈ। ਅੱਜ ਵੀ ਗੁਜਰ ਕਬੀਲੇ ਦੇ ਲੋਕ ਘਰ ਵਿੱਚ ਜਣੇਪਾ ਕਰਾਉਣ ਵਿੱਚ ਵਿਸ਼ਵਾਸ ਰੱਖਦੇ ਹਨ। ਬੱਚੇ ਦੇ ਜਨਮ ਤੱਕ ਗਰਭਵਤੀ ਔਰਤ ਅਤੇ ਕਬੀਲਾ ਦਾਈ ਦਾ ਆਪਸੀ ਰਾਬਤਾ ਬਣਿਆ ਰਹਿੰਦਾ ਹੈ। ਬੱਚੇ ਦੇ ਜਨਮ ਤੀਕ ਬੱਚਾ-ਜੱਚਾ ਦਾ ਧਿਆਨ ਰੱਖਣਾ ਕਬੀਲੇ ਦੀ ਦਾਈ ਆਪਣਾ ਧਰਮ ਸਮਝਦੀ ਹੈ।

ਬੱਚੇ ਦਾ ਜਨਮ : ਗੁਜਰ ਕਬੀਲੇ ਵਿਚ ਬੱਚੇ ਦਾ ਜਨਮ ਹੋਣ 'ਤੇ ਮਾਂ ਅਤੇ ਬੱਚੇ ਨੂੰ ਘਰ ਵਿੱਚ ਕਿਸੇ ਨਿੱਘੀ ਅਤੇ ਸੁਰੱਖਿਅਤ ਥਾਂ 'ਤੇ ਰੱਖਿਆ ਜਾਂਦਾ ਹੈ। ਬੱਚੇ ਦੇ ਜਨਮ ਤੋਂ ਤੁਰੰਤ ਬਾਅਦ ਬੱਚੇ ਨੂੰ ਕਬੀਲੇ ਦੀ ਦਾਈ ਦੁਆਰਾ ਕੋਸੇ ਪਾਣੀ ਨਾਲ ਇਸ਼ਨਾਨ ਕਰਾਇਆ ਜਾਂਦਾ ਹੈ। ਇਸ਼ਨਾਨ ਉਪਰੰਤ ਉਸਦੇ ਘਰ ਵਿੱਚ ਪੁਰਾਣੇ ਬਸਤਰਾਂ ਤੋਂ ਤਿਆਰ ਕੀਤੇ ਕੱਪੜੇ ਪਾਏ ਜਾਂਦੇ ਹਨ। ਅਜਿਹਾ ਨਵਜਾਤ ਬੱਚੇ ਨੂੰ ਨਜ਼ਰ ਤੋਂ ਬਚਾਉਣ ਲਈ ਕੀਤਾ ਜਾਂਦਾ ਹੈ। ਜਣੇਪੇ ਵਾਲਾ ਘਰ 'ਬਾਹਰਲੇ' ਤੇ 'ਓਪਰੇ ਲੋਕਾਂ' ਲਈ ਵਰਜਿਤ ਹੁੰਦਾ ਹੈ। ਗੁਜਰ ਕਬੀਲਾ ਭੂਤ-ਪ੍ਰੇਤਾਂ ਵਿੱਚ ਵਿਸ਼ਵਾਸ ਕਰਦਾ ਹੈ। ਇਸ ਲਈ ਬੱਚੇ ਨੂੰ ਭੂਤ ਪ੍ਰੇਤਾਂ ਤੋਂ ਬਚਾਉਣ ਲਈ ਬੱਚੇ ਅਤੇ ਮਾਂ ਦੇ ਸਿਰਹਾਣੇ ਉਚੇਚੇ ਤੌਰ 'ਤੇ ਲੋਹੇ ਦਾ ਕੋਈ ਹਥਿਆਰ ਰੱਖਿਆ ਜਾਂਦਾ ਹੈ। ਇਸਦੇ ਨਾਲ ਹੀ ਮੰਜੇ ਦੇ ਸਿਰਹਾਣੇ ਲੋਹੇ ਦਾ ਜੰਦਰਾ ਮਾਰ ਦਿੱਤਾ ਜਾਂਦਾ ਹੈ। ਇਹ ਇਕ ਕਿਸਮ ਦਾ 'ਓਪਰੀ ਛਾਇਆ' ਤੋਂ ਮਾਂ ਅਤੇ ਬੱਚੇ ਨੂੰ ਬਚਾਉਣ ਲਈ ਬੰਨ੍ਹਣ ਕੀਤਾ ਜਾਂਦਾ ਹੈ। ਬੱਚੇ ਨੂੰ ਮਾੜੀ ਛਾਇਆ ਤੋਂ ਬਚਾਉਣ ਲਈ ਉਸਦੇ ਹੱਥ ਨਾਲ ਕਣਕ ਅਤੇ ਕੌਡੀ ਆਦਿ ਉਚੇਚੇ ਤੌਰ 'ਤੇ ਬੰਨ੍ਹੀ ਜਾਂਦੀ ਹੈ। ਗੁਜਰ ਕਬੀਲੇ ਦੇ ਅੰਧਵਿਸ਼ਵਾਸ ਅਤੇ ਟੋਟਮ ਟੈਬੂ ਕਬੀਲੇ ਦੇ ਲੰਬੇ ਇਤਿਹਾਸ ਵਿੱਚੋਂ ਉਦੈ ਹੁੰਦੇ ਹਨ। ਗੁਜਰ ਕਬੀਲੇ ਵਿੱਚ ਜਨਮ ਉਪਰੰਤ ਬੱਚੇ ਨੂੰ ਘਰ ਦੀ ਕਿਸੇ ਸਿਆਣੀ ਔਰਤ ਤੋਂ ਸ਼ਹਿਦ ਦੀ ਗੁੜ੍ਹਤੀ ਦਵਾਈ ਜਾਂਦੀ ਹੈ। ਇਸ ਸੰਬੰਧੀ ਕਬੀਲੇ ਵਿੱਚ ਵਿਸ਼ਵਾਸ ਹੈ ਕਿ ਗੁੜ੍ਹਤੀ ਦੇਣ ਵਾਲੇ ਦੇ ਗੁਣ ਬੱਚੇ ਵਿੱਚ ਪ੍ਰਵੇਸ਼ ਕਰਦੇ ਹਨ।

ਬੱਚੇ ਨੂੰ ਦੁੱਧ ਦੇਣ ਦੀ ਰਸਮ : ਗੁੱਜਰ ਕਬੀਲੇ ਵਿੱਚ ਬੱਚੇ ਨੂੰ ਮਾਂ ਦੀ ਛਾਤੀ ਨਾਲ ਲਾਉਣ ਤੋਂ ਪਹਿਲਾਂ 'ਛਾਤੀ ਧੋਣ' ਦੀ ਰਸਮ ਅਦਾ ਕੀਤੀ ਜਾਂਦੀ ਹੈ। ਇਸ ਰਸਮ ਵਿੱਚ ਕੱਚੀ ਲੱਸੀ ਵਿੱਚ ਸ਼ਗਨ ਵਜੋਂ ਕੁਝ ਪੈਸੇ ਅਤੇ ਹਰੇ ਘਾਹ ਦੇ ਦੋ ਚਾਰ ਤਿਣਕੇ

ਸੁੱਟ ਕੇ ਨਵਜਾਤ ਬੱਚੇ ਨੂੰ ਦੁੱਧ ਦੇਣ ਤੋਂ ਪਹਿਲਾਂ ਮਾਂ ਦੀ ਛਾਤੀ ਸਾਫ ਕੀਤੀ ਜਾਂਦੀ ਹੈ। ਇਸ ਰਸਮ ਵਿੱਚ ਸ਼ਾਮਲ ਪਰਿਵਾਰ ਦੀ ਔਰਤ ਨੂੰ ਕਬੀਲੇ ਵਿੱਚ ਸ਼ਗਨ ਵਜੋਂ ਸੂਟ ਜਾਂ ਕੁਝ ਰੁਪਏ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਆ ਜਾਂਦਾ ਹੈ। ਗੁਜਰ ਕਬੀਲੇ ਵਿੱਚ ਤਿੰਨ ਲੜਕੀਆਂ ਬਾਅਦ ਪੈਦਾ ਹੋਣ ਵਾਲੇ ਲੜਕੇ ਨੂੰ 'ਤਰਿਕਲ' ਜਾਂ 'ਤੇਲੜ' ਕਿਹਾ ਜਾਂਦਾ ਹੈ। ਅਜਿਹੇ ਬੱਚੇ ਨੂੰ ਮਾਂ ਬਾਪ ਅਤੇ ਕਬੀਲੇ ਲਈ 'ਭਾਰਾ' ਸਮਝਿਆ ਜਾਂਦਾ ਹੈ। ਤੇਲੜ ਬੱਚੇ ਨੂੰ ਕੁਦਰਤ ਦੀ ਕਰੋਪੀ ਤੋਂ ਬਚਾਉਣ ਲਈ ਕਈ ਪ੍ਰਕਾਰ ਦੇ ਅਹੁੜ-ਪਹੁੜ ਕੀਤੇ ਜਾਂਦੇ ਹਨ। ਤੇਲੜ ਬੱਚੇ ਦੇ ਜਨਮ ਸਮੇਂ ਬੱਚੇ ਦੇ ਪਰਿਵਾਰ ਵੱਲੋਂ ਉਸਦੀ ਸਿਹਤਯਾਬੀ ਲਈ ਕਈ ਪ੍ਰਕਾਰ ਦੇ ਟੂਣੇ ਟਾਮਣ ਅਤੇ ਦਾਨ-ਪੁੰਨ ਵੀ ਕੀਤੇ ਜਾਂਦੇ ਹਨ। ਗੁਜਰ ਕਬੀਲੇ ਵਿੱਚ ਘਰ ਵਿੱਚ ਬੱਚਾ ਪੈਦਾ ਹੋਣ ਦੀ ਸੂਰਤ ਵਿੱਚ ਕਬੀਲੇ ਦੇ ਰਿਸ਼ਤੇਦਾਰਾਂ ਵਿੱਚ 'ਮਿੱਠਾ' ਸਾਂਝਾ ਕਰਨ ਦੀ ਪ੍ਰਥਾ ਪ੍ਰਚੱਲਿਤ ਹੈ। ਪੁਰਾਣੇ ਸਮਿਆਂ ਵਿੱਚ ਇਹ ਮਿੱਠਾ 'ਗੁੜ੍ਹ' ਅਤੇ 'ਸ਼ੱਕਰ' ਦੇ ਰੂਪ ਵਿੱਚ ਭੇਜਿਆ ਜਾਂਦਾ ਸੀ। ਗੁਜਰ ਕਬੀਲੇ ਵਿੱਚ ਬੱਚੇ ਦੇ ਜਨਮ ਸੰਸਕਾਰਾਂ ਵਿੱਚ ਪਾਂਧੇ ਦੀ ਪੁਰੋਹਿਤ ਵਜੋਂ ਵਿਸ਼ੇਸ਼ ਭੂਮਿਕਾ ਹੁੰਦੀ ਹੈ। ਗੁਜਰ ਕਬੀਲਾ ਬ੍ਰਾਹਮਣ ਦੇਵਤਾ ਦੇ ਦਿਸ਼ਾ ਨਿਰਦੇਸ਼ਾਂ 'ਤੇ ਹੀ ਆਪਣੇ ਸਾਰੇ ਕਾਰਜ ਸੰਪੰਨ ਕਰਦਾ ਹੈ। ਗੁਜਰ ਕਬੀਲੇ ਵਿੱਚ ਦਾਈ ਦਾ ਵਿਸ਼ੇਸ਼ ਸਨਮਾਨ ਹੁੰਦਾ ਹੈ। ਕਬੀਲੇ ਵਿੱਚ ਬੱਚੇ ਦੀ ਜਨਮ ਕਿਰਿਆ ਤੋਂ ਬਾਅਦ ਉਸਨੂੰ ਆਦਰ ਵਜੋਂ ਸੂਟ, ਦਾਣੇ ਅਤੇ ਵਿੱਤ ਅਨੁਸਾਰ ਲਾਗ ਦੇ ਕੇ ਸਤਿਕਾਰ ਕੀਤਾ ਜਾਂਦਾ ਹੈ।

ਚੌਂਕੇ ਚੜ੍ਹਾਉਣ ਦੀ ਰਸਮ : ਗੁਜਰ ਕਬੀਲੇ ਵਿਚ ਬੱਚੇ ਦੇ ਜਨਮ ਤੋਂ ਅੱਠਵੇਂ ਦਿਨ ਬਾਅਦ ਬੱਚੇ ਵਾਲੀ ਔਰਤ ਨੂੰ ਚੌਂਕੇ ਚੜ੍ਹਾਉਣ ਦੀ ਰਸਮ ਅਦਾ ਕੀਤੀ ਜਾਂਦੀ ਹੈ। ਗੁਜਰ ਕਬੀਲੇ ਵਿਚ ਇਹ ਰਸਮ ਸੂਤਕ ਸ਼ੁਧੀ ਲਈ ਕੀਤੀ ਜਾਂਦੀ ਹੈ। ਇਸ ਰਸਮ ਦਾ ਮੁੱਖ ਮੰਤਵ ਸ਼ਿਲੇ ਵਾਲੀ ਔਰਤ ਨੂੰ ਫਿਰ ਤੋਂ ਘਰ ਪਰਿਵਾਰ ਦੇ ਕਾਰ ਵਿਹਾਰ ਵਿੱਚ ਸ਼ਾਮਲ ਕਰਨਾ ਹੁੰਦਾ ਹੈ। ਕਬੀਲੇ ਵਿੱਚ ਇਹ ਰਸਮ ਸੁਹਾਗਣ ਇਸਤਰੀਆਂ ਦੁਆਰਾ ਨੇਪਰੇ ਚਾੜ੍ਹੀ ਜਾਂਦੀ ਹੈ। ਇਨ੍ਹਾਂ ਰਸਮਾਂ ਵਿੱਚ ਪਰਿਵਾਰਕ ਪਾਂਧੇ ਦੀ ਜ਼ਿਕਰਯੋਗ ਭੂਮਿਕਾ ਹੁੰਦੀ ਹੈ। ਇਸ ਰਸਮ ਵਿੱਚ ਘਰ ਦਾ ਚੌਂਕਾ ਗਊ ਦੇ ਗੋਹੇ ਨਾਲ ਲਿਪਣ ਉਪਰੰਤ ਕਬੀਲਾ ਕਰਮ-ਕਾਂਡ ਕੀਤੇ ਜਾਂਦੇ ਹਨ। ਇਸ ਸ਼ਿਲੇ ਵਾਲੀ ਔਰਤ ਆਪਣੇ ਬੱਚੇ ਨੂੰ ਗੋਦ ਵਿਚ ਲੈ ਕੇ ਚੜ੍ਹਦੇ ਸੂਰਜ ਵੱਲ ਮੂੰਹ ਕਰਕੇ ਚੌਂਕੇ 'ਤੇ ਸ਼ਾਂਤ ਮੁਦਰਾ ਵਿੱਚ ਬੈਠ ਜਾਂਦੀ ਹੈ। ਇਸ ਦੌਰਾਨ ਪਾਂਧਾ ਕੁਝ ਮੰਤਰਾਂ ਦਾ ਉਚਾਰਨ ਕਰਕੇ ਬੱਚੇ ਦੇ ਹੱਥ ਨਾਲ ਖੰਬੜੀ ਬੰਨ੍ਹਣ ਦਾ ਸ਼ਗਨ ਅਦਾ ਕਰਦਾ ਹੈ। ਲੜਕਾ ਹੋਣ ਦੀ ਸੂਰਤ ਵਿੱਚ ਇਸ ਦਿਨ ਕਬੀਲਾ ਭਾਈਚਾਰੇ ਦਾ ਭੋਜਨ ਪਾਣੀ ਕੀਤਾ ਜਾਂਦਾ ਹੈ ਜਿਸ ਵਿਚ 'ਕੜਾਹ ਪ੍ਰਸ਼ਾਦ' ਵਿਸ਼ੇਸ਼ ਤੌਰ 'ਤੇ ਸ਼ਾਮਲ ਕੀਤਾ ਜਾਂਦਾ ਹੈ।

ਪੰਜੀਰੀ ਰਲਾਉਣ ਦੀ ਰਸਮ : ਗੁਜਰ ਕਬੀਲੇ ਵਿੱਚ ਸ਼ਿਲੇ ਵਾਲੀ ਔਰਤ ਨੂੰ ਚੌਂਕੇ ਚੜ੍ਹਾਉਣ ਤੋਂ ਕੁਝ ਦਿਨ ਬਾਅਦ ਪੰਜੀਰੀ ਰਲਾਉਣ ਅਤੇ ਤੜਾਗੀ ਬੰਨ੍ਹਣ ਦੀ ਰਸਮ ਅਦਾ ਕੀਤੀ ਜਾਂਦੀ ਹੈ। ਇਸ ਰਸਮ ਵਿੱਚ ਜਣੇਪੇ ਵਾਲੀ ਔਰਤ ਦਾ ਪੇਕਾ ਪਰਿਵਾਰ ਨਿਸਚਿਤ ਦਿਨ ਪੰਜੀਰੀ ਦਾ ਕੱਚਾ ਰਾਸ਼ਨ ਲੈ ਕੇ ਬੱਚੇ ਦੇ ਸ਼ਗਨ ਕਰਨ ਪਹੁੰਚਦਾ ਹੈ।

ਪੰਜੀਰੀ ਰਲਾਉਣ ਦੀ ਰਸਮ ਦੇ ਨਾਲ ਹੀ ਦਾਦਕੇ ਪਰਿਵਾਰ ਵੱਲੋਂ ਬੱਚੇ ਦੇ ਕਾਲੇ ਧਾਗੇ ਵਿੱਚ ਘੁੰਗਰੂ, ਕੌਡੀ, ਰੱਤ ਚੰਨਣ ਦੀ ਲੱਕੜ ਅਤੇ ਲੋਹੇ ਦਾ ਛੱਲਾ ਪਰੋ ਕੇ 'ਤੜਾਗੀ' ਬੰਨ੍ਹੀ ਜਾਂਦੀ ਹੈ। 'ਤੜਾਗੀ' ਬੱਚੇ ਦਾ ਸੁਰੱਖਿਆ ਚੱਕਰ ਹੁੰਦੀ ਹੈ। ਇਹ ਬੱਚੇ ਨੂੰ ਕਿਸੇ 'ਓਪਰੀ ਸ਼ੈਅ ਅਤੇ ਨਜ਼ਰ' ਤੋਂ ਬਚਾਉਣ ਲਈ ਬੰਨ੍ਹੀ ਜਾਂਦੀ ਹੈ। ਇਸ ਰਸਮ ਮੌਕੇ ਗੁਜਰ ਕਬੀਲੇ ਦੇ ਲੋਕ ਪ੍ਰਸੂਤ ਵਾਲੀ ਔਰਤ ਅਤੇ ਨਵ ਜਨਮੇ ਬੱਚੇ ਨੂੰ ਸ਼ਗਨ ਪਾਉਣ ਦੇ ਨਾਲ-ਨਾਲ ਨੇੜੇ-ਤੇੜੇ ਦੇ ਹੋਰ ਅੰਗ-ਸਾਕਾਂ ਦਾ ਵੀ ਮਾਣ ਸਤਿਕਾਰ ਤੇ ਵਡਿਆਈ ਕਰਦੇ ਹਨ। ਇਸ ਰਸਮ ਵਿੱਚ ਕਬੀਲੇ ਦੀਆਂ ਸਿਆਣੀਆਂ ਔਰਤਾਂ ਵੱਲੋਂ ਬੱਚੇ ਨੂੰ ਵਿੱਤ ਅਨੁਸਾਰ ਸ਼ਗਨ ਦੇ ਕੇ ਲੰਮੀ ਉਮਰ ਦੀਆਂ ਦੁਆਵਾਂ ਦਿੱਤੀਆਂ ਜਾਂਦੀਆਂ ਹਨ।

ਧਾਮ ਦੀ ਰਸਮ : ਗੁਜਰ ਕਬੀਲੇ ਵਿੱਚ ਸਰਦੇ-ਪੁਜਦੇ ਘਰ ਲੜਕੇ ਦੇ ਜਨਮ ਉਪਰੰਤ ਖੁਸ਼ੀ ਵਿੱਚ 'ਧਾਮ' ਦੀ ਰਸਮ ਪੂਰੀ ਕਰਦੇ ਹਨ। ਇਸ ਰਸਮ ਵਿੱਚ ਸਾਰੇ ਗੁਜਰ ਡੇਰੇ ਨੂੰ ਕਬੀਲਾ ਭੋਜ ਦਿੱਤਾ ਜਾਂਦਾ ਹੈ। ਇਸ ਭੋਜ ਵਿੱਚ 'ਕੜਾਹ ਪ੍ਰਸ਼ਾਦ' ਸਤਿਕਾਰ ਵਜੋਂ ਵਿਸ਼ੇਸ਼ ਤੌਰ 'ਤੇ ਸ਼ਾਮਲ ਕੀਤਾ ਜਾਂਦਾ ਹੈ। ਧਰਮ ਦੀ ਰਸਮ ਤੋਂ ਪਹਿਲਾਂ ਗੁਜਰ ਕਬੀਲੇ ਦੇ ਲੋਕ 'ਪੁਰਖ ਪੂਜਾ' ਪੂਰੀ ਕਰਦੇ ਹਨ। ਪੁਰਖ ਪੂਜਾ ਵਿੱਚ ਕਬੀਲਾ ਪੁਰਖਿਆਂ ਦਾ ਭੋਜਨ 'ਸੱਤ ਅੱਡਰੀਆਂ ਕੌਲੀਆਂ' ਵਿੱਚ ਪਾ ਕੇ ਇਕ ਪਾਸੇ ਰੱਖ ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਅਗਨ ਦੇਵਤੇ ਦੇ ਧੂਫ਼ ਅਰਪ ਕੇ ਕਬੀਲਾ ਪੁਰਖਿਆਂ ਦੀਆਂ ਰੂਹਾਂ ਨੂੰ ਯਾਦ ਕੀਤਾ ਜਾਂਦਾ ਹੈ। ਇਸ ਰਸਮ ਤੋਂ ਬਾਅਦ ਕਬੀਲੇ ਦੇ ਲੋਕਾਂ ਨੂੰ ਭੋਜਨ ਪਾਣੀ ਸੇਵਨ ਕਰਾ ਕੇ ਧੀਆਂ-ਧਿਆਣੀਆਂ ਨੂੰ ਵਿੱਤ ਅਨੁਸਾਰ ਬਸਤਰ ਅਤੇ ਸ਼ਗਨ ਦੇ ਕੇ ਮਾਣ ਸਤਿਕਾਰ ਵੀ ਦਿੱਤਾ ਜਾਂਦਾ ਹੈ। ਇਸ ਰਸਮ ਵਿੱਚ ਸ਼ਾਮਲ ਰਿਸ਼ਤੇਦਾਰ ਅਤੇ ਡੇਰੇ ਦੇ ਲੋਕ ਬੱਚੇ ਨੂੰ ਸ਼ਗਨ ਵਜੋਂ ਕੱਪੜੇ ਲੀੜੇ ਅਤੇ ਪੈਸੇ ਆਦਿ ਦਿੰਦੇ ਹਨ। ਇਸ ਰਸਮ ਤੋਂ ਬਾਅਦ ਭੋਜ ਵਿੱਚ ਸ਼ਾਮਲ ਗੁਜਰ ਕਬੀਲਾ ਬੱਚੇ ਨੂੰ ਅਸੀਸਾਂ ਦਿੰਦਾ ਹੋਇਆ ਰੁਖਸਤ ਹੁੰਦਾ ਹੈ।

ਮੁੰਡਨ ਦੀ ਰਸਮ : ਗੁਜਰ ਲੋਕ ਪੁੱਤਰ ਪੈਦਾ ਹੋਣ 'ਤੇ ਦੋ-ਤਿੰਨ ਸਾਲ ਬਾਅਦ 'ਮੁੰਡਨ ਦੀ ਰਸਮ' ਅਦਾ ਕਰਦੇ ਹਨ। ਮੁੰਡਨ ਦੀ ਰਸਮ ਕਿਸੇ ਦੇਵੀ ਦੇ ਸਥਾਨ 'ਤੇ ਪੂਰੀ ਕੀਤੀ ਜਾਂਦੀ ਹੈ। ਇਹ ਲੋਕ ਜ਼ਿਆਦਾਤਰ ਨੈਣਾਂ ਦੇਵੀ, ਵੈਸ਼ਨੂੰ ਦੇਵੀ, ਚਿੰਤਪੁਰਨੀ, ਕਾਲੀ ਮਾਤਾ, ਮਨਸਾ ਦੇਵੀ, ਜਵਾਲਾ ਜੀ ਅਤੇ ਚਮੁੰਡਾ ਦੇਵੀ ਦੇ ਹੀ ਝੰਡ ਲਾਹੁਣ ਦੀ ਰਸਮ ਅਦਾ ਕਰਦੇ ਹਨ। ਇਸ ਰਸਮ ਵਿਚ ਗੁਜਰ ਡੇਰੇ ਦੇ ਲੋਕ ਮਾਂ ਅਤੇ ਬੱਚੇ ਸਮੇਤ ਪੂਰੇ ਕੋੜਮੇ ਨੂੰ ਨਾਲ ਲੈ ਕੇ ਦੇਵੀ ਦੇ ਤੀਰਥ ਸਥਾਨ ਲਈ ਘਰੋਂ ਨਿਕਲਦੇ ਹਨ। ਇਸ ਸਮੇਂ ਗੁਜਰ ਕਬੀਲੇ ਦੀਆਂ ਔਰਤਾਂ ਬੱਚੇ ਦੀ ਮਾਂ ਨੂੰ ਸ਼ਗਨ ਵਜੋਂ ਵਿੱਤ ਅਨੁਸਾਰ 'ਪੈਸੇ' ਅਤੇ 'ਨੂਠੀ' ਪਾਉਂਦੀਆਂ ਹਨ। ਦੇਵੀ ਦੇ ਮੰਦਰ ਜਾਣ ਤੋਂ ਇਕ ਦਿਨ ਪਹਿਲਾਂ ਬੱਚੇ ਦੇ ਮਾਤਾ-ਪਿਤਾ ਵੱਲੋਂ ਬੱਚੇ ਦੀ ਦੁਆ ਸਲਾਮਤੀ ਲਈ ਵਰਤ ਰੱਖਿਆ ਜਾਂਦਾ ਹੈ। ਇਸ ਸ਼ੁਭ ਸਗਨ ਦੇ ਮੌਕੇ ਕਬੀਲੇ ਦੀ ਔਰਤਾਂ ਦੇਵੀ ਦਾ ਭੇਟਾਂ ਦੁਆਰਾ ਜਸ ਗਾਇਨ ਕਰਦੀਆਂ ਹੋਈਆਂ ਬੱਚੇ ਦੇ ਪਰਿਵਾਰ ਅਤੇ ਨਾਲ ਜਾਣ ਵਾਲੇ ਸ਼ਰਧਾਲੂਆਂ ਨੂੰ ਡੇਰੇ ਦੀ ਜੂਹ ਤੱਕ ਛੱਡਣ ਜਾਂਦੀਆਂ ਹਨ। ਸੰਬੰਧਤ ਦੇਵੀ ਦੇ ਮੰਦਰ ਪਹੁੰਚ ਕੇ ਬੱਚੇ ਦੀ ਝੰਡ ਲੁਹਾਈ ਜਾਂਦੀ

ਹੈ। 'ਮੁੰਡਨ' ਦੀ ਰਸਮ ਵੇਲੇ ਦੇਵੀ ਮਾਤਾ ਦੇ ਵਿੱਤ ਅਨੁਸਾਰ ਪੈਸੇ ਅਤੇ ਪ੍ਰਸ਼ਾਦ ਚੜ੍ਹਾਇਆ ਜਾਂਦਾ ਹੈ। ਇਸ ਰਸਮ ਵਿੱਚ ਬੱਚੇ ਦਾ ਪਰਿਵਾਰ ਵਿਸ਼ੇਸ਼ ਰੂਪ ਵਿੱਚ ਕੰਜਕਾਂ ਨੂੰ ਭੋਜਨ ਕਰਾ ਕੇ 'ਕੰਜਕ ਪੂਜਾ' ਕਰਦਾ ਹੈ। ਕੰਜਕ ਪੂਜਾ ਕਰਨ ਤੋਂ ਬਾਅਦ ਬੱਚੇ ਦਾ ਪਰਿਵਾਰ 'ਅੰਨ੍ਹ ਜਲ ਮੂੰਹ' ਨੂੰ ਲਾ ਕੇ ਆਪਣਾ ਵਰਤ ਖੋਲ੍ਹਦਾ ਹੈ। ਮੁੰਡਨ ਦੀ ਇਸ ਸਾਰੀ ਪ੍ਰਕਿਰਿਆ ਦੌਰਾਨ ਗੁਜਰ ਕਬੀਲੇ ਦੀਆਂ ਔਰਤਾਂ ਨਾਲ-ਨਾਲ ਮਾਤਾ ਦੀ ਉਸਤਤ ਵਿਚ ਭੇਟਾਂ ਗਾਉਂਦੀਆਂ ਹਨ :

ਮਾਤਾ ਰਾਣੀ ਨੂੰ
ਪਰਸਣ ਮੈਂ ਚੱਲੀ
ਲੱਖ ਲਾ ਕੇ ਦਮਾਂ ਦੀਆਂ
ਬੋਰੀਆਂ
ਮਾਤਾ ਹੋਰ ਦਈਏ ਪੁੱਤਾਂ ਦੀਆਂ
ਜੋੜੀਆਂ
ਮੈਂ ਵਾਰੀ ਓ ਮਾਤਾ
ਤੈਂ ਤਾਰੀ ਓ ਮਾਤਾ

ਉਪਰੋਕਤ ਪੂਜਾ ਤੋਂ ਬਾਅਦ ਗੁਜਰ ਕਬੀਲੇ ਦੇ ਲੋਕ ਮਾਤਾ ਦੇ ਪ੍ਰਸ਼ਾਦ ਅਰਪਣ ਕਰਨ ਤੋਂ ਬਾਅਦ ਡੇਰੇ ਦੇ ਲੋਕਾਂ ਲਈ ਪ੍ਰਸ਼ਾਦ ਲੈ ਕੇ ਘਰ ਵੱਲ ਚਾਲੇ ਪਾਉਂਦੇ ਹਨ। ਮੰਦਰ ਦੀ ਚੜ੍ਹਾਈ ਤੋਂ ਲੈ ਕੇ ਮੰਦਰ ਦੀ ਉਤਰਾਈ ਤੱਕ ਇਹ ਲੋਕ ਮਾਤਾ ਦਾ ਭੇਟਾਂ ਦੁਆਰਾ ਜਸ ਗਾਇਨ ਕਰਦੇ ਹਨ। ਦੇਵੀ ਦੇ ਦਰਸ਼ਨ ਤੋਂ ਬਾਅਦ ਘਰ ਪੁੱਜਣ ਉਪਰੰਤ ਗੁਜਰ ਕਬੀਲੇ ਦੇ ਲੋਕ ਬੱਚੇ ਦੇ ਪਰਿਵਾਰ ਵਾਲੇ ਘਰ ਸ਼ਰਧਾਲੂਆਂ ਦੇ ਸਵਾਗਤ ਲਈ ਇਕੱਤਰ ਹੋ ਜਾਂਦੇ ਹਨ। ਇਸ ਰਸਮ ਮੌਕੇ ਬੱਚੇ ਦੀ ਮਾਂ ਕਬੀਲੇ ਦੇ ਵਡੇਰਿਆਂ ਨੂੰ ਸ਼ਰਧਾ ਅਤੇ ਆਦਰ ਵਜੋਂ ਮੱਥਾ ਟੇਕਦੀ ਹੈ। ਇਸ ਰਸਮ ਵਿੱਚ ਸਾਰੇ ਡੇਰੇ ਨੂੰ ਲੱਸੀ ਪਾਣੀ ਅਤੇ ਮਾਤਾ ਦੇ ਦਰਬਾਰ ਦਾ ਪ੍ਰਸ਼ਾਦ ਵੰਡਿਆ ਜਾਂਦਾ ਹੈ। ਇਸ ਤਰ੍ਹਾਂ ਗੁਜਰ ਕਬੀਲੇ ਵਿੱਚ ਬੱਚੇ ਦੇ 'ਮੁੰਡਨ' ਦੀ ਰਸਮ ਅਦਾ ਕੀਤੀ ਜਾਂਦੀ ਹੈ। ਗੁਜਰ ਕਬੀਲੇ ਵ੍ਹਿੱਚ ਇਸ ਤੋਂ ਇਲਾਵਾ ਦੰਦ ਕੱਢਣ ਦੀ ਰਸਮ, ਗੰਡਮੂਲ ਪੂਜਾ, ਗਣਪਤੀ ਪੂਜਾ, ਗੌਰਜਾਂ ਪੂਜਾ, ਬਰਨੀ ਸੰਕਲਪ ਆਦਿ ਜਨਮ ਨਾਲ ਸੰਬੰਧਤ ਸੰਸਕਾਰ ਪੂਰੇ ਕੀਤੇ ਜਾਂਦੇ ਹਨ।

ਗੁਜਰ ਕਬੀਲੇ ਦੀਆਂ ਵਿਆਹ ਰਸਮਾਂ

ਗੁਜਰ ਕਬੀਲੇ ਵਿੱਚ ਸੁਜਾਤੀ ਵਿਆਹ ਦੀ ਪ੍ਰਥਾ ਪ੍ਰਚਲਿਤ ਹੈ। ਕਿਸੇ ਦੂਸਰੇ ਕਬੀਲੇ ਜਾਂ ਜਾਤੀ ਵਿੱਚ ਵਿਆਹ ਕਰਨ ਵਾਲੇ ਪਰਿਵਾਰ ਨੂੰ ਕਬੀਲੇ ਵਿਚੋਂ ਛੇਕ ਦਿੱਤਾ ਜਾਂਦਾ ਹੈ। ਕਬੀਲੇ 'ਤੇ ਬਾਹਰ ਜਾਣ ਵਾਲੇ ਵਿਅਕਤੀ ਨੂੰ ਗੁਜਰ ਲੋਕ ਹੀਣਾ ਸਮਝਦੇ ਹਨ। ਗੁਜਰ ਕਬੀਲੇ ਵਿੱਚ ਆਪਣੀਆਂ ਕਬੀਲਾ ਪਰੰਪਰਾਵਾਂ ਅਤੇ ਪਿਤਾ ਪੁਰਖੀ ਮਾਨਤਾਵਾਂ ਪ੍ਰਤੀ ਗਹਿਰੀ ਆਸਥਾ ਹੈ। ਗੁਜਰ ਕਬੀਲਾ ਆਪਣੇ ਕੀਮਤ ਪ੍ਰਬੰਧ ਅਤੇ ਮੁੱਲ ਵਿਧਾਨ ਨੂੰ ਬਣਾਈ ਰੱਖਣ

ਲਈ ਸਖਤ ਮਨੌਤਾਂ ਦੀ ਪਾਲਣਾ ਕਰਦਾ ਹੈ। ਇਸ ਪ੍ਰਕਿਰਿਆ ਵਿਚ ਟੋਟਮ ਟੈਬੂ ਪਰੰਪਰਾ ਆਪਣੀ ਵਿਸ਼ੇਸ਼ ਭੂਮਿਕਾ ਨਿਭਾਉਂਦੀ ਹੈ। ਗੁਜਰ ਕਬੀਲੇ ਵਿੱਚ ਵਿਚੋਲੇ ਦੀ ਭੂਮਿਕਾ ਜ਼ਿਆਦਾਤਰ ਨੇੜੇ ਦੇ ਰਿਸ਼ਤੇਦਾਰਾਂ ਜਾਂ ਸਕੇ ਸੰਬੰਧੀਆਂ ਵੱਲੋਂ ਨਿਭਾਈ ਜਾਂਦੀ ਹੈ।

ਮੰਗਣੀ ਦੀ ਰਸਮ : ਗੁਜਰ ਕਬੀਲੇ ਵਿੱਚ ਵਿਆਹ ਦੀ ਰਸਮ ਤੋਂ ਪਹਿਲਾਂ ਕੁੜਮਾਈ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਕੁੜਮਾਈ ਦੀ ਰਸਮ ਵਿੱਚ ਮੁੰਡੇ ਕੁੜੀ ਦੀ ਦੇਖ-ਰੇਖ ਤੋਂ ਬਾਅਦ ਸ਼ਗਨ ਲਾਉਣ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਇਹ ਰਸਮ ਪਿੰਡ ਦੇ ਚੌਧਰੀਆਂ ਅਤੇ ਪਤਵੰਤਿਆਂ ਦੀ ਹਾਜ਼ਰੀ ਵਿੱਚ ਨੇਪਰੇ ਚਾੜ੍ਹੀ ਜਾਂਦੀ ਹੈ। ਮੰਗਣੀ ਦੀ ਰਸਮ ਵਿਚ ਵਿਚੋਲੇ ਭਾਵ 'ਰਬਾਰੇ' ਅਤੇ 'ਬ੍ਰਾਹਮਣ ਦੇਵਤਾ' ਦਾ ਮਹੱਤਵਪੂਰਨ ਸਥਾਨ ਹੁੰਦਾ ਹੈ। ਕੁੜਮਾਈ ਦੀ ਰਸਮ ਵਿੱਚ ਗੁਜਰ ਕਬੀਲੇ ਦੇ ਲੋਕ ਆਪਣੇ ਵੱਲੋਂ ਪਾਂਧੇ ਨੂੰ ਨਾਲ ਲੈ ਕੇ ਲੜਕੇ ਵਾਲਿਆਂ ਦੇ ਘਰ ਢੁੱਕਦੇ ਹਨ। ਇਸ ਉਪਰੰਤ ਮੰਗਣੀ ਵਾਲੇ ਲੜਕੇ ਨੂੰ ਪਤਵੰਤਿਆਂ ਦੀ ਹਾਜ਼ਰੀ ਵਿਚ ਧਰਤੀ 'ਤੇ ਲੱਗੇ 'ਆਸਣ' 'ਤੇ ਬਿਠਾ ਕੇ ਉਸਦੇ ਸਹੁਰੇ ਪਰਿਵਾਰ ਵੱਲੋਂ ਸ਼ਗਨ ਪਾਇਆ ਜਾਂਦਾ ਹੈ। ਸ਼ਗਨਾਂ ਵਜੋਂ ਲੜਕੇ ਦੇ ਮੂੰਹ ਨੂੰ ਛੁਹਾਰੇ ਅਤੇ ਝੋਲੀ ਵਿੱਚ ਵਿੱਤ ਅਨੁਸਾਰ ਸ਼ਗਨ ਪਾਇਆ ਜਾਂਦਾ ਹੈ। ਇਸ ਰਸਮ ਤੋਂ ਬਾਅਦ ਕਬੀਲੇ ਦੇ ਇਕੱਤਰ ਹੋਏ ਸਾਰੇ ਲੋਕ ਲੜਕੇ ਨੂੰ ਵਿੱਤ ਅਨੁਸਾਰ ਸ਼ਗਨ ਪਾਉਂਦੇ ਹਨ। ਕੁੜਮਾਈ ਦੀ ਰਸਮ ਸੰਪੰਨ ਹੋਣ 'ਤੇ ਗੁਜਰ ਕਬੀਲੇ ਦੇ ਲੋਕ ਪੂਰੇ ਡੇਰੇ ਵਿੱਚ ਮਿੱਠਾ ਵੰਡ ਕੇ ਖੁਸ਼ੀ ਦਾ ਇਜ਼ਹਾਰ ਕਰਦੇ ਹਨ। ਇਸ ਰਸਮ ਮੌਕੇ ਗੁਜਰ ਕਬੀਲੇ ਦੇ ਲੋਕ 'ਹੁੱਕਾ ਪਾਣੀ' ਉਚੇਚੇ ਰੂਪ ਵਿੱਚ ਸਾਂਝਾ ਕਰਦੇ ਹਨ। 'ਹੁਕੇ ਦੀ ਵਾਰੀ' ਦੇ ਨਾਲ-ਨਾਲ ਕਬੀਲੇ ਦੇ ਅੰਦਰੂਨੀ ਮਸਲਿਆਂ ਸੰਬੰਧੀ ਉਚੇਚਾ ਵਿਚਾਰ-ਵਟਾਂਦਰਾ ਕੀਤਾ ਜਾਂਦਾ ਹੈ। ਇਸ ਰਸਮ ਤੋਂ ਬਾਅਦ ਕੁੜਮਾਈ ਵਾਲਾ ਘਰ 'ਚੌਂਕੀ ਵਧਾਉਣ' ਦੀ ਰਸਮ ਪੂਰੀ ਕਰਦਾ ਹੈ। 'ਚੌਂਕੀ ਵਧਾਉਣ' ਤੋਂ ਭਾਵ ਮੰਗਣੀ ਦੀ ਰਸਮ ਨੂੰ ਸਮੇਟਣਾ ਹੁੰਦਾ ਹੈ। ਇਸ ਰਸਮ ਤੋਂ ਬਾਅਦ ਸਾਰੇ ਕਬੀਲੇ ਦਾ ਮੂੰਹ ਮਿੱਠਾ ਕਰਵਾ ਕੇ ਉਚੇਚੇ ਤੌਰ 'ਤੇ ਡੇਰੇ ਦੀ ਰੋਟੀ ਕੀਤੀ ਜਾਂਦੀ ਹੈ। ਗੁਜਰ ਕਬੀਲੇ ਵਿੱਚ 'ਸ਼ੱਕਰ' ਅਤੇ 'ਦੇਸੀ ਘਿਓ' ਸ਼ਗਨਾਂ ਦੀ ਰੋਟੀ ਵਿੱਚ ਵਿਸ਼ੇਸ਼ ਤੌਰ 'ਤੇ ਸ਼ਾਮਲ ਕੀਤੇ ਜਾਂਦੇ ਹਨ। ਕਬੀਲੇ ਵਿੱਚ ਇਨ੍ਹਾਂ ਨੂੰ ਮਾਣ-ਸਤਿਕਾਰ ਦਾ ਚਿੰਨ੍ਹ ਸਮਝਿਆ ਜਾਂਦਾ ਹੈ। ਰੋਟੀ ਦੀ ਰਸਮ ਵੇਲੇ ਕਬੀਲੇ ਦੇ ਬਜ਼ੁਰਗਾਂ ਅਤੇ ਪਤਵੰਤਿਆਂ ਦਾ ਉਚੇਚੇ ਤੌਰ 'ਤੇ ਹੱਥ ਧੁਆ ਕੇ ਸਤਿਕਾਰ ਕੀਤਾ ਜਾਂਦਾ ਹੈ। ਮੰਗਣੀ ਦੀ ਰਸਮ ਮੌਕੇ ਇਹ ਕਬੀਲਾ ਗੀਤ ਵਿਸ਼ੇਸ਼ ਤੌਰ 'ਤੇ ਬੋਲਿਆ ਜਾਂਦਾ ਹੈ :

ਚਿੱਟਾ ਜੀ ਚਾਵਲ
ਚਿੱਟਾ ਜੀ ਬੂਰਾ
ਸਾਡਾ ਚਿੱਟਾ ਹੈ ਜੀ ਘਿਓ
ਆਏ ਦਰਸ਼ਨ ਨੂੰ ਜੀ ਪਾਇਉ
ਏਹਦੀ ਗੀਤਾਂ ਦੀ ਲੈਣੀ ਜੀ ਤਸਵੀਰ
ਸਾਨੂੰ ਕੋਈ ਨਾ ਹਟਾਈਓ ਜੀ

ਇਸ ਤਰ੍ਹਾਂ ਉਪਰੋਕਤ ਕਬੀਲਾ ਕਾਰ-ਵਿਹਾਰ ਤੋਂ ਬਾਅਦ ਮੰਗਣੀ ਵਾਲੇ ਲੜਕੇ ਦੇ

ਪਰਿਵਾਰ ਵੱਲੋਂ ਮੁੰਡੇ ਦੇ ਸ਼ਗਨ ਲਾਉਣ ਆਏ ਲੜਕੀ ਦੇ ਪਿਤਾ ਨੂੰ ਸਤਿਕਾਰ ਵਜੋਂ 'ਚਿੱਟੀ ਪੱਗ' ਦੇ ਕੇ ਸਨਮਾਨ ਕੀਤਾ ਜਾਂਦਾ ਹੈ। ਚਿੱਟੀ ਪੱਗ ਦੋਹਾਂ ਪਰਿਵਾਰਾਂ ਦੀ ਆਪਸੀ 'ਸਾਂਝ' ਤੇ ਰਿਸ਼ਤੇ ਦੀ ਪੱਕਿਆਈ ਦਾ ਪ੍ਰਤੀਕ ਹੈ। ਇਸ ਰਸਮ ਤੋਂ ਬਾਅਦ ਲੜਕੀ ਦੇ ਪਿਤਾ ਵੱਲੋਂ ਲੜਕੇ ਨੂੰ ਵਿੱਤ ਅਨੁਸਾਰ ਸ਼ਗਨ ਦੇ ਕੇ ਜਵਾਈ ਵੱਜੋਂ ਨਿਵਾਜਿਆ ਜਾਂਦਾ ਹੈ। ਇਨ੍ਹਾਂ ਸਾਰੀਆਂ ਰਸਮਾਂ ਤੋਂ ਬਾਅਦ ਪਰਿਵਾਰ ਅਤੇ ਡੇਰੇ ਦੇ ਲੋਕ ਲੜਕੇ ਦੇ ਸ਼ਗਨ ਲਾਉਣ ਆਏ ਮਹਿਮਾਨਾਂ ਨੂੰ ਸਤਿਕਾਰ ਸੰਗ ਪਿੰਡ ਦੀ ਜੂਹ ਤੱਕ ਵਿਦਾ ਕਰਦੇ ਹਨ।

ਗੁਜਰ ਕਬੀਲੇ ਵਿਚ ਮੰਗਣੀ ਵਾਂਗ ਵਿਆਹ ਦੀਆਂ ਰਸਮਾਂ ਵੀ ਲੜੀਵਾਰ ਚਲਦੀਆਂ ਰਹਿੰਦੀਆਂ ਹਨ। ਇਨ੍ਹਾਂ ਰਸਮਾਂ ਵਿਚੋਂ ਗੁਜਰ ਕਬੀਲੇ ਦਾ ਸਮਾਜ ਸਭਿਆਚਾਰ ਆਪ ਮੁਹਾਰੇ ਝਲਕਦਾ ਨਜ਼ਰ ਆਉਂਦਾ ਹੈ। ਗੁਜਰ ਕਬੀਲੇ ਵਿੱਚ ਵਿਆਹ ਇਕ ਸਮਾਜਿਕ ਰਸਮ ਹੈ। ਇਸ ਰਸਮ ਵਿੱਚ ਕਬੀਲੇ ਦੇ ਹਰ ਇਕ ਵਿਅਕਤੀ ਦੀ ਸਨਮਾਨਯੋਗ ਭੂਮਿਕਾ ਹੁੰਦੀ ਹੈ। ਗੁਜਰ ਕਬੀਲੇ ਵਿੱਚ ਵਿਆਹ ਦੀਆਂ ਰਸਮਾਂ ਪਰਿਵਾਰ ਤੋਂ ਪੂਰੇ ਕਬੀਲੇ ਦੇ ਆਰ-ਪਾਰ ਫੈਲੀਆਂ ਨਜ਼ਰ ਆਉਂਦੀਆਂ ਹਨ। ਗੁਜਰ ਕਬੀਲੇ ਵਿਚ ਵਿਆਹ ਤਨ, ਮਨ ਅਤੇ ਆਤਮਾ ਦਾ ਰਿਸ਼ਤਾ ਕਿਆਸ ਕੀਤਾ ਜਾਂਦਾ ਹੈ। ਗੁਜਰ ਕਬੀਲੇ ਦਾ ਵਿਆਹ ਪ੍ਰਬੰਧ ਕੇਵਲ ਲੜਕੀ ਲੜਕੇ ਦੇ ਮਿਲਣ ਤੱਕ ਹੀ ਮਹਿਦੂਦ ਨਹੀਂ ਹੁੰਦਾ ਸਗੋਂ ਕਬੀਲਾ ਰੂੜ੍ਹੀਆਂ ਪਰੰਪਰਾਵਾਂ ਅਤੇ ਮਾਨਤਾਵਾਂ ਦੀ ਪੁਨਰ-ਸਥਾਪਨਾ ਵੱਲ ਇਸ਼ਾਰਾ ਕਰਦਾ ਹੈ। ਇਸਦੇ ਨਾਲ ਹੀ ਗੁਜਰ ਕਬੀਲੇ ਦਾ ਵਿਆਹ ਕਬੀਲਿਆਈ ਧਰਮ ਦੀ ਪ੍ਰੋੜਤਾ ਵੀ ਕਰਦਾ ਹੈ।

ਵਿਆਹ ਦਾ ਰੁੱਕਾ ਲੈ ਕੇ ਜਾਣਾ : ਗੁਜਰ ਕਬੀਲੇ ਵਿਚ ਵਿਚੋਲਾ ਵਿਆਹ ਦਾ 'ਰੁਕਾ' ਲੈ ਕੇ ਲੜਕੀ ਵਾਲਿਆਂ ਦੇ ਘਰ ਪਹੁੰਚਦਾ ਹੈ। ਪੁਰਾਣੇ ਸਮਿਆਂ ਵਿੱਚ ਕਬੀਲੇ ਦਾ 'ਨਾਈ' ਜਾਂ 'ਲਾਗੀ' ਵਿਸ਼ੇਸ਼ ਤੌਰ 'ਤੇ ਵਿਚੋਲੇ ਦੇ ਨਾਲ ਜਾਂਦੇ ਸਨ। ਬਾਕੀ ਕਬੀਲਿਆਂ ਵਿੱਚ ਅਜਿਹੀ ਰਸਮ ਪ੍ਰਚੱਲਿਤ ਨਹੀਂ ਹੈ। ਗੁਜ਼ਰ ਕਬੀਲੇ ਦੇ ਲੋਕ ਵਿਆਹ ਦੇ ਰੁੱਕੇ ਨੂੰ 'ਸਾਹੇ ਦੀ ਚਿੱਠੀ' ਵੀ ਆਖਦੇ ਹਨ। ਵਿਆਹ ਦਾ ਰੁੱਕਾ ਅਤੇ ਲੜਕੀ ਵਾਲਿਆਂ ਵਜੋਂ ਭੇਜੇ ਗਏ ਸ਼ਗਨਾਂ ਦੇ ਗਹਿਣੇ ਵਿਚੋਲੇ ਵੱਲੋਂ ਭਰੀ ਪੰਚਾਇਤ ਵਿੱਚ ਇਕ ਥਾਲ ਵਿੱਚ ਪਾ ਕੇ ਕਬੀਲੇ ਦੇ ਮੋਅਤਬਰ ਬੰਦਿਆਂ ਨੂੰ ਫੜਾ ਦਿੱਤੇ ਜਾਂਦੇ ਹਨ। ਕਬੀਲੇ ਦੀ ਪੰਚਾਇਤ ਅਤੇ ਵਿਚੋਲਾ ਸਾਹੇ ਦੀ ਚਿੱਠੀ ਅਤੇ ਗਹਿਣੇ ਪਤਵੰਤਿਆਂ ਦੀ ਹਾਜ਼ਰੀ ਵਿੱਚ ਵਿਆਹ ਵਾਲੇ ਮੁੰਡੇ ਦੀ ਝੋਲੀ ਪਾ ਦਿੰਦੇ ਹਨ। ਇਸ ਰਸੁਮ ਤੋਂ ਬਾਅਦ ਭਰੀ ਪੰਚਾਇਤ ਵਿਚ ਲੜਕੀ ਵਾਲਿਆਂ ਵੱਲੋਂ ਆਇਆ ਵਿਚੋਲਾ ਲੜਕੇ ਦੇ ਘਰ ਵਿਖੇ ਲੜਕੀ ਦੇ ਪਰਿਵਾਰ ਵੱਲੋਂ ਇਕ ਲਿਖਤੀ ਐਲਾਨਨਾਮਾ ਪੜ੍ਹਦਾ ਹੈ। ਇਸ ਐਲਾਨਨਾਮੇ ਵਿੱਚ ਕਬੀਲੇ ਦੇ ਬਰਾਤ ਵਿੱਚ ਵਧ-ਚੜ੍ਹ ਕੇ ਢੁੱਕਣ ਦੀ ਬੇਨਤੀ ਹੁੰਦੀ ਹੈ।

ਸ਼ਗਨਾਂ ਦੇ ਗੀਤਾਂ ਦੀ ਰਸਮ : ਗੁਜਰ ਕਬੀਲੇ ਵਿੱਚ ਲੜਕੇ ਦੇ ਵਿਆਹ ਦਾ ਦਿਨ ਨਿਸਚਿਤ ਹੋਣ 'ਤੇ ਗੁਜਰ ਕਬੀਲੇ ਦੀਆਂ ਔਰਤਾਂ ਅਤੇ ਲੜਕੀਆਂ ਰੋਜ਼ ਰਾਤ ਨੂੰ ਇਕੱਠੀਆਂ ਹੋ ਕੇ ਵਿਆਹ ਵਾਲੇ ਘਰ ਕਬੀਲਾ ਗੀਤ ਬੋਲਦੀਆਂ ਹਨ। ਇਸ ਰਸਮ ਵਿੱਚ

ਭਾਗ ਲੈਣ ਵਾਲੀਆਂ ਔਰਤਾਂ ਨੂੰ ਵਿਆਹ ਵਾਲੇ ਘਰ ਦੀਆਂ ਔਰਤਾਂ ਘਰ-ਘਰ ਜਾ ਕੇ ਸੱਦਾ ਦਿੰਦੀਆਂ ਹਨ। ਸ਼ਗਨਾਂ ਦੇ ਗੀਤਾਂ ਅਤੇ ਨਾਚ ਵਿਚ ਲਗਭਗ ਡੇਰੇ ਦੇ ਹਰ ਘਰ ਵਿੱਚੋਂ ਇਸਤਰੀਆਂ ਅਤੇ ਲੜਕੀਆਂ ਸ਼ਾਮਲ ਹੁੰਦੀਆਂ ਹਨ। ਗੁਜਰ ਕਬੀਲੇ ਵਿੱਚ ਲੜਕੇ ਦਾ ਵਿਆਹ ਪੂਰੇ ਜ਼ਾਹੋ-ਜਲਾਲ ਨਾਲ ਮਨਾਇਆ ਜਾਂਦਾ ਹੈ। ਗੁਜਰ ਕਬੀਲੇ ਵਿੱਚ ਲੜਕੀ ਦੇ ਵਿਆਹ ਵੇਲੇ ਵਿਆਹ ਤੋਂ ਪਹਿਲਾਂ ਸ਼ਗਨਾਂ ਦੇ ਗੀਤ ਦੇ ਰੂਪ ਵਿੱਚ 'ਝੰਝੋਟੀਆਂ' ਗਾਈਆਂ ਜਾਂਦੀਆਂ ਹਨ। ਗੁਜਰ ਕਬੀਲੇ ਵਿੱਚ ਔਰਤਾਂ ਵੱਲੋਂ ਹੇਠ ਲਿਖੀਆਂ ਸ਼ਗਨਾਂ ਦੀਆਂ ਘੋੜੀਆਂ ਗਾਈਆਂ ਜਾਂਦੀਆਂ ਹਨ।

ਮਾਂਈਏ ਦੀ ਰਸਮ : ਮਾਂਈਏ ਦੀ ਰਸਮ ਵਿਚ ਵਿਆਹ ਵਾਲੀ ਲੜਕੀ ਨੂੰ ਚੜ੍ਹਦੇ ਵੱਲ ਮੂੰਹ ਕਰਕੇ ਚੌਂਕੀ 'ਤੇ ਬਿਠਾਇਆ ਜਾਂਦਾ ਹੈ। ਇਸ ਰਸਮ ਵਿੱਚ ਲੜਕੀ ਦੇ ਪਰਿਵਾਰ ਦੀਆਂ ਔਰਤਾਂ, ਲੜਕੀ ਦੀਆਂ ਸਹੇਲੀਆਂ ਅਤੇ ਡੇਰੇ ਦੀਆਂ ਔਰਤਾਂ ਸ਼ਾਮਲ ਹੁੰਦੀਆਂ ਹਨ। ਚੌਂਕੀ ਕੋਲ ਇਕ ਦੇਸੀ ਘਿਓ ਦਾ ਦੀਵਾ ਬਾਲ ਕੇ ਧਰਿਆ ਜਾਂਦਾ ਹੈ। ਵਿਆਹ ਵਾਲੀ ਲੜਕੀ ਦੇ ਸਿਰ 'ਤੇ ਇਕ 'ਲਾਲ' ਕੱਪੜਾ ਤਾਣ ਕੇ ਉਸਦੇ ਵਟਣਾ ਮਲਣ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਵਟਣਾ ਮਲਣ ਦੀ ਰਸਮ ਸਮੇਂ ਕਬੀਲੇ ਦੀਆਂ ਔਰਤਾਂ ਅਤੇ ਲੜਕੀਆਂ ਇਕ ਦੂਜੀ ਨਾਲ ਖੁੱਲ੍ਹ ਕੇ ਹਾਸਾ-ਠੱਠਾ ਕਰਦੀਆਂ ਹਨ। ਇਸ ਰਸਮ ਵਿੱਚ ਕਬੀਲੇ ਦੀਆਂ ਔਰਤਾਂ ਵੱਲੋਂ ਕੁਝ ਕਬੀਲਾ ਗੀਤ ਵੀ ਬੋਲੇ ਜਾਂਦੇ ਹਨ।

ਮਹਿੰਦੀ ਦੀ ਰਸਮ : ਗੁਜਰ ਕਬੀਲੇ ਵਿੱਚ ਵਟਣਾ ਲਾਉਣ ਤੋਂ ਬਾਅਦ ਮਹਿੰਦੀ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਗੁਜਰ ਕਬੀਲੇ ਵਿੱਚ ਵਿਆਹ ਵਾਲੀ ਲੜਕੀ ਦੀ ਮਾਂ ਸ਼ਗਨ ਵਜੋਂ ਸਵਾ ਕਿਲੋ ਚਾਵਲ ਅਤੇ ਸਵਾ ਰੁਪੱਇਆ ਲੜਕੀ ਦੀ ਝੋਲੀ ਪਾਉਂਦੀ ਹੈ। ਵਿਆਹ ਵਾਲੀ ਲੜਕੀ ਵੱਲੋਂ ਮਹਿੰਦੀ ਦੇ ਸ਼ਗਨ ਪੂਰੇ ਕਰਨ ਵਾਲੀ ਸੁਹਾਗਣ ਔਰਤ ਜਾਂ ਲੜਕੀ ਨੂੰ ਸ਼ਗਨ ਵਜੋਂ ਸਵਾ ਰੁਪੱਈਆ ਦਿੱਤਾ ਜਾਂਦਾ ਹੈ। ਮਹਿੰਦੀ ਦੀ ਰਸਮ ਤੋਂ ਬਾਅਦ ਇਕ ਵਾਰ ਫਿਰ ਡੇਰੇ ਦੇ ਲੋਕਾਂ ਵੱਲੋਂ ਵਟਣਾ ਲਾਉਣ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਇਸ ਗੀਤ ਵਿਚ ਵਿਆਹ ਵਾਲੀ ਲੜਕੀ ਨੂੰ 'ਪੰਜ ਬੁਰਕੀਆਂ' ਘਿਉ ਸ਼ੱਕਰ ਵਿੱਚ ਰਲਾ ਕੇ ਸ਼ਗਨਾਂ ਵੱਜੋਂ ਦਿੱਤੀਆਂ ਜਾਂਦੀਆਂ ਹਨ। ਇਸ ਰਸਮ ਵਿਚ ਡੇਰੇ ਦੀਆਂ ਔਰਤਾਂ ਨੂੰ ਸਤਿਕਾਰ ਵੱਜੋਂ ਖਾਣ ਲਈ ਉਬਲੇ ਹੋਏ ਦਾਣੇ ਦਿੱਤੇ ਜਾਂਦੇ ਹਨ। ਇਸ ਰਸਮ ਤੋਂ ਬਾਅਦ ਲੜਕੀ ਦੇ ਕੰਗਣਾਂ ਬੰਨ੍ਹਣ ਦੀ ਰਸਮ ਅਦਾ ਕੀਤੀ ਜਾਂਦੀ ਹੈ। ਕੰਗਣਾਂ ਇਕ ਕਿਸਮ ਦੀ 'ਲਾਲ ਡੋਰੀ' ਹੁੰਦੀ ਹੈ ਜਿਸ ਵਿਚ ਚੌਲ, ਕੌਡੀ ਅਤੇ ਲੋਹੇ ਦਾ ਛੱਲਾ ਬੰਨਿਆਂ ਜਾਂਦਾ ਹੈ। ਗੁਜਰ ਕਬੀਲੇ ਵਿੱਚ ਮੁੰਡੇ ਅਤੇ ਕੁੜੀ ਦੋਵਾਂ ਦੇ ਕੰਗਣਾਂ ਬੰਨ੍ਹਣ ਦੀ ਰਸਮ ਪ੍ਰਚਲਿਤ ਹੈ। ਗੁਜਰ ਕਬੀਲੇ ਵਿੱਚ ਉਪਰੋਕਤ ਰਸਮਾਂ ਵੇਲੇ ਕਈ ਕਬੀਲਾ ਗੀਤ ਬੋਲੇ ਜਾਂਦੇ ਹਨ ਜਿਨ੍ਹਾਂ ਵਿੱਚੋਂ ਇਕ ਗੀਤ ਇਸ ਪ੍ਰਕਾਰ ਹੈ :

ਮੈਨੂੰ ਉਸ ਘਰ ਦਈਏ ਮੇਰੇ ਬਾਬਲਾ
ਜਿੱਥੇ ਸੱਸੂ ਦਾ ਬੜਾ ਪਰਿਵਾਰ ਹੋਵੈ
ਇੱਕ ਮੰਗੈ ਲਈਏ, ਦੂਜਾ ਵਿਆਂਹੈ ਲਈਏ

ਮੇਰਾ ਸ਼ਾਦੀਆਂ ਨਾਲ ਵਿਹਾਰ ਹੋਵੈ
ਮੈਨੂੰ ਉਸ ਘਰ ਦਈਏ ਮੇਰੇ ਚਾਚਾ
ਜਿੱਥੈ ਬੂਰੀਆਂ ਦਾ ਦੁੱਧ ਹੋਵੈ
ਇੱਕ ਮੇਲੇ ਲਈਏ ਦੂਜੀ ਛੇਲੇ ਲਈਏ

ਮੇਰਾ ਸੁੱਤਾ ਦਾਦਾ ਤੁਰ ਨੀ ਗਿਆ
ਹੱਥ ਲੈ ਕੇ ਸੋਟੀ, ਕੱਛ ਲੈ ਕੇ ਧੋਤੀ
ਬਰ ਟੋਲੈ ਆਇਆ, ਘਰ ਟੋਲੈ ਆਇਆ
ਜਿਉ ਫੁਲ ਚੰਬੇ ਜੀ ਦਾ ਖਿੜ ਆਇਆ[6]

ਇਸਦੇ ਨਾਲ ਹੀ ਗੁਜਰ ਕਬੀਲੇ ਵਿੱਚ ਪੰਚਾਇਤ ਦੀ ਹਾਜ਼ਰੀ ਵਿੱਚ ਨਾਨਕਿਆਂ ਵੱਲੋਂ 'ਸਾਂਤ' ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਕਬੀਲੇ ਵਿੱਚ 'ਸਾਂਤ ਦੀ ਰਸਮ' ਨਾਨਕਿਆਂ ਦੀ ਸ਼ਕਤੀ ਅਤੇ ਮੋਹ ਦੇ ਪ੍ਰਗਟਾਵੇ ਨਾਲ ਜੁੜੀ ਹੋਈ ਹੈ। ਸਾਂਤ ਦੀ ਰਸਮ ਵਿਚ ਨਾਨਕਾ ਪਰਿਵਾਰ ਲੜਕੇ ਨੂੰ ਪਤਵੰਤਿਆਂ ਦੀ ਹਾਜ਼ਰੀ ਵਿੱਚ ਨਵ੍ਹਾ ਕੇ ਸ਼ਗਨਾਂ ਵੱਜੋਂ ਸਫ਼ੈਦ ਬਸਤਰ ਪਹਿਨਾਉਂਦਾ ਹੈ। ਇਸ ਰਸਮ ਵੇਲੇ ਕਬੀਲੇ ਵਿੱਚ ਪ੍ਰਚਲਿਤ ਗੀਤ ਬੋਲਿਆ ਜਾਂਦਾ ਹੈ :

ਆਂਗਣ ਚਿੱਕੜ ਕਿਨ ਕੀਆ
ਕਿਨ ਡੋਲ੍ਹਿਆ ਪਾਣੀ
ਭੈਣਾਂ ਦਾ ਵੀਰਾ ਨ੍ਹਾਇਆ ਧੋਇਆ
ਉਨ ਡੋਲ੍ਹਿਆ ਪਾਣੀ

ਮਾਮੀ ਕੰਜਰੀ ਤਿਲਕ ਪਈ ਫੂਹੀ ਗਈ ਲਤਾੜੀ
ਖ਼ਬਰ ਕਰੋ ਇਹਦੇ ਮਾਮੇ ਨੂੰ ਕੋਈ ਵੈਦ ਲਿਆਵੈ
ਵੈਦ ਕਿਆ ਕਰੈ, ਗੁੰਡੀ ਫਫੜੈ ਲਾਵੈ
ਵੈਦ ਵਿਚਾਰਾ ਕਿਆ ਕਰੈ, ਲਿਆਵੇ ਲੌਂਗਾਂ ਦੀਆਂ ਪੁੜੀਆਂ
ਲੌਂਗਾਂ ਦੀਆਂ ਪੁੜੀਆਂ ਕਿਆ ਕਰਨੀਆਂ
ਰਾਤੀਂ ਜੰਮ ਪਈਆਂ ਕੁੜੀਆਂ[7]

ਸੁਰਮਾ ਪਾਉਣ ਦੀ ਰਸਮ : ਗੁਜਰ ਕਬੀਲੇ ਵਿੱਚ ਲੜਕੇ ਦੇ ਕਾਰ ਵਿਹਾਰ ਕਰਕੇ ਸੁਰਮਾ ਪਾਉਣ ਦੀ ਰਸਮ ਨਿਭਾਈ ਜਾਂਦੀ ਹੈ। ਇਸ ਰਸਮ ਵਿੱਚ ਲੜਕੇ ਨੂੰ ਸੂਰਜ ਵੱਲ ਮੂੰਹ ਕਰਕੇ ਬਿਠਾਇਆ ਜਾਂਦਾ ਹੈ। ਸੁਰਮਾ ਪਾਉਣ ਦੀ ਰਸਮ ਮੁੰਡੇ ਦੀ ਭਰਜਾਈ ਪੂਰੀ ਕਰਦੀ ਹੈ। ਇਸ ਰਸਮ ਵਿੱਚ ਉਚੇਚੇ ਤੌਰ 'ਤੇ ਸ਼ਗਨਾਂ ਦੇ ਗੀਤ ਬੋਲੇ ਜਾਂਦੇ ਹਨ।

ਸਿਹਰਾ ਬੰਨ੍ਹਣ ਦੀ ਰਸਮ : ਗੁਜਰ ਕਬੀਲੇ ਵਿੱਚ ਸਿਹਰਾ ਨਾਨਕਿਆਂ ਦੇ ਘਰੋਂ ਸ਼ਗਨ ਵੱਜੋਂ ਆਉਂਦਾ ਹੈ। ਵਿਆਹ ਦੀਆਂ ਬਹੁਤੀਆਂ ਰਸਮਾਂ ਵਿੱਚ ਨਾਨਕਿਆਂ ਦਾ ਬਹੁਤ ਮਹੱਤਵਪੂਰਨ ਸਥਾਨ ਹੁੰਦਾ ਹੈ। 'ਸਿਹਰਾਬੰਦੀ' ਦੀ ਰਸਮ ਵਿਆਹ ਵਾਲੇ ਮੁੰਡੇ ਦੀਆਂ ਭੈਣਾਂ ਦੁਆਰਾ ਕੀਤੀ ਜਾਂਦੀ ਹੈ। ਸਿਹਰਾ ਬੰਨ੍ਹਣ ਦੀ ਰਸਮ ਵੇਲੇ ਮੁੰਡੇ ਦੀਆਂ ਭੈਣਾਂ ਅਤੇ ਡੇਰੇ

ਦੀਆਂ ਔਰਤਾਂ ਸਿਹਰੇ ਨਾਲ ਸੰਬੰਧਤ ਸ਼ਗਨਾਂ ਦੇ ਗੀਤ ਗਾਉਂਦੀਆਂ ਹਨ :

ਸਿਹਰੇ ਦੀਆਂ ਲੱਗਰਾਂ ਵੱਖ ਕਰ ਵੀਰਨਾ
ਸੋਹਣਾ ਜਿਹਾ ਮੁਖੜਾ ਦਿਖਾ
ਸਹੁਰਾ ਤੇਰਾ ਕਦੋਂ ਦਾ ਉਡੀਕਦਾ
ਬੇਦੀ ਨੂੰ ਛੇਤੀ ਜਾ ਵੀਰਨਾ[8]

....

ਸਿਹਰੇ ਦੀਆਂ ਲਗਰਾਂ ਵੱਖ ਕਰ ਵੀਰਨਾ
ਸੋਹਣਾ ਜਿਹਾ ਮੁਖੜਾ ਦਿਖਾ
ਸਾਲ ਤੇਰਾ ਕਦੋਂ ਦਾ ਉਡੀਕਦਾ
ਬੇਦੀ ਨੂੰ ਛੇਤੀ ਜਾ ਵੀਰਨਾ।

ਗੁਜਰ ਕਬੀਲੇ ਦੇ ਲੋਕ ਸਿਹਰਾਬੰਦੀ ਦੀ ਰਸਮ ਪੂਰੀ ਕਰਨ ਤੋਂ ਬਾਅਦ ਪੁਰਖਿਆਂ ਅਤੇ ਪੀਰਾਂ ਨੂੰ ਧਿਆਉਂਦੇ ਹਨ। ਇਸ ਰਸਮ ਵਿਚ ਇਕ ਪੂਜਾ ਦੇ ਥਾਲ ਵਿਚ ਚੌਮੁਖਾ ਦੀਵਾ, ਗੁੜ, ਚਾਵਲ ਅਤੇ ਹੋਰ ਸਮੱਗਰੀ ਰੱਖੀ ਜਾਂਦੀ ਹੈ।

ਮਿਲਣੀ ਦੀ ਰਸਮ : ਗੁੱਜਰ ਕਬੀਲੇ ਵਿਚ ਮਿਲਣੀ ਦੀ ਰਸਮ ਕਬੀਲੇ ਦੀ ਆਪਸੀ ਭਾਈਚਾਰਕ ਸਾਂਝ ਦਾ ਪ੍ਰਤੀਕ ਹੈ। ਇਹ ਰਸਮ ਸਿਰਫ਼ ਕੁੜਮਾਂ ਤੱਕ ਹੀ ਸੀਮਤ ਨਾ ਹੋ ਕੇ ਕਬੀਲੇ ਦੇ ਵੱਖ-ਵੱਖ ਗੋਤਰਾਂ ਨਾਲ ਵੀ ਸੰਬੰਧਤ ਹੁੰਦੀ ਹੈ। ਮਿਲਣੀ ਦੀ ਰਸਮ ਖੁੱਲ੍ਹੇ ਵਿਹੜੇ ਵਿੱਚ ਸੰਪੰਨ ਕੀਤੀ ਜਾਂਦੀ ਹੈ। ਇਸ ਰਸਮ ਵਿੱਚ ਲੜਕੀ ਦੇ ਪਰਿਵਾਰ ਵੱਲੋਂ ਇਕ ਗੋਲਾਕਾਰ ਵਿੱਚ ਲੋੜ ਅਨੁਸਾਰ ਮੰਜੇ ਡਾਹ ਕੇ ਬਰਾਤ ਵਿੱਚ ਸ਼ਾਮਲ ਪਤਵੰਤਿਆਂ ਅੱਗੇ 'ਹੁੱਕੇ' ਪਰੋਸ ਦਿੱਤੇ ਜਾਂਦੇ ਹਨ। ਗੁਜਰ ਕਬੀਲੇ ਵਿੱਚ 'ਹੁੱਕਾ' ਪ੍ਰਾਹੁਣਾਚਾਰੀ ਅਤੇ ਕਬੀਲੇ ਦੀ ਪਿੱਤਰੀ ਸਾਂਝ ਦਾ ਪ੍ਰਤੀਕ ਹੈ। ਕਬੀਲੇ ਵਿੱਚ 'ਹੁੱਕਾ ਪਾਣੀ' ਛੇਕਣ ਦਾ ਸੰਕਲਪ ਇੱਥੋਂ ਹੀ ਪੈਦਾ ਹੁੰਦਾ ਹੈ। ਗੁਜਰ ਕਬੀਲੇ ਵਿਚ ਮਿਲਣੀ ਦੀ ਰਸਮ ਦੋਹਾਂ ਧਿਰਾਂ ਦੇ ਪੈਂਚਾਂ ਅਤੇ ਬਜ਼ੁਰਗ ਵਿਅਕਤੀਆਂ ਦੀ ਹਾਜ਼ਰੀ ਵਿਚ ਪੂਰੀ ਕੀਤੀ ਜਾਂਦੀ ਹੈ। ਮਿਲਣੀ ਦੀ ਰਸਮ ਵਿੱਚ ਸਭ ਤੋਂ ਪਹਿਲਾਂ ਲੜਕੀ ਦਾ ਪਿਤਾ ਘਰ ਢੁਕੇ ਲੜਕੀ ਦੇ ਪਿਤਾ ਨੂੰ ਮਾਣ ਆਦਰ ਵਜੋਂ 'ਇਕ ਪੱਗ ਅਤੇ ਇਕ ਰੁਪੱਇਆ' ਭੇਟ ਕਰਦਾ ਹੈ। ਇਸ ਉਪਰੰਤ ਮੁੰਡੇ ਦੇ ਪਿਤਾ ਵੱਲੋਂ ਵੀ ਇਕ ਪੱਗ ਅਤੇ ਇਕ ਰੁਪੱਈਆ ਲੜਕੀ ਦੇ ਪਿਤਾ ਨੂੰ ਆਦਰ ਵਜੋਂ ਭੇਟ ਕੀਤੇ ਜਾਂਦੇ ਹਨ। ਇਸੇ ਤਰ੍ਹਾਂ ਫਿਰ ਮਾਮਿਆਂ ਦੀ ਮਿਲਣੀ ਹੁੰਦੀ ਹੈ। ਮਿਲਣੀ ਦੀ ਰਸਮ ਪੂਰੀ ਹੋਣ ਤੋਂ ਬਾਅਦ ਲੜਕੀ ਵਾਲਿਆਂ ਦਾ 'ਬ੍ਰਾਹਮਣ' ਘਰ ਢੁਕੇ ਵਿਆਹ ਵਾਲੇ ਲੜਕੇ ਨੂੰ ਚੌਂਕੇ 'ਤੇ ਬਿਠਾ ਕੇ ਕਬੀਲਾ ਦੇਵ 'ਗਣਪਤੀ' ਦੀ ਪੂਜਾ ਕਰਦਾ ਹੈ। ਇਸ ਰਸਮ ਤੋਂ ਬਾਅਦ ਵਿਆਹ ਵਿਚ ਸ਼ਾਮਲ ਬਰਾਤੀ ਇਕ ਦੂਜੇ ਨੂੰ ਦੁਆ ਸਲਾਮ ਕਰਦੇ ਹਨ। ਇਸ ਤੋਂ ਬਾਅਦ ਵਿਆਹ ਵਾਲੇ ਲੜਕੇ ਨੂੰ ਬੇਦੀ 'ਤੇ ਬਿਠਾਇਆ ਜਾਂਦਾ ਹੈ।

ਫੇਰਿਆਂ ਦੀ ਰਸਮ : ਗੁਜਰ ਕਬੀਲੇ ਵਿੱਚ ਬਰਾਤ ਤੋਂ ਉਹਲੇ ਹੋ ਕੇ ਫੇਰੇ ਕਰਨ ਦੀ ਰਵਾਇਤ ਪ੍ਰਚੱਲਿਤ ਹੈ। ਗੁਜਰ ਕਬੀਲੇ ਦੇ ਲੋਕ ਬਰਾਤ ਵੱਲ 'ਚਿੱਟੀ ਚਾਦਰ' ਤਾਣ ਕੇ ਫੇਰੇ ਕਰਦੇ ਹਨ। ਇਸ ਰਸਮ ਵਿੱਚ ਬ੍ਰਾਹਮਣ ਦੁਆਰਾ ਇਕ ਬੇਦੀ ਤਿਆਰ ਕੀਤੀ

ਜਾਂਦੀ ਹੈ ਜਿਸ ਵਿਚ ਕਈ ਤਰ੍ਹਾਂ ਦੀ ਸਾਮੱਗਰੀ ਪਾਈ ਜਾਂਦੀ ਹੈ। ਫੇਰਿਆਂ ਦੀ ਰਸਮ ਵਿਚ ਲੜਕਾ ਲੜਕੀ ਇਕ ਦੂਜੇ ਦੇ ਨੇੜੇ ਹੋ ਕੇ ਬੈਠ ਜਾਂਦੇ ਹਨ। ਫੇਰਿਆਂ ਦੀ ਰਸਮ ਵਿੱਚ ਜ਼ਿਆਦਾਤਰ ਲੜਕੀ ਦੇ ਪਰਿਵਾਰ ਦੇ ਲੋਕ ਹੀ ਸ਼ਾਮਿਲ ਹੁੰਦੇ ਹਨ। ਬ੍ਰਾਹਮਣ ਵੱਲੋਂ ਮੰਤਰਾਂ ਦੇ ਉਚਾਰਨ ਅਤੇ ਆਦੇਸ਼ਾਂ ਮੁਤਾਬਕ ਫੇਰਿਆਂ ਦੀ ਰਸਮ ਪੂਰੀ ਹੁੰਦੀ ਹੈ। ਇਨ੍ਹਾਂ ਰਸਮਾਂ ਤੋਂ ਬਾਅਦ ਲੜਕੀ ਦਾ ਪਿਤਾ ਲੜਕੀ ਨੂੰ ਸ਼ਗਨਾਂ ਵੱਜੋਂ ਸੋਨੇ ਦੀ ਮੁੰਦਰੀ ਭੇਟ ਕਰਦਾ ਹੈ। ਇਸਦੇ ਨਾਲ ਹੀ ਮੁੰਡੇ ਨੂੰ ਵਿੱਤ ਅਨੁਸਾਰ ਸ਼ਗਨ ਦਿੱਤਾ ਜਾਂਦਾ ਹੈ। ਇਸ ਰਸਮ ਤੋਂ ਬਾਅਦ ਕਬੀਲੇ ਦੀਆਂ ਲੜਕੀਆਂ ਰਾਮ ਚੰਦਰ, ਸੀਤਾ ਅਤੇ ਰਾਧਾ ਕ੍ਰਿਸ਼ਨ ਦੇ ਪ੍ਰੇਮ ਪ੍ਰਸੰਗ ਨਾਲ ਜੁੜੇ ਹੋਏ ਗੀਤ ਗਾਉਂਦੀਆਂ ਹਨ।

ਵਿਦਾਈ ਦੀ ਰਸਮ : ਗੁਜਰ ਕਬੀਲੇ ਵਿੱਚ ਜੰਝ ਦੇ ਭੋਜਨ ਤੋਂ ਬਾਅਦ ਵਿਦਾਈ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਵਿਦਾਈ ਦੀ ਰਸਮ ਵਿਚ ਵਿਆਹ ਵਾਲੀ ਲੜਕੀ ਸਹੁਰਿਆਂ ਵੱਲੋਂ ਦਿੱਤਾ ਹੋਇਆ ਸ਼ਗਨਾਂ ਦਾ ਜੋੜਾ ਹੀ ਪਹਿਨਦੀ ਹੈ। ਵਿਦਾਈ ਦੀ ਰਸਮ ਵਿੱਚ ਵਿਆਹ ਵਿੱਚ ਸ਼ਾਮਲ ਪਰਿਵਾਰ ਅਤੇ ਕਬੀਲੇ ਦੇ ਲੋਕ ਵਿੱਤ ਅਨੁਸਾਰ ਲੜਕੀ ਨੂੰ ਸ਼ਗਨ ਦੇ ਕੇ ਘਰੋਂ ਵਿਦਾ ਕਰਦੇ ਹਨ। ਵਿਦਾਈ ਮੌਕੇ ਪਰਿਵਾਰ ਦੇ ਲੋਕ ਸ਼ਗਨ ਵਜੋਂ ਕੁੜੀ ਦੀ ਜੁੱਤੀ ਵਿੱਚ ਸਰ੍ਹੋਂ ਦਾ ਤੇਲ ਪਾ ਕੇ ਸ਼ਗਨ ਕਰਦੇ ਹਨ। ਇਹ ਸ਼ਗਨ ਉਸਦੇ ਸੁਖਾਲੇ ਸਫ਼ਰ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਵਿਆਹ ਵਾਲੀ ਲੜਕੀ ਦੇ ਸਹੁਰੇ ਘਰ ਜਾਣ ਵੇਲੇ ਨਾਲ ਚਾਚੇ ਤਾਏ ਦੇ ਲੜਕਿਆਂ ਦੇ ਜਾਣ ਦੀ ਰਵਾਇਤ ਹੈ। ਵਿਦਾਈ ਸਮੇਂ 'ਸੱਕੇ ਭਰਾ' ਦੇ ਡੋਲੇ ਨਾਲ ਜਾਣ ਸੰਬੰਧੀ ਮਨਾਹੀ ਪ੍ਰਚਲਿਤ ਹੈ। ਵਿਦਾਈ ਦੀ ਰਸਮ ਵੇਲੇ ਕਬੀਲੇ ਦੀਆਂ ਔਰਤਾਂ ਅਤੇ ਕੁੜੀਆਂ ਹਿਜ਼ਰ ਭਰੇ ਗੀਤ ਗਾਉਂਦੀਆਂ ਹਨ :

ਬੀਬੀ ਛੱਡ ਜਾਣੀਆਂ
ਸਹੇਲੀਆਂ ਵਿਲਕਦੀਆਂ
ਬੀਬੀ ਚੂੜੀਆਂ ਚੜ੍ਹਾ ਲੈ ਕੱਚ ਦੀਆਂ
ਬੀ ਛੱਡ ਜਾਣੀਆਂ ਸਹੇਲੀਆਂ
ਸੱਚ ਦੀਆਂ
ਅੱਜ ਰੋਂਦੇ ਓ ਰੋਂਦੇ ਓ ਪਰਬਤ ਬੰਦੀ ਦੇ
ਪ੍ਰਦੇਸਣ ਕੂੰਜ ਨਮਾਣੀ ਦੇ ਮਾਪੇ
ਅੱਜ ਹੱਸਦੇ ਓ, ਨਣਦ ਬਛੇਰੀ ਦੇ ਧਗੜੇ ੭

ਇਸ ਤੋਂ ਇਲਾਵਾ ਗੁਜਰ ਕਬੀਲੇ ਵਿੱਚ ਵਿਆਹ ਤੋਂ ਬਾਅਦ ਗੋਤ ਕਨਾਲੇ, ਸਤੀਆਂ ਦੀ ਪੂਜਾ, ਦੋਹਰੇ ਦੀ ਪੂਜਾ, ਛਟੀਆਂ ਖੇਡਣ ਦੀ ਰਸਮ ਅਤੇ ਮੇਲੇ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਇਸ ਪ੍ਰਸੰਗ ਵਿੱਚ ਗੁਜਰ ਕਬੀਲੇ ਦੀ 'ਮੇਲੇ ਦੀ ਰਸਮ' ਵਿਸ਼ੇਸ਼ ਸਭਿਆਚਾਰਕ ਮਹੱਤਵ ਰੱਖਦੀ ਹੈ। ਇਹ ਰਸਮ ਬਾਕੀ ਹੋਰ ਕਬੀਲਿਆਂ ਵਿਚ ਨਹੀਂ ਮਿਲਦੀ। ਵਿਆਹ ਤੋਂ ਦੂਜੇ ਦਿਨ ਮੁੰਡੇ ਵਾਲਾ ਪਰਿਵਾਰ ਇਕੱਠਾ ਹੋ ਕੇ ਲੜਕੀ ਵਾਲਿਆਂ ਦੇ ਘਰ 'ਮੇਲੇ ਦੀ ਰਸਮ' ਪੂਰੀ ਕਰਨ ਜਾਂਦਾ ਹੈ। ਇਸ ਰਸਮ ਵਿੱਚ ਵਿਆਹ ਵਾਲਾ 'ਲਾੜਾ' ਸ਼ਾਮਲ ਨਹੀਂ ਹੁੰਦਾ। 'ਮੇਲੇ' ਵਿਚ ਸ਼ਾਮਲ ਰਿਸ਼ਤੇਦਾਰਾਂ ਨੂੰ ਲੜਕੀ ਵਾਲੇ ਕਿਸੇ ਨੇੜੇ ਦੇ ਕਬੀਲੇ ਦੇ

ਘਰ ਬਿਠਾਉਂਦੇ ਹਨ। ਇੱਥੇ ਮੇਲੇ ਵਿਚ ਸ਼ਾਮਲ ਲੋਕਾਂ ਦਾ ਚਾਹ ਪਾਣੀ ਕੀਤਾ ਜਾਂਦਾ ਹੈ। ਚਾਹ ਪਾਣੀ ਦੀ ਸੇਵਾ ਤੋਂ ਬਾਅਦ ਮੇਲੇ ਵਿਚ ਸ਼ਾਮਲ ਲੋਕਾਂ ਨੂੰ ਆਦਰ ਨਾਲ ਲੜਕੀ ਵਾਲਿਆਂ ਦੇ ਘਰ ਲਿਜਾਇਆ ਜਾਂਦਾ ਹੈ। 'ਮੇਲੇ' ਦੇ ਸੁਆਗਤ ਤੋਂ ਬਾਅਦ ਵਿਆਹ ਵਾਲੇ ਘਰ ਦੋਵੇਂ ਕੁੜਮਣੀਆਂ ਵਿਚਕਾਰ ਮੰਜਾ ਰੱਖ ਕੇ ਇਕ ਦੂਜੀ ਦੇ ਆਹਮੋ-ਸਾਹਮਣੇ ਖੜ੍ਹ ਜਾਂਦੀਆਂ ਹਨ। ਇਸ ਉਪਰੰਤ ਦੋਵੇਂ ਇਕ ਦੂਜੀ ਦੇ ਸਿਰ 'ਤੇ ਮਾਣ ਨਾਲ ਦੋ-ਦੋ ਚੁੰਨੀਆਂ ਰੱਖ ਕੇ ਇਕ ਦੂਜੀ ਨੂੰ ਇਕ-ਇਕ ਰੁਪੱਈਆ ਵਾਰ ਕੇ ਆਦਰ ਵਜੋਂ ਦਿੰਦੀਆਂ ਹਨ। ਇਸਦੇ ਨਾਲ ਹੀ ਮੇਲੇ ਵਿਚ ਸ਼ਾਮਲ ਕਬੀਲੇ ਦੀਆਂ ਔਰਤਾਂ ਵੀ ਇਕ ਦੂਜੀ ਨੂੰ ਸਿਰ ਤੋਂ ਵਾਰ ਕੇ ਵਡਿਆਈ ਵਜੋਂ ਇੱਕ-ਇੱਕ ਰੁਪੱਈਆ ਮਾਣ ਭੇਟਾ ਦਿੰਦੀਆਂ ਹਨ। ਇਸ ਰਸਮ ਵਿਚ ਸ਼ਾਮਲ ਮੇਲਣਾਂ 'ਤੇ ਵਿਅੰਗ ਕਸਦੀਆਂ ਹੋਈਆਂ ਕਬੀਲੇ ਦੀਆਂ ਕੁੜੀਆਂ ਹਾਸੇ ਠੱਠੇ ਵਜੋਂ ਸਿੱਠਣੀਆਂ ਦਿੰਦੀਆਂ ਹਨ :

ਧੰਨੋ ਕੰਜਰੀ ਮੇਲੇ ਨੂੰ ਆਈ
ਘੱਗਰਾ ਜੋਰਜੱਟ ਦਾ
ਚੁੰਨੀ ਮੰਗਕੇ ਲਿਆਈ
ਘੱਗਰਾ ਮਾੜ੍ਹੂ ਦਾ
ਜੁੱਤੀ ਮੰਗਕੇ ਲਿਆਈ
ਘੱਗਰਾ ਜੋਰਜੱਟ ਦਾ ! ਜੀ ਜੋਰਜੱਟ ਦਾ !
ਸੁਥਨੀ ਮੰਗਕੇ ਲਿਆਈ 10

ਗੁਜਰ ਕਬੀਲੇ ਦੀਆਂ ਮੌਤ ਸੰਬੰਧੀ ਰਸਮਾਂ

ਗੁਜਰ ਕਬੀਲਾ ਮੌਤ ਨੂੰ ਇਕ ਅਟੱਲ ਸਚਾਈ ਸਮਝ ਕੇ ਕੁਦਰਤ ਦੇ ਭਾਣੇ ਵਿਚ ਵਿਸ਼ਵਾਸ ਰੱਖਦਾ ਹੈ। ਗੁਜਰ ਲੋਕ ਕਬੀਲੇ ਵਿੱਚ ਹੋਈ ਕਿਸੇ ਵੀ ਮੌਤ ਦੀ ਸੂਰਤ ਵਿੱਚ ਮ੍ਰਿਤਕ ਦੇ ਘਰ ਅੱਗੇ ਇਕ ਸੱਥਰ ਵਿਛਾ ਕੇ ਸ਼ੋਕ ਦਾ ਇਜ਼ਹਾਰ ਕਰਦੇ ਹਨ। ਦੁੱਖ ਵਿੱਚ ਸ਼ਾਮਲ ਰਿਸ਼ਤੇਦਾਰਾਂ ਅਤੇ ਡੇਰੇ ਦੇ ਲੋਕਾਂ ਨੂੰ 'ਹੁਕਾ' ਖ਼ਾਸ ਤੌਰ 'ਤੇ ਪਰੋਸਿਆ ਜਾਂਦਾ ਹੈ। ਇਸ ਤਰ੍ਹਾਂ ਹੁੱਕੇ ਦੀ ਵਾਰੀ ਦੇ ਨਾਲ-ਨਾਲ ਮ੍ਰਿਤਕ ਦੇ ਚੰਗੇ ਗੁਣਾਂ ਦਾ ਵਖਿਆਨ ਕਰਨ ਦੇ ਨਾਲ-ਨਾਲ ਮੌਤ ਦੇ ਸਦੀਵੀ ਸੱਚ ਸੰਬੰਧੀ ਵਿਚਾਰ-ਚਰਚਾ ਵੀ ਚਲਦੀ ਰਹਿੰਦੀ ਹੈ। ਗੁਜਰ ਕਬੀਲੇ ਦੀਆਂ ਔਰਤਾਂ ਆਪਣਾ ਦੁੱਖ ਜ਼ਿਆਦਾਤਰ ਰੁਦਨ ਰਾਹੀਂ ਜ਼ਾਹਰ ਕਰਦੀਆਂ ਹਨ। ਕਿਸੇ ਵੀ ਬੇਵਕਤੀ ਜਾਂ ਜਵਾਨ ਮੌਤ ਸਮੇਂ ਗੁਜਰ ਕਬੀਲੇ ਦੀਆਂ ਔਰਤਾਂ ਆਪਣੇ ਗਹਿਣੇ ਗੱਟੇ ਲਾਹ ਕੇ ਗੁੱਤਾਂ ਅਤੇ ਮੀਢੀਆਂ ਖੁੱਲ੍ਹੀਆਂ ਛੱਡ ਦਿੰਦੀਆਂ ਹਨ। ਕਬੀਲੇ ਵਿੱਚ ਹੋਈ ਕਿਸੇ ਵੀ ਮੌਤ ਸਮੇਂ 'ਚਿੱਟਾ' ਅਤੇ 'ਲਾਲ ਰੰਗ' ਪਹਿਨਣ ਤੋਂ ਗੁਰੇਜ਼ ਕੀਤਾ ਜਾਂਦਾ ਹੈ। ਕਬੀਲੇ ਵਿਚ ਹੋਈ ਕਿਸੇ ਵੀ ਮੌਤ ਸਮੇਂ ਗੁਜਰ ਕਬੀਲੇ ਦੀਆਂ ਔਰਤਾਂ ਚੁੰਨੀ ਦਾ ਮੂੰਡਾਸਾ ਮਾਰ ਕੇ ਇਸਦਾ ਇਕ ਲੜ ਸਲਵਾਰ ਦੇ ਨੇਫੇ ਵਿੱਚ ਟੰਗ ਕੇ ਹੇਠਾਂ ਬਹਿ ਕੇ ਰੁਦਨ ਕਰਦੀਆਂ ਹਨ। ਗੁਜਰ ਕਬੀਲੇ ਵਿੱਚ ਮ੍ਰਿਤਕ ਘਰ ਚੁੱਲ੍ਹਾ ਬਾਲਣਾ ਵਰਜਿਤ ਹੁੰਦਾ ਹੈ। ਜਵਾਨ ਮੌਤ ਦੀ ਸੂਰਤ ਵਿੱਚ ਗੁਜਰ ਕਬੀਲਾ ਗਹਿਰਾ ਸੋਗ ਵਿਅਕਤ ਕਰਦਾ ਹੈ।

ਅਜਿਹੀ ਮੌਤ ਸਮੇਂ ਕੋਈ ਵੀ ਰੋਟੀ ਪਾਣੀ ਨਹੀਂ ਕੀਤਾ ਜਾਂਦਾ। ਬਜ਼ੁਰਗ ਵਿਅਕਤੀ ਦੀ ਮੌਤ ਸਮੇਂ ਸ਼ੋਕ ਵਿਅਕਤ ਕਰਨ ਆਏ ਸਾਰੇ ਵਿਅਕਤੀਆਂ ਨੂੰ ਲੰਗਰ ਪਾਣੀ ਛਕਾਇਆ ਜਾਂਦਾ ਹੈ। ਗੁਜਰ ਕਬੀਲੇ ਵਿੱਚ ਜਨਮ, ਵਿਆਹ ਅਤੇ ਮੌਤ ਨਾਲ ਸੰਬੰਧਤ ਸਾਰੇ ਸੰਸਕਾਰ ਕਬੀਲੇ ਦੇ ਸਾਂਝੇ ਸੰਸਕਾਰ ਹੁੰਦੇ ਹਨ। ਇਸੇ ਕਰਕੇ ਕਬੀਲੇ ਵਿੱਚ ਹੋਈ ਕਿਸੇ ਵੀ ਮੌਤ ਦੇ ਸਮੇਂ ਮ੍ਰਿਤਕ ਦੇ ਪਰਿਵਾਰ ਵੱਲੋਂ ਸਾਰੇ ਡੇਰੇ ਜਾਂ ਪਿੰਡ ਵਿਚ ਸੰਬੰਧਤ ਵਿਅਕਤੀ ਦੀ ਮੌਤ ਸੰਬੰਧੀ ਸੂਚਨਾ ਦਿੱਤੀ ਜਾਂਦੀ ਹੈ। ਗੁਜਰ ਕਬੀਲੇ ਵਿੱਚ ਇਹ ਪ੍ਰਥਾ ਪ੍ਰਚਲਿਤ ਹੈ ਕਿ ਪਰਿਵਾਰ ਦੇ ਲੋਕ ਮ੍ਰਿਤਕ 'ਤੇ ਲੱਕੜਾਂ ਨਹੀਂ ਪਾਉਂਦੇ। ਇਸ ਲਈ ਮ੍ਰਿਤਕ ਵਿਅਕਤੀ ਦੇ ਸੰਸਕਾਰ ਦਾ ਕਾਰਜ ਡੇਰੇ ਦੇ ਲੋਕਾਂ ਵੱਲੋਂ ਨੇਪਰੇ ਚਾੜ੍ਹਿਆ ਜਾਂਦਾ ਹੈ। ਇਸ ਕਰਕੇ ਗੁਜਰ ਕਬੀਲੇ ਵਿੱਚ ਕਿਸੇ ਵੀ ਮੌਤ ਸੰਬੰਧੀ ਹੋਕਾ ਦੇਣਾ ਜ਼ਰੂਰੀ ਸਮਝਿਆ ਜਾਂਦਾ ਹੈ।

ਮ੍ਰਿਤਕ ਨੂੰ ਇਸ਼ਨਾਨ ਕਰਾਉਣ ਦੀ ਰਸਮ : ਗੁਜਰ ਕਬੀਲੇ ਵਿਚ ਮ੍ਰਿਤਕ ਨੂੰ ਚਿਖਾ ਤੱਕ ਲਿਜਾਣ ਤੋਂ ਪਹਿਲਾਂ ਉਸਦੀ ਦੇਹ ਨੂੰ ਅਗਨੀ ਦੇਵ ਅੱਗੇ ਭੇਟ ਕਰਨ ਤੋਂ ਪਹਿਲਾਂ ਦਹੀਂ ਨਾਲ ਇਸ਼ਨਾਨ ਕਰਾਇਆ ਜਾਂਦਾ ਹੈ। ਉਸਨੂੰ ਦਹੀ ਪਾਣੀ ਨਾਲ ਇਸ਼ਨਾਨ ਕਰਾਉਣ ਉਪਰੰਤ ਉਸਦੀ ਦੇਹ ਦੇ ਨਾਲ ਇਕ ਕਾਨਾ ਰੱਖ ਦਿੱਤਾ ਜਾਂਦਾ ਹੈ। ਸੁਕਿਆ ਹੋਇਆ ਕਾਨਾ ਮੌਤ ਦਾ ਪ੍ਰਤੀਕ ਹੈ। ਇਸ ਤੋਂ ਬਾਅਦ ਮ੍ਰਿਤਕ ਲਈ ਦੋ ਲੰਮੇ ਬਾਂਸ ਲਿਆ ਕੇ ਪੌੜੀ ਵਰਗੀ ਇਕ ਮੰਜੀ ਤਿਆਰ ਕੀਤੀ ਜਾਂਦੀ ਹੈ। ਮੰਜੀ ਤਿਆਰ ਕਰਨ ਲਈ ਦੱਭ ਦਾ ਵਿਸ਼ੇਸ਼ ਤੌਰ 'ਤੇ ਇਸਤੇਮਾਲ ਕੀਤਾ ਜਾਂਦਾ ਹੈ।

ਦਾਹ ਸੰਸਕਾਰ ਦੀ ਰਸਮ : ਗੁਜਰ ਕਬੀਲੇ ਵਿੱਚ ਦਾਹ ਸੰਸਕਾਰ ਦੀ ਰਸਮ ਵੀ 'ਬ੍ਰਾਹਮਣ' ਦੀ ਹਾਜ਼ਰੀ ਵਿੱਚ ਪੂਰੀ ਕੀਤੀ ਜਾਂਦੀ ਹੈ। ਗੁਜਰ ਕਬੀਲੇ ਦੇ ਲੋਕ ਮ੍ਰਿਤਕ ਨੂੰ ਸਮਸ਼ਾਨ ਭੂਮੀ ਵੱਲ ਲੈ ਕੇ ਜਾਣ ਸਮੇਂ ਰਸਤੇ ਵਿੱਚ ਇਕ ਵਾਰ ਮ੍ਰਿਤਕ ਸਰੀਰ ਦੀ ਦਿਸ਼ਾ ਬਦਲਦੇ ਹਨ। ਅਜਿਹਾ ਉਸਦੀ ਆਤਮਾ ਨੂੰ ਭੁਲਾਵਾ ਦੇਣ ਹਿੱਤ ਕੀਤਾ ਜਾਂਦਾ ਹੈ। ਅਰਥੀ ਦੀ ਦਿਸ਼ਾ ਬਦਲਣ ਤੋਂ ਬਾਅਦ ਅਰਥੀ ਦੇ ਸਿਰਹਾਣੇ ਪਿਆ ਪਾਣੀ ਵਾਲਾ ਘੜਾ ਚੁਫੇਰਿਉਂ ਗੇੜਾ ਦੇ ਕੇ ਭੰਨ ਦਿੱਤਾ ਜਾਂਦਾ ਹੈ। ਇਸ ਰਸਮ ਨਾਲ ਮ੍ਰਿਤਕ ਦੀ ਰੂਹ ਨੂੰ ਇਹ ਗੱਲ ਜਤਾਈ ਜਾਂਦੀ ਹੈ ਕਿ ਹੁਣ ਉਸਦਾ ਉਸਦੇ ਪਰਿਵਾਰ ਅਤੇ ਕਬੀਲੇ ਨਾਲ ਕੋਈ ਸੰਬੰਧ ਨਹੀਂ ਰਿਹਾ ਤੇ ਹੁਣ ਉਸਨੂੰ ਅਗਲੇ ਸਫ਼ਰ ਲਈ ਤਿਆਰ ਰਹਿਣਾ ਚਾਹੀਦਾ ਹੈ। ਇਹ ਰਸਮ ਰਿਸ਼ਤੇ ਦੀ 'ਛਿਨ ਭੰਗਰਤਾ' ਨੂੰ ਪ੍ਰਗਟਾਉਂਦੀ ਹੈ। ਇਸ ਰਸਮ ਤੋਂ ਬਾਅਦ ਬ੍ਰਾਹਮਣ ਦੇ ਮੰਤਰਾਂ ਦੇ ਉਚਾਰਣ ਵਿੱਚ ਮ੍ਰਿਤਕ ਦੀ ਚਿਖਾ ਤਿਆਰ ਕੀਤੀ ਜਾਂਦੀ ਹੈ। ਮ੍ਰਿਤਕ ਦਾ ਸਿਰ ਪੱਛਮ ਵੱਲ ਕਰਕੇ ਰੱਖਿਆ ਜਾਂਦਾ ਹੈ। ਪੱਛਮੀ ਦਿਸ਼ਾ ਸੂਰਜ ਦੇ ਡੁੱਬਣ ਅਤੇ ਮੌਤ ਦੇ ਸਦੀਵੀ ਸੱਚ ਦਾ ਪ੍ਰਤੀਕ ਹੈ। ਇਸ ਤੋਂ ਬਾਅਦ ਕਬੀਲਾ ਅਰਦਾਸ ਉਪਰੰਤ ਮ੍ਰਿਤਕ ਨੂੰ ਅਗਨ ਦਿੱਤੀ ਜਾਂਦੀ ਹੈ। ਮ੍ਰਿਤਕ ਨੂੰ ਅਗਨੀ ਭੇਟਾ ਕਰਨ ਤੋਂ ਬਾਅਦ ਬ੍ਰਾਹਮਣ ਮ੍ਰਿਤਕ ਦੀ ਚਿਖਾ ਨੂੰ ਅੱਗ ਦੇਣ ਵਾਲੇ ਪੁੱਤਰ ਜਾਂ ਵਿਅਕਤੀ ਨੂੰ ਬਿੱਲ ਦੇ ਦਰਖਤ ਦੀਆਂ ਸੱਤ ਲੱਕੜਾਂ ਫੜਾਉਂਦਾ ਹੈ। ਬ੍ਰਾਹਮਣ ਮੰਤਰ ਪੜ੍ਹ-ਪੜ੍ਹ ਕੇ ਇਹ ਸੱਤ ਲੱਕੜਾਂ ਜਲ ਰਹੀ ਚਿਖਾ ਵਿਚ ਸੁਟਵਾਈ ਜਾਂਦਾ ਹੈ।

ਕਪਾਲ ਕਿਰਿਆ ਦੀ ਰਸਮ : ਚਿਖਾ ਦੇ ਅੱਧੀ ਕੁ ਜਲ ਜਾਣ ਦੇ ਬਾਅਦ ਗੁਜਰ

ਲੋਕ 'ਕਪਾਲ ਕਿਰਿਆ' ਦੀ ਰਸਮ ਪੂਰੀ ਕਰਦੇ ਹਨ। ਕਪਾਲ ਕਿਰਿਆ ਇਕ ਵੱਡੇ ਸਾਰੇ ਬਾਂਸ ਨੂੰ ਮ੍ਰਿਤਕ ਦੀ ਖੋਪੜੀ ਦੇ ਜ਼ੋਰ ਨਾਲ ਮਾਰ ਕੇ ਕੀਤੀ ਜਾਂਦੀ ਹੈ। ਕਪਾਲ ਕਿਰਿਆ ਤੋਂ ਬਾਅਦ ਇਸ ਬਾਂਸ ਨੂੰ ਮ੍ਰਿਤਕ ਦੇ ਸਿਰ ਨਾਲ ਸੱਤ ਵਾਰ ਛੁਹਾ ਕੇ ਅੱਗ ਵਿੱਚ ਸੁੱਟ ਦਿੱਤਾ ਜਾਂਦਾ ਹੈ। ਭਾਰਤੀ ਮਿਥਿਹਾਸ ਅਨੁਸਾਰ ਕਪਾਲ ਕਿਰਿਆ ਦਾ ਸੰਬੰਧ ਮ੍ਰਿਤਕ ਦੀ ਰੂਹ ਨਾਲ ਹੈ। ਕਪਾਲ ਦੇ ਟੁੱਟਣ ਤੋਂ ਬਾਅਦ ਮ੍ਰਿਤਕ ਵਿਅਕਤੀ ਦੇ ਕਾਮ, ਕਰੋਧ, ਲੋਭ, ਮੋਹ, ਹੰਕਾਰ ਆਦਿ ਵਿਕਾਰ ਵੀ ਅਗਨੀ ਵਿਚ ਜਲ ਕੇ ਭਸਮ ਹੋ ਜਾਂਦੇ ਹਨ। ਫਿਰ ਅਜਿਹਾ ਵਿਅਕਤੀ ਮਰਨ ਉਪਰੰਤ ਕਿਸੇ ਨੂੰ ਦੁੱਖ ਨਹੀਂ ਦਿੰਦਾ ਭਾਵ ਉਸਦੀ ਰੂਹ ਤ੍ਰਿਪਤ ਹੋ ਕੇ ਅਗਲੇ ਸਫ਼ਰ ਵੱਲ ਚਲ ਪੈਂਦੀ ਹੈ।

ਸੋਗ ਤੋੜਨ ਦੀ ਰਸਮ : ਗੁਜਰ ਕਬੀਲੇ ਦੇ ਆਦਮੀ ਤੇ ਔਰਤਾਂ ਮ੍ਰਿਤਕ ਦੇ ਦਾਹ ਸੰਸਕਾਰ ਤੋਂ ਬਾਅਦ ਡੇਰੇ ਦੇ ਨੇੜੇ ਆ ਕੇ ਕਿਸੇ ਜਲ ਸਰੋਤ ਦੇ ਕੰਢੇ ਆਪਣਾ ਹੱਥ ਮੂੰਹ ਧੋ ਕੇ ਸਰੀਰ ਪਵਿੱਤਰ ਕਰਦੇ ਹਨ। ਹੱਥ ਮੂੰਹ ਧੋਣ ਤੋਂ ਬਾਅਦ ਮ੍ਰਿਤਕ ਦੀ ਅਰਥੀ ਵਿਚ ਸ਼ਾਮਲ ਗੁਜਰ ਲੋਕ ਇਕ-ਇਕ 'ਨਿੰਮ ਦਾ ਪੱਤਾ' ਚੱਬ ਕੇ ਥੁੱਕ ਦਿੰਦੇ ਹਨ। ਗੁਜਰ ਕਬੀਲੇ ਵਿੱਚ ਅਜਿਹਾ ਸੋਗ ਤੋੜਨ ਲਈ ਕੀਤਾ ਜਾਂਦਾ ਹੈ। ਨਿੰਮ ਦਾ ਪੱਤਾ ਚੱਬ ਕੇ ਥੁੱਕ ਦੇਣਾ ਮ੍ਰਿਤਕ ਨਾਲ ਹਮੇਸ਼ਾ ਲਈ ਰਿਸ਼ਤਾ ਖਤਮ ਕਰ ਲੈਣ ਦਾ ਪ੍ਰਤੀਕ ਹੈ। ਇਸ ਰਸਮ ਤੋਂ ਬਾਅਦ ਡੇਰੇ ਦੀਆਂ ਔਰਤਾਂ ਵੱਲੋਂ ਮੌਤ ਵਾਲੇ ਘਰ ਚੁਲ੍ਹਾ ਬਾਲਣ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਇਸ ਰਸਮ ਵਿੱਚ ਦੁੱਖ ਵਿੱਚ ਸ਼ਰੀਕ ਹੋਈਆਂ ਔਰਤਾਂ ਮ੍ਰਿਤਕ ਦਾ ਪਰਿਵਾਰ ਲੂਣ ਨਾਲ ਸਾਦੀ ਰੋਟੀ ਅਤੇ ਚਾਹ ਪਾਣੀ ਦੇ ਕੇ ਸੋਗ ਤੜਾਉਂਦੀਆਂ ਹਨ। ਚੁਲ੍ਹਾ ਬਾਲਣ ਦੀ ਰਸਮ ਤੋਂ ਬਾਅਦ ਮ੍ਰਿਤਕ ਦੇ ਰਿਸ਼ਤੇਦਾਰ ਲਗਾਤਾਰ ਦੁੱਖ ਜ਼ਾਹਰ ਕਰਨ ਲਈ ਆਉਂਦੇ-ਜਾਂਦੇ ਰਹਿੰਦੇ ਹਨ।

ਫੁੱਲ ਚੁਗਣ ਦੀ ਰਸਮ : ਗੁਜਰ ਕਬੀਲੇ ਦੇ ਲੋਕ ਤੀਜੇ ਦਿਨ ਮ੍ਰਿਤਕ ਦੇ ਫੁਲ ਚੁਗਣ ਦੀ ਰਸਮ ਅਦਾ ਕਰਦੇ ਹਨ। ਇਸ ਰਸਮ ਵਿੱਚ ਬ੍ਰਾਹਮਣ ਦੀ ਖ਼ਾਸ ਭੂਮਿਕਾ ਹੁੰਦੀ ਹੈ। ਇਸ ਤੋਂ ਬਾਅਦ ਬ੍ਰਾਹਮਣ ਸਾਰੇ ਪਰਿਵਾਰ ਅਤੇ ਰਿਸ਼ਤੇਦਾਰਾਂ ਦੀ ਹਾਜ਼ਰੀ ਵਿਚ ਸਿਵੇ ਦੇ ਚਾਰੇ ਖੂੰਜਿਆਂ ਵਿੱਚ ਕਿੱਲੀਆਂ ਗੱਡ ਕੇ ਸੂਤ ਲਪੇਟ ਦਿੰਦਾ ਹੈ। ਇਸਨੂੰ ਮ੍ਰਿਤਕ ਦਾ ਘਰ ਆਖਿਆ ਜਾਂਦਾ ਹੈ। ਅਜਿਹਾ ਮ੍ਰਿਤਕ ਦੀ ਰੂਹ ਨੂੰ ਨਿਵਾਸ ਦੇਣ ਲਈ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਕੱਚੀ ਲੱਸੀ ਦਾ ਛਿੱਟਾ ਦੇ ਕੇ ਮ੍ਰਿਤਕ ਦੇ ਸ਼ਰਧਾ ਪੂਰਵਕ ਫੁੱਲ ਚੁੱਗੇ ਜਾਂਦੇ ਹਨ। ਇਸ ਰਸਮ ਵਿੱਚ ਬ੍ਰਾਹਮਣ ਵੱਲੋਂ ਮਿੱਠੇ ਚਾਵਲ, ਦੱਭ, ਕੱਚਾ ਸੂਤ ਅਤੇ ਮਤਨਾਜ ਦੇ ਪੇੜੇ ਹਵਨ ਸਾਮੱਗਰੀ ਨਾਲ ਵਰਤੇ ਜਾਂਦੇ ਹਨ। ਫੁੱਲ ਚੁੱਗਣ ਤੋਂ ਬਾਅਦ ਫੁੱਲਾਂ ਨੂੰ ਇਕ ਚਿੱਟੀ ਥੈਲੀ ਵਿੱਚ ਪਾ ਲਿਆ ਜਾਂਦਾ ਹੈ। ਇਨ੍ਹਾਂ ਫੁੱਲਾਂ ਨੂੰ ਕਿਸੇ ਰੁੱਖ ਆਦਿ 'ਤੇ ਟੰਗ ਦਿੱਤਾ ਜਾਂਦਾ ਹੈ। ਦੂਸਰੇ ਦਿਨ ਮ੍ਰਿਤਕ ਦੇ ਪਰਿਵਾਰ ਦੇ ਲੋਕ ਮ੍ਰਿਤਕ ਦੇ ਫੁੱਲਾਂ ਨੂੰ ਸ਼ਰਧਾ ਪੂਰਵਕ 'ਹਰਦੁਆਰ' ਲੈ ਕੇ ਜਾਂਦੇ ਹਨ। ਇਸ ਸਮੇਂ ਕਬੀਲੇ ਦੇ ਲੋਕ ਭੇਟਾ ਵੱਜੋਂ ਫ਼ਲਾਂ ਤੇ ਪੈਸੇ ਰੱਖ ਕੇ ਮੱਥਾ ਟੇਕ ਕੇ ਮ੍ਰਿਤਕ ਦੀ ਆਤਮਾ ਦੀ ਸ਼ਾਂਤੀ ਲਈ ਪ੍ਰਾਰਥਨਾ ਕਰਦੇ ਹਨ। ਗੁਜਰ ਕਬੀਲੇ ਦੇ ਲੋਕ ਗੰਗਾਂ ਵਿੱਚ ਮ੍ਰਿਤਕ ਦੇ ਫੁੱਲ ਅਰਪਿਤ ਕਰਨ ਤੱਕ ਮ੍ਰਿਤਕ

ਨੂੰ ਹਾਜ਼ਰ ਨਾਜ਼ਰ ਮੰਨਦੇ ਹਨ। ਇਸ ਲਈ ਗੰਗਾਮਈ ਦੇ ਸਫ਼ਰ ਤੱਕ ਜਾਂਦਿਆਂ ਉਸਨੂੰ ਇਕ ਪਾਸੜ ਗੱਲਬਾਤ ਰਾਹੀਂ ਆਪਣੇ ਨਾਲ ਹੀ ਰੱਖਿਆ ਜਾਂਦਾ ਹੈ।

ਭੋਗ ਦੀ ਰਸਮ : ਬੀਤ ਦੇ ਗੁਜਰ ਆਪਣੇ ਮ੍ਰਿਤਕ ਦਾ ਭੋਗ ਸੋਲ੍ਹਵੇਂ ਦਿਨ ਪਾਉਂਦੇ ਹਨ। ਕਬੀਲੇ ਦੇ ਲੋਕ ਇਸਨੂੰ 'ਸੋਲ੍ਹੇ ਦੀ ਰਸਮ' ਕਹਿੰਦੇ ਹਨ। ਗੁਜਰ ਕਬੀਲੇ ਵਿੱਚ ਫੁਲ ਚੁਗਣ ਦੀ ਰਸਮ ਤੋਂ ਬਾਅਦ 'ਗਰੁੜ ਪੁਰਾਣ' ਦਾ ਪਾਠ ਰੱਖਿਆ ਜਾਂਦਾ ਹੈ। ਗਰੁੜ ਪੁਰਾਣ ਦੇ ਆਸਣ ਕੋਲ ਮ੍ਰਿਤਕ ਦਾ ਪੁੱਤਰ ਸੇਵਾ ਵਿੱਚ ਬ੍ਰਹਮਾ ਦੇ ਰੂਪ ਵਿੱਚ ਬੈਠਦਾ ਹੈ। ਸੇਵਾ ਵਿਚ ਬੈਠਣ ਤੋਂ ਪਹਿਲਾਂ ਉਸਦਾ ਮੁੰਡਨ ਕੀਤਾ ਜਾਂਦਾ ਹੈ। ਇਸ ਉਪਰੰਤ ਉਸਨੂੰ ਇਕ ਪੂਜਾ ਦੀ ਥਾਲੀ ਦੇ ਕੇ ਗਰੁੜ ਪੁਰਾਣ ਕੋਲ ਬਿਠਾਇਆ ਜਾਂਦਾ ਹੈ। ਪੂਜਾ ਦੀ ਥਾਲੀ ਵਿਚ ਚੌਲ, ਤਿਲ, ਸ਼ੱਕਰ ਤੇ ਗੜਵੀ ਆਦਿ ਸਾਮੱਗਰੀ ਹੁੰਦੀ ਹੈ। ਸੇਵਾ ਵਿੱਚ ਬੈਠਣ ਵਾਲੇ ਵਿਅਕਤੀ ਨੂੰ ਕਬੀਲੇ ਦੇ ਲੋਕ ਵਾਰੀ ਸਿਰ ਸ਼ਰਧਾਪੂਰਵਕ ਭੋਜਨ ਛਕਾਉਂਦੇ ਹਨ। ਗਰੁੜ ਪੁਰਾਣ ਦੀ ਸੇਵਾ ਵਿੱਚ ਬੈਠਣ ਵਾਲਾ ਵਿਅਕਤੀ ਦਿਨ ਵਿੱਚ ਸਿਰਫ਼ ਇਕ ਵਾਰ ਭੋਜਨ ਕਰਦਾ ਹੈ। ਕਬੀਲੇ ਵਿੱਚ ਇਹ ਵਿਸ਼ਵਾਸ ਪ੍ਰਚੱਲਿਤ ਹੈ ਕਿ ਉਸਦੀ ਤਪੱਸਿਆ ਅਤੇ ਸੇਵਾ ਦਾ ਫਲ ਮ੍ਰਿਤਕ ਦੀ ਆਤਮਾ ਨੂੰ ਲੱਗਦਾ ਹੈ। ਗਰੁੜ ਪੁਰਾਣ ਦੇ ਭੋਗ ਤੋਂ ਬਾਅਦ ਗੁਜਰ ਕਬੀਲੇ ਦੇ ਲੋਕ 'ਸੋਲ੍ਹਵੇਂ ਦਿਨ' ਮ੍ਰਿਤਕ ਦੇ ਭੋਗ ਦੀ ਰਸਮ ਪੂਰੀ ਕਰਦੇ ਹਨ। ਭੋਗ ਵਾਲੇ ਦਿਨ ਸਾਰੇ ਡੇਰੇ ਦੇ ਪਤਵੰਤਿਆਂ ਅਤੇ ਲੋਕਾਂ ਦੀ ਹਾਜ਼ਰੀ ਵਿੱਚ ਬ੍ਰਹਮਾ ਰੂਪ ਆਦਮੀ ਬ੍ਰਾਹਮਣਾਂ ਨੂੰ ਸਤਿਕਾਰ ਸੰਗ ਆਸਣ 'ਤੇ ਬਿਠਾ ਕੇ ਇਕ-ਇਕ ਗੜਵੀ ਭੇਟ ਕਰਦਾ ਹੈ। ਇਸ ਰਸਮ ਤੋਂ ਬਾਅਦ ਸਾਰੇ ਬ੍ਰਾਹਮਣ ਲੋਕ ਉਸ ਬ੍ਰਹਮ ਰੂਪ ਪੁਰਸ਼ ਦੇ ਪੱਗ ਬੰਨ੍ਹਦੇ ਹਨ। ਬ੍ਰਾਹਮਣ ਨੂੰ ਭੋਜਨ ਦੇਣ ਉਪਰੰਤ ਕੰਨਿਆ ਭੋਜਨ ਕਰਾਇਆ ਜਾਂਦਾ ਹੈ। ਇਨ੍ਹਾਂ ਰਸਮਾਂ ਤੋਂ ਬਾਅਦ ਮ੍ਰਿਤਕ ਦਾ ਪਰਿਵਾਰ ਸਾਰੇ ਕਬੀਲੇ ਦੀ ਰੋਟੀ ਕਰਦਾ ਹੈ ਜਿਸ ਵਿੱਚ ਡੇਰੇ ਦੇ ਹਰ ਘਰ ਵਿੱਚੋਂ ਪਰਿਵਾਰ ਦੇ ਇੱਕ ਵਿਅਕਤੀ ਨੂੰ ਸੱਦਾ ਦਿੱਤਾ ਜਾਂਦਾ ਹੈ ਪਰੰਤੂ ਹੁਣ ਇਸ ਰਸਮ ਸੰਬੰਧੀ ਕੋਈ ਬੰਦਸ਼ ਲਾਗੂ ਨਹੀਂ ਹੁੰਦੀ। ਗੁਜਰ ਕਬੀਲੇ ਵਿੱਚ ਬੱਚੇ ਦੀ ਮੌਤ ਸੰਬੰਧੀ ਬਿਲਕੁਲ ਵੱਖਰਾ ਵਿਧੀ ਵਿਧਾਨ ਪਾਇਆ ਜਾਂਦਾ ਹੈ। ਗੁਜਰ ਕਬੀਲਾ ਬੱਚੇ ਦੀ ਮੌਤ ਸੰਬੰਧੀ ਬਹੁਤ ਸੰਵੇਦਨਸ਼ੀਲ ਹੈ। ਗੁਜਰ ਕਬੀਲੇ ਵਿੱਚ ਮ੍ਰਿਤਕ ਨੂੰ ਘਰ ਵਿਚ ਦਫ਼ਨਾਉਣ ਦੀ ਪ੍ਰਥਾ ਪ੍ਰਚਲਿਤ ਰਹੀ ਹੈ। ਪੰਜਾਬ ਵਿੱਚੋਂ ਇਹ ਪ੍ਰਥਾ ਲਗਭਗ ਖਤਮ ਹੋ ਚੁੱਕੀ ਹੈ। ਗੁਜਰ ਲੋਕ ਬੱਚੇ ਨੂੰ ਦਫ਼ਨਾਉਣ ਤੋਂ ਪਹਿਲਾਂ ਉਸਦੇ ਆਲੇ-ਦੁਆਲੇ 'ਅਨਾਜ' ਵਜੋਂ 'ਚੌਲਾਂ ਦਾ ਛਿੱਟਾ' ਦਿੰਦੇ ਹਨ। ਬੱਚੇ ਨੂੰ ਦਫ਼ਨਾਉਣ ਤੋਂ ਬਾਅਦ ਉਸਦੀ ਕਬਰ 'ਤੇ ਇਕ ਕੁਜੇ ਵਿਚ ਦੁੱਧ ਪਾ ਕੇ ਅਰਪਿਆ ਜਾਂਦਾ ਹੈ। ਇਸ ਉਪਰੰਤ ਮ੍ਰਿਤਕ ਬੱਚੇ ਦੀ ਮਾਂ ਤੀਜੇ ਦਿਨ ਇਸ਼ਨਾਨ ਕਰਕੇ ਬੱਚੇ ਦੀ ਕਬਰ 'ਤੇ ਸ਼ੱਕਰ ਤੇ ਚੌਲਾਂ ਦਾ ਛਿੱਟਾ ਦਿੰਦੀ ਹੈ। ਉਪਰੋਕਤ ਰਸਮ ਨਿਭਾਉਣ ਸਮੇਂ ਉਸਨੂੰ ਕਬੀਲੇ ਦੀਆਂ ਬਜ਼ੁਰਗ ਅਤੇ ਸਿਆਣੀਆਂ ਔਰਤਾਂ ਪੁੱਤਰ ਦਾ ਆਸ਼ੀਰਵਾਦ ਦਿੰਦੀਆਂ ਹੋਈਆਂ ਧਰਵਾਸ ਦਿੰਦੀਆਂ ਹਨ। ਇਸ ਤੋਂ ਇਲਾਵਾ ਬੀਤ ਦੇ ਗੁਜਰ ਲੋਕ ਮਰਗਤ ਨਾਲ ਸੰਬੰਧਤ ਹੋਰ ਵੀ ਛੋਟੀਆਂ-ਛੋਟੀਆਂ ਰਸਮਾਂ ਅਦਾ ਕਰਦੀਆਂ ਹਨ ਜਿਨ੍ਹਾਂ ਵਿੱਚ ਡੂੰਘਾ ਸਮਾਜਿਕ ਸਭਿਆਚਾਰਕ ਅਤੇ ਸੰਸਕ੍ਰਿਤਕ ਮਹੱਤਵ ਛੁਪਿਆ ਹੋਇਆ ਹੈ।

ਗੁਜਰ ਕਬੀਲੇ ਦੀ ਵਰਤਮਾਨ ਸਥਿਤੀ

ਪੰਜਾਬ ਦੇ ਗੁਜਰਾਂ ਨੂੰ ਮੁੱਖ ਤੌਰ 'ਤੇ ਤਿੰਨ ਸ੍ਰੇਣੀਆਂ ਵਿੱਚ ਰੱਖ ਕੇ ਵੇਖਿਆ ਜਾ ਸਕਦਾ ਹੈ :

1. ਪਿੰਡਾਂ ਵਿਚ ਵਸਣ ਵਾਲੇ ਗੁਜਰ
2. ਪਹਾੜੀ ਗੁਜਰ
3. ਬੀਤ ਦੇ ਇਲਾਕੇ ਦੇ ਗੁਜਰ

ਪੰਜਾਬ ਦੇ ਪਿੰਡਾਂ ਵਿਚ ਵਸਣ ਵਾਲੇ ਗੁਜਰ ਲੋਕ ਉਹ ਹਨ ਜਿਨ੍ਹਾਂ ਦੇ ਬਜ਼ੁਰਗ ਕਈ ਸਦੀਆਂ ਪਹਿਲਾਂ ਆਪਣੇ ਮਾਲ ਡੰਗਰ ਲਈ ਹਰੀਆਂ ਚਰਾਗਾਹਾਂ ਦੀ ਭਾਲ ਵਿਚ ਅਤੇ ਰਾਜਨੀਤਕ ਉਥਲ-ਪੁਥਲ ਦੇ ਚਲਦਿਆਂ ਰਾਜਸਥਾਨ ਵਿਚੋਂ ਹਿਜ਼ਰਤ ਕਰਕੇ ਆਏ ਸਨ। ਪੰਜਾਬ ਦੇ ਕਈ ਹੋਰ ਕਬੀਲੇ ਵੀ ਆਪਣਾ ਮੂਲ ਰਾਜਸਥਾਨ ਨੂੰ ਮੰਨਦੇ ਹਨ। ਭਾਵੇਂ ਕਿ ਇਹ ਲੋਕ ਪਿੰਡਾਂ ਵਿਚ ਵਸ ਚੁੱਕੇ ਸਨ ਪਰ ਫਿਰ ਵੀ ਇਹ ਲੋਕ ਆਪਣਾ ਪਿਤਾ ਪੁਰਖੀ ਧੰਦਾ ਪਸ਼ੂ ਪਠੋਰਾ ਪਾਲਣਾ ਅਤੇ ਥੋੜ੍ਹੀ ਬਹੁਤ ਖੇਤੀਬਾੜੀ ਕਰਦੇ ਹਨ। ਪਿੰਡਾਂ ਵਿਚ ਸਥਾਈ ਤੌਰ 'ਤੇ ਵਸਣ ਕਾਰਨ ਇਨ੍ਹਾਂ ਲੋਕਾਂ ਦੀ ਬੋਲੀ ਅਤੇ ਸੱਭਿਆਚਾਰ ਹੌਲ਼ੀ-ਹੌਲ਼ੀ ਪੰਜਾਬੀ ਰੰਗਣ ਵਿਚ ਢਲ਼ ਚੁੱਕਿਆ ਹੈ। ਇਹ ਲੋਕ ਭਾਵੇਂ ਅੱਜ ਵੀ ਆਪਣੇ ਦੇਵੀ ਦੇਵਤਿਆਂ ਅਤੇ ਆਦਿ ਪੁਰਖਿਆਂ ਨੂੰ ਮੰਨਦੇ ਹਨ ਪਰੰਤੂ ਇਹ ਸਾਰਾ ਕੁਝ ਹੁਣ 'ਸੰਕੇਤਕ' ਪੱਧਰ 'ਤੇ ਹੀ ਕੀਤਾ ਜਾਂਦਾ ਹੈ। ਅਜੋਕੇ ਦੌਰ ਵਿਚ ਇਨ੍ਹਾਂ ਦੀ ਇਕ ਵੱਖਰੇ ਸਮੂਹ ਦੇ ਰੂਪ ਵਿਚ ਪਛਾਣ ਕਰਨੀ ਬਹੁਤ ਔਖਾ ਕਾਰਜ ਹੈ। ਇਨ੍ਹਾਂ ਲੋਕਾਂ ਦਾ ਪਹਿਰਾਵਾ ਅਤੇ ਬੋਲੀ ਪ੍ਰਾਂਤਕ ਪ੍ਰਭਾਵ ਥੱਲੇ ਪੂਰੀ ਤਰ੍ਹਾਂ ਬਦਲ ਚੁੱਕੇ ਹਨ। ਜਨਮ, ਵਿਆਹ ਅਤੇ ਮੌਤ ਨਾਲ ਸੰਬੰਧਤ ਰਸਮਾਂ ਵੀ ਆਪਸ ਵਿਚ ਰਲਗੱਡ ਹੋ ਚੁੱਕੀਆਂ ਹਨ। ਇਸ ਸੰਬੰਧੀ ਅਸੀਂ ਆਖ ਸਕਦੇ ਹਾਂ ਕਿ ਗੁਜਰ ਕਬੀਲਾ ਆਦਿ ਕਾਲੀ ਪਿਤਾ ਪੁਰਖੀ ਰੀਤਾਂ ਦੇ ਨਾਲ-ਨਾਲ ਪੰਜਾਬੀ ਸਭਿਆਚਾਰ ਨਾਲ ਜੁੜੀਆਂ ਹੋਈਆਂ ਰੀਤਾਂ ਵੀ ਨਿਭਾਉਂਦਾ ਆ ਰਿਹਾ ਹੈਂ। ਇਹ ਇਕ ਕੁਦਰਤੀ ਵਰਤਾਰਾ ਹੈ ਕਿ ਇਕ ਖਿੱਤੇ ਦੇ ਪ੍ਰਭਾਵੀ ਸਭਿਆਚਾਰ ਨੇ ਹੋਰ ਛੋਟੇ-ਛੋਟੇ ਸਮੂਹਾਂ ਦੇ ਸਭਿਆਚਾਰ ਅਤੇ ਸੰਸਕ੍ਰਿਤਕ ਰਸਮਾਂ-ਰੀਤਾਂ ਨੂੰ ਆਪਣੇ ਕਲਾਵੇ ਵਿਚ ਲੈਣਾ ਹੁੰਦਾ ਹੈ। ਇਹ ਇਕ ਅਚੇਤ ਵਰਤਾਰਾ ਹੈ ਜੋ ਕਿ ਬਹੁਤ ਹੌਲ਼ੀ-ਹੌਲ਼ੀ ਵਾਪਰਦਾ ਹੈ। ਇਸ ਸੰਬੰਧੀ ਅਸੀਂ ਇਹ ਵੀ ਆਖ ਸਕਦੇ ਹਾਂ ਕਿ ਪੰਜਾਬ ਦੇ ਪਿੰਡਾਂ ਵਿਚ ਵਸਣ ਵਾਲੇ ਗੁਜਰਾਂ ਦਾ ਜ਼ਿਆਦਾਤਰ ਸੰਬੰਧ ਪੰਜਾਬ ਦੇ ਕਿਸਾਨਾਂ ਨਾਲ ਰਿਹਾ ਹੈ। ਇਸ ਲਈ ਇਹ ਕੁਦਰਤੀ ਹੈ ਕਿ ਗੁਜਰ ਲੋਕ ਆਪਣੇ ਪਸ਼ੂ ਪਠੋਰੇ ਦੇ ਚਾਰੇ ਲਈ ਕਿਸਾਨੀ 'ਤੇ ਨਿਰਭਰ ਕਰਦੇ ਰਹੇ ਹਨ। ਇਨ੍ਹਾਂ ਲੋਕਾਂ ਦਾ ਪਸ਼ੂਆਂ ਦਾ ਵਪਾਰ ਵੀ ਜ਼ਿਆਦਤਰ ਕਿਸਾਨਾਂ ਨਾਲ ਹੁੰਦਾ ਸੀ ਕਿਉਂਕਿ ਗੁਜਰ ਲੋਕ ਚੰਗੀ ਨਸਲ ਦੀਆਂ ਮੱਝਾਂ ਅਤੇ ਬਲਦ ਪਾਲਣ ਲਈ ਸਦੀਆਂ ਤੋਂ ਜਾਣੇ ਜਾਂਦੇ ਹਨ। ਇਸ ਪ੍ਰਕਾਰ ਇਨ੍ਹਾਂ ਲੋਕਾਂ ਦੇ ਆਪਸੀ ਵਰਤ ਵਿਹਾਰ ਤੇ ਅਦਾਨ-ਪ੍ਰਦਾਨ ਨੇ ਇਕ ਦੂਜੇ ਨੂੰ ਕਾਫ਼ੀ ਹੱਦ ਤੱਕ ਪ੍ਰਭਾਵਿਤ ਕੀਤਾ ਜਿਸਦੇ ਸਿੱਟੇ ਵਜੋਂ ਪੰਜਾਬ ਦੇ ਪਿੰਡਾਂ ਵਿੱਚ ਵਸਣ ਵਾਲੇ ਗੁਜਰ ਹੌਲ਼ੀ-ਹੌਲ਼ੀ ਪੰਜਾਬੀ ਸਭਿਆਚਾਰ ਦੇ ਧਾਰਨੀ ਬਣ ਗਏ।

ਪੰਜਾਬ ਦੇ ਗੁਜਰ ਸਿੱਖਿਆ ਅਤੇ ਸਿਹਤ ਪੱਖੋਂ ਕਾਫ਼ੀ ਚੇਤਨ ਹਨ। ਇਹ ਲੋਕ ਆਪਣੀਆਂ ਪੁਰਾਣੀਆਂ ਰਸਮਾਂ-ਰੀਤਾਂ ਅਤੇ ਕਰਮਕਾਂਡਾਂ ਦੀ ਜਕੜ ਵਿੱਚੋਂ ਆਜ਼ਾਦ ਹੋ ਚੁੱਕੇ ਹਨ। ਲੰਮਾ ਸਮਾਂ ਫਿਰਤੂ ਅਤੇ ਅਨਪੜ੍ਹ ਜੀਵਨ ਬਤੀਤ ਕਰਨ ਕਾਰਨ ਇਨ੍ਹਾਂ ਦੇ ਬਜ਼ੁਰਗ ਅਤੇ ਸਿਆਣੇ ਲੋਕ ਸਿੱਖਿਆ ਦੇ ਮਹੱਤਵ ਨੂੰ ਸਮਝਣ ਲੱਗ ਪਏ ਹਨ। ਪੰਜਾਬ ਦਾ ਗੁਜਰ ਕਬੀਲਾ ਭਾਵੇਂ ਸਿੱਖਿਆ ਅਤੇ ਸਿਹਤ ਦਾ ਮਹੱਤਵ ਭਲੀ ਭਾਂਤੀ ਜਾਣਦਾ ਹੈ ਪਰੰਤੂ ਫਿਰ ਵੀ ਐਨੇ ਅਮੀਰ ਅਤੇ ਵਿਕਸਤ ਸੂਬੇ ਵਿਚ ਰਹਿੰਦਿਆਂ ਹੋਇਆਂ ਵੀ ਔਰਤਾਂ ਅਤੇ ਲੜਕੀਆਂ ਦੀ ਸਥਿਤੀ ਬੜੀ ਚਿੰਤਾਜਨਕ ਬਣੀ ਹੋਈ ਹੈ। ਗੁਜਰ ਕਬੀਲੇ ਦੀ ਔਰਤ ਹਾਲੇ ਪੁਰਾਣੀਆਂ ਮਨਾਹੀਆਂ ਅਤੇ ਮਨੌਤਾਂ ਦਰਮਿਆਨ 'ਤ੍ਰਿਸ਼ੰਕੂ' ਦੀ ਹੋਣੀ ਭੋਗ ਰਹੀ ਹੈ। ਫਿਰ ਵੀ ਕਬੀਲੇ ਵਿਚ ਔਰਤਾਂ ਅਤੇ ਲੜਕੀਆਂ ਦੀ ਸਿੱਖਿਆ ਸੰਬੰਧੀ ਸਾਰਥਕ ਯਤਨ ਹੋ ਰਹੇ ਹਨ। ਪੰਜਾਬ ਵਿਚ ਆਪਣਾ ਕੱਚਾ ਨਿਵਾਸ ਬਣਾ ਕੇ ਰਹਿਣ ਵਾਲੇ ਗੁਜਰ 'ਪਹਾੜੀ ਗੁਜਰ' ਹਨ। ਇਹ ਲੋਕ ਪਹਿਲਾਂ ਕੇਵਲ ਪਹਾੜਾਂ ਵਿੱਚ ਜ਼ਿਆਦਾ ਬਾਰਿਸ਼ਾਂ ਜਾਂ ਬਰਫ਼ ਪੈਣ 'ਤੇ ਹੀ ਮੈਦਾਨਾਂ ਵੱਲ ਆਉਂਦੇ ਸਨ ਪਰੰਤੂ ਹੁਣ ਇਹ ਲੋਕ ਵਪਾਰਕ ਨਜ਼ਰੀਏ ਤੋਂ ਵੀ ਮੈਦਾਨਾਂ ਵੱਲ ਆਉਂਦੇ ਰਹਿੰਦੇ ਹਨ। ਪਹਾੜੀ ਗੁਜਰਾਂ ਦਾ ਮੁੱਖ ਧੰਦਾ ਪਸ਼ੂ ਪਾਲਣਾ, ਪਸ਼ੂਆਂ ਦਾ ਵਪਾਰ ਕਰਨਾ ਅਤੇ ਦੁੱਧ ਮੱਖਣ ਵੇਚਣਾ ਹੈ। ਇਨ੍ਹਾਂ ਵਿਚੋਂ ਕਈ ਲੋਕ ਬਾਰਿਸ਼ ਦੇ ਦਿਨਾਂ ਵਿੱਚ ਹੀ ਮੈਦਾਨਾਂ ਵੱਲ ਰੁੱਖ ਕਰਦੇ ਸਨ ਪਰੰਤੂ ਗੁਆਂਢੀ ਸੂਬਿਆਂ ਨਾਲ ਜ਼ਿਆਦਾ ਸਾਂਝ ਪੈਣ ਕਾਰਨ ਹੁਣ ਇਹ ਲੋਕ ਕਈ ਸਾਲਾਂ ਬੱਧੀ ਵੀ ਇਕ ਥਾਂ ਟਿੱਕੇ ਰਹਿੰਦੇ ਹਨ। ਇਨ੍ਹਾਂ ਵਿੱਚੋਂ ਕਈ ਲੋਕ ਪੰਜਾਬ ਦੇ ਕਿਸਾਨਾਂ ਤੋਂ ਆਪਣੇ ਮਾਲ ਡੰਗਰ ਲਈ ਜਗ੍ਹਾ ਕਿਰਾਏ 'ਤੇ ਲੈ ਕੇ ਆਪਣਾ ਅਸਥਾਈ ਨਿਵਾਸ ਬਣਾ ਲੈਂਦੇ ਹਨ। ਇਸ ਉਪਰੰਤ ਇਹ ਲੋਕ ਆਪਣਾ ਵਪਾਰ ਆਦਿ ਕਰਦੇ ਰਹਿੰਦੇ ਹਨ। ਇਨ੍ਹਾਂ ਵਿਚੋਂ ਜ਼ਿਆਦਾਤਰ ਲੋਕ ਗਊ ਚਰਾਂਦਾਂ, ਜੰਗਲਾਤ ਦੀਆਂ ਜ਼ਮੀਨਾਂ ਅਤੇ ਸ਼ਾਮਲਾਤ ਜ਼ਮੀਨਾਂ 'ਤੇ ਵੀ ਟਿਕੇ ਹੋਏ ਹਨ। ਇਨ੍ਹਾਂ ਲੋਕਾਂ ਨੂੰ ਆਪਣੇ ਪਸ਼ੂ ਧਨ 'ਤੇ ਵਿਰਾਸਤੀ ਮਾਣ ਹੈ। ਅੱਜ ਵੀ ਇਹ ਲੋਕ ਆਪਣੇ 'ਪਸ਼ੂਆਂ' ਤੋਂ ਇਲਾਵਾ ਕੋਈ ਹੋਰ ਗੱਲ ਸੁਣਨ ਲਈ ਤਿਆਰ ਨਹੀਂ ਹਨ। ਇਨ੍ਹਾਂ ਲੋਕਾਂ ਵਿਚ ਸਿੱਖਿਆ ਦੀ ਦਰ ਜ਼ੀਰੋ ਦੇ ਬਰਾਬਰ ਹੈ। ਪਹਾੜੀ ਗੁਜਰ ਮੁਸਲਮਾਨ ਧਰਮ ਨੂੰ ਮੰਨਦੇ ਹਨ। 'ਪਸ਼ੂਆਂ ਦੀਆਂ ਨਸਲਾਂ ਦੇ ਨਾਂ', 'ਕੁਝ ਕੁ ਜੜੀਆਂ ਬੂਟੀਆਂ ਦਾ ਗਿਆਨ' ਅਤੇ 'ਸਥਾਨਕ ਲੋਕਾਂ ਨਾਲ ਸਹਿਚਾਰ' ਹੀ ਇਨ੍ਹਾਂ ਲੋਕਾਂ ਦੀ ਅਸਲ ਸਿੱਖਿਆ ਹੈ। ਮੁੱਢਲੀ ਸਿੱਖਿਆ ਪੱਖੋਂ ਇਹ ਲੋਕ ਕਾਫ਼ੀ ਪਛੜੇ ਹੋਏ ਹਨ। ਇਨ੍ਹਾਂ ਲੋਕਾਂ ਵਿਚ ਸਦੀਆਂ ਤੋਂ ਚਲਦੀ ਆ ਰਹੀ 'ਟੋਟਮ ਟੈਬੂ' ਪਰੰਪਰਾ ਏਨੀ ਜ਼ਿਆਦਾ ਸ਼ਕਤੀਸ਼ਾਲੀ ਹੈ ਕਿ ਇਹ ਲੋਕ ਅੱਜ ਵੀ ਆਪਣਾ ਸਮੁੱਚਾ ਜੀਵਨ ਆਪਣੀਆਂ ਪਰੰਪਰਿਕ ਰਸਮਾਂ-ਰੀਤਾਂ ਦੇ ਸਹਾਰੇ ਬਤੀਤ ਕਰ ਰਹੇ ਹਨ। ਇਨ੍ਹਾਂ ਲੋਕਾਂ ਦੀ ਬੋਲੀ ਅਤੇ ਸਭਿਆਚਾਰ ਬਿਨਾਂ ਕਿਸੇ ਬਾਹਰੀ ਦਖ਼ਲ ਦੇ ਸਦੀਆਂ ਤੋਂ ਮੂਲ ਰੂਪ ਵਿਚ ਚਲਦਾ ਆ ਰਿਹਾ ਹੈ। ਅੱਜ ਦੇ ਅਤਿ ਆਧੁਨਿਕ ਦੌਰ ਵਿਚ ਵੀ ਇਹ ਲੋਕ 'ਖਾਨਾਬਦੋਸ਼ੀ' ਵਾਲਾ ਜੀਵਨ ਬਤੀਤ ਕਰ ਰਹੇ ਹਨ। ਅੱਜ ਵੀ ਇਹ ਲੋਕ ਸ਼ਹਿਰਾਂ, ਨਗਰਾਂ ਅਤੇ ਪਿੰਡਾਂ ਤੋਂ ਦੂਰ ਡੇਰਾ ਲਾ ਕੇ ਖੁਸ਼ ਹੁੰਦੇ ਹਨ। ਇਨ੍ਹਾਂ ਲੋਕਾਂ ਦੀ ਅਜਿਹੀ ਮਾਨਸਿਕਤਾ ਬਣ ਚੁੱਕੀ

ਹੈ ਕਿ ਇਨ੍ਹਾਂ ਲੋਕਾਂ ਨੂੰ 'ਪਸ਼ੂ ਪਾਲਣ' ਤੋਂ ਇਲਾਵਾ ਹੋਰ ਕੋਈ ਧੰਦਾ ਨਜ਼ਰ ਨਹੀਂ ਆਉਂਦਾ ਅਤੇ ਨਾ ਹੀ ਇਹ ਲੋਕ 'ਪਸ਼ੂਆਂ' ਤੋਂ ਇਲਾਵਾ ਕੋਈ ਹੋਰ ਸ਼ਬਦ ਸੁਣਨ ਲਈ ਤਿਆਰ ਹਨ। ਇਸ ਤੋਂ ਇਲਾਵਾ ਇਨ੍ਹਾਂ ਲੋਕਾਂ ਦੇ ਅਨਪੜ੍ਹ ਅਤੇ ਪਛੜੇ ਹੋਣ ਦਾ ਇਕ ਮੁੱਖ ਕਾਰਨ ਇਨ੍ਹਾਂ ਲੋਕਾਂ ਦੇ ਖਾਨਾਬਦੋਸ਼ ਸੁਭਾਅ ਵਿਚ ਵੀ ਪਿਆ ਹੈ। ਇਨ੍ਹਾਂ ਲੋਕਾਂ ਬਾਰੇ ਖੇਤਰੀ ਕਾਰਜ ਕਰਦਿਆਂ ਇਹ ਗੱਲ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਇਹ ਲੋਕ ਅੱਜ ਵੀ ਆਧੁਨਿਕ ਤਕਨਾਲੋਜੀ ਅਤੇ ਸਿੱਖਿਆ ਸੰਬੰਧੀ ਮਾਨਸਿਕ ਤੌਰ 'ਤੇ ਤਿਆਰ ਨਹੀਂ ਹਨ। ਇਹ ਲੋਕ ਆਪਣੀਆਂ ਪੁਰਾਣੀਆਂ ਰਹੁ-ਰੀਤਾਂ ਅਤੇ ਪਰੰਪਰਾਵਾਂ ਦੀ ਏਨੀ ਜ਼ਿਆਦਾ ਜਕੜ ਵਿਚ ਹਨ ਕਿ ਹਾਲੇ ਇਨ੍ਹਾਂ ਲੋਕਾਂ ਨੂੰ ਆਪਣੀਆਂ ਪਿਤਾ ਪੁਰਖੀ ਰੂੜ੍ਹੀਆਂ ਤੋਂ ਮੁਕਤ ਹੋਣ ਲਈ ਸ਼ਾਇਦ ਸਦੀਆਂ ਲੱਗ ਜਾਣਗੀਆਂ। ਜੇਕਰ ਗੁਹੁ ਨਾਲ ਵੇਖਿਆ ਜਾਵੇ ਤਾਂ ਅੱਜ ਵੀ ਇਨ੍ਹਾਂ ਲੋਕਾਂ ਦੇ ਸਮਾਜ ਸਭਿਆਚਾਰ ਵਿਚ ਭੋਰਾ ਵੀ ਬਦਲਾਅ ਵੇਖਣ ਨੂੰ ਨਹੀਂ ਮਿਲਦਾ। ਮੁਸਲਮਾਨ ਧਰਮ ਨਾਲ ਸੰਬੰਧਤ ਹੋਣ 'ਤੇ ਵੀ ਇਹ ਲੋਕ ਸਿੱਖਿਆ ਨਾਲ ਸੰਬੰਧਤ 'ਮਦਰੱਸਿਆਂ' ਨਾਲ ਵੀ ਨਹੀਂ ਜੁੜ ਸਕੇ। ਇਨ੍ਹਾਂ ਦੇ ਜਨਮ ਵਿਆਹ ਅਤੇ ਮੌਤ ਨਾਲ ਸੰਬੰਧਤ ਰਹੁ-ਰੀਤਾਂ ਸਦੀਆਂ ਤੋਂ ਉਸੇ ਤਰ੍ਹਾਂ ਮੂਲ ਰੂਪ ਵਿਚ ਚਲਦੀਆਂ ਆ ਰਹੀਆਂ ਹਨ। ਇਨ੍ਹਾਂ ਲੋਕਾਂ ਦਾ ਸੰਬੰਧ ਆਦਿ ਕਾਲੀ ਜੰਗਲੀ ਕਬੀਲਿਆਂ ਨਾਲ ਹੈ ਜਿਹੜੇ ਕਿ ਸਦੀਆਂ ਤੋਂ ਵਰਣ-ਵਿਵਸਥਾ ਦੇ ਦਾਇਰੇ ਤੋਂ ਬਾਹਰ ਵਿਚਰਦੇ ਆਏ ਹਨ। ਭਾਰਤ ਦੇ ਕਈ ਕਬੀਲੇ ਅਜਿਹੇ ਹਨ ਜਿਹੜੇ ਕਿ ਸਦੀਆਂ ਤੋਂ ਹੀ 'ਖਾਨਾਬਦੋਸ਼ੀ' ਵਿਚ ਰਹੇ ਹਨ। ਇਨ੍ਹਾਂ ਵਿੱਚੋਂ ਬਹੁਤੇ ਕਬੀਲਿਆਂ ਨੇ ਵੱਖ-ਵੱਖ ਖਿੱਤਿਆਂ ਵਿਚੋਂ ਲੰਘਦਿਆਂ ਹੋਇਆਂ ਉੱਥੋਂ ਦੀ ਸਥਾਨਕ ਭਾਸ਼ਾ ਅਤੇ ਸਭਿਆਚਾਰ ਨੂੰ ਵੀ ਆਤਮਸਾਤ ਕੀਤਾ ਹੈ। ਇਸੇ ਲਈ ਇਨ੍ਹਾਂ ਵਿਚੋਂ ਬਹੁਤੇ ਕਬੀਲਿਆਂ ਦੀ ਭਾਸ਼ਾ ਅਤੇ ਸਭਿਆਚਾਰ ਬਹੁਰੰਗੀ ਅਤੇ ਵੰਨ-ਸੁਵੰਨਤਾ ਵਾਲਾ ਹੈ। ਪਰ ਇਨ੍ਹਾਂ ਵਿਚੋਂ ਕੁਝ ਕੁ ਕਬੀਲੇ ਅਜਿਹੇ ਹਨ ਜਿਨ੍ਹਾਂ ਨੇ ਬਾਹਰਲੇ ਸਭਿਆਚਾਰਾਂ ਦਾ ਪ੍ਰਭਾਵ ਬਿਲਕੁਲ ਹੀ ਨਹੀਂ ਕਬੂਲਿਆ। ਇਨ੍ਹਾਂ ਵਿੱਚੋਂ 'ਗੁਜਰ ਕਬੀਲਾ' ਵੀ ਇਕ ਅਜਿਹਾ ਕਬੀਲਾ ਹੈ। 'ਸ਼ਰਾ ਦੀ ਪਾਬੰਦੀ' ਅਤੇ 'ਪਸ਼ੂ ਧਨ' ਦੇ ਸਹਾਰੇ ਆਜ਼ਾਦ ਜੀਵਨ ਬਤੀਤ ਕਰਦਿਆਂ ਇਨ੍ਹਾਂ ਲੋਕਾਂ ਨੂੰ ਤਕਨਾਲੋਜੀ ਅਤੇ ਆਧੁਨਿਕਤਾ ਪ੍ਰਭਾਵਿਤ ਨਹੀਂ ਕਰ ਸਕੀ। ਗੁਜਰ ਕਬੀਲੇ ਦੇ ਹਰ ਇਕ ਪਰਿਵਾਰ ਲਈ ਪਸ਼ੂ ਦੀ ਕੀਮਤ ਪਰਿਵਾਰ ਦੇ ਇਕ ਵਿਅਕਤੀ ਵਾਂਗ ਹੁੰਦੀ ਹੈ। ਗੁਜਰ ਕਬੀਲੇ ਦੇ ਲੋਕਾਂ ਵਿੱਚ ਪਸ਼ੂ ਦੀ ਮੌਤ ਜਾਂ ਬਿਮਾਰ ਹੋਣ 'ਤੇ 'ਸੋਗ' ਵਰਗਾ ਮਾਹੌਲ ਹੁੰਦਾ ਹੈ। ਅੱਜ ਵੀ ਕਿਸੇ ਗੁਜਰ ਕਬੀਲੇ ਦੀ 'ਗਰੀਬੀ ਅਮੀਰੀ' ਦਾ ਅੰਦਾਜ਼ਾ ਉਸਦੇ 'ਪਸ਼ੂ ਧਨ' ਤੋਂ ਹੀ ਲੱਗਦਾ ਹੈ। ਅੱਜ ਵੀ ਗੁਜਰ ਕਬੀਲੇ ਦੇ ਲੋਕ ਰਿਸ਼ਤਾ ਨਾਤਾ ਜੋੜਨ ਲੱਗਿਆਂ ਸੰਬੰਧਤ ਪਰਿਵਾਰ ਦੀ ਖੁਸ਼ਹਾਲੀ ਦਾ ਅੰਦਾਜ਼ਾ ਉਸਦੇ ਪਸ਼ੂ ਧਨ ਤੋਂ ਲਗਾਉਂਦੇ ਹਨ। ਇਸ ਤਰ੍ਹਾਂ ਅਸੀਂ ਪਹਾੜੀ ਗੁਜਰ ਕਬੀਲੇ ਦੇ ਜੀਵਨ ਦਰਸ਼ਨ ਨੂੰ ਵੇਖਦਿਆਂ ਕੁਦਰਤ ਅਤੇ ਤਕਨਾਲੋਜੀ ਦੇ ਸੰਘਰਸ਼ ਨੂੰ ਸਪੱਸ਼ਟ ਰੂਪ ਵਿਚ ਵੇਖ ਸਕਦੇ ਹਾਂ। ਇਸੇ ਸੰਦਰਭ ਵਿਚ ਬੀਤ ਦੇ ਗੁਜਰ ਜਿਹੜੇ ਕਿ ਜ਼ਿਲ੍ਹਾ ਹੁਸ਼ਿਆਰਪੁਰ ਦੇ ਨੀਮ ਪਹਾੜੀ ਖੇਤਰ 'ਬੀਤ' ਵਿਚ ਵੱਸੇ ਹੋਏ ਹਨ, ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਇਹ

ਲੋਕ ਆਦਿ ਕਾਲ ਤੋਂ ਹੀ ਜਿੱਥੇ ਇਕ ਵੱਖਰੇ ਸਭਿਆਚਾਰਕ ਮੁਹਾਂਦਰੇ ਦੇ ਧਾਰਨੀ ਹਨ ਉੱਥੇ ਨਾਲ ਹੀ ਇਕ ਵਿਲੱਖਣ ਅਤੇ ਕੁਦਰਤੀ ਜੀਵਨ ਸ਼ੈਲੀ ਕਰਕੇ ਜਾਣੇ ਜਾਂਦੇ ਹਨ। ਬੀਤ ਦੇ ਗੁਜਰ ਵੀ ਆਪਣਾ ਮੂਲ ਰਾਜਸ਼ਥਾਨ ਨਾਲ ਜੋੜ ਕੇ ਵੇਖਦੇ ਹਨ। ਕਈ ਸੌ ਸਾਲ ਪਹਿਲਾਂ ਇਨ੍ਹਾਂ ਦੇ ਬਜ਼ੁਰਗ ਰਾਜਸਥਾਨ ਵਿੱਚੋਂ ਨੈਣਾ ਦੇਵੀ ਮਾਈ ਦੇ ਦਰਸ਼ਨਾਂ ਲਈ ਰਾਜਸਥਾਨ ਦੇ ਰਾਜਿਆਂ ਨਾਲ ਆਏ ਸਨ। ਇੱਥੋਂ ਦੇ ਰਮਣੀਕ ਮੌਸਮ ਨੇ ਉਨ੍ਹਾਂ ਲੋਕਾਂ ਨੂੰ ਐਨਾ ਪ੍ਰਭਾਵਿਤ ਕੀਤਾ ਕਿ ਇਹ ਲੋਕ ਸਥਾਈ ਤੌਰ ’ਤੇ ਇੱਥੇ ਹੀ ਵਸ ਗਏ। ਬੀਤ ਦੇ ਗੁਜਰਾਂ ਦਾ ਮੁੱਖ ਧੰਦਾ ਖੇਤੀਬਾੜੀ ਕਰਨਾ ਅਤੇ ਪਸ਼ੂ ਪਾਲਣਾ ਹੈ। ਬੀਤ ਦਾ ਇਲਾਕਾ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਗੜ੍ਹਸ਼ੰਕਰ ਦਾ ਨੀਮ ਪਹਾੜੀ ਥਾਂ ਹੈ। ਬਹੁਤੇ ਲੋਕ ‘ਬੀਤ’ ਦੇ ਇਲਾਕੇ ਨੂੰ ‘ਬੀਤੇ ਹੋਏ’ ਦੀ ਸੰਗਿਆ ਦਿੰਦੇ ਹਨ। ਬੀਤੇ ਦੇ ਇਲਾਕੇ ਵਿੱਚ ਗੁਜਰਾਂ ਦੇ ਕਰੀਬ-ਕਰੀਬ ਬਾਈ ਪਿੰਡ ਹਨ। ਇਨ੍ਹਾਂ ਬਾਈ ਪਿੰਡਾਂ ਵਿੱਚ ਗੁਜਰਾਂ ਦੀ ਇਕ ਵੱਖਰੀ ਦੁਨੀਆ ਵੱਸੀ ਹੋਈ ਹੈ। ਭਾਵੇਂ ਇਨ੍ਹਾਂ ਪਿੰਡਾਂ ਦੀਆਂ ਕਈ ਨਿੱਕੀਆਂ-ਨਿੱਕੀਆਂ ਸ਼ਾਖਾਵਾਂ ਅੱਗੇ ਤੋਂ ਅੱਗੇ ਤੱਕ ਫੈਲ ਚੁੱਕੀਆਂ ਹਨ ਪਰ ਫਿਰ ਵੀ ਇਹ ਇਲਾਕਾ ਇਕ ਵੱਖਰੀ ਭੂਗੋਲਿਕ ਅਤੇ ਸਭਿਆਚਾਰਕ ਪਛਾਣ ਰੱਖਣ ਕਰਕੇ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਅਤਿ ਆਧੁਨਿਕ ਅਤੇ ਵਿਕਸਤ ਸਭਿਅਤਾ ਵਿਚ ਵੀ ਇਹ ਇਲਾਕਾ ਇਕ ਭਰ ਵਗਦੇ ਸ਼ਾਂਤ ਦਰਿਆ ਵਾਂਗ ਲੱਗਦਾ ਹੈ। ਇੱਥੋਂ ਦੀ ਹਰਿਆਵਲ ਅਤੇ ਸ਼ਾਂਤੀ ਰੂਹ ਨੂੰ ਇਕ ਅਜੀਬ ਸਕੂਨ ਬਖ਼ਸ਼ਦੀ ਹੈ। ਬੀਤ ਦੇ ਗੁਜਰ ਭਾਵੇਂ ਕਿ ਆਪਣੀਆਂ ਪਰੰਪਰਿਕ ਕਦਰਾਂ-ਕੀਮਤਾਂ ਅਤੇ ਸਭਿਆਚਾਰ ਦੇ ਮੁਦੱਈ ਹਨ ਪਰੰਤੂ ਫਿਰ ਵੀ ਇਨ੍ਹਾਂ ਲੋਕਾਂ ਵਿਚ ਸਹਿਜ ਸੁਭਾਅ ਪਰਿਵਰਤਨ ਦੀ ਗਤੀ ਨੂੰ ਵੇਖਿਆ ਜਾ ਸਕਦਾ ਹੈ। ਆਦਿ ਕਾਲ ਤੋਂ ਜਿੱਥੇ ‘ਹੁੱਕਾ, ਟੋਭਾ ਤੇ ਵਾੜਾ’ ਇਨ੍ਹਾਂ ਦੇ ਜੀਵਨ ਦਾ ਮੁੱਖ ਕੇਂਦਰ ਰਹੇ ਹਨ, ਉੱਥੇ ਅਜੋਕੇ ਦੌਰ ਵਿਚ ਇਹ ਲੋਕ ਸਿਹਤ ਸਹੂਲਤਾਂ ਅਤੇ ਅੱਖਰ ਗਿਆਨ ਪ੍ਰਤੀ ਚੇਤਨ ਹੋਏ ਹਨ। ਦੂਜੇ ਕਬੀਲਿਆਂ ਦੀ ਤੁਲਨਾ ਵਿਚ ਗੁਜਰ ਕਬੀਲਾ ਹੀ ਇਕ ਅਜਿਹਾ ਕਬੀਲਾ ਹੈ ਜਿਸ ਵਿੱਚ ‘ਪਾਂਡੇ’ ਜਾਂ ‘ਪੰਡਿਤ’ ਨੂੰ ਹਰ ਸੰਸਕ੍ਰਿਤਕ ਸਮਾਗਮ ਵਿਚ ਵਿਸ਼ੇਸ਼ ਪਹਿਲ ਦਿੱਤੀ ਜਾਂਦੀ ਹੈ ਜਦਕਿ ਦੂਜੇ ਕਬੀਲੇ ਇਸ ਪ੍ਰਥਾ ਤੋਂ ਪੂਰੀ ਤਰ੍ਹਾਂ ਆਜ਼ਾਦ ਹਨ। ਬੀਤ ਦਾ ਇਲਾਕਾ ਪਹਾੜੀ ਅਤੇ ਪਛੜਿਆ ਹੋਣ ਕਾਰਨ ਲੰਮਾ ਸਮਾਂ ਬਾਹਰਲੀ ਦੁਨੀਆ ਤੋਂ ਟੁੱਟਿਆ ਰਿਹਾ ਹੈ। ਅਜੋਕੇ ਦੌਰ ਵਿਚ ਮਸ਼ੀਨਾਂ ਦੀ ਆਮਦ ਤੇ ਤਕਨੀਕੀ ਵਿਕਾਸ ਕਾਰਨ ਜਿੱਥੇ ਪਿੰਡ, ਸ਼ਹਿਰਾਂ ਨਾਲ ਤੇਜ਼ੀ ਨਾਲ ਜੁੜੇ ਰਹੇ ਹਨ, ਉੱਥੇ ਬੀਤ ਦਾ ਪਛੜਿਆ ਹੋਇਆ ਅਤੇ ਪਹਾੜੀ ਇਲਾਕਾ ਵੀ ਇਸ ਵਿਕਾਸ ਦੀ ਗਤੀ ਨਾਲ ਪੈਰ ਨਾਲ ਪੈਰ ਮਿਲਾ ਕੇ ਚਲ ਰਿਹਾ ਹੈ। ਬੀਤ ਦੇ ਗੁਜਰ ਭਾਵੇਂ ਕਿ ਆਪਣੀਆਂ ਰੂੜ੍ਹੀਵਾਦੀ ਕੀਮਤਾਂ ਅਤੇ ਪ੍ਰੰਪਰਾਵਾਂ ਕਾਰਨ ਕਾਫ਼ੀ ਹੱਦ ਤੱਕ ਪੱਛੜੇ ਹੋਏ ਹਨ ਪਰੰਤੂ ਫਿਰ ਵੀ ਇਨ੍ਹਾਂ ਲੋਕਾਂ ਵਿੱਚ ਨਵੀਂ ਦੁਨੀਆ ਸੰਬੰਧੀ ਹਲਚਲ ਵੇਖਣ ਨੂੰ ਮਿਲਦੀ ਹੈ। ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਗੁਜਰ ਲੋਕ ਕੁਦਰਤੀ ਅਤੇ ਰਮਤਾ ਜੀਵਨ ਬਤੀਤ ਕਰਦੇ ਰਹੇ ਹਨ। ਉਦੋਂ ਗੁਜਰਾਂ ਤੋਂ ਇਲਾਵਾ ਕਈ ਹੋਰ ਪਸ਼ੂ ਪਾਲਕ ਕਬੀਲੇ ਵੀ ਭਾਰਤ ਵਿਚ ਇਕ ਥਾਂ ਤੋਂ ਦੂਜੀ ਥਾਂ ਘੁੰਮਦੇ ਰਹਿੰਦੇ ਸਨ।

ਇਨ੍ਹਾਂ ਵਿਚੋਂ ਬਹੁਤੇ ਕਬੀਲੇ 'ਜਰਾਇਮ ਪੇਸ਼ਾ' ਐਕਟ ਦੇ ਲਾਗੂ ਹੋਣ ਨਾਲ ਜਿੱਥੇ ਰੋਹੀਆਂ ਜੰਗਲਾਂ ਅਤੇ ਬੀਆਬਾਨਾਂ ਵਿਚ ਜੀਵਨ ਗੁਜ਼ਾਰਨ ਲਈ ਮਜ਼ਬੂਰ ਹੋ ਗਏ, ਉੱਥੇ ਕਈ ਕਬੀਲੇ ਅੰਗਰੇਜ਼ੀ ਹਕੂਮਤ ਦੇ ਭੈਅ ਕਾਰਨ ਆਪਣੀ ਸ਼ਨਾਖਤ ਛੁਪਾਉਣ ਲਈ ਖਾਨਾਬਦੋਸ਼ੀ ਦਾ ਜੀਵਨ ਬਤੀਤ ਕਰਨ ਲੱਗੇ। ਭਾਵੇਂ ਕਿ ਗੁਜਰ ਲੋਕਾਂ 'ਤੇ ਜਰਾਇਮ ਪੇਸ਼ਾ ਐਕਟ ਨਹੀਂ ਸੀ ਲਾਇਆ ਗਿਆ ਪਰੰਤੂ ਫਿਰ ਵੀ ਇਹ ਲੋਕ ਸਦੀਆਂ ਦੀ ਖਾਨਾਬਦੋਸ਼ੀ ਕਾਰਨ ਬਹੁਤ ਜ਼ਿਆਦਾ ਪਛੜ ਚੁੱਕੇ ਸਨ। ਜੰਗਲਾਤ ਵਿਭਾਗ ਦੁਆਰਾ ਪਸ਼ੂ ਚਾਰਨ 'ਤੇ ਲਾਈਆਂ ਪਾਬੰਦੀਆਂ ਅਤੇ ਉਬੜ-ਖਾਬੜ ਜ਼ਮੀਨਾਂ ਦੇ ਚੰਗਾ ਤਰ੍ਹਾਂ ਵਾਹੀਯੋਗ ਨਾ ਹੋਣ ਕਾਰਨ ਬੀਤ ਦੇ ਗੁਜਰ ਲੋਕਾਂ ਨੂੰ ਕਈ ਪ੍ਰਕਾਰ ਦੇ ਨਿਮਨ ਧੰਦੇ ਕਰਨ ਲਈ ਮਜ਼ਬੂਰ ਹੋਣਾ ਪਿਆ ਹੈ। ਇਨ੍ਹਾਂ ਵਿਚੋਂ ਬਹੁਤੇ ਲੋਕਾਂ ਨੇ ਪੱਲੇਦਾਰੀ ਅਤੇ ਹੋਰ ਸਹਾਇਕ ਧੰਦੇ ਕਰਕੇ ਆਪਣਾ ਗੁਜ਼ਾਰਾ ਤੋਰਿਆ ਹੋਇਆ ਹੈ। ਭਾਵੇਂ ਕਿ ਬਦਲਦੀਆਂ ਆਰਥਿਕ, ਸਮਾਜਿਕ ਪਰਿਸਥਿਤੀਆਂ ਵਿਚ ਇਨ੍ਹਾਂ ਲੋਕਾਂ ਲਈ ਸਾਂਵਾਪਣ ਬਣਾ ਕੇ ਰੱਖਣਾ ਕਾਫੀ ਮੁਸ਼ਕਲ ਹੈ ਪਰ ਫਿਰ ਵੀ ਇਹ ਲੋਕ ਆਪਣੇ ਧਰਮ ਅਤੇ ਸਭਿਆਚਾਰ ਪ੍ਰਤੀ ਬ਼ਹੁਤ ਸਮਰਪਿਤ ਹਨ। ਜੇਕਰ ਬੋਲੀ, ਪਹਿਰਾਵਾ, ਧਰਮ ਅਤੇ ਸਮਾਜਿਕ ਕਾਰ ਵਿਹਾਰ ਪੱਖੋਂ ਗਹੁ ਨਾਲ ਵੇਖਿਆ ਜਾਵੇ ਤਾਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਗੁਜਰ ਕਬੀਲਾ ਇਕ ਅਜਿਹਾ ਕਬੀਲਾ ਹੈ ਜਿਸਨੇ ਵਿਸ਼ਵੀਕਰਨ ਦੀ ਇਸ ਤੇਜ਼ ਹਨੇਰੀ ਵਿੱਚ ਵੀ ਆਪਣੀਆਂ ਕਬੀਲਾ ਮਾਨਤਾਵਾਂ ਅਤੇ ਪਰੰਪਰਾਵਾਂ ਨੂੰ ਬਣਾ ਕੇ ਰੱਖਿਆ ਹੋਇਆ ਹੈ। ਅਜੋਕੇ ਦੌਰ ਵਿਚ ਭਾਵੇਂ ਖੁੱਲ੍ਹੀ ਮੰਡੀ ਦਾ ਸੰਕਲਪ ਨਿੱਕੇ-ਨਿੱਕੇ ਸਭਿਆਚਾਰਾਂ ਅਤੇ ਸਮੂਹਾਂ ਨੂੰ ਤੇਜ਼ੀ ਨਾਲ ਨਿਗਲਦਾ ਜਾ ਰਿਹਾ ਹੈ। ਪਰ ਫਿਰ ਵੀ ਗੁਜਰ ਕਬੀਲੇ ਸਮੇਤ ਪੰਜਾਬ ਵਿਚ ਕੁਝ ਅਜਿਹੇ ਕਬੀਲੇ ਹਨ ਜਿਹੜੇ ਕਿ ਆਪਣੇ ਸਭਿਆਚਾਰ ਅਤੇ ਕੀਮਤ ਪ੍ਰਬੰਧ ਲਈ ਇਸ ਵਰਤਾਰੇ ਦੇ ਖਿਲਾਫ ਸੰਘਰਸ਼ ਕਰ ਰਹੇ ਹਨ। ਇਸ ਸੰਬੰਧ ਵਿਚ ਸੰਸਾਰ ਵਿਚ ਵਿਚਰਣ ਵਾਲੇ ਕੁਝ ਅਜਿਹੇ ਕਬੀਲਿਆਂ ਦੀ ਉਦਾਹਰਨ ਦਿੱਤੀ ਜਾ ਸਕਦੀ ਹੈ ਜਿਹੜੇ ਕਿ ਅਤਿ ਵਿਕਸਤ ਮੁਲਕਾਂ ਅਤੇ ਸੱਭਿਆਤਾਵਾਂ ਵਿਚ ਵਿਚਰਦੇ ਹੋਏ ਵੀ ਕਬੀਲਾ ਜੀਵਨ ਨਾਲ ਜੁੜੇ ਹੋਏ ਹਨ। ਇਨ੍ਹਾਂ ਵਿਚੋਂ ਰੈਡ ਇੰਡੀਅਨਜ਼, ਅਰੋਮਾ ਜਿਪਸੀਜ਼, ਐਬੋਰਿਜ਼ਨਜ਼ ਅਤੇ ਮੌਰੀ ਲੋਕਾਂ ਦੀ ਉਦਾਹਰਨ ਦਿੱਤੀ ਜਾ ਸਕਦੀ ਹੈ। ਇਹ ਲੋਕ ਦੁਨੀਆ ਭਰ ਦੀਆਂ ਅਤਿ ਆਧੁਨਿਕ ਸਭਿਆਤਾਵਾਂ ਵਿਚ ਰਹਿੰਦੇ ਹੋਏ ਅਜੇ ਵੀ ਆਪਣੇ ਮੂਲ ਨਾਲ ਜੁੜੇ ਹੋਏ ਹਨ। ਅੰਤ ਵਿਚ ਅਸੀਂ ਇਸ ਸੰਬੰਧੀ ਇਹ ਆਖ ਸਕਦੇ ਹਾਂ ਕਿ ਭਾਵੇਂ ਕੁਝ ਕਬੀਲੇ ਅੱਜ ਵੀ ਸਮਾਜਿਕ ਪਰਿਵਰਤਨ ਦੇ ਗੇੜ ਵਿਚੋਂ ਬਾਹਰ ਹਨ ਪਰੰਤੂ ਫਿਰ ਵੀ ਇਨ੍ਹਾਂ ਲੋਕਾਂ ਵਿਚ ਬਾਹਰੀ ਪੱਧਰ 'ਤੇ ਕੁਝ ਬਦਲਾਅ ਵੇਖਿਆ ਜਾ ਸਕਦਾ ਹੈ। ਅਜੋਕੇ ਦੌਰ ਵਿਚ ਪੰਜਾਬ ਦੇ ਕਬੀਲੇ ਭਾਵੇਂ ਮੁੱਢਲੀ ਸਿੱਖਿਆ ਨਾਲ ਤੇਜ਼ੀ ਨਾਲ ਜੁੜ ਰਹੇ ਹਨ ਪਰ ਇਸ ਸਭ ਦੇ ਬਾਵਜੂਦ ਵੀ ਕਬੀਲਿਆਂ ਵਿੱਚ ਸਿੱਖਿਆ ਦੀ ਦਰ ਬਹੁਤ ਨੀਵੀਂ ਹੈ। ਮੁੱਢਲੀਆਂ ਸੁੱਖ-ਸਹੂਲਤਾਂ ਅਤੇ ਲਗਾਤਾਰ ਮਾਰਗ ਦਰਸ਼ਨ ਤੋਂ ਬਿਨਾਂ ਸਿੱਖਿਆ ਸੰਬੰਧੀ ਯਤਨ ਰਾਹ ਵਿਚ ਹੀ ਦਮ ਤੋੜ ਜਾਂਦੇ ਹਨ। ਉਪਰੋਕਤ ਸਾਰੀਆਂ ਸਮੱਸਿਆਵਾਂ ਤੋਂ ਇਲਾਵਾ ਪੰਜਾਬ ਦੇ ਕਬੀਲੇ ਮੁੱਢਲੀਆਂ ਸੁੱਖ-ਸਹੂਲਤਾਂ, ਸਿੱਖਿਆ, ਰਹਿਣ ਲਈ ਨਿਯਮਤ

ਥਾਵਾਂ ਅਤੇ ਨੌਕਰੀਆਂ ਵਿਚ ਢੁੱਕਵੇਂ ਰਾਖਵੇਂਕਰਨ ਲਈ ਜੂਝ ਰਹੇ ਹਨ। ਇਸ ਸਾਰੇ ਸਮਾਜਿਕ ਪਰਿਵਰਤਨ ਵਿਚ ਗੁਜਰ ਕਬੀਲਾ ਵੀ ਸ਼ਾਮਲ ਹੋ ਰਿਹਾ ਹੈ।

ਹਵਾਲੇ ਅਤੇ ਟਿੱਪਣੀਆਂ

1. ਡੇਂਜਲ ਇਬਟਸਨ ਐਂਡ ਐਚ.ਏ.ਰੋਜ਼, ਟਰਾਈਬਜ਼ ਐਂਡ ਕਾਸਟਸ ਆਫ ਪੰਜਾਬ, ਪੰਨਾ 307.
2. ਉਹੀ, ਪੰਨਾ 311.
3. ਉਹੀ, ਪੰਨਾ 312.
4. ਉਹੀ, ਪੰਨਾ 315.
5. ਭੁਪਿੰਦਰ ਕੌਰ, ਬੀਤ ਦੇ ਗੁਜਰਾਂ ਦਾ ਸਭਿਆਚਾਰ, ਪਟਿਆਲਾ, ਪੰਨਾ 22.
6. ਉਹੀ, ਪੰਨਾ 68.
7. ਉਹੀ, ਪੰਨਾ 68.
8. ਉਹੀ, ਪੰਨਾ 71.
9. ਉਹੀ, ਪੰਨਾ 90.
10. ਉਹੀ, ਪੰਨਾ 95.

ਬੰਗਾਲਾ ਕਬੀਲਾ

ਇਤਿਹਾਸਕ ਪਿਛੋਕੜ : ਬੰਗਾਲਾ ਕਬੀਲੇ ਦਾ ਇਤਿਹਾਸਕ ਪਿਛੋਕੜ 'ਬੰਗਾਲ' ਨਾਲ ਜੁੜਿਆ ਹੋਇਆ ਹੈ। ਬੰਗਾਲ ਕਿਸੇ ਵੇਲੇ ਅਜਿਹੇ ਕਬੀਲਿਆਂ ਦਾ ਗੜ੍ਹ ਰਿਹਾ ਹੈ। ਬੰਗਾਲ ਦੇ ਸਪੇਰੇ, ਜਾਦੂਗਰ ਤਾਂਤਰਿਕ ਅਤੇ ਜੰਗਲੀ ਲੋਕ ਆਪਣੇ ਜੱਦੀ ਪੁਸ਼ਤੀ ਕਲਾ ਕੌਸ਼ਲ ਲਈ ਜਾਣੇ ਜਾਂਦੇ ਹਨ। ਬੰਗਾਲ ਦਾ ਬਹੁਰੰਗੀ ਸਭਿਆਚਾਰ ਇਨ੍ਹਾਂ ਲੋਕਾਂ ਕਰਕੇ ਖ਼ਾਸ ਵਿਸ਼ੇਸ਼ਤਾਵਾਂ ਦਾ ਧਾਰਨੀ ਹੈ। ਬੰਗਾਲਾ ਲੋਕ ਸੱਪ ਫੜ੍ਹਨ ਦੀ ਮੁਹਾਰਤ ਰੱਖਦੇ ਹਨ। ਇਨ੍ਹਾਂ ਲੋਕਾਂ ਦਾ ਮੁੱਖ ਪੇਸ਼ਾ ਬੀਨ 'ਤੇ ਸੱਪ ਨਚਾਉਣਾ, ਸੱਪ ਦੀ ਜ਼ਹਿਰ ਦਾ ਮਣਕਾ ਲਾਉਣਾ, ਜੜ੍ਹੀਆਂ-ਬੂਟੀਆਂ ਵੇਚਣਾ ਅਤੇ ਦੱਸ ਪੈਣ 'ਤੇ ਘਰਾਂ ਵਿੱਚੋਂ ਸੱਪ ਫੜ ਕੇ ਭੇਟਾ ਆਦਿ ਲੈ ਕੇ ਗੁਜ਼ਾਰਾ ਕਰਨਾ ਹੈ। ਬੰਗਾਲਾ, ਸਪੇਰੇ, ਜੋਗੀ, ਮਾਂਦਰੀ ਅਤੇ ਬੀਨ ਵਾਦਕ ਇਕੋ ਸ੍ਰੇਣੀ ਦੇ ਲੋਕ ਹਨ। ਭਾਵੇਂ ਕਿ ਬੰਗਾਲਾ ਕਬੀਲੇ ਦੇ ਲੋਕਾਂ ਦਾ ਸੰਬੰਧ ਬੰਗਾਲ ਨਾਲ ਜੁੜਿਆ ਹੋਇਆ ਹੈ ਪਰੰਤੂ ਇਹ ਲੋਕ ਪੰਜਾਬ, ਹਰਿਆਣਾ, ਹਿਮਾਚਲ, ਜੰਮੂ, ਰਾਜਸਥਾਨ ਅਤੇ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਜ਼ਿਕਰਯੋਗ ਗਿਣਤੀ ਵਿਚ ਵਾਸ ਕਰ ਰਹੇ ਹਨ। ਬੰਗਾਲ ਵਿੱਚੋਂ ਇਹ ਲੋਕ ਚੰਗੀ ਰੋਜ਼ੀ ਰੋਟੀ ਦੀ ਭਾਲ ਵਿਚ ਭਾਰਤ ਦੇ ਕਈ ਖੁਸ਼ਹਾਲ ਤੇ ਉਪਜਾਊ ਮੈਦਾਨਾਂ ਵਿਚ ਆਪਣੀ 'ਨਾਗ ਕਲਾ' ਦਾ ਜੌਹਰ ਵਿਖਾਉਣ ਆਉਂਦੇ ਰਹਿੰਦੇ ਸਨ ਜਿਸ ਉਪਰੰਤ ਇਨ੍ਹਾਂ ਵਿਚੋਂ ਕੁਝ ਲੋਕ ਸੰਬੰਧਤ ਇਲਾਕਿਆਂ ਵਿਚ ਹੀ ਵਸ ਗਏ। ਹੁਣ ਇਹ ਲੋਕ ਇਨ੍ਹਾਂ ਰਾਜਾਂ ਦੇ ਪੱਕੇ ਬਾਸ਼ਿੰਦੇ ਹਨ। ਬੰਗਾਲੇ ਲੋਕ ਬਹੁਤ ਹੀ ਘੱਟ ਗਿਣਤੀ ਵਿਚ ਮੈਦਾਨਾਂ ਦੇ ਜਰਾਇਮ ਪੇਸ਼ਾ ਕਬੀਲਿਆਂ ਅਤੇ ਸਪੇਰਿਆਂ ਨਾਲ ਵਿਚਰਦੇ ਰਹੇ ਹਨ। ਇਹ ਲੋਕ ਸੱਪਾਂ ਦੀ ਨੁਮਾਇਸ਼ ਦੁਆਰਾ ਮੰਗ-ਤੰਗ ਕੇ ਅਤੇ ਸ਼ਿਕਾਰ ਕਰਕੇ ਗੁਜ਼ਾਰਾ ਕਰਦੇ ਹਨ। ਇਹ ਲੋਕ ਜ਼ਿਆਦਾਤਰ ਪੰਦਰ੍ਹਾਂ-ਸੋਲ੍ਹਾਂ ਪਰਿਵਾਰਾਂ ਦੇ ਸਮੂਹ ਵਿਚ ਕਾਨੇ ਦੀਆਂ ਝੁੱਗੀਆਂ ਬਣਾ ਕੇ ਰਹਿੰਦੇ ਹਨ। ਇਹ ਲੋਕ ਗਧਿਆਂ 'ਤੇ ਆਪਣਾ ਸਾਮਾਨ ਆਦਿ ਬੰਨ੍ਹ ਕੇ ਇੱਧਰ-ਉੱਧਰ ਘੁੰਮਦੇ ਰਹਿੰਦੇ ਹਨ। ਇਹ ਲੋਕ ਸ਼ਿਕਾਰ ਕਰਨ ਲਈ ਆਪਣੇ ਨਾਲ ਸ਼ਿਕਾਰੀ ਕੁੱਤੇ ਰੱਖਦੇ ਹਨ। ਇਹ ਲੋਕ ਹਰ ਇਕ ਜੰਗਲੀ ਜਾਨਵਰ ਦਾ ਮਾਸ ਖਾ ਲੈਂਦੇ ਹਨ ਪ੍ਰੰਤੂ ਇਹ ਲੋਕ ਇਕ ਵਿਸ਼ਵਾਸ ਅਨੁਸਾਰ ਗਊ ਅਤੇ ਸੂਰ ਦਾ ਮਾਸ ਖਾਣ ਤੋਂ ਪਰਹੇਜ਼ ਕਰਦੇ ਹਨ। ਇਨ੍ਹਾਂ ਲੋਕਾਂ ਦੀ ਆਪਣੀ ਇਕ ਹੀ ਭਾਸ਼ਾ ਹੈ। ਇਹ ਲੋਕ 'ਸਖੀ ਸਰਵਰ' ਅਤੇ 'ਲੱਖਦਾਤਾ' ਦੇ ਉਪਾਸ਼ਕ ਹਨ। ਇਬਟਸਨ ਇਨ੍ਹਾਂ ਨੂੰ ਮੈਦਾਨਾਂ ਵਿਚ 'ਕੰਜਰ' ਅਤੇ 'ਸਪੇਰਾ' ਜਾਤੀ ਨਾਲ ਵੀ ਮੇਲਦਾ ਹੈ। ਇਬਟਸਨ ਅਨੁਸਾਰ ਇਨ੍ਹਾਂ ਲੋਕਾਂ ਦਾ ਬੰਗਾਲ ਨਾਲ ਕੋਈ ਇਤਿਹਾਸਿਕ ਪਿਛੋਕੜ ਸਾਬਤ ਨਹੀਂ ਹੁੰਦਾ।[1]

ਇਹ ਲੋਕ ਆਪਣਾ ਕੰਮ-ਧੰਦਾ ਅਤੇ ਸੱਪਾਂ ਨਾਲ ਸੰਬੰਧਤ ਪੇਸ਼ਾ ਚਲਾਉਣ ਲਈ

ਭਾਰਤ ਦੇ ਬਾਕੀ ਹੋਰ ਖਾਨਾਬਦੋਸ਼ ਕਬੀਲਿਆਂ ਨਾਲ ਲਗਾਤਾਰ ਸੰਪਰਕ ਵਿਚ ਰਹਿੰਦੇ ਰਹੇ ਹਨ। ਇਨ੍ਹਾਂ ਦੇ ਮਾਲ ਦੇ ਗਾਹਕ ਵੀ ਜ਼ਿਆਦਾਤਰ ਕਬੀਲਿਆਂ ਦੇ ਲੋਕ ਹੀ ਹਨ। ਅੱਜ ਵੀ ਕਬੀਲਿਆਂ ਦੇ ਲੋਕ ਇਨ੍ਹਾਂ ਤੋਂ ਜੜ੍ਹੀਆਂ ਬੂਟੀਆਂ ਖਰੀਦਦੇ ਹਨ। ਭਾਰਤ ਦੇ ਲੋਕ ਅੱਜ ਵੀ ਇਹ ਵਿਸ਼ਵਾਸ ਕਰਦੇ ਹਨ ਕਿ ਬੰਗਾਲਿਆਂ ਕੋਲ ਸੱਪ ਦੇ ਕੱਟੇ ਦਾ ਪੱਕਾ ਇਲਾਜ ਹੁੰਦਾ ਹੈ। ਇਸ ਕਰਕੇ ਕਿਸੇ ਵੀ ਵਿਅਕਤੀ ਨੂੰ ਸੱਪ ਦੁਆਰਾ ਕੱਟੇ ਜਾਣ ਉਪਰੰਤ ਲੋਕ ਬੰਗਾਲਾ ਲੋਕਾਂ ਕੋਲ ਜ਼ਹਿਰ ਚੂਸਣ ਵਾਲਾ 'ਮਣਕਾ' ਲਵਾਉਣ ਜਾਂਦੇ ਹਨ। ਇਨ੍ਹਾਂ ਵਿਚੋਂ ਬਹੁਤੇ ਲੋਕ ਪਿੰਡਾਂ, ਨਗਰਾਂ, ਬਸਤੀਆਂ ਅਤੇ ਸ਼ਹਿਰਾਂ ਵਿਚ ਘਰ-ਘਰ ਜਾ ਕੇ ਸੱਪਾਂ ਦਾ ਬੀਨ ਤੇ ਪ੍ਰਦਰਸ਼ਨ ਕਰਕੇ ਦੋ ਡੰਗ ਦੀ ਰੋਟੀ ਲਈ ਦੁਆ ਕਰਦੇ ਹਨ ਜਿਸ ਦੇ ਇਵਜ਼ ਵਿਚ ਇਨ੍ਹਾਂ ਨੂੰ ਆਟਾ, ਦਾਲ, ਗੁੜ੍ਹ ਦੁੱਧ ਅਤੇ ਪੈਸੇ ਆਦਿ ਮਿਲ ਜਾਂਦੇ ਹਨ। ਇਸ ਤੋਂ ਇਲਾਵਾ ਇਹ ਲੋਕ ਘਰਾਂ ਵਿਚੋਂ ਜ਼ਹਿਰੀਲੇ ਸੱਪ ਅਤੇ ਗੋਹ ਆਦਿ ਕਾਬੂ ਕਰਕੇ ਵੀ ਲੋਕਾਂ ਤੋਂ ਮਿਹਨਤਾਨਾ ਮੰਗਦੇ ਹਨ। ਬੰਗਾਲਾ ਲੋਕ ਅਸਥਾਈ ਡੇਰਿਆਂ ਵਿਚ ਰਹਿੰਦੇ ਹਨ। ਅਜੋਕੇ ਦੌਰ ਵਿਚ ਭਾਵੇਂ ਇਹ ਲੋਕ ਡੇਰਿਆਂ ਅਤੇ ਵੀਰਾਨ ਰੋਹੀਆਂ ਵਿਚ ਵੱਸੇ ਹੋਏ ਹਨ ਪਰੰਤੂ ਫਿਰ ਵੀ ਇਹ ਲੋਕ ਇਕ ਥਾਂ ਤੋਂ ਦੂਜੀ ਥਾਂ ਰੋਜ਼ੀ-ਰੋਟੀ ਦੀ ਭਾਲ ਵਿਚ ਘੁੰਮਦੇ ਰਹਿੰਦੇ ਹਨ। ਇਹ ਲੋਕ ਪੀਰਾਂ-ਫਕੀਰਾਂ ਅਤੇ ਸਖੀ ਸਰਵਰ ਨੂੰ ਮੰਨਦੇ ਹਨ। ਇਨ੍ਹਾਂ ਵਿੱਚੋਂ ਬਹੁਤ ਲੋਕ 'ਸ਼ਿਵਜ਼ੀ, ਨੌਂ ਨਾਥਾਂ' ਅਤੇ ਨਾਗ ਦੇਵਤਾ ਦੀ ਪੂਜਾ ਕਰਦੇ ਹਨ। ਖੇਤਰੀ ਕਾਰਜ ਦੌਰਾਨ ਜ਼ਿਲ੍ਹਾ ਪਟਿਆਲਾ ਦੀ ਤਹਿਸੀਲ ਸਮਾਣਾ ਵਿਖੇ ਵਸ ਰਹੇ ਜੋਗਿੰਦਰ ਨਾਥ ਨੇ ਦੱਸਿਆ ਕਿ ਕੋਈ ਬੰਗਾਲਾ ਆਪਣੀ ਰੋਜ਼ੀ ਰੋਟੀ ਲਈ ਸੱਪ, ਸਰਾਲ ਜਾਂ ਅਜਗਰ ਫੜਨ ਲੱਗਿਆਂ ਇਸਨੂੰ ਨਿਸਚਿਤ ਸਮੇਂ ਲਈ ਫੜਨ ਅਤੇ ਰੱਖਣ ਲਈ 'ਨਾਗ ਦੇਵਤਾ' ਦੇ ਅਹਿਦ ਲੈਂਦਾ ਹੈ। ਇਸ ਤਰ੍ਹਾਂ ਸਪੇਰੇ ਨੂੰ ਨਿਸਚਿਤ ਸਮੇਂ ਦੇ ਅੰਦਰ-ਅੰਦਰ ਸੱਪ ਜਾਂ ਸਰਾਲ ਨੂੰ ਮੁਕਤ ਕਰਨਾ ਪੈਂਦਾ ਹੈ। ਜੇਕਰ ਕੋਈ ਸਪੇਰਾ ਇਹ ਕੌਲ਼ ਪੂਰਾ ਨਹੀਂ ਕਰਦਾ ਤਾਂ ਉਸਨੂੰ ਨਾਗ ਦੇਵਤਾ ਦੀ ਕਰੋਪੀ ਦਾ ਸ਼ਿਕਾਰ ਹੋਣਾ ਪੈਂਦਾ ਹੈ। ਬਾਬਾ ਜ਼ੋਗਿੰਦਰ ਨਾਥ ਨੇ ਕਬੀਲੇ ਦੇ ਕਈ ਅਜਿਹੇ ਲੋਕਾਂ ਦੇ ਨਾਂ ਵੀ ਗਿਣਾਏ ਜਿਹੜੇ ਕਿ ਨਾਗ ਦੇਵਤਾ ਦੀ ਕਰੋਪੀ ਦਾ ਸ਼ਿਕਾਰ ਹੋਏ ਹਨ। ਉਸਨੇ ਦੱਸਿਆ ਕਿ 'ਸੱਪ ਕੀਲਣਾ' ਉਨ੍ਹਾਂ ਦਾ ਪਿਤਾ ਪੁਰਖੀ ਧੰਦਾ ਹੈ ਜਿਸਦਾ ਸੰਬੰਧ ਅਭਿਆਸ ਅਤੇ ਤਜ਼ਰਬੇ ਨਾਲ ਹੈ। ਬੰਗਾਲਾ ਕਬੀਲੇ ਦੇ ਲੋਕ ਸੱਪਾਂ ਦੀ ਦੁਨੀਆ ਦੇ ਗਿਆਤਾ ਹਨ। ਇਨ੍ਹਾਂ ਨੂੰ 'ਸੱਪਾਂ ਦੀ ਦੁਨੀਆ' ਅਤੇ 'ਨਾਗ ਲੋਕ' ਬਾਰੇ ਕਈ ਕਹਾਣੀਆਂ ਅਤੇ ਮਿੱਥ ਕਥਾਵਾਂ ਦਾ ਵੀ ਗਿਆਨ ਹੈ। ਬੰਗਾਲਾ ਕਬੀਲੇ ਦੇ ਮਾਂਦਰੀਆਂ ਅਨੁਸਾਰ ਸੱਪ ਦਾ ਭੂਗੋਲਿਕ ਚੌਗਿਰਦਾ ਇਸ ਪ੍ਰਕਾਰ ਹੈ :

1. ਫਨੀਅਰ ਸੱਪ ਜ਼ਿਆਦਾਤਰ ਟਿੱਬਿਆਂ, ਰੇਤਲੇ ਸਥਾਨਾਂ, ਨਹਿਰਾਂ ਦੇ ਕਿਨਾਰੇ ਪਥਰੀਲੀ ਜ਼ਮੀਨ ਅਤੇ ਉਜਾੜ ਜੰਗਲ ਬੇਲਿਆਂ ਵਿਚ ਮਿਲਦੇ ਹਨ।
2. ਪਾਣੀ ਵਾਲੇ ਸੱਪ, ਛੱਪੜਾਂ, ਨਹਿਰਾਂ, ਨਦੀਆਂ, ਖੇਤਾਂ ਅਤੇ ਸਿੱਲੀਆਂ ਥਾਵਾਂ 'ਤੇ ਮਿਲਦੇ ਹਨ।
3. ਗੋਹਾਂ ਜ਼ਿਆਦਾਤਰ ਜੰਗਲਾਂ, ਖੇਤਾਂ, ਸਿੱਲੀਆਂ ਥਾਵਾਂ ਅਤੇ ਨਹਿਰਾਂ ਦੇ ਆਸ-ਪਾਸ ਦੇ ਇਲਾਕਿਆਂ ਵਿਚ ਮਿਲਦੀਆਂ ਹਨ।

4. ਸਰਾਲ ਜ਼ਿਆਦਾਤਰ ਪਹਾੜੀ ਇਲਾਕਿਆਂ ਅਤੇ ਪਹਾੜਾਂ ਦੀਆਂ ਜੜ੍ਹਾਂ ਵਿੱਚ ਠੰਢੀਆਂ ਤੇ ਦਲਦਲੀ ਥਾਵਾਂ 'ਤੇ ਪਾਈ ਜਾਂਦੀ ਹੈ।
5. ਇਸ ਤੋਂ ਇਲਾਵਾ ਸੱਪਾਂ ਦੀਆਂ ਕਈ ਸਾਧਾਰਨ ਕਿਸਮਾਂ ਮੈਦਾਨੀ ਇਲਾਕਿਆਂ ਵਿਚ ਆਮ ਪਾਈਆਂ ਜਾਂਦੀਆਂ ਹਨ।

ਜੰਗਲੀ ਜੀਵਾਂ ਅਤੇ ਵਣਾਂ ਦੀ ਸੁਰੱਖਿਆ ਤਹਿਤ ਪਾਸ ਹੋਏ ਵੱਖ-ਵੱਖ ਐਕਟਾਂ ਦੇ ਚਲਦਿਆਂ ਕਈ ਬੰਗਾਲੇ 'ਸੱਪਾਂ ਵਾਲੀਆਂ ਖਾਲੀ ਟੋਕਰੀਆਂ' ਅਤੇ ਬੀਨਾਂ ਸਮੇਤ ਅਕਸਰ ਘੁੰਮਦੇ ਨਜ਼ਰ ਆਉਂਦੇ ਹਨ। ਹੁਣ ਇਨ੍ਹਾਂ ਲੋਕਾਂ ਦਾ ਮੁੱਖ ਕਿੱਤਾ 'ਜੜੀਆਂ ਬੂਟੀਆਂ' ਵੇਚਣਾ ਅਤੇ 'ਗਿੱਦੜ ਸਿੰਘੀ' ਵੇਚਣਾ ਹੈ। ਅਰਧ ਪਹਾੜੀ ਇਲਾਕਿਆਂ ਅਤੇ ਰੋਪੜ ਦੇ ਆਲੇ-ਦੁਆਲੇ ਵੱਸਣ ਵਾਲੇ ਬੰਗਾਲੇ ਕਈ ਵਾਰ 'ਸੱਪਾਂ ਦੀਆਂ ਵਰਜਿਤ' ਪ੍ਰਜਾਤੀਆਂ ਫੜਨ ਕਰਕੇ ਫੜੇ ਵੀ ਗਏ ਹਨ ਪਰੰਤੂ ਫਿਰ ਵੀ ਇਹ ਧੰਦਾ ਗੁਪਤ ਰੂਪ ਵਿਚ ਉਸੇ ਤਰ੍ਹਾਂ ਚਲਦਾ ਰਹਿੰਦਾ ਹੈ। ਜੰਗਲੀ ਜੀਵਾਂ ਦੀ ਸੁਰੱਖਿਆ ਹਿੱਤ ਕੰਮ ਕਰ ਰਹੀਆਂ ਸਮਾਜ ਸੇਵੀ ਸੰਸਥਾਵਾਂ ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਦੇ ਇਨ੍ਹਾਂ ਜੰਗਲੀ ਜਾਨਵਰਾਂ ਦੀ ਸੁਰੱਖਿਆ ਤਹਿਤ ਵਿੱਢੇ ਗਏ ਅਭਿਆਨ ਕਾਰਨ ਬੰਗਾਲੇ ਲੋਕਾਂ ਦਾ 'ਸੱਪ ਫੜਨ' ਦਾ ਧੰਦਾ ਲਗਭਗ ਖਤਮ ਹੋਣ ਕਿਨਾਰੇ ਹੈ। ਪਰੰਤੂ ਖੇਤਰੀ ਵੱਖਰਤਾਵਾਂ ਅਨੁਸਾਰ ਇਨ੍ਹਾਂ ਵਿਚੋਂ ਬਹੁਤੇ ਲੋਕ ਅੱਜ ਵੀ 'ਮਾਂਦਰੀ' ਅਤੇ 'ਸਪੇਰਿਆਂ' ਦਾ ਕਿੱਤਾ ਕਰ ਰਹੇ ਹਨ।

ਸੱਪ ਫੜਨ ਵਿਚ ਮਾਹਿਰ : ਬੰਗਾਲੇ ਸੱਪ ਫੜਨ ਵਿਚ ਮਾਹਿਰ ਹਨ। ਇਹ ਜੰਗਲਾਂ, ਬੀਆਬਾਨਾਂ ਅਤੇ ਰੋਹੀਆਂ ਵਿੱਚੋਂ ਜ਼ਹਿਰੀਲੇ ਅਤੇ ਖਤਰਨਾਕ ਸੱਪਾਂ ਦੀ ਸੂਹ ਕੱਢਣਾ ਜਾਣਦੇ ਹਨ। ਸੱਪ ਭਾਵੇਂ ਕਿੰਨਾ ਵੀ ਖਤਰਨਾਕ ਕਿਉਂ ਨਾ ਹੋਵੇ, ਇਹ ਸੱਪ ਨੂੰ ਸਿਰੀ ਤੋਂ ਫੜ ਕੇ ਕਾਬੂ ਕਰ ਲੈਂਦੇ ਹਨ। ਇਹ ਸੱਪ ਦੀ ਸੂਹ ਥਾਂ ਦਾ ਤਾਪਮਾਨ ਅਤੇ ਦਿਸ਼ਾ ਵੇਖ ਕੇ ਲਾਉਂਦੇ ਹਨ। ਇਹ ਜ਼ਹਿਰੀਲੇ ਤੋਂ ਜ਼ਹਿਰੀਲੇ ਸੱਪਾਂ ਨੂੰ ਕਾਬੂ ਕਰਕੇ ਉਨ੍ਹਾਂ ਦੇ ਦੰਦ ਕੱਢ ਕੇ ਜ਼ਹਿਰ ਖਾਰਜ ਕਰ ਦਿੰਦੇ ਹਨ। ਇਹ ਇਨ੍ਹਾਂ ਦੀ ਪਿਤਾ ਪੁਰਖੀ ਜੁਗਤ ਹੈ ਜੋ ਕਿ ਪੀੜ੍ਹੀ-ਦਰ-ਪੀੜ੍ਹੀ ਅੱਗੇ ਚਲਦੀ ਆਉਂਦੀ ਹੈ।

ਮਣਕਾ ਲਾਉਣ ਦੇ ਮਾਹਿਰ : ਬੰਗਾਲੇ ਸੱਪ ਦੇ ਕੱਟੇ ਹੋਏ ਵਿਅਕਤੀ ਦੇ 'ਮਣਕਾ' ਲਾਉਣ ਦੇ ਮਾਹਿਰ ਹੁੰਦੇ ਹਨ। ਇਹ ਮਣਕਾ ਇਕ ਪਹਾੜੀ ਬੱਕਰੇ ਦੀ ਜ਼ਹਿਰੀਲੀ ਝੱਗ ਤੋਂ ਪ੍ਰਾਪਤ ਕੀਤਾ ਜਾਂਦਾ ਹੈ। ਬੰਗਾਲੇ, ਸਪੇਰਿਆਂ ਅਤੇ ਆਮ ਲੋਕਾਂ ਵਿੱਚ ਇਹ ਵਿਸ਼ਵਾਸ ਪ੍ਰਚੱਲਿਤ ਹੈ ਕਿ ਸੱਪ ਨਾਲ ਡੰਗੇ ਹੋਏ ਵਿਅਕਤੀ ਦੇ ਜ਼ਖ਼ਮ 'ਤੇ ਇਹ ਮਣਕਾ ਚੁੰਬਕ ਵਾਂਗ ਚਿੰਬੜ ਜਾਂਦਾ ਹੈ ਅਤੇ ਹੌਲੀ-ਹੌਲੀ ਜ਼ਹਿਰ ਚੂਸ ਲੈਂਦਾ ਹੈ। ਮਣਕਾ ਲਾਉਣ ਸਮੇਂ ਬੰਗਾਲਾ ਕਬੀਲੇ ਦੇ ਮਾਂਦਰੀਆਂ ਵੱਲੋਂ ਇਕ ਖ਼ਾਸ ਕਿਸਮ ਦੇ ਮੰਤਰ ਦਾ ਉਚਾਰਣ ਕੀਤਾ ਜਾਂਦਾ ਹੈ। ਇਹ ਮੰਤਰ 'ਨਾਗ ਦੇ ਵਸ਼ੀਕਰਨ' ਨਾਲ ਸੰਬੰਧਤ ਹੁੰਦਾ ਹੈ। ਹਾਲੇ ਵੀ ਪਿੰਡਾਂ ਅਤੇ ਨਗਰਾਂ ਦੇ ਲੋਕ ਜਿੱਥੇ ਮੁੱਢਲੀਆਂ ਸਿਹਤ ਸੇਵਾਵਾਂ ਅਤੇ ਡਾਕਟਰਾਂ ਦੀ ਘਾਟ ਹੈ, ਸੱਪਾਂ ਨਾਲ ਸੰਬੰਧਤ ਕੋਈ ਵੀ ਮੁਸੀਬਤ ਪੈਣ 'ਤੇ ਬੰਗਾਲਾ ਕਬੀਲੇ ਦੇ ਮਾਂਦਰੀਆਂ ਨੂੰ ਯਾਦ ਕਰਦੇ ਹਨ।

ਝਾੜ-ਫੂਕ ਰਾਹੀਂ ਇਲਾਜ ਦੇ ਮਾਹਿਰ : ਬੰਗਾਲੇ ਲੋਕ ਜੰਗਲੀ ਜੜ੍ਹੀਆਂ-ਬੂਟੀਆਂ

ਦੇ ਚੰਗੇ ਗਿਆਤਾ ਹਨ। ਇਹ ਲੋਕ ਜੰਗਲੀ ਜੜ੍ਹੀਆਂ-ਬੂਟੀਆਂ ਇਕੱਠੀਆਂ ਕਰਕੇ ਉਨ੍ਹਾਂ ਤੋਂ ਦਵਾਈ ਅਤੇ ਭਸਮ ਤਿਆਰ ਕਰਦੇ ਹਨ। ਇਸ ਉਪਰੰਤ ਇਹ ਲੋਕ ਪਿੰਡਾਂ, ਨਗਰਾਂ ਅਤੇ ਕਸਬਿਆਂ ਵਿਚ ਜਾ ਕੇ ਆਪਣੀਆਂ ਦਵਾਈਆਂ ਵੇਚਦੇ ਹਨ। ਜੜ੍ਹੀਆਂ-ਬੂਟੀਆਂ ਅਤੇ ਦਵਾਈਆਂ ਵੇਚਣਾ ਇਨ੍ਹਾਂ ਦਾ ਜੱਦੀ-ਪੁਸ਼ਤੀ ਪੇਸ਼ਾ ਹੈ। ਕੁਝ ਲੋਕਾਂ ਦਾ ਇਨ੍ਹਾਂ ਦੀਆਂ 'ਖ਼ਾਸ ਮਰਜ਼ਾਂ' ਦੀਆਂ ਦਵਾਈਆਂ ਵਿੱਚ ਅੱਜ ਵੀ ਗਹਿਰਾ ਵਿਸ਼ਵਾਸ ਬਣਿਆ ਹੋਇਆ ਹੈ।

ਨਿਪੁੰਨ ਬੀਨ ਵਾਦਕ : ਬੰਗਾਲਾ ਕਬੀਲੇ ਦੇ ਲੋਕ ਨਿਪੁੰਨ ਬੀਨ ਵਾਦਕ ਹਨ। ਪੰਜਾਬੀ ਸਭਿਆਚਾਰ ਅਤੇ ਪੰਜਾਬੀ ਲੋਕ ਸਾਜ਼ਾਂ ਵਿਚ ਬੀਨ ਦਾ ਆਗਾਜ਼ ਬੰਗਾਲਾ ਕਬੀਲੇ ਦੇ ਲੋਕਾਂ ਵੱਲੋਂ ਹੀ ਹੋਇਆ ਹੈ। ਬੰਗਾਲਾ ਲੋਕ ਬੀਨ ਇਕ ਖ਼ਾਸ ਕਿਸਮ ਦੇ ਕੱਦੂ ਤੋਂ ਤਿਆਰ ਕਰਦੇ ਹਨ। ਇਹ ਕੱਦੂ ਇਕ ਸਿਰੇ ਤੋਂ ਲੰਬੂਤਰਾ ਅਤੇ ਦੂਜੇ ਸਿਰੇ ਤੋਂ ਗੋਲ ਹੁੰਦਾ ਹੈ। ਇਸ ਕੱਦੂ ਨੂੰ ਚੰਗੀ ਤਰ੍ਹਾਂ ਸਾਫ਼ ਕਰਕੇ ਲੋੜ ਅਨੁਸਾਰ ਤਰਾਸ਼ ਲਿਆ ਜਾਂਦਾ ਹੈ। ਇਸਨੂੰ ਸੁਰ ਵਿਚ ਕਰਨ ਲਈ ਵਿਚ ਇਕ ਜਾਂ ਦੋ ਨਲੀਆਂ ਫਿੱਟ ਕਰ ਦਿੱਤੀਆਂ ਜਾਂਦੀਆਂ ਹਨ। ਇਸਦੇ ਨਾਲ ਹੀ ਬੀਨ ਨੂੰ ਸੁਰਾਂ ਦੇਣ ਲਈ ਵਿਚ ਨਿੱਕੀਆਂ-ਨਿੱਕੀਆਂ ਮੋਰੀਆਂ ਕੱਢ ਦਿੱਤੀਆਂ ਜਾਂਦੀਆਂ ਹਨ। ਬੀਨ ਨੂੰ ਜੋੜਨ ਲਈ ਸ਼ਹਿਦ ਦੇ ਛੱਤੇ ਦੀ ਗੂੰਦ ਵਰਤੀ ਜਾਂਦੀ ਹੈ। ਮਾਂਦਰੀ ਜਦੋਂ ਬੀਨ ਵਜਾਉਂਦਾ ਹੈ ਤਾਂ ਉਹ ਦੋਨਾਂ ਹੱਥਾਂ ਦੀਆਂ ਉਂਗਲਾਂ ਨਾਲ ਬੀਨ ਨੂੰ ਸੁਰ ਕਰਦਾ ਹੈ। ਨਿਪੁੰਨ ਬੰਗਾਲੇ ਬੀਨ ਨੂੰ ਬੜੇ ਸ਼ੌਕ ਨਾਲ ਤਿਆਰ ਕਰਦੇ ਹਨ। ਬੰਗਾਲੇ ਲੋਕਾਂ ਦੀ ਬੀਨ ਐਨੀ ਪ੍ਰਸਿੱਧ ਹੈ ਕਿ ਦੂਰੋਂ-ਦੂਰੋਂ ਕਲਾਕਾਰ ਅਤੇ ਸਾਜ਼ੀ ਇਨ੍ਹਾਂ ਕੋਲ ਬੀਨ ਤਿਆਰ ਕਰਾਉਣ ਲਈ ਆਉਂਦੇ ਹਨ।

ਬੰਗਾਲਾ ਕਬੀਲੇ ਦੀ ਰਸਮਾਂ-ਰੀਤਾਂ

ਜਨਮ ਰਸਮਾਂ : ਬੰਗਾਲਾ ਕਬੀਲੇ ਵਿਚ ਹਰ ਇਕ ਬੱਚੇ ਦੀ ਆਮਦ ਨੂੰ ਖ਼ੁਸ਼ੀ ਨਾਲ ਵੇਖਿਆ ਜਾਂਦਾ ਹੈ। ਬੰਗਾਲਾ ਲੋਕ ਪੁੱਤਰ ਨੂੰ 'ਵੰਸ਼ ਵਰਧਕ' ਵਜੋਂ ਦੇਖਦੇ ਹਨ। ਬੰਗਾਲਾ ਕਬੀਲੇ ਵਿਚ ਹਰ ਇਕ ਬੱਚਾ ਤੇਰ੍ਹਾਂ-ਚੌਦ੍ਹਾਂ ਸਾਲ ਦੀ ਉਮਰ ਵਿਚ 'ਕਮਾਊ ਪੁੱਤਰ' ਬਣ ਜਾਂਦਾ ਹੈ। ਇਸ ਕਬੀਲੇ ਦੇ ਲੋਕ ਪੁੱਤਰ ਦੇ ਜਨਮ ਦੀ ਖ਼ੁਸ਼ੀ ਵਿਸ਼ੇਸ਼ ਸੰਦਰਭ ਵਿਚ ਮਨਾਉਂਦੇ ਹਨ। ਕਬੀਲੇ ਵਿਚ ਪੁੱਤਰ ਪੈਦਾ ਹੋਣ 'ਤੇ ਸਾਰੇ 'ਡੇਰੇ' ਅਤੇ 'ਕੁਲੀਆਂ' ਵਿਚ ਗੁੜ ਵੰਡ ਕੇ ਉਚੇਚੀ ਖ਼ੁਸ਼ੀ ਜ਼ਾਹਰ ਕੀਤੀ ਜਾਂਦੀ ਹੈ। ਧੀ ਪੈਦਾ ਹੋਣ ਦੀ ਸੂਰਤ ਵਿਚ ਉਸਨੂੰ 'ਕੰਨਿਆ ਦੇਵੀ' ਦਾ ਰੁਤਬਾ ਦਿੱਤਾ ਜਾਂਦਾ ਹੈ। ਬੰਗਾਲਾ ਕਬੀਲੇ ਦੇ ਲੋਕ ਕੰਨਿਆ ਨੂੰ ਵੇਲ ਵਧਾਉਣ ਵਾਲੀ ਦੇਵੀ ਦੇ ਰੂਪ ਵਿਚ ਚਿਤਵਦੇ ਹਨ।

1. **ਗੁੜ੍ਹਤੀ ਦੇਣ ਦੀ ਰਸਮ** : ਬੰਗਾਲਾ ਕਬੀਲੇ ਵਿੱਚ ਬੱਚੇ ਦਾ ਜਨਮ ਹੋਣ ਦੀ ਸੂਰਤ ਵਿਚ ਸਭ ਤੋਂ ਪਹਿਲਾਂ ਉਸਨੂੰ 'ਪ੍ਰਥਮ ਭੋਜਨ' ਵਜੋਂ ਗੁੜ੍ਹਤੀ ਦਿੱਤੀ ਜਾਂਦੀ ਹੈ। ਗੁੜ੍ਹਤੀ ਗੁੜ੍ਹ ਜਾਂ ਸ਼ੱਕਰ ਨੂੰ ਪਾਣੀ ਵਿੱਚ ਘੋਲ ਕੇ ਵਿੱਧ ਮਾਤਾ ਨੂੰ ਧਿਆ ਕੇ ਦਿੱਤੀ ਜਾਂਦੀ ਹੈ। ਗੁੜ੍ਹਤੀ ਪਰਿਵਾਰ ਦੇ ਕਿਸੇ ਸਿਆਣੇ ਅਤੇ ਨਿੱਘੇ ਵਿਅਕਤੀ ਦੁਆਰਾ ਦਿੱਤੀ ਜਾਂਦੀ ਹੈ। ਗੁੜ੍ਹਤੀ ਦੇਣ ਵਾਲਾ ਵਿਅਕਤੀ ਨਵੇਂ ਜਨਮੇ ਬੱਚੇ ਨੂੰ ਗੁੜ੍ਹਤੀ ਦੇਣ ਸਮੇਂ ਉਸਦੇ ਚੰਗੇ ਭਵਿੱਖ ਸੰਬੰਧੀ ਕਾਮਨਾ ਕਰਦਾ ਹੈ।

2. **ਸ਼ਿਲਾ ਬੰਨ੍ਹਣ ਦੀ ਰਸਮ** : ਬੱਚੇ ਦੇ ਜਨਮ ਤੋਂ ਤੁਰੰਤ ਬਾਅਦ ਬੰਗਾਲਾ ਕਬੀਲੇ ਦੇ ਲੋਕ ਘਰ ਵਿਚ ਸ਼ਿਲਾ ਬੰਨ੍ਹਣ ਦੀ ਰਸਮ ਪੂਰੀ ਕਰਦੇ ਹਨ। ਇਸ ਰਸਮ ਵਿਚ ਛਪਰੀ ਜਾਂ ਘਰ ਦੇ ਅੱਗੇ ਧੂਣੀ ਧੁਖਾ ਦਿੱਤੀ ਜਾਂਦੀ ਹੈ। ਇਸ ਉਪਰੰਤ ਜਣੇਪੇ ਵਾਲੀ ਔਰਤ ਦੇ ਸਿਰਹਾਣੇ ਕੋਈ ਲੋਹੇ ਦਾ ਚਾਕੂ ਜਾਂ ਔਜ਼ਾਰ ਰੱਖ ਦਿੱਤਾ ਜਾਂਦਾ ਹੈ। ਇਸ ਸਮੇਂ ਦੌਰਾਨ ਘਰ ਜਾਂ ਛਪਰੀ ਨੂੰ ਬਾਹਰਲੇ ਵਿਅਕਤੀ ਲਈ ਵਰਜਿਤ ਕਰ ਦਿੱਤਾ ਜਾਂਦਾ ਹੈ। ਸ਼ਿਲੇ ਦੌਰਾਨ ਘਰ ਵਿਚ ਵਿਧਵਾ ਔਰਤ, ਬੇਔਲਾਦ ਔਰਤ ਅਤੇ ਤਾਂਤਰਿਕ ਆਦਿ ਦਾ ਜਾਣਾ ਵਰਜਿਤ ਹੁੰਦਾ ਹੈ। ਸ਼ਿਲੇ ਦੌਰਾਨ ਜਣੇਪੇ ਵਾਲੀ ਔਰਤ ਨੂੰ ਤਿੰਨ ਦਿਨਾਂ ਲਈ ਕੇਵਲ ਜੜ੍ਹੀਆਂ-ਬੂਟੀਆਂ ਦਾ ਕਾੜ੍ਹਾ ਅਤੇ ਬੱਕਰੀ ਆਦਿ ਦਾ ਦੁੱਧ ਦਿੱਤਾ ਜਾਂਦਾ ਹੈ।

3. **ਬੱਚਾ-ਜੱਚਾ ਨੂੰ ਵਧਾਉਣ ਦੀ ਰਸਮ** : ਬੰਗਾਲਾ ਕਬੀਲੇ ਵਿਚ ਬੱਚੇ ਦੇ ਜਨਮ ਤੋਂ ਤਿੰਨ ਦਿਨ ਬਾਅਦ ਬੱਚਾ-ਜੱਚਾ ਨੂੰ ਵਧਾਉਣ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਵਧਾਉਣ ਦੀ ਰਸਮ ਵਿਚ ਬੱਚਾ-ਜੱਚਾ ਨੂੰ ਲਿੱਪੀ-ਪੋਚੀ ਥਾਂ 'ਤੇ ਵਿਧੀਪੂਰਵਕ ਢੰਗ ਨਾਲ ਬਿਠਾ ਕੇ ਧੂਫ਼ ਬੱਤੀ ਕੀਤੀ ਜਾਂਦੀ ਹੈ। ਇਹ ਰਸਮ ਸੂਰਜ ਦੀ ਹਾਜ਼ਰੀ ਵਿਚ ਪੂਰੀ ਕੀਤੀ ਜਾਂਦੀ ਹੈ। ਇਸ ਰਸਮ ਵਿਚ ਪਰਿਵਾਰ ਅਤੇ ਕਬੀਲੇ ਦੀਆਂ ਦਸ-ਬਾਰ੍ਹਾਂ ਔਰਤਾਂ ਸ਼ਾਮਲ ਹੁੰਦੀਆਂ ਹਨ। ਇਸ ਰਸਮ ਵਿੱਚ ਪਰਿਵਾਰ ਦੀ ਮੁੱਖ ਔਰਤ, ਦਾਈ ਅਤੇ ਕਬੀਲੇ ਦੀਆਂ ਸਿਆਣੀਆਂ ਔਰਤਾਂ ਸ਼ਾਮਲ ਹੁੰਦੀਆਂ ਹਨ। ਬੱਚੇ ਇਸ ਰਸਮ ਵਿਚ ਪ੍ਰਸ਼ਾਦ ਖਾਣ ਲਈ ਵਿਸ਼ੇਸ਼ ਤੌਰ 'ਤੇ ਇਕੱਤਰ ਹੁੰਦੇ ਹਨ। ਇਸ ਰਸਮ ਵਿਚ ਘਰ ਦੀਆਂ ਔਰਤਾਂ ਕਬੀਲਾ ਗੀਤ ਬੋਲਦੀਆਂ ਹਨ ਅਤੇ ਬੱਚੇ ਦੀ ਲੰਮੀ ਉਮਰ ਲਈ ਅਰਦਾਸ ਕਰਦੀਆਂ ਹਨ। ਇਸ ਰਸਮ ਵਿਚ ਪਾਣੀ ਅਤੇ ਸੂਰਜ ਦੇਵਤਾ ਨੂੰ ਹਾਜ਼ਰ ਨਾਜ਼ਰ ਮੰਨਿਆ ਜਾਂਦਾ ਹੈ।

4. **ਤੜਾਗੀ ਬੰਨ੍ਹਣ ਦੀ ਰਸਮ** : ਬੰਗਾਲਾ ਕਬੀਲੇ ਵਿਚ ਬੱਚੇ ਨੂੰ ਵਧਾਉਣ ਤੋਂ ਬਾਅਦ ਤੜਾਗੀ ਬੰਨ੍ਹਣ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਤੜਾਗੀ ਪਰਿਵਾਰ ਦੀ ਮੁੱਖ ਔਰਤ, ਤਾਈਆਂ, ਚਾਚੀਆਂ, ਦਾਈ ਅਤੇ ਕਬੀਲੇ ਦੀਆਂ ਸਿਆਣੀਆਂ ਔਰਤਾਂ ਬੰਨ੍ਹਦੀਆਂ ਹਨ। ਤੜਾਗੀ ਦਾ ਸੰਬੰਧ ਬੱਚੇ ਦੀ 'ਸਵੀਕਾਰਤਾ' ਨਾਲ ਹੈ। ਕਬੀਲੇ ਦੇ ਲੋਕ ਤੜਾਗੀ ਬੱਚੇ ਦੀ ਸੁਰੱਖਿਆ ਲਈ ਬੰਨ੍ਹਦੇ ਹਨ ਤਾਂ ਕਿ ਉਸਨੂੰ ਕਿਸੇ ਉਪਰੀ ਸ਼ੈਅ ਅਤੇ ਜਾਦੂ ਮੰਤਰ ਆਦਿ ਦਾ ਅਸਰ ਨਾ ਹੋਵੇ। ਤੜਾਗੀ ਰੱਤ ਚੰਨਣ ਦੀ ਲੱਕੜ, ਕੌਡੀ, ਲੋਹੇ ਦੇ ਛੱਲੇ ਨਜ਼ਰ ਵੱਟੂ ਅਤੇ ਮਣਕਿਆਂ ਤੋਂ ਤਿਆਰ ਕੀਤੀ ਜਾਂਦੀ ਹੈ। ਇਸ ਵਿਚ ਵਿਸ਼ੇਸ਼ ਤੌਰ 'ਤੇ ਕਾਲਾ ਧਾਗਾ ਇਸਤੇਮਾਲ ਕੀਤਾ ਜਾਂਦਾ ਹੈ। ਸਾਰੇ ਹੀ ਕਬੀਲਿਆਂ ਵਿਚ ਤੜਾਗੀ ਦਾ ਪ੍ਰਚਲਣ ਹੈ।

5. **ਮੂੰਹ ਨੂੰ ਅੰਨ ਛੁਹਾਉਣ ਦੀ ਰਸਮ** : ਬੱਚੇ ਦੇ ਜਨਮ ਤੋਂ ਤੀਜੇ ਦਿਨ ਜਣੇਪੇ ਵਾਲੀ ਔਰਤ ਨੂੰ ਪੁਰਖ ਪੂਜਾ ਤੋਂ ਬਾਅਦ ਅੰਨ ਛੁਹਾਉਣ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਇਸ ਰਸਮ ਵਿਚ ਸਭ ਤੋਂ ਪਹਿਲਾਂ ਅਗਨ ਦੇਵਤਾ ਦੇ ਭੋਜਨ ਅਰਪਿਆ ਜਾਂਦਾ ਹੈ। ਅਗਨ ਦੇਵਤਾ ਨੂੰ ਭੋਜਨ ਅਰਪਣ ਤੋਂ ਬਾਅਦ ਜਣੇਪੇ ਵਾਲੀ ਔਰਤ ਅੰਨ ਪਾਣੀ ਮੂੰਹ ਨੂੰ ਲਾਉਂਦੀ ਹੈ।

6. **ਚੌਂਕੇ ਚੜ੍ਹਾਉਣ ਦੀ ਰਸਮ** : ਬੰਗਾਲਾ ਕਬੀਲੇ ਵਿਚ ਬੱਚੇ ਦੇ ਜਨਮ ਤੋਂ ਸਵਾ ਮਹੀਨੇ ਬਾਅਦ ਜਣੇਪੇ ਵਾਲੀ ਔਰਤ ਨੂੰ ਚੌਂਕੇ ਚੜ੍ਹਾਉਣ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਚੌਂਕੇ ਚੜ੍ਹਾਉਣ ਦੀ ਰਸਮ ਵਿਚ ਪਰਿਵਾਰ ਦੀਆਂ ਔਰਤਾਂ ਸ਼ਾਮਲ ਹੁੰਦੀਆਂ ਹਨ। ਇਸ ਰਸਮ ਵਿਚ ਉਚੇਚੇ ਤੌਰ 'ਤੇ ਕਬੀਲੇ ਦੀਆਂ ਔਰਤਾਂ ਨੂੰ ਵੀ ਬੁਲਾਇਆ ਜਾਂਦਾ ਹੈ। ਇਹ ਰਸਮ ਸ਼ਿਲਾ ਪੂਰਾ ਹੋਣ ਉਪਰੰਤ ਪੂਰੀ ਕੀਤੀ ਜਾਂਦੀ ਹੈ। ਇਸ ਰਸਮ ਦਾ ਮੁੱਖ ਮੰਤਵ ਜਣੇਪੇ ਵਾਲੀ ਔਰਤ ਨੂੰ ਸੂਤਕ ਸ਼ੁੱਧੀ ਤੋਂ ਬਾਅਦ ਇਕ ਵਾਰ ਫਿਰ ਘਰ ਦੇ ਕੰਮ-ਕਾਰ ਨਾਲ ਜੋੜਨਾ ਹੁੰਦਾ ਹੈ। ਚੌਂਕੇ ਚਾੜ੍ਹਨ ਤੋਂ ਬਾਅਦ ਜਣੇਪੇ ਵਾਲੀ ਔਰਤ ਅੰਨ੍ਹ ਪਾਣੀ ਤਿਆਰ ਕਰਕੇ ਸਾਰੇ ਪਰਿਵਾਰ ਨੂੰ ਭੋਜਨ ਪਾਣੀ ਪਰੋਸਦੀ ਹੈ।

7. **ਨਾਮਕਰਨ ਸੰਸਕਾਰ** : ਬੰਗਾਲਾ ਕਬੀਲੇ ਦੇ ਲੋਕ 'ਚੌਂਕੇ ਚੜ੍ਹਾਉਣ' ਦੀ ਰਸਮ ਤੋਂ ਬਾਅਦ ਨਾਮਕਰਨ ਕਰਨ ਦੀ ਰਸਮ ਪੂਰੀ ਕਰਦੇ ਹਨ। ਬੰਗਾਲਾ ਕਬੀਲੇ ਵਿਚ ਬੱਚੇ ਦਾ ਨਾਂ ਪਰਿਵਾਰ ਦੇ ਬਜ਼ੁਰਗ ਵਿਅਕਤੀ, ਪਰਿਵਾਰ ਦੇ ਕਿਸੇ ਸਾਧੂ ਮਹਾਤਮਾ ਜਾਂ ਨਾਥ ਦੁਆਰਾ ਰੱਖਿਆ ਜਾਂਦਾ ਹੈ। ਬੰਗਾਲਾ ਕਬੀਲੇ ਵਿਚ ਹਰ ਬੱਚੇ ਦੇ ਨਾਂ ਨਾਲ 'ਨਾਥ' ਵਿਸ਼ੇਸ਼ਣ ਲਾਉਣ ਦੀ ਪਿਤਾ ਪੁਰਖੀ ਪਰੰਪਰਾ ਹੈ। ਇਸੇ ਕਰਕੇ ਬੰਗਾਲਾ ਲੋਕ ਆਪਣੇ ਕਬੀਲੇ ਦੀ ਵੱਖਰੀ ਪਛਾਣ ਲਈ 'ਨਾਥ' ਸ਼ਬਦ ਨੂੰ ਖ਼ਾਸ ਤਰਜੀਹ ਦਿੰਦੇ ਹਨ। ਇਸ ਤਰ੍ਹਾਂ ਬੱਚੇ ਦੇ ਨਾਂ ਨਾਲ ਨਾਥ ਸ਼ਬਦ ਲੱਗਦਿਆਂ ਹੀ ਉਹ ਕਬੀਲੇ ਦੀ ਚਲਦੀ ਆ ਰਹੀ 'ਗੁਰੂ ਸ਼ਿਸ਼' ਪਰੰਪਰਾ ਦਾ ਧਾਰਨੀ ਹੋ ਜਾਂਦਾ ਹੈ ਕਿਉਂਕਿ ਇਹ ਲੋਕ ਗੁਰੂ ਗੋਰਖ ਨਾਥ, ਮਛੰਦਰ ਨਾਥ, ਜਲੰਧਰ ਨਾਥ ਅਤੇ ਬਾਲਕ ਨਾਥ ਦੀ 'ਨਾਥ ਪਰੰਪਰਾ' ਦੇ ਅਨੁਯਾਈ ਹਨ। ਇਸ ਤੋਂ ਬਾਅਦ ਬੱਚੇ ਨੂੰ ਪੂਰੀ ਤਰ੍ਹਾਂ ਨਾਥ ਪਰੰਪਰਾ ਨਾਲ ਜੋੜਨ ਲਈ ਗੁਰੂ ਸ਼ਿਸ਼ ਦੀ ਪਰੰਪਰਾ ਉਸਦੇ ਵੱਡੇ ਹੋਣ ਉਪਰੰਤ ਪੂਰੀ ਕੀਤੀ ਜਾਂਦੀ ਹੈ।

ਬੰਗਾਲਾ ਕਬੀਲੇ ਦੀਆਂ ਵਿਆਹ ਰਸਮਾਂ

ਬੰਗਾਲਾ ਕਬੀਲੇ ਦੇ ਲੋਕ ਵਿਆਹ ਨੂੰ ਇਕ 'ਪਵਿੱਤਰ ਬੰਧਨ' ਮੰਨਦੇ ਹਨ। ਬੰਗਾਲਾ ਕਬੀਲੇ ਦੇ ਲੋਕ ਵਿਆਹ ਨੂੰ 'ਖ਼ੁਦਾ ਦੀ ਖੇਡ' ਵੀ ਕਹਿੰਦੇ ਹਨ। ਬੰਗਾਲਾ ਕਬੀਲੇ ਦੇ ਲੋਕ ਆਪਣੇ ਬੱਚਿਆਂ ਦਾ ਵਿਆਹ ਚੜ੍ਹਦੀ ਉਮਰ ਵਿਚ ਹੀ ਕਰ ਦਿੰਦੇ ਹਨ। ਅੱਜ ਵੀ ਇਹ ਲੋਕ ਆਪਣੇ ਬੱਚਿਆਂ ਦਾ ਰਿਸ਼ਤਾ ਛੋਟੀ ਉਮਰ ਵਿਚ ਹੀ ਤੈਅ ਕਰ ਦਿੰਦੇ ਹਨ। ਅੱਜ ਤੋਂ ਕਈ ਸਾਲ ਪਹਿਲਾਂ ਇਹ ਰਿਸ਼ਤੇ ਬੱਚੇ ਦੇ ਪੇਟ ਵਿਚ ਹੋਣ 'ਤੇ ਵੀ ਤੈਅ ਹੁੰਦੇ ਸਨ। ਬੰਗਾਲਾ ਕਬੀਲੇ ਦੇ ਲੋਕ ਘਰ ਵਿਚ ਜਵਾਨ ਲੜਕੀ ਨੂੰ ਭਾਰ ਸਮਝਦੇ ਹਨ। ਇਸਦੇ ਨਾਲ ਹੀ ਹਰ ਇਕ ਬੰਗਾਲਾ ਆਪਣੇ ਬਾਲ-ਬੱਚੇ ਵਿਆਹ ਕੇ ਆਪਣੀ ਪਿਤਾ ਪੁਰਖੀ ਜ਼ਿੰਮੇਵਾਰੀ ਤੋਂ ਮੁਕਤ ਹੋਣਾ ਚਾਹੁੰਦਾ ਹੈ। ਅੱਜ ਵੀ ਇਹ ਲੋਕ ਬੱਚਿਆਂ ਦੇ ਪਾਲਣ-ਪੋਸ਼ਣ ਤੋਂ ਲੈ ਕੇ ਉਨ੍ਹਾਂ ਦੇ ਵਿਆਹ ਤੱਕ ਹੀ ਆਪਣੀ ਜ਼ਿੰਮੇਵਾਰੀ ਸਮਝਦੇ ਹਨ। ਵਿਆਹ ਤੋਂ ਬਾਅਦ ਬੰਗਾਲਾ ਲੋਕਾਂ ਦਾ ਬੱਚਿਆਂ ਲਈ ਆਸ਼ੀਰਵਾਦ 'ਕਮਾਓ ਤੇ ਖਾਓ' ਵਾਲਾ ਹੁੰਦਾ ਹੈ। ਇਨ੍ਹਾਂ ਕੋਲ ਬੱਚਿਆਂ ਲਈ ਵਿਰਾਸਤ ਵਿੱਚ ਕੇਵਲ 'ਇਕ ਬੀਨ ਤੇ ਪਟਾਰੀ' ਹੀ ਹੁੰਦੀ ਹੈ। ਅੱਜ ਵੀ ਬੰਗਾਲਾ ਕਬੀਲੇ ਦੇ ਛੋਟੀ ਉਮਰ ਦੇ ਬੱਚੇ ਗੇਰੂਏ ਬਸਤਰ, ਕੰਨਾਂ

ਵਿਚ ਮੁੰਦਰਾ ਅਤੇ ਬੀਨ ਪਟਾਰੀ ਸੰਗ ਘੁੰਮਦੇ ਨਜ਼ਰ ਆਉਂਦੇ ਹਨ। ਸੱਪਾਂ ਅਤੇ ਦਵਾਈਆਂ ਦਾ ਧੰਦਾ ਠੱਪ ਹੋਣ ਕਰਕੇ ਹੁਣ ਇਹ ਲੋਕ ਗਜ਼ਾ ਕਰਕੇ ਆਪਣਾ ਗੁਜ਼ਾਰਾ ਕਰਦੇ ਹਨ। ਬੰਗਾਲਾ ਕਬੀਲੇ ਵਿੱਚ ਵਿਆਹ ਲਈ ਲੜਕੇ ਲੜਕੀ ਦੀ ਦੱਸ ਪੈਣ 'ਤੇ ਪਰਿਵਾਰ ਦੇ ਸਿਆਣੇ ਬਜ਼ੁਰਗਾਂ ਅਤੇ ਰਿਸ਼ਤੇਦਾਰਾਂ ਵੱਲੋਂ ਦੇਖ-ਰੇਖ ਕਰਕੇ 'ਰੋਕਾ' ਕਰ ਲਿਆ ਜਾਂਦਾ ਹੈ। ਬੰਗਾਲਾ ਕਬੀਲੇ ਵਿਚ ਲੜਕਾ ਲੜਕੀ ਪਸੰਦ ਆਉਣ 'ਤੇ ਦੋਹਾਂ ਪਰਿਵਾਰਾਂ ਵੱਲੋਂ ਕ੍ਰਮਵਾਰ ਇੱਕ-ਇੱਕ ਰੁਪੱਈਆ ਸ਼ਗਨ ਵਜੋਂ ਦੇ ਕੇ ਰਿਸ਼ਤੇ ਦੀ ਮਿਆਦ ਰੱਖੀ ਜਾਂਦੀ ਹੈ। ਬੰਗਾਲਾ ਕਬੀਲੇ ਵਿਚ 'ਰੋਕਾ' ਹੋਣ ਤੋਂ ਬਾਅਦ ਪੂਰੇ ਕਬੀਲੇ ਵਿੱਚ ਇਸ ਰਿਸ਼ਤੇ ਪ੍ਰਤੀ ਇਕ ਕਿਸਮ ਦਾ 'ਜ਼ੁਬਾਨੀ ਐਲਾਨਨਾਮਾ' ਹੋ ਜਾਂਦਾ ਹੈ ਕਿ ਇਹ ਦੋਵੇਂ ਸੰਬੰਧਤ ਘਰ 'ਇਕ ਰਿਸ਼ਤੇ' ਵਿਚ ਬੱਝ ਗਏ ਹਨ। ਬੰਗਾਲਾ ਕਬੀਲੇ ਦੇ ਲੋਕ ਆਪਣੀ ਗੋਤਰ ਵਿਚ ਰਿਸ਼ਤਾ ਨਹੀਂ ਕਰਦੇ। ਇਹ ਲੋਕ ਇਕ ਗੋਤਰ ਦੇ ਲੋਕਾਂ ਨੂੰ 'ਭੈਣ ਭਾਈ' ਸਮਝਦੇ ਹਨ। ਇਸ ਤੋਂ ਇਲਾਵਾ ਰਿਸ਼ਤਾ ਕਰਨ ਵੇਲੇ ਇਹ ਲੋਕ ਮਾਮੇ, ਚਾਚੇ ਅਤੇ ਭੂਆ ਦਾ ਘਰ ਛੱਡਦੇ ਹਨ। ਇਸ ਤੋਂ ਇਲਾਵਾ ਕਬੀਲੇ ਵਿਚ ਕਿਸੇ ਵੀ ਗੋਤਰ ਵਿਚ ਰਿਸ਼ਤਾ ਕਰਨ ਦੀ ਖੁੱਲ੍ਹ ਹੈ। ਬੰਗਾਲਾ ਕਬੀਲੇ ਦੇ ਲੋਕ ਵਿਆਹ ਸੰਬੰਧੀ ਹੇਠ ਲਿਖੀਆਂ ਰਸਮਾਂ ਪੂਰੀਆਂ ਕਰਦੇ ਹਨ :

1. **ਮੰਗਣੀ ਦੀ ਰਸਮ** :- ਬੰਗਾਲਾ ਕਬੀਲੇ ਵਿਚ ਪਰਿਵਾਰ ਅਤੇ ਰਿਸ਼ਤੇਦਾਰ ਲੜਕੇ ਲੜਕੀ ਦੇ ਰਿਸ਼ਤੇ ਸੰਬੰਧੀ ਲੰਮਾ ਵਿਚਾਰ-ਵਟਾਂਦਰਾ ਕਰਨ ਉਪਰੰਤ ਦੋਹੇ ਧਿਰਾਂ ਇੱਕ-ਇੱਕ ਰੁਪੱਈਆ ਸ਼ਗਨ ਵਜੋਂ ਦੇ ਕੇ ਰਿਸ਼ਤਾ ਪੱਕਾ ਕਰਦੇ ਹਨ। ਇਸ ਰਸਮ ਵਿੱਚ ਕਬੀਲੇ ਦੇ ਸਿਆਣੇ ਅਤੇ ਪਤਵੰਤੇ ਉਚੇਚੇ ਤੌਰ 'ਤੇ ਸ਼ਾਮਿਲ ਹੁੰਦੇ ਹਨ ਜਿਹੜੇ ਕਿ ਕੁਝ ਕਬੀਲਾ ਰਵਾਇਤਾਂ ਪੂਰੀਆਂ ਕਰਨ ਮਗਰੋਂ ਮੰਗੇ ਗਏ ਲੜਕੇ ਲੜਕੀ ਦੇ ਸਿਰ 'ਤੇ ਹੱਥ ਰੱਖ ਕੇ ਆਸ਼ੀਰਵਾਦ ਦਿੰਦੇ ਹਨ। ਮੰਗਣੀ ਦੀ ਰਸਮ ਸੰਪੰਨ ਹੋਣ ਤੋਂ ਬਾਅਦ ਬੰਗਾਲਾ ਕਬੀਲੇ ਦੇ ਲੋਕ ਰਿਸ਼ਤੇਦਾਰਾਂ ਅਤੇ ਪਤਵੰਤਿਆਂ ਨੂੰ ਭੰਗ, ਸ਼ਰਾਬ ਅਤੇ ਗੁੜ ਆਦਿ ਵਰਤਾ ਕੇ ਰਿਸ਼ਤੇ ਦੀ ਖੁਸ਼ੀ ਜ਼ਾਹਰ ਕਰਦੇ ਹਨ। ਬੰਗਾਲਾ ਕਬੀਲੇ ਵਿਚ ਸਿਆਣੇ ਬਜ਼ੁਰਗਾਂ ਅਤੇ ਪਤਵੰਤਿਆਂ ਦੀ ਪੰਚਾਇਤ ਕਬੀਲੇ ਵਿਚ ਹੋਣ ਵਾਲੇ ਹਰ ਇਕ ਰਿਸ਼ਤੇ 'ਤੇ ਨਜ਼ਰਸਾਨੀ ਕਰਦੀ ਹੈ। ਰਿਸ਼ਤਾ ਕਰਨ ਵੇਲੇ ਦੋਹਾਂ ਧਿਰਾਂ ਦੇ ਗੋਤਰ ਅਤੇ ਪੁਰਖਿਆਂ ਸੰਬੰਧੀ ਕਾਫ਼ੀ ਨਿਰਖ ਪਰਖ ਕੀਤੀ ਜਾਂਦੀ ਹੈ। ਇਹ ਪੁੱਛ-ਪੜਤਾਲ ਕਬੀਲੇ ਦੀਆਂ ਰਵਾਇਤਾਂ ਅਤੇ ਪਰੰਪਰਾਵਾਂ ਨੂੰ ਬਣਾਈ ਰੱਖਣ ਲਈ ਕੀਤੀ ਜਾਂਦੀ ਹੈ। ਇਸ ਸੰਬੰਧੀ ਕਬੀਲੇ ਦੇ ਟੋਟਮ ਟੈਬੂ ਵੀ ਆਪਣੀ ਬਣਦੀ ਭੂਮਿਕਾ ਨਿਭਾਉਂਦੇ ਹਨ। ਕਬੀਲੇ ਦੇ ਪੈਂਚ ਕਬੀਲੇ ਦੀ ਮਾਣ ਮਰਿਆਦਾ ਨੂੰ ਤੋੜਨ ਵਾਲੇ ਕਿਸੇ ਵੀ ਵਿਅਕਤੀ ਨੂੰ ਦੰਡਿਤ ਕਰ ਸਕਦੇ ਹਨ। ਭਾਵੇਂ ਕਿ ਇਹ ਦੰਡ ਸੰਕੇਤਕ ਹੁੰਦਾ ਹੈ ਪਰ ਕਬੀਲੇ ਦੇ ਲੋਕ ਇਸਨੂੰ ਬੜਾ ਭਾਰੀ ਦੰਡ ਸਮਝਦੇ ਹਨ। ਬੰਗਾਲਾ ਕਬੀਲੇ ਵਿਚ ਰਿਸ਼ਤੇ ਤੋਂ ਮੁਕਰਨ ਵਾਲੇ ਵਿਅਕਤੀ ਨੂੰ ਕਬੀਲਾ ਵਿਧੀ ਵਿਧਾਨ ਅਨੁਸਾਰ ਦੰਡ ਅਤੇ ਜ਼ੁਰਮਾਨਾ ਤਾਰਨਾ ਪੈਂਦਾ ਹੈ। ਬੰਗਾਲਾ ਲੋਕ ਦਾਰੂ, ਮੀਟ ਅਤੇ ਮਿੱਠੇ ਦੇ ਖ਼ਾਸ ਸ਼ੌਕੀਨ ਹਨ। ਇਸ ਲਈ ਇਨ੍ਹਾਂ ਲੋਕਾਂ ਦੇ ਤਿੱਥ-ਤਿਉਹਾਰ ਅਤੇ ਸਮਾਗਮਾਂ ਵਿਚ ਦਾਰੂ, ਮਾਸ ਅਤੇ ਮਿੱਠਾ ਖੁੱਲ੍ਹਦਿਲੀ ਨਾਲ ਵਰਤਾਇਆ ਜਾਂਦਾ ਹੈ।

2. **ਸਾਹਾ ਬੰਨ੍ਹਣ ਦੀ ਰਸਮ** : ਬੰਗਾਲਾ ਕਬੀਲੇ ਵਿਚ ਪੰਦਰ੍ਹਾਂ-ਸੋਲ੍ਹਾਂ ਸਾਲ ਦੀ ਉਮਰ ਵਿਚ ਹੀ ਲੜਕੇ ਲੜਕੀ ਦਾ ਵਿਆਹ ਤੈਅ ਕਰ ਦਿੱਤਾ ਜਾਂਦਾ ਹੈ। ਵਿਆਹ ਦਾ ਦਿਨ ਨਿਸਚਿਤ ਕਰਨ ਲਈ ਇਹ ਲੋਕ ਲੜਕੀ ਦੇ ਪਰਿਵਾਰ ਵਿਚ 'ਰੁੱਕਾ' ਭੇਜਦੇ ਹਨ। ਲੜਕੀ ਦੇ ਪਰਿਵਾਰ ਵਿਚ ਰੁੱਕਾ ਭੇਜਣ ਉਪਰੰਤ ਲੜਕੇ ਦਾ ਪਿਤਾ ਖ਼ੁਦ ਲੜਕੀ ਵਾਲਿਆਂ ਦੇ ਘਰ ਜਾ ਕੇ ਵਿਆਹ ਦਾ ਦਿਨ ਮੰਗਦਾ ਹੈ। ਦੋਹਾਂ ਪਰਿਵਾਰਾਂ ਵਿਚ ਵਿਚਾਰ-ਵਟਾਂਦਰਾ ਹੋਣ ਉਪਰੰਤ ਵਿਆਹ ਦੀ ਤਾਰੀਖ ਨਿਸਚਿਤ ਹੋ ਜਾਂਦੀ ਹੈ। ਇਸ ਰਸਮ ਤੋਂ ਬਾਅਦ ਲੜਕੇ ਦਾ ਪਿਤਾ ਵਾਪਸ ਡੇਰੇ ਆ ਕੇ ਆਪਣੇ ਕਬੀਲਾ ਭਾਈਚਾਰੇ ਨੂੰ ਵਿਆਹ ਦੀ ਮਿਤੀ ਸੰਬੰਧੀ ਸੂਚਿਤ ਕਰਦਾ ਹੈ। ਕਬੀਲੇ ਵਿਚ ਪਤਵੰਤਿਆਂ ਦੀ ਹਾਜ਼ਰੀ ਵਿਚ ਵਿਆਹ ਸੰਬੰਧੀ ਦੱਸਣਾ ਜ਼ਰੂਰੀ ਹੁੰਦਾ ਹੈ। ਅਜਿਹਾ ਨਾ ਕਰਨ ਦੀ ਸੂਰਤ ਵਿਚ ਭਾਈਚਾਰੇ ਦੇ ਲੋਕ ਨਾਰਾਜ਼ ਹੋ ਜਾਂਦੇ ਹਨ। ਬੰਗਾਲਾ ਕਬੀਲੇ ਦੀ ਹਰ ਰਸਮ ਵਿਚ ਭਾਈਚਾਰੇ ਦਾ ਰੁਤਬਾ ਉੱਚਾ ਹੁੰਦਾ ਹੈ। ਇਸੇ ਲਈ ਇਸ ਕਬੀਲੇ ਦੇ ਹਰ ਇਕ ਕਾਰ ਵਿਹਾਰ ਵਿਚ ਸਮੂਹਿਕ ਚੇਤਨਾ ਪਾਈ ਜਾਂਦੀ ਹੈ। ਬੰਗਾਲਾ ਕਬੀਲੇ ਦੀ ਹਰ ਇਕ ਰੀਤ ਵਿਚ ਪਰਿਵਾਰ ਦੇ ਮੁੱਖੀ, ਪੈਂਚਾਂ ਅਤੇ ਪਤਵੰਤਿਆਂ ਦਾ ਮੁੱਖ ਸਥਾਨ ਹੁੰਦਾ ਹੈ। ਇਨ੍ਹਾਂ ਲੋਕਾਂ ਤੋਂ ਬਿਨਾਂ ਕਬੀਲੇ ਦੀ ਕੋਈ ਵੀ ਰਸਮ ਨੇਪਰੇ ਨਹੀਂ ਚੜ੍ਹਦੀ।

3. **'ਵਧੂ ਮੁੱਲ' ਤੈਅ ਕਰਨ ਦੀ ਰਸਮ** : ਬੰਗਾਲਾ ਕਬੀਲੇ ਵਿਚ ਵਿਆਹ ਦੀ ਤਾਰੀਖ ਨਿਸਚਿਤ ਹੋਣ ਤੋਂ ਬਾਅਦ 'ਵਧੂ ਮੁੱਲ' ਤੈਅ ਕਰਨ ਦੀ ਰਸਮ ਪੂਰੀ ਕੀਤੀ ਜਾਂਦੀ ਹੈ। 'ਵਧੂ ਮੁੱਲ' ਇਸ ਕਬੀਲੇ ਦੀ ਇਕ ਪਰੰਪਰਿਕ ਰਸਮ ਹੈ ਜਿਸ ਵਿੱਚ ਕੰਨਿਆ ਦੇ ਵਿਆਹ 'ਤੇ ਖਰਚ ਹੋਣ ਵਾਲਾ ਪੈਸਾ ਧੇਲਾ ਲੜਕੇ ਵਾਲਿਆਂ ਨੂੰ ਤਾਰਨਾ ਪੈਂਦਾ ਹੈ। 'ਵਧੂ ਮੁੱਲ' ਦੋਹਾਂ ਧਿਰਾਂ ਦੇ ਆਪਸੀ ਵਿਚਾਰ-ਵਟਾਂਦਰੇ ਉਪਰੰਤ ਕਬੀਲੇ ਦੇ ਪਤਵੰਤਿਆਂ ਵੱਲੋਂ ਐਲਾਨਿਆ ਜਾਂਦਾ ਹੈ। 'ਵਧੂ ਮੁੱਲ' ਦੀ ਰਵਾਇਤ ਭਾਰਤ ਦੀਆਂ ਕਈ ਹੋਰ ਜਨਜਾਤੀਆਂ ਅਤੇ ਕਬੀਲਿਆਂ ਵਿੱਚ ਵੀ ਪ੍ਰਚਲਿਤ ਹੈ। ਅਸਲ ਵਿਚ 'ਵਧੂ ਮੁੱਲ' ਦੀ ਪ੍ਰਥਾ ਲੜਕੀ ਦੀ ਮਹੱਤਤਾ ਨੂੰ ਉਭਾਰਨ ਹਿੱਤ ਅਦਾ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਇਸਨੂੰ ਵਿਆਹ 'ਤੇ ਹੋਣ ਵਾਲੇ ਖਰਚ ਦੇ ਹਰਜਾਨੇ ਵਜੋਂ ਵੀ ਤਾਰਿਆ ਜਾਂਦਾ ਹੈ। ਪੁਰਾਣੇ ਸਮਿਆਂ ਵਿੱਚ ਇਹ ਕੀਮਤ ਸਵਾ ਆਨਾ ਸੀ ਪਰੰਤੂ ਅਜੋਕੇ ਦੌਰ ਵਿਚ ਇਹ ਰਸਮ ਸੰਕੇਤਕ ਤੌਰ 'ਤੇ ਹੀ ਪੂਰੀ ਕੀਤੀ ਜਾਂਦੀ ਹੈ। ਭਾਰਤ ਦੇ ਕਈ ਹਿੱਸਿਆਂ ਵਿਚ ਇਹ ਰਸਮ ਅੱਜ ਵੀ ਮੂਲ ਰੂਪ ਵਿਚ ਪ੍ਰਚਲਿਤ ਹੈ। ਬੰਗਾਲਾ ਕਬੀਲੇ ਵਿਚ 'ਵਧੂ ਮੁੱਲ' ਲੜਕੀ ਦੇ ਪਰਿਵਾਰ ਨੂੰ ਕਬੀਲੇ ਦੀ ਪੰਚਾਇਤ ਦੀ ਹਾਜ਼ਰੀ ਵਿਚ ਤਾਰਿਆ ਜਾਂਦਾ ਹੈ।

4. **ਸੱਦਾ ਦੇਣ ਦੀ ਰਸਮ** : ਵਧੂ ਮੁੱਲ ਤਾਰਨ ਤੋਂ ਬਾਅਦ ਵਿਆਹ ਵਾਲੇ ਲੜਕੇ ਲੜਕੀ ਦੇ ਪਰਿਵਾਰ ਵੱਲੋਂ ਡੇਰੇ ਵਿਚ ਪਹੁੰਚਣ ਉਪਰੰਤ ਕਬੀਲੇ ਦੇ ਪੈਂਚਾਂ ਅਤੇ ਪਤਵੰਤਿਆਂ ਨੂੰ ਸੱਦ ਕੇ ਵਿਆਹ ਦੀ ਤਾਰੀਖ ਬਾਰੇ ਸੂਚਿਤ ਕੀਤਾ ਜਾਂਦਾ ਹੈ। ਡੇਰੇ ਵਿਚ ਇਹ ਸੂਚਨਾ ਕਬੀਲੇ ਦੇ ਸਿਆਣਿਆਂ ਨੂੰ ਮਾਣ ਵਡਿਆਈ ਦੇਣ ਲਈ ਕੀਤੀ ਜਾਂਦੀ ਹੈ। ਇਸ ਮੌਕੇ ਕਬੀਲੇ ਦੇ ਪੈਂਚਾਂ ਨੂੰ ਚਾਹ ਪਾਣੀ ਪਿਆਉਣ ਉਪਰੰਤ ਵਿਆਹ ਦੀ ਤਿਆਰੀ ਲਈ ਕਬੀਲਾ ਬੇਨਤੀ ਕੀਤੀ ਜਾਂਦੀ ਹੈ। ਇਸ ਰਸਮ ਤੋਂ ਬਾਅਦ ਵਿਆਹ ਵਾਲੇ ਘਰ ਵੱਲੋਂ

ਸਾਰੇ ਰਿਸ਼ਤੇਦਾਰਾਂ ਅਤੇ ਸਕੇ-ਸੰਬੰਧੀਆਂ ਨੂੰ ਵਿਆਹ ਬਾਰੇ ਸੂਚਿਤ ਕੀਤਾ ਜਾਂਦਾ ਹੈ। ਨਾਨਕਿਆਂ ਨੂੰ ਵਿਆਹ ਸੰਬੰਧੀ ਵਿਸ਼ੇਸ਼ ਸੱਦਾ ਭੇਜਿਆ ਜਾਂਦਾ ਹੈ ਕਿਉਂਕਿ ਵਿਆਹ ਦੀਆਂ ਬਹੁਤੀਆਂ ਰਸਮਾਂ ਲੜਕੇ ਦੇ ਮਾਮੇ ਵੱਲੋਂ ਨਿਭਾਈਆਂ ਜਾਂਦੀਆਂ ਹਨ। ਬੰਗਾਲਾ ਕਬੀਲੇ ਦੇ ਲੋਕ ਘਰ ਆਏ ਰਿਸ਼ਤੇਦਾਰਾਂ ਅਤੇ ਸੱਜਣਾਂ ਦਾ ਬੀਹੀ ਵਿਚ ਤੇਲ ਚੋ ਕੇ ਸਵਾਗਤ ਕਰਦੇ ਹਨ। ਕਬੀਲੇ ਵਿਚ ਨਾਨਕਿਆਂ ਅਤੇ ਦਾਦਕਿਆਂ ਨੂੰ ਵਿਆਹ ਵਿਚ ਨਿਸਚਿਤ ਰਸਮਾਂ ਨਿਭਾਉਣੀਆਂ ਪੈਂਦੀਆਂ ਹਨ।

5. **ਮਈਏ ਬਿਠਾਉਣ ਦੀ ਰਸਮ** : ਵਿਆਹ ਦੀ ਮਿਤੀ ਨਿਸਚਿਤ ਹੋਣ ਤੋਂ ਬਾਅਦ ਵਿਆਹ ਵਾਲੇ ਲੜਕੇ ਲੜਕੀ ਦਾ ਘਰ ਤੋਂ ਬਾਹਰ ਜਾਣਾ ਵਰਜਿਤ ਹੁੰਦਾ ਹੈ। ਜੇ ਕਰ ਉਨ੍ਹਾਂ ਨੂੰ ਘਰ ਤੋਂ ਬਾਹਰ ਜਾਣਾ ਵੀ ਪਵੇ ਤਾਂ ਉਨ੍ਹਾਂ ਦੇ ਨਾਲ ਕੋਈ ਨਾ ਕੋਈ ਸੰਗੀ ਸਾਥੀ ਜ਼ਰੂਰ ਹੁੰਦਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਬੁਰੀ ਨਜ਼ਰ ਅਤੇ ਭੂਤ-ਪ੍ਰੇਤ ਤੋਂ ਰੱਖਿਆ ਕਰਨ ਲਈ ਕੋਈ ਲੋਹੇ ਦਾ ਚਾਕੂ ਜਾਂ ਸ਼ਸਤਰ ਜ਼ਰੂਰ ਰੱਖਣਾ ਪੈਂਦਾ ਹੈ। ਬੰਗਾਲਾ ਕਬੀਲੇ ਵਿਚ ਮਈਆਂ ਲਾਉਣ ਦੀ ਰਸਮ ਵਿਆਹ ਵਾਲੇ ਜੋੜੇ ਨੂੰ ਸ਼ਗਨਾਂ ਦੌਰਾਨ ਕਿਸੇ ਹੋਣੀ ਅਣਹੋਣੀ ਤੋਂ ਬਚਾਉਣ ਲਈ ਕੀਤੀ ਜਾਂਦੀ।

6. **ਵਟਣਾ ਲਾਉਣ ਦੀ ਰਸਮ** : ਵਿਆਹ ਤੋਂ ਇਕ ਦਿਨ ਪਹਿਲਾਂ ਬੰਗਾਲਾ ਕਬੀਲੇ ਦੇ ਲੋਕ ਵਿਆਹ ਵਾਲੇ ਲੜਕੇ ਅਤੇ ਲੜਕੀ ਦੇ ਵਟਣਾ ਲਾਉਣ ਦੀ ਰਸਮ ਪੂਰੀ ਕਰਦੇ ਹਨ। ਇਹ ਰਸਮ ਕਬੀਲੇ ਦੀਆਂ 'ਸੱਤ ਸੁਹਾਗਣਾਂ' ਅਤੇ ਕੁੜੀਆਂ ਦੁਆਰਾ ਪੂਰੀ ਕੀਤੀ ਜਾਂਦੀ ਹੈ। ਇਸ ਰਸਮ ਵਿਚ ਲੜਕੇ ਜਾਂ ਲੜਕੀ ਦੀ ਮਾਂ, ਮਾਮੀ, ਭੂਆ, ਭਾਬੀ ਅਤੇ ਮਿੱਤਰ ਸਹੇਲੀਆਂ ਵਿਸ਼ੇਸ਼ ਤੌਰ 'ਤੇ ਸ਼ਾਮਲ ਹੁੰਦੇ ਹਨ। ਵਟਣਾ ਲੜਕੀ ਅਤੇ ਲੜਕੇ ਦੇ ਵੇਸਣ, ਹਲਦੀ ਅਤੇ ਸਰ੍ਹੋਂ ਦਾ ਤੇਲ ਮਿਲਾ ਕੇ ਪਿੱਠ ਅਤੇ ਚਿਹਰੇ 'ਤੇ ਜ਼ੋਰ-ਜ਼ੋਰ ਦੀ ਮਲਿਆ ਜਾਂਦਾ ਹੈ। ਇਸ ਵੇਲੇ ਪਰਿਵਾਰ ਅਤੇ ਡੇਰੇ ਦੀਆਂ ਔਰਤਾਂ ਵਟਣੇ ਨਾਲ ਸੰਬੰਧਤ ਕਬੀਲਾ ਗੀਤ ਗਾਉਂਦੀਆਂ ਹਨ। ਵਟਣਾ ਲਾਉਣ ਦੀ ਰਸਮ ਵੇਲੇ ਲੜਕੀ ਦੀਆਂ ਸਹੇਲੀਆਂ ਕਈ ਬਿਰਹਾ ਭਰਪੂਰ ਗੀਤ ਗਾਉਂਦੀਆਂ ਹਨ।

7. **ਗਾਨਾ ਬੰਨ੍ਹਣ ਦੀ ਰਸਮ** : ਬੰਗਾਲਾ ਕਬੀਲੇ ਵਿਚ ਵਟਣਾ ਮਲਣ ਦੀ ਰਸਮ ਤੋਂ ਬਾਅਦ ਗਾਨਾ ਬੰਨ੍ਹਣ ਦੀ ਰਸਮ ਪ੍ਰਚੱਲਿਤ ਹੈ। ਵਿਆਹ ਵਾਲੇ ਲੜਕੇ ਲੜਕੀ ਦੇ ਗਾਨਾ ਬੰਨ੍ਹਣ ਦੀ ਰਸਮ ਵਿਆਹ ਵਾਲੇ ਲੜਕੇ ਲੜਕੀ ਦੀਆਂ ਭੈਣਾਂ ਦੁਆਰਾ ਨਿਭਾਈ ਜਾਂਦੀ ਹੈ। ਗਾਨਾ ਬੰਨਣ ਦੀ ਰਸਮ ਦਾ ਭਾਵ ਵਿਆਹ ਵਾਲੇ ਲੜਕੇ ਅਤੇ ਲੜਕੀ ਦੇ ਵਿਆਹੁਤਾ ਖੁਸ਼ਹਾਲ ਜੀਵਨ ਸੰਬੰਧੀ ਮੰਗਲ-ਕਾਮਨਾ ਨਾਲ ਜੁੜਿਆ ਹੋਇਆ ਹੈ। ਗਾਨਾ ਇਕ ਚੰਗੇ ਸਮਾਜਿਕ ਜੀਵਨ ਸੰਬੰਧੀ ਅਹਿਦ ਹੁੰਦਾ ਹੈ। ਇਹ ਚੰਗੇ ਸਫ਼ਰ ਅਤੇ ਸੁਰੱਖਿਆ ਦਾ ਚਿੰਨਾਤਮਕ ਪ੍ਰਗਟਾਵਾ ਹੈ।

8. **ਨੁਹਾਈ ਧੁਆਈ ਦੀ ਰਸਮ** : ਉਪਰੋਕਤ ਰਸਮ ਤੋਂ ਬਾਅਦ ਬੰਗਾਲਾ ਕਬੀਲੇ ਵਿਚ ਨੁਹਾਈ ਧੁਆਈ ਦੀ ਰਸਮ ਪ੍ਰਚਲਿਤ ਹੈ। ਇਸ ਰਸਮ ਵਿਚ ਵਿਆਹ ਵਾਲੇ ਮੁੰਡੇ ਨੂੰ ਵਿਹੜੇ ਵਿਚ ਇਕ ਚੌਂਕੀ 'ਤੇ ਬਿਠਾ ਕੇ ਭੈਣਾਂ ਅਤੇ ਭਾਬੀਆਂ ਦੁਆਰਾ ਸ਼ਗਨਾਂ ਦਾ ਇਸ਼ਨਾਨ ਕਰਾਇਆ ਜਾਂਦਾ ਹੈ। ਲੜਕੀ ਨੂੰ ਨਹਾਉਣ ਦੀ ਰਸਮ ਭਾਬੀਆਂ, ਭੈਣਾਂ ਅਤੇ

ਲੜਕੀ ਦੀਆਂ ਸਹੇਲੀਆਂ ਪੂਰੀਆਂ ਕਰਦੀਆਂ ਹਨ। ਨਹਾਉਣ ਦੀ ਰਸਮ ਸਮੇਂ ਪਰਿਵਾਰ ਅਤੇ ਕਬੀਲੇ ਦੀਆਂ ਔਰਤਾਂ ਸ਼ਗਨਾਂ ਨਾਲ ਸੰਬੰਧਤ ਗੀਤ ਗਾਉਂਦੀਆਂ ਹਨ। ਇਨ੍ਹਾਂ ਵਿਚੋਂ ਬਹੁਤੇ ਗੀਤ ਰੋਮਾਂਸ ਅਤੇ ਬਿਰਹਾ ਦੇ ਡੂੰਘੇ ਮਨੋਭਾਵ ਹੁੰਦੇ ਹਨ। ਨਹਾਉਣ ਦੀ ਰਸਮ ਪੂਰੀ ਹੋਣ ਤੋਂ ਬਾਅਦ ਮਾਮਾ ਵਿਆਹ ਵਾਲੇ ਲੜਕੇ ਜਾਂ ਲੜਕੀ ਨੂੰ ਗੋਦ ਵਿਚ ਚੁੱਕ ਕੇ ਘਰ ਵਿਚ ਬਿਠਾਉਂਦਾ ਹੈ। ਇਹ ਰਸਮ ਪੂਰੀ ਕਰਨ ਵੇਲੇ ਮਾਮੇ ਵੱਲੋਂ ਵਿਆਹ ਵਾਲੇ ਲੜਕੇ ਨੂੰ ਵਿੱਤ ਅਨੁਸਾਰ ਸ਼ਗਨ ਵੀ ਦਿੱਤਾ ਜਾਂਦਾ ਹੈ। ਲੜਕੀ ਨੂੰ ਨਹਾਉਣ ਸਮੇਂ ਕਬੀਲੇ ਵਿਚ ਵਾਤਾਵਰਣ ਸੋਗਮਈ ਅਤੇ ਉਦਾਸੀ ਵਾਲਾ ਹੁੰਦਾ ਹੈ। ਬੰਗਾਲਾ ਕਬੀਲੇ ਦੇ ਲੋਕਗੀਤ ਲੜਕੀ ਦੇ ਅੰਤਰੀਵ ਮਨੋਭਾਵਾਂ ਦਾ ਬੜਾ ਸਹਿਜ ਖੁਲਾਸਾ ਕਰਦੇ ਹਨ।

9. **ਸਿਹਰਾਬੰਦੀ ਦੀ ਰਸਮ** : ਕਬੀਲੇ ਵਿਚ ਨੁਹਾਈ ਧੁਆਈ ਦੀ ਰਸਮ ਤੋਂ ਬਾਅਦ 'ਸਿਹਰਾਬੰਦੀ' ਦੀ ਰਸਮ ਨਿਭਾਈ ਜਾਂਦੀ ਹੈ। ਬੰਗਾਲਾ ਕਬੀਲੇ ਵਿਚ ਸਿਹਰਾ ਬੰਨ੍ਹਣ ਦੀ ਰਸਮ ਭੈਣਾਂ ਅਤੇ ਜੀਜੇ ਪੂਰੀ ਕਰਦੇ ਹਨ। ਸਿਹਰਾਬੰਦੀ ਦੀ ਰਸਮ ਵੇਲੇ ਵਿਆਹ ਵਾਲਾ ਲੜਕਾ ਵਿਆਹ ਦੇ ਕੱਪੜੇ-ਲੀੜੇ ਪਾ ਕੇ ਸਜ-ਧਜ ਕੇ ਤਿਆਰ ਹੋ ਜਾਂਦਾ ਹੈ। ਇਸ ਉਪਰੰਤ ਉਸਦੇ ਭੈਣਾਂ ਅਤੇ ਜੀਜਿਆਂ ਵੱਲੋਂ ਸਿਹਰਾਬੰਦੀ ਕਰਨ ਦੀ ਰਸਮ ਨਿਭਾਈ ਜਾਂਦੀ ਹੈ। ਇਸ ਰਸਮ ਵੇਲੇ ਭੈਣਾਂ, ਪਰਿਵਾਰ ਅਤੇ ਕਬੀਲੇ ਦੀਆਂ ਔਰਤਾਂ ਮਿਲ ਕੇ ਸਮੂਹਿਕ ਗੀਤ ਬੋਲਦੀਆਂ ਹਨ। ਹਿਮਾਚਲ ਦੇ ਬੰਗਾਲਿਆਂ ਦੇ ਗੀਤਾਂ ਵਿਚ ਕ੍ਰਿਸ਼ਨ ਅਤੇ ਰਾਧਾ ਦੇ ਪ੍ਰੇਮ ਪ੍ਰਸੰਗਾਂ ਦਾ ਵਾਰ-ਵਾਰ ਜ਼ਿਕਰ ਆਉਂਦਾ ਹੈ। ਕਈ ਬੰਗਾਲਿਆਂ ਵਿਚ ਇਸ ਰਸਮ ਉਪਰੰਤ ਭੈਣਾਂ ਨੂੰ ਕੱਪੜਾ ਲੀੜਾ ਅਤੇ ਸ਼ਗਨ ਦੇਣ ਦੀ ਰਵਾਇਤ ਵੀ ਪ੍ਰਚੱਲਿਤ ਹੈ।

10. **ਸਲਾਮੀ ਦੇਣ ਦੀ ਰਸਮ** : ਸਿਹਰਾਬੰਦੀ ਤੋਂ ਬਾਅਦ ਕਬੀਲੇ ਦੇ ਲੋਕਾਂ ਵੱਲੋਂ ਸਲਾਮੀ ਦੇਣ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਵਿਆਹ ਵਾਲੇ ਲੜਕੇ ਨੂੰ ਸਲਾਮੀ ਦੇਣ ਦੀ ਰਸਮ ਭੈਣਾਂ ਦੁਆਰਾ ਨਿਭਾਈ ਜਾਂਦੀ ਹੈ। ਇਸ ਰਸਮ ਵਿਚ ਵਿਆਹ ਵਾਲੇ ਲੜਕੇ ਨੂੰ ਸ਼ਗਨ ਵਜੋਂ ਝੋਲੀ ਵਿਚ ਕੁਝ ਪੈਸੇ ਪਾਏ ਜਾਂਦੇ ਹਨ। ਭੈਣਾਂ ਤੋਂ ਬਾਅਦ ਲੜਕੇ ਦੇ ਨਾਨਕਿਆਂ ਵੱਲੋਂ ਸਲਾਮੀ ਦੇਣ ਦੀ ਰਸਮ ਨਿਭਾਈ ਜਾਂਦੀ ਹੈ। ਇਸ ਮੌਕੇ ਨਾਨਕਾ ਪਰਿਵਾਰ ਵਿੱਤ ਅਨੁਸਾਰ ਵਿਆਹ ਵਾਲੇ ਲੜਕੇ ਦੀ ਝੋਲੀ ਵਿਚ ਸ਼ਗਨ ਪਾਉਂਦਾ ਹੈ। ਨਾਨਕਿਆਂ ਤੋਂ ਬਾਅਦ ਕਬੀਲੇ ਦੇ ਹੋਰ ਰਿਸ਼ਤੇਦਾਰਾਂ ਅਤੇ ਪਤਵੰਤਿਆਂ ਵੱਲੋਂ ਸਲਾਮੀ ਦੇਣ ਦੀ ਰਸਮ ਪੂਰੀ ਕੀਤੀ ਜਾਂਦੀ ਹੈ।

11. **ਮਿਲਣੀ ਦੀ ਰਸਮ** : ਬੰਗਾਲਾ ਕਬੀਲੇ ਵਿਚ ਵਿਆਹ ਵਾਲੇ ਲੜਕੇ ਦੀ ਬਰਾਤ ਲੜਕੀ ਵਾਲਿਆਂ ਦੇ ਘਰ ਢੁੱਕਣ 'ਤੇ ਸਭ ਤੋਂ ਪਹਿਲਾਂ 'ਮਿਲਣੀ' ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਮਿਲਣੀ ਲੜਕੇ ਲੜਕੀ ਦੇ 'ਮਾਤਾ ਪਿਤਾ' ਅਤੇ 'ਮਾਮਿਆਂ' ਵਿਚਕਾਰ ਹੁੰਦੀ ਹੈ। ਮਿਲਣੀ ਕਰਾਉਣ ਦੀ ਭੂਮਿਕਾ ਕਬੀਲੇ ਦਾ ਕੋਈ ਸਿਆਣਾ ਬਜ਼ੁਰਗ ਨਿਭਾਉਂਦਾ ਹੈ। ਮਿਲਣੀ ਦੀ ਰਸਮ ਵੇਲੇ ਲੜਕੇ ਲੜਕੀ ਨੂੰ ਦਿੱਤੇ ਜਾਣ ਵਾਲੇ ਗਹਿਣੇ ਗੱਟੇ ਅਤੇ ਹਾਰ ਸ਼ਿੰਗਾਰ ਦਾ ਜ਼ਿਕਰ ਵੀ ਕੀਤਾ ਜਾਂਦਾ ਹੈ। ਇਸ ਵੇਲੇ ਵਿਆਹ ਵਾਲੀਆਂ ਗੋਤਰਾਂ ਵੱਲੋਂ ਇਕ ਦੂਜੇ ਪ੍ਰਤੀ ਜੁੜਨ ਦੀ ਖੁਸ਼ੀ ਵੀ ਜ਼ਾਹਿਰ ਕੀਤੀ ਜਾਂਦੀ ਹੈ। ਇਸ ਉਪਰੰਤ ਕਬੀਲੇ ਦੇ ਪਤਵੰਤਿਆਂ ਵੱਲੋਂ ਇਕ ਦੂਜੇ ਨੂੰ ਰਿਸ਼ਤੇ ਦੀ ਮਾਣ ਮਰਿਆਦਾ

ਬਣਾਈ ਰੱਖਣ ਲਈ ਕਬੀਲਾ ਬੇਨਤੀ ਵੀ ਕੀਤੀ ਜਾਂਦੀ ਹੈ। ਆਖਰ ਦੋਹਾਂ ਧਿਰਾਂ ਦੇ ਪੈਂਚਾਂ ਵੱਲੋਂ ਮਿਲਣੀ ਕਰਾਉਣ ਤੋਂ ਬਾਅਦ ਬਰਾਤ ਨੂੰ ਚਾਹ-ਪਾਣੀ ਪੀਣ ਲਈ ਬੇਨਤੀ ਕੀਤੀ ਜਾਂਦੀ ਹੈ।

12. **ਫੇਰਿਆਂ ਦੀ ਰਸਮ** : ਬੰਗਾਲਾ ਕਬੀਲੇ ਵਿਚ ਸੱਤ ਫੇਰਿਆਂ ਦੀ ਰਸਮ ਦੁਆਰਾ ਵਿਆਹ ਸੰਪੰਨ ਕੀਤਾ ਜਾਂਦਾ ਹੈ। ਕਬੀਲੇ ਵਿਚ ਫੇਰਿਆਂ ਦੀ ਰਸਮ ਪੂਰੀ ਕਰਨ ਲਈ ਇਕ ਵੱਖਰੀ ਕਿਸਮ ਦੀ ਕਬੀਲਾ 'ਬਲੀ ਬੇਦੀ' ਤਿਆਰ ਕੀਤੀ ਜਾਂਦੀ ਹੈ। ਇਹ ਬੇਦੀ ਆਟੇ ਦੇ ਦੀਵੇ ਵਿਚ ਸਰ੍ਹੋਂ ਦਾ ਤੇਲ ਪਾ ਕੇ ਤਿਆਰ ਕੀਤੀ ਜਾਂਦੀ ਹੈ। ਕਬੀਲੇ ਦੇ ਕਿਸੇ ਸਿਆਣੇ ਵਿਅਕਤੀ ਵੱਲੋਂ ਦੀਵਾ ਜਗਾ ਕੇ ਉੱਤੇ ਇਕ ਚੌਂਕੀ ਰੱਖ ਦਿੱਤੀ ਜਾਂਦੀ ਹੈ। ਇਸ ਚੌਂਕੀ ਉੱਪਰ ਇਕ ਵੱਡਾ ਟੋਕਰਾ ਮੂਧਾ ਮਾਰ ਕੇ ਇਸ ਦੇ ਆਲੇ-ਦੁਆਲੇ ਹਰੇ ਬਿਰਖਾਂ ਦੀਆਂ ਟਹਿਣੀਆਂ ਗੱਡ ਦਿੱਤੀਆਂ ਜਾਂਦੀਆਂ ਹਨ। ਕਬੀਲੇ ਵਿਚ ਹਰੇ ਰੁੱਖਾਂ ਦੀਆਂ ਟਹਿਣੀਆਂ ਨੂੰ ਖੇੜੇ ਤੇ ਖੁਸ਼ਹਾਲੀ ਦਾ ਚਿੰਨ੍ਹ ਸਮਝਿਆ ਜਾਂਦਾ ਹੈ। ਜੰਗਲੀ ਜੀਵਨ ਦੌਰਾਨ ਇਹ ਲੋਕ ਅੱਕ ਦੇ ਬੂਟੇ ਦੀ 'ਬਲੀ ਬੇਦੀ' ਤਿਆਰ ਕਰ ਲੈਂਦੇ ਸਨ। ਇਸ ਉਪਰੰਤ ਵਿਆਹ ਵਾਲਾ ਲੜਕਾ ਅਤੇ ਲੜਕੀ ਇਸ ਬੇਦੀ ਦੁਆਲੇ ਸ਼ਰਧਾਪੂਰਵਕ ਸੱਤ ਫੇਰੇ ਲਾ ਕੇ ਵਿਆਹ-ਸੰਬੰਧਾਂ ਦੀ ਪਵਿੱਤਰਤਾ ਦਾ ਅਹਿਦ ਲੈਂਦੇ ਹਨ। ਇਨ੍ਹਾਂ ਰਸਮਾਂ ਵਿਚ ਲੜਕੀ ਦੇ ਭਰਾ ਦੀ ਮਹੱਤਵਪੂਰਨ ਭੂਮਿਕਾ ਹੁੰਦੀ ਹੈ। ਫੇਰਿਆਂ ਦੀਆਂ ਰਸਮਾਂ ਉਸਦੀ ਨਿਗਰਾਨੀ ਵਿਚ ਹੀ ਨੇਪਰੇ ਚੜ੍ਹਦੀਆਂ ਹਨ। ਬੰਗਾਲਾ ਕਬੀਲੇ ਵਿਚ ਪੁਰੋਹਿਤਾਂ ਅਤੇ ਬ੍ਰਾਹਮਣਾਂ ਨੂੰ ਬੁਲਾਉਣ ਅਤੇ ਪੂਜਣ ਦੀ ਰਵਾਇਤ ਪ੍ਰਚਲਿਤ ਨਹੀਂ ਹੈ।

13. **ਦਾਜ ਵਿਖਾਉਣ ਦੀ ਰਸਮ** : ਬੰਗਾਲਾ ਕਬੀਲੇ ਵਿਚ ਨਵਾਂ ਘਰ ਬੰਨ੍ਹਣ ਲਈ ਵਿਆਹ ਵਾਲੀ ਲੜਕੇ ਨੂੰ ਦਾਜ ਵਜੋਂ ਕੁਝ ਕੱਪੜੇ, ਸ਼ਿੰਗਾਰ ਦਾ ਸਾਮਾਨ ਅਤੇ ਕੁਝ ਭਾਂਡੇ-ਟੀਂਡੇ ਦੇਣ ਦਾ ਰਿਵਾਜ਼ ਹੈ। ਦਾਜ ਵਿਚ ਜ਼ਿਆਦਾਤਰ ਘਰ ਦੀਆਂ ਮੁੱਢਲੀਆਂ ਲੋੜਾਂ ਨੂੰ ਪੂਰੀਆਂ ਕਰਨ ਵਾਲੀਆਂ ਵਸਤਾਂ ਹੀ ਹੁੰਦੀਆਂ ਹਨ। ਇਹ ਦਾਜ. ਲੜਕੇ ਦੇ ਪਰਿਵਾਰ, ਰਿਸ਼ਤੇਦਾਰਾਂ ਅਤੇ ਕਬੀਲੇ ਦੇ ਲੋਕਾਂ ਵੱਲੋਂ ਕੰਨਿਆਦਾਨ ਵਜੋਂ ਦਿੱਤਾ ਜਾਂਦਾ ਹੈ। ਕਬੀਲੇ ਦੇ ਲੋਕ ਲੜਕੀ ਨੂੰ ਦਾਨ ਵਜੋਂ ਕੁਝ ਨਾ ਕੁਝ ਦੇਣਾ ਆਪਣਾ ਪਿਤਾ ਪੁਰਖੀ ਧਰਮ ਸਮਝਦੇ ਹਨ।

14. **ਪਿੱਤਰਾਂ ਨੂੰ ਪਾਣੀ ਦੇਣ ਦੀ ਰਸਮ** : ਇਸ ਰਸਮ ਵਿਚ ਨਵੀਂ ਵਿਆਹੀ ਲੜਕੀ ਨੂੰ ਇਕ 'ਹਰੀ ਭਰੀ ਬੇਰੀ' ਕੋਲ ਲਿਜਾਇਆ ਜਾਂਦਾ ਹੈ। ਇਹ ਬੇਰੀ ਜ਼ਿਆਦਾਤਰ ਪਿੰਡ ਦੇ ਬਾਹਰਵਾਰ ਹੁੰਦੀ ਹੈ। ਇਸ ਰਸਮ ਵਿਚ ਨਵੀਂ ਵਿਆਹੀ ਲੜਕੀ ਬੇਰੀ ਦੇ ਆਲੇ -ਦੁਆਲੇ ਸੱਤ ਗੇੜੇ ਕੱਢ ਕੇ ਕੋਰੇ ਕੁਜੇ ਨਾਲ ਥੋੜ੍ਹਾ-ਥੋੜ੍ਹਾ ਪਾਣੀ ਬੇਰੀ ਨੂੰ ਅਰਪ ਦਿੰਦੀ ਹੈ। ਇਸੇ ਦੌਰਾਨ ਲੜਕਾ ਅਤੇ ਲੜਕੀ ਆਪਣੇ ਪੂਰਵਜ਼ਾਂ ਨੂੰ ਯਾਦ ਕਰਦਿਆਂ ਹੋਇਆਂ ਇਕ ਦੂਜੇ ਦੇ ਗਾਨੇ ਖੋਲ੍ਹ ਕੇ ਬੇਰੀ ਨਾਲ ਬੰਨ੍ਹ ਦਿੰਦੇ ਹਨ। ਇਸ ਤੋਂ ਬਾਅਦ ਦੋਵੇਂ ਪੁਰਖਿਆਂ ਨੂੰ ਮੱਥੇ ਟੇਕਦੇ ਹੋਏ ਆਪਣੇ ਖੁਸ਼ਹਾਲ ਜੀਵਨ ਦੀ ਕਾਮਨਾ ਕਰਦੇ ਹਨ। ਬੇਰੀ ਬੰਗਾਲਾ ਕਬੀਲੇ ਦਾ ਆਦਿ ਕਾਲੀ ਟੋਟਮ ਹੈ। ਬੰਗਾਲਾ ਲੋਕ ਧੂਫ ਸਾਮੱਗਰੀ ਧੁਖਾ ਕੇ ਬੇਰੀ ਨੂੰ ਹਾਜ਼ਰ-ਨਾਜ਼ਰ ਦੇਵੀ ਰੂਪ ਸਮਝ ਕੇ ਮੱਥਾ ਟੇਕਦੇ ਹਨ। ਬੇਰੀ ਦੀ ਪੂਜਾ

ਤੋਂ ਬਾਅਦ ਵਿਆਹ ਵਾਲੇ ਲੜਕਾ ਲੜਕੀ ਇਕੋ ਥਾਲ ਵਿਚ ਮਿੱਠੇ ਚੌਲਾਂ ਦਾ ਭੋਜਨ ਕਰਦੇ ਹੋਏ ਵਿਆਹੁਤਾ ਜੀਵਨ ਦੀ ਸ਼ੁਰੂਆਤ ਕਰਦੇ ਹਨ। ਇਨ੍ਹਾਂ ਰਸਮਾਂ ਤੋਂ ਇਲਾਵਾ ਬੰਗਾਲਾ ਕਬੀਲੇ ਦੇ ਲੋਕ ਵਿਆਹ ਸੰਬੰਧੀ ਕਈ ਹੋਰ ਵੀ ਨਿੱਕੀਆਂ-ਨਿੱਕੀਆਂ ਰਸਮਾਂ ਦੀ ਪਾਲਣਾ ਕਰਦੇ ਹਨ। ਇਨ੍ਹਾਂ ਰਸਮਾਂ ਦੀ ਲੰਮੀ ਲੜੀ ਵਿਚੋਂ ਲੰਘਦਿਆਂ ਹੋਇਆਂ ਹੀ ਕਬੀਲਾ ਵਿਆਹ ਸੰਪੰਨ ਹੁੰਦੇ ਹਨ।

ਬੰਗਾਲਾ ਕਬੀਲੇ ਦੀਆਂ ਮੌਤ ਰਸਮਾਂ

ਬੰਗਾਲਾ ਕਬੀਲੇ ਦੇ ਲੋਕ ਮ੍ਰਿਤਕ ਵਿਅਕਤੀ ਪ੍ਰਤੀ ਬੜਾ ਗਹਿਰਾ ਭਾਵਨਾਤਮਕ ਲਗਾਓ ਰੱਖਦੇ ਹਨ। ਬੰਗਾਲਾ ਲੋਕ ਕਬੀਲੇ ਵਿਚ ਕੋਈ ਵੀ ਮੌਤ ਹੋਣ ਦੀ ਸੂਰਤ ਵਿਚ ਸੰਸਕਾਰਾਂ ਦੇ ਇਕ ਲੰਮੇ ਕਿਰਿਆ ਕਰਮ ਵਿਚੋਂ ਲੰਘਦੇ ਹਨ। ਇਹ ਰਵਾਇਤਾਂ ਕਬੀਲੇ ਦੇ ਆਦਿਕਾਲੀ ਜੰਗਲੀ ਜੀਵਨ ਵਿਚੋਂ ਵਿਕਸਤ ਹੋਈਆਂ ਹਨ। ਅੱਜ ਵੀ ਕਬੀਲੇ ਦੇ ਲੋਕ ਇਨ੍ਹਾਂ ਪਿਤਾ ਪੁਰਖੀ ਰਵਾਇਤਾਂ ਅਤੇ ਪਰੰਪਰਾਵਾਂ ਦੀ ਮੂਲ ਰੂਪ ਵਿਚ ਪਾਲਣਾ ਕਰਦੇ ਆ ਰਹੇ ਹਨ। ਬੰਗਾਲਾ ਲੋਕਾਂ ਲਈ ਭਾਵੇਂ ਵਿਅਕਤੀ ਸਰੀਰਕ ਤੌਰ 'ਤੇ ਮਰ ਜਾਂਦਾ ਹੈ ਪਰੰਤੂ ਉਹ ਆਤਮਿਕ ਪੱਧਰ 'ਤੇ ਹਮੇਸ਼ਾ ਹੀ ਜਿਉਂਦਾ ਰਹਿੰਦਾ ਹੈ। ਇਸ ਲਈ ਕਬੀਲੇ ਵਿਚ ਕਿਸੇ ਵੀ ਵਿਅਕਤੀ ਦੀ ਮੌਤ ਹੋਣ ਦੀ ਸੂਰਤ ਵਿਚ ਉਸਨੂੰ 'ਮਾਤਲੋਕ' ਤੋਂ 'ਸਵਰਗਲੋਕ' ਤੱਕ ਬੜੇ ਵਿਧੀ ਪੂਰਵਕ ਢੰਗ ਨਾਲ ਵਿਦਾ ਕੀਤਾ ਜਾਂਦਾ ਹੈ। ਹਰ ਇਕ ਕਬੀਲੇ ਦੀਆਂ ਆਪਣੀਆਂ-ਆਪਣੀਆਂ ਸਮਾਜਿਕ ਸਭਿਆਚਾਰਕ ਅਤੇ ਧਾਰਮਿਕ ਰਸਮਾਂ ਹਨ ਪਰੰਤੂ ਫਿਰ ਵੀ ਇਨ੍ਹਾਂ ਦਾ ਅਧਿਐਨ ਕਰਦਿਆਂ ਇਨ੍ਹਾਂ ਵਿਚ ਇਕ ਗਹਿਰੀ ਸਾਂਝ ਪਾਈ ਜਾਂਦੀ ਹੈ। ਇਸੇ ਸੰਦਰਭ ਵਿਚ ਬੰਗਾਲਾ ਕਬੀਲੇ ਦੀਆਂ ਮੌਤ ਨਾਲ ਸੰਬੰਧਤ ਰਸਮਾਂ ਸਭਿਆਚਾਰਕ ਪੱਖੋਂ ਵਿਸ਼ੇਸ਼ ਅਰਥਾਂ ਦੀਆਂ ਧਾਰਨੀ ਹਨ। ਬੰਗਾਲਾ ਕਬੀਲੇ ਦੇ ਲੋਕ ਸਦੀਆਂ ਤੋਂ ਆਦਿਕਾਲੀ ਧਰਮ ਨਾਲ ਜੁੜੇ ਹੋਏ ਹਨ। ਇਨ੍ਹਾਂ ਲੋਕਾਂ ਦੀਆਂ ਮੌਤ ਨਾਲ ਸੰਬੰਧਤ ਰਸਮਾਂ ਵਿਚੋਂ ਇਨ੍ਹਾਂ ਦੇ ਵਿਲੱਖਣ ਅਤੇ ਕੁਦਰਤੀ ਜੀਵਨ ਦੀਆਂ ਝਾਤੀਆਂ ਮਿਲਦੀਆਂ ਹਨ। ਬੰਗਾਲਾ ਕਬੀਲੇ ਦੇ ਲੋਕ ਪਰਿਵਾਰ ਵਿਚ ਕੋਈ ਵੀ ਮੌਤ ਹੋਣ ਦੀ ਸੂਰਤ ਵਿਚ ਹੇਠ ਲਿਖੀਆਂ ਰਸਮਾਂ ਨਿਭਾਉਂਦੇ ਹਨ :

1. **ਚੁਲੀ ਦੇਣ ਦੀ ਰਸਮ** : ਬੰਗਾਲਾ ਕਬੀਲੇ ਵਿਚ ਮ੍ਰਿਤਕ ਵਿਅਕਤੀ ਨੂੰ ਆਖਰੀ ਸਾਹਾਂ 'ਤੇ ਚੂਲੀ ਦੇਣ ਦੀ ਰਸਮ ਪ੍ਰਚੱਲਿਤ ਹੈ। ਕਬੀਲੇ ਵਿਚ ਚੂਲੀ ਜ਼ਿਆਦਾਤਰ ਬਜ਼ੁਰਗ ਵਿਅਕਤੀਆਂ ਨੂੰ ਹੀ ਦਿੱਤੀ ਜਾਂਦੀ ਹੈ। ਇਸ ਸਮੇਂ ਦੌਰਾਨ ਪਰਿਵਾਰ ਵੱਲੋਂ ਜਾਂ ਮ੍ਰਿਤਕ ਦੀ ਇੱਛਾ 'ਤੇ ਸਾਰੇ ਪਰਿਵਾਰ ਅਤੇ ਪਰਿਵਾਰ ਦੀਆਂ ਲੜਕੀਆਂ ਨੂੰ ਚੂਲੀ ਲਈ ਸੱਦ ਲਿਆ ਜਾਂਦਾ ਹੈ। ਇਸ ਰਸਮ ਵਿਚ ਮਰ ਰਹੇ ਵਿਅਕਤੀ ਦੇ ਮੂੰਹ ਵਿਚ ਚੂਲੀ ਨਾਲ ਪਾਣੀ ਪਾ ਕੇ ਇਹ ਰਸਮ ਪੂਰੀ ਕੀਤੀ ਜਾਂਦੀ ਹੈ। ਇਸ ਸਮੇਂ ਦੌਰਾਨ ਮਰ ਰਹੇ ਵਿਅਕਤੀ ਨੂੰ ਘਰ ਦੇ ਬੱਚਿਆਂ ਵੱਲੋਂ ਵੀ ਚੂਲੀ ਦਿੱਤੀ ਜਾਂਦੀ ਹੈ। ਇਸ ਉਪਰੰਤ ਵਿਅਕਤੀ ਦੇ ਸਾਹ ਪੂਰੇ ਹੋਣ ਦੀ ਸੂਰਤ ਵਿਚ ਉਸਨੂੰ ਮੰਜੀ ਤੋਂ ਉਤਾਰ ਕੇ ਧਰਤੀ 'ਤੇ ਲਿਟਾ ਦਿੱਤਾ

ਜਾਂਦਾ ਹੈ। ਇਸ ਸੰਬੰਧੀ ਕਬੀਲੇ ਵਿਚ ਇਹ ਵਿਸ਼ਵਾਸ ਹੈ ਕਿ ਮੋਏ ਹੋਏ ਵਿਅਕਤੀ ਨੂੰ ਅੰਤ ਵਿਚ ਧਰਤੀ ਮਾਤਾ ਹੀ ਆਪਣੀ ਗੋਦ ਵਿਚ ਲੈਂਦੀ ਹੈ।

2. **ਮੰਜੀ ਤੋਂ ਉਤਾਰਨ ਦੀ ਰਸਮ** : ਬੰਗਾਲਾ ਲੋਕ ਮੌਤ ਤੋਂ ਬਾਅਦ ਮ੍ਰਿਤਕ ਨੂੰ ਮੰਜੀ ਤੋਂ ਹੇਠਾਂ ਉਤਾਰ ਦਿੰਦੇ ਹਨ। ਕਬੀਲੇ ਵਿਚ ਮ੍ਰਿਤਕ ਨੂੰ ਮੰਜੀ 'ਤੇ ਰੱਖਣ ਸੰਬੰਧੀ ਟੈਬੂ ਪ੍ਰਚਲਿਤ ਹੈ। ਇਸ ਲਈ ਆਖਰੀ ਸਾਹ ਛੱਡਦਿਆਂ ਹੀ ਮ੍ਰਿਤਕ ਨੂੰ ਮੰਜੀ ਤੋਂ ਉਤਾਰ ਕੇ ਵਿਧੀਪੂਰਵਕ ਢੰਗ ਨਾਲ ਉਸਦਾ ਸਰੀਰ ਕੱਪੜੇ ਨਾਲ ਢੱਕ ਦਿੱਤਾ ਜਾਂਦਾ ਹੈ। ਕਬੀਲੇ ਵਿਚ ਕਿਸੇ ਵੀ ਮੌਤ ਉਪਰੰਤ ਡੇਰੇ ਦੇ ਲੋਕ ਮੌਤ ਵਾਲੇ ਘਰ ਵਿਹੜੇ ਵਿਚ ਧਰਤੀ 'ਤੇ ਬੈਠ ਕੇ ਸੋਗ ਵਿਅਕਤ ਕਰਦੇ ਹਨ। ਕਬੀਲੇ ਵਿਚ ਮ੍ਰਿਤਕ ਨੂੰ ਮੰਜੀ ਤੋਂ ਇਕਦਮ ਨੀਚੇ ਉਤਾਰਨ ਸੰਬੰਧੀ ਇਹ ਵਿਸ਼ਵਾਸ ਪਾਇਆ ਜਾਂਦਾ ਹੈ ਕਿ ਅਜਿਹਾ ਨਾ ਕਰਨ ਦੀ ਸੂਰਤ ਵਿਚ ਮ੍ਰਿਤਕ ਦੀ ਪਰਲੋਕ ਯਾਤਰਾ ਵਿਚ ਵਿਘਨ ਪੈਂਦਾ ਹੈ।

3. **ਸੋਗ ਪ੍ਰਗਟ ਕਰਨ ਦੀ ਰਸਮ** : ਬੰਗਾਲਾ ਲੋਕ ਕਬੀਲੇ ਵਿਚ ਕੋਈ ਵੀ ਮੌਤ ਹੋਣ ਦੀ ਸੂਰਤ ਵਿਚ ਮੌਤ ਵਾਲੇ ਘਰ ਇਕੱਠੇ ਹੋ ਕੇ ਸੋਗ ਪ੍ਰਗਟ ਕਰਦੇ ਹਨ। ਸੋਗ ਦੀ ਰਸਮ ਵਿਚ ਮ੍ਰਿਤਕ ਦੇ ਚੰਗੇ ਕੰਮਾਂ ਦਾ ਗੁਣਗਾਨ ਕੀਤਾ ਜਾਂਦਾ ਹੈ। ਇਸ ਮੌਕੇ ਮ੍ਰਿਤਕ ਦੇ ਪਰਿਵਾਰ ਦੀਆਂ ਔਰਤਾਂ ਵੈਣ ਪਾ ਕੇ ਸੋਗ ਵਿਅਕਤ ਕਰਦੀਆਂ ਹਨ। ਬੰਗਾਲਾ ਕਬੀਲੇ ਵਿਚ ਕਿਸੇ ਵੀ ਮੌਤ ਦੀ ਸੂਰਤ ਵਿਚ ਚੁੱਲ੍ਹਾ ਠੰਢਾ ਅਤੇ ਦੀਵਾ ਗੁੱਲ ਰੱਖਣ ਦੀ ਰਵਾਇਤ ਪ੍ਰਚੱਲਿਤ ਹੈ। ਸੋਗ ਦੀ ਰਸਮ ਵਿਚ ਕਬੀਲੇ ਦੇ ਬਜ਼ੁਰਗ, ਪਤਵੰਤੇ ਅਤੇ ਪੈਂਚ ਮੌਤ ਦੇ ਸਦੀਵੀ ਸੱਚ ਬਾਰੇ ਉਪਦੇਸ਼ ਦਿੰਦੇ ਹੋਏ ਮ੍ਰਿਤਕ ਦੇ ਪਰਿਵਾਰ ਨੂੰ ਧਰਵਾਸ ਦਿੰਦੇ ਹਨ। ਇਸ ਵਕਤ ਸੰਸਾਰ ਦੀ ਨਾਸਮਾਨਤਾ ਦਾ ਉਚੇਚੇ ਤੌਰ 'ਤੇ ਜ਼ਿਕਰ ਕੀਤਾ ਜਾਂਦਾ ਹੈ। ਸੋਗ ਦੀ ਰਸਮ ਦੇ ਨਾਲ ਨਾਲ ਹੁੱਕੇ-ਪਾਣੀ ਅਤੇ ਬੀੜੀ-ਬੱਤੀ ਦਾ ਦੌਰ ਵੀ ਚਲਦਾ ਰਹਿੰਦਾ ਹੈ।

4. **ਸੰਸਕਾਰ ਜਾਂ ਦਫ਼ਨਾਉਣ ਦੀ ਰਸਮ** : ਬੰਗਾਲਾ ਕਬੀਲੇ ਵਿਚ ਮ੍ਰਿਤਕ ਦਾ ਸੰਸਕਾਰ ਕਰਨ ਦੇ ਨਾਲ-ਨਾਲ ਦਫ਼ਨਾਉਣ ਦੀ ਰੀਤ ਵੀ ਪ੍ਰਚੱਲਿਤ ਹੈ। ਕਬੀਲੇ ਵਿਚ ਬੱਚੇ ਦੀ ਮੌਤ ਹੋਣ ਦੀ ਸੂਰਤ ਵਿਚ ਉਸਨੂੰ ਦਫਨਾਉਣ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਸੰਸਕਾਰ ਦੀ ਰਸਮ ਪੂਰੀ ਕਰਨ ਤੋਂ ਪਹਿਲਾਂ ਪਰਿਵਾਰ, ਡੇਰੇ ਅਤੇ ਮ੍ਰਿਤਕ ਦੇ ਰਿਸ਼ਤੇਦਾਰਾਂ ਵੱਲੋਂ ਕਫ਼ਨ ਤਿਆਰ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਮ੍ਰਿਤਕ ਨੂੰ ਕਬੀਲੇ ਦੀਆਂ ਰਹੁ-ਰੀਤਾਂ ਅਨੁਸਾਰ ਨੁਹਾ ਕੇ ਕਫ਼ਨ ਪਹਿਨਾਇਆ ਜਾਂਦਾ ਹੈ। ਮ੍ਰਿਤਕ 'ਤੇ ਜ਼ਿਆਦਾਤਰ ਗੇਰੂਆ, ਲਾਲ ਅਤੇ ਚਿੱਟਾ ਕੱਪੜਾ ਤਾਣਿਆ ਜਾਂਦਾ ਹੈ। ਕਬੀਲੇ ਵਿਚ ਕੁਆਰੇ ਲੜਕੇ ਜਾਂ ਲੜਕੀ ਦੀ ਮੌਤ ਹੋਣ ਦੀ ਸੂਰਤ ਵਿਚ ਕੁਝ ਵਿਸ਼ੇਸ਼ ਰਸਮਾਂ ਅਦਾ ਕੀਤੀਆਂ ਜਾਂਦੀਆਂ ਹਨ। ਜਵਾਨ ਅਤੇ ਕੁਆਰੇ ਲੜਕੇ ਦੀ ਮੌਤ ਹੋਣ ਦੀ ਸੂਰਤ ਵਿਚ ਉਸਦੇ ਵਿਆਹ ਨਾਲ ਸੰਬੰਧਤ ਸਾਰੇ ਸ਼ਗਨ ਜਿਵੇਂ ਕਿ ਮਹਿੰਦੀ ਲਾਉਣਾ ਅਤੇ ਸਿਹਰਾਬੰਦੀ ਆਦਿ ਕੀਤੇ ਜਾਂਦੇ ਹਨ। ਅਜਿਹਾ ਮ੍ਰਿਤਕ ਦੀ ਆਤਮਾ ਦੀ ਸ਼ਾਂਤੀ ਲਈ ਕੀਤਾ ਜਾਂਦਾ ਹੈ। ਕਬੀਲੇ ਵਿਚ ਕੁਆਰੀ ਲੜਕੀ ਦੀ ਮੌਤ ਨੂੰ ਅਪਸ਼ਗਨ ਸਮਝਿਆ ਜਾਂਦਾ ਹੈ। ਇਸਨੂੰ ਕਬੀਲੇ ਦੇ ਲੋਕ ਸਵੈਮਾਣ ਨਾਲ ਜੋੜ ਕੇ ਵੀ ਵੇਖਦੇ ਹਨ। ਕਬੀਲੇ ਵਿਚ ਕੋਈ ਵੀ ਜਵਾਨ ਮੌਤ ਹੋਣ

ਦੀ ਸੂਰਤ ਵਿਚ ਕਬੀਲੇ ਦੇ ਸਾਧੂ ਸੰਤਾਂ ਦੁਆਰਾ ਕਈ ਕਿਸਮ ਤੇ ਅਹੁੜ-ਪਹੁੜ ਕੀਤੇ ਜਾਂਦੇ ਹਨ। ਅਜਿਹੇ ਕਰਮ ਕਾਂਡ ਮ੍ਰਿਤਕ ਦੀ ਆਤਮਾ ਨੂੰ ਕਾਬੂ ਕਰਨ ਲਈ ਕੀਤੇ ਜਾਂਦੇ ਹਨ ਤਾਂ ਕਿ ਇਹ ਜਿੰਨ ਭੂਤ ਬਣ ਕੇ ਕਿਸੇ ਦਾ ਜਾਨੀ ਨੁਕਸਾਨ ਨਾ ਕਰ ਸਕੇ। ਅੱਜ ਵੀ ਬੰਗਾਲਾ ਕਬੀਲੇ ਦੇ ਕਈ ਲੋਕ ਆਪਣੇ ਮ੍ਰਿਤਕਾਂ ਨੂੰ ਦਫਨਾਉਂਦੇ ਹਨ। ਗੰਗਾ ਨਦੀ ਦੇ ਇਲਾਕਿਆਂ ਦੇ ਨੇੜੇ-ਤੇੜੇ ਵਸਣ ਵਾਲੇ ਬੰਗਾਲੇ ਆਪਣੇ ਮ੍ਰਿਤਕਾਂ ਦੀਆਂ ਦੇਹਾਂ ਵਿਧੀਵਤ ਢੰਗ ਨਾਲ 'ਜਲ ਦੇਵਤਾ' ਨੂੰ ਭੇਟ ਕਰ ਦਿੰਦੇ ਹਨ। ਕਬੀਲੇ ਵਿਚ ਮ੍ਰਿਤਕ ਨੂੰ ਦਫਨਾਉਣ ਸੰਬੰਧੀ ਕੋਈ ਬਹੁਤੇ ਕਰਮ ਕਾਂਡ ਨਹੀਂ ਕੀਤੇ ਜਾਂਦੇ। ਮ੍ਰਿਤਕ ਨੂੰ ਅਗਨੀ ਵੱਡਾ ਪੁੱਤਰ ਭੇਟ ਕਰਦਾ ਹੈ। ਅਰਥੀ ਨੂੰ ਕਬਰਾਂ ਤੱਕ ਲਿਜਾਣ ਤੋਂ ਪਹਿਲਾਂ ਘੜਾ ਭੰਨਣ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਹੋਰ ਕਬੀਲਿਆਂ ਅਤੇ ਜਨਜਾਤੀਆਂ ਵਿਚ ਵੀ ਇਹੀ ਰਸਮ ਪ੍ਰਚਲਿਤ ਹੈ। 'ਘੜਾ ਭੰਨਣ' ਦੀ ਰਸਮ ਤੋਂ ਭਾਵ ਦੇਹ ਦੀ ਛਿੰਨ ਭੰਗਰਤਾ ਨਾਲ ਹੈ।

5. **ਫੁੱਲ ਚੁਗਣ ਦੀ ਰਸਮ** : ਕਬੀਲੇ ਵਿੱਚ ਮ੍ਰਿਤਕ ਦੇ ਸੰਸਕਾਰ ਤੋਂ ਤੀਜੇ ਦਿਨ ਬਾਅਦ ਫੁੱਲ ਚੁਗਣ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਮ੍ਰਿਤਕ ਦੇ ਫੁੱਲ ਕਬੀਲੇ ਦੇ ਸਿਆਣੇ ਬਜ਼ੁਰਗਾਂ ਅਤੇ ਪਰਿਵਾਰ ਵੱਲੋਂ ਚੁਗੇ ਜਾਂਦੇ ਹਨ। ਇਸ ਰਸਮ ਵਿਚ ਮ੍ਰਿਤਕ ਦੇ ਖ਼ਾਸ ਰਿਸ਼ਤੇਦਾਰ ਵੀ ਸ਼ਾਮਲ ਹੁੰਦੇ ਹਨ। ਮ੍ਰਿਤਕ ਦੇ ਫੁੱਲ ਚੁਗ ਕੇ ਇਕ ਥੈਲੀ ਵਿਚ ਪਾ ਲਏ ਜਾਂਦੇ ਹਨ। ਇਨ੍ਹਾਂ ਫੁੱਲਾਂ ਨੂੰ ਫਿਰ ਸ਼ਰਧਾਪੂਰਵਕ ਨੇੜੇ-ਤੇੜੇ ਦੀ ਕਿਸੇ ਨਦੀ ਜਾਂ ਨਹਿਰ ਵਿਚ ਵਹਾ ਦਿੱਤਾ ਜਾਂਦਾ ਹੈ। ਕਈ ਬੰਗਾਲੇ ਇਹ ਫੁਲ ਹਰਿਦੁਆਰ ਵਿਖੇ ਗੰਗਾ ਵਿਚ ਪ੍ਰਵਾਹ ਕਰਨ ਵੀ ਜਾਂਦੇ ਹਨ। ਆਰਥਿਕ ਤੌਰ 'ਤੇ ਕਮਜ਼ੋਰ ਬੰਗਾਲੇ ਇਸ ਰਸਮ ਪ੍ਰਤੀ ਮਨਮਰਜੀ ਦੀਆਂ ਖੁੱਲ੍ਹਾਂ ਲੈਂਦੇ ਹਨ। ਬੰਗਾਲੇ ਲੋਕ ਆਤਮਾ ਅਤੇ ਭੂਤ-ਪ੍ਰੇਤਾਂ ਵਿਚ ਵਿਸ਼ਵਾਸ ਕਰਦੇ ਹਨ। ਇਸ ਲਈ ਮ੍ਰਿਤਕ ਦੀ ਆਤਮਾ ਨੂੰ ਇਹ ਲੋਕ ਅਗਲੇ ਜਹਾਨ ਨਾਲ ਜੋੜਨ ਲਈ ਕਈ ਪ੍ਰਕਾਰ ਦੇ ਤੰਤਰ-ਮੰਤਰ ਵੀ ਕਰਦੇ ਹਨ। ਬੰਗਾਲਿਆਂ ਵਿਚ ਮ੍ਰਿਤਕ ਦੀਆਂ ਅਸਥੀਆਂ ਨੂੰ ਰੋਹੀਆਂ ਅਤੇ ਟਿੱਬਿਆਂ ਵਿਚ ਦਬਾਉਣ ਦੀ ਰਵਾਇਤ ਵੀ ਪ੍ਰਚਲਿਤ ਰਹੀ ਹੈ। ਖਾਨਾਬਦੋਸ਼ ਜੀਵਨ ਬਿਤਾਉਣ ਕਰਕੇ ਇਹ ਪ੍ਰਚਲਣ ਸੁਭਾਵਕ ਹੈ। ਬੰਗਾਲਾ ਲੋਕ ਮ੍ਰਿਤਕ ਦੀ 'ਮੁਕਤੀ ਅਤੇ ਗਤੀ' ਸੰਬੰਧੀ ਵੀ ਕਈ ਕਿਸਮ ਦੀਆਂ ਕਿਰਿਆਵਾਂ ਕਰਦੇ ਹਨ। ਅੱਜ ਵੀ ਬੰਗਾਲਾ ਲੋਕ ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ, ਕਬੀਲਾ ਰੂੜ੍ਹੀਆਂ ਅਤੇ ਪਰੰਪਰਾਵਾਂ ਵਿਚ ਗਹਿਰੀ ਆਸਥਾ ਰੱਖਦੇ ਹਨ। ਇਹ ਸਾਰਾ ਜੀਵਨ ਸਿਧਾਂਤ ਇਨ੍ਹਾਂ ਨੂੰ ਪਿਤਾ ਪੁਰਖੀ ਰਸਮਾਂ-ਰੀਤਾਂ ਅਤੇ ਜੀਵਨ ਦੀ ਖਾਨਾਬਦੋਸ਼ੀ ਵਿਚੋਂ ਪ੍ਰਾਪਤ ਹੋਇਆ ਹੈ।

6. **ਭੋਗ ਦੀ ਰਸਮ** : ਬੰਗਾਲਾ ਕਬੀਲੇ ਵਿਚ ਮ੍ਰਿਤਕ ਦਾ ਭੋਗ ਬਾਰ੍ਹਵੇਂ ਦਿਨ ਪਾਇਆ ਜਾਂਦਾ ਹੈ। ਭੋਗ ਵਾਲੇ ਦਿਨ ਇਹ ਲੋਕ ਵਿਧੀਪੂਰਵਕ ਢੰਗ ਨਾਲ ਧੂਫ ਬੱਤੀ ਲਾ ਕੇ 'ਆਦਿ ਦੇਵਤਾ' ਦੀ ਪੂਜਾ ਕਰਦੇ ਹਨ। ਆਦਿ ਦੇਵਤਾ ਦੀ ਪੂਜਾ ਕਰਨ ਤੋਂ ਬਾਅਦ ਕਬੀਲੇ ਦਾ ਕੋਈ ਮੋਅਤਬਰ ਵਿਅਕਤੀ ਮ੍ਰਿਤਕ ਦਾ ਜਸ ਗਾਇਨ ਕਰਦਾ ਹੋਇਆ ਦੋ ਚਾਰ ਰੂਹਾਨੀ ਉਪਦੇਸ਼ ਦਿੰਦਾ ਹੈ। ਇਸ ਉਪਰੰਤ ਭੋਗ ਵਿਚ ਸ਼ਾਮਲ ਕਬੀਲੇ ਦੇ ਲੋਕ ਉਸਦੀ 'ਹਾਂ' ਵਿਚ 'ਹਾਂ' ਮਿਲਾਉਂਦੇ ਹਨ। ਇਨ੍ਹਾਂ ਉਪਦੇਸ਼ਾਂ ਵਿਚ 'ਭੋਲੇ ਸ਼ੰਕਰ'

ਦਾ ਵਿਸ਼ੇਸ਼ ਤੌਰ 'ਤੇ ਜੱਸ ਗਾਇਨ ਕੀਤਾ ਜਾਂਦਾ ਹੈ। ਇਸ ਤਰ੍ਹਾਂ ਕਬੀਲੇ ਦੇ ਲੋਕ ਮ੍ਰਿਤਕ ਦੀ ਆਤਮਾ ਨੂੰ ਨਤਮਸਤਕ ਹੁੰਦੇ ਹੋਏ ਉਸਨੂੰ ਸ਼ਰਧਾਂਜਲੀ ਦਿੰਦੇ ਹਨ। ਬੰਗਾਲਾ ਕਬੀਲੇ ਦੇ ਲੋਕ ਮ੍ਰਿਤਕ ਨੂੰ 'ਕੋਰੇ ਘੜੇ' ਵਿਚੋਂ 'ਦੱਭ' ਨਾਲ ਪਾਣੀ ਛਿੜਕ ਕੇ ਸ਼ਰਧਾਂਜਲੀ ਦਿੰਦੇ ਹਨ। ਪਾਣੀ ਦੇਣ ਦੀ ਰਸਮ ਕਈ ਹੋਰ ਕਬੀਲਿਆਂ ਵਿਚ ਵੀ ਪ੍ਰਚਲਿਤ ਹੈ। ਬੰਗਾਲਾ ਕਬੀਲੇ ਦੇ ਲੋਕ ਇਹ ਰਸਮ ਪੂਰੀ ਕਰਨ ਲਈ ਕਿਸੇ ਖ਼ਾਸ ਪੁਰੋਹਿਤ ਜਾਂ ਬ੍ਰਾਹਮਣ ਆਦਿ ਨੂੰ ਨਹੀਂ ਸੱਦਦੇ। ਭੋਗ ਦੀ ਸਾਰੀ ਰਸਮ ਕਬੀਲੇ ਦੇ ਸਿਆਣੇ ਵਿਅਕਤੀਆਂ ਅਤੇ ਕਬੀਲਾ ਪੰਚਾਇਤ ਦੁਆਰਾ ਪੂਰੀ ਕੀਤੀ ਜਾਂਦੀ ਹੈ। ਜੇਕਰ ਮਰਨ ਵਾਲਾ ਵਿਅਕਤੀ ਪਰਿਵਾਰ ਦਾ ਮੁਖੀ ਹੋਵੇ ਤਾਂ ਉਸਦੇ ਵੱਡੇ ਪੁੱਤਰ ਨੂੰ ਕਬੀਲੇ ਦੀ ਪੰਚਾਇਤ ਭੋਗ 'ਤੇ ਇਕੱਤਰ ਹੋਏ ਲੋਕਾਂ ਦੀ ਹਾਜ਼ਰੀ ਵਿਚ ਇਕ ਪੱਗ ਅਤੇ ਅਸ਼ੀਰਵਾਦ ਦੇ ਕੇ ਪਰਿਵਾਰ ਦਾ ਮੁਖੀ ਐਲਾਨ ਦਿੰਦੀ ਹੈ। ਪਰਿਵਾਰ ਦਾ ਮੁਖੀ ਬਣਨ ਵਾਲਾ ਵਿਅਕਤੀ ਪਰਿਵਾਰ ਵੱਲੋਂ ਕਬੀਲੇ ਦੀਆਂ ਸਾਰੀਆਂ ਰਸਮਾਂ-ਰੀਤਾਂ ਵਿਚ ਮੁਖੀ ਵਜੋਂ ਸ਼ਾਮਲ ਹੁੰਦਾ ਹੈ। ਭੋਗ ਦੀ ਰਸਮ ਪੂਰੀ ਹੋਣ ਤੋਂ ਬਾਅਦ ਕਬੀਲਾ ਮੁਖੀ ਭੋਗ ਵਿਚ ਸ਼ਾਮਲ ਲੋਕਾਂ ਨੂੰ ਬੇਨਤੀ ਕਰਦਾ ਹੋਇਆ ਸੋਗ ਤੋੜਨ ਦਾ ਐਲਾਨ ਕਰਦਾ ਹੈ ਤੇ ਪਰਿਵਾਰ ਦੇ ਲੋਕਾਂ ਨੂੰ ਫਿਰ ਤੋਂ ਕੰਮ ਕਾਰ ਵਿਚ ਜੁਟਣ ਲਈ ਪ੍ਰੇਰਦਾ ਹੈ। ਇਸ ਤੋਂ ਬਾਅਦ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਈ ਜਾਂਦੀ ਹੈ। ਅਜੋਕੇ ਦੌਰ ਵਿਚ ਕਈ ਸਰਦੇ-ਪੁਜਦੇ ਘਰ 'ਦਾਲ ਰੋਟੀ' ਦਾ ਲੰਗਰ ਵੀ ਵਰਤਾਉਂਦੇ ਹਨ। ਬੰਗਾਲਾ ਕਬੀਲੇ ਦੀਆਂ ਮੌਤ ਨਾਲ ਸੰਬੰਧਤ ਰਸਮਾਂ ਵਿਚ ਕੋਈ ਬਹੁਤ ਉਚੇਚ ਨਹੀਂ ਪਾਇਆ ਜਾਂਦਾ। ਇਹ ਰਸਮਾਂ ਬੜੀਆਂ ਸਾਧਾਰਨ ਢੰਗ ਦੀਆਂ ਹੁੰਦੀਆਂ ਹਨ। ਇਨ੍ਹਾਂ ਵਿਚੋਂ ਕਬੀਲੇ ਦੇ ਵਿਲੱਖਣ ਸਭਿਆਚਾਰ ਅਤੇ ਲੋਕਧਾਰਾ ਨੂੰ ਸਹਿਜੇ ਹੀ ਪੜ੍ਹਿਆ ਜਾ ਸਕਦਾ ਹੈ। ਬੰਗਾਲਾ ਕਬੀਲੇ ਦੇ ਲੋਕ ਆਪਣੇ ਮੋਇਆਂ ਪ੍ਰਤੀ ਗਹਿਰਾ ਭਾਵਨਾਤਮਕ ਲਗਾਓ ਰੱਖਦੇ ਹਨ। ਕਬੀਲੇ ਵਿਚ ਹਰ ਤਿੱਥ-ਤਿਉਹਾਰ 'ਤੇ ਇਨ੍ਹਾਂ ਪੁਰਖਿਆਂ ਨੂੰ ਭੋਗ ਲਵਾ ਕੇ ਮੱਥਾ ਟੇਕਿਆ ਜਾਂਦਾ ਹੈ।

ਬੰਗਾਲਾ ਕਬੀਲੇ ਦਾ ਲੋਕ ਜੀਵਨ

ਬੰਗਾਲਾ ਲੋਕ ਸਾਡੇ ਸਭਿਆਚਾਰ ਵਿਚ ਵਿਸ਼ੇਸ਼ ਮਹੱਤਵ ਰੱਖਦੇ ਹਨ। ਬੰਗਾਲੇ ਆਪਣੇ ਭਗਵੇਂ ਚੋਲੇ, ਬੀਨ, ਪਟਾਰੀ, ਚਿੱਪੀ, ਸੰਖ ਅਤੇ ਸੱਪ ਆਦਿ ਤੋਂ ਬੜੀ ਜਲਦੀ ਪਛਾਣੇ ਜਾ ਸਕਦੇ ਹਨ। ਬੰਗਾਲੇ ਬੀਨ, ਪਟਾਰੀ ਅਤੇ ਸੱਪ ਕਰਕੇ ਲੋਕਾਂ ਲਈ ਵਿਸ਼ੇਸ਼ ਆਕਰਸ਼ਣ ਰੱਖਦੇ ਹਨ। ਕਬੀਲੇ ਦੇ ਬਾਬਾ ਜੋਗਿੰਦਰ ਨਾਥ ਅਨੁਸਾਰ ਮਛੰਦਰ ਨਾਥ ਤੋਂ ਬੰਗਾਲਿਆਂ ਦੀ ਪਰੰਪਰਾ ਦਾ ਮੁੱਢ ਬੱਝਦਾ ਹੈ। ਮਛੰਦਰ ਨਾਥ ਦੇ ਅੱਗੇ ਦੋ ਚੇਲੇ ਹੋਏ ਹਨ, ਜਿਨ੍ਹਾਂ ਵਿੱਚੋਂ ਇਕ 'ਕਾਨੀ ਪਾ ਜੋਗੀ' ਅਤੇ 'ਦੂਜਾ ਗੋਰਖਨਾਥ' ਹੋਇਆ ਹੈ। ਕਾਨੀ ਪਾ ਜੋਗੀ ਭਗਵਾਂ ਚੋਲਾ ਅਤੇ ਕੰਨਾਂ ਵਿਚ ਮੁੰਦਰਾਂ ਪਾ ਕੇ ਰੱਖਦੇ ਹਨ। ਗੋਰਖਨਾਥ ਦੇ ਚੇਲੇ ਜਤੀ-ਸਤੀ ਹੁੰਦੇ ਹਨ। ਇਹ ਲੋਕ ਤੇੜ ਲੰਗੋਟ, ਭਗਵਾਂ ਜਾਂ ਕਾਲਾ ਚੋਲਾ ਅਤੇ ਹੱਥ ਵਿਚ ਚਿਮਟਾ ਰੱਖਦੇ ਹਨ। ਕਾਨੀ ਪਾ ਬਾਬਾ ਅਤੇ ਗੋਰਖਨਾਥ ਦੋਵੇਂ ਆਪਸ ਵਿਚ ਗੁਰਭਾਈ ਅਤੇ ਮਛੰਦਰ ਨਾਥ ਦੇ ਚੇਲੇ ਹਨ। ਗੁਰੂ ਮਛੰਦਰ ਨਾਥ ਤੋਂ ਬਾਅਦ ਇਨ੍ਹਾਂ ਦੋਵੇਂ ਨਾਥਾਂ

ਨੇ ਆਪਣੀ ਵੱਖਰੀ ਸ਼ਾਖਾ ਚਲਾਈ। ਕਾਨੀ ਪਾ ਨਾਥ ਨੂੰ ਸਾਧ ਸੇਵਾ ਵਿਚ ਉੱਚਾ ਰੁਤਬਾ ਪ੍ਰਾਪਤ ਹੈ। ਇਸਦੇ ਚੇਲਿਆਂ ਲਈ ਸੱਪ ਅਤੇ ਬੀਨ ਜ਼ਰੂਰੀ ਹੁੰਦੀ ਹੈ ਅਤੇ ਇਹ ਲੋਕ ਵਿਆਹ ਕਰਵਾਕੇ ਗ੍ਰਹਿਸਥੀ ਜੀਵਨ ਬਤੀਤ ਕਰ ਸਕਦੇ ਹਨ। ਇਸੇ ਸੰਬੰਧ ਵਿਚ ਗੋਰਖਨਾਥ ਦਾ ਵਿਦਿਆ ਅਤੇ ਗਿਆਨ ਵਿਚ ਉੱਚਾ ਥਾਂ ਹੈ। ਇਨ੍ਹਾਂ ਨਾਥਾਂ ਦੀ 'ਕਮੰਡਲ' ਅਤੇ 'ਚਿਮਟਾ' ਵਿਸੇਸ਼ ਪਛਾਣ ਹੈ। ਗੋਰਖਨਾਥ ਦੇ ਚੇਲਿਆਂ ਲਈ ਵਿਆਹ ਅਤੇ ਗ੍ਰਹਿਸਥੀ ਜੀਵਨ ਵਰਜਿਤ ਹੈ। ਨਾਥਾਂ ਦੇ ਮੌਖਿਕ ਵੇਰਵਿਆਂ ਅਨੁਸਾਰ ਕਾਨੀ ਪਾ ਨਾਥ ਉਮਰ ਵਿਚ ਗੁਰੂ ਗੋਰਖ ਨਾਥ ਤੋਂ ਵੱਡਾ ਸੀ। ਬੰਗਾਲੇ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਵੱਸੇ ਹੋਏ ਹਨ। ਪੰਜਾਬ ਵਿਚ ਇਹ ਲੋਕ ਵਿਸ਼ੇਸ਼ ਕਰਕੇ ਧੂਰੀ, ਭਵਾਨੀਗੜ੍ਹ, ਸਮਾਣਾ, ਚੀਕਾ ਅਤੇ ਰੋਪੜ ਵਿਚ ਵਸੇ ਹੋਏ ਹਨ। ਇਹ ਡੇਰੇ ਪੰਨੀਆਲ ਨਾਥਾਂ ਦੇ ਹਨ। ਬੰਗਾਲੇ ਕਿਸੇ ਵੀ ਸੱਪ ਨੂੰ ਫੜਨ ਲੱਗਿਆਂ ਉਸਨੂੰ ਨਿਸਚਿਤ ਸਮੇਂ ਦੇ ਅੰਦਰ-ਅੰਦਰ ਛੱਡਣ ਦਾ ਅਹਿਦ ਲੈਂਦੇ ਹਨ। ਦਮੂੰਹੀ ਨੂੰ ਇਹ ਇਕ ਮਹੀਨੇ ਬਾਅਦ ਛੱਡ ਦਿੰਦੇ ਹਨ। ਜੇਕਰ ਇਨ੍ਹਾਂ ਨੇ ਕੋਈ ਫਨੀਅਰ ਨਾਗ ਦਾ ਜੋੜਾ ਫੜਿਆ ਹੋਵੇ ਤਾਂ ਉਸਨੂੰ ਦੋ ਮਹੀਨੇ ਬਾਅਦ ਛੱਡਣਾ ਪੈਂਦਾ ਹੈ। ਬੰਗਾਲਿਆਂ ਅਨੁਸਾਰ ਸੱਪਾਂ ਦੀਆਂ ਮੁੱਖ ਕਿਸਮਾਂ ਕੋਬਰਾ, ਪਦਮ, ਸੰਖਚੂੜ, ਘੋੜਾਪਛਾੜੀ ਅਤੇ ਚਿੱਤਕੌਡੀਆ ਹਨ। ਕਬੀਲੇ ਦੇ ਨਾਥਾਂ ਵਿੱਚ ਸੱਪਾਂ ਬਾਰੇ ਵੱਖ-ਵੱਖ ਦੰਤ-ਕਥਾਵਾਂ ਅਤੇ ਅੰਧ-ਵਿਸ਼ਵਾਸ ਪਾਏ ਜਾਂਦੇ ਹਨ।

ਰਾਮ ਬਸਤੀ ਸਮਾਣਾ ਦੇ ਬਾਬਾ ਮਹਿੰਦਰ ਨਾਥ ਅਨੁਸਾਰ, 'ਬਾਸ਼ਕ ਨਾਗ' ਦੀ ਇਕ ਕਿਸਮ ਹਿਮਾਚਲ ਵਿਚ ਵੀ ਪਾਈ ਜਾਂਦੀ ਹੈ। ਇਹ ਇਕ ਇੱਛਾਧਾਰੀ ਸੱਪ ਹੈ। ਇਹ ਸੱਪ ਬਹੁਤ ਜ਼ਹਿਰੀਲਾ ਅਤੇ ਮਨੀਧਾਰੀ ਹੁੰਦਾ ਹੈ। ਇਸ ਸੱਪ ਸੰਬੰਧੀ ਇਹ ਵਿਸ਼ਵਾਸ ਪ੍ਰਚੱਲਿਤ ਹੈ ਕਿ ਇਹ ਨਾਗ ਸੌ ਸਾਲ ਤੋਂ ਬਾਅਦ ਦੇਵਤਾ ਬਣ ਜਾਂਦਾ ਹੈ। ਇਸ ਤਰ੍ਹਾਂ ਇਹ ਥਾਂ ਹੌਲ਼ੀ-ਹੌਲ਼ੀ ਪੂਜਾ ਸਥਲ ਵਿਚ ਬਦਲ ਜਾਂਦੀ ਹੈ। ਇਹ ਸੱਪ ਪਹਿਲ ਪਲੇਠੇ ਬੱਚੇ ਅਤੇ ਸੰਬੰਧਿਤ ਸਥਾਨ ਦੇ ਸੇਵਾਦਾਰ ਨੂੰ ਨਜ਼ਰੀਂ ਪੈਂਦਾ ਹੈ। ਬੰਗਾਲਾ ਕਬੀਲੇ ਦੇ ਸਿਆਣੇ ਮਾਂਦਰੀਆਂ ਅਨੁਸਾਰ ਉਨ੍ਹਾਂ ਦੇ ਵੱਡ-ਵਡੇਰੇ ਸੱਪਾਂ ਦੇ ਜ਼ਹਿਰ ਦੇ ਇਲਾਜ ਲਈ 'ਨਾਗਦੌਣ ਬੂਟੀ' ਦਾ ਇਸਤੇਮਾਲ ਕਰਦੇ ਸਨ। ਇਹ ਬੂਟੀ ਜ਼ਿਆਦਾਤਰ ਜੰਗਲਾਂ ਵਿਚ ਮਿਲਦੀ ਹੈ ਅਤੇ ਇਸਦੀ ਇਕ ਪਛਾਣ ਇਹ ਹੈ ਕਿ ਇਹ ਬੂਟੀ ਨਾਗ ਵਾਂਗ ਵਲ਼ ਖਾ ਕੇ ਬਿਰਖਾਂ 'ਤੇ ਚੜ੍ਹੀ ਹੁੰਦੀ ਹੈ। ਇਸ ਬੂਟੀ ਵਿਚ ਸੱਪਾਂ ਦੀ ਜ਼ਹਿਰ ਮਾਰਨ ਦੀ ਚਮਤਕਾਰੀ ਸ਼ਕਤੀ ਹੈ। ਇਸ ਬੂਟੀ ਦੀ ਪਛਾਣ ਕਰਨਾ ਹਰ ਇਕ ਦੇ ਵੱਸ ਦੀ ਗੱਲ ਨਹੀਂ ਹੈ। ਇਸਦੀ ਪਛਾਣ ਕੇਵਲ ਪਹੁੰਚੇ ਹੋਏ ਤੇਜਸਵੀ ਨਾਥ ਹੀ ਕਰ ਸਕਦੇ ਹਨ। ਇਸ ਤੋਂ ਇਲਾਵਾ ਕਬੀਲੇ ਦੇ ਨਾਥਾਂ ਲਈ ਮਣਕਾ ਬੜੀ ਮਹੱਤਵਪੂਰਨ ਚੀਜ਼ ਹੈ। ਬੰਗਾਲਾ ਲੋਕ ਆਦਿ ਕਾਲ ਤੋਂ ਹੀ ਸੱਪ ਦੇ ਡੰਗੇ ਹੋਏ ਦਾ ਇਲਾਜ ਮਣਕਾ ਲਾਉਣ ਦੀ ਵਿਧੀ ਰਾਹੀਂ ਕਰਦੇ ਆਏ ਹਨ। ਮਣਕੇ ਦੀ ਉਤਪਤੀ ਪਹਾੜੀ ਬੱਕਰੇ ਦੀ ਜ਼ਹਿਰੀਲੀ ਝੱਗ ਤੋਂ ਹੁੰਦੀ ਹੈ। ਕਬੀਲੇ ਦੇ ਨਾਥਾਂ ਅਨੁਸਾਰ ਪਹਾੜੀ ਬੱਕਰਾ ਜਦੋਂ ਸੱਪ ਆਦਿ ਖਾ ਕੇ ਜੁਗਾਲੀ ਕਰਦਾ ਹੈ ਤਾਂ ਉਸਦੀ ਧਰਤੀ 'ਤੇ ਗਿਰੀ ਝੱਗ ਵਿਚੋਂ ਮਣਕੇ ਦੀ ਉਤਪਤੀ ਹੁੰਦੀ ਹੈ। ਕਬੀਲੇ

ਦੇ ਇਕ ਵਿਸ਼ਵਾਸ ਅਨੁਸਾਰ ਇਹ ਬੱਕਰਾ ਇੱਛਾਧਾਰੀ ਹੁੰਦਾ ਹੈ ਤੇ ਲੋੜ ਅਨੁਸਾਰ ਆਪਣੀ ਦੇਹ ਪਲਟ ਲੈਂਦਾ ਹੈ। ਨਾਥਾਂ ਅਨੁਸਾਰ 'ਪਦਮ' ਅਤੇ 'ਸੰਖਚੂੜ' ਸਭ ਤੋਂ ਖਤਰਨਾਕ ਸੱਪ ਹਨ। ਇਨ੍ਹਾਂ ਵਿਚੋਂ ਪਦਮ ਦੀ ਸਿਰੀ 'ਤੇ 'ਗਊ ਦੇ ਖੁਰ' ਦੀ ਪੈੜ ਬਣੀ ਹੁੰਦੀ ਹੈ। ਇਨ੍ਹਾਂ ਵਿਚੋਂ 'ਸੰਖਚੂੜ' ਸਿੱਧਾ ਗਰਦਨ 'ਤੇ ਵਾਰ ਕਰਦਾ ਹੈ। ਨਾਗ ਦੇਵਤਾ ਦੇ ਸਤਿਕਾਰ ਵਜੋਂ ਬੰਗਾਲੇ ਬਾਗੜ ਦੀ ਗੁਗਾਮਾੜੀ ਦੀ ਵਿਸ਼ੇਸ਼ ਤੌਰ 'ਤੇ ਮਾਨਤਾ ਕਰਦੇ ਹਨ। ਇਹ ਲੋਕ 'ਨਾਗ ਲੋਕ' ਵਿਚ ਦਿਲਚਸਪੀ ਰੱਖਣ ਵਾਲੇ ਬਾਲਕ ਦੇ ਕੰਨਾਂ ਨੂੰ ਬਾਰ੍ਹਾਂ-ਤੇਰ੍ਹਾਂ ਸਾਲ ਦੀ ਉਮਰ ਵਿਚ ਚੀਰਾ ਦੇ ਦਿੰਦੇ ਹਨ। ਇਹ ਲੋਕ ਪੁਰਾਣੇ ਸਮਿਆਂ ਵਿਚ ਆਪਣੀਆਂ ਲੜਕੀਆਂ ਨੂੰ ਦਾਜ ਵਜੋਂ 'ਸਰਾਲ' ਵੀ ਦਿੰਦੇ ਸਨ। ਨਾਥਾਂ ਦੀਆਂ ਸਿਆਣੀ ਉਮਰ ਦੀਆਂ ਔਰਤਾਂ ਵੀ ਗਜ਼ਾ ਕਰਦੀਆਂ ਹਨ। ਬੰਗਾਲਾ ਲੋਕ ਆਪਣੀ ਬੀਨ ਕੱਦੂ, ਲੱਕੜ ਦੀਆਂ ਨਲੀਆਂ ਅਤੇ ਸ਼ਹਿਦ ਦੀ ਮੋਮ ਨਾਲ ਤਿਆਰ ਕਰਦੇ ਹਨ। ਕਬੀਲੇ ਦੀਆਂ ਜਵਾਨ ਔਰਤਾਂ ਅਤੇ ਲੜਕੀਆਂ ਘਰੇਲੂ ਕੰਮ-ਕਾਰ ਵਿਚ ਲੱਗੀਆਂ ਰਹਿੰਦੀਆਂ ਹਨ। ਕਬੀਲੇ ਦਾ ਆਪਣਾ ਹੀ ਇਕ ਪ੍ਰਭਾਵਸ਼ਾਲੀ ਨਿਆਂ ਪ੍ਰਬੰਧ ਹੈ। ਪੰਚਾਇਤ ਦੇ ਮੁਖੀ ਨੂੰ ਪੈਂਚ ਆਖਿਆ ਜਾਂਦਾ ਹੈ। ਕਬੀਲੇ ਦੇ ਸਾਰੇ ਫੈਸਲੇ ਕਬੀਲਾ ਪੰਚਾਇਤ ਦੁਆਰਾ ਹੀ ਨਬੇੜੇ ਜਾਂਦੇ ਹਨ। ਕਬੀਲੇ ਦੇ ਜ਼ਿਆਦਾਤਰ ਫੈਸਲੇ ਦੰਡ ਵਿਧਾਨ ਰਾਹੀਂ ਪੂਰ ਚੜ੍ਹਦੇ ਹਨ। ਕਬੀਲੇ ਦੇ ਲੋਕ ਪਹਿਲਾਂ ਆਪਣੇ ਬਾਲਾਂ ਦੇ ਵਿਆਹ ਬਚਪਨ ਵਿਚ ਹੀ ਤੈਅ ਕਰ ਦਿੰਦੇ ਸਨ। ਹੁਣ ਇਹ ਉਮਰ ਅਠਾਰ੍ਹਾਂ ਤੋਂ ਵੀਹ ਸਾਲ ਤੱਕ ਚਲੀ ਗਈ ਹੈ। ਕਬੀਲੇ ਦੇ ਲੋਕ ਆਪਣੇ ਮੋਇਆਂ ਦੇ 'ਫੁਲ' ਅੱਜਕੱਲ੍ਹ ਗੜ੍ਹੀ ਸਾਹਿਬ ਅਤੇ ਭਾਖੜਾ ਨਹਿਰ ਵਿਚ ਪਰਵਾਹ ਕਰ ਦਿੰਦੇ ਹਨ ਪਰੰਤੂ ਪੂਰੇ ਨਾਥ ਦੇ ਫੁੱਲ ਹਰਿਦੁਆਰ ਲਿਜਾਏ ਜਾਂਦੇ ਹਨ। ਕਬੀਲੇ ਵਿਚ ਪੂਰੇ ਨਾਥ ਨੂੰ ਦਫ਼ਨਾਉਣ ਦੀ ਰੀਤ ਵੀ ਪ੍ਰਚੱਲਿਤ ਹੈ। ਅੱਜ ਬਦਲਦੀਆਂ ਸਮਾਜਿਕ ਅਤੇ ਆਰਥਿਕ ਪਰਿਸਥਿਤੀਆਂ ਵਿਚ ਬੰਗਾਲਾ ਕਬੀਲਾ ਰੋਜ਼ੀ-ਰੋਟੀ ਲਈ ਤਰਸ ਰਿਹਾ ਹੈ। ਜੰਗਲੀ ਜੀਵਾਂ ਦੀ ਸੁਰੱਖਿਆ ਸੰਬੰਧੀ ਐਕਟਾਂ ਅਤੇ ਮਨੋਰੰਜਨ ਦੇ ਨਵੇਂ ਸਾਧਨਾਂ ਨੇ ਇਨ੍ਹਾਂ ਦਾ ਬੀਨ ਅਤੇ ਸੱਪ ਵਾਲਾ ਧੰਦਾ ਖਤਮ ਕਰ ਦਿੱਤਾ ਹੈ। ਅਜੋਕੇ ਦੌਰ ਵਿਚ ਇਹ ਲੋਕ ਨਿਮਨ ਪ੍ਰਕਾਰ ਦੀ ਮਜ਼ਦੂਰੀ ਜਿਵੇਂ ਕਿ ਕਬਾੜ ਖਰੀਦਣਾ, ਫੇਰੀ ਲਾਉਣਾ ਅਤੇ ਦਿਹਾੜੀ-ਦੱਪਾ ਕਰਕੇ ਆਪਣਾ ਗੁਜ਼ਾਰਾ ਕਰ ਰਹੇ ਹਨ।

ਬੰਗਾਲਾ ਕਬੀਲਾ ਜੰਗਲਾਂ ਬੀਆਬਾਨਾਂ ਅਤੇ ਰੋਹੀਆਂ ਵਿਚ ਖਾਨਾਬਦੋਸ਼ ਜੀਵਨ ਬਿਤਾਉਂਦਾ ਰਿਹਾ ਹੈ ਜਿਸ ਕਰਕੇ ਇਹ ਲੋਕ ਅਣਹੋਇਆਂ ਵਾਲਾ ਅਤੇ ਹਾਸ਼ੀਆਕ੍ਰਿਤ ਜੀਵਨ ਜੀਉਂਦੇ ਆਏ ਹਨ। ਜੰਗਲ ਇਨ੍ਹਾਂ ਲੋਕਾਂ ਦੇ ਜੀਵਨ ਨਿਰਬਾਹ ਅਤੇ ਆਸਥਾ ਦਾ ਕੇਂਦਰ ਹੈ। ਜੰਗਲਾਂ ਨੂੰ ਇਹ ਲੋਕ ਆਪਣਾ ਦੂਜਾ ਘਰ ਸਮਝਦੇ ਹਨ। ਇਸਦਾ ਮੁੱਖ ਕਾਰਨ ਇਹ ਹੈ ਕਿ ਇਨ੍ਹਾਂ ਲੋਕਾਂ ਨੂੰ ਆਪਣੀਆਂ ਲੋੜਾਂ ਦੀ ਬਹੁਤੀ ਸਾਮੱਗਰੀ ਜੰਗਲ ਵਿਚੋਂ ਹੀ ਪ੍ਰਾਪਤ ਹੁੰਦੀ ਹੈ। ਸੱਪ, ਸਰਾਲ, ਗਿੱਦੜਸਿੰਗੀ, ਜੰਗਲੀ ਸੂਰ, ਗੋਹ ਅਤੇ ਸੇਹਾ ਆਦਿ ਜੀਵਨ ਇਨ੍ਹਾਂ ਨੂੰ ਜੰਗਲਾਂ ਵਿਚੋਂ ਹੀ ਪ੍ਰਾਪਤ ਹੁੰਦੇ ਹਨ। ਬੰਗਾਲਾ ਲੋਕਾਂ ਦੇ ਜੀਵਨ ਦਾ ਜ਼ਿਆਦਾਤਰ ਹਿੱਸਾ ਸੰਘਰਸ਼ਪੂਰਨ ਅਤੇ ਵੰਗਾਰ ਭਰਿਆ ਹੁੰਦਾ ਹੈ। ਆਦਿ ਕਾਲ ਤੋਂ ਹੀ ਘੁਮੰਤੂ ਅਵਸਥਾ ਵਿਚ ਰਹਿਣ ਕਾਰਨ ਹੁਣ ਇਹ ਲੋਕ ਇਸ ਜੀਵਨ ਦੇ ਆਦੀ ਹੋ

ਗਏ ਹਨ। ਬੰਗਾਲਾ ਲੋਕ ਆਪਣਾ ਪਿਛੋਕੜ ਰਾਜਪੂਤ ਕਬੀਲਿਆਂ ਨਾਲ ਜੋੜਦੇ ਹਨ। ਭਾਰਤ ਅਤੇ ਪੰਜਾਬ ਦੇ ਹੋਰ ਕਬੀਲਿਆਂ ਵਿਚ ਵੀ ਇਹੀ ਧਾਰਨਾ ਪਾਈ ਜਾਂਦੀ ਹੈ। ਜੇਕਰ ਕਬੀਲਿਆਂ ਸੰਬੰਧੀ ਤੁਲਨਾਤਮਕ ਅਧਿਐਨ ਕੀਤਾ ਜਾਵੇ ਤਾਂ ਬਹੁਤੇ ਕਬੀਲਿਆਂ ਵਿਚ ਇਹ ਸਾਂਝਾ ਸੂਤਰ ਮਿਲਦਾ ਹੈ। ਇਸ ਤੋਂ ਇਲਾਵਾ ਬੰਗਾਲੇ ਸ਼ਿਵਜੀ, ਗੂਗਾ ਪੀਰ, ਪਾਰਵਤੀ, ਬ੍ਰਹਮਾ, ਵਿਸ਼ਨੂੰ, ਮਹੇਸ਼ ਅਤੇ ਦੇਵੀਆਂ ਵਿਚ ਵਿਸ਼ਵਾਸ ਰੱਖਦੇ ਹਨ। ਇਹ ਲੋਕ ਮਹਾਕਾਲੀ, ਨੈਣਾ ਦੇਵੀ, ਜਵਾਲਾ ਜੀ, ਚਿੰਤਪੁਰਨੀ ਅਤੇ ਕਾਂਗੜਾ ਵਿਖੇ 'ਆਦਿ ਦੇਵੀ' ਨੂੰ ਵੀ ਪੂਜਦੇ ਹਨ।[2]

ਗੂਗਾ ਪੀਰ ਦੀ ਮਾਨਤਾ : ਬੰਗਾਲੇ ਲੋਕ ਨਾਗਲੋਕ ਨਾਲ ਸੰਬੰਧਤ ਹੋਣ ਕਰਕੇ ਗੂਗਾ ਪੀਰ ਦੀ ਖ਼ਾਸ ਮਾਨਤਾ ਕਰਦੇ ਹਨ। ਇਸ ਸੰਬੰਧੀ ਬੰਗਾਲਾ ਕਬੀਲੇ ਦੇ ਲੋਕ ਗੂਗਾ ਪੀਰ ਦੇ ਰਾਜਸਥਾਨ ਵਿਖੇ ਮੁੱਖ ਸਥਾਨ 'ਤੇ ਸਾਵਣ ਦੇ ਮਹੀਨੇ ਭਰਨ ਵਾਲੇ ਮੇਲੇ ਵਿਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਦੇ ਹਨ। ਇਸ ਸਥਾਨ 'ਤੇ ਪੂਰੇ ਭਾਰਤ ਵਿਚੋਂ ਬੰਗਾਲੇ ਗੂਗਾ ਪੀਰ ਤੋਂ ਆਸ਼ੀਰਵਾਦ ਲੈਣ ਆਉਂਦੇ ਹਨ। ਬੰਗਾਲੇ ਗੂਗਾ ਪੀਰ ਦੇ ਸਥਾਨ 'ਤੇ 'ਆਟੇ ਦੀਆਂ ਸੇਵੀਆਂ' ਅਤੇ 'ਦੁੱਧ ਦਾ ਪ੍ਰਸ਼ਾਦ' ਚੜ੍ਹਾ ਕੇ ਮੱਥਾ ਟੇਕਦੇ ਹਨ। ਇਨ੍ਹਾਂ ਲੋਕਾਂ ਦੀ ਗੂਗਾ ਪੀਰ ਵਿਚ ਗਹਿਰੀ ਆਸਥਾ ਹੈ। ਇਨ੍ਹਾਂ ਲੋਕਾਂ ਦਾ ਵਿਸ਼ਵਾਸ ਹੈ ਕਿ ਇਨ੍ਹਾਂ ਲੋਕਾਂ ਨੂੰ ਸੱਪਾਂ ਦੀ ਜ਼ਹਿਰ ਅਤੇ ਹੋਰ ਜ਼ਹਿਰੀਲੇ ਜਾਨਵਰਾਂ ਤੋਂ ਗੂਗਾ ਪੀਰ ਹੀ ਬਚਾਉਂਦਾ ਹੈ। ਬੰਗਾਲੇ ਗੂਗਾ ਪੀਰ ਨੂੰ ਆਪਣੇ ਨਾਲ-ਨਾਲ ਹਮੇਸ਼ਾ ਹੀ ਸਹਾਈ ਸਮਝਦੇ ਹਨ। ਗੂਗਾ ਪੀਰ ਦਾ ਮੇਲਾ ਪੂਰੇ ਸਾਵਣ ਦੇ ਮਹੀਨੇ ਤੱਕ ਚਲਦਾ ਰਹਿੰਦਾ ਹੈ। ਬੰਗਾਲੇ ਇਸ ਮੇਲੇ 'ਤੇ ਸੁੱਖਾਂ ਸੁਖਦੇ, ਚੌਕੀਆਂ ਭਰਦੇ ਅਤੇ ਹਰੇ ਝੰਡਿਆਂ ਨਾਲ ਪੀਰ ਨੂੰ ਸਲਾਮੀ ਦਿੰਦੇ ਹਨ। ਕੁਝ ਬੰਗਾਲੇ ਗੂਗਾ ਪੀਰ ਦੇ ਨਾਂ 'ਤੇ ਗਲੀ-ਮੁਹੱਲਿਆਂ ਅਤੇ ਕਸਬਿਆਂ ਵਿਚ ਘੁੰਮ-ਫਿਰ ਕੇ ਨਿਰੰਤਰ ਗਜ਼ਾ ਕਰਦੇ ਹਨ। ਇਹ ਲੋਕ ਪੀਰ ਦੇ ਨਾਂ 'ਤੇ ਬਣੇ ਵੱਖ-ਵੱਖ ਸਥਾਨਾਂ 'ਤੇ ਦੀਵੇ ਬਾਲ ਕੇ ਅਤੇ ਪ੍ਰਸ਼ਾਦ ਚੜ੍ਹਾ ਕੇ ਆਪਣੀ ਆਸਥਾ ਦਾ ਪ੍ਰਗਟਾਵਾ ਕਰਦੇ ਹਨ।

'ਸ਼ਿਵਜੀ' ਬੰਗਾਲਾ ਕਬੀਲੇ ਦਾ ਮੁੱਖ ਦੇਵਤਾ ਹੈ। ਬੰਗਾਲੇ ਆਦਿ ਕਾਲ ਤੋਂ ਹੀ ਸ਼ਿਵਜੀ ਦੇ ਭਗਤ ਹਨ। ਹਰ ਇਕ ਬੰਗਾਲਾ ਡੇਰੇ ਵਿਚ ਉੱਚੀ ਥਾਂ 'ਤੇ ਨਾਥਾਂ ਦਾ ਪੂਜਾ ਸਥਲ ਬਣਾਇਆ ਜਾਂਦਾ ਹੈ ਜਿੱਥੇ ਬੰਗਾਲੇ ਧੂਫ਼ ਬੱਤੀ ਲਾ ਕੇ ਸ਼ਿਵਜੀ ਦੀ ਪੂਜਾ ਕਰਦੇ ਹਨ। ਬੰਗਾਲੇ ਸ਼ਿਵਜੀ ਦੀ ਉਸਤਤ ਵਿਚ ਭਜਨ-ਬੰਦਗੀ, ਸ਼ਿਵ ਪੁਰਾਣ ਦਾ ਵਿਖਿਆਨ ਅਤੇ ਉਚੇਚੇ ਤੌਰ 'ਤੇ ਦੀਵੇ ਬਾਲ ਕੇ ਅਰਾਧਨਾ ਕਰਦੇ ਹਨ। ਬੰਗਾਲਾ ਕਬੀਲੇ ਦੇ ਲੋਕ ਸ਼ਿਵਜੀ ਦੇ ਜਸਕੀਰਤ ਲਈ ਇਹ ਕਥਾ ਵਾਰ-ਵਾਰ ਦੁਹਰਾਉਂਦੇ ਹਨ :

"ਸ਼ਿਵਜੀ ਨੇ ਸਾਰੀ ਦੁਨੀਆ ਨੂੰ ਜ਼ਹਿਰ ਦੀ ਮਾਰ ਤੋਂ ਬਚਾਉਣ ਲਈ ਖ਼ੁਦ ਜ਼ਹਿਰ ਪੀ ਲਿਆ ਸੀ ਜਿਸ ਉਪਰੰਤ ਉਨ੍ਹਾਂ ਦਾ ਸਾਰਾ ਸਰੀਰ ਨੀਲਾ ਹੋ ਗਿਆ ਸੀ। ਆਪਣੇ ਨੀਲੇ ਸਰੀਰ ਕਾਰਨ ਸ਼ਿਵ ਭੋਲੇ 'ਨੀਲ ਕੰਠ' ਅਖਵਾਏ। ਇਸ ਤਰ੍ਹਾਂ ਉਨ੍ਹਾਂ ਨੇ ਸਾਰੀ ਲੋਕਾਈ ਦੇ ਹਿੱਸੇ ਦਾ ਜ਼ਹਿਰ ਪੀ ਕੇ ਸਾਰੀ ਸ੍ਰਿਸ਼ਟੀ ਨੂੰ ਜ਼ਹਿਰ ਤੋਂ ਬਚਾ ਲਿਆ।" ਇਸ ਤਰ੍ਹਾਂ ਬੰਗਾਲਾ ਲੋਕ ਅੱਜ ਵੀ ਇਹ ਵਿਸ਼ਵਾਸ ਕਰਦੇ ਹਨ ਕਿ ਸ਼ਿਵਜੀ ਦਾ ਆਸ਼ੀਰਵਾਦ

ਹੀ ਉਨ੍ਹਾਂ ਨੂੰ ਖਤਰਨਾਕ ਨਾਗਾਂ ਦੀ ਜ਼ਹਿਰ ਤੋਂ ਬਚਾਉਂਦਾ ਹੈ। ਇਨ੍ਹਾਂ ਵਿੱਚੋਂ ਕਈ ਬੰਗਾਲੇ ਆਪਣੇ ਆਪ ਨੂੰ 'ਸ਼ਿਵਜੀ ਪਾਰਵਤੀ' ਦੇ ਵੰਸ਼ ਵਿਚੋਂ ਮੰਨਦੇ ਹਨ। ਇਸ ਤੋਂ ਇਲਾਵਾ ਬੰਗਾਲੇ 'ਨੌਂ ਨਾਥਾਂ' ਦੀ ਪੂਜਾ ਕਰਦੇ ਹਨ। ਬੰਗਾਲਾ ਕਬੀਲੇ ਦੇ ਲੋਕ ਨਾਥ ਪਰੰਪਰਾ ਦੀਆਂ ਵੱਖਰੀਆਂ-ਵੱਖਰੀਆਂ ਸ਼ਾਖਾਵਾਂ ਨਾਲ ਜੁੜੇ ਹੋਏ ਹਨ। ਇਨ੍ਹਾਂ ਵਿਚੋਂ ਗੁਰੂ ਗੋਰਖ ਨਾਥ ਅਤੇ ਬਾਬਾ ਬਾਲਕ ਨਾਥ ਦੀ ਪਰੰਪਰਾ ਦੇ ਬੰਗਾਲੇ ਜ਼ਿਆਦਾ ਪ੍ਰਭਾਵੀ ਹਨ। ਇਨ੍ਹਾਂ ਵਿਚ ਧਾਰਮਿਕ ਅਨੁਸ਼ਠਾਨਾਂ ਅਤੇ ਕਰਮਕਾਂਡਾਂ ਪ੍ਰਤੀ ਵੀ ਵੱਖਰੀਆਂ-ਵੱਖਰੀਆਂ ਰਸਮਾਂ ਵੇਖਣ ਨੂੰ ਮਿਲਦੀਆਂ ਹਨ। ਪੰਜਾਬ ਦੇ ਬੰਗਾਲੇ ਨਾਥ ਪਰੰਪਰਾ ਦੁਆਰਾ ਇਕ ਸਾਂਝੇ ਸੂਤਰ ਵਿਚ ਬੰਨ੍ਹੇ ਹੋਏ ਹਨ ਪਰੰਤੂ ਗੁਰੂ ਸ਼ਿਸ਼ ਪਰੰਪਰਾ ਦੇ ਅਹਿਦ ਰਾਹੀਂ ਇਹ ਲੋਕ ਇਕ ਖ਼ਾਸ ਅਕੀਦੇ ਵਿਚ ਬੰਨ੍ਹੇ ਹੋਏ ਹਨ। ਬੰਗਾਲੇ ਆਪਣੇ ਹਰ ਇਕ ਤਿੱਥ ਤਿਉਹਾਰ ਮੌਕੇ ਸ਼ਿਵ ਭੋਲੇ ਅਤੇ ਪਾਰਵਤੀ ਦੇ ਜੀਵਨ ਕਾਲ ਨਾਲ ਸੰਬੰਧਤ ਸਾਖੀਆਂ ਦੇ ਹਵਾਲੇ ਅਤੇ ਉਦਾਹਰਣਾਂ ਵੀ ਦਿੰਦੇ ਹਨ। ਅੱਜ ਵੀ ਬਗਾਲਿਆਂ ਦਾ ਲੋਕ ਜੀਵਨ ਜ਼ਿਆਦਾਤਰ ਫਿਰਤੂ ਪਰੰਪਰਾ ਨਾਲ ਜੁੜਿਆ ਹੋਇਆ ਹੈ। ਅਜੋਕੇ ਦੌਰ ਵਿਚ ਜੰਗਲੀ ਜੀਵਾਂ ਅਤੇ ਵਣਾਂ ਦੀ ਸੁਰੱਖਿਆ ਸੰਬੰਧੀ ਵੱਖ-ਵੱਖ ਐਕਟ ਪਾਸ ਹੋਣ ਨਾਲ ਭਾਵੇਂ ਇਨ੍ਹਾਂ ਦੇ ਕੁਦਰਤੀ ਜੀਵਨ ਨੂੰ ਡੂੰਘੀ ਢਾਅ ਲੱਗੀ ਹੈ ਪਰੰਤੂ ਫਿਰ ਵੀ ਇਹ ਲੋਕ ਪਿੰਡਾਂ ਅਤੇ ਪਛੜੀਆਂ ਬਸਤੀਆਂ ਵਿਚ ਆਮ ਘੁੰਮਦੇ ਨਜ਼ਰ ਆ ਜਾਂਦੇ ਹਨ। ਸਮੇਂ ਦੇ ਵਹਿਣ ਨਾਲ ਬੰਗਾਲਾ ਕਬੀਲੇ ਦੇ ਲੋਕ ਜੀਵਨ ਵਿਚ ਕਾਫੀ ਬਦਲਾਅ ਆਇਆ ਹੈ। ਬੰਗਾਲਾ ਕਬੀਲੇ ਦੇ ਆਦਮੀ ਔਰਤਾਂ ਅਤੇ ਬੱਚੇ ਗਜ਼ਾ ਕਰਕੇ ਅਤੇ ਫੇਰੀ ਮਾਰ ਕੇ ਆਪਣਾ ਜੀਵਨ ਨਿਰਬਾਹ ਕਰਦੇ ਹਨ। ਇਹ ਲੋਕ ਸ਼ਿਵਜੀ, ਗੋਰਖਨਾਥ, ਬਾਲਕਨਾਥ ਅਤੇ ਨਾਗ ਦੇਵਤਾ ਦੇ ਨਾਂ 'ਤੇ ਗਜ਼ਾ ਕਰਦੇ ਹਨ। ਇਹ ਲੋਕ ਦਾਨ ਵਜੋਂ ਆਟਾ, ਦੁੱਧ, ਗੁੜ ਅਤੇ ਲੱਸੀ ਆਦਿ ਦੀ ਮੰਗ ਕਰਦੇ ਹਨ। ਦਰ-ਦਰ 'ਤੇ ਗਜ਼ਾ ਕਰਨ ਵਾਲੇ ਇਹ ਲੋਕ ਹਰ ਘਰ ਅੱਗੇ ਜਾ ਕੇ ਆਪਣੀ ਹੀ ਅਦਾ ਵਿਚ ਅਲਖ ਜਗਾਉਂਦੇ ਹਨ। ਇਸ ਤੋਂ ਇਲਾਵਾ ਕੁਝ ਬੰਗਾਲੇ 'ਸੱਪ ਤੇ ਬੀਨ' ਨਾਲ ਗਜ਼ਾ ਕਰਦੇ ਹਨ। ਇਹ ਉਹ ਲੋਕ ਹਨ ਜਿਹੜੇ ਕਿ ਆਪਣੇ ਮੋਢਿਆਂ 'ਤੇ 'ਪਟਾਰੀ ਵਾਲੀ ਵਹਿੰਗੀ' ਰੱਖਦੇ ਹਨ। ਵਹਿੰਗੀ ਦੇ ਇਕ ਪਾਸੇ ਪਟਾਰੀ ਵਿਚ ਸੱਪ ਅਤੇ ਦੂਜੇ ਪਾਸੇ ਗਜ਼ੇ ਵਿਚ ਮਿਲਣ ਵਾਲੀ ਦਾਨ ਦਖਸ਼ਣਾ ਪਾਈ ਜਾਂਦੀ ਹੈ। ਇਸ ਤੋਂ ਇਲਾਵਾ ਇਕ ਝੋਲੀ ਵਰਗਾ ਥੈਲਾ ਮੋਢਿਆਂ 'ਤੇ ਲਟਕਾਇਆ ਜਾਂਦਾ ਹੈ। ਬੰਗਾਲਾ ਲੋਕ ਇਸ ਥੈਲੀ ਦਾ ਇਸਤੇਮਾਲ ਆਟਾ ਆਦਿ ਪਾਉਣ ਲਈ ਕਰਦੇ ਹਨ। ਨਾਗ ਨਾਲ ਗਜ਼ਾ ਕਰਨ ਵਾਲੇ ਬੰਗਾਲੇ ਹਰ ਘਰ ਅੱਗੇ ਜਾ ਕੇ 'ਬੀਨ ਦੀ ਸੁਰ' ਲਾਉਂਦੇ ਹਨ। ਇੱਥੇ ਬੀਨ ਦੀ ਵਰਤੋਂ ਕੇਵਲ ਘਰ ਦੇ ਲੋਕਾਂ ਦਾ ਧਿਆਨ ਖਿੱਚਣ ਲਈ ਹੀ ਕੀਤੀ ਜਾਂਦੀ ਹੈ। ਇਹ ਲੋਕ ਸੱਪਾਂ ਦਾ ਪ੍ਰਦਰਸ਼ਨ ਕੇਵਲ ਮੰਗ 'ਤੇ ਹੀ ਕਰਦੇ ਹਨ। ਬਹੁਤੇ ਬੰਗਾਲੇ ਸੰਬੰਧਤ ਘਰ ਤੋਂ ਭਿੱਛਿਆ ਲੈ ਕੇ ਅੱਗੇ ਨਿਕਲ ਜਾਂਦੇ ਹਨ। ਕਈ ਵਾਰੀ ਅਜਿਹੀ ਸਥਿਤੀ ਵੀ ਪੈਦਾ ਹੋ ਜਾਂਦੀ ਹੈ ਜਦੋਂ ਇਨ੍ਹਾਂ ਨੂੰ ਬੱਚਿਆਂ ਦੀ ਜ਼ਿੱਦ 'ਤੇ 'ਸੱਪ ਤੇ ਬੀਨ' ਦੀ ਖੇਡ ਦਿਖਾਉਣੀ ਪੈਂਦੀ ਹੈ। ਸੱਪ ਤੇ ਬੀਨ ਨਾਲ ਗਜ਼ਾ ਕਰਨ ਵਾਲੇ ਬੰਗਾਲੇ ਸਾਧਾਰਨ ਬੰਗਾਲਿਆਂ ਤੋਂ ਜ਼ਿਆਦਾ ਤਿੱਖੇ ਅਤੇ ਚੇਤੰਨ ਵਿਖਾਈ ਦਿੰਦੇ ਹਨ। ਸੱਪ, ਸਰਾਲਾਂ ਅਤੇ ਨਾਗ ਰੱਖਣ ਕਰਕੇ

ਇਹ ਲੋਕ ਆਮ ਲੋਕਾਂ ਲਈ ਆਕਰਸ਼ਣ ਦਾ ਕੇਂਦਰ ਹੁੰਦੇ ਹਨ। ਕਈ ਬੰਗਾਲੇ ਜੰਗਲੀ ਅਤੇ ਪਹਾੜੀ ਜੜ੍ਹੀਆਂ ਬੂਟੀਆਂ ਤੋਂ ਦਵਾਈ ਤਿਆਰ ਕਰਕੇ ਪਿੰਡਾਂ, ਬਸਤੀਆਂ ਅਤੇ ਸ਼ਹਿਰਾਂ ਵਿਚ ਜਾ ਕੇ ਵੇਚਦੇ ਹਨ। ਇਸ ਤੋਂ ਇਲਾਵਾ ਇਹ ਲੋਕ ਜਾਨਵਰਾਂ ਤੋਂ ਕਈ ਪ੍ਰਕਾਰ ਦਾ ਤੇਲ ਤਿਆਰ ਕਰਨ ਲਈ ਵੀ ਜਾਣੇ ਜਾਂਦੇ ਹਨ। ਬੰਗਾਲਿਆਂ ਦੁਆਰਾ ਵੇਚਿਆ ਜਾਣ ਵਾਲਾ 'ਸਾਂਡੇ' ਦਾ ਤੇਲ ਭਾਰਤ ਵਿਚ ਪ੍ਰਸਿੱਧ ਹੈ। ਇਹ ਲੋਕ ਸਾਂਡੇ ਨੂੰ ਚੰਗੀ ਤਰ੍ਹਾਂ ਤਲ ਕੇ ਉਸਦੀ ਚਰਬੀ ਨੂੰ ਤੇਲ ਦੇ ਰੂਪ ਵਿਚ ਢਾਲ ਲੈਂਦੇ ਹਨ। ਇਸ ਤੇਲ ਨੂੰ ਨਿੱਕੀਆਂ-ਨਿੱਕੀਆਂ ਸ਼ੀਸ਼ੀਆਂ ਵਿਚ ਪਾ ਕੇ ਕਰਕੇ ਜੋੜਾਂ ਦੇ ਦਰਦ ਅਤੇ ਕਾਮ ਨਾਲ ਸੰਬੰਧਤ ਰੋਗਾਂ ਲਈ ਵੇਚਿਆ ਜਾਂਦਾ ਹੈ। ਇਸ ਦੇ ਨਾਲ ਹੀ ਬੰਗਾਲੇ ਚਮੜੀ ਰੋਗ, ਜ਼ਹਿਰ ਦਾ ਇਲਾਜ, ਰੇਸ਼ੇ ਦਾ ਇਲਾਜ, ਗਠੀਆ, ਬਵਾਸੀਰ, ਦਮਾ, ਸਾਹ ਦੀਆਂ ਬਿਮਾਰੀਆਂ ਅਤੇ ਅੱਖਾਂ ਦੀਆਂ ਬਿਮਾਰੀਆਂ ਲਈ ਦਵਾਈਆਂ ਤਿਆਰ ਕਰਕੇ ਵੇਚਦੇ ਹਨ। ਇਸ ਤੋਂ ਇਲਾਵਾ ਬੰਗਾਲਿਆਂ ਦੁਆਰਾ ਗੁਣਕਾਰੀ ਸੁਰਮਾ ਅਤੇ ਦੰਦਾਂ ਲਈ ਭਸਮ ਵੀ ਤਿਆਰ ਕੀਤੀ ਜਾਂਦੀ ਹੈ। ਬੰਗਾਲੇ ਆਪਣੀਆਂ ਦਵਾਈਆਂ ਵਿਚ ਜ਼ਿਆਦਾਤਰ ਜਾਨਵਰਾਂ ਦਾ ਤੇਲ, ਭਸਮ ਅਤੇ ਜੜ੍ਹੀਆਂ-ਬੂਟੀਆਂ ਦੇ ਅਰਕ ਦੀ ਵਰਤੋਂ ਕਰਦੇ ਹਨ। ਬੰਗਾਲਾ ਕਬੀਲੇ ਦੇ ਲੋਕ 'ਗੋਹ' ਨੂੰ ਬਹੁਤ ਹੀ ਸ਼ੁਭ ਅਤੇ ਗੁਣਕਾਰੀ ਜਾਨਵਰ ਮੰਨਦੇ ਹਨ। 'ਬੰਗਾਲਾ ਅਤੇ ਢੇਹਾ' ਕਬੀਲੇ ਵਿਚ ਟੋਟਮ ਅਤੇ ਟੈਬੂ ਪਰੰਪਰਾ ਸੰਬੰਧੀ ਕਾਫ਼ੀ ਸਾਂਝ ਪਾਈ ਜਾਂਦੀ ਹੈ। ਇਨ੍ਹਾਂ ਲੋਕਾਂ ਦੀਆਂ ਜੀਵਨ ਪਰਿਸਥਿਤੀਆਂ ਵੀ ਇਕ ਦੂਜੇ ਨਾਲ ਕਾਫ਼ੀ ਹੱਦ ਤੱਕ ਮਿਲਦੀਆਂ ਹਨ। ਬੰਗਾਲਾ ਲੋਕ 'ਗਿੱਦੜ ਸਿੰਗੀ' ਲਈ ਵੀ ਮਸ਼ਹੂਰ ਹਨ। ਇਹ ਲੋਕ 'ਗਿੱਦੜਸਿੰਗੀ' ਨੂੰ ਆਪਣੀ ਰੋਜ਼ੀ ਰੋਟੀ ਦਾ ਇਕ ਚੰਗਾ ਸਾਧਨ ਮੰਨਦੇ ਹਨ। ਇਹ ਲੋਕ ਗਿੱਦੜਸਿੰਗੀ ਨੂੰ ਸੰਧੂਰ ਵਿਚ ਰੱਖ ਕੇ ਇਕ ਡੱਬੇ ਜਾਂ ਥੈਲੀ ਵਿਚ ਸਾਂਭ ਕੇ ਰੱਖਦੇ ਹਨ। ਇਕ ਮਿੱਥ ਅਨੁਸਾਰ ਕਈ ਲੋਕ 'ਗਿੱਦੜਸਿੰਗੀ' ਨੂੰ ਚਮਤਕਾਰੀ ਸ਼ੈਅ ਕਿਆਸ ਕਰਦੇ ਹਨ। ਇਕ ਵਿਸ਼ਵਾਸ ਅਨੁਸਾਰ ਗਿੱਦੜਸਿੰਗੀ ਮਨ ਦੀ ਇੱਛਾ ਪੂਰੀ ਕਰਨ ਦੀ ਸ਼ਕਤੀ ਰੱਖਦੀ ਹੈ। ਬੰਗਾਲੇ 'ਗਿੱਦੜਸਿੰਗੀ' ਦੇ ਚਾਹਵਾਨ ਲੋਕਾਂ ਤੋਂ ਚੰਗੀ ਮਾਇਆ ਪ੍ਰਾਪਤ ਕਰਨ ਵਿਚ ਕਾਮਯਾਬ ਹੋ ਜਾਂਦੇ ਹਨ। ਇਸ ਤੋਂ ਇਲਾਵਾ ਬੰਗਾਲੇ ਜਾਨਵਰਾਂ ਦੀਆਂ ਖੱਲਾਂ, ਪੰਜੇ, ਦੰਦ ਅਤੇ ਮਾਸ ਆਦਿ ਵੇਚ ਕੇ ਵੀ ਆਪਣਾ ਗੁਜ਼ਾਰਾ ਕਰਦੇ ਹਨ। ਅਜੋਕੇ ਦੌਰ ਵਿਚ ਭਾਵੇਂ ਕਿ ਇਹ ਕਬੀਲਾ ਸਖ਼ਤ ਮਨਾਹੀਆਂ ਅਤੇ ਕਾਨੂੰਨਾਂ ਦੀ ਜਕੜ ਵਿਚੋਂ ਲੰਘ ਰਿਹਾ ਹੈ ਪਰੰਤੂ ਫਿਰ ਵੀ ਬੰਗਾਲਾ ਲੋਕ ਆਪਣੇ ਪਿਤਾ ਪੁਰਖ਼ੀ ਧੰਦੇ ਲਈ ਜਦੋ-ਜਹਿਦ ਕਰਦੇ ਵੇਖੇ ਜਾ ਸਕਦੇ ਹਨ। ਬੰਗਾਲਿਆਂ ਦਾ ਲੋਕ ਜੀਵਨ ਬੜਾ ਰਹੱਸਮਈ ਅਤੇ ਵਚਿੱਤਰ ਹੈ। ਬਾਹਰੋਂ ਦੇਖਣ ਨੂੰ ਇਹ ਲੋਕ ਜਿੰਨੇ ਸਾਦੇ ਅਤੇ ਸਿੱਧ-ਪੱਧਰੇ ਪ੍ਰਤੀਤ ਹੁੰਦੇ ਹਨ, ਇਨ੍ਹਾਂ ਦਾ ਲੋਕ ਜੀਵਨ ਅੰਦਰੋਂ ਉਨ੍ਹਾਂ ਦੀ ਜਟਿਲ ਅਤੇ ਗੁੰਝਲਦਾਰ ਹੈ। ਇਹ ਲੋਕ ਆਪਣੀਆਂ ਪਿਤਾ ਪੁਰਖੀ ਮਾਨਤਾਵਾਂ ਅਤੇ ਰੂੜ੍ਹੀਆਂ ਦੇ ਮੁਹਤਾਜ ਹਨ। ਅਜੋਕੇ ਦੌਰ ਵਿਚ ਵੀ ਇਹ ਲੋਕ ਦੁਸ਼ਵਾਰੀਆਂ ਭਰਿਆ ਜੀਵਨ ਬਤੀਤ ਕਰ ਰਹੇ ਹਨ। ਇਹ ਲੋਕ ਪਿਤਾ ਪੁਰਖੀ ਰਹੁ-ਰੀਤਾਂ ਦੇ ਦਾਇਰੇ ਵਿਚ ਬੰਨੇ ਹੋਏ ਇਕ ਖ਼ਾਸ ਕਿਸਮ ਦੀ ਕੱਟੜ ਮਾਨਸਿਕਤਾ ਦੇ ਧਾਰਨੀ ਹਨ। ਬੰਗਾਲਿਆਂ ਦਾ ਸਮਾਜਿਕ ਕਾਰ ਵਿਹਾਰ ਅਤੇ ਨਿਆਂ ਪ੍ਰਬੰਧ ਇਨ੍ਹਾਂ ਨੂੰ ਵਿਸ਼ੇਸ਼ ਸਮਾਜਿਕ ਸਭਿਆਚਾਰਕ ਮੁਹਾਂਦਰਾ ਪ੍ਰਦਾਨ

ਕਰਦਾ ਹੈ। ਖੇਤਰੀ ਕਾਰਜ ਦੌਰਾਨ ਕਬੀਲੇ ਦੇ ਸਿਆਣੇ ਬਜ਼ੁਰਗਾਂ ਸਾਧਾਂ, ਵੈਦਾਂ ਅਤੇ ਸਪੇਰਿਆਂ ਨਾਲ ਗੱਲਬਾਤ ਕਰਦਿਆਂ ਇਹ ਤੱਥ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਬੰਗਾਲਿਆਂ ਦਾ ਸੰਬੰਧ ਭਾਰਤ ਦੀਆਂ ਆਦਿਵਾਸੀ ਜੰਗਲੀ ਕੌਮਾਂ ਨਾਲ ਹੈ। ਇਨ੍ਹਾਂ ਲੋਕਾਂ ਦੀ ਕਈ ਹੋਰ ਕਬੀਲਿਆਂ ਨਾਲ ਪਿੱਤਰੀ ਸਾਂਝ ਅਤੇ ਸਮਾਜਿਕ ਸਭਿਆਚਾਰਕ ਤੰਦਾਂ ਇਸ ਗੱਲ ਦੀ ਪ੍ਰੋੜਤਾ ਕਰਦੀਆਂ ਹਨ। ਬੰਗਾਲਾ ਤੇ ਢੇਹਾ ਕਬੀਲਾ ਸਮਾਜਿਕ ਸਭਿਆਚਾਰਕ ਪੱਖੋਂ ਇਕ ਦੂਜੇ ਦੇ ਬਹੁਤ ਨੇੜੇ ਹਨ। ਇਨ੍ਹਾਂ ਕਬੀਲਿਆਂ ਦੀਆਂ ਜਨਮ, ਵਿਆਹ ਅਤੇ ਮੌਤ ਨਾਲ ਸੰਬੰਧਤ ਰਸਮਾਂ ਵਿਚ ਕਾਫ਼ੀ ਸਮਾਨਤਾ ਪਾਈ ਜਾਂਦੀ ਹੈ। ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਬੰਗਾਲਾ ਕਬੀਲੇ ਵਿਚ ਲੜਕੀ ਨੂੰ ਦਹੇਜ ਵਿਚ ਸੱਪ, ਸਰਾਲ ਅਤੇ ਜ਼ਹਿਰ ਚੂਸਣ ਵਾਲਾ ਮਣਕਾ ਦੇਣ ਦੀ ਰਵਾਇਤ ਪ੍ਰਚੱਲਿਤ ਰਹੀ ਹੈ। ਇਹ ਰਸਮ ਲੜਕੀ ਨੂੰ ਸਹੁਰੇ ਪਰਿਵਾਰ ਵਿਚ ਇੱਜ਼ਤ ਨਾਲ ਸਥਾਪਤ ਕਰਨ ਅਤੇ ਸੰਬੰਧਤ ਪਰਿਵਾਰ ਦੀ ਰੋਜ਼ੀ-ਰੋਟੀ ਚਲਾਉਣ ਲਈ ਸਹਾਈ ਹੁੰਦੀ ਸੀ। ਇਹ ਰੀਤ ਨਾ ਨਿਭਾਉਣ ਦੀ ਸੂਰਤ ਵਿਚ ਲੜਕੀ ਦੇ ਸਹੁਰੇ ਪਰਿਵਾਰ ਵੱਲੋਂ ਕੋਈ ਵੀ ਤਕਰਾਰ ਹੋਣ ਦੀ ਸੂਰਤ ਵਿਚ ਲੜਕੀ ਦੇ ਦਹੇਜ ਸੰਬੰਧੀ 'ਤੇਰੇ ਮਾਪਿਆਂ ਕਿਹੜੀ ਸਰਾਲ ਦੇਤੀ' ਦਾ ਤਾਅਨਾ ਕੱਸਿਆ ਜਾਂਦਾ ਸੀ। ਇਸ ਸ਼ਰੀਕੇਬਾਜੀ ਤੇ ਤਾਅਨੇ ਤੋਂ ਬਚਣ ਲਈ ਬੰਗਾਲਾ ਲੋਕ ਹੁਣ ਤੱਕ ਵੀ ਆਪਣੀਆਂ ਲੜਕੀਆਂ ਨੂੰ ਦਹੇਜ ਵਜੋਂ ਸੱਪ, ਸਰਾਲਾਂ ਅਤੇ ਨਾਗ ਆਦਿ ਦਾਜ ਵਜੋਂ ਦਿੰਦੇ ਰਹੇ ਹਨ। ਲੰਮਾ ਸਮਾਂ ਜੰਗਲਾਂ-ਬੇਲਿਆਂ ਅਤੇ ਰੋਹੀਆਂ ਵਿਚ ਵਿਚਰਨ ਕਰਕੇ ਬੰਗਾਲੇ ਜੰਗਲੀ ਜਾਨਵਰਾਂ ਦੇ ਸੁਭਾਅ ਅਤੇ ਤਾਸੀਰ ਦੇ ਚੰਗੇ ਜਾਣੂ ਹਨ। ਇਹ ਜ਼ਹਿਰੀਲੇ ਜਾਨਵਰਾਂ ਅਤੇ ਸਾਧਾਰਨ ਜਾਨਵਰਾਂ ਵਿਚਲੇ ਫ਼ਰਕ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਭਾਰਤ ਦੇ ਬੰਗਾਲੇ 'ਸੱਪ ਅਤੇ ਨਿਉਲੇ' ਦੀ ਲੜਾਈ ਦਾ ਪ੍ਰਦਰਸ਼ਨ ਕਰਨ ਵਿਚ ਮਾਹਿਰ ਹਨ। ਭਾਰਤ ਦੇ ਕਈ ਹਿੱਸਿਆਂ ਵਿਚ ਜੰਗਲੀ ਜੀਵ ਸੁਰੱਖਿਆ ਐਕਟ ਪ੍ਰਭਾਵੀ ਹੋਣ ਕਰਕੇ ਇਹ ਖੇਡਾਂ ਹੁਣ ਲਗਭਗ ਖਤਮ ਹੋਣ ਦੇ ਕਿਨਾਰੇ ਹਨ। ਭਾਰਤ ਦੇ ਕਲੰਦਰ ਵੀ ਬਾਂਦਰ-ਬਾਂਦਰੀ ਅਤੇ ਰਿੱਛਾਂ ਦੇ ਨਾਚ ਦਾ ਪ੍ਰਦਰਸ਼ਨ ਕਰਕੇ ਆਪਣੀ ਰੋਟੀ-ਰੋਜ਼ੀ ਚਲਾਉਂਦੇ ਰਹੇ ਹਨ। ਅੱਜ ਵੀ ਕਈ ਪਛੜੇ ਹੋਏ ਅਤੇ ਪਹਾੜੀ ਇਲਾਕਿਆਂ ਵਿਚ ਇਹ ਵਰਤਾਰਾ ਉਸੇ ਤਰ੍ਹਾਂ ਚਲਦਾ ਆ ਰਿਹਾ ਹੈ। ਬੰਗਾਲਿਆਂ ਬਾਰੇ ਸਭ ਤੋਂ ਮਹੱਤਵਪੂਰਨ ਤੱਥ ਇਹ ਹੈ ਕਿ ਇਹ ਲੋਕ ਚੰਗੇ ਮਨੋਚਕਿਤਸਕ ਹਨ। ਇਹ ਲੋਕ ਪਹਿਲੀ ਨਜ਼ਰੇ ਹੀ ਕਿਸੇ ਵੀ ਆਦਮੀ ਜਾਂ ਔਰਤ ਦੇ ਸੁਭਾਅ ਬਾਰੇ ਭਵਿੱਖਬਾਣੀ ਕਰ ਸਕਦੇ ਹਨ। ਬੰਗਾਲੇ ਦਿਨ ਭਰ ਦੀ ਫੇਰੀ ਅਤੇ ਗਸ਼ਤ ਕਰਨ ਤੋਂ ਬਾਅਦ ਮੁੜ ਆਪਣੇ ਡੇਰਿਆਂ ਵਿਚ ਆਣ ਨਿਵਾਸ ਕਰਦੇ ਹਨ। ਇੱਥੇ ਹੁੱਕਾ, ਬੀੜੀ ਅਤੇ ਭੰਗ ਆਦਿ ਦੀ ਵਾਰੀ ਨਿਰੰਤਰ ਚਲਦੀ ਰਹਿੰਦੀ ਹੈ। ਇਹ ਲੋਕ ਬਾਹਰਲੇ ਲੋਕਾਂ ਨਾਲ ਕੇਵਲ ਵਪਾਰਕ ਅਤੇ ਗਰਜ਼ਾਂ ਦੇ ਰਿਸ਼ਤਿਆਂ ਵਿਚ ਬੰਨ੍ਹੇ ਹੁੰਦੇ ਹਨ। ਇਨ੍ਹਾਂ ਲੋਕਾਂ ਦੇ ਘਰਾਂ ਅਤੇ ਡੇਰਿਆਂ ਵਿਚ ਬਾਹਰਲੇ ਲੋਕਾਂ ਲਈ ਕੋਈ ਥਾਂ ਨਹੀਂ ਹੁੰਦੀ। ਬੰਗਾਲਾ ਕਬੀਲੇ ਦੀ ਆਪਣੀ ਹੀ ਇਕ ਪੰਚਾਇਤ ਅਤੇ ਮਹਾਪੰਚਾਇਤ ਹੁੰਦੀ ਹੈ। ਪੰਚਾਇਤ ਡੇਰਾ ਪੱਧਰ 'ਤੇ ਕੰਮ ਕਰਦੀ ਹੈ ਅਤੇ ਇਸ ਵਿਚ ਪੰਜ ਤੋਂ ਲੈ ਕੇ ਦਸ ਪੈਂਚ ਹੁੰਦੇ ਹਨ। ਮਹਾਪੰਚਾਇਤ ਰਾਜ ਪੱਧਰ 'ਤੇ ਕਾਰਜਸ਼ੀਲ ਹੁੰਦੀ ਹੈ। ਇਸ ਵਿਚ ਪੰਜਾਹ ਤੋਂ ਲੈ ਕੇ ਸੌ

ਤੱਕ ਕਬੀਲੇ ਦੇ ਮੋਅਤਬਰ ਵਿਅਕਤੀ ਹਿੱਸਾ ਲੈਂਦੇ ਹਨ। ਡੇਰੇ ਦੀ ਪੰਚਾਇਤ ਕੇਵਲ ਡੇਰੇ ਦੇ ਝਗੜਿਆਂ ਤੱਕ ਸੀਮਤ ਹੁੰਦੀ ਹੈ। ਇਸ ਵਿਚ ਛੋਟੇ-ਮੋਟੇ ਝਗੜਿਆਂ ਦੇ ਫੈਸਲੇ ਦੰਡ ਅਤੇ ਸਜ਼ਾ ਲਗਾ ਕੇ ਨਿਬੇੜ ਦਿੱਤੇ ਜਾਂਦੇ ਹਨ। ਕਬੀਲੇ ਦੀ ਮਹਾਂਪੰਚਾਇਤ ਵਿਚ ਅਜਿਹੇ ਝਗੜੇ ਵਿਚਾਰੇ ਜਾਂਦੇ ਹਨ ਜਿਨ੍ਹਾਂ ਦਾ ਕਬੀਲੇ ਦੀ ਅੰਦਰੂਨੀ ਬਣਤਰ ਅਤੇ ਪ੍ਰਤਿਸ਼ਠਾ ਨਾਲ ਸੰਬੰਧ ਹੁੰਦਾ ਹੈ। ਇਹ ਝਗੜੇ ਕਬੀਲੇ ਦੇ ਵੱਕਾਰ ਨਾਲ ਜੁੜੇ ਹੁੰਦੇ ਹਨ। ਕਬੀਲੇ ਵਿਚ ਜ਼ਿਆਦਾਤਰ ਝਗੜੇ ਚੋਰੀ, ਤਲਾਕ, ਉਧਾਲਾ, ਚਰਿੱਤਰਹੀਣਤਾ, ਵਿਆਹ, ਮੰਗ ਸੰਬੰਧੀ ਸਮੱਸਿਆਵਾਂ ਅਤੇ ਆਪਸੀ ਰੌਲੇ-ਰੱਪੇ ਸੰਬੰਧੀ ਹੁੰਦੇ ਹਨ।

ਕਬੀਲਾ ਪੰਚਾਇਤ ਇਹ ਝਗੜੇ ਪੰਚਾਇਤ ਜਾਂ ਮਹਾਂਪੰਚਾਇਤ ਦੀ ਪੱਧਰ 'ਤੇ ਲਿਜਾ ਕੇ ਇਕ ਲੰਮੇ ਵਿਚਾਰ-ਵਟਾਂਦਰੇ ਉਪਰੰਤ ਦੰਡ ਜਾਂ ਸਜ਼ਾ ਲਗਾ ਕੇ ਨਿਬੇੜ ਦਿੰਦੀ ਹੈ। ਕਬੀਲੇ ਦੇ ਪੈਂਚ ਕੋਈ ਵੀ ਝਗੜਾ ਬੜੀ ਬਾਰੀਕੀ ਅਤੇ ਗਹੁ ਨਾਲ ਸੁਣਦੇ ਹਨ। ਕਬੀਲੇ ਵਿਚ ਪੈਦਾ ਹੋਣ ਵਾਲੇ ਕਿਸੇ ਵੀ ਝਗੜੇ ਸੰਬੰਧੀ ਪੈਂਚਾਂ ਦੁਆਰਾ ਆਪਸੀ ਵਿਚਾਰ-ਵਟਾਂਦਰਾ ਕੀਤਾ ਜਾਂਦਾ ਹੈ। ਗਵਾਹਾਂ ਅਤੇ ਝਗੜੇ ਵਾਲੀ ਧਿਰ ਨੂੰ ਆਪਣਾ ਪੱਖ ਪੇਸ਼ ਕਰਨ ਸੰਬੰਧੀ ਵਿਸ਼ੇਸ਼ ਮੌਕਾ ਦਿੱਤਾ ਜਾਂਦਾ ਹੈ। ਕਬੀਲੇ ਦੇ ਲੋਕ ਪੰਚਾਇਤ ਨੂੰ 'ਰੱਬ' ਦਾ ਰੂਪ ਸਮਝਦੇ ਹਨ। ਪੈਂਚ ਦੋਹਾਂ ਧਿਰਾਂ ਦੇ ਵਿਚਾਰ ਜਾਣਨ ਤੋਂ ਬਾਅਦ ਫੈਸਲਾ ਦਿੰਦੇ ਹਨ। 'ਸਜ਼ਾ' ਬਾਰੇ ਦੋਹਾਂ ਧਿਰਾਂ ਤੋਂ ਸੰਤੁਸ਼ਟੀ ਦੀ ਸਹਿਮਤੀ ਵੀ ਲਈ ਜਾਂਦੀ ਹੈ। ਇਹ ਸਹਿਮਤੀ ਮਿਲਣ ਉਪਰੰਤ ਕਬੀਲੇ ਦੇ ਪੈਂਚਾਂ ਵੱਲੋਂ ਸਜ਼ਾ ਸੁਣਾ ਦਿੱਤੀ ਜਾਂਦੀ ਹੈ। ਕਬੀਲਾ ਮਹਾਂਪੰਚਾਇਤ ਦਾ ਫੈਸਲਾ ਅਟੱਲ ਹੁੰਦਾ ਹੈ। ਮਹਾਂਪੰਚਾਇਤ ਦੇ ਫੈਸਲੇ ਤੋਂ ਮੁਨਕਰ ਹੋਣ ਵਾਲੇ ਵਿਅਕਤੀ ਨੂੰ ਕਬੀਲੇ ਵਿਚੋਂ ਛੇਕ ਦਿੱਤਾ ਜਾਂਦਾ ਹੈ। ਉਸ ਨਾਲੋਂ ਕਬੀਲੇ ਦੀ ਰੋਟੀ-ਬੇਟੀ ਦੀ ਸਾਂਝ ਖਤਮ ਕਰ ਦਿੱਤੀ ਜਾਂਦੀ ਹੈ। ਅਜੋਕੇ ਦੌਰ ਵਿਚ ਕਬੀਲਾ ਪੰਚਾਇਤ ਵੱਲੋਂ ਪੰਜ ਸੌ (500) ਤੋਂ ਲੈ ਕੇ ਦਸ ਹਜ਼ਾਰ (10000) ਰੁਪਏ ਤੱਕ ਵੀ ਦੰਡ ਲਾਏ ਗਏ ਹਨ। ਕਬੀਲਾ ਪੰਚਾਇਤ ਦੀਆਂ ਬਹੁਤੀਆਂ ਸਜ਼ਾਵਾਂ ਭਾਵੇਂ ਕਿ 'ਸੰਕੇਤਕ' ਅਤੇ ਰਸਮੀ ਪੱਧਰ ਦੀਆਂ ਹੁੰਦੀਆਂ ਹਨ, ਫਿਰ ਵੀ ਕਬੀਲੇ ਦੇ ਲੋਕ ਇਨ੍ਹਾਂ ਸਜ਼ਾਵਾਂ ਪ੍ਰਤੀ ਗਹਿਰੀ ਸੰਵੇਦਨਾ ਪ੍ਰਗਟ ਕਰਦੇ ਹਨ। ਹਰ ਇਕ ਗੋਤਰ ਇਨ੍ਹਾਂ ਸਜ਼ਾਵਾਂ ਨੂੰ ਆਪਣੀ ਮਾਣ-ਮਰਿਆਦਾ ਨਾਲ ਜੋੜ ਕੇ ਵੇਖਦੀ ਹੈ। ਕਬੀਲਾ ਪੰਚਾਇਤ ਵਿਚ ਮਾਰ-ਕੁਟਾਈ, ਚੋਰੀ-ਚਕਾਰੀ, ਗ੍ਰਹਿ ਕਲੇਸ਼ ਅਤੇ ਬੇਈਮਾਨੀ ਸੰਬੰਧੀ ਝਗੜੇ ਲਗਾਤਾਰ ਆਉਂਦੇ ਰਹਿੰਦੇ ਹਨ। ਕਬੀਲਾ ਪੰਚਾਇਤ ਇਨ੍ਹਾਂ ਝਗੜਿਆਂ ਦਾ ਫੈਸਲਾ ਇਕ-ਦੋ ਬੈਠਕਾਂ ਵਿਚ ਹੀ ਕਰ ਦਿੰਦੀ ਹੈ। ਵਿਆਹ, ਮੰਗ ਅਤੇ ਤਲਾਕ ਸੰਬੰਧੀ ਝਗੜੇ ਲੰਮੀ ਬਹਿਸ ਪਿੱਛੋਂ ਹੀ ਨਿਪਟਾਏ ਜਾਂਦੇ ਹਨ।

ਕਬੀਲੇ ਵਿਚ ਜੁਰਮਾਨੇ ਦੀ ਰਕਮ ਸੰਬੰਧਤ ਧਿਰ ਨੂੰ ਤਾਰ ਕੇ (ਜਿਸਦਾ ਕੋਈ ਨੁਕਸਾਨ ਹੋਇਆ ਹੋਵੇ) ਕਬੀਲਾ ਪੰਚਾਇਤ ਦੇ ਲੋਕ ਇਕੱਠੇ ਬੈਠ ਕੇ ਸ਼ਰਾਬ ਦਾ ਦੌਰ ਚਲਾਉਂਦੇ ਹਨ। ਕਬੀਲਾ ਪੰਚਾਇਤ ਵੱਲੋਂ ਛੋਟੀ-ਮੋਟੀ ਗਲਤੀ ਦੀ ਸਜ਼ਾ ਕੇਵਲ 'ਦਾਰੂ' ਦੇ ਰੂਪ ਵਿਚ ਦਿੱਤੀ ਜਾਂਦੀ ਹੈ। ਇਸ ਸੰਬੰਧ ਵਿਚ ਦੋਹਾਂ ਧਿਰਾਂ ਨੂੰ ਨਾਲ-ਨਾਲ ਬਿਠਾ ਕੇ ਝਗੜਾ ਖਤਮ ਕਰ ਦਿੱਤਾ ਜਾਂਦਾ ਹੈ। ਕਬੀਲਾ ਨਿਯਮਾਂ ਦਾ ਉਲੰਘਣ ਕਰਨ ਵਾਲੇ ਅਤੇ ਵਾਰ-ਵਾਰ ਝਗੜਾ ਕਰਨ ਵਾਲੇ ਵਿਅਕਤੀ ਨੂੰ ਕਬੀਲੇ ਦੇ ਲੋਕਾਂ ਦੁਆਰਾ ਛੇਕ ਦਿੱਤਾ ਜਾਂਦਾ

ਹੈ। ਅਜੋਕੇ ਦੌਰ ਵਿਚ ਭਾਵੇਂ ਬੰਗਾਲਾ ਕਬੀਲਾ ਪੰਚਾਇਤ ਦੀ ਸੱਤਾ ਲਗਾਤਾਰ ਘੱਟ ਰਹੀ ਹੈ ਪਰੰਤੂ ਕਬੀਲਾ ਪੱਧਰ 'ਤੇ ਇਹ ਪੰਚਾਇਤ ਅੱਜ ਵੀ ਪ੍ਰਭਾਵੀ ਰੂਪ ਵਿਚ ਕੰਮ ਕਰ ਰਹੀ ਹੈ। ਕਬੀਲੇ ਦੇ ਕਈ ਝਗੜੇ ਭਾਵੇਂ ਥਾਨਿਆਂ, ਕਚਹਿਰੀਆਂ ਤੱਕ ਵੀ ਪਹੁੰਚ ਜਾਂਦੇ ਹਨ ਪਰ ਫਿਰ ਵੀ ਉਨ੍ਹਾਂ ਦਾ ਅੰਤ ਕਬੀਲਾ ਪੱਧਰ 'ਤੇ ਹੀ ਹੁੰਦਾ ਹੈ। ਕਬੀਲਾ ਪੰਚਾਇਤ ਤੋਂ ਬਾਗੀ ਹੋਣ ਵਾਲੇ ਵਿਅਕਤੀ ਨੂੰ ਆਪਣੇ 'ਇਸ਼ਟ ਦੇਵ' ਤੋਂ ਬਾਗੀ ਹੋਣ ਵਾਲਾ ਵਿਅਕਤੀ ਗਿਣਿਆ ਜਾਂਦਾ ਹੈ।

ਬੰਗਾਲਾ ਕਬੀਲੇ ਦੀ ਵਰਤਮਾਨ ਸਥਿਤੀ

ਬੰਗਾਲਾ ਕਬੀਲਾ ਪੰਜਾਬ ਦੇ ਲਗਭਗ ਹਰ ਇਕ ਜ਼ਿਲ੍ਹੇ ਵਿਚ ਵਸਿਆ ਹੋਇਆ ਹੈ। ਇਹ ਲੋਕ ਇਨ੍ਹਾਂ ਸ਼ਹਿਰਾਂ ਵਿਚ ਅੱਜ ਵੀ ਅਜਨਬੀਆਂ ਵਾਲਾ ਜੀਵਨ ਬਤੀਤ ਕਰ ਰਹੇ ਹਨ। ਆਜ਼ਾਦੀ ਤੋਂ ਬਾਅਦ ਵੀ ਇਹ ਲੋਕ ਜੀਵਨ ਦੀਆਂ ਮੁੱਢਲੀਆਂ ਸੁੱਖ-ਸਹੂਲਤਾਂ ਅਤੇ ਸੰਵਿਧਾਨਕ ਹੱਕਾਂ ਤੋਂ ਵਾਂਝੇ ਹਨ। ਇਕ ਲੰਮਾ ਸਮਾਜਿਕ ਬਨਵਾਸ ਭੋਗਦਿਆਂ-ਭੋਗਦਿਆਂ ਇਨ੍ਹਾਂ ਲੋਕਾਂ ਦੀ ਸਥਿਤੀ ਬੜੀ ਚਿੰਤਾਜਨਕ ਬਣ ਗਈ ਹੈ। ਬੰਗਾਲਾ ਕਬੀਲਾ ਇਕ ਅਜਿਹਾ ਕਬੀਲਾ ਹੈ ਜਿੱਥੇ ਔਰਤ ਅੱਜ ਵੀ ਪੱਥਰ ਯੁਗ ਵਾਲਾ ਜੀਵਨ ਬਤੀਤ ਕਰ ਰਹੀ ਹੈ। ਕਬੀਲੇ ਦੇ ਹਰ ਡੇਰੇ ਦੇ ਬੱਚੇ ਕੋਰੇ ਅਨਪੜ੍ਹ ਹੋਣ ਕਾਰਨ ਬਾਲ ਮਜ਼ਦੂਰੀ ਦੀ ਜਕੜ ਵਿਚ ਫਸੇ ਹੋਏ ਹਨ। ਜੰਗਲ, ਬੇਲਿਆਂ ਅਤੇ ਰੋਹੀਆਂ ਵਿਚ ਵਸਣ ਕਰਕੇ ਬੰਗਾਲਾ ਕਬੀਲਾ ਦੂਜੇ ਕਬੀਲਿਆਂ ਦੇ ਮੁਕਾਬਲੇ ਬਹੁਤ ਪਛੜਿਆ ਹੋਇਆ ਹੈ। ਵਿਸ਼ਵੀਕਰਨ ਦੇ ਇਸ ਦੌਰ ਵਿਚ ਜਦਕਿ ਵਿਸ਼ਵ ਇਕ ਪਿੰਡ ਵਿਚ ਤਬਦੀਲ ਹੋ ਚੁੱਕਾ ਹੈ, ਅਜਿਹੀ ਸਥਿਤੀ ਵਿਚ ਵੀ ਇਹ ਕਬੀਲਾ ਬੇਗਾਨਗੀ ਅਤੇ ਗੁਰਬਤ ਵਾਲਾ ਜੀਵਨ ਹੰਢਾ ਰਿਹਾ ਹੈ। ਇਹ ਮਸਲਾ ਸਾਡੀ ਵਿਗਿਆਨਕ ਤਰੱਕੀ ਅਤੇ ਆਰਥਿਕ ਵਿਕਾਸ ਦੇ ਦਾਅਵਿਆਂ ਅੱਗੇ ਪ੍ਰਸ਼ਨ ਚਿੰਨ੍ਹ ਲਾਉਂਦਾ ਹੈ। ਪੰਜਾਬ ਦੇ ਬੰਗਾਲੇ ਅੱਜ ਵੀ ਬੇਘਰੇ ਅਤੇ ਬੇਜ਼ਮੀਨੇ ਹਨ। ਇਨ੍ਹਾਂ ਵਿਚੋਂ ਬਹੁਤੇ ਲੋਕ ਰੋਹੀਆਂ, ਜੰਗਲਾਂ, ਸੜਕਾਂ ਅਤੇ ਨਹਿਰਾਂ ਦੇ ਕਿਨਾਰੇ ਟੱਪਰੀਆਂ ਬਣਾ ਕੇ ਰਹਿ ਰਹੇ ਹਨ। ਅਜੋਕੇ ਦੌਰ ਵਿਚ ਇਹ ਕਬੀਲਾ ਜੜ੍ਹਹੀਨ ਹੋ ਕੇ ਰਹਿ ਗਿਆ ਹੈ। ਕਬੀਲੇ ਦਾ ਸਦੀਆਂ ਤੋਂ ਚਲਦਾ ਆ ਰਿਹਾ 'ਹਕੀਮੀ' ਅਤੇ 'ਖ਼ਾਨਾਬਦੋਸ਼ ਵੈਦਗਿਰੀ' ਦਾ ਕਿੱਤਾ ਹਟਕੋਰੇ ਲੈ ਰਿਹਾ ਹੈ। ਜੰਗਲੀ ਜੀਵ ਸੁਰੱਖਿਆ ਐਕਟ ਪਾਸ ਹੋਣ ਕਰਕੇ ਸਪੇਰਿਆਂ ਦਾ ਜੱਦੀ ਪੁਸ਼ਤੀ ਪੇਸ਼ਾ ਖਤਮ ਹੋਣ ਦੇ ਕਿਨਾਰੇ ਹੈ। ਇਸ ਤਰ੍ਹਾਂ ਇਨ੍ਹਾਂ ਬਦਲਦੀਆਂ ਵਿਸ਼ਵ ਪਰਿਸਥਿਤੀਆਂ ਵਿਚ ਬੰਗਾਲਾ ਲੋਕ ਤਰਸ ਦੇ ਪਾਤਰ ਬਣ ਕੇ ਰਹਿ ਗਏ ਹਨ। ਮੈਡੀਕਲ ਸਾਇੰਸ ਦੀ ਉਨਤੀ ਨੇ ਜਿੱਥੇ ਇਨ੍ਹਾਂ ਦੇ ਪਿਤਾ ਪੁਰਖੀ ਵੈਦਗਿਰੀ ਦੇ ਧੰਦੇ ਨੂੰ ਮੂਲੋਂ ਹੀ ਖਤਮ ਕਰ ਦਿੱਤਾ ਹੈ, ਉੱਥੇ ਮਨੋਰੰਜਨ ਦੇ ਆਧੁਨਿਕ ਸਾਧਨ ਵਿਕਸਤ ਹੋਣ ਤੇ 'ਸੱਪ ਅਤੇ ਬੀਨ' ਦੀ ਕਲਾ ਵੀ ਵਕਤ ਵਿਹਾ ਚੁੱਕੀ ਹੈ। ਅਜਿਹੀ ਹਾਲਤ ਵਿਚ ਬੰਗਾਲੇ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਹਨ। ਗੱਲ ਕੀ, ਬੰਗਾਲਾ ਮਰਦ, ਔਰਤਾਂ, ਬੱਚੇ ਅਤੇ ਬਜ਼ੁਰਗ ਵਿਸ਼ਵੀਕਰਨ ਦੇ ਤੇਜ਼ ਝੱਖੜ ਨਾਲ ਬੁਰੀ ਤਰ੍ਹਾਂ ਝੰਬੇ ਗਏ ਹਨ। ਅੱਜ ਜਦ ਕਿ ਮਨੁੱਖੀ ਸਭਿਅਤਾ ਵਿਕਾਸ ਦੀਆਂ ਸਿਖਰਾਂ ਛੋਹ ਰਹੀ ਹੈ, ਇਸਦੇ ਮੁਕਾਬਲੇ ਇਨ੍ਹਾਂ ਲੋਕਾਂ

ਨੇ ਅਜੇ ਆਪਣਾ ਜੀਵਨ ਸਫ਼ਰ ਸ਼ੁਰੂ ਕਰਨਾ ਹੈ। ਸਦੀਆਂ ਤੋਂ ਇਨ੍ਹਾਂ ਕਬੀਲਿਆਂ ਨੂੰ ਹਾਕਮਾਂ ਅਤੇ ਸਮੇਂ ਦੀਆਂ ਸਰਕਾਰਾਂ ਵੱਲੋਂ ਜੰਗਲੀ ਅਤੇ ਬਾਹਰਲੇ (Outsider) ਲੋਕ ਸਮਝ ਕੇ ਨਜ਼ਰਅੰਦਾਜ਼ ਕੀਤਾ ਗਿਆ ਹੈ। ਇਸ ਤਰ੍ਹਾਂ ਭਾਰਤ ਦੀ ਆਜ਼ਾਦੀ ਤੋਂ ਬਾਅਦ ਵੀ ਇਹ ਕਬੀਲੇ ਲਗਾਤਾਰ ਸਵੈਪਛਾਣ (Self Identity) ਅਤੇ ਸਮਾਜਿਕ ਪ੍ਰਵਾਨਗੀ (Social Recognition) ਲਈ ਭਟਕਦੇ ਰਹੇ ਹਨ।

ਵਣ ਸੁਰੱਖਿਆ ਅਤੇ ਜੰਗਲੀ ਜੀਵਾਂ ਦੀ ਸੁਰੱਖਿਆ ਸੰਬੰਧੀ ਸਖਤ ਐਕਟ ਲਾਗੂ ਹੋਣ ਕਰਕੇ ਇਹ ਲੋਕ ਪਿਤਾ ਪੁਰਖੀ ਧੰਦੇ ਅਤੇ ਕੁਦਰਤੀ ਜੀਵਨ ਤੋਂ ਵਿਰਵੇ ਹੋ ਗਏ ਹਨ। 'ਬੀਨ ਪਟਾਰੀ' ਅਤੇ 'ਦੇਸੀ ਦਵਾਈਆਂ' ਦਾ ਧੰਦਾ ਠੱਪ ਹੋਣ ਕਰਕੇ ਬੰਗਾਲਾ ਲੋਕ ਮੰਗ ਤੰਗ ਕੇ ਗੁਜ਼ਾਰਾ ਕਰਨ ਲਈ ਮਜਬੂਰ ਹਨ। ਇਨ੍ਹਾਂ ਵਿਚ ਬਹੁਤੇ ਲੋਕ ਘੁਮੰਤੂ ਫਕੀਰਾਂ ਅਤੇ ਮੰਗਤਿਆਂ ਵਿਚ ਤਬਦੀਲ ਹੋ ਚੁੱਕੇ ਹਨ। ਬੰਗਾਲਾ ਕਬੀਲੇ ਦੀਆਂ ਔਰਤਾਂ ਅਤੇ ਬੱਚੇ ਵੀ ਭਿਖਾਰੀਆਂ ਵਿਚ ਤਬਦੀਲ ਹੋ ਰਹੇ ਹਨ। ਮਹਿੰਗਾਈ ਦੇ ਇਸ ਯੁੱਗ ਵਿਚ ਆਪਣਾ ਗੁਜ਼ਾਰਾ ਕਰਨ ਲਈ ਬੰਗਾਲਾ ਔਰਤਾਂ ਅਤੇ ਬੱਚੇ ਕੂੜੇ ਦੇ ਢੇਰਾਂ ਤੋਂ ਕਬਾੜ ਇਕੱਠਾ ਕਰਨ ਦਾ ਧੰਦਾ ਕਰਨ ਲਈ ਮਜਬੂਰ ਹਨ। ਬੰਗਾਲਾ ਲੋਕ 'ਬੀਨ ਪਟਾਰੀ' ਅਤੇ 'ਵੈਦਗਿਰੀ' ਦਾ ਘਾਟੇ ਵਾਲਾ ਧੰਦਾ ਛੱਡ ਕੇ ਮਜ਼ਦੂਰੀ ਅਤੇ ਨਿਮਨ ਪ੍ਰਕਾਰ ਦੇ ਧੰਦੇ ਕਰਨ ਲਈ ਮਜਬੂਰ ਹੋ ਗਏ ਹਨ। ਸਰਕਾਰਾਂ ਵੱਲੋਂ ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਦੀ ਭਲਾਈ ਹਿੱਤ ਚਲਾਈਆਂ ਜਾ ਰਹੀਆਂ ਸਕੀਮਾਂ ਤੋਂ ਇਹ ਲੋਕ ਬਿਲਕੁਲ ਅਣਜਾਣ ਹਨ। ਇਸ ਸਥਿਤੀ ਦੇ ਚਲਦਿਆਂ ਇਹ ਲੋਕ ਅੰਧਕਾਰ ਦੀ ਦਲਦਲ ਵਿਚ ਗਰਕ ਹੋ ਰਹੇ ਹਨ। ਇਸ ਵਰਤਾਰੇ ਦੇ ਚਲਦਿਆਂ ਇਨ੍ਹਾਂ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਸਿੱਖਿਆ, ਸਿਹਤ ਅਤੇ ਰੁਜ਼ਗਾਰ ਸੰਬੰਧੀ ਵਿਸ਼ੇਸ਼ ਸਹੂਲਤਾਂ ਦੇ ਨਾਲ-ਨਾਲ ਵਿਸ਼ੇਸ਼ ਅਗਵਾਈ ਪ੍ਰੋਗਰਾਮਾਂ ਦੀ ਵੀ ਸਖ਼ਤ ਜ਼ਰੂਰਤ ਹੈ। ਇਨ੍ਹਾਂ ਲੋਕਾਂ ਨਾਲ ਗੱਲਬਾਤ ਕਰਨ ਤੋਂ ਕਈ ਹੈਰਾਨੀਜਨਕ ਤੱਥ ਸਾਹਮਣੇ ਆਉਂਦੇ ਹਨ। ਇਨ੍ਹਾਂ ਦੀਆਂ ਕੁੱਲੀਆਂ ਵਿਚ ਵਿਚਰਦਿਆਂ ਸਾਨੂੰ ਇੰਜ ਲੱਗਣ ਲੱਗ ਪੈਂਦਾ ਹੈ ਜਿਵੇਂ ਬੰਗਾਲੇ ਇਸ ਦੁਨੀਆ ਦੇ ਵਾਸੀ ਨਾ ਹੋ ਕੇ ਕਿਸੇ ਹੋਰ ਗ੍ਰਹਿ ਦੇ ਬਸੇਰੇ ਹਨ। ਕੁੱਲੀਆਂ ਵਿਚ ਰੋਸ਼ਨੀ, ਪਾਣੀ ਅਤੇ ਪਖਾਨਿਆਂ ਦਾ ਕੋਈ ਵੀ ਪ੍ਰਬੰਧ ਨਹੀਂ ਹੈ। ਡੇਰੇ ਸੁੰਨੀਆਂ ਅਤੇ ਉਜਾੜ ਥਾਵਾਂ ਵਿਚ ਸਿਸਕ ਰਹੇ ਹਨ। ਬੱਚੇ ਮਾਵਾਂ ਅਤੇ ਬਜ਼ੁਰਗ ਰੱਬ ਆਸਰੇ ਡੰਗ ਟਪਾ ਰਹੇ ਹਨ। ਡੇਰਿਆਂ ਦੀ ਫ਼ਿਜ਼ਾ ਵਿਚ ਚੁੱਪ, ਉਦਾਸੀ ਤੇ ਮਾਯੂਸੀ ਦਾ ਆਲਮ ਹੈ। ਗਿੱਦੜਾਂ, ਜੰਗਲੀ ਸੂਰਾਂ, ਸੱਪਾਂ, ਸਰਾਲਾਂ ਅਤੇ ਜੰਗਲੀ ਜਾਨਵਰਾਂ ਦੇ ਸ਼ਿਕਾਰ ਵਿਚ ਇਹ ਮਾਹਿਰ ਲੋਕ ਅਜੋਕੇ ਦੌਰ ਵਿਚ ਮੂੰਹ ਹਨੇਰੇ ਹੀ ਘਰੋਂ ਰੋਟੀ ਦੇ ਸ਼ਿਕਾਰ ਲਈ ਨਿਕਲ ਪੈਂਦੇ ਹਨ। ਬੱਚੇ, ਔਰਤਾਂ ਅਤੇ ਬਜ਼ੁਰਗ ਵੀ ਇਸ ਸੰਘਰਸ਼ ਵਿਚ ਬਰਾਬਰ ਦੇ ਭਾਈਵਾਲ ਹਨ।

ਇਨ੍ਹਾਂ ਲੋਕਾਂ ਦੀ ਮਾੜੀ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਸਥਿਤੀ ਲਈ ਜਿੱਥੇ ਸਮੇਂ ਦੀਆਂ ਸਰਕਾਰਾਂ ਜ਼ਿੰਮੇਵਾਰ ਹਨ, ਉੱਥੇ ਉੱਨੇ ਹੀ ਜ਼ਿੰਮੇਵਾਰ ਇਹ ਲੋਕ ਖ਼ੁਦ ਵੀ ਹਨ। ਇਸ ਸਥਿਤੀ ਵਿਚ ਇਨ੍ਹਾਂ ਲੋਕਾਂ ਦੀ ਸਦੀਆਂ ਪੁਰਾਣੀ ਮਾਨਸਿਕਤਾ ਬਦਲਣ ਦੀ ਲੋੜ ਹੈ। ਇਨ੍ਹਾਂ ਲੋਕਾਂ ਨੂੰ ਮੁੱਖ ਧਾਰਾ ਦੇ ਜੀਵਨ ਨਾਲ ਜੋੜਨ ਲਈ 'ਢਾਹੂ ਪਰੰਪਰਾਵਾਂ'

ਅਤੇ 'ਖਾਨਾਬਦੋਸ਼' ਮਾਨਸਿਕਤਾ ਵਿਚੋਂ ਬਾਹਰ ਕੱਢਣ ਦੀ ਜ਼ਰੂਰਤ ਹੈ। ਇਨ੍ਹਾਂ ਲੋਕਾਂ ਦੇ ਸਰਬਪੱਖੀ ਵਿਕਾਸ ਲਈ ਕੋਸ਼ਿਸ਼ਾਂ ਦੇ ਨਾਲ-ਨਾਲ ਇਨ੍ਹਾਂ ਲੋਕਾਂ ਨੂੰ ਬਦਲਾਅ ਅਤੇ ਪਰਿਵਰਤਨ ਲਈ ਮਨੋਵਿਗਿਆਨਕ ਪੱਧਰ 'ਤੇ ਤਿਆਰ ਕਰਨਾ ਵੀ ਬਹੁਤ ਜ਼ਰੂਰੀ ਹੈ। ਅਜਿਹੇ ਕਦਮ ਚੁੱਕਣ ਨਾਲ ਹੀ ਇਨ੍ਹਾਂ ਲੋਕਾਂ ਦਾ ਵਿਕਾਸ ਸੰਭਵ ਹੋ ਸਕਦਾ ਹੈ। ਬੰਗਾਲਾ ਬਸਤੀਆਂ ਦੀ ਸਥਿਤੀ ਐਨੀ ਜ਼ਿਆਦਾ ਨਿਰਾਸ਼ਾਜਨਕ ਹੈ ਕਿ ਹਰ ਇਕ ਬਸਤੀ ਇਕ 'ਸਲੱਮ' ਦਾ ਰੂਪ ਨਜ਼ਰ ਆਉਂਦੀ ਹੈ। ਬਾਹਰਲੇ ਲੋਕਾਂ ਨਾਲ ਸਮਾਜਿਕ ਸੰਪਰਕ ਘੱਟ ਹੋਣ ਕਾਰਨ ਵੀ ਇਹ ਲੋਕ ਮੁੱਖ ਧਾਰਾ ਦੇ ਸਮਾਜ ਵਿਚ ਅਜਨਬੀਆਂ ਵਾਂਗ ਹੀ ਵਿਚਰਦੇ ਹਨ। ਇਨ੍ਹਾਂ ਲੋਕਾਂ 'ਤੇ ਕਬੀਲੇ ਦੀਆਂ ਕੱਟੜ ਰਵਾਇਤਾਂ ਅਤੇ ਪਰੰਪਰਾਵਾਂ ਦੀ ਜਕੜ ਐਨੀ ਮਜ਼ਬੂਤ ਹੈ ਕਿ ਇਹ ਲੋਕ ਅੱਜ ਵੀ ਸਮਾਜਿਕ ਜਾਗ੍ਰਿਤੀ ਅਤੇ ਰਾਜਨੀਤਕ ਚੇਤਨਾ ਤੋਂ ਕੋਰੇ ਹਨ। ਜੇਕਰ ਇਨ੍ਹਾਂ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਲਈ ਵਿਸ਼ੇਸ਼ ਉਪਰਾਲੇ ਨਾ ਕੀਤੇ ਗਏ ਤਾਂ ਹੌਲ਼ੀ-ਹੌਲ਼ੀ ਇਹ ਕਲਾਕਾਰ ਤੇ ਵਚਿੱਤਰ ਕਬੀਲਾ ਗੁੰਮਨਾਮੀ ਦੇ ਹਨੇਰੇ ਵਿਚ ਲੁਪਤ ਹੋ ਜਾਵੇਗਾ।

ਹਵਾਲੇ ਅਤੇ ਟਿਪਣੀਆਂ

1. ਡੇਂਜਲ ਇਬਟਸਨ ਐਂਡ ਐਚ.ਏ.ਰੋਜ਼, ਟਰਾਈਬਜ਼ ਐਂਡ ਕਾਸਟਸ ਆਫ ਪੰਜਾਬ, ਭਾਗ ਦੂਜਾ, ਪੰਨਾ 57.
2. ਰਾਮਪੁਰ ਬਸਤੀ, ਸਮਾਣਾ ਦੇ ਰਹਿਣ ਵਾਲੇ ਮਹਿੰਦਰ ਨਾਥ ਯੋਗੀ ਦੇ ਮੌਖਿਕ ਵੇਰਵਿਆਂ 'ਤੇ ਅਧਾਰਿਤ।

ਨਟ ਕਬੀਲਾ

ਨਟਾਂ ਦੇ ਮੂਲ ਬਾਰੇ ਵਿਦਵਾਨਾਂ ਅਤੇ ਖੋਜੀਆਂ ਦੇ ਵੱਖਰੇ-ਵੱਖਰੇ ਵਿਚਾਰ ਹਨ। ਭਾਰਤ ਦੇ ਕਬੀਲਿਆਂ ਵਿੱਚੋਂ 'ਨਟ' ਅਜਿਹੇ ਲੋਕ ਹਨ, ਜਿਨ੍ਹਾਂ ਨੂੰ ਸਰ ਡੈਂਜ਼ਿਲ ਇਬਟਸਨ ਵਰਗੇ ਮੁੱਢਲੇ ਖੋਜੀਆਂ ਦੁਆਰਾ ਵੀ ਗਲਤ ਢੰਗ ਨਾਲ ਪਰਿਭਾਸ਼ਤ ਕੀਤਾ ਗਿਆ ਹੈ। ਡੈਂਜ਼ਿਲ ਤੋਂ ਇਲਾਵਾ ਕਈ ਹੋਰ ਵਿਦਵਾਨਾਂ ਨੇ ਵੀ ਬਾਜ਼ੀਗਰ ਕਬੀਲੇ ਅਤੇ ਨਟ ਕਬੀਲੇ ਨੂੰ ਥੋੜ੍ਹੇ-ਬਹੁਤੇ ਫ਼ਰਕ ਨਾਲ ਇਕੋ ਢੰਗ ਨਾਲ ਪਰਿਭਾਸ਼ਤ ਕਰਨ ਦਾ ਯਤਨ ਕੀਤਾ ਹੈ। ਡੈਂਜਿਲ ਇਬਟਸਨ, ਮੈਕਲਗਾਨ ਅਤੇ ਹੋਰ ਅੰਗਰੇਜ਼ ਵਿਦਵਾਨਾਂ ਵੱਲੋਂ ਨਟ, ਬਾਜ਼ੀਗਰ, ਸਾਂਸੀ ਅਤੇ ਮੀਰਾਸੀ ਕਬੀਲੇ ਬਾਰੇ ਅਠਾਰ੍ਹਾਂ ਸੌ ਤਰਾਸੀ ਦੀ ਪੰਜਾਬ ਦੀ ਜਣਗਣਨਾ ਬਾਰੇ ਦਿੱਤੀ ਰਿਪੋਰਟ ਵਿਚ ਬਹੁਤ ਗਲਤ ਅਤੇ ਅਸਪੱਸ਼ਟ ਵੇਰਵੇ ਅੰਕਿਤ ਕੀਤੇ ਗਏ ਹਨ। ਇਨ੍ਹਾਂ ਵਿਚੋਂ ਬਹੁਤੇ ਹਵਾਲੇ ਅਤੇ ਵੇਰਵੇ ਅੰਗਰੇਜ਼ ਸਰਕਾਰ ਦੇ ਅਹਿਲਕਾਰਾਂ ਵੱਲੋਂ ਸੁਣੇ-ਸੁਣਾਏ ਵਿਚਾਰਾਂ 'ਤੇ ਆਧਾਰਿਤ ਹਨ। ਨਟ ਅਤੇ ਬਾਜ਼ੀਗਰ ਕਬੀਲੇ ਦੇ ਲੋਕਾਂ ਦੀ ਮੁਗਲਕਾਲ ਦੀਆਂ ਸੰਕਟ-ਕਾਲੀਨ ਪਰਿਸਥਿਤੀਆਂ ਵਿਚ ਬੜੀ ਕਰੀਬੀ ਸਾਂਝ ਰਹੀ ਹੈ।

ਕਬੀਲੇ ਦੀ ਪਰਿਭਾਸ਼ਾ : 'ਨਟ' ਸੰਸਕ੍ਰਿਤ ਦੇ ਸ਼ਬਦ 'ਨਟਾ' ਤੋਂ ਬਣਿਆ ਹੈ, ਜਿਸਦਾ ਭਾਵ ਨਾਚ ਕਰਨ ਵਾਲੇ ਤੋਂ ਹੈ।1 ਭਾਈ ਕਾਨ੍ਹ ਸਿੰਘ ਨਾਭਾ ਨਟ ਦੀ ਪਰਿਭਾਸ਼ਾ ਨੱਚਣ, ਦਿਖਾਉਣ, ਕੰਬਣ, ਸੰਗਯਾ-ਨਾਟਕ ਖੇਡਣ ਵਾਲਾ ਅਤੇ ਦ੍ਰਿਸ਼ਯਕਾਵਯ ਦਿਖਾਉਣ ਵਾਲੇ ਤੋਂ ਕਰਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਦੇ ਇਨ੍ਹਾਂ ਸੰਕੇਤਕ ਵੇਰਵਿਆਂ ਵਿੱਚ ਹੀ ਨਟ ਕਬੀਲੇ ਦੀ ਅਸਲ ਪਰਿਭਾਸ਼ਾ ਛੁਪੀ ਹੋਈ ਹੈ।2 'ਨਟ' ਅਤੇ 'ਬਾਜ਼ੀਗਰ' ਦੋਵੇਂ ਕੌਮਾਂ ਦੇ ਕਿੱਤਾਗਤ ਨਾਮ ਹਨ। 'ਨਟ' ਅਤੇ 'ਬਾਜ਼ੀਗਰ' ਦੋਵੇਂ ਹੀ ਕਬੀਲੇ ਆਪਣਾ ਮੂਲ ਰਾਜਪੂਤ ਕਬੀਲਿਆਂ ਨਾਲ ਜੋੜਦੇ ਹਨ। ਨਟ ਕਬੀਲੇ ਨੂੰ ਸਮਝਣ ਲਈ ਇਨ੍ਹਾਂ ਲੋਕਾਂ ਦੇ ਕਿੱਤਾਗਤ ਸੰਕਲਪ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਨਟ ਇਕ ਜਾਂਬਾਜ਼ ਅਤੇ ਬਹਾਦਰ ਕਬੀਲਾ ਹੈ, ਜਿਹੜਾ ਕਿ ਮੁਗਲਾਂ ਅਤੇ ਰਾਜਪੂਤਾਂ ਵਿਚ ਹੋਈਆਂ ਖ਼ੂਨੀ ਝੜਪਾਂ ਦੌਰਾਨ, ਰਾਜਪੂਤਾਂ ਦੀ ਹਾਰ ਹੋ ਜਾਣ 'ਤੇ ਜਾਨ-ਮਾਲ ਦੀ ਰਾਖੀ ਲਈ ਜੰਗਲਾਂ ਵਿਚ ਰੂਪੋਸ਼ ਹੋ ਗਿਆ ਸੀ। ਆਪਣੀ ਹਾਰ ਤੋਂ ਬਾਅਦ ਵੀ ਇਹ ਲੋਕ ਲੰਮਾ ਸਮਾਂ ਸੱਤਾ-ਪ੍ਰਾਪਤੀ ਲਈ ਸੰਘਰਸ਼ ਕਰਦੇ ਰਹੇ ਹਨ। ਪਰ ਆਰਥਿਕ ਮੰਦਹਾਲੀ ਨੇ ਇਨ੍ਹਾਂ ਲੋਕਾਂ ਨੂੰ ਐਨਾ ਜ਼ਿਆਦਾ ਤੋੜ ਦਿੱਤਾ ਸੀ ਕਿ ਇਹ ਲੋਕ ਆਪਣੇ ਕਲਾ-ਕੌਸ਼ਲ ਅਤੇ ਸ਼ਕਤੀ ਦਾ ਪ੍ਰਦਰਸ਼ਨ ਕਰਕੇ ਰੋਜ਼ੀ-ਰੋਟੀ ਚਲਾਉਣ ਲੱਗ ਪਏ। ਇਸੇ ਦੌਰਾਨ ਇਕੋ ਜਿਹੀਆਂ ਪਰਿਸਥਿਤੀਆਂ ਵਿਚ ਘਿਰ ਜਾਣ ਕਾਰਨ ਰਾਜਸਥਾਨ ਤੇ ਆਸ-ਪਾਸ ਦੇ ਇਲਾਕਿਆਂ ਦੇ 'ਗੌਰ' ਲੋਕ ਵੀ ਇਨ੍ਹਾਂ ਕੋਲ ਸਰੀਰਕ ਕਲਾਬਾਜ਼ੀਆਂ ਅਤੇ ਹੋਰ 'ਕਲਾ' ਕਰਤੱਬ ਸਿੱਖਣ ਲਈ ਸਿੱਖਿਆ ਦੀਖੀਆ ਲਈ ਆਏ। ਅੱਜ ਵੀ ਪੰਜਾਬ ਦੇ ਬਾਜ਼ੀਗਰ ਨਟ ਲੋਕਾਂ ਨੂੰ 'ਗੁਰੂ ਦਾ ਰੁਤਬਾ' ਦੇ ਕੇ ਯਾਦ

ਕਰਦੇ ਹਨ। ਭਾਵੇਂ ਕਿ ਕਈ ਸਦੀਆਂ ਤੋਂ ਇਨ੍ਹਾਂ ਲੋਕਾਂ ਦਾ ਵੱਖ-ਵੱਖ ਇਲਾਕਿਆਂ ਵਿਚ ਹਿਜ਼ਰਤ ਕਰਨ ਕਰਕੇ ਕੋਈ ਸੰਪਰਕ ਨਹੀਂ ਰਿਹਾ ਪਰੰਤੂ ਫਿਰ ਵੀ ਇਨ੍ਹਾਂ ਲੋਕਾਂ ਵਿਚ ਆਪਸੀ ਸਭਿਆਚਾਰਕ ਸਾਂਝ ਨੂੰ ਵੇਖਿਆ ਜਾ ਸਕਦਾ ਹੈ। ਨਟ ਅਤੇ ਬਾਜ਼ੀਗਰ ਵਿਚ ਪੇਸ਼ੇਗਤ ਸਮਾਨਤਾ ਦੇ ਨਾਲ-ਨਾਲ ਪੇਸ਼ੇਗਤ ਵਿਭਿੰਨਤਾ ਵੀ ਪਾਈ ਜਾਂਦੀ ਹੈ। ਨਟ ਦੇ ਕਲਾ ਕਰਤੱਬ 'ਰੱਸੀ' ਦੇ ਆਲੇ-ਦੁਆਲੇ ਘੁੰਮਦੇ ਹਨ ਜਦਕਿ ਬਾਜ਼ੀਗਰ 'ਖੋਦੀ' ਤੋਂ ਕੁੱਦ ਕੇ ਕਈ ਤਰ੍ਹਾਂ ਦੀਆਂ ਉੱਚੀਆਂ ਲੰਮੀਆਂ ਛਾਲਾਂ ਦੇ ਨਾਲ-ਨਾਲ ਕਈ ਤਰ੍ਹਾਂ ਦੀਆਂ ਖਤਰਨਾਕ ਛਾਲਾਂ ਦਾ ਵੀ ਪ੍ਰਦਰਸ਼ਨ ਕਰਦਾ ਹੈ। ਇਨ੍ਹਾਂ ਵਿਚੋਂ 'ਸੂਲੀ ਦੀ ਛਾਲ' ਅਤੇ 'ਮੌਣ' ਦੀ ਬਾਜ਼ੀ ਸਭ ਤੋਂ ਖਤਰਨਾਕ ਤੇ ਵੰਗਾਰਮਈ ਹੁੰਦੀ ਹੈ। ਨਟ ਆਪਣੀ ਖੇਡ ਦੇ ਸਾਰੇ ਪ੍ਰਦਰਸ਼ਨ ਰੱਸੀ ਅਤੇ ਬਾਂਸ ਰਾਹੀਂ ਕਰਦਾ ਹੈ।

ਇਤਿਹਾਸਕ ਪਿਛੋਕੜ : ਨਟਾਂ ਦੇ ਇਤਿਹਾਸਕ ਪਿਛੋਕੜ ਬਾਰੇ ਵੱਖ-ਵੱਖ ਧਾਰਨਾਵਾਂ ਪ੍ਰਚਲਿਤ ਹਨ। ਇਨ੍ਹਾਂ ਵਿੱਚੋਂ ਬਹੁਤੀਆਂ ਧਾਰਨਾਵਾਂ ਅਤੇ ਹਵਾਲੇ ਇਨ੍ਹਾਂ ਲੋਕਾਂ ਨੂੰ ਰਾਜਪੂਤ ਘਰਾਣਿਆਂ ਅਤੇ ਕਬੀਲਿਆਂ ਵਿੱਚੋਂ ਨਿਖੜੇ ਹੋਏ ਸਿੱਧ ਕਰਦੇ ਹਨ। ਨਟਾਂ ਵਾਂਗ ਪੰਜਾਬ ਦੇ ਸਾਰੇ ਹੀ ਕਬੀਲਿਆਂ ਵਿਚ ਇਹੀ ਧਾਰਨਾ ਪ੍ਰਚਲਿਤ ਹੈ। ਜੇਕਰ ਨਟਾਂ ਦੇ ਆਦਿਕਾਲੀ ਜੀਵਨ ਬਾਰੇ ਪਿਛਲ ਝਾਤ ਮਾਰੀ ਜਾਵੇ ਤਾਂ ਇਹ ਲੋਕ ਆਦਿਕਾਲੀ ਜੰਗਲੀ ਕੌਮਾਂ ਹਨ ਜਿਹੜੀਆਂ ਕਿ ਕੁਦਰਤ ਦੀ ਗੋਦ ਵਿਚ ਆਪਣਾ ਜੀਵਨ ਨਿਰਬਾਹ ਕਰ ਰਹੀਆਂ ਸਨ। ਇਹ ਉਹ ਸਮਾਂ ਸੀ ਜਦੋਂ ਭਾਰਤ ਤੋਂ ਇਲਾਵਾ ਦੁਨੀਆ ਭਰ ਦੀਆਂ ਕਈ ਹੋਰ ਕੌਮਾਂ ਵੀ 'ਖਾਨਾਬਦੋਸ਼ੀ' ਹੰਢਾ ਰਹੀਆਂ ਸਨ। ਕਿਸੇ ਵੀ ਕੌਮ ਦਾ 'ਖਾਨਾਬਦੋਸ਼ੀ' ਦਾ ਜੀਵਨ ਉਨ੍ਹਾਂ ਲੋਕਾਂ ਦੇ 'ਟੋਟਮ ਟੈਬੂ' ਅਤੇ 'ਭੂਗੋਲਿਕ ਪਰਿਸਥਿਤੀਆਂ' 'ਤੇ ਨਿਰਭਰ ਕਰਦਾ ਹੈ। ਇਸ ਸੰਬੰਧ ਵਿਚ ਦੁਨੀਆ ਭਰ ਦੇ ਉਨ੍ਹਾਂ 'ਐਬੋਰਿਜ਼ਨਜ਼' ਅਤੇ 'ਜਿਪਸੀ' ਕਬੀਲਿਆਂ ਦੀ ਉਦਾਹਰਨ ਦਿੱਤੀ ਜਾ ਸਕਦੀ ਹੈ ਜਿਹੜੇ ਕਿ ਅਜੋਕੇ ਦੌਰ ਦੇ ਅਤਿ ਉੱਨਤ ਸਮਾਜ ਸਭਿਆਚਾਰਾਂ ਵਿਚ ਵੀ 'ਰਮਤਾ' ਜੀਵਨ ਬਤੀਤ ਕਰ ਰਹੇ ਹਨ। ਇਨ੍ਹਾਂ ਲੋਕਾਂ ਦਾ ਜੀਵਨ ਦਰਸ਼ਨ ਕੁਦਰਤੀ ਸਿਧਾਂਤਾਂ ਨਾਲ ਬੰਨ੍ਹਿਆ ਹੋਇਆ ਸੀ। ਇਨ੍ਹਾਂ ਲੋਕਾਂ ਦੀ ਰੋਜ਼ੀ ਰੋਟੀ ਅਤੇ ਜੀਵਨ ਜੰਗਲਾਂ ਬੇਲਿਆਂ ਅਤੇ ਰੋਹੀਆਂ ਦੇ ਸ੍ਰੋਤਾਂ 'ਤੇ ਨਿਰਭਰ ਸੀ। ਇਸ ਤੋਂ ਇਲਾਵਾ ਇਹ ਲੋਕ ਨਿਪੁੰਨ ਸ਼ਿਕਾਰੀ ਹਨ। ਆਦਿ ਕਾਲ ਤੋਂ ਹੀ ਸ਼ਿਕਾਰੀ ਪ੍ਰਵਿਰਤੀਆਂ ਦੇ ਹੋਣ ਕਾਰਨ ਇਹ ਲੋਕ ਮਾਸ ਖਾਣ ਦੇ ਸ਼ੌਕੀਨ ਹਨ। ਮਾਸ ਲਈ ਇਹ ਲੋਕ ਛੋਟੇ-ਮੋਟੇ ਜੰਗਲੀ ਜਾਨਵਰਾਂ ਦਾ ਸ਼ਿਕਾਰ ਵੀ ਕਰਦੇ ਹਨ। ਇਸ ਕੰਮ ਲਈ ਨਟ ਜੰਗਲੀ ਕਿਸਮ ਦੇ ਸ਼ਿਕਾਰੀ ਕੁੱਤੇ ਰੱਖਣ ਲਈ ਮਸ਼ਹੂਰ ਹਨ। ਅੱਜ ਵੀ ਨਟ ਲੋਕ ਗਧੇ ਗਧੀਆਂ 'ਤੇ ਆਪਣਾ ਸਾਮਾਨ ਲੱਦੀ ਇਕ ਥਾਂ ਤੋਂ ਦੂਜੀ ਥਾਂ ਘੁੰਮਦੇ ਨਜ਼ਰ ਆ ਜਾਂਦੇ ਹਨ। ਇਹ ਲੋਕ ਇਕ ਥਾਂ ਤੋਂ ਦੂਜੀ ਥਾਂ ਕੂਚ ਕਰਨ ਲੱਗੇ ਆਪਣਾ ਪਸ਼ੂ ਪਠੋਰਾ ਅਤੇ ਮੁਰਗੇ ਮੁਰਗੀਆਂ ਵੀ ਨਾਲ ਰੱਖਦੇ ਹਨ। ਨਟ ਲੋਕਾਂ ਵਿਚ ਪਿਤਾ ਪੁਰਖੀ ਪਰੰਪਰਾਵਾਂ ਅਤੇ ਰੀਤਾਂ ਇਸ ਕਦਰ ਭਾਰੂ ਹਨ ਕਿ ਇਹ ਲੋਕ ਅੱਜ ਵੀ 'ਖਾਨਾਬਦੋਸ਼ੀ' ਦਾ ਜੀਵਨ ਹੰਢਾ ਰਹੇ ਹਨ। ਇਨ੍ਹਾਂ ਵਿਚੋਂ ਬਹੁਤੇ ਲੋਕ ਭਾਵੇਂ ਹੁਣ ਅਸਥਾਈ ਬਸਤੀਆਂ ਵਿਚ ਵਸਣ ਲੱਗ ਪਏ ਹਨ ਪਰ ਫਿਰ ਵੀ ਇਹ ਲੋਕ ਅਜੇ ਤੀਕ ਜੜ੍ਹਹੀਨ ਹੀ ਹਨ। ਕੁਦਰਤ ਦੀ ਗੋਦ ਵਿਚੋਂ ਮਿਲਣ

ਵਾਲੇ ਜੀਵਨ ਸੋਮਿਆਂ ਦੇ ਖਤਮ ਹੋਣ ਨਾਲ ਇਹ ਲੋਕ ਭੋਜਨ ਪਾਣੀ ਅਤੇ ਖੁਸ਼ਹਾਲ ਇਲਾਕਿਆਂ ਦੀ ਭਾਲ ਵਿਚ ਇੱਧਰ-ਉੱਧਰ ਭਟਕਦੇ ਰਹਿੰਦੇ ਹਨ। ਇਹ ਲੋਕ 'ਨਟ ਕਲਾ' ਲਈ ਚੰਗੀ 'ਬਖਸ਼ਿਸ਼' ਮਿਲਣ ਵਾਲੇ ਇਲਾਕਿਆਂ ਵੱਲ ਕੂਚ ਕਰਦੇ ਰਹਿੰਦੇ ਹਨ। ਇਸ ਤਰ੍ਹਾਂ ਹਰੀਆਂ 'ਚਰਾਗਾਹਾਂ' ਦੀ ਤਲਾਸ਼ ਵਿਚ ਨਿਕਲੇ ਹੋਏ ਇਹ ਲੋਕ ਪੰਜਾਬ, ਹਰਿਆਣਾ ਅਤੇ ਹਿਮਾਚਲ ਦੇ ਵੱਖ-ਵੱਖ ਇਲਾਕਿਆਂ ਵਿਚ ਵਸੇ ਹੋਏ ਹਨ। ਪਹਿਲਾਂ ਇਹ ਲੋਕ ਅਸਥਾਈ ਤੌਰ 'ਤੇ ਵੱਸ ਰਹੇ ਸਨ ਅਤੇ ਬਾਅਦ ਵਿਚ ਇਹੀ 'ਛਪਰੀਆਂ' ਸਥਾਈ ਨਿਵਾਸਾਂ ਵਿਚ ਬਦਲ ਗਈਆਂ। ਪੰਜਾਬ ਵਿੱਚ ਨਟਾਂ ਦੀ ਸੰਖਿਆ ਦੂਜੇ ਕਬੀਲਿਆਂ ਦੇ ਮੁਕਾਬਲੇ ਬਹੁਤ ਘੱਟ ਹੈ। ਪੰਜਾਬ ਦੀ 2001 ਦੀ ਜਣਗਣਨਾ ਮੁਤਾਬਕ ਨਟਾਂ ਦੀ ਕੁਲ ਗਿਣਤੀ ਇੱਕ ਹਜ਼ਾਰ ਇਕੱਤਰ ਹੈ। ਇਨ੍ਹਾਂ ਵਿਚੋਂ ਜ਼ਿਆਦਾਤਰ ਲੋਕ ਪਛੜੇ ਇਲਾਕਿਆਂ ਵਿਚ ਨਦੀਆਂ, ਨਹਿਰਾਂ, ਜੰਗਲਾਂ ਅਤੇ ਰੋਹੀਆਂ ਆਦਿ ਵਿਚ ਛਪਰੀਆਂ ਬਣਾ ਕੇ ਰਹਿ ਰਹੇ ਹਨ। ਇਹ ਲੋਕ ਆਪਣੇ ਬਾਲ ਬੱਚੇ, ਰੱਸੀ, ਬਾਂਸ ਅਤੇ ਰੱਸੀ ਦੇ ਕਲਾ ਕਰਤੱਬਾਂ ਵਾਲਾ ਸਾਮਾਨ ਗਧਿਆਂ ਅਤੇ ਸਾਈਕਲਾਂ ਆਦਿ 'ਤੇ ਲੱਦ ਕੇ ਸ਼ਹਿਰਾਂ, ਨਗਰਾਂ ਅਤੇ ਬਸਤੀਆਂ ਵੱਲ ਚਲ ਪੈਂਦੇ ਹਨ।

ਪੰਜਾਬ ਦੇ ਨਟ ਆਪਣਾ ਪਿੱਛਾ ਰਾਜਸਥਾਨ, ਗੁਜਰਾਤ ਅਤੇ ਉੱਤਰ ਪ੍ਰਦੇਸ਼ ਦੇ ਇਲਾਕਿਆਂ ਨਾਲ ਜੋੜਦੇ ਹਨ। ਇਹ ਲੋਕ ਆਪਣਾ ਮੂਲ ਪ੍ਰਸਿੱਧ ਰਾਜਪੂਤ ਯੋਧੇ ਅਮਰ ਸਿੰਘ ਰਾਠੌਰ ਨਾਲ ਜੋੜਦੇ ਹਨ। ਇਨ੍ਹਾਂ ਵਿਚੋਂ ਕਈ ਲੋਕ ਆਪਣੇ ਆਪ ਨੂੰ ਗੁਜਰਾਤ ਦੇ ਮੂਲ ਬਾਸ਼ਿੰਦੇ ਮੰਨਦੇ ਹਨ ਅਤੇ ਆਪਣਾ ਨਾਂ ਉੱਥੋਂ ਦੇ 'ਗੌਰ' ਲੋਕਾਂ ਨਾਲ ਜੋੜਦੇ ਹਨ।3 ਇਸ ਪ੍ਰਕਾਰ ਇਹ 'ਗੌਰ' ਵੰਸ਼ ਵਾਲੀ ਕੜੀ ਬਾਜ਼ੀਗਰ ਕਬੀਲੇ ਅਤੇ ਨਟ ਕਬੀਲੇ ਨੂੰ ਇਕ ਵਾਰ ਫਿਰ ਆਪਸ ਵਿਚ ਜੋੜ ਦਿੰਦੀ ਹੈ ਕਿਉਂਕਿ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਜੰਮੂ ਦੇ ਬਾਜ਼ੀਗਰ ਵੀ ਆਪਣੇ ਆਪ ਨੂੰ 'ਗੌਰ' ਆਖਦੇ ਹਨ। ਇਸ ਤੋਂ ਇਲਾਵਾ ਨਟ ਲੋਕਾਂ ਦੀਆਂ ਰਸਮਾਂ-ਰੀਤਾਂ ਦਾ ਅਧਿਐਨ ਕਰਦਿਆਂ ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਇਨ੍ਹਾਂ ਲੋਕਾਂ ਦੀ ਜੀਵਨ ਸ਼ੈਲੀ ਬਾਕੀ ਹੋਰ ਕਬੀਲਿਆਂ ਨਾਲੋਂ ਭਿੰਨਤਾ ਰੱਖਦੀ ਹੈ। ਨਟਾਂ ਦੇ ਸਮਾਜ ਸਭਿਆਚਾਰ ਅਤੇ ਲੋਕਧਾਰਾ ਦਾ ਵਿਸ਼ਲੇਸ਼ਣ ਕਰਨ ਉਪਰੰਤ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਨਟ ਲੋਕ ਕੁਦਰਤੀ ਸ਼ਕਤੀਆਂ ਨੂੰ ਮੰਨਦੇ ਆਏ ਹਨ। ਇਨ੍ਹਾਂ ਲੋਕਾਂ ਦੀ ਟੋਟਮ ਟੈਬੂ ਪਰੰਪਰਾ ਵੀ ਇਸ ਗੱਲ ਦੀ ਪੁਸ਼ਟੀ ਕਰਦੀ ਹੈ। ਪਰ ਬਾਅਦ ਵਿਚ ਰਾਪਜੂਤ ਰਿਆਸਤਾਂ ਦੀ ਚੜ੍ਹਤ ਅਤੇ ਮੁਗਲ ਕਾਲ ਵਿਚ ਮੁਗਲਾਂ ਦੀ ਚੜ੍ਹਤ ਨੇ ਇਨ੍ਹਾਂ ਲੋਕਾਂ ਦੀ ਜੀਵਨ ਸ਼ੈਲੀ 'ਤੇ ਗਹਿਰਾ ਪ੍ਰਭਾਵ ਪਾਇਆ ਹੈ। ਇਸੇ ਹੀ ਪ੍ਰਭਾਵ ਹੇਠ ਇਹ ਲੋਕ ਹਿੰਦੂ ਅਤੇ ਮੁਸਲਮਾਨ ਧਰਮਾਂ ਦੇ ਪ੍ਰਭਾਵ ਹੇਠ ਆਏ। ਪਰੰਤੂ ਅੱਜ ਵੀ ਇਨ੍ਹਾਂ ਲੋਕਾਂ ਦੇ ਸਭਿਆਚਾਰ ਦਾ ਅਧਿਐਨ ਕਰਦਿਆਂ ਇਨ੍ਹਾਂ ਦੇ ਆਦਿ ਕਾਲੀ ਕਬੀਲਾ ਜੀਵਨ ਦੀਆਂ ਰੁਚੀਆਂ ਅਤੇ ਪ੍ਰਵਿਰਤੀਆਂ ਨੂੰ ਮੂਲ ਰੂਪ ਵਿਚ ਵੇਖਿਆ ਜਾ ਸਕਦਾ ਹੈ। ਇਸ ਸੰਬੰਧ ਵਿੱਚ ਘੁਮੰਤੂ ਕਬੀਲੇ ਆਦਿਵਾਸੀ ਕਬੀਲਿਆਂ ਨਾਲੋਂ ਜ਼ਿਆਦਾ ਖੁੱਲ੍ਹੇ ਅਤੇ ਲਚਕੀਲੇ ਹਨ। ਇਸ ਤਰ੍ਹਾਂ ਸੁਰੱਖਿਅਤ ਥਾਵਾਂ ਅਤੇ ਵਧੀਆ ਜੀਵਨ ਸੋਮਿਆਂ ਦੀ ਭਾਲ ਵਿਚ ਇਹ ਲੋਕ ਜਿੱਧਰੋਂ-ਜਿੱਧਰੋਂ ਵੀ ਲੰਘਦੇ ਗਏ, ਉੱਥੋਂ ਦੇ ਸਥਾਨਕ ਸਭਿਆਚਾਰਾਂ ਦਾ ਪ੍ਰਭਾਵ ਵੀ

ਕਬੂਲਦੇ ਗਏ। ਇਸ ਤੋਂ ਇਲਾਵਾ ਨਟਾਂ ਦੇ ਮੂਲ ਸੰਬੰਧੀ ਪੀੜ੍ਹੀ-ਦਰ-ਪੀੜ੍ਹੀ ਚਲਦੀਆਂ ਆ ਰਹੀਆਂ ਕੁਝ ਪ੍ਰਚੱਲਿਤ ਮਿੱਥ ਕਥਾਵਾਂ ਇਸ ਪ੍ਰਕਾਰ ਹਨ :

1. **ਪਹਿਲੀ ਕਥਾ** : ਪੰਜਾਬ ਵਿਚ ਵੱਸਣ ਵਾਲੇ ਨਟਾਂ ਅਨੁਸਾਰ ਇਹ ਲੋਕ ਮਾਰਵਾੜ ਦੀ ਬ੍ਰਾਹਮਣ ਕੁਲ ਨਾਲ ਸੰਬੰਧਤ ਹਨ। ਇਨ੍ਹਾਂ ਲੋਕਾਂ ਦਾ ਪਿਤਾ ਪੁਰਖੀ ਧੰਦਾ ਮੋਏ ਹੋਏ ਵਿਅਕਤੀ ਦੀ ਚਿਤਾ ਲਈ ਤੇਲ ਲੈ ਕੇ ਜਾਣਾ ਹੁੰਦਾ ਸੀ। ਇਸ ਕੰਮ ਲਈ ਮ੍ਰਿਤਕ ਦੇ ਪਰਿਵਾਰ ਵੱਲੋਂ ਇਨ੍ਹਾਂ ਲੋਕਾਂ ਨੂੰ ਕੁਝ ਭੇਟਾ ਦਿੱਤੀ ਜਾਂਦੀ ਸੀ। ਇਕ ਵਾਰੀ ਆਪਣੇ ਹੀ ਇਕ ਕਬੀਲੇ ਵਿਚ ਇਕ ਜ਼ਰੂਰੀ ਵਿਆਹ ਦੇ ਆ ਜਾਣ ਕਾਰਨ ਇਹ ਲੋਕ ਆਪਣੇ ਜਜ਼ਮਾਨਾਂ ਦੇ ਘਰ ਮੌਤ ਤੋਂ ਪਹਿਲਾਂ ਹੀ ਤੇਲ ਪਹੁੰਚਾਉਣ ਚਲੇ ਗਏ ਤਾਂ ਕਿ ਕਿਸੇ ਵੀ ਹੋਣ ਵਾਲੀ ਮੌਤ ਦੀ ਸੂਰਤ ਵਿਚ ਇਹ ਤੇਲ ਵਰਤਿਆ ਜਾ ਸਕੇ। ਇਨ੍ਹਾਂ ਦੇ ਜ਼ਜਮਾਨਾਂ ਨੇ ਇਸ ਗੱਲ ਨੂੰ ਇਕ ਅਪਸ਼ਗਨ ਵਜੋਂ ਲਿਆ ਅਤੇ ਇਨ੍ਹਾਂ ਲੋਕਾਂ ਦਾ ਪਿਤਾ ਪੁਰਖੀ ਪੁਰੋਹਿਤ ਦਾ ਧੰਦਾ ਖਤਮ ਕਰ ਦਿੱਤਾ। ਇਸ ਘਟਨਾ ਤੋਂ ਬਾਅਦ ਨਟ ਲੋਕ ਇਕ ਪਹੁੰਚੇ ਹੋਏ ਫ਼ਕੀਰ ਕੋਲ ਮੱਦਦ ਲਈ ਗਏ। ਉਸ ਫ਼ਕੀਰ ਨੇ ਇਕ ਨਿਪੁੰਨ ਬਾਂਦਰ ਤੋਂ ਇਨ੍ਹਾਂ ਨੂੰ ਹੱਥਾਂ ਪੈਰਾਂ ਨਾਲ ਕਰਤੱਬ ਦਿਖਾਉਣ ਦੀ ਕਲਾ ਸਿਖਾਈ।14 ਚਮਗਾ, ਬੇੜੇ ਅਤੇ ਬਨਜ਼ ਨਟਾਂ ਦੀਆਂ ਮੁੱਖ ਸ਼ਾਖਾਵਾਂ ਹਨ ਪਰੰਤੂ ਇਨ੍ਹਾਂ ਨੂੰ ਕਿੱਤੇ ਦੇ ਆਧਾਰ 'ਤੇ ਸਪੇਰਾ, ਮਦਾਰੀ, ਨਚਾਰ, ਕਲੰਦਰ ਅਤੇ ਜੜ੍ਹੀਆਂ-ਬੂਟੀਆਂ ਦੀ ਵੈਦਗਿਰੀ ਦੇ ਆਧਾਰ 'ਤੇ ਵੰਡਿਆ ਜਾ ਸਕਦਾ ਹੈ।

2. **ਦੂਜੀ ਕਥਾ** : ਇਸ ਕਥਾ ਅਨੁਸਾਰ ਨਟ ਲੋਕ ਹਿਮਾਚਲ ਦੇ ਇਤਿਹਾਸਕ ਸ਼ਹਿਰ ਸਿਰਮੌਰ ਦੇ ਮੋਢੀ ਹਨ। ਇਸ ਸੰਬੰਧੀ ਇਹ ਘਟਨਾ ਪ੍ਰਚੱਲਿਤ ਹੈ ਕਿ ਇਕ ਵਾਰ ਇੱਥੋਂ ਦੇ ਰਾਜੇ ਨੇ ਇਕ ਨਟਨੀ ਨਾਲ ਇਹ ਕੌਲ਼ ਕੀਤਾ ਕਿ ਜੇਕਰ ਉਹ ਇਕ ਰੱਸੀ 'ਤੇ ਤੁਰ ਕੇ 'ਗਿਰੀ ਨਦੀ' ਪਾਰ ਕਰਕੇ ਦਿਖਾਵੇਗੀ ਤਾਂ ਉਹ ਉਸਨੂੰ ਅੱਧੇ ਰਾਜ ਦੀ ਬਖਸ਼ਿਸ਼ ਕਰ ਦੇਵੇਗਾ। ਜਦੋਂ ਉਹ ਨਟਣੀ ਨਦੀ ਪਾਰ ਕਰਨ ਉਪਰੰਤ ਵਾਪਸ ਆ ਰਹੀ ਸੀ ਤਾਂ ਰਾਜੇ ਨੇ ਛਲ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਉਸਦੀ ਰੱਸੀ ਕੱਟ ਦਿੱਤੀ। ਡੂੰਘੀ ਨਦੀ ਵਿਚ ਡਿੱਗਣ ਕਾਰਨ ਉਸ ਔਰਤ ਦੀ ਮੌਤ ਹੋ ਗਈ। ਇਸ ਘਟਨਾ ਤੋਂ ਬਾਅਦ ਗਿਰੀ ਨਦੀ ਬਹੁਤ ਕ੍ਰੋਧਿਤ ਹੋ ਗਈ ਤੇ ਉਹ ਉਸ ਰਾਜੇ ਦੀ ਰਾਜਧਾਨੀ ਨੂੰ ਆਪਣੇ ਪਾਣੀਆਂ ਵਿਚ ਵਹਾ ਕੇ ਲੈ ਗਈ। ਨਟਣੀ ਦੇ ਡੁੱਬਣ ਤੋਂ ਬਾਅਦ ਇਕ ਫਕੀਰ ਨੇ ਨਾਹਨ ਵਿਚ ਆ ਕੇ ਰਾਜੇ ਦੀ ਬੇਈਮਾਨੀ ਬਾਰੇ ਲੋਕਾਂ ਨੂੰ ਦੱਸਿਆ। ਇਹ ਗੱਲ ਸੁਣਨ ਉਪਰੰਤ ਰਾਜੇ ਨੇ ਉਸਨੂੰ ਮਹਿਲ ਵਿਚੋਂ ਕੱਢ ਦਿੱਤਾ। ਇਸ ਘਟਨਾ ਤੋਂ ਬਾਅਦ ਫ਼ਕੀਰ ਨੇ ਇਕ ਗਰੀਬ ਬ੍ਰਾਹਮਣ ਔਰਤ ਦੇ ਘਰ ਸ਼ਰਨ ਲਈ ਅਤੇ ਉਸਨੂੰ ਨਾਹਨ ਤੋਂ ਇਲਾਵਾ ਕਿਤੋਂ ਹੋਰ ਭੋਜਨ ਦਾ ਬੰਦੋਬਸਤ ਕਰਨ ਲਈ ਬੇਨਤੀ ਕੀਤੀ। ਰਾਤ ਨੂੰ ਉਸਨੇ ਬ੍ਰਾਹਮਣ ਔਰਤ ਤੋਂ ਦੁੱਧ ਦੀ ਮੰਗ ਕੀਤੀ। ਔਰਤ ਦੇ ਘਰ ਕੋਈ ਦੁੱਧ ਦੇਣ ਵਾਲਾ ਪਸ਼ੂ ਨਹੀਂ ਸੀ। ਇਸੇ ਦੌਰਾਨ ਬ੍ਰਾਹਮਣ ਔਰਤ ਦੀ ਦੁੱਧ ਤੋਂ ਭੱਜੀ ਹੋਈ ਗਊ ਦੇ ਥਣਾਂ ਵਿਚ ਚਮਤਕਾਰੀ ਢੰਗ ਨਾਲ ਦੁੱਧ ਉਤਰ ਆਇਆ। ਦੁੱਧ ਦਾ ਸੇਵਨ ਕਰਨ ਉਪਰੰਤ ਉਸ ਫ਼ਕੀਰ ਨੇ ਔਰਤ ਨੂੰ ਸਰਾਪੇ ਹੋਏ ਸ਼ਹਿਰ ਨੂੰ ਛੱਡ ਦੇਣ ਲਈ ਕਿਹਾ। ਫ਼ਕੀਰ ਦੇ ਵਾਕ ਸੁਣਨ ਤੋਂ ਬਾਅਦ ਉਹ ਔਰਤ

ਆਪਣਾ ਬਾਲ ਬੱਚਾ ਲੈ ਕੇ ਗਿਰੀ ਨਦੀ ਤੋਂ ਪਾਰ ਚਲੀ ਗਈ। ਉਸਦੇ ਨਦੀ ਪਾਰ ਕਰਨ ਤੋਂ ਬਾਅਦ ਸਾਰਾ ਸ਼ਹਿਰ ਪਾਣੀ ਦੀ ਲਪੇਟ ਵਿਚ ਆ ਕੇ ਖਤਮ ਹੋ ਗਿਆ। ਇਸ ਤੋਂ ਬਾਅਦ ਨਟਣੀ ਦੇ ਹਿਤੈਸ਼ੀ ਲੋਕ ਇਕੱਠੇ ਹੋ ਕੇ ਜੈਸਲਮੇਰ ਕੋਲ ਗਏ ਅਤੇ ਉਸਦੇ ਪੁੱਤਰਾਂ ਵਿਚੋਂ ਇਕ ਨੂੰ ਧੋਖੇਬਾਜ਼ ਰਾਜੇ ਦੀ ਰਿਆਸਤ ਦਾ ਵਾਰਿਸ ਬਣਨ ਦਾ ਅਹਿਦ ਲਿਆ। ਜੈਸਲਮੇਰ ਦੇ ਰਾਜੇ ਦੀਆਂ ਸੱਤ ਰਾਣੀਆਂ ਸਨ ਜਿਹੜੀਆਂ ਕਿ ਉਸ ਸਮੇਂ ਗਰਭਵਤੀ ਸਨ। ਰਾਜੇ ਨੇ ਉਨ੍ਹਾਂ ਵਿਚੋਂ ਇਕ ਰਾਣੀ ਨੂੰ ਨਟ ਲੋਕਾਂ ਨੂੰ ਅਰਪ ਦਿੱਤਾ। ਉਹ ਲੋਕ ਉਸਨੂੰ ਨਾਹਨ ਵਿਖੇ ਲੈ ਗਏ ਜਿੱਥੇ ਉਸਨੇ ਇਕਾਂਤ ਵਿਚ ਇਕ ਸ਼ੇਰ, ਚਾਰ ਦੈਂਤਾਂ ਅਤੇ ਇਕ ਪੁੱਤਰ ਨੂੰ ਜਨਮ ਦਿੱਤਾ। ਇਸ ਉਪਰੰਤ ਨਟਾਂ ਨੇ ਸ਼ੇਰ ਅਤੇ ਚਾਰ ਦੈਂਤਾਂ, ਸੋਤਾਂ, ਚੰਤਾਂ, ਬੈਂਥਾਂ, ਖੰਡਾ ਅਤੇ ਬਾਸ਼ੂ ਨੂੰ ਸਿੱਖਿਆ ਦੇ ਕੇ ਨੇੜੇ ਦੇ ਢੱਕ ਦੇ ਜੰਗਲਾਂ ਵਿਚ ਭੇਜ ਦਿੱਤਾ। ਇਸ ਤਰ੍ਹਾਂ ਜੈਸਲਮੇਰ ਦੀ ਰਾਣੀ ਦਾ ਇਹ ਪੁੱਤਰ ਸਿਰਮੌਰ ਦਾ ਰਾਜਾ ਬਣਿਆ।[5]

3. **ਤੀਜੀ ਕਥਾ** : ਪੰਜਾਬ, ਹਰਿਆਣਾ ਅਤੇ ਹਿਮਾਚਲ ਦੇ ਨਟ ਆਪਣਾ ਪਿੱਛਾ ਗੁਜਰਾਤ ਅਤੇ ਰਾਜਸਥਾਨ ਦੀਆਂ ਰਿਆਸਤਾਂ ਨਾਲ ਜੋੜਦੇ ਹਨ। ਨਟ ਲੋਕਾਂ ਦੀ ਪੀੜ੍ਹੀ ਦਰ ਪੀੜ੍ਹੀ ਚਲਦੀ ਆ ਰਹੀ ਮੌਖਿਕ ਪਰੰਪਰਾ ਅਤੇ ਲੋਕ ਕਥਾਵਾਂ ਇਸ ਗੱਲ ਦੀਆਂ ਪੁਸ਼ਟੀ ਕਰਦੀਆਂ ਹਨ ਕਿ ਕਦੇ ਨਾ ਕਦੇ ਇਨ੍ਹਾਂ ਲੋਕਾਂ ਦਾ ਰਾਜਪੂਤ ਕਬੀਲਿਆਂ ਅਤੇ ਰਿਆਸਤਾਂ ਨਾਲ ਨਿਕਟਵਰਤੀ ਸੰਬੰਧ ਰਿਹਾ ਹੈ। ਇਨ੍ਹਾਂ ਲੋਕਾਂ ਦਾ ਜੋਖ਼ਮ ਭਰੀਆਂ ਕਲਾਵਾਂ ਨਾਲ ਜੁੜਨਾ, ਔਖੇ ਤੋਂ ਔਖੇ ਸਮੇਂ ਵਿਚ ਵੀ ਈਨ ਨਾ ਮੰਨਣਾ ਅਤੇ ਬਹਾਦਰਾਂ ਵਾਂਗ ਜੀਵਨ ਯੁੱਧ ਲੜਨਾ ਇਸ ਤੱਥ ਦੀ ਗਵਾਹੀ ਭਰਦੇ ਹਨ ਕਿ ਇਹ ਯੁੱਧਵੀਰ ਲੜਾਕੂ ਕਬੀਲਿਆਂ ਦੀ ਹੀ ਸੰਤਾਨ ਹਨ। ਇਸ ਤੋਂ ਇਲਾਵਾ ਇਨ੍ਹਾਂ ਲੋਕਾਂ ਦਾ ਸਭਿਆਚਾਰ, ਬੋਲੀ, ਟੋਟਮ ਟੈਬੂ ਪਰੰਪਰਾ, ਨਕਸ਼-ਨੁਹਾਰ ਅਤੇ ਨਾਵਾਂ ਦੀ ਸਮਾਨਤਾ ਇਨ੍ਹਾਂ ਲੋਕਾਂ ਨੂੰ ਰਾਜਪੂਤਾਂ ਵਿਚੋਂ ਨਿਖੜੇ ਹੋਏ ਸਿੱਧ ਕਰਦੇ ਹਨ।

ਨਟ ਲੋਕ ਅਤੇ ਨਟ ਵਿੱਦਿਆ

ਨਟ ਇਕ ਬਹਾਦਰ ਅਤੇ ਲੜਾਕੂ ਕੌਮ ਹੈ। ਇਨ੍ਹਾਂ ਦੇ ਕਲਾ ਕਰਤਬਾਂ ਅਤੇ ਸਾਹਸ ਨੂੰ ਇਨ੍ਹਾਂ ਦੀ ਲੜਾਕੂ ਅਤੇ ਯੁਧਵੀਰ ਪਿੱਠਭੂਮੀ ਵਿਚ ਰੱਖ ਕੇ ਵੇਖਿਆ ਜਾ ਸਕਦਾ ਹੈ। ਪੰਜਾਬ ਦੇ ਕਈ ਕਬੀਲੇ ਅਜਿਹੇ ਹਨ ਜਿਹੜੇ ਕਿ ਮੁਗਲ ਕਾਲ ਵਿਚ ਆਪਣੇ ਰਾਜਿਆਂ ਅਤੇ ਰਿਆਸਤਾਂ ਲਈ ਬੜੀ ਵੀਰਤਾ ਨਾਲ ਲੜੇ ਅਤੇ ਲਗਾਤਾਰ ਜਿੱਤਾਂ-ਹਾਰਾਂ ਵਿਚੋਂ ਲੰਘਦੇ ਹੋਏ ਸੁਰੱਖਿਅਤ ਇਲਾਕਿਆਂ ਨੂੰ ਨਿਕਲ ਗਏ। ਇਹ ਲੋਕ ਉੱਥੇ ਫਿਰ ਸਥਾਪਤ ਹੋਣ ਦਾ ਯਤਨ ਵੀ ਕਰਦੇ ਰਹੇ ਪਰੰਤੂ ਵਿਦੇਸ਼ੀ ਹਮਲਾਵਰਾਂ ਦੇ ਉੱਥੇ ਕਾਬਜ਼ ਹੋ ਜਾਣ ਤੋਂ ਬਾਅਦ ਇਹ ਲੋਕ ਬੁਰੀ ਤਰ੍ਹਾਂ ਤਿਤਰ-ਬਿਤਰ ਹੋ ਗਏ। ਇਹ ਸਾਰਾ ਕੁਝ ਵਾਪਰਨ ਤੋਂ ਬਾਅਦ ਇਨ੍ਹਾਂ ਲੋਕਾਂ ਨੇ ਆਪਣੀ ਯੁੱਧ ਕਲਾ ਅਤੇ ਵੀਰਤਾ ਨੂੰ ਰੋਜ਼ੀ-ਰੋਟੀ ਕਮਾਉਣ ਲਈ ਵੱਖ-ਵੱਖ ਮਨੋਰੰਜਕ ਕਲਾਵਾਂ ਵਿਚ ਢਾਲ ਲਿਆ। ਇਨ੍ਹਾਂ ਦੀਆਂ ਸਾਰੀਆਂ ਲੋਕ

ਕਲਾਵਾਂ ਵਿਚ 'ਯੁੱਧ ਕਲਾ' ਦੇ ਪ੍ਰਭਾਵੀ ਲੱਛਣ ਮੌਜੂਦ ਹਨ। ਇਸ ਤੱਥ ਦੀ ਸਭ ਤੋਂ ਵੱਡੀ ਗਵਾਹੀ ਇਹ ਹੈ ਕਿ ਪੰਜਾਬ ਦੇ ਬਾਜ਼ੀਗਰ ਨਟਾਂ ਨੂੰ ਆਪਣਾ ਗੁਰੂ ਮੰਨਦੇ ਹਨ। ਇਹ ਲੋਕ ਅੱਜ ਵੀ ਇਸ ਗੱਲ ਦੀ ਗਵਾਹੀ ਭਰਦੇ ਹਨ। ਪੰਜਾਬ ਦੇ ਹਰ ਇਕ ਡੇਰੇ ਦੇ ਬਾਜ਼ੀਗਰ ਲੋਕਾਂ ਨਾਲ 'ਬਾਜ਼ੀ ਕਲਾ' ਸੰਬੰਧੀ ਗੱਲ ਕਰਦਿਆਂ ਵਾਰ-ਵਾਰ ਇਹੀ ਕਹਾਣੀ ਸੁਣਨ ਨੂੰ ਮਿਲਦੀ ਹੈ ਕਿ ਇਨ੍ਹਾਂ ਲੋਕਾਂ ਨੇ ਨਟਾਂ ਤੋਂ ਇਹ 'ਬਾਜ਼ੀ ਕਲਾ' ਦਾ ਕਲਾਕੌਸ਼ਲ ਪ੍ਰਾਪਤ ਕੀਤਾ। ਇਸ ਸੰਬੰਧੀ ਬਾਜ਼ੀਗਰ ਕਬੀਲੇ ਵਿਚ ਪੀੜ੍ਹੀ ਦਰ ਪੀੜ੍ਹੀ ਚਲਦੀ ਆ ਰਹੀ ਇਕ ਮੌਖਿਕ ਕਥਾ ਪ੍ਰਚੱਲਿਤ ਹੈ :

> *"ਜਦੋਂ ਅਮੀਂ ਬੇਵਾਹ ਓ ਗਏ। ਜਦੇ ਮਾਰ੍ਹੇ ਪਾਲੇ ਘਰ ਬਾਰ ਛੂਟ ਗਿਓ ਜਦੇ ਮਾਰ੍ਹੋ ਰਾਜ ਚਲੇ ਗਿਓ। ਫੇਰ ਅਮ੍ਹੀਂ ਭੂਖੇ ਮਰੇ ਨੇ ਲਾਗ ਪੜੇ ਫੇਰ ਕੇਂ ਮਾਰੇ ਬਾਪ ਦਾਦਾ ਨੇ ਕਿਓ। ਕਿ ਭਾਈ ਧਵੀਂ ਨਟੇ ਪਈਂ ਚਲੇ ਜਾਓ। ਤੇ ਓਰੇ ਪਾਲੇ ਕੋਈ ਗੁਰ ਲੈ ਲਿਓ। ਏਰਾ ਫੇਰ ਮਾਰ ਬੂਢੇ ਨਟੇ ਪਈਂ ਚਲੇ ਗਏ ਤੇ ਓਰੇ ਪਾਲੇ ਬਾਜੀ ਘਾਲਣੀ ਸੀਖ ਲਿਦੀ। ਐਰਾ ਫੇਰ ਅਮ੍ਹੀਂ ਐਲ੍ਹੀ ਐਲ੍ਹੀ ਗਵਾਰੇ ਥੋਂ 'ਬਾਜੀਗਰ' ਘਾਏ ਨੇ ਲਾਗ ਪੜੇ ਤੇ ਕੌਰ (ਅਜਨਬੀ ਲੋਕ) ਮਿੰਨੇ ਬਾਜੀਕਰ ਕੇਹਨੇ ਲਾਗ ਪੜੇ।"*[6]

ਲੋਕ ਜੀਵਨ ਦਾ ਲੋਕ ਜੀਵਨ

ਨਟ ਇਕ ਘੁਮੱਕੜ ਪ੍ਰਵਿਰਤੀਆਂ ਵਾਲਾ ਖਾਨਾਬਦੋਸ਼ ਕਬੀਲਾ ਹੈ ਜਿਹੜਾ ਕਿ ਪਿੰਡਾਂ ਅਤੇ ਸ਼ਹਿਰਾਂ ਦੇ ਨੇੜੇ ਘਾਹ-ਫੂਸ ਦੀਆਂ ਅਸਥਾਈ ਕੁਲੀਆਂ ਬਣਾ ਕੇ ਰਹਿੰਦਾ ਹੈ। ਬਾਂਸ ਅਤੇ ਰੱਸੀ ਨਾਲ ਸੰਬੰਧਤ ਕਲਾ ਕਰਤੱਬ ਦਿਖਾਉਣ ਦੇ ਨਾਲ-ਨਾਲ ਇਹ ਲੋਕ ਘਾਹ, ਫੂਸ ਅਤੇ ਕਾਨੇ ਦੀਆਂ ਵਸਤਾਂ ਬਣਾ ਕੇ ਪਿੰਡਾਂ ਸ਼ਹਿਰਾਂ ਅਤੇ ਨਗਰਾਂ ਵਿਚ ਵੇਚਦੇ ਹਨ। ਇਨ੍ਹਾਂ ਵਿਚੋਂ ਕੁਝ ਲੋਕ ਨਾਚ-ਗਾਣੇ ਅਤੇ ਨਕਲਚੀਆਂ ਦਾ ਪੇਸ਼ਾ ਵੀ ਕਰਦੇ ਹਨ। ਇਨ੍ਹਾਂ ਵਿਚੋਂ ਕੁਝ ਲੋਕ-ਸੰਗੀਤ ਦੀ ਪਰੰਪਰਾ ਨਾਲ ਵੀ ਜੁੜੇ ਹੋਏ ਹਨ ਜਿਹੜੇ ਕਿ ਢੋਲਕ ਦੀ ਤਾਲ 'ਤੇ ਨਾਚ ਗਾਣਾ ਦਿਖਾ ਕੇ ਆਪਣਾ ਨਿਰਬਾਹ ਕਰਦੇ ਹਨ। ਅੱਜ ਵੀ ਪੰਜਾਬ ਦੇ ਪਿੰਡਾਂ ਵਿਚ ਨਟ ਔਰਤਾਂ ਢੋਲਕ ਦੀ ਥਾਪ 'ਤੇ ਨੱਚਦੀਆਂ ਨਜ਼ਰ ਆ ਜਾਂਦੀਆਂ ਹਨ। ਢੋਲ ਨਟ ਕਬੀਲੇ ਦਾ ਮੁੱਖ ਸਾਜ਼ ਹੈ। ਇਨ੍ਹਾਂ ਲੋਕਾਂ ਦੀ ਖੁਸ਼ੀ ਦੇ ਸਾਰੇ ਸਮਾਗਮ ਢੋਲ ਦੀ ਥਾਪ 'ਤੇ ਹੀ ਸਿਰੇ ਚੜ੍ਹਦੇ ਹਨ। ਨਟ ਆਦਿਕਾਲ ਤੋਂ ਵੈਦਗਿਰੀ ਦਾ ਧੰਦਾ ਵੀ ਕਰਦੇ ਰਹੇ ਹਨ। ਇਹ ਲੋਕ ਜੜ੍ਹੀਆਂ ਬੂਟੀਆਂ ਇਕੱਠੀਆਂ ਕਰਨ ਦੀ ਕਲਾ ਵਿਚ ਮੁਹਾਰਤ ਰੱਖਦੇ ਹਨ। ਇਹ ਲੋਕ ਸਦੀਆਂ ਤੋਂ ਚੀਰਫਾੜ, ਜੜ੍ਹੀਆਂ-ਬੂਟੀਆਂ ਅਤੇ ਜਾਦੂ-ਟੂਣੇ ਰਾਹੀਂ ਇਲਾਜ ਕਰਨ ਦੀਆਂ ਪ੍ਰਣਾਲੀਆਂ ਨਾਲ ਵੀ ਜੁੜੇ ਰਹੇ ਹਨ। ਇਹ ਲੋਕ ਮੁੱਖ ਤੌਰ 'ਤੇ ਦੋ ਵਰਗਾਂ ਵਿਚ ਵੰਡੇ ਹੋਏ ਹਨ :

1. ਨਟ ਕਲਾਕਾਰ ਪੁਰਸ਼
2. ਨਟ ਕਲਾਕਾਰ ਇਸਤਰੀਆਂ

ਨਟ ਕਲਾਕਾਰ ਪੁਰਸ਼ : ਨਟ ਕਲਾਕਾਰ ਪੁਰਸ਼ਾਂ ਦੀ ਸ਼੍ਰੇਣੀ ਵਿਚ ਉਹ ਲੋਕ ਆਉਂਦੇ

ਹਨ ਜਿਹੜੇ ਕਿ ਆਪ ਖ਼ੁਦ ਕਲਾ ਕਰਤੱਬ ਅਤੇ ਰੱਸੀ ਨਾਲ ਜੁੜੀਆਂ ਹੋਈਆਂ ਖੇਡਾਂ ਦਿਖਾ ਕੇ ਲੋਕਾਂ ਦਾ ਮਨੋਰੰਜਨ ਕਰਦੇ ਹਨ। ਇਨ੍ਹਾਂ ਵਿਚੋਂ ਕਈ ਲੋਕ ਵਿਆਹ-ਸ਼ਾਦੀਆਂ 'ਤੇ ਢੋਲਕ ਦੀ ਥਾਪ 'ਤੇ ਵਧਾਈ ਮੰਗਣ ਵੀ ਜਾਂਦੇ ਹਨ। ਪੁਰਸ਼ ਨਟਾਂ ਦੁਆਰਾ ਪੈਰਾਂ ਨਾਲ ਲੰਮੇ-ਲੰਮੇ ਬਾਂਸ ਬੰਨ੍ਹ ਕੇ ਪਿੰਡਾਂ ਅਤੇ ਸ਼ਹਿਰਾਂ ਵਿਚ ਕਲਾ-ਪ੍ਰਦਰਸ਼ਨ ਕਰਨਾ ਕਮਾਲ ਦੀ ਝਾਕੀਆਂ ਪੈਦਾ ਕਰਦੇ ਹਨ। ਇਸ ਤੋਂ ਇਲਾਵਾ ਬਾਂਸ 'ਤੇ ਚੜ੍ਹਨਾ, ਬਾਂਸ ਦੀ ਮਦਦ ਨਾਲ ਲੰਮੀ ਛਾਲ ਮਾਰਨਾ, ਰੱਸੀ 'ਤੇ ਪੈਰਾਂ ਨਾਲ ਸਾਈਕਲ ਦਾ ਚੱਕਾ ਚਲਾਉਣਾ, ਸਿਰ 'ਤੇ ਸੱਤ ਘੜੇ ਰੱਖ ਕੇ ਰੱਸੀ 'ਤੇ ਚਲਣਾ, ਰੱਸੀ ਤੇ ਨਾਚ ਦਿਖਾਉਣਾ ਅਤੇ ਅੱਖਾਂ 'ਤੇ ਪੱਟੀ ਬੰਨ੍ਹ ਕੇ ਰੱਸੀ 'ਤੇ ਡਾਂਗ ਦੀ ਮੱਦਦ ਨਾਲ ਚੱਲਣਾ ਨਟ ਕਬੀਲੇ ਦੇ ਕੁਝ ਪ੍ਰਸਿੱਧ ਕਲਾ ਕਰਤੱਬ ਹਨ। ਇਨ੍ਹਾਂ ਲੋਕਾਂ ਦੀਆਂ ਰਸਮਾਂ-ਰੀਤਾਂ ਆਦਿਕਾਲੀ ਕੁਦਰਤੀ ਧਰਮਾਂ ਦੇ ਨਾਲ-ਨਾਲ ਹਿੰਦੂ ਅਤੇ ਮੁਸਲਮਾਨ ਧਰਮ ਨਾਲ ਕਾਫ਼ੀ ਮਿਲਦੀਆਂ-ਜੁਲਦੀਆਂ ਹਨ। ਪਰ ਇਹ ਲੋਕ ਧੁਰ ਤੋਂ ਹੀ ਵਰਣ-ਵਿਵਸਥਾ ਦੇ ਚੱਕਰ ਵਿਚੋਂ ਬਾਹਰ ਵਿਚਰਦੇ ਆਏ ਹਨ। ਇਨ੍ਹਾਂ ਲੋਕਾਂ ਦੇ ਵਿਆਹ 'ਫੇਰਿਆਂ' ਦੁਆਰਾ ਸੰਪੰਨ ਹੁੰਦੇ ਰਹੇ ਹਨ ਅਤੇ ਇਹ ਲੋਕ ਆਪਣੇ ਮ੍ਰਿਤਕਾਂ ਨੂੰ ਦਫਨਾਉਂਦੇ ਰਹੇ ਹਨ। ਇਹ ਲੋਕ ਆਦਿਕਾਲੀ ਸ਼ਿਕਾਰੀ ਹਨ ਅਤੇ ਸ਼ਿਕਾਰੀ ਕੁੱਤਿਆਂ ਦੀ ਮੱਦਦ ਨਾਲ ਸ਼ਿਕਾਰ ਕਰਕੇ ਜੰਗਲੀ ਜਾਨਵਰਾਂ ਦੇ ਮਾਸ 'ਤੇ ਗੁਜ਼ਾਰਾ ਕਰਦੇ ਰਹੇ ਹਨ। ਇਹ ਲੋਕ ਦੇਵੀਆਂ ਅਤੇ ਹਨੂੰਮਾਨ ਦੇ ਉਪਾਸ਼ਕ ਹਨ। ਇਹ ਲੋਕ ਆਪਣੇ ਕਲਾ-ਕਰਤਬਾਂ ਕਰਕੇ ਹਨੂੰਮਾਨ ਜੀ ਨੂੰ ਆਪਣਾ ਸ਼ਕਤੀਦਾਤਾ ਮੰਨਦੇ ਹਨ।

ਇਨ੍ਹਾਂ ਲੋਕਾਂ 'ਤੇ ਯੂਰਪ ਦੇ ਜਿਪਸੀ ਕਬੀਲਿਆਂ ਵਾਂਗ ਰਾਜੇ ਰਾਣਿਆਂ ਅਤੇ ਸਰਦਾਰਾਂ ਦਾ ਰਾਜ ਰਿਹਾ ਹੈ। ਨਟਾਂ ਦੇ ਲੋਕ ਜੀਵਨ ਬਾਰੇ ਡੈਂਜਿਲ ਇਬਟਸਨ ਅਤੇ ਈ.ਡੀ. ਮੈਕਲਗਾਨ ਨੇ ਕਈ ਗ਼ੈਰ-ਜ਼ਿੰਮੇਵਾਰ ਅਤੇ ਉਲਾਰ ਟਿੱਪਣੀਆਂ ਵੀ ਕੀਤੀਆਂ ਹਨ ਜਿਹੜੀਆਂ ਕਿ ਸਰਾਸਰ ਝੂਠ ਦਾ ਪੁਲੰਦਾ ਹਨ। ਨਟ ਅਤੇ ਬਾਜ਼ੀਗਰ ਔਰਤਾਂ ਬਾਰੇ ਖ਼ਾਸ ਤੌਰ 'ਤੇ ਇਨ੍ਹਾਂ ਅੰਗਰੇਜ ਪ੍ਰਸ਼ਾਸਕਾਂ ਵੱਲੋਂ ਕੀਤੀਆਂ ਗਈਆਂ ਗ਼ੈਰ-ਜ਼ਿੰਮੇਵਾਰ ਅਤੇ ਬੋਲੋੜੀਆਂ ਟਿੱਪਣੀਆਂ ਕਿਸੇ ਗਹਿਰੀ ਸਾਜ਼ਿਸ਼ ਦਾ ਸਿੱਟਾ ਹਨ।

ਅੰਗਰੇਜ਼ੀ ਅਹਿਲਕਾਰਾਂ ਅਤੇ ਉਨ੍ਹਾਂ ਦੇ ਝੋਲੀ-ਚੁੱਕਾਂ ਦੁਆਰਾ ਲਾਏ ਗਏ ਇਹ ਇਲਜ਼ਾਮ ਬਹਾਦਰ ਕਬੀਲਿਆਂ ਦੇ ਗੌਰਵ ਅਤੇ ਅਕਸ ਨੂੰ ਖਰਾਬ ਕਰਨ ਲਈ ਇਕ ਖ਼ਾਸ ਰਾਜਨੀਤੀ ਤੋਂ ਪ੍ਰੇਰਿਤ ਸਨ।

ਨਟ ਕਲਾਕਾਰ ਇਸਤਰੀਆਂ : ਨਟ ਕਲਾਕਾਰ ਇਸਤਰੀਆਂ ਵੀ ਆਪਣੇ ਲਚਕੀਲੇ ਸਰੀਰ ਅਤੇ ਕਲਾ-ਕਰਤੱਬਾਂ ਕਰਕੇ ਜਾਣੀਆਂ ਜਾਂਦੀਆਂ ਹਨ। ਨਟ ਇਸਤਰੀਆਂ ਆਪਣੀ ਕਲਾ ਦਾ ਪ੍ਰਦਰਸ਼ਨ ਜ਼ਿਆਦਾਤਰ ਰੱਸੀ ਦੇ ਕਰਤਬਾਂ ਰਾਹੀਂ ਕਰਦੀਆਂ ਹਨ। ਇਸ ਪ੍ਰਦਰਸ਼ਨ ਵਿਚ ਰੱਸੀ 'ਤੇ ਤੁਰਨਾ, ਨਾਚ ਕਰਨਾ, ਅੱਖਾਂ 'ਤੇ ਪੱਟੀ ਬੰਨ੍ਹ ਕੇ ਤੁਰਨਾ, ਸਿਰ 'ਤੇ ਕਈ ਘੜੇ ਅਤੇ ਗੜਵੀਆਂ ਰੱਖ ਕੇ ਤੁਰਨਾ, ਬਾਂਸ ਨਾਲ ਕਲਾਬਾਜ਼ੀਆਂ ਮਾਰਨੀਆਂ, ਰੱਸੀ 'ਤੇ ਫੱਟੀ ਅਤੇ ਡਾਂਗ ਦੀ ਮਦਦ ਨਾਲ ਸੱਜੇ-ਖੱਬੇ ਸਰਕਣਾ, ਢੋਲਕ ਦੀ ਥਾਪ 'ਤੇ ਅਖਾੜਾ ਬੰਨ੍ਹਣਾ, ਇਕ ਲੋਹੇ ਦੇ ਚੱਕਰ ਨਾਲ ਰੱਸੀ 'ਤੇ ਕਲਾ-ਕਰਤੱਬ ਦਿਖਾਉਣਾ ਆਦਿ ਖੇਡਾਂ ਸ਼ਾਮਿਲ ਹਨ। ਨਟਣੀਆਂ ਨੌਂ-ਦਸ ਸਾਲ ਦੀ ਉਮਰ ਤੋਂ ਹੀ ਇਹ ਕਲਾ-ਕਰਤੱਬ

ਕਰਨ ਲੱਗ ਜਾਂਦੀਆਂ ਹਨ। ਸ਼ੁਰੂ-ਸ਼ੁਰੂ ਵਿਚ ਰੱਸੀ 'ਤੇ ਤੁਰਨ ਵੇਲੇ ਇਹ ਲੜਕੀਆਂ ਇਕ ਲੰਮੀ ਡਾਂਗ ਦੋਹਾਂ ਹੱਥਾਂ ਵਿਚ ਫੜ ਕੇ ਸਮਤੋਲ ਬਣਾਉਣਾ ਸਿੱਖਦੀਆਂ ਹਨ। ਨਟਣੀਆਂ ਦੇ ਕਲਾ ਕੌਸ਼ਲ ਵਿਚ ਨਟਪੁਰਸ਼ਾਂ ਦਾ ਕੰਮ ਕੇਵਲ ਅਖਾੜਾ ਬੰਨ੍ਹਣਾ, ਢੋਲਕ ਦੀ ਥਾਪ ਦੇਣਾ ਅਤੇ ਕਲਾ ਕਰਤਬਾਂ ਬਾਰੇ ਰਸਮੀ ਐਲਾਨ ਕਰਨਾ ਹੁੰਦਾ ਹੈ। ਨਟ ਇਸਤਰੀਆਂ ਵੱਲੋਂ ਇਹ ਕਲਾ-ਕਰਤੱਬ ਅੱਜ ਵੀ ਜਾਰੀ ਹਨ ਪਰੰਤੂ ਮਨੋਰੰਜਨ ਦੇ ਅਤਿ ਆਧੁਨਿਕ ਸਾਧਨ ਵਿਕਸਤ ਹੋਣ ਕਾਰਨ ਇਨ੍ਹਾਂ ਲੋਕਾਂ ਦਾ ਇਹ ਪੇਸ਼ਾ ਖਤਮ ਹੋਣ ਦੇ ਕਿਨਾਰੇ ਹੈ। ਹੁਣ ਇਹ ਲੋਕ ਕੁਝ ਕੁ ਪਛੜਿਆਂ ਇਲਾਕਿਆਂ ਵਿਚ ਹੀ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਹਨ। ਨਟ ਔਰਤਾਂ ਕਰੜੀ ਮੁਸ਼ੱਕਤ ਅਤੇ ਜ਼ੋਖਮ ਭਰੇ ਕਾਰਨਾਮੇ ਕਰਦੀਆਂ ਹਨ। ਅਜਿਹੇ ਕਾਰਨਾਮੇ ਕਰਦਿਆਂ ਇਨ੍ਹਾਂ ਦੀ ਕਲਾ ਅਤੇ ਸਾਹਸ ਹੈ। ਅੰਗਰੇਜ਼ ਖੋਜੀਆਂ ਅਤੇ ਵਿਦਵਾਨਾਂ ਵੱਲੋਂ ਨਟ ਔਰਤਾਂ ਦੇ ਚਰਿੱਤਰ ਸੰਬੰਧੀ ਕੀਤੀਆਂ ਟਿੱਪਣੀਆਂ ਇਨ੍ਹਾਂ ਦੇ ਕਲਾ-ਕੌਸ਼ਲ ਅਤੇ ਦਲੇਰੀ ਅੱਗੇ ਆਪਣੇ ਆਪ ਖਾਰਜ ਹੋ ਜਾਂਦੀਆਂ ਹਨ। ਇਨ੍ਹਾਂ ਲੋਕਾਂ ਨੂੰ ਕਿਸੇ ਤੋਂ ਕਿਸੇ ਪ੍ਰਮਾਣ ਪੱਤਰ ਦੀ ਲੋੜ ਨਹੀਂ। ਇਨ੍ਹਾਂ ਲੋਕਾਂ ਦੀ ਕਲਾ ਹੀ ਇਨ੍ਹਾਂ ਦੀ ਗਵਾਹ ਹੈ। ਜਿੱਥੋਂ ਤੱਕ ਨਟ ਔਰਤਾਂ ਦੇ ਚਰਿੱਤਰ ਦਾ ਸਵਾਲ ਹੈ, ਇਨ੍ਹਾਂ ਔਰਤਾਂ ਵਿਚ ਕਿਸੇ ਬਾਹਰਲੇ ਵਿਅਕਤੀ ਨਾਲ ਗੱਲਬਾਤ ਕਰਨ ਸੰਬੰਧੀ ਵੀ ਟੈਬੂ ਪ੍ਰਚੱਲਿਤ ਹੈ। ਨਟ ਕਬੀਲੇ ਵਿਚ ਗੋਤਰ ਆਧਾਰਿਤ ਸਤਰੀਕਰਨ ਪਾਇਆ ਜਾਂਦਾ ਹੈ। ਇਨ੍ਹਾਂ ਲੋਕਾਂ ਵਿਚ ਆਪਸੀ ਊਚ-ਨੀਚ ਲਈ ਕੋਈ ਥਾਂ ਨਹੀਂ ਹੈ। ਇਨ੍ਹਾਂ ਲੋਕਾਂ ਦੇ ਮੁੱਖ ਗੋਤਰ ਮੋਤਾਂ, ਗੋੜਨਾ, ਰਾਠੌਰ, ਮਹਾਦੜੀਆਂ ਅਤੇ ਗੌਰ ਹਨ। ਕਬੀਲੇ ਨੂੰ ਠੀਕ ਢੰਗ ਨਾਲ ਚਲਾਉਣ ਲਈ ਨਟਾਂ ਦੀ ਆਪਣੀ ਹੀ ਇਕ ਪੰਚਾਇਤ ਹੁੰਦੀ ਹੈ ਜਿਸ ਵਿਚ ਇਕ ਸਰਪੰਚ ਅਤੇ ਚਾਰ ਪੰਚ ਹੁੰਦੇ ਹਨ। ਇਹ ਸਾਰੇ ਮੈਂਬਰ ਕਬੀਲੇ ਦੇ ਮੁੱਖ ਗੋਤਰਾਂ ਵਿਚੋਂ ਲਏ ਜਾਂਦੇ ਹਨ। ਕਬੀਲੇ ਦੀ ਪੰਚਾਇਤ ਕਬੀਲੇ ਦੇ ਛੋਟੇ-ਮੋਟੇ ਝਗੜਿਆਂ ਦਾ ਫੈਸਲਾ ਕਰਦੀ ਹੈ। ਨਟ ਕਬੀਲੇ ਦੀ ਸਮਾਜਿਕ ਬਣਤਰ ਬੜੀ ਸਾਦੀ ਅਤੇ ਸਰਲ ਹੈ। ਇਹ ਲੋਕ ਆਪਣੀਆਂ ਛਪਰੀਆਂ ਵਿਚ ਬੜੇ ਮਿਲਵਰਤਨ ਅਤੇ ਨਿੱਘ ਨਾਲ ਰਹਿੰਦੇ ਹਨ। ਹਰ ਪਰਿਵਾਰ ਦਾ ਸਰਪ੍ਰਸਤ ਇਕ ਬਜ਼ੁਰਗ ਔਰਤ ਅਤੇ ਆਦਮੀ ਹੁੰਦਾ ਹੈ। ਘਰ ਵਿਚ ਪਰਿਵਾਰ ਦੀ ਜ਼ਿੰਮੇਵਾਰੀ ਵੱਡੇ ਪੁੱਤਰ ਦੀ ਹੁੰਦੀ ਹੈ। ਉਸ ਤੋਂ ਛੋਟੇ ਭੈਣ ਭਰਾਵਾਂ ਦੀ ਜ਼ਿੰਮੇਵਾਰੀ ਦੂਜੈਲੇ ਪੱਧਰ ਦੀ ਹੁੰਦੀ ਹੈ। ਨਟ ਕਬੀਲਾ ਪਿੱਤਰ ਵੰਸ਼ੀ ਹੈ। ਕਬੀਲੇ ਵਿਚ ਵਿਆਹੀਆਂ-ਵਰੀਆਂ ਔਰਤਾਂ ਵਿਚ ਪਰਦੇ ਦਾ ਰਿਵਾਜ਼ ਹੈ। ਹਰ ਨਟ ਅਖਾੜੇ ਵਿਚ ਬੱਚਿਆਂ, ਨੌਜੁਆਨ ਕੁੜੀਆਂ ਅਤੇ ਮਰਦਾਂ ਨਾਲ ਕਬੀਲੇ ਦੀ ਇਕ ਬਜ਼ੁਰਗ ਔਰਤ ਹੁੰਦੀ ਹੈ। ਬਾਲ ਬੱਚਿਆਂ ਦੀ ਸਾਰੀ ਸਿਖਲਾਈ ਇਸ ਔਰਤ ਦੀ ਰਹਿਨੁਮਾਈ ਵਿਚ ਹੀ ਹੁੰਦੀ ਹੈ। ਵਿਆਹ ਤੋਂ ਬਾਅਦ ਕਬੀਲੇ ਦੀਆਂ ਜਵਾਨ ਔਰਤਾਂ ਨੂੰ ਘਰ-ਬਾਰ ਅਤੇ ਰੋਟੀ-ਪਾਣੀ ਦੀ ਜ਼ਿੰਮੇਵਾਰੀ ਸੌਂਪ ਦਿਤੀ ਜਾਂਦੀ ਹੈ। ਅਜਿਹਾ ਉਨ੍ਹਾਂ ਦੀ ਵਿਆਹੁਤਾ ਜ਼ਿੰਦਗੀ ਦੇ ਆਤਮ-ਸਨਮਾਨ ਵਜੋਂ ਕੀਤਾ ਜਾਂਦਾ ਹੈ। ਇਸ ਤਰ੍ਹਾਂ ਵਿਆਹੁਤਾ ਔਰਤਾਂ ਤੋਂ ਇਲਾਵਾ ਨਟ ਕਬੀਲੇ ਦਾ ਸਾਰੇ ਦਾ ਸਾਰਾ ਪਰਿਵਾਰ ਹੀ ਰੱਸੀ ਦੇ ਕਲਾ ਕਰਤਬਾਂ ਵਿਚ ਸ਼ਾਮਿਲ ਹੁੰਦਾ ਹੈ। ਇਸ ਤਰ੍ਹਾਂ ਇਹ ਲੋਕ ਇਕ ਥਾਂ ਤੋਂ ਦੂਜੀ ਥਾਂ

ਤਮਾਸ਼ਬੀਨ ਲੋਕਾਂ ਅਤੇ ਢੁੱਕਵੀਆਂ ਥਾਵਾਂ ਦੀ ਭਾਲ ਵਿਚ ਚਲਦੇ ਰਹਿੰਦੇ ਹਨ। ਨਟ ਲੋਕ ਦੇਵੀ ਦੇਵਤਿਆਂ ਦੇ ਉਪਾਸ਼ਕ ਹਨ। ਸ਼ਿਵਜੀ ਅਤੇ ਹਨੂੰਮਾਨ ਇਨ੍ਹਾਂ ਦੇ ਪ੍ਰਮੁਖ ਦੇਵਤੇ ਹਨ। ਨਟ ਲੋਕ ਮਾਸ ਅਤੇ ਮਦਰਾ ਦੇ ਸ਼ੌਕੀਨ ਹਨ। ਇਸ ਤੋਂ ਇਲਾਵਾ ਔਰਤਾਂ ਅਤੇ ਮਰਦਾਂ ਵਿਚ ਤੰਬਾਕੂ ਖਾਣ ਦੀ ਬੜੀ ਭਾਰੂ ਪ੍ਰਵਿਰਤੀ ਪਾਈ ਜਾਂਦੀ ਹੈ। ਬਾਕੀ ਕਬੀਲਿਆਂ ਵਾਂਗ ਇਹ ਲੋਕ ਵੀ ਕੁਝ ਖ਼ਾਸ ਦਿਨਾਂ ਦੀ ਮਾਨਤਾ ਕਰਦੇ ਹਨ। ਇਨ੍ਹਾਂ ਲੋਕਾਂ ਵਿਚ ਗਊ ਅਤੇ ਸੂਰ ਦਾ ਮਾਸ ਖਾਣਾ ਵਰਜਿਤ ਹੈ। ਇਹ ਲੋਕ ਅੱਜ ਵੀ ਆਪਣੀਆਂ ਪਰੰਪਰਾਵਾਂ ਮੁਤਾਬਕ ਜੀਵਨ ਬਤੀਤ ਕਰ ਰਹੇ ਹਨ ਅਤੇ ਉੱਨਤ ਸਭਿਅਤਾ ਵਿਚ ਵਿਚਰਦਿਆਂ ਹੋਇਆਂ ਵੀ ਇਹ ਲੋਕ ਸ਼ਹਿਰਾਂ, ਨਗਰਾਂ ਅਤੇ ਬਸਤੀਆਂ ਤੋਂ ਦੂਰ ਰਹਿਣਾ ਚਾਹੁੰਦੇ ਹਨ। ਇਸੇ ਕਰਕੇ ਇਨ੍ਹਾਂ ਲੋਕਾਂ ਦੇ ਡੇਰੇ ਜ਼ਿਆਦਾਤਰ ਸੁੰਨੀਆਂ ਅਤੇ ਉਜਾੜ ਥਾਵਾਂ 'ਤੇ ਹੁੰਦੇ ਹਨ। ਇਨ੍ਹਾਂ ਦੀ ਬੋਲੀ ਗੌਰ ਲੋਕਾਂ ਨਾਲ ਕਾਫ਼ੀ ਮਿਲਦੀ-ਜੁਲਦੀ ਹੈ। ਇਸ 'ਤੇ ਗੁਜਰਾਤੀ ਅਤੇ ਰਾਜਸਥਾਨੀ ਦਾ ਪ੍ਰਭਾਵ ਪ੍ਰਤੱਖ ਰੂਪ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ। ਨਟ ਸੁਭਾਅ ਪੱਖੋਂ ਬੜੇ ਸ਼ਾਂਤ ਅਤੇ ਅੰਤਰਮੁਖੀ ਹਨ। ਇਹ ਬਾਹਰਲੇ ਲੋਕਾਂ ਨਾਲ ਘੁਲਣ-ਮਿਲਣ ਤੋਂ ਕਾਫ਼ੀ ਗੁਰੇਜ਼ ਕਰਦੇ ਹਨ।

ਨਟ ਕਬੀਲੇ ਦੀਆਂ ਰਸਮਾਂ-ਰੀਤਾਂ

ਪੰਜਾਬ ਦੇ ਦੂਜੇ ਕਬੀਲਿਆਂ ਨਾਲੋਂ ਨਟ ਕਬੀਲੇ ਦੀਆਂ ਜਨਮ, ਵਿਆਹ ਅਤੇ ਮੌਤ ਨਾਲ ਸੰਬੰਧਤ ਰਸਮਾਂ ਵਿਚ ਕਾਫ਼ੀ ਅੰਤਰ ਹੈ। ਇਨ੍ਹਾਂ ਵਿਚ ਸਭ ਤੋਂ ਵੱਡਾ ਫ਼ਰਕ ਇਹ ਹੈ ਕਿ ਭਾਰਤ ਦੇ ਬਹੁਤੇ ਨਟ ਆਪਣਾ ਮੂਲ ਰਾਜਸਥਾਨ ਅਤੇ ਗੁਜਰਾਤ ਨਾਲ ਜੋੜਦੇ ਹਨ। ਇਸੇ ਸੰਦਰਭ ਵਿਚ ਪੰਜਾਬ ਦੇ ਨਟ ਆਪਣਾ ਪਿੱਛਾ ਗੁਜਰਾਤ ਨਾਲ ਜੋੜਦੇ ਹਨ। ਨਟ ਕਬੀਲੇ ਦੀਆਂ ਬਹੁਤ ਸਾਰੀਆਂ ਰਸਮਾਂ-ਰੀਤਾਂ ਵਿਚ ਗੁਜਰਾਤੀ ਸਭਿਆਚਾਰ ਅਤੇ ਰਾਜਸਥਾਨੀ ਸਭਿਆਚਾਰ ਦਾ ਪ੍ਰਭਾਵ ਪ੍ਰਤੱਖ ਰੂਪ ਵਿਚ ਵੇਖਿਆ ਜਾ ਸਕਦਾ ਹੈ। ਇਸ ਸੰਬੰਧੀ ਜੇਕਰ ਗੱਲ ਕਰਨੀ ਹੋਵੇ ਤਾਂ ਪੰਜਾਬ ਦੇ ਰਮਤੇ ਕਬੀਲਿਆਂ ਨੇ ਆਦਿਵਾਸੀ ਕਬੀਲਿਆਂ ਦੇ ਮੁਕਾਬਲੇ ਇਕ ਬਹੁਰੰਗੀ ਸਭਿਆਚਾਰ ਦੀ ਸਿਰਜਣਾ ਕੀਤੀ ਹੈ। ਇਨ੍ਹਾਂ ਵੱਖ-ਵੱਖ ਕਬੀਲਿਆਂ ਦੇ ਸਭਿਆਚਾਰ ਤੋਂ ਇਕ ਸਰਬਸਾਂਝੇ ਮਿਸ਼ਰਤ ਸਭਿਆਚਾਰ ਦੇ ਦੀਦਾਰ ਹੁੰਦੇ ਹਨ। ਭਾਰਤ ਦੇ ਕਬੀਲੇ ਇਸ ਮਿਸ਼ਰਤ ਸਭਿਆਚਾਰ ਦਾ ਇਕ ਅਟੁੱਟ ਅੰਗ ਹੁੰਦੇ ਹੋਏ ਵੀ ਆਪਣੀ ਇਕ ਵੱਖਰੀ ਪਛਾਣ ਰੱਖਦੇ ਹਨ। ਜੇਕਰ ਕਿਸੇ ਵੀ ਕਬੀਲੇ ਦੀਆਂ ਰਹੁ-ਰੀਤਾਂ ਅਤੇ ਪਰੰਪਰਾਵਾਂ ਦਾ ਗਹਿਨ ਅਧਿਐਨ ਕੀਤਾ ਜਾਵੇ ਤਾਂ ਇਨ੍ਹਾਂ ਦੇ ਕਾਰ ਵਿਹਾਰ ਅਤੇ ਟੋਟਮ ਟੈਬੂ ਵਿਵਸਥਾ ਵਿਚੋਂ ਇਨ੍ਹਾਂ ਦੀ ਆਦਿਕਾਲੀ ਮਾਨਸਿਕਤਾ ਨੂੰ ਪੜ੍ਹਿਆ ਜਾ ਸਕਦਾ ਹੈ। ਇਸ ਤੋਂ ਇਲਾਵਾ ਇਨ੍ਹਾਂ ਰਹੁ-ਰੀਤਾਂ ਪਿੱਛੇ ਕੰਮ ਕਰ ਰਹੇ ਲੋਕ-ਵਿਸ਼ਵਾਸਾਂ ਅਤੇ ਵਰਤਾਰੇ ਦੀ ਤਹਿ ਤੱਕ ਸਹਿਜੇ ਹੀ ਪਹੁੰਚਿਆ ਜਾ ਸਕਦਾ ਹੈ। ਹਰ ਇਕ ਕਬੀਲੇ ਦੀਆਂ ਮਨਾਹੀਆਂ ਅਤੇ ਮਨੌਤਾਂ ਵਿਚੋਂ ਸੰਬੰਧਤ ਕਬੀਲੇ ਦੇ ਅਤੀਤ ਵਰਤਮਾਨ ਅਤੇ ਭਵਿੱਖ ਸੰਬੰਧੀ ਭਵਿੱਖਬਾਣੀ ਕੀਤੀ ਜਾ ਸਕਦੀ ਹੈ। ਇਸ ਪ੍ਰਕਿਰਿਆ ਵਿਚ ਕਿਸੇ ਵੀ ਕਬੀਲੇ ਦਾ

ਇਤਿਹਾਸ ਅਤੇ ਮਿੱਥ ਕਥਾਵਾਂ ਮਹੱਤਵਪੂਰਨ ਭੂਮਿਕਾ ਅਦਾ ਕਰਦੀਆਂ ਹਨ। ਇਸ ਹਵਾਲੇ ਨਾਲ ਜੇਕਰ ਪੰਜਾਬ ਦੇ ਨਟ ਲੋਕਾਂ ਦੇ ਸਭਿਆਚਾਰ ਦਾ ਅਧਿਐਨ ਕੀਤਾ ਜਾਵੇ ਤਾਂ ਸਾਨੂੰ ਇਸ ਖਾਨਾਬਦੋਸ਼ ਕਬੀਲੇ ਦੀ ਇਕ ਵੱਖਰੀ ਜੀਵਨ ਸ਼ੈਲੀ ਦੇ ਦਰਸ਼ਨ ਹੁੰਦੇ ਹਨ।

ਨਟ ਕਬੀਲੇ ਦੀ ਜਨਮ ਰਸਮਾਂ

1. **ਗਰਭਵਤੀ ਔਰਤ ਨੂੰ ਪੂਰਨ ਆਰਾਮ ਦੇਣਾ** : ਨਟ ਕਬੀਲੇ ਦੇ ਲੋਕ ਗਰਭਵਤੀ ਔਰਤ ਨੂੰ ਬੱਚੇ ਦੇ ਜਨਮ ਤੀਕ 'ਰੱਸੀ ਦੇ ਕਲਾ' ਕਰਤੱਬਾਂ ਅਤੇ ਹੋਰ ਸਰੀਰਕ ਕਲਾਬਾਜ਼ੀਆਂ ਤੋਂ ਲਾਂਭੇ ਕਰ ਦਿੰਦੇ ਹਨ। 'ਰੱਸੀ' ਤੋਂ ਦੂਰ ਰੱਖਣ ਦੀ ਰਸਮ ਤੋਂ ਭਾਵ ਔਰਤ ਅਤੇ ਬੱਚੇ ਨੂੰ ਕਿਸੇ ਵੀ ਹਾਨੀ ਤੋਂ ਬਚਾਉਣਾ ਹੁੰਦਾ ਹੈ। ਇਸ ਸਮੇਂ ਦੌਰਾਨ ਕੋਈ ਵੀ ਗਰਭਵਤੀ ਨਟ ਔਰਤ ਪਰਿਵਾਰ ਦੀ ਸਿਆਣੀ ਔਰਤ ਦੀ ਨਿਗਰਾਨੀ ਵਿਚ ਰਹਿੰਦੀ ਹੈ।

2. **ਕਬੀਲੇ ਦੀ ਦਾਈ ਮਾਈ ਨੂੰ ਸੱਦਣ ਦੀ ਰਸਮ** : ਨਟ ਕਬੀਲੇ ਦੀਆਂ ਔਰਤਾਂ ਘਰ ਵਿਚ ਬੱਚੇ ਦੇ ਜਨਮ ਸੰਬੰਧੀ ਵਾਤਾਵਰਨ ਬਣਨ ਤੇ ਕਬੀਲੇ ਦੀ ਦਾਈ ਅਤੇ ਪਰਿਵਾਰ ਦੀਆਂ ਔਰਤਾਂ ਨੂੰ ਸੱਦਾ ਦਿੰਦੀਆਂ ਹਨ ਕਿਉਂਕਿ ਨਟ ਕਬੀਲੇ ਦੇ ਲੋਕ ਬੱਚੇ ਦੇ ਜਨਮ ਨੂੰ ਵੀ ਉਤਸਵ ਵਾਂਗ ਮਨਾਉਂਦੇ ਹਨ। ਨਟ ਕਬੀਲੇ ਵਿਚ ਜ਼ਿਆਦਾਤਰ ਘਰ ਦੀ ਸਿਆਣੀ ਔਰਤ ਹੀ ਦਾਈ ਦੀ ਭੂਮਿਕਾ ਨਿਭਾਉਂਦੀ ਹੈ। ਨਟ ਕਬੀਲੇ ਵਿਚ ਬੱਚੇ ਦਾ ਜਨਮ ਕੁੱਲੀ ਵਿਚ ਧਰਤੀ ਮਾਤਾ ਦੀ ਗੋਦ ਵਿਚ ਸੰਪੰਨ ਹੁੰਦਾ ਹੈ।

3. **ਬੱਚੇ ਦਾ ਜਨਮ** : ਨਟ ਕਬੀਲੇ ਵਿਚ ਬੱਚੇ ਦਾ ਜਨਮ ਹੋਣ 'ਤੇ ਗੁੜ ਜਾਂ ਸ਼ੱਕਰ ਵੰਡ ਕੇ ਖੁਸ਼ੀ ਮਨਾਈ ਜਾਂਦੀ ਹੈ। ਇਸ ਉਪਰੰਤ ਬੱਚੇ ਨੂੰ ਗੁੜ ਜਾਂ ਮਿੱਠੇ ਦੀ ਗੁੜ੍ਹਤੀ ਦਿੱਤੀ ਜਾਂਦੀ ਹੈ। ਗੁੜ੍ਹਤੀ ਦੇਣ ਦੀ ਰਸਮ ਕਬੀਲੇ ਦੀ ਸਿਆਣੀ ਔਰਤ ਵੱਲੋਂ ਪੂਰੀ ਕੀਤੀ ਜਾਂਦੀ ਹੈ। ਕਬੀਲੇ ਵਿਚ ਘਰ ਲੜਕਾ ਪੈਦਾ ਹੋਣ 'ਤੇ ਸਾਰੇ ਡੇਰੇ ਵਿਚ ਢੋਲ ਦਾ ਗੇੜਾ ਲਾ ਕੇ ਖੁਸ਼ੀ ਮਨਾਈ ਜਾਂਦੀ ਹੈ। ਇਸ ਮੌਕੇ ਸ਼ਰਾਬ ਅਤੇ ਕਬਾਬ ਦਾ ਖੁੱਲ੍ਹਾ ਲੰਗਰ ਵੀ ਚਲਦਾ ਹੈ। ਕਬੀਲੇ ਵਿਚ ਲੜਕੀ ਪੈਦਾ ਹੋਣ ਦੀ ਸੂਰਤ ਵਿਚ ਘਰ ਦੇ ਬਾਹਰ 'ਥਾਲ਼ੀ ਜਾਂ ਪਰਾਤ' ਵਜਾ ਕੇ ਲੜਕੀ ਦੇ ਜਨਮ ਸੰਬੰਧੀ ਸੂਚਨਾ ਦਿੱਤੀ ਜਾਂਦੀ ਹੈ। ਕਬੀਲੇ ਦੇ ਕਿਸੇ ਵੀ ਘਰ ਬੱਚੇ ਦੀ ਆਮਦ 'ਤੇ ਘਰ ਅੱਗੇ ਨਿੰਬੂ ਅਤੇ ਹਰੇ ਪੱਤਿਆਂ ਵਾਲੀ ਟਹਿਣੀ ਟੰਗ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਨਟ ਕਬੀਲੇ ਦੇ ਲੋਕ 'ਲੜਕੀ' ਨੂੰ ਦੇਵੀ ਦੇ ਰੂਪ ਵਿਚ ਸਵੀਕਾਰ ਕਰਕੇ ਖੁਸ਼ੀ ਅਨੁਭਵ ਕਰਦੇ ਹਨ। ਨਟ ਕਬੀਲਾ ਕੁਦਰਤ ਦੇ ਵਿਧੀ ਵਿਧਾਨ ਵਿਚ ਵਿਸ਼ਵਾਸ ਰੱਖਦਾ ਹੈ। ਕਬੀਲੇ ਵਿਚ ਭਰੂਣ ਹੱਤਿਆ ਵਰਜਿਤ ਹੈ।

4. **ਤੜਾਗੀ ਬੰਨ੍ਹਣ ਦੀ ਰਸਮ** : ਬੱਚੇ ਦੇ ਜਨਮ ਤੋਂ ਬਾਅਦ ਪਰਿਵਾਰ ਦੀਆਂ ਔਰਤਾਂ ਵੱਲੋਂ ਤੜਾਗੀ ਬੰਨ੍ਹਣ ਦੀ ਰਸਮ ਨਿਭਾਈ ਜਾਂਦੀ ਹੈ। 'ਤੜਾਗੀ' ਬੰਨ੍ਹਣ ਤੋਂ ਭਾਵ ਬੱਚੇ ਨੂੰ ਕਬੀਲੇ ਵਿਚ ਸ਼ਾਮਲ ਕਰਨਾ ਹੁੰਦਾ ਹੈ। ਤੜਾਗੀ ਵਿਚ ਕੌਡੀ, ਨਜ਼ਰਬੱਟੂ,

ਛੱਲਾ ਅਤੇ ਸੰਦਲ ਦੀ ਲੱਕੜ ਪਰੋਏ ਜਾਂਦੇ ਹਨ। ਤੜਾਗੀ ਕਾਲੇ ਧਾਗੇ ਵਿਚ ਪਰੋ ਕੇ ਬੱਚੇ ਦੇ ਲੱਕ ਦੁਆਲੇ ਬੰਨ੍ਹੀ ਜਾਂਦੀ ਹੈ। ਇਸ ਤੋਂ ਇਲਾਵਾ ਬੱਚੇ ਦੇ ਖੱਬੇ ਹੱਥ ਨਾਲ ਕਾਲਾ ਧਾਗਾ ਵੀ ਬੰਨ੍ਹਿਆ ਜਾਂਦਾ ਹੈ। ਕਬੀਲੇ ਦੇ ਲੋਕ ਭੂਤ-ਪ੍ਰੇਤ ਵਿਚ ਵਿਸ਼ਵਾਸ ਰੱਖਦੇ ਹਨ ਅਤੇ ਉਹ ਪ੍ਰਸੂਤ ਦੌਰਾਨ ਬੱਚੇ ਨੂੰ ਨਜ਼ਰ ਅਤੇ ਭੂਤਾਂ-ਪ੍ਰੇਤਾਂ ਤੋਂ ਬਚਾਉਣ ਲਈ ਕਈ ਓਹੜ-ਪੁਹੜ ਵੀ ਕਰਦੇ ਹਨ।

5. **ਵਧਾਉਣ ਦੀ ਰਸਮ** : ਕਬੀਲੇ ਵਿਚ ਪ੍ਰਸੂਤ ਵਾਲੀ ਔਰਤ ਨੂੰ ਤਿੰਨ ਦਿਨਾਂ ਤੋਂ ਬਾਅਦ 'ਵਧਾਉਣ' ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਇਸ ਰਸਮ ਦਾ ਮੰਤਵ ਮਾਂ ਅਤੇ ਬੱਚੇ ਨੂੰ ਨੁਹਾ-ਧੁਆ ਕੇ ਦੀਵਾ ਦਿਖਾਉਣਾ ਹੁੰਦਾ ਹੈ। ਇਸ ਮੌਕੇ 'ਸੂਰਜ' ਅਤੇ 'ਪਾਣੀ' ਨੂੰ ਦੇਵਤਾ ਰੂਪ ਵਿਚ ਹਾਜ਼ਰ-ਨਾਜ਼ਰ ਜਾਣਿਆ ਜਾਂਦਾ ਹੈ। ਇਸ ਰਸਮ ਵਿਚ ਨਟ ਔਰਤਾਂ ਕਬੀਲਾ ਗੀਤ ਬੋਲ ਕੇ ਬੱਚੇ ਦੇ ਜਨਮ ਦੀ ਖੁਸ਼ੀ ਵਿਚ ਸ਼ਗਨ ਮਨਾਉਂਦੀਆਂ ਹਨ।

6. **ਝੰਡ ਉਤਾਰਨ ਦੀ ਰਸਮ** :- ਵਧਾਉਣ ਦੀ ਰਸਮ ਤੋਂ ਬਾਅਦ ਨਟ ਕਬੀਲੇ ਵਿਚ ਬੱਚੇ ਦੀ ਝੰਡ ਉਤਾਰਨ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਲੜਕੀ ਦੇ ਮੁਕਾਬਲੇ ਲੜਕੇ ਦੇ ਸਗਨ ਬੜੇ ਚਾਅ ਨਾਲ ਕੀਤੇ ਜਾਂਦੇ ਹਨ। ਇਸ ਰਸਮ ਵਿਚ ਬੱਚੇ ਦੇ ਪਹਿਲੇ ਵਾਲ ਕੈਂਚੀ ਨਾਲ ਕੱਟ ਕੇ ਨਦੀ ਜਾਂ ਨਹਿਰ ਵਿਚ ਸ਼ਰਧਾਪੂਰਵਕ ਵਹਾ ਦਿੱਤੇ ਜਾਂਦੇ ਹਨ। ਇਹ ਰਸਮ ਬੱਚੇ ਦੀ ਭੂਆ ਦੁਆਰਾ ਨਿਭਾਈ ਜਾਂਦੀ ਹੈ। ਇਸ ਰਸਮ ਵਿਚ ਬੱਚੇ ਦੀ ਭੂਆ ਬੱਚੇ ਦੇ ਪਹਿਲੇ ਵਾਲ, ਦੋ ਰੋਟੀਆਂ, ਪ੍ਰਸ਼ਾਦ ਅਤੇ ਸਵਾ ਰੁਪੱਈਆ ਅਰਪਣ ਕਰਕੇ ਪਾਣੀ ਵਿਚ ਪਰਵਾਹ ਕਰਦੀ ਹੋਈ ਬੱਚੇ ਦੀ ਲੰਮੀ ਉਮਰ ਦੀ ਕਾਮਨਾ ਕਰਦੀ ਹੈ। ਭੂਆ ਤੋਂ ਇਲਾਵਾ ਇਹ ਰਸਮ ਪਰਿਵਾਰ ਦੀ ਕਿਸੇ ਵੀ ਲੜਕੀ ਦੁਆਰਾ ਨਿਭਾਈ ਜਾ ਸਕਦੀ ਹੈ। ਨਟ ਲੋਕਾਂ ਵਿਚ ਪਹਿਲਾਂ ਬੱਚੇ ਦੀ ਝੰਡ ਦੇ ਵਾਲ ਹਰਿਦੁਆਰ ਵਿਖੇ ਗੰਗਾ ਵਿਚ ਪਰਵਾਹ ਕਰਨ ਦੀ ਰਵਾਇਤ ਸੀ ਪਰੰਤੂ ਹੁਣ ਨਟ ਲੋਕ ਇਸ ਰਸਮ ਸੰਬੰਧੀ ਮਨਮਰਜ਼ੀ ਦੀਆਂ ਖੁੱਲ੍ਹਾਂ ਲੈਂਦੇ ਹਨ ਅਤੇ ਝੰਡ ਦੇ ਵਾਲ ਕਿਤੇ ਵੀ ਪਾਣੀ ਵਿਚ ਵਹਾ ਦਿੰਦੇ ਹਨ।

7. **ਕਬੀਲਾ ਭੋਜਨ ਦੀ ਰਸਮ** : ਨਟ ਕਬੀਲੇ ਵਿਚ ਬੱਚੇ ਦੇ ਜਨਮ ਨਾਲ ਸੰਬੰਧਤ ਮੁੱਢਲੀਆਂ ਰਸਮਾਂ ਤੋਂ ਬਾਅਦ 'ਕਬੀਲਾ ਭੋਜ' ਦੀ ਰਸਮ ਅਦਾ ਕੀਤੀ ਜਾਂਦੀ ਹੈ। ਇਸ ਰਸਮ ਦਾ ਮੰਤਵ ਬੱਚੇ ਨੂੰ 'ਕਬੀਲਾ ਗੋਤਰ' ਵਿਚ ਸ਼ਾਮਲ ਕਰਨਾ ਹੁੰਦਾ ਹੈ। ਇਸ ਰਸਮ ਵਿਚ ਪਹਿਲਾਂ ਕਬੀਲੇ ਦੇ ਲੋਕਾਂ ਨੂੰ ਸ਼ਰਾਬ ਵਰਤਾਈ ਜਾਂਦੀ ਹੈ। ਇਸ ਉਪਰੰਤ ਕਬੀਲੇ ਦੇ ਸਿਆਣੇ ਬਜ਼ੁਰਗਾਂ ਦੇ ਹੱਥ ਧੁਆ ਕੇ ਸ਼ਰਧਾਪੂਰਵਕ ਮਾਸ ਮੱਛੀ ਨਾਲ ਭੋਜਨ ਕਰਾਇਆ ਜਾਂਦਾ ਹੈ। ਇਸ ਰਸਮ ਵਿਚ ਕਬੀਲੇ ਦੇ ਲੋਕ ਬੱਚੇ ਨੂੰ ਵਿੱਤ ਅਨੁਸਾਰ ਰੁਪੱਈਆ ਪੈਸਾ ਦੇ ਕੇ ਉਸਨੂੰ ਲੰਮੀ ਉਮਰ ਦਾ ਆਸ਼ੀਰਵਾਦ ਦਿੰਦੇ ਹਨ।

ਕਬੀਲੇ ਦੀਆਂ ਵਿਆਹ ਰਸਮਾਂ

ਨਟ ਕਬੀਲੇ ਦੀਆਂ ਵਿਆਹ ਰਸਮਾਂ ਬਹੁਤ ਸਾਦਾ ਅਤੇ ਸਰਲ ਹਨ। ਵਿਆਹ ਰਸਮਾਂ

ਦੀ ਇਕ ਅਜਿਹੀ ਲੜੀ ਵਿਚੋਂ ਲੰਘਦਾ ਹੈ ਜਿੱਥੇ ਕਬੀਲੇ ਦੇ ਹਰ ਇਕ ਬਜ਼ੁਰਗ, ਰਿਸ਼ਤੇਦਾਰ ਅਤੇ ਡੇਰੇ ਦੇ ਲੋਕਾਂ ਨੂੰ ਵਿਸ਼ੇਸ਼ ਮਾਨਤਾ ਦਿੱਤੀ ਜਾਂਦੀ ਹੈ। ਨਟ ਕਬੀਲੇ ਵਿਚ ਵਿਆਹ ਸਮਾਜਿਕ ਸਭਿਆਚਾਰਕ ਨਜ਼ਰੀਏ ਤੋਂ ਵਿਸ਼ੇਸ਼ ਅਰਥਾਂ ਦਾ ਧਾਰਨੀ ਹੈ। ਇਹ ਲੋਕ ਵਿਆਹ ਬੰਧਨ ਨੂੰ 'ਦੋ ਰੂਹਾਂ ਦਾ ਰੱਬੀ ਮੇਲ' ਸਮਝਦੇ ਹਨ। ਨਟ ਕਬੀਲੇ ਵਿਚ ਬੱਚਿਆਂ ਦੇ ਵਿਆਹ ਕਿਸ਼ੋਰ ਅਵਸਥਾ ਵਿਚ ਹੀ ਤੈਅ ਕਰ ਦਿੱਤੇ ਜਾਂਦੇ ਹਨ। ਵਿਆਹ ਸੰਬੰਧੀ ਸਰਕਾਰੀ ਕਾਨੂੰਨ ਹੋਂਦ ਵਿਚ ਆਉਣ ਨਾਲ ਇਹ ਉਮਰ ਅਠਾਰ੍ਹਾਂ ਤੋਂ ਇੱਕੀ ਸਾਲ ਦੀ ਹੋ ਗਈ ਹੈ ਪਰ ਫਿਰ ਵੀ ਅੰਦਰਖਾਤੇ ਬਾਲਗ ਵਿਆਹਾਂ ਦੀ ਪ੍ਰਥਾ ਉਸੇ ਤਰ੍ਹਾਂ ਬਰਕਰਾਰ ਹੈ। ਨਟ ਕਬੀਲੇ ਵਿਚ ਸੁਜਾਤੀ ਵਿਆਹ ਦੀ ਰੀਤ ਹੈ। ਵਿਆਹ ਸੰਬੰਧੀ ਕਬੀਲੇ ਤੋਂ ਬਾਹਰ ਜਾਣ ਵਾਲੇ ਵਿਅਕਤੀ ਨੂੰ ਕਬੀਲੇ ਵਿਚੋਂ ਛੇਕ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਨਟ ਕਬੀਲਾ ਆਪਣੇ ਲੋਕਾਂ ਨੂੰ ਪਿਆਰ ਵਿਆਹ ਦੀ ਇਜ਼ਾਜ਼ਤ ਨਹੀਂ ਦਿੰਦਾ। ਨਟ ਕਬੀਲੇ ਦੀ ਟੋਟਮ ਟੈਬੂ ਪਰੰਪਰਾ ਏਨੀ ਜ਼ਿਆਦਾ ਕੱਟੜ ਹੈ ਕਿ ਪੰਜਾਬ ਵਿਚ ਇਨ੍ਹਾਂ ਲੋਕਾਂ ਦਾ ਇਕ ਵੀ ਪਿਆਰ ਵਿਆਹ ਸੰਪੰਨ ਹੋਇਆ ਨਹੀਂ ਮਿਲਦਾ। ਨਟ ਕਬੀਲੇ ਵਿਚ ਕੋਈ ਰਿਸ਼ਤਾ ਲੱਭਣ ਦੀ ਸੂਰਤ ਵਿਚ ਮਾਂ ਅਤੇ ਪਿਤਾ ਦਾ ਗੋਤਰ ਛੱਡ ਦਿੱਤਾ ਜਾਂਦਾ ਹੈ। ਕਬੀਲੇ ਦੇ ਲੋਕ ਖ਼ੂਨ ਦੇ ਇਨ੍ਹਾਂ ਕਰੀਬੀ ਰਿਸ਼ਤਿਆਂ ਅਤੇ ਗੋਤਰਾਂ ਨੂੰ ਪਿਤਾ ਪੁਰਖੀ ਸਤਿਕਾਰ ਦਿੰਦੇ ਹਨ। ਮਾਂ ਅਤੇ ਪਿਤਾ ਦੀ ਗੋਤਰ ਵਾਲੇ ਲੋਕਾਂ ਨੂੰ ਕਬੀਲੇ ਦੇ ਲੋਕ ਭੈਣ-ਭਰਾ ਸਮਝਦੇ ਹਨ। ਨਟ ਕਬੀਲੇ ਵਿਚ ਹਰ ਇਕ ਵਿਆਹ ਤੋਂ ਪਹਿਲਾਂ ਘਰ ਜਾਂ 'ਸਿਰਕੀ' ਵਿੱਚ ਕਬੀਲੇ ਦੇ ਸਿਆਣੇ ਅਤੇ ਮੋਅਤਬਰ ਵਿਅਕਤੀਆਂ ਨੂੰ ਸੱਦ ਕੇ 'ਲੜਕੇ ਜਾਂ ਲੜਕੀ' ਦੇ ਵਿਆਹ ਸੰਬੰਧੀ ਵਿਚਾਰ-ਵਟਾਂਦਰਾ ਕਰਕੇ ਪ੍ਰਵਾਨਗੀ ਲਈ ਜਾਂਦੀ ਹੈ। ਇਸ ਸਮੇਂ ਹੁੱਕੇ ਦੀ ਵਾਰੀ ਅਤੇ ਬੀੜੀ ਬੱਤੀ ਦੀ ਵਾਰੀ ਵੀ ਨਾਲ-ਨਾਲ ਚਲਦੀ ਰਹਿੰਦੀ ਹੈ। ਕਬੀਲੇ ਦੇ ਲੋਕ 'ਜਲ ਪਾਨ' ਕਰਨ ਉਪਰੰਤ ਵਿਆਹ ਵਾਲੀਆਂ ਦੋਹਾਂ ਧਿਰਾਂ ਦੇ ਗੋਤਰਾਂ ਬਾਰੇ ਪੁੱਛ-ਗਿੱਛ ਕਰਦੇ ਹਨ। ਇਸ ਤੋਂ ਇਲਾਵਾ ਸੰਬੰਧਤ ਲੜਕੇ ਲੜਕੀ ਦੇ ਪਰਿਵਾਰ ਬਾਰੇ ਪੂਰੀ ਜਾਣਕਾਰੀ ਪ੍ਰਾਪਤ ਕੀਤੀ ਜਾਂਦੀ ਹੈ। ਅਜਿਹਾ ਕਬੀਲੇ ਦੀਆਂ ਆਦਿਕਾਲੀ ਪਰੰਪਰਾਵਾਂ ਅਤੇ ਮਾਨਤਾਵਾਂ ਦੀ ਮਰਿਆਦਾ ਨੂੰ ਕਾਇਮ ਰੱਖਣ ਲਈ ਕੀਤਾ ਜਾਂਦਾ ਹੈ। ਦੋਹਾਂ ਧਿਰਾਂ ਵਿਚ ਕੋਈ ਜਾਤੀ ਨੁਕਸ ਜਾਂ ਗੋਤਰ ਨਾ ਮਿਲਣ 'ਤੇ ਫਿਰ ਹੋਣ ਵਾਲੇ ਰਿਸ਼ਤੇ ਸੰਬੰਧੀ ਪੁਨਰ-ਵਿਚਾਰ ਕੀਤਾ ਜਾਂਦਾ ਹੈ। ਕਬੀਲੇ ਦੇ ਮੁੱਖੀਆ ਦਾ ਫੈਸਲਾ ਆਖਰੀ ਹੁੰਦਾ ਹੈ। ਉਨ੍ਹਾਂ ਦਾ ਹਰ ਸ਼ਬਦ ਕਾਨੂੰਨ ਹੁੰਦਾ ਹੈ। ਇਨ੍ਹਾਂ ਲੋਕਾਂ ਦੇ ਫੈਸਲੇ ਤੋਂ ਵਿਰੁੱਧ ਜਾਣ ਵਾਲੀ ਧਿਰ ਨੂੰ ਕਬੀਲੇ ਵਿਚੋਂ ਛੇਕ ਦਿੱਤਾ ਜਾਂਦਾ ਹੈ। 'ਗਾਡੀ ਲੁਹਾਰ' ਕਬੀਲੇ ਵਾਂਗ 'ਨਟ ਲੋਕ' ਵੀ ਆਪਣੀਆਂ ਪਿਤਾ ਪੁਰਖੀ ਰਸਮਾਂ ਰੀਤਾਂ ਅਤੇ ਮਾਨਤਾਵਾਂ 'ਤੇ ਅਜੇ ਤੀਕ ਪਹਿਰਾ ਦੇ ਰਹੇ ਹਨ। ਅਜੋਕੇ ਦੌਰ ਵਿਚ ਵੀ ਇਨ੍ਹਾਂ ਲੋਕਾਂ ਦੇ ਸਮਾਜ ਸਭਿਆਚਾਰ ਵਿਚੋਂ ਆਦਿਕਾਲੀ ਪਰੰਪਰਾ ਡੁਲ੍ਹ-ਡੁਲ੍ਹ ਪੈਂਦੀ ਹੈ। ਨਟ ਕਬੀਲੇ ਦੀਆਂ ਕੁਝ ਵਿਆਹ ਨਾਲ ਸੰਬੰਧਤ ਰਸਮਾਂ ਇਸ ਪ੍ਰਕਾਰ ਹਨ :

1. **ਦੇਖ-ਦਿਖਾਈ ਦੀ ਰਸਮ** : ਨਟ ਕਬੀਲੇ ਵਿਚ ਲੜਕੇ ਲੜਕੀ ਦੀ ਦੱਸ ਪੈਣ

ਤੋਂ ਪਹਿਲਾਂ ਮੰਗਣੀ ਦੀ ਰਸਮ ਅਦਾ ਕੀਤੀ ਜਾਂਦੀ ਹੈ। ਕਬੀਲੇ ਵਿਚ ਵਰ ਵਧੂ ਦੀ ਤਲਾਸ਼ ਲੜਕੇ ਲੜਕੀ ਦੇ ਮਾਤਾ-ਪਿਤਾ ਖ਼ੁਦ ਕਰਦੇ ਹਨ। ਲੜਕੀ ਦੀ 'ਡੇਰੇ' ਜਾਂ ਕਿਸੇ ਬਾਹਰਲੀ 'ਸਿਰਕੀ' ਵਿਚ ਦੱਸ ਪੈਣ 'ਤੇ ਲੜਕੇ ਦੇ ਮਾਤਾ-ਪਿਤਾ ਖ਼ੁਦ ਲੜਕੀ ਨੂੰ ਵੇਖਣ ਜਾਂਦੇ ਹਨ। ਲੜਕੀ ਪਸੰਦ ਆ ਜਾਣ ਉਪਰੰਤ ਉਸਦੀ ਤਲੀ 'ਤੇ ਸ਼ਗਨ ਵਜੋਂ ਇਕ ਰੁਪੱਈਆ ਸ਼ਗਨ ਵਜੋਂ ਧਰ ਕੇ ਰਿਸ਼ਤੇ ਸੰਬੰਧੀ ਸਹਿਮਤੀ ਪ੍ਰਗਟ ਕੀਤੀ ਜਾਂਦੀ ਹੈ। ਇਸ ਤੋਂ ਬਾਅਦ ਫਿਰ ਲੜਕੀ ਦੇ ਮਾਤਾ-ਪਿਤਾ ਲੜਕੇ ਵਾਲਿਆਂ ਦੇ ਡੇਰੇ ਵਿਚ ਲੜਕੇ ਨੂੰ ਵੇਖਣ ਜਾਂਦੇ ਹਨ। ਲੜਕਾ ਪਸੰਦ ਆ ਜਾਣ ਦੀ ਸੂਰਤ ਵਿਚ ਲੜਕੀ ਦੇ ਪਰਿਵਾਰ ਵਾਲੇ ਆਪਣੀ ਸਹਿਮਤੀ ਵਜੋਂ ਉਸਦੀ ਤਲੀ 'ਤੇ ਇਕ ਰੁਪੱਈਆ ਸ਼ਗਨ ਵਜੋਂ ਧਰ ਕੇ ਰਿਸ਼ਤਾ ਪੱਕਾ ਕਰ ਜਾਂਦੇ ਹਨ। ਇਸ ਤਰ੍ਹਾਂ ਦੋਹਾਂ ਧਿਰਾਂ ਵਿਚ ਸਹਿਮਤੀ ਬਣ ਜਾਣ 'ਤੇ ਮੰਗਣੀ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਕਬੀਲੇ ਵਿਚ ਮੰਗਣੀ ਦੀ ਰਸਮ ਬੜੀ ਸਾਧਾਰਨ ਹੁੰਦੀ ਹੈ। 'ਡੇਰਾ' ਜਾਂ 'ਸਿਰਕੀ' ਦੂਰ ਹੋਣ ਦੀ ਸੂਰਤ ਵਿਚ ਦੋਵੇਂ ਧਿਰਾਂ ਇਕ ਦੂਜੀ ਦੇ ਨੇੜੇ ਆ ਜਾਂਦੀਆਂ ਹਨ। ਕਈ ਵਾਰੀ ਇਹ ਰਸਮ ਆਪਣੀ ਹੀ 'ਸਿਰਕੀ' ਵਿਚ ਵੀ ਸੰਪੰਨ ਕੀਤੀ ਜਾਂਦੀ ਹੈ।

2. **ਮੰਗਣੀ ਦੀ ਰਸਮ** : ਦੇਖ-ਦਿਖਾਈ ਦੀ ਰਸਮ ਤੋਂ ਬਾਅਦ ਨਟ ਕਬੀਲੇ ਵਿਚ 'ਮੰਗਣੀ ਦੀ ਰਸਮ' ਅਦਾ ਕੀਤੀ ਜਾਂਦੀ ਹੈ। ਲੜਕੀ ਪਸੰਦ ਆਉਣ ਤੋਂ ਬਾਅਦ ਲੜਕੇ ਦੇ ਮਾਤਾ-ਪਿਤਾ ਆਪਣੇ ਪਰਿਵਾਰ ਦੇ ਸਿਆਣੇ ਬਜ਼ੁਰਗਾਂ ਦੇ ਇਕੱਠ ਵਿਚ ਰਿਸ਼ਤੇ ਸੰਬੰਧੀ ਗੱਲ ਰੱਖਦੇ ਹਨ। ਇਕੱਠ ਵਿਚ ਇਸ ਰਿਸ਼ਤੇ ਸੰਬੰਧੀ ਪੂਰਾ ਵੇਰਵਾ ਦਿੱਤਾ ਜਾਂਦਾ ਹੈ। ਕਬੀਲੇ ਦੇ ਸਿਆਣੇ ਬਜ਼ੁਰਗ ਲੜਕੀ ਦੇ ਮਾਤਾ-ਪਿਤਾ ਦਾ ਗੋਤਰ, ਸਿਰਕੀ ਅਤੇ 'ਨਟ ਕਲਾ' ਦੇ ਖੇਤਰ ਬਾਰੇ ਵਿਸਥਾਰ ਵਿਚ ਪੁੱਛ-ਗਿੱਛ ਕਰਦੇ ਹਨ। ਇਸ ਉਪਰੰਤ 'ਆਦਿ ਮਾਤਾ' ਵੱਲੋਂ 'ਸੰਯੋਗ ਮੇਲਾ' ਆਖ ਕੇ ਪਤਵੰਤਿਆਂ ਵੱਲੋਂ ਰਿਸ਼ਤੇ ਦੀ ਪ੍ਰਵਾਨਗੀ ਦੇ ਦਿੱਤੀ ਜਾਂਦੀ ਹੈ। ਕਬੀਲਿਆਂ ਦੇ ਸਿਆਣਿਆਂ ਦਾ ਕੰਮ ਸਿਰਫ਼ ਹੋਣ ਵਾਲੇ ਵਿਆਹ ਵਿਚ ਗੋਤਰਾਂ ਸੰਬੰਧੀ 'ਤਾਲਮੇਲ' ਦੇਖਣਾ ਹੁੰਦਾ ਹੈ। ਇਸ ਤੋਂ ਬਾਅਦ ਨਟ ਕਬੀਲੇ ਦੇ ਲੋਕ ਮੰਗਣੀ ਦੀ ਰਸਮ ਅਦਾ ਕਰਦੇ ਹਨ। ਮੰਗਣੀ ਦੀ ਰਸਮ ਵਿਚ ਲੜਕੇ ਲੜਕੀ ਦੇ ਪਰਿਵਾਰ ਵੱਲੋਂ ਇਕ ਦੂਜੇ ਨੂੰ ਸ਼ਗਨਾਂ ਦੇ ਕੱਪੜੇ-ਲੀੜੇ ਅਤੇ ਲੜਕੀ ਨੂੰ ਖ਼ਾਸ ਤੌਰ 'ਤੇ ਥੋੜ੍ਹਾ-ਬਹੁਤਾ ਹਾਰ-ਸ਼ਿੰਗਾਰ ਦਾ ਸਾਮਾਨ ਦਿੱਤਾ ਜਾਂਦਾ ਹੈ। ਮੰਗਣੀ ਦੀ ਰਸਮ ਵਿਚ ਲੜਕੇ ਨੂੰ ਸਿਰਕੀ ਵਿਚ ਪਤਵੰਤਿਆਂ ਦੀ ਹਾਜ਼ਰੀ ਵਿਚ ਬਿਠਾ ਕੇ ਉਸਦੀ ਝੋਲੀ ਵਿਚ ਲੜਕੀ ਦੇ ਪਰਿਵਾਰ ਵੱਲੋਂ ਕਬੀਲੇ ਦੀਆਂ ਕੁਝ ਆਦਿਕਾਲੀ ਰਸਮਾਂ ਅਦਾ ਕਰਕੇ ਸ਼ਗਨ, ਮਿੱਠਾ ਅਤੇ ਕੁਝ ਪੈਸੇ ਪਾਏ ਜਾਂਦੇ ਹਨ। ਇਸ ਉਪਰੰਤ ਉਸਦੇ ਮੱਥੇ 'ਤੇ ਚੌਲ, ਸੰਧੂਰ ਅਤੇ ਚੰਦਨ ਦਾ ਟਿੱਕਾ ਲਗਾ ਕੇ ਮੰਗਣੀ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਇਸ ਰਸਮ ਵਿਚ ਲੜਕੀ ਨੂੰ ਸਿਰ ਦਾ ਸਾਲੂ, ਖੰਡ ਛੁਹਾਰਾ, ਸ਼ਗਨ, ਸ਼ਿੰਗਾਰ ਦਾ ਸਾਮਾਨ ਅਤੇ ਕੱਪੜੇ ਲੀੜੇ ਦੇ ਕੇ 'ਰੋਕੇ' ਦੀ ਰਸਮ ਨਿਭਾਈ ਜਾਂਦੀ ਹੈ। ਇਸ ਤਰ੍ਹਾਂ ਮੰਗਣੀ ਦੀ ਰਸਮ ਤੋਂ ਬਾਅਦ ਦੋਵੇਂ ਪਰਿਵਾਰਾਂ ਦਾ ਆਪਸੀ ਆਉਣਾ-ਜਾਣਾ ਵੱਧ ਜਾਂਦਾ ਹੈ। ਨਟ ਕਬੀਲੇ ਦੇ

ਮੈਂਬਰ ਇਸ ਨਵੀਂ ਸਕੀਰੀ ਦੀ ਖੁਸ਼ੀ ਸਿਰਕੀ ਵਿਚ ਮਾਸ, ਸ਼ਰਾਬ ਦੇ ਸੇਵਨ ਅਤੇ ਢੋਲ ਦੀ ਥਾਪ ਨਾਲ ਸਾਂਝੀ ਕਰਦੇ ਹਨ।

ਵਿਆਹ ਦੀ ਰਸਮ : ਮੰਗਣੀ ਦੀ ਰਸਮ ਤੋਂ ਬਾਅਦ ਨਟ ਕਬੀਲੇ ਦੇ ਲੋਕ ਵਿਆਹ ਦੀ ਤਿਆਰੀ ਕਰਨਾ ਸ਼ੁਰੂ ਕਰ ਦਿੰਦੇ ਹਨ। ਆਰਥਿਕ ਤੌਰ 'ਤੇ ਕਮਜ਼ੋਰ ਹੋਣ ਕਾਰਨ ਇਹ ਲੋਕ ਆਪਣੀ ਹਰ ਰਸਮ ਵਿਚ ਥੋੜ੍ਹਾ-ਬਹੁਤਾ ਅੰਤਰਾਲ ਰੱਖਦੇ ਹਨ ਤਾਂ ਕਿ ਵਿਆਹ ਸ਼ਾਦੀ 'ਤੇ ਹੋਣ ਵਾਲੇ ਖਰਚ ਦੀ ਤਿਆਰੀ ਕੀਤੀ ਜਾ ਸਕੇ। ਨਟ ਲੋਕ ਆਪਣਾ ਕੋਈ ਵੀ ਵਿਆਹ ਕਰਨ ਵੇਲੇ ਰੁੱਤਾਂ ਅਤੇ ਮੌਸਮ ਨੂੰ ਖ਼ਾਸ ਧਿਆਨ ਵਿਚ ਰੱਖਦੇ ਹਨ। ਨਟ ਲੋਕ ਆਪਣੇ ਕਲਾ ਕਰਤਬ ਦਿਖਾਉਣ ਲਈ ਵੱਖ-ਵੱਖ ਇਲਾਕਿਆਂ ਵਿਚ ਘੁੰਮਦੇ ਰਹਿੰਦੇ ਹਨ। ਇਹ ਲੋਕ ਇਹ ਗੱਲ ਚੰਗੀ ਤਰ੍ਹਾਂ ਜਾਣਦੇ ਹਨ ਕਿ ਕਿਹੜੇ ਮਹੀਨੇ ਵਿਚ ਕਿਹੜੇ ਖੇਤਰ ਵਿਚ ਚੰਗੀ ਕਮਾਈ ਕੀਤੀ ਜਾ ਸਕਦੀ ਹੈ। ਇਹ ਲੋਕ ਆਪਣੇ ਖਾਲੀ ਜਾਣ ਵਾਲੇ ਮਹੀਨਿਆਂ ਸੰਬੰਧੀ ਵੀ ਚੰਗੀ ਤਰ੍ਹਾਂ ਜਾਣਦੇ ਹਨ। ਇਸ ਤਰ੍ਹਾਂ ਵਿਆਹ ਕਰਨ ਲਈ ਉਨ੍ਹਾਂ ਮਹੀਨਿਆਂ ਨੂੰ ਚੁਣਿਆ ਜਾਂਦਾ ਹੈ ਜਦੋਂ ਕਿ ਇਨ੍ਹਾਂ ਕੋਲ ਕੰਮ ਬਹੁਤ ਘੱਟ ਹੁੰਦਾ ਹੈ। ਵਿਆਹ ਤੋਂ ਪਹਿਲਾਂ ਨਟ ਲੋਕ ਆਪਣੇ ਪਰਿਵਾਰ, ਸਿਰਕੀਆਂ ਅਤੇ ਗੋਤਰ ਦੇ ਲੋਕਾਂ ਨੂੰ ਸੱਦਾ ਦੇ ਕੇ ਆਪਣੇ ਪੱਕੇ ਟਿਕਾਣੇ 'ਤੇ ਇਕੱਠਾ ਕਰਦੇ ਹਨ। ਆਪਣੇ ਭਾਈਚਾਰੇ ਨੂੰ ਇਕ ਥਾਂ ਇਕੱਠਾ ਕਰਕੇ ਇਹ ਲੋਕ ਕਬੀਲੇ ਤੋਂ ਵਿਆਹ ਲਈ 'ਦਿਨ ਮੰਗਣ' ਦੀ ਰਸਮੀ ਇਜਾਜ਼ਤ ਲੈਂਦੇ ਹਨ। ਭਾਈਚਾਰੇ ਦੀ ਸਹਿਮਤੀ ਤੋਂ ਬਾਅਦ ਵਿਆਹ ਵਾਲਾ ਪਰਿਵਾਰ ਲੜਕੀ ਵਾਲਿਆਂ ਦੇ ਘਰ ਵਿਆਹ ਲਈ 'ਦਿਨ' ਲੈਣ ਜਾਂਦਾ ਹੈ। ਕਬੀਲੇ ਵਿਚ ਵਿਆਹ ਦੇ ਦਿਨਾਂ ਸੰਬੰਧੀ 'ਸ਼ੁਭ ਅਸ਼ੁਭ' ਸਮੇਂ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ। ਲੜਕੀ ਦੇ ਪਰਿਵਾਰ ਵੱਲੋਂ ਵਿਚਾਰ-ਵਟਾਂਦਰੇ ਤੋਂ ਬਾਅਦ ਸਿਆਣਿਆਂ ਦੀ ਸਲਾਹ ਨਾਲ ਕੋਈ ਇਕ ਦਿਨ ਵਿਆਹ ਲਈ ਮਿੱਥ ਲਿਆ ਜਾਂਦਾ ਹੈ।

ਲੜਕੇ ਦੇ ਪਰਿਵਾਰ ਵੱਲੋਂ ਘਰ ਆ-ਜਾਣ ਉਪਰੰਤ 'ਸਿਰਕੀ' ਅਤੇ ਕਬੀਲੇ ਦੇ ਲੋਕਾਂ ਵਿਚ ਵਿਆਹ ਦੇ ਦਿਨ ਦਾ ਐਲਾਨ ਕਰ ਦਿੱਤਾ ਜਾਂਦਾ ਹੈ। ਵਿਆਹ ਦੇ ਦਿਨ ਸੰਬੰਧੀ 'ਕਬੀਲਾ ਪੰਚਾਇਤ' ਨੂੰ ਇਕੱਠਾ ਕਰਕੇ ਵਿਚਾਰ-ਵਟਾਂਦਰਾ ਕਰਕੇ ਕਬੀਲੇ ਦੇ ਬਜ਼ੁਰਗਾਂ ਦੀ ਸਹਿਮਤੀ ਲਈ ਜਾਂਦੀ ਹੈ। ਅਜਿਹਾ ਕਬੀਲੇ ਦੇ ਬਜ਼ੁਰਗਾਂ ਦੇ ਮਾਣ ਸਤਿਕਾਰ ਲਈ ਕੀਤਾ ਜਾਂਦਾ ਹੈ। ਇਸ ਵਿਚ ਦੂਜੀ ਗੋਤਰ ਦੇ ਮੈਂਬਰ ਵੀ ਸ਼ਾਮਿਲ ਹੁੰਦੇ ਹਨ। ਵਿਆਹ ਦਾ ਦਿਨ ਨਿਸਚਿਤ ਹੋਣ 'ਤੇ ਸਿਰਕੀ ਵਿਚ ਖ਼ੁਸ਼ੀ ਵਾਲਾ ਮਾਹੌਲ ਹੁੰਦਾ ਹੈ। ਵਿਆਹ ਤੋਂ ਕਈ ਦਿਨ ਪਹਿਲਾਂ ਹੀ ਕਬੀਲਾ ਔਰਤਾਂ ਵਿਆਹ ਦੇ ਗੀਤ ਗਾਉਣ ਲੱਗ ਜਾਂਦੀਆਂ ਹਨ। ਨਟ ਔਰਤਾਂ ਰਾਤ ਵੇਲੇ ਸਿਰਕੀ ਦੀਆਂ ਔਰਤਾਂ ਨੂੰ ਇਕੱਠੀਆਂ ਕਰਕੇ 'ਕਬੀਲਾ ਗੀਤ' ਗਾਉਂਦੀਆਂ ਹਨ। ਵਿਆਹ ਤੋਂ ਦੋ ਤਿੰਨ ਪਹਿਲਾਂ ਲੜਕੇ ਲੜਕੀ ਨੂੰ ਘਰ ਤੋਂ ਬਾਹਰ ਜਾਣ ਲਈ ਰੋਕ ਦਿੱਤਾ ਜਾਂਦਾ ਹੈ। ਕਬੀਲੇ ਵਿਚ ਇਸ ਸੰਬੰਧੀ ਕਈ ਟੋਟਮ ਅਤੇ ਟੈਬੂ ਪ੍ਰਚਲਿਤ ਹਨ। ਕਬੀਲੇ ਦੇ ਲੋਕ ਇਹ ਸੋਚਦੇ ਹਨ ਕਿ ਇਨ੍ਹਾਂ ਸ਼ਗਨਾਂ ਦੇ ਦਿਨਾਂ ਵਿਚ 'ਕਾਲ' ਭਾਰੂ ਹੁੰਦਾ ਹੈ। ਇਸ ਕਰਕੇ ਵਿਆਹ ਵਾਲੇ ਜੋੜੇ ਨੂੰ 'ਭੂਤ ਪ੍ਰੇਤ' ਅਤੇ 'ਓਪਰੀ

ਛਾਇਆ' ਦਾ ਡਰ ਬਣਿਆ ਰਹਿੰਦਾ ਹੈ। ਇਸ ਸਮੇਂ ਦੌਰਾਨ ਨਟ ਲੜਕੀ ਅਤੇ ਲੜਕੇ ਦੇ ਗੁੱਟ ਨਾਲ ਕੋਈ ਲੋਹੇ ਦੀ ਚੀਜ ਬੰਨ੍ਹ ਦਿੱਤੀ ਜਾਂਦੀ ਹੈ। ਕਈ ਲੋਕ ਹੱਥ ਵਿਚ ਚਾਕੂ ਛੁਰੀ ਵੀ ਰੱਖਦੇ ਹਨ। ਵਿਆਹ ਤੋਂ ਇਕ ਦਿਨ ਪਹਿਲਾਂ ਵਿਆਹ ਵਾਲੇ ਲੜਕੇ ਅਤੇ ਲੜਕੀ ਦੇ ਘਰ 'ਕਬੀਲਾ ਭੋਜ' ਦਿੱਤਾ ਜਾਂਦਾ ਹੈ। ਕਬੀਲਾ ਭੋਜ ਵਿਚ 'ਦਾਲ ਰੋਟੀ' ਅਤੇ 'ਕੜਾਹ ਪ੍ਰਸ਼ਾਦ' ਪ੍ਰਚਲਿਤ ਹੈ। ਲੜਕੇ ਦੇ ਪਰਿਵਾਰ ਵਿਚ ਇਸ ਦਿਨ 'ਮਾਸ ਅਤੇ ਸ਼ਰਾਬ' ਦਾ ਦੌਰ ਦੂਜੇ ਦਿਨ ਤੱਕ ਚਲਦਾ ਰਹਿੰਦਾ ਹੈ। ਵਿਆਹ ਤੋਂ ਇਕ ਦਿਨ ਪਹਿਲਾਂ ਲੜਕੀ ਦੇ ਮਹਿੰਦੀ ਲਾਉਣ ਦੀ ਰਸਮ ਪੂਰੀ ਕੀਤੀ ਜਾਂਦੀ ਹੈ। ਇਸ ਰਸਮ ਵਿਚ ਕਬੀਲੇ ਦੀਆਂ ਔਰਤਾਂ ਅਤੇ ਕੁੜੀਆਂ ਕਬੀਲੇ ਦੇ ਰਿਵਾਜ਼ ਮੁਤਾਬਕ ਲੜਕੀ ਦੇ ਮਹਿੰਦੀ ਲਾਉਂਦੀਆਂ ਹੋਈਆਂ ਕਬੀਲਾ ਗੀਤ ਬੋਲਦੀਆਂ ਹਨ। ਇਹ ਗੀਤ ਬਿਰਹੋਂ ਵਿਛੋੜੇ ਅਤੇ ਲੜਕੇ ਲੜਕੀ ਦੇ ਸ਼ਗਨਾਂ ਨਾਲ ਸੰਬੰਧਤ ਹੁੰਦੇ ਹਨ। ਇਹ ਗੀਤ ਬਹੁਤ ਹੀ ਧੀਮੀ ਸੁਰ ਅਤੇ ਸਮੂਹਿਕ ਰੂਪ ਵਿਚ ਗਾਏ ਜਾਂਦੇ ਹਨ। ਇਨ੍ਹਾਂ ਸ਼ਗਨਾਂ ਦੌਰਾਨ ਲੜਕੀ ਦੇ ਗੁੱਟ 'ਤੇ ਇਕ 'ਲਾਲ' ਅਤੇ 'ਕਾਲਾ ਗਾਨਾ' ਬੰਨ੍ਹਿਆ ਜਾਂਦਾ ਹੈ। ਕਬੀਲੇ ਦੇ ਲੋਕਾਂ ਅਨੁਸਾਰ ਇਹ 'ਗਾਨਾ' ਵਿਆਹ ਸੰਬੰਧੀ ਇਕ ਅਹਿਦ ਹੁੰਦਾ ਹੈ। ਇਸ ਤੋਂ ਇਲਾਵਾ ਇਹ ਲੋਕ ਵਿਆਹ ਵਾਲੇ ਲੜਕੇ ਲੜਕੀ ਦੇ ਗਾਨਾ 'ਸੁਰੱਖਿਆ ਕਵਚ' ਦੇ ਤੌਰ 'ਤੇ ਬੰਨ੍ਹਦੇ ਹਨ। ਨਟ ਕਬੀਲੇ ਵਿਚ ਲੜਕੀ ਦੇ ਵਟਣਾ ਮਲਣ ਦੀ ਰਸਮ ਪਰਿਵਾਰ, ਸਿਰਕੀ ਦੀਆਂ ਔਰਤਾਂ ਉਸ ਦੀਆਂ ਸਹੇਲੀਆਂ ਰਲ-ਮਿਲ ਕੇ ਕਰਦੀਆਂ ਹਨ। ਇਨ੍ਹਾਂ ਰਸਮਾਂ ਦੌਰਾਨ ਲੜਕੀ ਨੂੰ ਧਰਤੀ 'ਤੇ ਇਕ ਪਟੜੀ 'ਤੇ ਬਿਠਾ ਕੇ ਇਹ ਕਾਰ-ਵਿਹਾਰ ਕੀਤਾ ਜਾਂਦਾ ਹੈ। ਇਨ੍ਹਾਂ ਰਸਮਾਂ ਦੇ ਚਲਦਿਆਂ ਲੜਕੀ ਸ਼ਾਂਤ ਮੁਦਰਾ ਵਿਚ ਧਰਤੀ 'ਤੇ ਬੈਠੀ ਰਹਿੰਦੀ ਹੈ। ਇਨ੍ਹਾਂ ਰਸਮਾਂ ਦੌਰਾਨ ਉਸਦੀ ਸਥਿਤੀ ਜ਼ਿਆਦਾਤਰ ਸੋਗਵਾਰ ਹੁੰਦੀ ਹੈ, ਬਾਕੀ ਸਾਰੇ ਕਬੀਲਿਆਂ ਵਿਚ ਵੀ ਇਹੀ ਰੀਤ ਪਾਈ ਜਾਂਦੀ ਹੈ। ਲੜਕੀ ਨੂੰ ਨੁਹਾਉਣ ਉਪਰੰਤ ਉਸਦੇ ਹਾਰ-ਸ਼ਿੰਗਾਰ ਕਰਕੇ ਉਸਨੂੰ ਨਵੇਂ ਕੱਪੜੇ ਪੁਆ ਕੇ ਲਾੜੀ ਦੇ ਰੂਪ ਵਿਚ ਤਿਆਰ ਕੀਤਾ ਜਾਂਦਾ ਹੈ। ਕਬੀਲੇ ਵਿਚ ਸਵੇਰੇ ਬਰਾਤ ਢੁੱਕਣ ਤੱਕ ਲੜਕੀ ਨੂੰ ਧਰਤੀ 'ਤੇ ਹੀ ਆਸਣ ਲਾ ਕੇ ਸੌਣਾ ਪੈਂਦਾ ਹੈ। ਇਹ ਰਸਮ ਲੜਕੇ ਦੇ ਪਰਿਵਾਰ ਵਿਚ ਵੀ ਪ੍ਰਚਲਿਤ ਹੈ।ਕਬੀਲੇ ਦੇ ਲੋਕ ਇਸ ਰਸਮ ਵਿਚ ਲੜਕੇ ਲੜਕੀ ਦੇ ਸਿਰਹਾਣੇ ਕਿਸੇ ਓਪਰੀ ਚੀਜ਼ ਤੋਂ ਬਚਾਉਣ ਲਈ 'ਪਾਣੀ ਅਤੇ ਲੋਹੇ' ਦਾ ਕੋਈ ਔਜ਼ਾਰ ਜਾਂ ਹਥਿਆਰ ਰੱਖਦੇ ਹਨ। ਨਟ ਕਬੀਲੇ ਵਿਚ ਵਿਆਹ ਵਿਚ ਮਾਮਿਆਂ ਦੀ ਮੁੱਖ ਭੂਮਿਕਾ ਹੁੰਦੀ ਹੈ। ਕਬੀਲੇ ਵਿਚ ਲੜਕੇ ਨੂੰ 'ਨੁਹਾਈ' ਅਤੇ 'ਘੋੜ ਚੜ੍ਹਾਈ' ਦੀ ਰਸਮ ਮਾਮਾ ਪੂਰੀ ਕਰਦਾ ਹੈ। ਇਸੇ ਤਰ੍ਹਾਂ ਲੜਕੀ ਨੂੰ ਡੋਲੀ ਵਿਚ ਬਿਠਾਉਣ ਦੀ ਰਸਮ ਮਾਮਾ ਪੂਰੀ ਕਰਦਾ ਹੈ। ਨਟ ਕਬੀਲੇ ਵਿਚ ਵਿਆਹ ਸੰਬੰਧੀ ਨਿੱਕੀਆਂ-ਨਿੱਕੀਆਂ ਅਣ-ਗਿਣਤ ਰਸਮਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ। ਕਬੀਲੇ ਵਿਚ ਲੜਕੇ ਦੇ ਮਹਿੰਦੀ ਲਾਉਣ ਸਮੇਂ ਉਸਦਾ ਮੂੰਹ-ਮੱਥਾ ਬੰਨ੍ਹ ਕੇ ਬਿਠਾਇਆ ਜਾਂਦਾ ਹੈ। ਮਹਿੰਦੀ ਦੀ ਰਸਮ ਵਿਚ ਵਿਆਹ ਵਾਲੇ ਲੜਕੇ ਦੇ ਸਾਥੀ ਸੰਗੀ ਉਸਦੇ ਮਹਿੰਦੀ ਲਾਉਣ ਦੇ ਨਾਲ-ਨਾਲ ਆਪਣੇ ਵੀ ਮਹਿੰਦੀ ਲਾਉਂਦੇ ਹਨ। ਇਸ ਰਸਮ ਤੋਂ ਬਾਅਦ 'ਬੋਦੀ ਗੁੰਦਣ' ਦੇ ਨਾਲ ਕਈ ਸ਼ਗਨ 'ਸਰ੍ਹੋਂ

ਦਾ ਤੇਲ' ਡੋਲ੍ਹ ਕੇ ਮਨਾਏ ਜਾਂਦੇ ਹਨ। ਕਬੀਲੇ ਵਿਚ 'ਸਰ੍ਹੋਂ ਦੇ ਤੇਲ' ਨੂੰ ਸੁੱਚਾ ਅਤੇ ਸ਼ੁਭ ਮੰਨਿਆ ਜਾਂਦਾ ਹੈ। ਕਬੀਲੇ ਵਿਚ ਵਿਆਹ ਵਾਲੇ ਲੜਕੇ ਦੇ ਸੁਰਮਾ ਪਾਉਣ ਦੀ ਰਸਮ ਉਸਦੀ ਭਾਬੀ ਅਦਾ ਕਰਦੀ ਹੈ। ਬਾਕੀ ਕਬੀਲਿਆਂ ਵਿਚ ਵੀ ਇਹੀ ਰੀਤ ਪ੍ਰਚੱਲਿਤ ਹੈ। ਕਬੀਲੇ ਵਿਚ ਵਿਆਹ ਵਾਲੇ ਲੜਕੇ ਦੇ ਸਿਹਰਾਬੰਦੀ ਦੀ ਰਸਮ ਲੜਕੀ ਦੀਆਂ ਭੈਣਾਂ ਨਿਭਾਉਂਦੀਆਂ ਹਨ। ਜੰਞ ਚੜ੍ਹਨ ਵੇਲੇ ਸਾਰੇ ਹੀ ਰਾਜਪੂਤ ਕਬੀਲਿਆਂ ਵਿਚ ਘੋੜੀ ਚੜਨ ਦੀ ਰਸਮ ਪ੍ਰਚਲਿਤ ਹੈ। ਨਟ ਕਬੀਲੇ ਵਿਚ ਬਰਾਤ ਦੇ ਇਕ ਸਿਰਕੀ ਤੋਂ ਦੂਜੀ ਸਿਰਕੀ ਤੱਕ ਪਹੁੰਚਣ ਤੋਂ ਪਹਿਲਾਂ ਕਬੀਲਾ ਪੁਰਖਿਆਂ ਨੂੰ ਮੱਥਾ ਟੇਕ ਕੇ ਆਸ਼ੀਰਵਾਦ ਪ੍ਰਾਪਤ ਕੀਤਾ ਜਾਂਦਾ ਹੈ। ਆਸ਼ੀਰਵਾਦ ਪ੍ਰਾਪਤੀ ਤੋਂ ਬਾਅਦ ਨਟ ਕਬੀਲੇ ਦੀ ਬਰਾਤ ਢੋਲ ਢਮੱਕਿਆਂ ਨਾਲ ਸਿਰਕੀ ਵਿਚੋਂ ਨਿਕਲਦੀ ਹੈ। ਹਰ ਵਿਆਹ ਸ਼ਾਦੀ ਦੇ ਜਸ਼ਨਾਂ ਵਿਚ 'ਢੋਲ ਅਤੇ ਢੋਲਕੀ' ਨਟਾਂ ਦੇ ਮੁੱਖ ਸਾਜ਼ ਹਨ। ਬਰਾਤ ਦੇ ਘਰੋਂ ਤੁਰਨ ਲੱਗਿਆਂ ਵਿਆਹ ਵਾਲੇ ਮੁੰਡੇ ਦਾ ਮਾਮਾ ਉਸਨੂੰ ਘੋੜੀ 'ਤੇ ਚੜ੍ਹਾਅ ਕੇ ਵਿਦਾ ਕਰਦਾ ਹੈ। ਸਾਰੇ ਕਬੀਲਿਆਂ ਵਿਚ 'ਘੋੜੀ ਚੜਨ' ਦੀ ਰਵਾਇਤ ਪ੍ਰਚੱਲਿਤ ਹੈ। ਲੜਕੀ ਵਾਲਿਆਂ ਦੀ 'ਸਿਰਕੀ' ਪਹੁੰਚਣ ਉਪਰੰਤ ਮਿਲਣੀ ਦੀ ਰਸਮ ਅਦਾ ਕੀਤੀ ਜਾਂਦੀ ਹੈ। ਮਿਲਣੀ ਜ਼ਿਆਦਾਤਰ ਲੜਕੇ ਦੇ ਪਰਿਵਾਰ ਵਿਚ ਹੁੰਦੀ ਹੈ। ਮਿਲਣੀ ਸਮੇਂ 'ਆਓ ਭਗਤ' ਅਤੇ 'ਗੋਤਰ ਵਡਿਆਈ' ਦੀ ਰਸਮ ਕਬੀਲੇ ਦੇ ਸਿਆਣੇ ਬਜ਼ੁਰਗਾਂ ਦੁਆਰਾ ਪੂਰੀ ਕੀਤੀ ਜਾਂਦੀ ਹੈ। 'ਗੋਤਰ ਵਡਿਆਈ' ਦੀ ਰਸਮ ਤੋਂ ਬਾਅਦ ਬਰਾਤ ਦੀ ਵਿੱਤ ਅਨੁਸਾਰ ਚਾਹ-ਪਾਣੀ ਪਿਆ ਕੇ ਸੇਵਾ ਕੀਤੀ ਜਾਂਦੀ ਹੈ। ਇਸੇ ਸਮੇਂ ਦੌਰਾਨ ਕਬੀਲੇ ਦੀਆਂ ਔਰਤਾਂ ਗੀਤ ਗਾਉਂਦੀਆਂ ਹੋਈਆਂ ਸ਼ਗਨ ਮਨਾਉਂਦੀਆਂ ਹਨ। ਇਸ ਮੌਕੇ ਦੋਹਾਂ ਧਿਰਾਂ ਦੀਆਂ ਔਰਤਾਂ ਵਿਚ 'ਸਿੱਠਣੀਆਂ' ਵਰਗੀ ਹਾਸਾ-ਠੱਠਾ ਕਰਨ ਦੀ ਰਸਮ ਵੀ ਪ੍ਰਚੱਲਿਤ ਹੈ। ਉਪਰੋਕਤ ਰਸਮਾਂ ਦੇ ਚੱਲਦਿਆਂ ਕਬੀਲੇ ਵਿਚ 'ਲਾਗ' ਦੀ ਰਸਮ ਨਿਭਾਈ ਜਾਂਦੀ ਹੈ। 'ਲਾਗ' ਵਿਚ ਫੇਰਿਆਂ ਤੋਂ ਪਹਿਲਾਂ ਦੀਆਂ ਰਸਮਾਂ ਆਉਂਦੀਆਂ ਹਨ। ਇਨ੍ਹਾਂ ਰਸਮਾਂ ਤੋਂ ਬਾਅਦ ਲੜਕਾ ਲੜਕੀ ਦੇ ਫੇਰਿਆਂ ਦੀ ਰਸਮ ਅਦਾ ਕੀਤੀ ਜਾਂਦੀ ਹੈ। ਨਟ ਕਬੀਲੇ ਵਿਚ ਵਿਆਹ ਕਬੀਲੇ ਦੀ 'ਪਰੰਪਰਿਕ ਬਲੀ ਬੇਦੀ' 'ਤੇ ਸੰਪੰਨ ਕੀਤਾ ਜਾਂਦਾ ਹੈ। ਨਟ ਲੋਕ ਆਪਣੇ ਘਰ ਦੇ ਵਿਹੜੇ ਵਿਚ ਇਕ ਹਵਨ ਕੁੰਡ ਤਿਆਰ ਕਰਕੇ ਉਸਦੇ ਆਲੇ-ਦੁਆਲੇ ਸੱਤ ਕੋਰੀਆਂ ਕੁੱਜੀਆਂ ਰੱਖ ਦਿੰਦੇ ਹਨ। ਇਨ੍ਹਾਂ ਕੁਜੀਆਂ ਦੇ ਆਲੇ-ਦੁਆਲੇ ਸੱਤ ਵਾਰੀ ਸੂਤੀ ਧਾਗਾ ਲਪੇਟ ਕੇ 'ਬਲੀ ਬੇਦੀ' ਤਿਆਰ ਕੀਤੀ ਜਾਂਦੀ ਹੈ। ਇਹ ਸਾਰਾ ਕਾਰਜ ਕਬੀਲੇ ਦੇ ਬ੍ਰਾਹਮਣ ਦੁਆਰਾ ਨੇਪਰੇ ਚਾੜ੍ਹਿਆ ਜਾਂਦਾ ਹੈ। ਇਸ ਤਰ੍ਹਾਂ ਬਲੀ ਬੇਦੀ ਵਿਚ ਅਗਨ ਦੇ ਨੇੜੇ ਲੋੜੀਂਦੀ ਹਵਨ ਸਮੱਗਰੀ ਰੱਖੀ ਜਾਂਦੀ ਹੈ। ਇਸ ਰਸਮ ਤੋਂ ਬਾਅਦ ਵਿਆਹ ਵਾਲੇ ਜੋੜੇ ਨੂੰ ਹਵਨ ਕੁੰਡ ਅੱਗੇ ਮੱਥਾ ਟਿਕਾ ਕੇ ਫੇਰਿਆਂ ਦੀ ਰਸਮ ਆਰੰਭ ਕੀਤੀ ਜਾਂਦੀ ਹੈ। ਇਸ ਰਸਮ ਵਿਚ ਲੜਕੇ ਦੇ ਗਲ਼ ਵਾਲਾ ਕੱਪੜਾ ਜਿਸਨੂੰ ਕਿ ਕਬੀਲੇ ਦੇ ਲੋਕ 'ਛੇੜੂਆ' ਆਖਦੇ ਹਨ, ਲੜਕੀ ਦੀ ਚੁੰਨੀ ਨਾਲ ਬੰਨ੍ਹ ਦਿਤਾ ਜਾਂਦਾ ਹੈ। ਬ੍ਰਾਹਮਣ ਤੰਤਰਾਂ-ਮੰਤਰਾਂ ਦੇ ਉਚਾਰਨ ਉਪਰੰਤ ਫੇਰਿਆਂ ਦੀ ਰਸਮ ਸ਼ੁਰੂ ਕਰਦਾ ਹੈ। ਨਟ ਕਬੀਲੇ ਵਿਚ ਆਦਿ ਕਾਲ ਤੋਂ ਹੀ ਸੱਤ ਫੇਰਿਆਂ ਦੀ ਰਵਾਇਤ

ਹੈ। ਫੇਰਿਆਂ ਵਿਚ ਲਾੜਾ ਅੱਗੇ-ਅੱਗੇ ਅਤੇ ਲਾੜੀ ਪਿੱਛੇ-ਪਿੱਛੇ ਚਲਦੀ ਹੈ। ਫੇਰਿਆਂ ਦੀ ਰਸਮ ਵਿਚ ਲਾੜੀ ਅਤੇ ਲਾੜਾ ਆਪਣਾ ਮੂੰਹ-ਮੱਥਾ ਢੱਕ ਕੇ ਰੱਖਦੇ ਹਨ। ਇਸ ਰਸਮ ਵਿਚ ਕਬੀਲੇ ਦੇ ਸਾਰੇ ਲੋਕ ਹਵਨ ਕੁੰਡ ਦੇ ਆਲੇ-ਦੁਆਲੇ ਸ਼ਰਧਾਪੂਰਵਕ ਬੈਠ ਜਾਂਦੇ ਹਨ। ਇਸ ਤਰ੍ਹਾਂ 'ਫੇਰਿਆਂ' ਦੀ ਰਸਮ ਪੂਰੀ ਹੋਣ ਤੋਂ ਬਾਅਦ ਕਬੀਲੇ ਦੇ ਲੋਕ ਵਿੱਤ ਅਨੁਸਾਰ ਬਲੀ ਬੇਦੀ 'ਤੇ ਮੱਥਾ ਟੇਕ ਕੇ ਵਿੱਤ ਅਨੁਸਾਰ ਗੜਵੀਆਂ ਵਿਚ ਪੈਸੇ ਅਰਪ ਦਿੰਦੇ ਹਨ। ਇਸ ਰਸਮ ਤੋਂ ਬਾਅਦ ਲੜਕੀ ਨੂੰ ਸ਼ਗਨਾਂ ਵਜੋਂ ਕੱਪੜਾ ਲੀੜਾ, ਹਾਰ-ਸ਼ਿੰਗਾਰ ਅਤੇ ਕਬੀਲਾ ਪਰੰਪਰਾ ਮੁਤਾਬਕ ਕੁਝ ਵਸਤਾਂ ਦੇ ਕੇ 'ਕਬੀਲਾ ਬੇਨਤੀ' ਕੀਤੀ ਜਾਂਦੀ ਹੈ। ਦਾਨ ਦੀਆਂ ਵਸਤਾਂ ਨੂੰ ਕਬੀਲੇ ਦੇ ਲੋਕ 'ਦਖਸ਼ਣਾ' ਆਖਦੇ ਹਨ। 'ਕਬੀਲਾ ਬੇਨਤੀ' ਵਿਆਹ ਵਿਚ ਹੋਈ ਕਿਸੇ ਵੀ ਭੁੱਲ-ਚੁੱਕ ਦੀ ਸੂਰਤ ਵਿਚ ਕੀਤੀ ਜਾਂਦੀ ਹੈ। ਕਬੀਲਾ ਬੇਨਤੀ ਲੜਕੀ ਦੇ ਪਰਿਵਾਰ ਵੱਲੋਂ ਬੜੇ ਨਿੱਘ ਅਤੇ ਨਿਮਰਤਾ ਨਾਲ ਕੀਤੀ ਜਾਂਦੀ ਹੈ। ਇਸ ਰਸਮ ਵਿਚ ਕਬੀਲੇ ਦਾ ਕੋਈ 'ਮੋਅਤਬਰ ਵਿਅਕਤੀ' ਫੇਰਿਆਂ ਤੋਂ ਬਾਅਦ ਕਬੀਲੇ ਦੇ ਮੋਅਤਬਰ ਵਿਅਕਤੀਆਂ ਵਿਚ ਖੜਾ ਹੋ ਕੇ ਗਲ਼ ਵਿਚ 'ਪੱਲਾ' ਪਾ ਕੇ ਕੁੜਮਾਂ ਅਤੇ ਬਰਾਤੀਆਂ ਤੋਂ ਖਿਮਾ ਜਾਚਨਾ ਮੰਗਦਾ ਹੈ ਕਿ ਮੈਂ ਤੁਹਾਡੀ ਵਧ-ਚੜ੍ਹ ਕੇ ਸੇਵਾ ਨਹੀਂ ਕਰ ਸਕਿਆ। ਇਹ ਕਬੀਲੇ ਦੀ ਇਕ ਰਸਮ ਹੈ। ਹਰ ਇਕ ਵਿਆਹ ਵਿਚ ਇਹ ਰਸਮ ਪੂਰੀ ਕੀਤੀ ਜਾਂਦੀ ਹੈ। ਇਸ ਉਪਰੰਤ ਲੜਕੇ ਵਾਲਿਆਂ ਵੱਲੋਂ ਕੋਈ ਸਿਆਣਾ ਵਿਅਕਤੀ ਕਬੀਲਾ ਬੇਨਤੀ ਸਵੀਕਾਰ ਕਰਦਾ ਹੋਇਆ ਆਖਦਾ ਹੈ, "ਭਾਈ ਜਿਸਨੇ ਕੰਨਿਆ ਦਾ ਦਾਨ ਕਰ ਦਿੱਤਾ, ਉਸਨੇ ਸਭ ਕੁਝ ਦੇ ਦਿੱਤਾ।" ਇਸ ਤਰ੍ਹਾਂ ਕਬੀਲਾ ਬੇਨਤੀ ਉਪਰੰਤ ਬਰਾਤ ਨੂੰ ਭੋਜ ਦੇ ਕੇ ਲੜਕੀ ਨੂੰ ਢੋਲ-ਢਮੱਕਿਆਂ ਨਾਲ ਵਿਦਾ ਕਰ ਦਿੱਤਾ ਜਾਂਦਾ ਹੈ। ਨਟ ਕਬੀਲੇ ਵਿਚ ਲੜਕੀ ਨੂੰ ਡੋਲੀ ਵਿਚ 'ਮਾਮਾ' ਬਿਠਾਉਂਦਾ ਹੈ। ਇਸ ਮੌਕੇ ਵਿਆਹ ਵਾਲੀ ਲੜਕੀ 'ਰਸਮੀ ਰੁਦਨ' ਵੀ ਕਰਦੀ ਹੈ। ਨਟ ਕਬੀਲੇ ਵਿਚ 'ਦਾਜ' ਨੂੰ ਬਹੁਤੀ ਮਾਨਤਾ ਨਹੀਂ ਦਿੱਤੀ ਜਾਂਦੀ। ਇਹ ਲੋਕ ਅੱਜ ਵੀ ਕੰਨਿਆਦਾਨ ਨੂੰ ਜ਼ਿਆਦਾ ਮਹੱਤਵ ਦਿੰਦੇ ਹਨ। ਇਸ ਤੋਂ ਇਲਾਵਾ ਨਟ ਕਬੀਲੇ ਵਿਚ ਵਿਆਹ ਤੋਂ ਬਾਅਦ 'ਮਿੱਠੇ ਚੌਲਾਂ' ਦੀ ਰਸਮ ਅਤੇ ਕਈ ਹੋਰ ਵੀ ਰਸਮਾਂ ਪ੍ਰਚੱਲਿਤ ਹਨ। ਇਸ ਤਰ੍ਹਾਂ ਲੰਬੀਆਂ ਰਸਮਾਂ ਵਿਚੋਂ ਲੰਘਦਿਆਂ ਨਟ ਕਬੀਲੇ ਦਾ ਵਿਆਹ ਸੰਪੰਨ ਹੁੰਦਾ ਹੈ।

ਨਟ ਕਬੀਲੇ ਦੀਆਂ ਮੌਤ ਰਸਮਾਂ

ਮੌਤ ਇਕ ਕੁਦਰਤੀ ਵਰਤਾਰਾ ਹੈ। ਹਰ ਇਕ ਜਾਤੀ ਅਤੇ ਕਬੀਲਾ ਮੌਤ ਨਾਲ ਸੰਬੰਧਤ ਕੁਝ ਕਰਮ ਕਾਂਡ ਅਤੇ ਅਨੁਸ਼ਠਾਨ ਨਿਭਾਉਂਦਾ ਹੈ। ਕਈ ਜਾਤੀਆਂ ਜਨਜਾਤੀਆਂ ਅਤੇ ਕਬੀਲਿਆਂ ਵਿਚ ਮੌਤ ਸੰਬੰਧੀ ਇਹ ਭਾਵਨਾ ਪਾਈ ਜਾਂਦੀ ਹੈ ਕਿ ਮਨੁੱਖ ਮਰਨ ਤੋਂ ਬਾਅਦ ਵੀ ਆਤਮਿਕ ਤੌਰ 'ਤੇ ਜਿਉਂਦਾ ਰਹਿੰਦਾ ਹੈ। ਇਹ ਮੌਤ ਕੇਵਲ ਸਰੀਰਕ ਪੱਧਰ 'ਤੇ ਹੁੰਦੀ ਹੈ। ਇਸ ਤਰ੍ਹਾਂ ਮ੍ਰਿਤਕ ਵਿਅਕਤੀ ਦੀ ਆਤਮਾ ਨੂੰ ਅਗਲੀ ਦੁਨੀਆ ਵਿਚ ਵਾਸ ਕਰ ਰਹੇ ਪੁਰਖਿਆਂ ਦੀ ਆਤਮਾ ਨਾਲ ਜੋੜਨ ਲਈ ਕਈ ਤਰ੍ਹਾਂ ਦੀਆਂ ਧਾਰਮਿਕ ਕ੍ਰਿਆਵਾਂ ਕੀਤੀਆਂ ਜਾਂਦੀਆਂ ਹਨ। ਇਹ ਕ੍ਰਿਆਵਾਂ ਭੈਅ, ਡਰ, ਅੰਧ-ਵਿਸ਼ਵਾਸ, ਕਰੋਪੀ

ਅਤੇ ਆਸਥਾ ਵਿਚੋਂ ਪੈਦਾ ਹੁੰਦੀਆਂ ਹਨ। ਇਸ ਤਰ੍ਹਾਂ ਨਟ ਕਬੀਲੇ ਦੇ ਲੋਕ ਵੀ ਆਪਣੇ ਮੋਇਆਂ ਹੋਇਆਂ ਦੀਆਂ ਰੂਹਾਂ ਨੂੰ ਤ੍ਰਿਪਤ ਕਰਨ ਲਈ ਕਈ ਤਰ੍ਹਾਂ ਦੇ ਕਰਮਕਾਂਡ ਕਰਦੇ ਹਨ। ਇਨ੍ਹਾਂ ਲੋਕਾਂ ਅਨੁਸਾਰ ਜੇਕਰ ਮ੍ਰਿਤਕ ਦੀ ਮੌਤ ਨਾਲ ਸੰਬੰਧਤ ਕਰਮਕਾਂਡ ਸਹੀ ਢੰਗ ਨਾਲ ਨਾ ਕੀਤੇ ਜਾਣ ਤਾਂ ਮ੍ਰਿਤਕ ਦੀ ਆਤਮਾ ਮਾਤਲੋਕ ਵਿਚ ਹੀ ਭਟਕਦੀ ਰਹਿੰਦੀ ਹੈ ਅਤੇ ਕਈ ਤਰ੍ਹਾਂ ਦੇ ਨੁਕਸਾਨ ਕਰਦੀ ਹੈ। ਇਸੇ ਸੰਬੰਧ ਵਿਚ ਕਈ ਕਬੀਲਿਆਂ ਵਿਚ ਪਾਸਾ ਬਦਲਣ, ਸਿਵਿਆਂ ਦੇ ਰਸਤੇ ਵਿਚ ਸਰ੍ਹੋਂ ਦਾ ਛਿੱਟਾ ਦੇਣ, ਅੱਖਾਂ ਵਿਚ ਸਰ੍ਹੋਂ ਪਾਉਣਾ, ਮ੍ਰਿਤਕ ਦੇ ਤਾਬੂਤ ਵਿਚ ਕਿੱਲ ਗੱਡਣਾ, ਅੱਖਾਂ ਨੂੰ ਦਾਗ ਦੇਣ, ਸਿਵੇ ਨੂੰ ਕੀਲਣ ਦੀ ਪ੍ਰਥਾ ਅਤੇ ਮ੍ਰਿਤਕ ਸਰੀਰ ਨਾਲ ਕਾਨਾ ਰੱਖਣ ਦੀ ਪ੍ਰਥਾ ਪ੍ਰਚੱਲਿਤ ਹੈ। ਇਸੇ ਸੰਬੰਧ ਵਿਚ ਨਟ ਕਬੀਲੇ ਦੀਆਂ ਮੌਤ ਨਾਲ ਸੰਬੰਧਤ ਰਸਮਾਂ ਇਸ ਪ੍ਰਕਾਰ ਹਨ :

1. **ਸੋਗ ਦੀ ਰਸਮ** : ਨਟ ਕਬੀਲੇ ਵਿਚ ਕੋਈ ਵੀ ਮੌਤ ਹੋ ਜਾਣ ਦੀ ਸੂਰਤ ਵਿਚ ਸੋਗ ਦੀ ਰਸਮ ਪ੍ਰਚੱਲਿਤ ਹੈ। ਮੌਤ ਹੋਣ ਉਪਰੰਤ ਲੋਕ ਮ੍ਰਿਤਕ ਦੇ ਘਰ ਇਕੱਠੇ ਹੋ ਕੇ ਜ਼ਮੀਨ 'ਤੇ ਸੱਥਰ ਵਿਛਾ ਕੇ ਬੈਠ ਜਾਂਦੇ ਹਨ। ਮੌਤ ਉਪਰੰਤ ਮ੍ਰਿਤਕ ਨੂੰ 'ਟਪਰੀ' ਵਿਚੋਂ ਬਾਹਰ ਕੱਢ ਕੇ ਧਰਤੀ 'ਤੇ ਪਾ ਦਿੱਤਾ ਜਾਂਦਾ ਹੈ। ਇਸ ਉਪਰੰਤ ਮ੍ਰਿਤਕ ਦੇ ਕੋਈ ਕੱਪੜਾ ਤਾਣ ਦਿੱਤਾ ਜਾਂਦਾ ਹੈ। ਕਬੀਲੇ ਦੀਆਂ ਔਰਤਾਂ ਮੋਏ ਹੋਏ ਨੂੰ ਯਾਦ ਕਰਕੇ ਰੁਦਨ ਕਰਦੀਆਂ ਹਨ। ਇਸ ਮੌਕੇ ਕਈ ਔਰਤਾਂ 'ਪਿੱਟ ਸਿਆਪਾ' ਵੀ ਕਰਦੀਆਂ ਹਨ। ਕਬੀਲੇ ਦੀਆਂ ਔਰਤਾਂ ਰੁਦਨ ਕਰਦੀਆਂ ਹੋਈਆਂ ਮ੍ਰਿਤਕ ਦੇ ਸੁਭਾਅ ਅਤੇ ਚੰਗਿਆਈਆਂ ਦਾ ਗੁਣਗਾਣ ਵੀ ਕਰਦੀਆਂ ਹਨ। ਕਬੀਲੇ ਦੇ ਸੱਥਰ ਵਿਚ ਬੈਠੇ ਹੋਏ ਲੋਕ ਪਰਿਵਾਰ ਦੇ ਲੋਕਾਂ ਨੂੰ ਮੌਤ ਦੇ ਸਦੀਵੀ ਸੱਚ ਦਾ ਵਿਖਿਆਨ ਕਰਦੇ ਹੋਏ ਪਰਿਵਾਰ ਦੇ ਲੋਕਾਂ ਨੂੰ ਰੱਬ ਦੀ ਰਜ਼ਾ ਵਿਚ ਰਹਿਣ ਦਾ ਧਰਵਾਸ ਦਿੰਦੇ ਹਨ। ਇਸ ਸਮੇਂ ਡੇਰੇ ਦੀ ਪੂਰੀ 'ਕਬੀਲਾ ਪੰਚਾਇਤ' ਅਤੇ 'ਮੋਅਤਬਰ ਵਿਅਕਤੀ' ਇਕੱਠੇ ਹੋ ਕੇ ਪਰਿਵਾਰ ਨੂੰ ਮਾਨਸਿਕ ਸਹਾਰਾ ਦੇਣ ਦੇ ਨਾਲ-ਨਾਲ 'ਦਾਹ ਸੰਸਕਾਰ' ਦੀ ਤਿਆਰੀ ਕਰਦੇ ਹਨ। ਸੋਗ ਦੀ ਰਸਮ ਵਿਚ ਹੁੱਕੇ, ਤੰਬਾਕੂ ਅਤੇ ਬੀੜੀ ਬੱਤੀ ਦੀ ਖੁੱਲ੍ਹ ਕੇ ਵਰਤੋਂ ਕੀਤੀ ਜਾਂਦੀ ਹੈ। ਸੋਗ ਦੀ ਰਸਮ ਵਿਚ ਬਾਹਰੋਂ ਆਏ ਰਿਸ਼ਤੇਦਾਰ ਮੂੰਹ ਤੋਂ ਕੱਪੜਾ ਹਟਾ ਕੇ ਮ੍ਰਿਤਕ ਦੇ ਆਖਰੀ ਦਰਸ਼ਨ ਕਰਦੇ ਹਨ। ਨਟ ਕਬੀਲੇ ਵਿਚ ਵਾਰ-ਵਾਰ ਰੁਦਨ ਸੰਬੰਧੀ ਟੈਬੂ ਪ੍ਰਚੱਲਿਤ ਹੈ। ਇਸ ਸੰਬੰਧੀ ਕਬੀਲੇ ਵਿਚ ਇਹ ਵਿਚਾਰ ਪਾਇਆ ਜਾਂਦਾ ਹੈ ਕਿ ਵਾਰ-ਵਾਰ ਮ੍ਰਿਤਕ ਨੂੰ ਯਾਦ ਕਰਨ ਨਾਲ ਉਸਦੀ ਆਤਮਾ ਘਰ ਦੇ ਚੱਕਰ ਹੀ ਕਟਦੀ ਰਹਿੰਦੀ ਹੈ ਤੇ ਮ੍ਰਿਤਕ ਘਰ ਦੇ ਮੋਹ ਕਾਰਨ ਭੂਤ-ਪ੍ਰੇਤ ਬਣ ਕੇ ਇੱਥੇ ਹੀ ਭਟਕਦਾ ਰਹਿੰਦਾ ਹੈ। ਇਸ ਕਾਰਨ ਨਟ ਕਬੀਲੇ ਦੇ ਲੋਕ ਵਾਰ-ਵਾਰ ਰੁਦਨ ਕਰਨ ਨੂੰ ਅਸ਼ੁਭ ਗਿਣਦੇ ਹਨ।

2. **ਸਿਵਿਆਂ ਦੀ ਤਿਆਰੀ** : ਨਟ ਲੋਕ 'ਸੋਕ ਦੀ ਰਸਮ' ਤੋਂ ਬਾਅਦ ਸਿਵਿਆਂ ਦੀ ਤਿਆਰੀ ਕਰਦੇ ਹਨ। ਇਸ ਰਸਮ ਵਿਚ ਮ੍ਰਿਤਕ ਨੂੰ ਪਰਿਵਾਰ ਦੇ ਲੋਕਾਂ ਅਤੇ ਰਿਸ਼ਤੇਦਾਰਾਂ ਵੱਲੋਂ ਕਬੀਲੇ ਦੇ ਸਿਆਣੇ ਬਜ਼ੁਰਗ ਦੀ ਨਿਗਰਾਨੀ ਵਿਚ ਨੁਹਾ-ਧੁਆ ਕੇ ਨਵੇਂ ਕੱਪੜੇ ਪੁਆਏ ਜਾਂਦੇ ਹਨ। ਜਵਾਨ ਆਦਮੀ ਅਤੇ ਔਰਤ ਦੀ ਮੌਤ ਹੋਣ ਦੀ ਸੂਰਤ ਵਿਚ ਕਬੀਲੇ ਦੀਆਂ ਰਸਮਾਂ ਅਨੁਸਾਰ ਉਨ੍ਹਾਂ ਦਾ ਹਾਰ ਸ਼ਿੰਗਾਰ ਕਰਨ ਦੇ ਨਾਲ-ਨਾਲ ਉਨ੍ਹਾਂ ਦੇ

ਸਿਰਹਾਣੇ ਕੁਝ ਖਾਣ-ਪੀਣ ਦੀਆਂ ਚੀਜ਼ਾਂ ਵੀ ਅਰਪੀਆਂ ਜਾਂਦੀਆਂ ਹਨ। ਇਸ ਸਮੇਂ 'ਸਿਰਕੀ' ਦੇ ਕੁਝ ਸਿਆਣੇ ਲੋਕ ਮਿਲ ਕੇ ਮ੍ਰਿਤਕ ਦੀ ਅਰਥੀ ਤਿਆਰ ਕਰਦੇ ਹਨ। ਅਰਥੀ ਵਿਚ ਖ਼ਾਸ ਤੌਰ 'ਤੇ 'ਬਾਂਸ ਅਤੇ ਰੱਸੀ' ਵਰਤੀ ਜਾਂਦੀ ਹੈ। ਅਰਥੀ ਤਿਆਰ ਹੋਣ ਦੀ ਸੂਰਤ ਵਿਚ ਉਸਦੇ ਮ੍ਰਿਤਕ ਸਰੀਰ ਨੂੰ ਅਰਥੀ 'ਤੇ ਟਿਕਾ ਦਿੱਤਾ ਜਾਂਦਾ ਹੈ। ਇਸ ਰਸਮ ਤੋਂ ਬਾਅਦ ਕਬੀਲੇ ਦੇ ਲੋਕਾਂ ਵੱਲੋਂ ਚਾਰ 'ਕਾਂਧੀ' ਭਾਵ ਅਰਥੀ ਨੂੰ ਕੰਧਾ ਦੇਣ ਵਾਲੇ ਲੋਕ ਚੁਣੇ ਜਾਂਦੇ ਹਨ। ਇਨ੍ਹਾਂ ਲੋਕਾਂ ਨੂੰ ਭੋਗ ਦੀ ਰਸਮ ਤੱਕ ਇਕ ਖ਼ਾਸ ਜ਼ਾਬਤੇ ਵਿਚ ਰਹਿਣਾ ਪੈਂਦਾ ਹੈ। ਇਨ੍ਹਾਂ ਲੋਕਾਂ ਨੂੰ ਭੋਗ ਤੱਕ ਸਿਰਕੀ ਦੇ ਨੇੜੇ ਹੀ ਰਹਿਣਾ ਪੈਂਦਾ ਹੈ। ਇਸ ਉਪਰੰਤ 'ਆਖਰੀ ਮੇਲ' ਦੀ ਰਸਮ ਤੋਂ ਬਾਅਦ ਮ੍ਰਿਤਕ ਨੂੰ ਸਿਵਿਆਂ ਦੇ ਰਸਤੇ ਪਾਇਆ ਜਾਂਦਾ ਹੈ।

3. **ਘੜਾ ਭੰਨਣ ਦੀ ਰਸਮ** : ਘੜਾ ਭੰਨਣ ਦੀ ਰਸਮ ਲਗਭਗ ਹਰ ਕਬੀਲੇ ਵਿਚ ਪ੍ਰਚਲਿਤ ਹੈ। ਨਟ ਲੋਕ ਮ੍ਰਿਤਕ ਨੂੰ ਸਿਵੇ ਵੱਲ ਲੈ ਕੇ ਜਾਂਦੇ ਹੋਏ ਸਿਵਿਆਂ ਦੇ ਰਾਹ ਵਿਚ ਘੜਾ ਭੰਨਣ ਦੀ ਰਸਮ ਅਦਾ ਕਰਦੇ ਹਨ। ਘੜਾ ਭੰਨਣ ਦੀ ਰਸਮ ਮਨੁੱਖੀ ਦੇਹ ਦੀ 'ਨਾਸ਼ਮਾਨਤਾ' ਦਾ ਪ੍ਰਤੀਕ ਹੈ। ਕਬੀਲੇ ਦੇ ਲੋਕਾਂ ਵਿਚ ਇਸ ਸੰਬੰਧੀ ਇਹ ਵੀ ਧਾਰਨਾ ਪਾਈ ਜਾਂਦੀ ਹੈ ਕਿ 'ਘੜਾ ਟੁੱਟਣ' ਦਾ ਭਾਵ ਮ੍ਰਿਤਕ ਦੀ ਇਸ ਜੱਗ ਤੋਂ ਅਨਜਲ ਦੀ ਸਮਾਪਤੀ ਹੈ।

4. **ਦਾਹ ਸੰਸਕਾਰ ਦੀ ਰਸਮ** : ਨਟ ਕਬੀਲੇ ਦੇ ਲੋਕ ਆਪਣੇ ਮ੍ਰਿਤਕ ਦਾ ਹੁਣ ਦਾਹ ਸੰਸਕਾਰ ਕਰਦੇ ਹਨ। ਉਂਜ ਸਦੀਆਂ ਤੋਂ ਇਹ ਲੋਕ ਆਪਣੇ ਮ੍ਰਿਤਕਾਂ ਨੂੰ ਦਫਨਾਉਂਦੇ ਆਏ ਹਨ। ਨਟ ਲੋਕ ਮ੍ਰਿਤਕ ਦੀ ਚਿਖਾ ਤਿਆਰ ਕਰਕੇ ਮ੍ਰਿਤਕ ਦੇ ਸਿਰਹਾਣੇ ਕੁਝ ਖਾਣ-ਪੀਣ ਦੀਆਂ ਵਸਤਾਂ ਅਰਪ ਦਿੰਦੇ ਹਨ। ਇਹ ਵਸਤਾਂ ਕੱਚੇ ਭੋਜਨ ਦੇ ਰੂਪ ਵਿਚ ਹੁੰਦੀਆਂ ਹਨ। 'ਕਬੀਲਾ ਅਰਦਾਸ' ਤੋਂ ਬਾਅਦ ਮ੍ਰਿਤਕ ਦੀ ਚਿਖਾ ਨੂੰ ਅਗਨ ਪੁੱਤਰ ਵੱਲੋਂ ਦਿੱਤੀ ਜਾਂਦੀ ਹੈ। ਔਰਤਾਂ ਦੇ ਸਿਵਿਆਂ ਵੱਲ ਜਾਣ ਸੰਬੰਧੀ ਟੈਬੂ ਪ੍ਰਚਲ਼ਿਤ ਹੈ। ਇਸ ਮੌਕੇ ਮ੍ਰਿਤਕ ਦੀ ਆਤਮਾ ਨੂੰ ਤ੍ਰਿਪਤ ਕਰਨ ਲਈ ਉਸਦੀ ਕੋਈ ਮਨਪਸੰਦ ਚੀਜ਼ ਵੀ ਚਿਖਾ ਵਿਚ ਅਰਪ ਦਿੱਤੀ ਜਾਂਦੀ ਹੈ। ਦਾਹ ਸੰਸਕਾਰ ਦੀ ਰਸਮ ਦੇ ਚਲਦਿਆਂ ਮ੍ਰਿਤਕ ਦੀ 'ਕਪਾਲ ਕਿਰਿਆ' ਕੀਤੀ ਜਾਂਦੀ ਹੈ। ਇਸ ਰਸਮ ਵਿਚ ਮ੍ਰਿਤਕ ਦੀ ਖੋਪੜੀ ਨੂੰ ਬਾਂਸ ਨਾਲ ਸੱਤ ਵਾਰੀ ਠੋਕ ਕੇ ਬਾਂਸ ਨੂੰ ਚਿਖਾ ਉੱਪਰੋਂ ਵਗਾਹ ਕੇ ਦੂਰ ਸੁੱਟ ਦਿੱਤਾ ਜਾਂਦਾ ਹੈ। ਦਾਹ-ਸੰਸਕਾਰ ਹੋਣ ਉਪਰੰਤ ਲੋਕ ਚਿਖਾ ਨੂੰ ਮੱਥਾ ਟੇਕ ਕੇ ਵਾਪਸ ਘਰ ਪਰਤ ਆਉਂਦੇ ਹਨ। ਦਾਹ ਸੰਸਕਾਰ ਤੋਂ ਬਾਅਦ ਕਬੀਲੇ ਦੇ ਲੋਕਾਂ ਵਿਚ ਹੱਥ-ਮੂੰਹ ਧੋ ਕੇ ਘਰਾਂ ਵਿਚ ਜਾਣ ਦੀ ਰਵਾਇਤ ਹੈ। ਅਜਿਹਾ ਆਤਮ ਸ਼ੁੱਧੀ ਲਈ ਕੀਤਾ ਜਾਂਦਾ ਹੈ।

5. **ਫੁੱਲ ਚੁਗਣ ਦੀ ਰਸਮ** : ਨਟ ਕਬੀਲੇ ਦੇ ਲੋਕ ਤੀਜੇ ਦਿਨ ਮ੍ਰਿਤਕ ਦੇ ਫੁੱਲ ਚੁਗਣ ਦੀ ਰਸਮ ਅਦਾ ਕਰਦੇ ਹਨ। ਕਬੀਲੇ ਵਿਚ ਮੰਗਲਵਾਰ ਨੂੰ ਫੁੱਲ ਚੁਗਣ ਦੀ ਮਨਾਹੀ ਪ੍ਰਚਲਿਤ ਹੈ। ਫੁੱਲ ਚੁਗਣ ਤੋਂ ਪਹਿਲਾਂ ਕਬੀਲੇ ਦੇ ਲੋਕ ਸਿਵੇ 'ਤੇ ਕੱਚੀ ਲੱਸੀ ਜਾਂ ਪਾਣੀ ਦਾ ਛਿੱਟਾ ਦੇ ਕੇ ਸਿਵੇ ਨੂੰ ਠੰਢਾ ਕਰਦੇ ਹਨ। ਮ੍ਰਿਤਕ ਦੇ ਫੁੱਲ ਚੁਗ ਕੇ ਇਕ ਚਿੱਟੇ ਜਾਂ ਲਾਲ ਕੱਪੜੇ ਦੀ ਥੈਲੀ ਵਿਚ ਪਾ ਲਏ ਜਾਂਦੇ ਹਨ। ਮ੍ਰਿਤਕ ਦੇ ਪਰਿਵਾਰ

ਵੱਲੋਂ ਇਸ ਥੈਲੀ ਵਿਚ ਮੱਥਾ ਟੇਕ ਕੇ ਕੁਝ ਪੈਸੇ ਪਾਏ ਜਾਂਦੇ ਹਨ। ਇਨ੍ਹਾਂ ਫੁੱਲਾਂ ਨੂੰ ਥੈਲੀ ਵਿਚ ਪਾ ਕੇ ਘਰ ਦੇ ਵਿਹੜੇ ਜਾਂ ਰੁੱਖ 'ਤੇ ਬੜੀ ਸ਼ਰਧਾ ਨਾਲ ਟੰਗ ਦਿੱਤਾ ਜਾਂਦਾ ਹੈ। ਮ੍ਰਿਤਕ ਦੇ ਸਿਵੇ ਦੀ ਰਾਖ ਨੂੰ ਨੇੜੇ ਦੀ ਕਿਸੇ ਨਹਿਰ ਜਾਂ ਨਦੀ ਵਿਚ ਜਲ ਪ੍ਰਵਾਹ ਕਰ ਦਿੱਤਾ ਜਾਂਦਾ ਹੈ। ਮ੍ਰਿਤਕ ਦੇ ਫੁੱਲਾਂ ਨੂੰ ਪਰਿਵਾਰ ਵੱਲੋਂ ਪੂਰੇ ਕਬੀਲੇ ਦੀ ਹਾਜ਼ਰੀ ਵਿਚ ਧੂਫ ਸਾਮੱਗਰੀ ਸਹਿਤ ਵਿੱਤ ਅਨੁਸਾਰ ਮੱਥਾ ਟੇਕ ਕੇ ਹਰਿਦੁਆਰ ਵਿਖੇ ਗੰਗਾ ਵਿਚ ਪ੍ਰਵਾਹ ਕਰਨ ਲਈ ਲਿਜਾਇਆ ਜਾਂਦਾ ਹੈ। ਇਹ ਫੁੱਲ ਗੰਗਾ ਦੇ ਤਟ 'ਤੇ ਕਬੀਲੇ ਦੇ ਪੁਰੋਹਿਤ ਦੁਆਰਾ ਕਈ ਕਰਮ-ਕਾਂਡਾਂ ਅਤੇ ਤੰਤਰਾਂ-ਮੰਤਰਾਂ ਦੇ ਉਚਾਰਣ ਉਪਰੰਤ ਗੰਗਾ ਵਿਚ ਵਿਸਰਜਤ ਕਰਵਾਏ ਜਾਂਦੇ ਹਨ। ਇਸ ਦੌਰਾਨ ਕਬੀਲੇ ਦੇ ਲੋਕ ਕਬੀਲਾ ਪੁਰੋਹਿਤ ਨੂੰ ਬਣਦੀ ਭੇਟਾ ਦੇ ਕੇ ਮ੍ਰਿਤਕ ਦੀ ਗਤੀ ਵੀ ਕਰਵਾਉਂਦੇ ਹਨ। ਘਰ ਤੋਂ ਹਰਿਦੁਆਰ ਪੁੱਜਣ ਤੀਕ ਇਹ ਲੋਕ ਮ੍ਰਿਤਕ ਦੀ ਆਤਮਾ ਨੂੰ ਹਾਜ਼ਰ-ਨਾਜ਼ਰ ਜਾਣ ਕੇ ਪੂਰਾ ਮਾਣ-ਸਤਿਕਾਰ ਦਿੰਦੇ ਹਨ ਹੈ। ਇੱਥੋਂ ਤੱਕ ਕਿ ਉਸਦਾ ਨਸ਼ਾ-ਪੱਤਾ ਅਤੇ ਚਾਹ-ਪਾਣੀ ਵੀ ਰਾਖਵਾਂ ਰੱਖਿਆ ਜਾਂਦਾ ਹੈ। ਗੰਗਾ ਵਿਚ ਫੁੱਲ ਤਾਰਨ ਤੋਂ ਬਾਅਦ ਕਬੀਲੇ ਦੇ ਕਈ ਲੋਕ ਪੁਰੋਹਿਤ ਕੋਲੋਂ ਆਪਣਾ ਬੰਸਾਵਲੀਨਾਮਾ ਜਾਣਨ ਵਿਚ ਵੀ ਵਿਸ਼ਵਾਸ ਰੱਖਦੇ ਹਨ। ਹਰਿਦੁਆਰ ਤੋਂ ਘਰ ਪਰਤਣ ਸਮੇਂ ਕਬੀਲੇ ਦੇ ਲੋਕ ਗੰਗਾ ਜਲ ਦੀਆਂ ਬੋਤਲਾਂ ਭਰ ਕੇ ਨਾਲ ਲਿਆਉਂਦੇ ਹਨ। ਇਹ ਲੋਕ ਗੰਗਾ ਜਲ ਨੂੰ ਆਤਮਿਕ ਸ਼ੁੱਧੀ ਅਤੇ ਡੇਰੇ ਦੀ ਸ਼ੁੱਧੀ ਲਈ ਸ਼ੁਭ ਮੰਨਦੇ ਹਨ। ਨਟ ਲੋਕ ਕਿਸੇ ਵੀ ਮੌਤ ਉਪਰੰਤ ਘਰ ਵਿਚ ਗੰਗਾ ਜਲ ਛਿੜਕ ਕੇ ਘਰ ਨੂੰ ਪਵਿੱਤਰ ਕਰਦੇ ਹਨ। ਨਟ ਲੋਕ ਘਰ ਵਿਚ ਗੰਗਾ ਜਲ ਰੱਖਣਾ ਚੰਗਾ ਸਮਝਦੇ ਹਨ।

6. **ਭੋਗ ਦੀ ਰਸਮ** : ਨਟ ਕਬੀਲੇ ਵਿਚ ਗਿਆਰ੍ਹਵੇਂ ਜਾਂ ਬਾਰ੍ਹਵੇਂ ਦਿਨ ਭੋਗ ਪਾਉਣ ਦੀ ਰਵਾਇਤ ਹੈ। ਮ੍ਰਿਤਕ ਦਾ ਭੋਗ ਹਿੰਦੂ ਧਰਮ ਦੀਆਂ ਰੀਤੀਆਂ ਅਨੁਸਾਰ ਪਾਇਆ ਜਾਂਦਾ ਹੈ। ਮ੍ਰਿਤਕ ਦਾ ਭੋਗ ਪਾਉਣ ਲਈ ਇਹ ਲੋਕ ਉਚੇਚੇ ਤੌਰ 'ਤੇ ਬ੍ਰਾਹਮਣ ਨੂੰ ਬੁਲਾਉਂਦੇ ਹਨ ਜਿਹੜਾ ਕਿ ਰਮਾਇਣ ਅਤੇ ਗਰੁੜ ਪੁਰਾਣ ਦੇ ਸ਼ਲੋਕਾਂ 'ਤੇ ਭੋਗ ਦੀ ਰਸਮ ਪੂਰੀ ਕਰਦਾ ਹੈ। ਇਹ ਲੋਕ ਤੰਤਰਾਂ-ਮੰਤਰਾਂ ਅਤੇ ਸ਼ਲੋਕਾਂ ਨੂੰ ਬਹੁਤੀ ਤਰਜੀਹ ਨਹੀਂ ਦਿੰਦੇ, ਇਨ੍ਹਾਂ ਲੋਕਾਂ ਦਾ ਮੰਤਵ ਕੇਵਲ ਮ੍ਰਿਤਕ ਦੀ ਗਤੀ ਕਰਾਉਣਾ ਹੁੰਦਾ ਹੈ। ਵਿਦਿਆ ਅਤੇ ਗਿਆਨ ਪੱਖੋਂ ਇਹ ਲੋਕ ਕੋਰੇ ਅਨਪੜ੍ਹ ਹਨ। ਭੋਗ ਦੀ ਰਸਮ ਸੰਪੰਨ ਹੋਣ ਤੋਂ ਬਾਅਦ ਕਬੀਲੇ ਦੀ 'ਦਾਲ ਰੋਟੀ' ਕੀਤੀ ਜਾਂਦੀ ਹੈ।

ਬਜ਼ੁਰਗ ਆਦਮੀ ਦੀ ਮੌਤ 'ਤੇ ਕਬੀਲੇ ਦੇ ਲੋਕ ਢੋਲ ਵਜਾ ਕੇ ਖੁਸ਼ੀ ਜ਼ਾਹਰ ਕਰਦੇ ਹਨ। ਅਜਿਹਾ ਬਜ਼ੁਰਗ ਵਿਅਕਤੀ ਨੂੰ 'ਸਲਾਮੀ' ਦੇਣ ਲਈ ਕੀਤਾ ਜਾਂਦਾ ਹੈ। ਬਜ਼ੁਰਗ ਆਦਮੀ ਦੀ ਮੌਤ ਉਪਰੰਤ ਨਟ ਕਬੀਲੇ ਵਿਚ ਸ਼ਰਾਬ ਪੀ ਕੇ ਖੁਸ਼ੀ ਮਨਾਉਣ ਦੀ ਰਵਾਇਤ ਵੀ ਪ੍ਰਚੱਲਿਤ ਹੈ। ਨਟ ਕਬੀਲੇ ਵਿਚ ਕਿਸੇ ਵੀ ਜਵਾਨ ਮੌਤ ਦੀ ਸੂਰਤ ਵਿਚ ਭਾਰੀ ਅਫ਼ਸੋਸ ਦੇ ਨਾਲ-ਨਾਲ ਮ੍ਰਿਤਕ ਦੀ ਆਤਮਾ ਦੀ ਗਤੀ ਲਈ ਕਈ ਪ੍ਰਕਾਰ ਦੇ 'ਅਹੁੜ ਪਹੁੜ' ਵੀ ਕੀਤੇ ਜਾਂਦੇ ਹਨ। ਨਟ ਕਬੀਲਾ ਅੰਧਵਿਸ਼ਵਾਸੀ ਅਤੇ ਪਰੰਪਰਿਕ ਖ਼ਿਆਲਾਂ ਦਾ ਧਾਰਨੀ ਹੈ। ਇਹ ਲੋਕ ਭੂਤਾਂ-ਪ੍ਰੇਤਾਂ ਅਤੇ ਆਤਮਾਵਾਂ ਵਿਚ ਵਿਸ਼ਵਾਸ ਰੱਖਦੇ ਹਨ। ਇਹ

ਲੋਕ ਇਹ ਸੋਚਦੇ ਹਨ ਕਿ ਜਵਾਨ ਅਤੇ ਅਣਿਆਈ ਮੌਤ ਮਰਨ ਵਾਲਾ ਵਿਅਕਤੀ ਮੌਤ ਤੋਂ ਬਾਅਦ ਭਟਕਦਾ ਰਹਿੰਦਾ ਹੈ। ਇਸ ਲਈ ਉਸਦੀ ਗਤੀ ਕਰਾਉਣੀ ਬਹੁਤ ਜ਼ਰੂਰੀ ਹੁੰਦੀ ਹੈ। ਇਸ ਲਈ ਨਟ ਲੋਕ ਅਜਿਹੀ ਮੌਤ ਦੀ ਸੂਰਤ ਵਿਚ ਕਈ ਤਰ੍ਹਾਂ ਦੇ ਅਹੁੜ-ਪਹੁੜ ਕਰਦੇ ਹਨ। ਨਟ ਕਬੀਲੇ ਵਿਚ ਬੱਚੇ ਦੀ ਮੌਤ ਉਪਰੰਤ ਉਸਨੂੰ ਦਫਨਾਉਣ ਦੀ ਰੀਤ ਪ੍ਰਚੱਲਿਤ ਹੈ। ਇਹ ਲੋਕ ਬੱਚੇ ਨੂੰ ਸ਼ਰਧਾਪੂਰਵਕ ਢੰਗ ਨਾਲ ਸਿਵੇ ਵਿਚ ਦਫਨਾਉਂਦੇ ਹਨ। ਇਸ ਸੰਬੰਧੀ ਬੱਚੇ ਨੂੰ ਦੁੱਧ ਅਰਪਣ, ਪਾਣੀ ਦੇਣ ਅਤੇ ਦਿਸ਼ਾ ਬਦਲਣ ਦੀਆਂ ਰਵਾਇਤਾਂ ਪ੍ਰਚੱਲਿਤ ਹਨ। ਇਨ੍ਹਾਂ ਰਸਮਾਂ ਤੋਂ ਬਾਅਦ 'ਸੋਗ ਤੋੜਨ' ਦੀ ਰਸਮ ਪੂਰੀ ਕਰਕੇ ਬੱਚੇ ਦੇ ਪਰਿਵਾਰ ਨੂੰ ਇਹ ਧਰਵਾਸ ਦਿੱਤਾ ਜਾਂਦਾ ਹੈ ਕਿ ਬੱਚੇ ਨੂੰ ਵਾਪਸ ਆਪਣੇ ਘਰ ਲੈ ਕੇ ਜਾਣ ਵਾਲਾ ਰੱਬ ਬੱਚੇ ਦੀ ਮੁੜ ਬਖਸ਼ਿਸ਼ ਵੀ ਕਰੇਗਾ। ਇਸ ਤੋਂ ਇਲਾਵਾ ਪੰਜਾਬ ਦਾ ਨਟ ਕਬੀਲਾ ਇਨ੍ਹਾਂ ਰਸਮਾਂ-ਰੀਤਾਂ ਸੰਬੰਧੀ ਮਨਚਾਹੀਆਂ ਖੁੱਲ੍ਹਾਂ ਲੈਂਦਾ ਹੈ। ਇਨ੍ਹਾਂ ਲੋਕਾਂ ਵਿਚ ਟੈਬੂ ਪਰੰਪਰਾਵਾਂ ਜ਼ਿਆਦਾ ਭਾਰੂ ਹਨ। ਇਸ ਲਈ ਲੋਕ ਕੁਦਰਤ ਦੇ ਵਿਧੀ ਵਿਧਾਨ ਮੁਤਾਬਕ ਜੀਵਨ ਬਸਰ ਕਰਦੇ ਹਨ। ਇਨ੍ਹਾਂ ਦੀਆਂ ਬਹੁਤੀਆਂ ਰੀਤਾਂ ਹਿੰਦੂ ਧਰਮ ਤੋਂ ਗ੍ਰਹਿਣ ਕੀਤੀਆਂ ਗਈਆਂ ਹਨ। ਇਨ੍ਹਾਂ ਦਾ ਕਬੀਲੇ ਦੀ ਅੰਦਰਲੀ ਬਣਤਰ ਨਾਲ ਕੋਈ ਸੰਬੰਧ ਨਹੀਂ ਹੈ। ਨਟ ਕਬੀਲੇ ਦੀਆਂ ਅੱਜ ਵੀ ਬਹੁਤੀਆਂ ਰਸਮਾਂ-ਰੀਤਾਂ ਜੰਗਲੀ ਕਿਸਮ ਦੀਆਂ ਹਨ। ਇਹ ਲੋਕ ਅੱਜ ਵੀ ਭੋਜਨ-ਪਾਣੀ ਲੈਣ ਤੋਂ ਪਹਿਲਾਂ ਕੁਝ ਨਾ ਕੁਝ ਕੁਦਰਤ ਨੂੰ ਅਰਪਣ ਵਿਚ ਵਿਸ਼ਵਾਸ ਕਰਦੇ ਹਨ।

ਨਟ ਕਬੀਲੇ ਦੀ ਵਰਤਮਾਨ ਸਥਿਤੀ

ਨਟ ਕਬੀਲਾ ਇਕ ਅਜਿਹਾ ਕਬੀਲਾ ਹੈ ਜਿਹੜਾ ਕਿ ਦੂਜੇ ਕਬੀਲਿਆਂ ਦੇ ਮੁਕਾਬਲੇ ਜ਼ਿਆਦਾ ਦੁਸ਼ਵਾਰੀਆਂ ਹੰਢਾ ਰਿਹਾ ਹੈ। ਭਾਵੇਂ ਕਿ ਭਾਰਤ ਦੇ ਨਟਾਂ ਵਿਚੋਂ ਕੁਝ ਲੋਕ ਸਥਾਈ ਤੌਰ 'ਤੇ ਇਕ ਥਾਂ 'ਤੇ ਵੱਸ ਚੁੱਕੇ ਹਨ ਪਰੰਤੂ ਫਿਰ ਵੀ ਇਹ ਲੋਕ ਰੁਜ਼ਗਾਰ ਦੀ ਭਾਲ ਵਿਚ ਇਕ ਥਾਂ ਤੋਂ ਦੂਜੀ ਥਾਂ 'ਤੇ ਘੁੰਮਦੇ ਰਹਿੰਦੇ ਹਨ। ਭਾਰਤ ਦੇ ਨਟ ਲੋਕ ਅੱਜ ਵੀ ਵਣਾਂ, ਨਹਿਰਾਂ ਅਤੇ ਰੋਹੀਆਂ ਦੇ ਨੇੜੇ ਕੁਲੀਆਂ ਬਣਾ ਕੇ ਆਪਣਾ ਜੀਵਨ ਬਤੀਤ ਕਰ ਰਹੇ ਹਨ। ਇਨ੍ਹਾਂ ਵਿਚੋਂ ਕਈ ਲੋਕਾਂ ਨੇ ਭਾਵੇਂ ਕਿ ਕੱਚੇ ਪੱਕੇ ਘਰ ਵੀ ਉਸਾਰ ਲਏ ਹਨ ਪਰੰਤੂ ਫਿਰ ਵੀ ਇਨ੍ਹਾਂ ਦੀ ਸਥਿਤੀ ਬੇਹੱਦ ਨਿਰਾਸ਼ਾਜਨਕ ਬਣੀ ਹੋਈ ਹੈ। ਆਜ਼ਾਦੀ ਦੇ ਏਨੇ ਵਰ੍ਹੇ ਬਾਅਦ ਵੀ ਨਟ ਕਬੀਲਾ ਭਾਰਤ ਦੇ ਵੱਖ-ਵੱਖ ਰਾਜਾਂ ਵਿਚ ਅਜਨਬੀਆਂ ਵਾਂਗ ਜੀਵਨ ਬਤੀਤ ਕਰ ਰਿਹਾ ਹੈ। ਇਨ੍ਹਾਂ ਲੋਕਾਂ ਦੇ ਜੀਵਨ ਅਤੇ ਹਾਲਾਤਾਂ ਨੂੰ ਵੇਖ ਕੇ ਇੰਜ ਲੱਗਦਾ ਹੈ ਕਿ ਜਿਵੇਂ ਇਹ ਲੋਕ ਅੱਜ ਵੀ 'ਪੱਥਰ ਯੁੱਗ' ਦੇ ਵਾਸੀ ਹੋਣ। ਪੰਜਾਬ ਵਿਚ ਨਟ ਲੋਕ ਅੰਮ੍ਰਿਤਸਰ, ਲੁਧਿਆਣਾ, ਸੰਗਰੂਰ, ਜਲੰਧਰ, ਫਿਰੋਜ਼ਪੁਰ, ਗੁਰਦਾਸਪੁਰ ਅਤੇ ਰੋਪੜ ਆਦਿ ਜ਼ਿਲ੍ਹਿਆਂ ਵਿਚ ਟਾਂਵੀਂ-ਟਾਂਵੀਂ ਗਿਣਤੀ ਵਿਚ ਵੱਸੇ ਹੋਏ ਹਨ। ਪੰਜਾਬ ਦੇ ਦੂਜੇ ਕਬੀਲਿਆਂ ਦੇ ਮੁਕਾਬਲੇ ਇਸ ਰਾਜ ਵਿਚ ਇਨ੍ਹਾਂ ਦੀ ਗਿਣਤੀ ਬਹੁਤ ਘੱਟ ਹੈ। ਨਟ ਪਹਿਲਾਂ ਪੰਜਾਬ ਵਿਚ 'ਖਾਨਾਬਦੋਸ਼' ਰੂਪ ਵਿਚ ਹੀ ਘੁੰਮਦੇ-ਫਿਰਦੇ ਆਏ ਅਤੇ ਇੱਥੋਂ ਦੀ ਉਪਜਾਊ ਧਰਤੀ ਅਤੇ ਖੁਸ਼ਹਾਲ ਜੀਵਨ ਵੇਖ ਕੇ ਇਹ ਲੋਕ ਇੱਥੇ

ਹੀ ਵੱਸ ਗਏ। ਇਸ ਤੋਂ ਇਲਾਵਾ 'ਰੱਸੀ ਦੀ ਖੇਡ' ਅਤੇ 'ਕਲਾਬਾਜ਼ੀਆਂ' ਦੇ ਇਵਜ਼ ਵਿਚ ਚੰਗੀ ਭੇਟਾ ਮਿਲਣ ਕਰਕੇ ਇਹ ਲੋਕ ਸਥਾਈ ਅਸਥਾਈ ਰੂਪ ਵਿਚ ਇੱਥੇ ਹੀ ਵੱਸ ਗਏ। ਨਟ ਲੋਕ ਹੋਰਨਾਂ ਸੂਬਿਆਂ ਵਾਂਗ ਪੰਜਾਬ ਵਿਚ ਵੱਸਣ ਉਪਰੰਤ ਵੀ ਅਜਨਬੀਆਂ ਵਾਂਗ ਹੀ ਵਿਚਰਦੇ ਰਹੇ ਹਨ। ਇਨ੍ਹਾਂ ਲੋਕਾਂ ਨੇ ਲੰਮਾ ਸਮਾਂ ਸਥਾਨਕ ਸਰਕਾਰਾਂ ਅਤੇ ਲੋਕਾਂ ਤੋਂ ਦੂਰੀ ਬਣਾਈ ਰੱਖੀ ਜਿਸ ਕਾਰਨ ਇਹ ਲੋਕ ਮੁੱਖ ਧਾਰਾ ਵਿਚ ਬੜੀ ਦੇਰ ਬਾਅਦ ਦਰਜ (Register) ਹੋਏ। ਸੰਬੰਧਤ ਰਾਜ ਸਰਕਾਰਾਂ ਵੀ ਇਨ੍ਹਾਂ ਲੋਕਾਂ ਨਾਲ ਲੰਮਾ ਸਮਾਂ ਬਾਹਰਲੇ ਲੋਕਾਂ (Outsider) ਦੀ ਤਰ੍ਹਾਂ ਹੀ ਵਰਤਾਓ ਕਰਦੀਆਂ ਰਹੀਆਂ। ਨਟ ਲੋਕ ਭਾਵੇਂ ਕਿ ਭਾਰਤ ਦੇ ਵੱਖ-ਵੱਖ ਰਾਜਾਂ ਵਿਚ ਵਿਚਰਦੇ ਰਹੇ ਹਨ ਪਰੰਤੂ ਕਿਸੇ ਦੇ ਪੁੱਛਣ 'ਤੇ ਇਹ ਲੋਕ ਆਪਣਾ ਥਾਂ ਟਿਕਾਣਾ 'ਗੁਜਰਾਤ ਅਤੇ ਰਾਜਸਥਾਨ' ਹੀ ਦੱਸਦੇ ਰਹੇ ਹਨ ਕਿਉਂਕਿ ਇਹ ਲੋਕ ਗੁਜਰਾਤ ਅਤੇ ਰਾਜਸਥਾਨ ਦੇ ਮੂਲ ਬਾਸ਼ਿੰਦੇ ਹਨ। ਪੰਜਾਬ ਦੇ ਨਟ ਲੋਕ ਅੱਜ ਵੀ ਆਪਣਾ ਪਿੱਛਾ ਗੁਜਰਾਤ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਨਾਲ ਜੋੜਦੇ ਹਨ। ਇਸ ਤਰ੍ਹਾਂ ਪੰਜਾਬ ਦੇ ਨਟ ਲੋਕ ਕਾਫ਼ੀ ਦੇਰ ਤੋਂ ਪੰਜਾਬ ਵਿਚ ਵਸਣ ਦੇ ਬਾਵਜੂਦ ਵੀ ਆਪਣਾ ਪਿੱਛਾ ਆਪਣੀ 'ਜਨਮ ਭੋਇੰ' ਨਾਲ ਜੋੜਦੇ ਹਨ। ਇਸ ਤਰ੍ਹਾਂ ਆਜ਼ਾਦੀ ਤੋਂ ਬਾਅਦ ਵੀ ਕਈ ਸਾਲਾਂ ਤੱਕ ਇਹ ਲੋਕ ਆਪਣੇ ਥਾਂ ਟਿਕਾਣੇ ਬਾਰੇ ਕੋਈ ਨਿਰਣਾ ਨਹੀਂ ਲੈ ਸਕੇ ਜਿਸ ਕਰਕੇ ਇਹ ਲੋਕ ਅਜੋਕੇ ਦੌਰ ਵਿਚ ਵੀ ਆਪਣੇ ਸੰਵਿਧਾਨਕ ਅਧਿਕਾਰਾਂ ਅਤੇ ਸੁੱਖ-ਸਹੂਲਤਾਂ ਤੋਂ ਵਾਂਝੇ ਹਨ। ਅਨਪੜ੍ਹ ਅਤੇ ਕਬਾਇਲੀ ਸੁਭਾਅ ਦੇ ਹੋਣ ਕਰਕੇ ਇਨ੍ਹਾਂ ਲੋਕਾਂ ਵਿਚ ਸਮਾਜਿਕ ਅਤੇ ਰਾਜਨੀਤਿਕ ਚੇਤਨਾ ਦੀ ਘਾਟ ਹੈ। ਜੇ ਕਰ ਨਟ ਲੋਕਾਂ ਦੀ ਅਜੋਕੀ ਸਥਿਤੀ ਬਾਰੇ ਗੌਰ ਕੀਤਾ ਜਾਵੇ ਤਾਂ ਇਨ੍ਹਾਂ ਲੋਕਾਂ ਦੀ ਆਰਥਿਕ ਅਤੇ ਸਮਾਜਿਕ ਹਾਲਤ ਬਹੁਤ ਨਿੰਘਰੀ ਹੋਈ ਹੈ। ਕਲਾ ਅਤੇ ਮਨੋਰੰਜਨ ਦੇ ਨਵੇਂ ਢੰਗ-ਤਰੀਕੇ ਅਤੇ ਸਾਧਨ ਵਿਕਸਤ ਹੋਣ ਨਾਲ 'ਨਟ ਕਲਾ' ਹੁਣ ਬੀਤੇ ਦੀ ਖੇਡ ਬਣ ਕੇ ਰਹਿ ਗਈ ਹੈ। ਇਨ੍ਹਾਂ ਵਿਚੋਂ ਕੁਝ ਲੋਕ ਅੱਜ ਵੀ 'ਨਟਗਿਰੀ' ਦਾ ਧੰਦਾ ਕਰਦੇ ਹਨ ਪਰੰਤੂ ਇਹ ਧੰਦਾ ਹੁਣ ਰੋਟੀ ਦੇ ਮੇਚ. ਦਾ ਨਹੀਂ ਰਿਹਾ। ਇਸੇ ਕਰਕੇ ਨਟ ਕਬੀਲੇ ਦੇ ਲੋਕ ਵਿਆਹ ਸ਼ਾਦੀਆਂ ਤੇ ਸ਼ਾਜਿੰਦਿਆਂ ਦੇ ਰੂਪ ਵਿਚ ਕੰਮ ਕਰਕੇ ਆਪਣਾ ਗੁਜ਼ਾਰਾ ਕਰਦੇ ਹਨ। ਇਨ੍ਹਾਂ ਵਿਚੋਂ ਕੁਝ ਲੋਕ ਮਜ਼ਦੂਰੀ, ਕਬਾੜ ਇਕੱਠਾ ਕਰਨ ਅਤੇ ਵਿਆਹ-ਸ਼ਾਦੀਆਂ 'ਤੇ ਦਾਨ-ਦਖਸ਼ਣਾ ਮੰਗ ਕੇ ਆਪਣਾ ਗੁਜ਼ਾਰਾ ਕਰਦੇ ਹਨ। ਇਸ ਤੋਂ ਇਲਾਵਾ ਇਹ ਲੋਕ ਜੀਵਨ ਨਿਰਬਾਹ ਕਰਨ ਲਈ ਅਜੋਕੇ ਦੌਰ ਦੇ ਨਿਮਨ ਕਿੱਤਿਆਂ ਨਾਲ ਜੁੜ ਗਏ ਹਨ। ਕੋਰੇ ਅਨਪੜ੍ਹ ਹੋਣ ਕਾਰਨ ਇਹ ਲੋਕ ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਲਈ ਚਲਾਏ ਜਾ ਰਹੇ ਵਿਕਾਸ ਪ੍ਰੋਗਰਾਮਾਂ ਤੋਂ ਬਿਲਕੁਲ ਅਣਜਾਣ ਹਨ। ਯੋਗ ਅਗਵਾਈ ਨਾ ਹੋਣ ਕਰਕੇ ਇਹ ਲੋਕ ਇਕੀਵੀਂ ਸਦੀ ਵਿਚ ਵਿਚਰਦੇ ਹੋਏ ਵੀ ਅੰਧਕਾਰ ਦੀ ਦਲਦਲ ਵਿਚ ਫਸੇ ਹੋਏ ਹਨ। ਇਨ੍ਹਾਂ ਲੋਕਾਂ ਨਾਲ ਮੁੱਖ ਧਾਰਾ ਦੇ ਲੋਕਾਂ ਦਾ ਰਵੱਈਆ ਵੀ ਓਪਰਿਆਂ ਅਤੇ ਅਜਨਬੀਆਂ ਵਾਲਾ ਹੈ। ਅੱਜ ਵੀ ਬਹੁਤੇ ਲੋਕਾਂ ਦਾ ਇਹ ਵਿਸ਼ਵਾਸ ਹੈ ਕਿ ਨਟ ਲੋਕ 'ਅਪਰਾਧੀ ਪ੍ਰਵਿਰਤੀ' ਵਾਲੇ ਹੁੰਦੇ ਹਨ।

ਇਸ ਲਈ ਕਈ ਵਾਰੀ ਇਨ੍ਹਾਂ ਲੋਕਾਂ ਦਾ ਨਾਂ ਸਥਾਨਕ 'ਚੋਰ ਚਕਾਰੀ' ਅਤੇ

'ਅਪਰਾਧ' ਨਾਲ ਵੀ ਜੋੜਿਆ ਜਾਂਦਾ ਹੈ। ਇਸ ਤਰ੍ਹਾਂ ਦੀਆਂ ਧਾਰਨਾਵਾਂ ਦੇ ਚਲਦਿਆਂ ਇਸ ਕਬੀਲੇ ਦੇ ਲੋਕ ਆਮ ਜਨਤਾ ਨਾਲ ਮਿਲਣ-ਗਿਲਣ ਤੋਂ ਗੁਰੇਜ਼ ਕਰਦੇ ਹਨ। ਭਾਰਤ ਦੇ ਸਾਰੇ ਕਬੀਲੇ ਅਜਿਹੀਆਂ ਪਰਿਸਥਿਤੀਆਂ ਦਾ ਸਾਹਮਣਾ ਕਈ ਸਦੀਆਂ ਤੋਂ ਕਰਦੇ ਆਏ ਹਨ। ਆਪਣੀ ਸੁਤੰਤਰਤਾ ਅਤੇ ਕਬੀਲਾ ਗੌਰਵ ਨੂੰ ਬਣਾਈ ਰੱਖਣ ਲਈ ਇਹ ਲੋਕ ਵਿਦੇਸ਼ੀ ਹਮਲਾਵਰਾਂ ਅਤੇ ਮੁਗਲਾਂ ਨਾਲ ਬੜੀ ਵੀਰਤਾ ਨਾਲ ਲੜੇ ਪਰੰਤੂ ਆਪਣੇ ਹੀ ਦੇਸ਼ ਵਿਚ ਇਹ ਲੋਕ ਬੇਗਾਨੇ ਅਤੇ ਅਜਨਬੀ ਬਣ ਕੇ ਰਹਿ ਗਏ ਹਨ। ਇਹ ਸਮੇਂ ਦੀ ਸਾਜ਼ਿਸ਼ ਹੀ ਹੈ ਕਿ ਇਹ ਯੁਧਵੀਰ ਲੋਕ ਦਰ-ਦਰ ਦੀ ਖਾਕ ਛਾਨਣ ਲਈ ਮਜ਼ਬੂਰ ਹਨ। ਸਦੀਆਂ ਤੋਂ ਆਪਣੀ ਕਲਾ ਕੌਸ਼ਲ ਨਾਲ ਲੋਕਾਂ ਦਾ ਮਨੋਰੰਜਨ ਕਰਨ ਵਾਲੇ ਇਹ ਲੋਕ ਗੁੰਮਨਾਮੀ ਦੇ ਹਨੇਰਿਆਂ ਵਿਚ ਗਰਕ ਹੋ ਰਹੇ ਹਨ। ਕਲਾ ਦੇ ਨਵੇਂ-ਨਵੇਂ ਖੇਤਰ ਵਿਕਸਤ ਹੋਣ ਅਤੇ ਇਨ੍ਹਾਂ ਲੋਕਾਂ ਦੇ ਬਿਲਕੁਲ ਹਾਸ਼ੀਏ 'ਤੇ ਚਲੇ ਜਾਣ ਸੰਬੰਧੀ ਸਮੇਂ ਦੀਆਂ ਸਰਕਾਰਾਂ ਵੱਲੋਂ ਇਨ੍ਹਾਂ ਲੋਕਾਂ ਦੇ ਮੁੜ-ਵਸੇਬੇ ਲਈ ਕੋਈ ਯਤਨ ਨਹੀਂ ਕੀਤੇ ਗਏ। ਅਜੋਕੇ ਸਮੇਂ ਨਟ ਲੋਕ ਸਰਕਾਰੀ ਜ਼ਮੀਨਾਂ 'ਤੇ ਆਰਜ਼ੀ ਤੌਰ 'ਤੇ ਵੱਸੇ ਹੋਏ ਹਨ। ਇਨ੍ਹਾਂ ਵਿਚੋਂ ਬਹੁਤੀਆਂ ਜ਼ਮੀਨਾਂ ਵਣ ਵਿਭਾਗ, ਨਹਿਰਾਂ, ਗਊ ਚਰਾਂਦਾਂ ਅਤੇ ਸ਼ਾਮਲਾਤਾਂ ਦੀਆਂ ਹਨ। ਇਸ ਤੋਂ ਇਲਾਵਾ ਇਹ ਲੋਕ ਸ਼ਹਿਰਾਂ ਅਤੇ ਕਸਬਿਆਂ ਦੇ ਆਸ-ਪਾਸ ਬੀਆਬਾਨ ਅਤੇ ਸੁੰਨੀਆਂ ਥਾਵਾਂ 'ਤੇ ਰਹਿੰਦੇ ਹਨ। ਨਟ ਲੋਕ ਇਕੀਵੀਂ ਸਦੀ ਤੱਕ ਦਾ ਇਹ ਸਫ਼ਰ ਤੈਅ ਕਰਦਿਆਂ-ਕਰਦਿਆਂ ਆਰਥਿਕ ਤੌਰ 'ਤੇ ਬੇਵੱਸ ਅਤੇ ਕੰਗਾਲ ਹੋ ਚੁੱਕੇ ਹਨ। ਇਹ ਲੋਕ ਇੱਥੋਂ ਤੱਕ ਜੜ੍ਹਹੀਨ ਹੋ ਚੁੱਕੇ ਹਨ ਕਿ ਇਨ੍ਹਾਂ ਲੋਕਾਂ ਨੂੰ ਮੁੜ ਸਥਾਪਤ ਹੋਣ ਵਿਚ ਸਦੀਆਂ ਲੱਗ ਜਾਣਗੀਆਂ। ਨਟ ਲੋਕਾਂ ਵਿਚ ਸਿੱਖਿਆ ਦੀ ਦਰ ਬਹੁਤ ਘੱਟ ਹੈ। ਨਟ ਬੱਚਿਆਂ ਦੀ ਬਹੁਤੀ ਸਿੱਖਿਆ ਪ੍ਰਾਇਮਰੀ ਪੱਧਰ ਤੱਕ ਹੀ ਸੀਮਤ ਹੈ। ਪ੍ਰਾਇਮਰੀ ਤੋਂ ਬਾਅਦ ਇਨ੍ਹਾਂ ਦੀ ਸਿੱਖਿਆ ਉਖੜਨੀ ਸ਼ੁਰੂ ਹੋ ਜਾਂਦੀ ਹੈ। ਅਜੇ ਤੀਕ ਇਨ੍ਹਾਂ ਲੋਕਾਂ ਵਿਚੋਂ ਕੋਈ ਵੀ ਵਿਅਕਤੀ ਪੜ੍ਹ-ਲਿਖ ਕੇ ਸਰਕਾਰੀ ਨੌਕਰੀ ਵਿਚ ਨਹੀਂ ਆਇਆ। ਇਨ੍ਹਾਂ ਲੋਕਾਂ ਦੀ ਸਿੱਖਿਆ ਸੰਬੰਧੀ ਸਰਕਾਰੀ ਅੰਕੜੇ ਵੀ ਨਿਰਾਸ਼ਾਜਨਕ ਤਸਵੀਰ ਸਾਹਮਣੇ ਲਿਆਉਂਦੇ ਹਨ। ਇਸ ਸੰਬੰਧ ਵਿਚ ਲੜਕੀਆਂ ਦੀ ਸਿੱਖਿਆ ਸੰਬੰਧੀ ਸਥਿਤੀ ਹੋਰ ਵੀ ਨਿਰਾਸ਼ਾਜਨਕ ਹੈ। ਚੇਤਨਾ ਦੀ ਘਾਟ ਅਤੇ ਕੱਟੜ ਟੋਟਮ ਟੈਬੂ ਪਰੰਪਰਾ ਦੇ ਚਲਦਿਆਂ ਇਹ ਲੋਕ ਲੜਕੀਆਂ ਦੀ ਸਿੱਖਿਆ ਪ੍ਰਤੀ ਬਹੁਤ ਉਦਾਸੀਨ ਹਨ। ਅੱਜ ਵੀ ਨਟ ਕਬੀਲੇ ਵਿਚ ਲੜਕੀਆਂ ਦੀ ਸਿੱਖਿਆ ਦੀ ਦਰ ਜ਼ੀਰੋ ਹੈ। ਕਬੀਲੇ ਵਿਚ ਔਰਤ ਦੀ ਸਥਿਤੀ ਬਹੁਤ ਹੀ ਤਰਸਯੋਗ ਹੈ। ਅੱਜ ਵੀ ਨਟ ਔਰਤ ਕਬੀਲਾ ਪਰੰਪਰਾਵਾਂ ਅਤੇ ਮਨਾਹੀਆਂ ਦੀ ਗਹਿਰੀ ਜਕੜ ਵਿਚ ਹੈ। ਉਸਨੂੰ ਅੱਜ ਵੀ ਆਪਣੇ ਮਰਦ ਨੂੰ ਛੱਡ ਕੇ ਆਪਣੀ ਮੁਕਤੀ ਦਾ ਕੋਈ ਹੋਰ 'ਦਿਸ਼ਾ ਸੂਚਕ' ਨਜ਼ਰ ਨਹੀਂ ਆਉਂਦਾ।

ਕਬੀਲੇ ਵਿਚ ਇਹੀ ਸਥਿਤੀ ਲੜਕੀਆਂ ਦੀ ਬਣੀ ਹੋਈ ਹੈ। ਕਬੀਲੇ ਵਿਚ ਬਾਲ-ਵਿਆਹ ਇਕ ਹੋਰ ਅਲਾਮਤ ਹੈ। ਦੇਸ਼ ਵਿਚ ਵਿਆਹ ਦੀ ਉਮਰ ਅਠਾਰ੍ਹਾਂ ਤੋਂ ਇੱਕੀ ਸਾਲ ਮਿਥੇ ਜਾਣ ਦੇ ਬਾਵਜੂਦ ਵੀ ਕਬੀਲੇ ਵਿਚ ਕਿਸ਼ੋਰ ਅਵਸਥਾ ਵਿਚ ਵਿਆਹ ਸੰਬੰਧ ਸੰਪੰਨ ਹੋ ਜਾਂਦੇ ਹਨ ਜਿਸ ਕਰਕੇ ਕਬੀਲੇ ਦੀਆਂ ਔਰਤਾਂ ਅਤੇ ਲੜਕੀਆਂ ਸਿਹਤ ਸੰਬੰਧੀ

ਕਈ ਸਮੱਸਿਆਵਾਂ ਦਾ ਸ਼ਿਕਾਰ ਹਨ। ਇਸੇ ਸੰਦਰਭ ਵਿਚ ਕਬੀਲੇ ਦੇ ਬੱਚੇ ਜ਼ਰੂਰੀ ਟੀਕਾਕਰਨ ਅਤੇ ਸਿਹਤ ਸੰਬੰਧੀ ਸਹੂਲਤਾਂ ਤੋਂ ਵਾਂਝੇ ਰਹਿ ਜਾਂਦੇ ਹਨ। ਇਨ੍ਹਾਂ ਵਿਚੋਂ ਬਹੁਤ ਘੱਟ ਲੋਕ ਅਜਿਹੇ ਹਨ ਜਿਹੜੇ ਕਿ ਸਿਹਤ ਸਹੂਲਤਾਂ ਪ੍ਰਤੀ ਪੂਰੇ ਸੁਚੇਤ ਹਨ। ਭਾਰਤ ਦੇ ਹੋਰ ਕਬੀਲਿਆਂ ਵਾਂਗ ਨਟ ਲੋਕ ਵੀ ਕਈ ਸਾਲਾਂ ਬਾਅਦ ਸੰਵਿਧਾਨਿਕ ਦਾਇਰੇ ਵਿਚ ਆਏ ਹਨ। ਬਹੁਤਾ ਸਮਾਂ ਫਿਰਤੂ ਜੀਵਨ ਵਿਚ ਰਹਿਣ ਕਾਰਨ ਇਹ ਲੋਕ ਸੰਵਿਧਾਨਕ ਹੱਕਾਂ ਤੋਂ ਵਾਂਝੇ ਰਹੇ ਹਨ। ਇਨ੍ਹਾਂ ਲੋਕਾਂ ਦੇ ਪਿਛੜੇਪਣ ਅਤੇ ਰੂੜ੍ਹੀਵਾਦੀ ਹੋਣ ਦਾ ਇਕ ਹੋਰ ਕਾਰਨ ਇਨ੍ਹਾਂ ਲੋਕਾਂ ਦੀਆਂ ਪੀੜ੍ਹੀ-ਦਰ-ਪੀੜ੍ਹੀ ਚਲਦੀਆਂ ਆ ਰਹੀਆਂ ਮਿੱਥ ਕਥਾਵਾਂ ਹਨ। ਇਹ ਲੋਕ ਅੱਜ ਵੀ ਆਪਣੇ ਰਾਜਪੂਤੀ ਇਤਿਹਾਸ ਅਤੇ ਗੌਰਵ ਨਾਲ ਜੁੜੇ ਹੋਏ ਹਨ। ਇਹ ਲੋਕ ਸਦੀਆਂ ਤੋਂ ਮੁਗਲਾਂ ਹੱਥੋਂ ਆਪਣੀ ਕਰਾਰੀ ਹਾਰ ਹੋਣ ਦੇ ਬਾਵਜੂਦ ਵੀ ਆਪਣੇ ਸ਼ਾਨਾਮੱਤੀ ਵਿਰਾਸਤ ਨਾਲ ਜੁੜੇ ਰਹੇ ਹਨ। ਇਹ ਲੋਕ ਆਪਣੇ ਇਤਿਹਾਸ ਅਤੇ ਮਿੱਥ ਕਥਾਵਾਂ ਦੀ ਰੌਸ਼ਨੀ ਵਿਚ ਇਕ ਲੰਮਾ ਪੈਂਡਾ ਤੈਅ ਕਰਕੇ ਆਏ ਹਨ। ਇਹ ਲੋਕ ਸਦੀਆਂ ਭਰ ਇਹ ਸੁਪਨਾ ਲੈ ਕੇ ਚਲਦੇ ਰਹੇ ਹਨ ਕਿ ਇਕ ਨਾ ਇਕ ਦਿਨ ਇਨ੍ਹਾਂ ਲੋਕਾਂ ਨੂੰ ਇਨ੍ਹਾਂ ਦੇ ਖੋਏ ਹੋਏ ਰਾਜ-ਭਾਗ ਦੀਆਂ ਚਾਬੀਆਂ ਜ਼ਰੂਰ ਮਿਲਣਗੀਆਂ। ਇਸ ਤਰ੍ਹਾਂ ਬਾਕੀ ਰਾਜਪੂਤ ਕਬੀਲਿਆਂ ਵਾਂਗ ਇਨ੍ਹਾਂ ਲੋਕਾਂ ਦਾ ਸੁਪਨਾ ਵੀ 'ਮਿੱਥ' ਦਾ ਰੂਪ ਧਾਰਨ ਕਰਦਾ ਗਿਆ। ਸਮੇਂ ਦੇ ਬਦਲਣ ਨਾਲ ਇਨ੍ਹਾਂ ਲੋਕਾਂ ਦੇ ਜੀਵਨ ਵਿਚ ਵੀ ਕਈ ਉਤਰਾਅ-ਚੜ੍ਹਾਅ ਆਏ। ਇਸੇ ਦੌਰਾਨ ਮੁਲਕ ਦੀ ਆਜ਼ਾਦੀ ਤੋਂ ਬਾਅਦ ਇਕ ਸਮਾਂ ਅਜਿਹਾ ਆਉਂਦਾ ਹੈ ਜਦੋਂ ਇਹ ਲੋਕ ਦਰ-ਦਰ ਦੀਆਂ ਠੋਕਰਾਂ ਖਾਂਦੇ ਹੋਏ ਆਪਣੇ ਹੀ ਮੁਲਕ ਵਿਚ ਬੇਗਾਨੇ ਹੋ ਜਾਂਦੇ ਹਨ। ਇਸਦਾ ਇਕ ਵੱਡਾ ਕਾਰਨ ਇਹ ਹੈ ਕਿ ਕਬੀਲਿਆਂ ਦੇ ਲੋਕ ਆਪਣੇ ਪਦਾਰਥਵਾਦੀ ਵਿਕਾਸ ਨਾਲੋਂ ਪਿਤਾ ਪੁਰਖੀ ਪਰੰਪਰਾਵਾਂ ਅਤੇ ਵਿਧੀ ਵਿਧਾਨ ਨੂੰ ਵਧੇਰੇ ਤਰਜੀਹ ਦਿੰਦੇ ਰਹੇ ਹਨ। ਇਸ ਤਰ੍ਹਾਂ ਦੀ ਕਬੀਲਾ ਮਾਨਸਿਕਤਾ ਦੇ ਚਲਦਿਆਂ ਇਹ ਲੋਕ ਸਮਾਜਿਕ ਬਦਲਾਅ (Social Change) ਪ੍ਰਤੀ ਨਾਂਹ ਪੱਖੀ ਵਤੀਰਾ ਰੱਖਦੇ ਹਨ। ਆਪਣੀਆਂ ਰਸਮਾਂ-ਰੀਤਾਂ ਅਤੇ ਸਭਿਆਚਾਰਕ ਪ੍ਰਤਿਮਾਨਾਂ ਪ੍ਰਤੀ ਵਧੇਰੇ ਸੰਵੇਦਨਸ਼ੀਲ ਹੋਣ ਕਾਰਨ ਇਹ ਲੋਕ ਅੱਜ ਵੀ ਅਤਿ ਵਿਕਸਤ ਸ਼ਹਿਰਾਂ, ਨਗਰਾਂ ਅਤੇ ਕਸਬਿਆਂ ਵਿਚ ਅਸੁਰੱਖਿਅਤ ਮਹਿਸੂਸ ਕਰਦੇ ਹਨ। ਇਸੇ ਕਰਕੇ ਇਨ੍ਹਾਂ ਲੋਕਾਂ ਦੇ ਡੇਰੇ ਜ਼ਿਆਦਾਤਰ ਰੋਹੀਆਂ ਅਤੇ ਬੀਆਬਾਨਾਂ ਵਿਚ ਹੁੰਦੇ ਹਨ। ਇਸ ਤੋਂ ਇਲਾਵਾ ਇਹ ਲੋਕ ਲੁਕਵੀਆਂ ਅਤੇ ਸੁਰੱਖਿਅਤ ਥਾਵਾਂ ਨੂੰ ਜ਼ਿਆਦਾ ਤਰਜੀਹ ਦਿੰਦੇ ਹਨ। ਭਾਵੇਂ ਕਿ ਇਨ੍ਹਾਂ ਲੋਕਾਂ ਨੂੰ ਆਪਣੀਆਂ ਲੋੜਾਂ ਅਤੇ ਗਰਜ਼ਾਂ ਪੂਰੀਆਂ ਕਰਨ ਲਈ ਸਥਾਨਕ ਭਾਸ਼ਾਵਾਂ ਵਿਚ ਗੱਲਬਾਤ ਕਰਨੀ ਸਿੱਖ ਲਈ ਹੈ ਪਰੰਤੂ ਫਿਰ ਵੀ ਇਹ ਲੋਕ ਸਿਰਫ਼ ਆਪਣੇ ਕੰਮਕਾਰ ਅਤੇ ਪੇਸ਼ੇ ਤੱਕ ਹੀ ਮਹਿਦੂਦ ਹੋ ਕੇ ਰਹਿੰਦੇ ਹਨ। ਇਹ ਲੋਕ ਆਪਣੇ ਕਬੀਲੇ ਤੋਂ ਬਾਹਰਲੇ ਲੋਕਾਂ ਨਾਲ ਜਨ ਸੰਪਰਕ ਵਧਾਉਣ ਤੋਂ ਗੁਰੇਜ਼ ਕਰਦੇ ਹਨ। ਅਜੋਕੇ ਦੌਰ ਵਿਚ ਵੀ ਇਨ੍ਹਾਂ ਨੂੰ ਕਬੀਲੇ ਦੀ ਅੰਦਰਲੀ ਸੰਰਚਨਾ ਪ੍ਰਤੀ ਛੇੜਛਾੜ ਗਵਾਰਾ ਨਹੀਂ। ਇਨ੍ਹਾਂ ਲੋਕਾਂ ਦਾ ਸਾਰਾ ਜੀਵਨ ਕਬੀਲੇ ਦੀਆਂ ਮਨਾਹੀਆਂ ਅਤੇ ਮਾਨਤਾਵਾਂ ਦੇ ਇਰਦ-ਗਿਰਦ ਘੁੰਮਦਾ ਹੈ। ਇਹ ਲੋਕ ਕਬੀਲੇ ਦੀਆਂ ਰੀਤਾਂ ਪ੍ਰਤੀ ਏਨੇ ਸਮਰਪਿਤ ਹਨ ਕਿ ਕਬੀਲੇ ਦੇ ਦਾਇਰੇ ਤੋਂ ਬਾਹਰ

ਜਾਣ ਵਾਲੇ ਵਿਅਕਤੀ ਨੂੰ ਕਬੀਲੇ ਵਿਚੋਂ ਛੇਕ ਦਿੱਤਾ ਜਾਂਦਾ ਹੈ। ਇਸ ਤੋਂ ਬਾਅਦ ਉਸ ਨਾਲ ਰੋਟੀ-ਬੇਟੀ ਦੀ ਸਾਂਝ ਖਤਮ ਕਰ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਦੇ ਕੱਟੜ ਵਰਤਾਰੇ ਦੇ ਚਲਦਿਆਂ ਕਬੀਲਾ ਜੀਵਨ ਤੋਂ ਛੁਟਕਾਰਾ ਪਾਉਣਾ ਬਹੁਤ ਮੁਸ਼ਕਲ ਹੈ। ਖਾਨਾਬਦੋਸ਼ ਕੌਮਾਂ ਵਿਚ ਪਾਇਆ ਜਾਂਦਾ 'ਆਪਣੇ ਅਤੇ ਬੇਗਾਨੇ' ਦਾ ਸੰਕਲਪ ਵੀ ਇਨ੍ਹਾਂ ਲੋਕਾਂ ਨੂੰ ਬਾਹਰਲੇ ਜੀਵਨ ਨਾਲ ਸਾਂਝ ਪਾਉਣ ਤੋਂ ਰੋਕਦਾ ਹੈ। ਇਸ ਤੋਂ ਇਲਾਵਾ ਇਹ ਲੋਕ ਕਬੀਲਾ ਜੀਵਨ ਨਾਲ ਏਨਾ ਜ਼ਿਆਦਾ ਜੁੜ ਚੁੱਕੇ ਹਨ ਕਿ ਇਨ੍ਹਾਂ ਲੋਕਾਂ ਨੂੰ ਧਰਤੀ 'ਤੇ ਇਹੀ ਇਕ ਅੰਤਿਮ ਸੱਚ ਲੱਗਦਾ ਹੈ। ਸ਼ਕਤੀਸ਼ਾਲੀ ਟੋਟਮ ਟੈਬੂ ਪਰੰਪਰਾ ਅਤੇ ਸੁਜਾਤੀ ਵਿਆਹ ਪ੍ਰਬੰਧ ਦੇ ਚਲਦਿਆਂ ਕਬੀਲੇ ਦੇ ਲੋਕ ਬਾਹਰੀ ਜਗਤ ਤੋਂ ਬਿਲਕੁਲ ਆਕੀ ਹਨ। ਨਟ ਕਬੀਲੇ ਦੇ ਲੋਕਾਂ ਦਾ ਸੁਭਾਅ ਅਤੇ ਸੋਚ ਕਾਫ਼ੀ ਹੱਦ ਤੱਕ ਆਦਿਵਾਸੀ ਕਬੀਲਿਆਂ ਨਾਲ ਮਿਲਦੀ ਹੈ। ਇਸੇ ਸੰਦਰਭ ਵਿਚ ਪੰਜਾਬ ਦੇ ਬਹੁਤ ਸਾਰੇ ਕਬੀਲੇ ਭਾਵੇਂ ਮੁਖ ਧਾਰਾ ਦੇ ਸਮਾਜ ਸਭਿਆਚਾਰ ਨਾਲ ਕਦਮ ਦਰ ਕਦਮ ਮਿਲਾ ਕੇ ਚਲ ਰਹੇ ਹਨ ਪਰੰਤੂ ਉਹ ਅੱਜ ਵੀ ਆਪਣੀਆਂ ਕਬੀਲਾ ਰਵਾਇਤਾਂ ਅਤੇ ਪਰੰਪਰਾਵਾਂ ਨੂੰ ਜ਼ਿਆਦਾ ਤਰਜੀਹ ਦਿੰਦੇ ਹਨ। ਇਨ੍ਹਾਂ ਵਿਚੋਂ ਬਹੁਤੇ ਲੋਕ ਭਾਵੇਂ ਕਿ ਸਥਾਨਕ ਸਭਿਆਚਾਰਾਂ ਦੇ ਰੰਗ ਵਿਚ ਰੰਗੇ ਗਏ ਹਨ ਪਰੰਤੂ ਫਿਰ ਵੀ ਇਹ ਵਰਤਾਰਾ ਬਾਹਰੀ ਹੱਦਾਂ ਤੱਕ ਹੀ ਸੀਮਤ ਹੈ। ਇਸੇ ਸੰਦਰਭ ਵਿਚ ਪੰਜਾਬ ਦੇ ਨਟ ਕਬੀਲੇ ਦੀ ਵਰਤਮਾਨ ਸਥਿਤੀ ਦਾ ਵਿਸ਼ਲੇਸ਼ਣ ਕਰਦਿਆਂ ਇਨ੍ਹਾਂ ਲੋਕਾਂ ਦੇ ਜੀਵਨ ਬਾਰੇ ਕਾਫ਼ੀ ਮਹੱਤਵਪੂਰਨ ਤੱਥ ਉਜਾਗਰ ਹੁੰਦੇ ਹਨ। ਪੰਜਾਬ ਵਿਚ ਨਟ ਕਬੀਲੇ ਦੀ ਗਿਣਤੀ ਬਹੁਤ ਹੀ ਘੱਟ ਹੈ। ਇਸ ਲਈ ਘੱਟ ਗਿਣਤੀ ਹੋਣ ਕਰਕੇ ਇਹ ਲੋਕ ਆਪਣਾ ਕੋਈ ਰਾਜਨੀਤਕ ਪ੍ਰਭਾਵ ਨਹੀਂ ਬਣਾ ਸਕੇ। ਉਪਰੋਕਤ ਸਾਰੇ ਕਾਰਨਾਂ ਕਰਕੇ ਪੰਜਾਬ ਦਾ ਨਟ ਕਬੀਲਾ ਹਾਸ਼ਿਆਕ੍ਰਿਤ ਜੀਵਨ ਬਤੀਤ ਕਰ ਰਿਹਾ ਹੈ। ਵਿਸ਼ਵੀਕਰਨ ਦਾ ਇਹ ਦੌਰ ਕਬੀਲਿਆਂ ਲਈ ਹੋਰ ਮੁਸ਼ਕਲਾਂ ਅਤੇ ਦੁਸ਼ਵਾਰੀਆਂ ਲੈ ਕੇ ਆਇਆ ਹੈ। ਗਲੋਬਲ ਪਿੰਡ ਵਿਚ ਇਕਾਂਤ ਹੰਢਾ ਰਹੇ ਇਹ ਕਬੀਲੇ ਏਨੇ ਜ਼ਿਆਦਾ ਬੇਵੱਸ ਹੋ ਗਏ ਹਨ ਕਿ ਇਨ੍ਹਾਂ ਲੋਕਾਂ ਨੂੰ ਦੋ ਵਕਤ ਦਾ ਖਾਣਾ ਵੀ ਬੜੀ ਮੁਸ਼ਕਲ ਨਾਲ ਨਸੀਬ ਹੁੰਦਾ ਹੈ। ਨਵੀਂ ਸਿਰਜੀ ਜਾ ਰਹੀ ਦੁਨੀਆ ਵਿਚ ਇਨ੍ਹਾਂ ਲੋਕਾਂ ਦਾ ਕੋਈ ਸਥਾਨ ਅਤੇ ਭੂਮਿਕਾ ਨਹੀਂ ਹੈ। ਮੁਨਾਫੇ ਦੀ ਹੋੜ ਅਤੇ ਮੰਡੀ ਦੇ ਯੁੱਗ ਵਿਚ ਇਹ ਲੋਕ ਛਾਂਟ ਕੇ ਬਾਹਰ ਕੱਢ ਦਿੱਤੇ ਗਏ ਹਨ। ਕਿਸੇ ਵੇਲੇ ਬਹਾਦਰੀ ਅਤੇ ਕਲਾ ਦਾ ਸੁਮੇਲ ਮੰਨੇ ਜਾਂਦੇ ਇਹ ਕਬੀਲੇ ਅੱਜ ਆਪਣੀ ਸ਼ਨਾਖਤ ਲਈ ਇਕ ਕਰੜਾ ਆਤਮਯੁੱਧ ਲੜ ਰਹੇ ਹਨ। ਨਟ ਲੋਕਾਂ ਦੀ ਆਰਥਿਕਤਾ ਐਨੀ ਜ਼ਿਆਦਾ ਨਿਘਰ ਗਈ ਹੈ ਕਿ ਇਨ੍ਹਾਂ ਵਿਚੋਂ ਕੁਝ ਲੋਕ ਗਜ਼ਾ ਮਾਰ ਕੇ ਆਪਣਾ ਗੁਜ਼ਾਰਾ ਕਰਨ ਲੱਗ ਪਏ ਹਨ। ਮਾੜੇ ਆਰਥਿਕ ਹਾਲਾਤਾਂ ਦਾ ਸਾਹਮਣਾ ਕਰਦਿਆਂ ਇਨ੍ਹਾਂ ਲੋਕਾਂ ਦੇ ਬੱਚੇ ਬਾਲ ਮਜ਼ਦੂਰੀ ਦੇ ਅੰਧਕਾਰ ਵਿਚ ਗਰਕ ਹੋ ਰਹੇ ਹਨ। ਆਏ ਵਰ੍ਹੇ 'ਬਾਲ ਦਿਵਸ' ਮਨਾਉਣ ਵਾਲੀਆਂ ਸਰਕਾਰਾਂ ਨੇ ਇਨ੍ਹਾਂ ਲੋਕਾਂ ਦੀ ਹੋਂਦ ਅਤੇ ਹੋਣੀ ਸੰਬੰਧੀ ਲੰਮੀ ਚੁੱਪ ਧਾਰੀ ਹੋਈ ਹੈ। ਇਸ ਸੰਬੰਧ ਵਿਚ ਪੰਜਾਬ ਦੇ ਹੋਰ ਵੀ ਕਲਾਕਾਰ ਕਬੀਲੇ ਜਿਵੇਂ ਕਿ ਬਾਜੀਗਰ, ਸਿਕਲੀਗਰ, ਬੰਗਾਲਾ, ਮਰਾਸੀ ਅਤੇ ਸਾਂਸੀ ਆਪਣੀ ਕਲਾ ਸਮੇਤ ਹਾਸ਼ੀਏ ਵੱਲ ਚਲੇ ਗਏ ਹਨ।

ਅਜੋਕੇ ਦੌਰ ਵਿਚ ਮੰਡੀ ਦੇ ਪਾਸਾਰ ਨਾਲ ਕਬੀਲਿਆਂ ਦੀਆਂ ਲੋਕ ਕਲਾਵਾਂ ਅਤੇ ਹੁਨਰ ਪਿੱਠਭੂਮੀ ਵਿਚ ਚਲੇ ਜਾਣ ਨਾਲ ਭਾਵੇਂ ਕਿ ਕਬੀਲਿਆਂ ਦੀ ਆਰਥਿਕਤਾ ਨੂੰ ਗਹਿਰੀ ਢਾ ਲੱਗੀ ਹੈ ਪਰ ਫਿਰ ਵੀ ਇਹ ਲੋਕ ਆਪਣੀ ਬੋਲੀ, ਸਭਿਆਚਾਰ ਅਤੇ ਪਿਤਾ ਪੁਰਖੀ ਮਾਨਤਾਵਾਂ ਕਾਰਨ ਇਕ ਵਿਲੱਖਣ ਪਛਾਣ ਦੇ ਧਾਰਨੀ ਹਨ। ਪੰਜਾਬ ਦਾ ਨਟ ਕਬੀਲਾ ਬਾਹਰੋਂ ਦੇਖਣ ਨੂੰ ਜਿੰਨਾ ਸਾਦਾ ਅਤੇ ਸਾਧਾਰਨ ਨਜ਼ਰ ਆਉਂਦਾ ਹੈ, ਇਸਦੀ ਅੰਦਰਲੀ ਬਣਤਰ ਉੱਨੀ ਹੀ ਜਟਿਲ ਅਤੇ ਗੁੰਝਲਦਾਰ ਹੈ।

ਉਪਰੋਕਤ ਸਾਰੇ ਅਧਿਐਨ ਤੋਂ ਬਾਅਦ ਜੇਕਰ ਪੰਜਾਬ ਦੇ ਨਟਾਂ ਦੀ ਗੱਲ ਕੀਤੀ ਜਾਵੇ ਤਾਂ ਇਨ੍ਹਾਂ ਦੇ ਸਮਾਜ ਸਭਿਆਚਾਰ ਅਤੇ ਮੌਜੂਦਾ ਸਥਿਤੀ ਸੰਬੰਧੀ ਸਾਰੀ ਤਸਵੀਰ ਸਪੱਸ਼ਟ ਹੋ ਜਾਂਦੀ ਹੈ। ਜੇਕਰ ਇਨ੍ਹਾਂ ਲੋਕਾਂ ਦੇ ਜੀਵਨ ਦੇ ਸਾਰੇ ਪੱਖਾਂ 'ਤੇ ਨਜ਼ਰਸਾਨੀ ਕੀਤੀ ਜਾਵੇ ਤਾਂ ਇਨ੍ਹਾਂ ਦੇ ਸਮਕਾਲੀ ਹਾਲਾਤਾਂ ਦੀ ਬੜੀ ਨਿਰਾਸ਼ਾਜਨਕ ਤਸਵੀਰ ਸਾਹਮਣੇ ਆਉਂਦੀ ਹੈ। ਇਹ ਲੋਕ ਆਦਿ ਕਾਲ ਤੋਂ ਜਿੱਥੇ ਖਾਨਾਬਦੋਸ਼ੀ ਹੰਢਾ ਰਹੇ ਹਨ, ਉਸਦੇ ਨਾਲ ਹੀ ਇਨ੍ਹਾਂ ਲੋਕਾਂ ਨੂੰ ਆਪਣੇ ਧਰਮ ਅਤੇ ਅਣਖ ਲਈ ਅਨੇਕਾਂ ਹੀ ਜੰਗਾਂ ਯੁੱਧਾਂ ਵਿਚ ਲੰਘਣਾ ਪਿਆ ਹੈ। ਮੁਗ਼ਲ ਕਾਲ ਵਿਚ ਰੂਪੋਸ਼ ਜੀਵਨ ਬਿਤਾਉਣ ਤੋਂ ਇਲਾਵਾ ਅੰਗਰੇਜ਼ੀ ਹਕੂਮਤ ਦੌਰਾਨ ਜਰਾਇਮ ਪੇਸ਼ਾ ਐਕਟ ਲੱਗਣ ਨਾਲ ਇਹ ਲੋਕ ਆਪਣੀਆਂ ਜਾਨਾਂ ਬਚਾਉਂਦੇ ਇੱਧਰ-ਉੱਧਰ ਭਟਕਦੇ ਰਹੇ ਹਨ। ਭਾਰਤ ਦੇ ਆਦਿਵਾਸੀ ਕਬੀਲੇ ਆਪਣੇ ਸਮਾਜ ਸਭਿਆਚਾਰ ਅਤੇ ਪਛਾਣ ਲਈ ਇਹ ਜਦੋਜਹਿਦ ਅੱਜ ਵੀ ਕਰ ਰਹੇ ਹਨ। ਪੰਜਾਬ ਦੇ ਹੋਰ ਬਹੁਤ ਸਾਰੇ ਕਬੀਲੇ ਇਕ ਕਰੜੇ ਸੰਘਰਸ਼ ਤੋਂ ਬਾਅਦ ਆਪਣੇ ਹੱਕ ਅਤੇ ਅਧਿਕਾਰ ਪ੍ਰਾਪਤ ਕਰਨ ਵਿਚ ਸਫਲ ਹੋ ਗਏ ਹਨ। ਇਨ੍ਹਾਂ ਵਿਚੋਂ ਬਹੁਤ ਸਾਰੇ ਕਬੀਲੇ ਅਜਿਹੇ ਹਨ ਜਿਨ੍ਹਾਂ ਨੇ ਅਜੇ ਵਿਕਾਸ ਦੀ ਪਹਿਲੀ ਪੌੜੀ ਤੋਂ ਸ਼ੁਰੂਆਤ ਕਰਨੀ ਹੈ। ਇਨ੍ਹਾਂ ਵਿਚ ਬਹੁਤ ਸਾਰੇ ਕਬੀਲੇ ਅਜਿਹੇ ਵੀ ਹਨ ਜਿਹੜੇ ਕਿ ਸਦੀਆਂ ਤੋਂ ਆਪਣੀ ਸ਼ਨਾਖ਼ਤ ਲਈ ਜੂਝ ਰਹੇ ਹਨ। ਰਾਖਵੇਂਕਰਨ ਦੇ ਸੰਬੰਧ ਵਿਚ ਇਨ੍ਹਾਂ ਦੀ ਵਰਗ-ਵੰਡ ਵਿਚ ਬਹੁਤ ਵੱਡੀਆਂ ਊਣਤਾਈਆਂ ਹਨ। ਪੰਜਾਬ ਵਿਚ ਇਨ੍ਹਾਂ ਕਬੀਲਿਆਂ ਦੀ ਸ਼ਨਾਖ਼ਤ ਦੇਰ ਨਾਲ ਹੋਣ ਕਰਕੇ ਇਨ੍ਹਾਂ ਕਬੀਲਿਆਂ ਨੂੰ ਐਸ.ਸੀ. ਅਦਰਜ਼ (S.C. Others) ਕੈਟਾਗਿਰੀ ਵਿਚ ਰੱਖਿਆ ਗਿਆ ਹੈ ਜਦਕਿ ਭਾਰਤ ਦੇ ਹੋਰ ਰਾਜਾਂ ਵਿਚ ਇਹੀ ਕਬੀਲੇ ਵੱਖ-ਵੱਖ ਨਾਵਾਂ ਹੇਠ ਐਸ.ਟੀ. (S.T.) ਕੋਟੀ ਵਿਚ ਰੱਖੇ ਗਏ ਹਨ। ਪੰਜਾਬ ਵਿਚ ਇਨ੍ਹਾਂ ਕਬੀਲਿਆਂ ਨੂੰ ਭਾਵੇਂ ਕਿ ਇਕ ਲੰਮੇ ਸੰਘਰਸ਼ ਤੋਂ ਬਾਅਦ ਵਿਮੁਕਤ ਜਾਤੀ (Vimukat Jati) ਦਾ ਰੁਤਬਾ ਦਿੱਤਾ ਗਿਆ ਹੈ, ਇਸਦੇ ਬਾਵਜੂਦ ਵੀ ਇਹ ਸਾਰਾ ਕਾਰ ਵਿਹਾਰ ਅਤੇ ਰੁਤਬਾ ਕਾਗਜ਼ੀ ਕਾਰਵਾਈ ਤੱਕ ਹੀ ਸੀਮਤ ਹੈ। ਜੇਕਰ ਸਮਕਾਲੀ ਪ੍ਰਸਥਿਤੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਇਨ੍ਹਾਂ ਲੋਕਾਂ ਦੇ ਵਿਕਾਸ ਦੀ ਗੱਲ ਕੀਤੀ ਜਾਵੇ ਤਾਂ ਇਸ ਲਈ ਸਰਕਾਰ ਨੂੰ ਵਿਸ਼ੇਸ਼ ਮੁਹਿੰਮ ਚਲਾਉਣ ਦੀ ਲੋੜ ਹੈ। ਇਨ੍ਹਾਂ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਦੇ ਨਾਲ-ਨਾਲ ਵਿਸ਼ੇਸ਼ ਅਗਵਾਈ ਪ੍ਰੋਗਰਾਮਾਂ ਦੀ ਵੀ ਸਖ਼ਤ ਜ਼ਰੂਰਤ ਹੈ। ਇਨ੍ਹਾਂ ਵਿਚ ਪਹਿਲੀ ਗੱਲ ਇਹ ਹੈ ਕਿ ਸਭ ਤੋਂ ਪਹਿਲਾਂ ਇਨ੍ਹਾਂ ਲੋਕਾਂ ਦਾ ਕੁੱਲੀ, ਗੁੱਲੀ ਅਤੇ ਜੁਲੀ ਦਾ ਸੰਵਿਧਾਨਕ ਅਧਿਕਾਰ ਬਹਾਲ ਕੀਤਾ ਜਾਵੇ। ਇਸਦੇ ਨਾਲ ਹੀ ਇਨ੍ਹਾਂ ਲੋਕਾਂ ਨੂੰ ਰੋਜ਼ਗਾਰ ਮੁਹੱਈਆ ਕਰਾਉਣ

ਲਈ ਵਿਸ਼ੇਸ਼ ਯਤਨ ਕੀਤੇ ਜਾਣ। ਇਸ ਤੋਂ ਇਲਾਵਾ ਇਨ੍ਹਾਂ ਲੋਕਾਂ ਦੇ ਬੱਚਿਆਂ ਲਈ ਵਿਸ਼ੇਸ਼ ਸਕੂਲਾਂ ਦਾ ਪ੍ਰਬੰਧ ਕੀਤਾ ਜਾਵੇ। ਇਨ੍ਹਾਂ ਕਬੀਲਿਆਂ ਵਿਚ ਸਿੱਖਿਆ ਅਤੇ ਸਿਹਤ ਪ੍ਰਤੀ ਚੇਤਨਾ ਪੈਦਾ ਕੀਤੀ ਜਾਵੇ। ਸਮਾਜ ਉਸਾਰੀ ਵਿਚ ਔਰਤ ਦੀ ਭੂਮਿਕਾ ਨੂੰ ਜ਼ਰੂਰੀ ਅਤੇ ਯਕੀਨੀ ਬਣਾਇਆ ਜਾਵੇ। ਸਭ ਤੋਂ ਵੱਡੀ ਗੱਲ ਇਹ ਹੈ ਕਿ ਇਨ੍ਹਾਂ ਕਬੀਲਿਆਂ ਨੂੰ ਸਭਿਅਤਾ ਦਾ ਬਾਲਣ ਬਣਨ ਤੋਂ ਬਚਾਇਆ ਜਾਵੇ। ਇਸ ਤਰ੍ਹਾਂ ਜੇਕਰ ਇਨ੍ਹਾਂ ਲੋਕਾਂ ਦੇ ਸਨਮਾਨ ਅਤੇ ਮੁੜ ਵਸੇਬੇ ਲਈ ਠੋਸ ਕਦਮ ਚੁੱਕੇ ਜਾਣ ਤਾਂ ਭਾਰਤ ਦੇ ਬਹੁਰੰਗੀ ਸਭਿਆਚਾਰ ਦੀ ਜਿੰਦ ਜਾਨ ਕਹਾਉਣ ਵਾਲੇ ਇਹ ਕਬੀਲੇ ਜੀਵਨ ਦੇ ਹਰ ਖੇਤਰ ਵਿਚ ਆਪਣੀ ਭੂਮਿਕਾ ਨਿਭਾਉਣ ਲਈ ਤਿਆਰ ਹਨ।

ਹਵਾਲੇ ਅਤੇ ਟਿੱਪਣੀਆਂ

1. ਡੇਂਜਲ ਇਬਟਸਨ ਐਂਡ ਐਚ.ਏ.ਰੋਜ਼, ਟਰਾਈਬਜ਼ ਐਂਡ ਕਾਸਟਸ ਆਫ ਪੰਜਾਬ, ਭਾਗ ਤੀਜਾ, ਪੰਨਾ 163.
2. ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪੰਨਾ 679.
3. ਬੀਰ ਇੰਦਰਪਾਲ ਸਿੰਘ, ਕਰੀਮੀਨਲ ਟਰਾਈਬਜ਼ ਆਫ਼ ਪੰਜਾਬ, ਪੰਨਾ 103.
4. ਡੇਂਜਲ ਇਬਟਸਨ ਐਂਡ ਐਚ.ਏ.ਰੋਜ਼, ਟਰਾਈਬਜ਼ ਐਂਡ ਕਾਸਟਸ ਆਫ ਪੰਜਾਬ, ਭਾਗ ਤੀਜਾ, ਪੰਨਾ 164.
5. ਉਹੀ, ਪੰਨਾ 165.
6. ਕਬੀਲੇ ਦੇ ਧਰਮਸੋਤ ਗੋਤਰ ਦੇ ਵਿਦਵਾਨ ਪੈਂਚ ਕ੍ਰਿਸ਼ਨ ਕੁਮਾਰ (ਘੋਦੀ) ਦੇ ਮੌਖਿਕ ਵੇਰਵਿਆਂ ਤੇ ਆਧਾਰਿਤ।

ਪੁਸਤਕ ਸੂਚੀ

ਪੰਜਾਬੀ

1. ਇੰਦਰ ਸਿੰਘ ਵਲਜੋਤ, ਗੁਆਰ ਰਾਜਪੂਤਾਂ ਬਾਜ਼ੀਗਰਾਂ ਦਾ ਇਤਿਹਾਸ, ਲੋਕਗੀਤ ਪ੍ਰਕਾਸ਼ਨ ਚੰਡੀਗੜ੍ਹ, 2009.
2. ਸੁਖਦੇਵ ਸਿੰਘ ਸੇਖੋਂ, ਗੁਜਰ ਕਬੀਲੇ ਦਾ ਲੋਕ ਸਾਹਿਤ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, 2003.
3. ਕਰਨੈਲ ਸਿੰਘ ਥਿੰਦ, ਪੰਜਾਬ ਦਾ ਲੋਕ ਵਿਰਸਾ (ਭਾਗ-ਪਹਿਲਾ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996.
4. ਸੁਰਿੰਦਰ ਸਿੰਘ ਰਾਜਪੂਤ, ਪੰਜਾਬ ਦੇ ਜੱਟ ਅਤੇ ਰਾਜਪੂਤ ਕਬੀਲੇ, ਲਿਟਰੇਚਰ ਹਾਊਸ, ਅੰਮ੍ਰਿਤਸਰ, 2006.
5. ਸੁਰਿੰਦਰ ਸਿੰਘ ਰਾਜਪੂਤ, ਕੀ ਭਾਟਰੇ ਬ੍ਰਾਹਮਣ ਹਨ ਜਾਂ ਰਾਜਪੂਤ, ਸੰਗਮ ਪਬਲੀਕੇਸ਼ਨਜ਼, ਸਮਾਣਾ 2009.
6. ਕਰਨੈਲ ਸਿੰਘ ਥਿੰਦ, ਪੰਜਾਬ ਦਾ ਲੋਕ ਵਿਰਸਾ (ਭਾਗ ਦੂਜਾ) ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2007.
7. ਕਿਰਪਾਲ ਕਜ਼ਾਕ, ਸਿਕਲੀਗਰ ਕਬੀਲੇ ਦਾ ਸਭਿਆਚਾਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1990.
8. ਕਿਰਪਾਲ ਕਜ਼ਾਕ, ਗਾਡੀ ਲੁਹਾਰ ਕਬੀਲੇ ਦਾ ਸਭਿਆਚਾਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2005.
9. ਗਣਪਤੀ ਸਿੰਘ (ਪ੍ਰਿੰ.) 1857 ਦੇ ਗੁੱਜਰ ਸ਼ਹੀਦ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2009.
10. ਜਸਵਿੰਦਰ ਸ਼ਰਮਾ, ਬਾਜ਼ੀਗਰ ਕਬੀਲਾ ਅਤੇ ਲੋਕਧਾਰਾ, ਮਾਤਾ ਭਾਗਵੰਤੀ ਸਾਹਿਤ ਸੇਵਾ ਸਮਿਤੀ, ਮਲੇਰਕੋਟਲਾ, 2010.
11. ਜਸਵਿੰਦਰ ਸਿੰਘ (ਡਾ.) ਪੰਜਾਬੀ ਸਭਿਆਚਾਰ ਦੇ ਪਛਾਣ ਚਿੰਨ੍ਹ, ਗਰੇਸ਼ੀਅਸ ਬੁਕਸ, ਪਟਿਆਲਾ, 2012.
12. ਜੀ. ਐਸ. ਗੁਰੀਏ, ਭਾਰਤ ਵਿਚ ਜਾਤੀ ਅਤੇ ਨਸਲ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2003.
13. ਜੀਤ ਸਿੰਘ ਜੋਸ਼ੀ (ਡਾ.), ਲੋਕ ਕਲਾ ਅਤੇ ਸਭਿਆਚਾਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.

14. ਦਰਿਆ, ਪੰਜਾਬ ਦੇ ਸਾਂਸੀ ਕਬੀਲੇ ਦਾ ਸਭਿਆਚਾਰ, ਲੋਕ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 1997.
15. ਨਾਹਰ ਸਿੰਘ (ਡਾ.), ਲੋਕ ਕਾਵਿ ਦੀ ਸਿਰਜਣ ਪ੍ਰਕਿਰਿਆ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2006.
16. ਪਿਆਰਾ ਸਿੰਘ ਪਦਮ, ਗੁਰੂ ਕੀਆਂ ਸਾਖੀਆਂ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 1995.
17. ਭੁਪਿੰਦਰ ਸਿੰਘ ਖਹਿਰਾ, ਲੋਕਧਾਰਾ ਭਾਸ਼ਾ ਅਤੇ ਸਭਿਆਚਾਰ, ਪੈਪਸੂ ਬੁੱਕ ਡਿਪੂ, ਪਟਿਆਲਾ, 2004.
18. ਭੁਪਿੰਦਰ ਕੌਰ, ਬੀਤ ਦੇ ਗੁੱਜਰਾਂ ਦਾ ਸਭਿਆਚਾਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.
19. ਮਨਜੀਤ ਸਿੰਘ ਚਾਹਲ, ਪੰਜਾਬ ਕਾ ਬਾਵਰੀਆ ਕਬੀਲਾ, ਟਵੰਟੀ ਫਸਟ ਸੈਂਚਰੀ ਪਬਲੀਕੇਸ਼ਨਜ਼, ਪਟਿਆਲਾ, 2007.
20. ਮੋਹਨ ਤਿਆਗੀ (ਡਾ.), ਬਾਜ਼ੀਗਰ ਕਬੀਲੇ ਦਾ ਸਭਿਆਚਾਰ, ਨੈਸ਼ਨਲ ਬੁਕ ਟਰੱਸਟ, ਇੰਡੀਆ, 2013.
21. ਰਾਜਿੰਦਰ ਪਾਲ ਸਿੰਘ (ਡਾ.) (ਸੰਪਾਦਕ), ਲੋਕਧਾਰਾ ਅਤੇ ਆਧੁਨਿਕਤਾ : ਰੂਪਾਂਤਰਣ ਅਤੇ ਪੁਨਰ- ਮੁਲਾਂਕਣ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2011.
22. ਸ਼ੇਰਚੰਦ (ਡਾ.), ਢੋਲੇ ਵੱਲੂ ਰਾਮ ਬਾਜ਼ੀਗਰ ਦੇ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2009.

ਪੰਜਾਬੀ ਰਸਾਲੇ/ਮੈਗਜ਼ੀਨ

ਮੋਹਨ ਤਿਆਗੀ (ਡਾ.) (ਸੰਪਾਦਕ), ਲੋਕਵਾਣੀ (ਲੋਕਧਾਰਾ ਤ੍ਰੈਮਾਸਿਕ ਅੰਕ) ਜੰਮੂ, 2011

ਕੋਸ਼

ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2006

ਸ਼ਬਦ ਕੋਸ਼

ਡਬਲਿਊ. ਆਰ. ਰਿਸ਼ੀ, ਰੋਮਾਨੀ ਪੰਜਾਬੀ ਡਿਕਸ਼ਨਰੀ, ਭਾਸ਼ਾ ਵਿਭਾਗ, ਪੰਜਾਬ, 1981

ਹਿੰਦੀ ਪੁਸਤਕਾਂ

1. ਇੰਦਰ ਰਾਜ ਬਰਤੀਆ, ਗੁਰੂਓਂ ਕੀ ਸਾਖੀਆਂ ਏਂਵ ਗੋਰ ਬੰਜਾਰੇ, ਉਬਰਾਏ ਪੈਕਰਜ਼ ਵ ਪ੍ਰਿੰਟਰਜ਼, ਅੰਬਾਲਾ ਸ਼ਹਿਰ, 2000
2. ਮੋਤੀ ਰਾਜ ਰਾਠੌਰ, ਗੋਰ ਬੰਜਾਰਾ ਜਨਜਾਤੀ ਕਾ ਇਤਿਹਾਸ, ਵਿਦਿਆ ਪ੍ਰਕਾਸ਼ਨ, ਕਾਨਪੁਰ, 2003

3. ਮੋਤੀ ਰਾਜ ਰਾਠੌਰ, ਬੰਜਾਰਾ ਸੰਦਰਭ ਕੋਸ਼, ਰਾਸ਼ਟਰੀ ਬੰਜਾਰਾ ਪਰਿਸ਼ਦ, ਪੂਨੇ, 2012
4. ਡਬਲਯੂ. ਵੀ. ਗਰੀਅਰਸਨ, ਮੱਧ ਪ੍ਰਾਂਤ ਔਰ ਬਰਾਰ ਮੇਂ ਆਦਿਵਾਸੀ ਸਮੱਸਿਆਏਂ, ਰਾਜ ਕਮਲ ਪ੍ਰਕਾਸ਼ਨ, ਨਵੀਂ ਦਿੱਲੀ, 2008

ਹਿੰਦੀ ਪੱਤ੍ਰਿਕਾ

ਸਮਨਵ ਪੂਰਵਤਰ (ਅੰਕ-10) ਜਨਵਰੀ-ਮਾਰਚ, 2011, ਕੇਂਦਰੀ ਹਿੰਦੀ ਸੰਸਥਾਨ, ਸ਼ਿਲਾਂਗ,

ਅੰਗਰੇਜ਼ੀ ਪੁਸਤਕਾਂ

1. ਐਨ. ਕੇ. ਬਹਿਰੂ, ਨੀਲ ਕੰਥਾ ਪਾਨੀਗਰਾਈ, ਟਰਾਈਬਲਜ਼ ਐਂਡ ਦਾ ਇੰਡੀਅਨ ਕੌਂਸਟੀਚੂਸ਼ਨ, ਰਾਵਤ ਪਬਲੀਕੇਸ਼ਨਜ਼, ਨਵੀਂ ਦਿੱਲੀ, 2006
2. ਐਸ. ਐਨ. ਚੌਧਰੀ, (ਸੰਪਾਦਕ), ਟਰਾਈਬਲ ਹੈਲਥ ਐਂਡ ਨਿਊਟਰੀਸ਼ਨ, ਰਾਵਤ ਪਬਲੀਕੇਸ਼ਨਜ਼, ਨਿਊ ਦਿੱਲੀ, 2012
3. ਬੀਰ ਇੰਦਰ ਪਾਲ ਸਿੰਘ (ਡਾ.) (ਸੰਪਾਦਕ), ਕਰਿਮੀਨਲ ਟਰਾਈਬਜ਼ ਆਫ਼ ਪੰਜਾਬ, ਰੋਟਲਜ਼ ਪ੍ਰਕਾਸ਼ਨ, ਨਵੀਂ ਦਿੱਲੀ, 2010
4. ਡੈਂਜ਼ਲ ਇਬਟਸਨ, ਟਰਾਈਬਜ਼ ਐਂਡ ਕਾਸਟਸ ਆਫ਼ ਦਾ ਪੰਜਾਬ ਐਂਡ ਨੌਰਥ ਵੈਸਟ ਫ਼ਰੰਟੀਅਰ ਪ੍ਰੋਵਿੰਸ, ਭਾਸ਼ਾ ਵਿਭਾਗ, ਪੰਜਾਬ, 1970
5. ਵਾਈ. ਰੂਪਲਾਨਾਇਕ, ਕਲਰਫੁਲ ਬੰਜ਼ਾਰਾ (ਲੰਮਾਨੀ), ਟਰਾਈਬ ਥਰੂ ਦਾ ਏਜਜ਼, ਐਸ. ਬੀ.ਸੀ ਪਬਲੀਕੇਸ਼ਨਜ਼, ਬੰਗਲੌਰ, 1998

•

ਸ੍ਰੀ ਰਾਜੀਵ ਗਾਂਧੀ—ਸੰਤ ਹਰਚੰਦ ਸਿੰਘ ਲੌਂਗੋਵਾਲ ਸਮਝੌਤੇ ਦੇ ਅੰਤਰਗਤ ਸਥਾਪਤ ਵਿਸ਼ੇਸ਼ ਪੰਜਾਬੀ ਸੈੱਲ 'ਚ ਪ੍ਰਕਾਸ਼ਿਤ ਮੂਲ ਪੰਜਾਬੀ ਪੁਸਤਕਾਂ

1. ਭਗਤਾਂ ਦੀ ਬਾਣੀ : ਡਾ. ਧਰਮਪਾਲ ਸਿੰਗਲ (ਸੰਪਾਦਕ)
2. ਪੰਦਰ੍ਹਵੀਂ ਸਦੀ ਤਕ ਦਾ ਚੋਣਵਾਂ ਪੰਜਾਬੀ ਸਾਹਿਤ : ਡਾ. ਮਹਿੰਦਰ ਕੌਰ ਗਿੱਲ (ਸੰਪਾਦਕ)
3. ਸੋਲ੍ਹਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ : ਡਾ. ਧਰਮਪਾਲ ਸਿੰਗਲ (ਸੰਪਾਦਕ)
4. ਸਤਾਰ੍ਹਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ : ਡਾ. ਦਰਸ਼ਨ ਸਿੰਘ (ਸੰਪਾਦਕ)
5. ਅਠਾਰ੍ਹਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ : ਡਾ. ਅਮਰਜੀਤ ਸਿੰਘ ਕਾਂਗ (ਸੰਪਾਦਕ)
6. ਉਨ੍ਹੀਵੀਂ ਸਦੀ ਦਾ ਚੋਣਵਾਂ ਪੰਜਾਬੀ ਸਾਹਿਤ : ਡਾ. ਹਰਿਭਜਨ ਸਿੰਘ (ਸੰਪਾਦਕ)
7. ਦਸਮ ਗ੍ਰੰਥ ਦੀ ਚੋਣਵੀਂ ਬਾਣੀ : ਡਾ. ਸੇਵਾ ਸਿੰਘ (ਸੰਪਾਦਕ)
8. ਸ਼ਹੀਦ-ਏ-ਆਜ਼ਮ ਭਗਤ ਸਿੰਘ ਕਾਵਿ : ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ 'ਬੱਦਨ' (ਸੰਪਾਦਕ)
9. ਮਹਾਤਮਾ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਕਾਵਿ ਸ਼ਰਧਾਂਜਲੀ : ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ 'ਬੱਦਨ' (ਸੰਪਾਦਕ)
10. ਚੋਣਵਾਂ ਪੰਜਾਬੀ ਸੂਫ਼ੀ ਕਲਾਮ : ਧਰਮਪਾਲ ਸਿੰਗਲ, ਬਲਦੇਵ ਸਿੰਘ 'ਬੱਦਨ' (ਸੰਪਾਦਕ)
11. ਪੰਜਾਬ ਦੇ ਸੰਤ ਕਵੀ : ਡਾ. ਧਰਮਪਾਲ ਸਿੰਗਲ, ਡਾ. ਬਲਦੇਵ ਸਿੰਘ 'ਬੱਦਨ'
12. ਪੰਜਾਬੀ ਨਾਰੀ ਕਾਵਿ : ਡਾ. ਵਨੀਤਾ (ਸੰਪਾਦਕ)
13. ਬੁੱਲ੍ਹੇ ਸ਼ਾਹ ਜੀਵਨ ਤੇ ਰਚਨਾ : ਡਾ. ਹਰਜਿੰਦਰ ਸਿੰਘ ਢਿੱਲੋਂ (ਸੰਪਾਦਕ)
14. ਪੰਜਾਬ ਦੀਆਂ ਫ਼ਸਲਾਂ : ਡਾ. ਰਣਜੀਤ ਸਿੰਘ
15. ਵਿੱਸਰਿਆ ਵਿਰਸਾ : ਡਾ. ਨਰੇਸ਼
16. ਬੇੜੀਆਂ ਦਾ ਪੁਲ਼ (ਗਜ਼ਲ ਸੰਗ੍ਰਹਿ) : ਸੁਲੱਖਣ ਸਰਹੱਦੀ
17. ਸ਼ਾਹ ਹੁਸੈਨ ਜੀਵਨ ਤੇ ਰਚਨਾ : ਡਾ. ਨਰੇਸ਼ (ਸੰਪਾਦਕ)
18. ਮੱਧਕਾਲੀ ਪਾਠ ਵਰਤਮਾਨ ਪਰਿਪੇਖ : ਡਾ. ਜਗਬੀਰ ਸਿੰਘ
19. ਕਿਉਂ ਛੂਟਹਿ ਬਿਨੁ ਪਿਆਰ (ਕਵਿਤਾ ਸੰਗ੍ਰਹਿ) : ਕਰਤਾਰ ਸਿੰਘ ਦੁੱਗਲ
20. ਪੰਜਾਬ ਦੇ ਚੋਣਵੇਂ ਖਿਡਾਰੀ : ਪ੍ਰਿੰਸੀਪਲ ਸਰਵਣ ਸਿੰਘ
21. 'ਬੰਦੀ ਬੋਲ' (ਸੁਤੰਤਰਤਾ ਅੰਦੋਲਨ ਦੌਰਾਨ ਅੰਗਰੇਜ਼ ਸਰਕਾਰ ਦੁਆਰਾ ਜ਼ਬਤ ਪੰਜਾਬੀ ਕਵਿਤਾ) : ਡਾ. ਗੁਰਦੇਵ ਸਿੰਘ ਸਿੱਧੂ (ਸੰਪਾਦਕ)
22. ਸੋਹਲੇ ਸ਼ਹੀਦ ਭਗਤ ਸਿੰਘ (ਢਾਡੀ ਵਾਰਾਂ ਤੇ ਕਵੀਸ਼ਰੀ ਪ੍ਰਸੰਗ) : ਡਾ. ਗੁਰਦੇਵ ਸਿੰਘ ਸਿੱਧੂ (ਸੰਪਾਦਕ)

23. ਪੰਜਾਬੀ ਹਾਸ-ਵਿਲਾਸ : ਡਾ. ਜਸਵੰਤ ਸਿੰਘ ਨੇਕੀ
24. ਪੰਜਾਬੀ ਸਭਿਆਚਾਰ : ਮੂਲ ਪਛਾਣ : ਡਾ. ਜਗੀਰ ਸਿੰਘ ਨੂਰ
25. ਮਲਕਜ਼ਾਦਾ ਵਾ ਸ਼ਾਹਪਰੀ : ਡਾ. ਗੁਲਜ਼ਾਰ ਸਿੰਘ ਕੰਗ (ਸੰਪਾਦਕ)
26. ਤੂੰ ਸਤਵੰਤੀ ਤੂੰ ਪਰਧਾਨਿ : ਡਾ. ਮਹਿੰਦਰ ਕੌਰ ਗਿੱਲ
27. ਵਿਅੰਗ ਸਿਰਜਣਾ (ਸਿਰਜਣਾਤਮਕ ਲੇਖ) : ਕੇ. ਐਲ. ਗਰਗ (ਸੰਪਾਦਕ)
28. ਸਭਿਆਚਾਰ ਵਿਗਿਆਨ ਅਤੇ ਪੰਜਾਬੀ ਸਭਿਆਚਾਰ : ਗੁਰਚਰਨ ਸਿੰਘ ਅਰਸ਼ੀ
29. ਪਿੰਡਾਂ ਦਾ ਬਦਲ ਰਿਹਾ ਸਭਿਆਚਾਰਕ ਮੁਹਾਂਦਰਾ : ਸੁਲੱਖਣ ਸਰਹੱਦੀ
30. ਦਸ ਪਾਤਸ਼ਾਹੀਆਂ, ਗੁਰੂ ਗ੍ਰੰਥ ਅਤੇ ਪੰਥ : ਡਾ. ਗੁਰਚਰਨ ਸਿੰਘ ਔਲਖ
31. ਪੰਜਾਬੀ ਸਭਿਆਚਾਰ ਦੇ ਮਾਨਵੀ ਸਰੋਕਾਰ : ਡਾ. ਸਤੀਸ਼ ਕੁਮਾਰ ਵਰਮਾ
32. ਪਿਆਰਾ ਸਿੰਘ ਦਾਤਾ ਦਾ ਚੋਣਵਾਂ ਹਾਸ-ਵਿਅੰਗ : ਕੇ. ਐਲ. ਗਰਗ (ਸੰਪਾਦਕ)
33. ਸੁਲਤਾਨ ਬਾਹੂ ਦੀ ਪੰਜਾਬੀ ਕਵਿਤਾ : ਡਾ. ਨਰੇਸ਼
34. ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਮਾਨਵ ਏਕਤਾ : ਡਾ. ਮਹਿੰਦਰ ਕੌਰ ਗਿੱਲ
35. ਸ਼ਖ਼ਸੀਅਤਾਂ : ਡਾ. ਨਰੇਸ਼
36. ਪੰਜਾਬੀ ਨਾਟ-ਮੰਚ ਦਾ ਨਿਕਾਸ ਤੇ ਵਿਕਾਸ : ਡਾ. ਸਤੀਸ਼ ਕੁਮਾਰ ਵਰਮਾ
37. ਸ਼ਹੀਦੀਨਾਮਾ (ਸਿਹਰਫ਼ੀ -- ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ-ਏ-ਆਜ਼ਮ ਭਗਤ ਸਿੰਘ, ਸ਼ਹੀਦ ਊਧਮ ਸਿੰਘ) : ਰਤਨ ਸਿੰਘ
38. ਸ਼ਹੀਦੀ ਵਾਰਾਂ : ਡਾ. ਗੁਰਚਰਨ ਸਿੰਘ ਔਲਖ
39. ਗੁਰੂ ਅਮਰਦਾਸ : ਜੀਵਨ ਤੇ ਬਾਣੀ—ਡਾ. ਹਰਬੰਸ ਸਿੰਘ ਧੀਮਾਨ
40. ਵਿਸਰ ਰਿਹਾ ਪੰਜਾਬੀ ਵਿਰਸਾ—ਸੁਲੱਖਣ ਸਰਹੱਦੀ
41. ਗੁਰੂ ਰਾਮਦਾਸ : ਜੀਵਨ ਤੇ ਬਾਣੀ—ਡਾ. ਕੁਲਦੀਪ ਸਿੰਘ ਧੀਰ
42. ਮਾਏ ਨੀ ਮਾਏ—ਪ੍ਰੋ. ਇੰਦੇ
43. ਜੰਗਨਾਮਾ ਸਿੰਘਾਂ ਤੇ ਫਿਰੰਗੀਆਂ—ਡਾ. ਰਤਨ ਸਿੰਘ ਜੱਗੀ
44. ਬਾਜ਼ੀਗਰ ਕਬੀਲੇ ਦਾ ਸਭਿਆਚਾਰ—ਡਾ. ਮੋਹਨ ਤਿਆਗੀ
45. ਪਰੀ-ਰੁੱਖ (ਪੰਜਾਬ ਦੀਆਂ ਲੋਕ ਕਥਾਵਾਂ)—ਰੁਸ਼ਪਾਲ ਕੌਰ ਸਿੱਧੂ
46. ਭਾਰਤ ਦੀ ਆਜ਼ਾਦੀ ਵਿੱਚ ਪੰਜਾਬ ਦਾ ਹਿੱਸਾ—ਜਰਨੈਲ ਸਿੰਘ ਅੱਚਰਵਾਲ
47. ਵਡ ਜੋਧਾ ਗੁਰੂ ਹਰਿਗੋਬਿੰਦ—ਡਾ. ਕੁਲਦੀਪ ਸਿੰਘ ਧੀਰ
48. ਸੇਵਾ-ਪੰਥ : ਸਾਧਨਾ ਅਤੇ ਸਾਹਿਤ—ਡਾ. ਰਤਨ ਸਿੰਘ ਜੱਗੀ
49. ਹਰੀ ਸਿੰਘ ਨਲਵਾ—ਡਾ. ਰਤਨ ਸਿੰਘ ਜੱਗੀ
50. ਪੰਜਾਬ ਦੇ ਖਾਨਾਬਦੋਸ਼ ਕਬੀਲੇ—ਡਾ. ਮੋਹਨ ਤਿਆਗੀ

Computer Typesetting : Jantak Press, Chandni Chowk, Delhi-6
Printed at : Compudata Services, New Delhi - 110020

ਡਾ. ਮੋਹਨ ਤਿਆਗੀ ਪਿਛਲੇ ਕਈ ਸਾਲਾਂ ਤੋਂ ਕਬੀਲਿਆਂ ਸੰਬੰਧੀ ਅਧਿਐਨ ਦੇ ਖੇਤਰ ਵਿਚ ਕਾਰਜਸ਼ੀਲ ਹਨ। ਇਸ ਪੁਸਤਕ ਵਿਚ ਉਨ੍ਹਾਂ ਦੇ ਪੰਜਾਬ ਦੇ ਵੱਖ–ਵੱਖ ਕਬੀਲਿਆਂ 'ਤੇ ਅੱਠ ਖੋਜ ਭਰਪੂਰ ਲੇਖ ਸ਼ਾਮਲ ਹਨ। ਇਨ੍ਹਾਂ ਲੇਖਾਂ ਵਿਚ ਡਾ. ਮੋਹਨ ਤਿਆਗੀ ਨੇ ਬਾਜ਼ੀਗਰ, ਸਿਕਲੀਗਰ, ਸਾਂਸੀ, ਮਰਾਸੀ, ਬੌਰੀਆ, ਗੁਜਰ, ਬੰਗਾਲਾ ਅਤੇ ਨਟ ਕਬੀਲੇ ਦੀ ਸਮਾਜਿਕ ਸਭਿਆਚਾਰਕ ਤਸਵੀਰ ਉਲੀਕਣ ਦੀ ਭਰਪੂਰ ਕੋਸ਼ਿਸ਼ ਕੀਤੀ ਹੈ। ਇਹ ਲੇਖ ਜਿੱਥੇ ਕਬੀਲਿਆਈ ਮੂਲ ਸੰਬੰਧੀ ਇਕ ਸਾਂਝੇ ਸੂਤਰ ਵਿਚ ਬੱਨੇ ਹੋਏ ਹਨ, ਉੱਥੇ ਨਾਲ ਹੀ ਸਮਾਜਿਕ ਸਭਿਆਚਾਰਕ ਪੱਖੋਂ ਆਪਣੀ ਵੱਖਰੀ ਪਛਾਣ ਵੀ ਨਿਸਚਿਤ ਕਰਦੇ ਹਨ।

ਡਾ. ਮੋਹਨ ਤਿਆਗੀ ਆਲੋਚਨਾ ਅਤੇ ਕਵਿਤਾ ਦੇ ਖੇਤਰ ਵਿਚ ਇਕ ਚਰਚਿਤ ਨਾਂ ਹੈ। ਇਸ ਤੋਂ ਪਹਿਲਾਂ ਵੀ ਟਰੱਸਟ ਲਈ ਡਾ. ਤਿਆਗੀ ਨੇ 'ਬਾਜ਼ੀਗਰ ਕਬੀਲੇ ਦਾ ਸਭਿਆਚਾਰ' ਪੁਸਤਕ ਲਿਖੀ ਹੈ।

₹ 200.00
ISBN 812377098-7
9788123770987
13141465

nbt.india
एकः सूते सकलम्
ਨੈਸ਼ਨਲ ਬੁਕ ਟਰੱਸਟ, ਇੰਡੀਆ

Cover image courtesy: www.flickr.com